# ਮੇਰੀਆਂ ਅਮਰੀਕਾ ਤੇ ਕੈਨੇਡਾ ਫੇਰੀਆਂ

(ਸਫ਼ਰਨਾਮਾ)

# ਮੇਰੀਆਂ ਅਮਰੀਕਾ ਤੇ ਕੈਨੇਡਾ ਫੇਰੀਆਂ

(ਸਫ਼ਰਨਾਮਾ)

ਹਰਕੇਸ਼ ਸਿੰਘ ਕਹਿਲ

ਸੰਗਮ ਪਬਲੀਕੇਸ਼ਨਜ਼, ਸਮਾਣਾ

**ਲੇਖਕ ਦੀਆਂ ਹੋਰ ਰਚਨਾਵਾਂ**

| | |
|---|---|
| 1. ਲੋਕ ਗੀਤਾਂ ਵਿਚ ਪੰਜਾਬੀ ਜੀਵਨ | 1995, 2009 |
| 2. ਪੰਜਾਬੀ ਲੋਕ ਵਿਰਸਾ | 1996 |
| 3. ਯਾਦਾਂ ਦਾ ਸੰਸਾਰ (ਸਵੈ-ਜੀਵਨੀ) | 2001, 2005 |
| 4. ਇੱਕ ਪਿੰਡ ਦੀ ਕਹਾਣੀ ਸੰਦੌੜ | 2003 |
| 5. ਮੇਰੇ ਪਿੰਡ ਦੀ ਬਦਲੀ ਨੁਹਾਰ | 2004 |
| 6. ਅਲੋਪ ਹੋ ਰਿਹਾ ਪੰਜਾਬੀ ਵਿਰਸਾ | 2006, 2009 |
| 7. ਲੋਕ ਗੀਤਾਂ ਵਿਚ ਰਿਸ਼ਤੇ-ਨਾਤੇ | 2007* |
| 8. ਘੁੱਗੀ ਮਾਰ ਅਫ਼ਸਰ | 2007 |

* ਵੱਡੀ ਮਾਤਰਾ ਵਿਚ ਗੌਰਮਿੰਟ ਆਫ ਇੰਡੀਆ ਨੇ ਖਰੀਦੀ

# ਆਪਣੇ ਵੱਲੋਂ

ਜਦ ਮੈਂ ਸਕੂਲ ਵਿਚ ਪੜ੍ਹਦਾ ਸੀ ਤਾਂ ਮੈਂ ਇਕ ਵੇਰ ਆਪਣੇ ਮਾਤਾ ਪਿਤਾ ਨਾਲ ਪਰਿਵਾਰ ਦੇ ਇਕ ਵਿਆਹ ਦੇ ਕੱਪੜਿਆਂ ਦੀ ਖਰੀਦ ਸਬੰਧੀ ਮੰਡੀ ਅਹਿਮਦਗੜ੍ਹ (ਸੰਗਰੂਰ) ਗੱਡੇ ਤੇ ਬੈਠ ਕੇ ਗਿਆ ਸੀ। ਉਨ੍ਹਾਂ ਸਮਿਆਂ ਵਿਚ ਗੱਡਾ ਹੀ ਸਵਾਰੀ ਲਈ, ਆਉਣ ਜਾਣ ਲਈ ਵਰਤਿਆ ਜਾਂਦਾ ਸੀ। ਅਹਿਮਦਗੜ੍ਹ ਮੰਡੀ ਨੂੰ ਉਸ ਸਮੇਂ ਕੱਚਾ ਹੀ ਰਾਹ ਹੁੰਦਾ ਸੀ। ਸੜਕ ਤਾਂ ਬਾਅਦ ਵਿਚ ਬਣੀ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਅਸੀਂ ਵਿਆਹ ਦੇ ਕੱਪੜੇ ਅਹਿਮਦਗੜ੍ਹ ਰੇਲਵੇ ਸਟੇਸ਼ਨ ਦੇ ਨਾਲ ਪੈਂਦੇ ਬਾਜ਼ਾਰ ਦੀ ਇੱਕ ਦੁਕਾਨ ਤੋਂ ਖਰੀਦੇ ਸਨ। ਉਸ ਦੁਕਾਨ ਦੇ ਬੋਰਡ ਉਪਰ ਲਿਖਿਆ ਹੋਇਆ ਸੀ—

ਹੋਰਾਂ ਪਾਈਆਂ ਹੱਟੀਆਂ,
ਜੱਟ ਨੇ ਪਾਇਆ ਹੱਟ।
ਸਸਤਾ ਸੌਦਾ ਵੇਚਦਾ,
ਪੈਸੇ ਲੈਂਦਾ ਘੱਟ।

ਉਹ ਦੁਕਾਨ ਨਵੀਂ ਹੀ ਅਹਿਮਦਗੜ੍ਹ ਦੇ ਨੇੜੇ ਪੈਂਦੇ ਇਕ ਪਿੰਡ ਦੇ ਜੱਟਾਂ ਨੇ ਖੋਲ੍ਹੀ ਸੀ। ਜੱਟਾਂ ਦੇ ਨਵੇਂ ਪਾਏ ਹੱਟ ਦੀ ਤਰ੍ਹਾਂ ਮੈਂ ਆਪਣੀਆਂ ਇਹ ਅਮਰੀਕਾ ਤੇ ਕੈਨੇਡਾ ਦੀਆਂ ਫੇਰੀਆਂ ਜੱਟਕੀ ਰੂਪ ਵਿਚ ਲਿਖੀਆਂ ਹਨ। ਜਿਸ ਤਰ੍ਹਾਂ ਅਮਰੀਕਾ ਕੈਨੇਡਾ ਮੈਂ ਵੇਖਿਆ ਹੈ, ਉਸੇ ਤਰ੍ਹਾਂ ਹੀ ਲਿਖ ਦਿੱਤਾ ਹੈ। ਮੈਂ ਇਹ ਫੇਰੀਆਂ ਹੋਰਨਾਂ ਲੇਖਕਾਂ ਦੀ ਤਰ੍ਹਾਂ ਬਹੁਤੀ ਵਿਉਂਤ ਤੇ ਬਰੀਕੀ ਨਾਲ ਨਹੀਂ ਲਿਖੀਆਂ। ਮੈਂ ਆਪਣੇ ਇਸ ਯਤਨ ਵਿਚ ਕਿੰਨ੍ਹਾ ਕੁ ਕਾਮਿਆਬ ਹੋਇਆ ਹਾਂ, ਇਹ ਤਾਂ ਪਾਠਕ ਦੇ ਹੁੰਗਾਰੇ ਤੋਂ ਹੀ ਪਤਾ ਲੱਗੇ ਗਾ ?

ਮੇਰੀਆਂ ਅਮਰੀਕਾ ਤੇ ਕੈਨੇਡਾ ਦੀਆਂ ਇਹ ਫੇਰੀਆਂ ਮੇਰੇ ਜੁਆਈ ਡਾਕਟਰ ਸੁਰਿੰਦਰ ਸਿੰਘ ਸੰਧੂ ਕਰ ਕੇ ਹੀ ਸੰਭਵ ਹੋਈਆਂ ਹਨ। ਮੈਨੂੰ ਇੰਨ੍ਹਾਂ ਫੇਰੀਆਂ ਸਬੰਧੀ ਬਹੁਤ ਸਾਰਾ ਮੈਟਰ ਮੇਰੀ ਧੀ ਹਰਪ੍ਰੀਤਪਾਲ ਕੌਰ ਨੇ ਉਪਲਬਧ ਕਰਵਾਇਆ ਹੈ। ਮੇਰੇ ਦੋਹਤਿਆਂ ਮਨਰੀਤ, ਨਵੀਤ ਤੇ ਸਹਿਜ ਨੇ ਸਫਰਨਾਮਾ ਲਿਖਣ ਸਮੇਂ ਮੈਨੂੰ ਸਾਜ਼ਗਾਰ ਮਾਹੌਲ ਦਿੱਤਾ ਹੈ। ਇਸ ਲਈ ਮੈਂ ਆਪਣੇ ਸਾਰੇ ਪਰਿਵਾਰ ਦਾ ਧੰਨਵਾਦੀ ਹਾਂ।

ਜਨਵਰੀ 2010

**ਹਰਕੇਸ਼ ਸਿੰਘ ਕਹਿਲ**
ਲੁਧਿਆਣਾ

**MERIYAN AMERICA TE CANADA PHERIAN**
**by**
**Harkesh Singh Kehal P.C.S. (Retd.)**
V+P.O. Sandaur
Teh. Makerkotla (Sangrur)
Now at
43 Shant Park, Near Aggar Nagar-I
Ludhiana
Ph. No. 0161-3265858
© Author

**ਮੇਰੀਆਂ ਅਮਰੀਕਾ ਤੇ ਕੈਨੇਡਾ ਫੇਰੀਆਂ**

ਹਰਕੇਸ਼ ਸਿੰਘ ਕਹਿਲ ਪੀ. ਸੀ. ਐਸ. (ਰਿਟਾ)
ਪਿੰਡ ਤੇ ਡਾਕਘਰ ਸੰਦੌੜ, ਤਹਿਸੀਲ ਮਾਲੇਰਕੋਟਲਾ (ਸੰਗਰੂਰ)
ਹੁਣ
43 ਸ਼ਾਂਤ ਪਾਰਕ, ਨੇੜੇ ਅਗਰ ਨਗਰ-1 ਲੁਧਿਆਣਾ
ਫੋਨ:—0161-3265858

ISBN 978-93-80085-43-2

© ਲੇਖਕ
2010

ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼,
ਸੇਖੋਂ ਕਲੋਨੀ, ਨੇੜੇ ਬੱਸ ਸਟੈਂਡ,
ਸਮਾਣਾ—147101, ਜ਼ਿਲ੍ਹਾ: ਪਟਿਆਲਾ
ਫੋਨ: 1764-223047, 222347
ਮੋਬਾਈਲ: 98152-43917

ਟਾਈਪ : ਸੰਗਮ ਟਾਈਪਸੈਟਰਜ਼, ਸਮਾਣਾ
ਪ੍ਰਿੰਟਰਜ਼ : ਸ਼ਿਵ ਸ਼ਕਤੀ ਪ੍ਰਿੰਟਰਜ਼, ਦਿੱਲੀ

ਮੁੱਲ : **250/-ਰੁਪਏ**

30. ਇੰਡੋ ਅਮਰੀਕਨ ਹੈਰੀਟੇਜ ਫੋਰਮ ਫਰਿਜ਼ਨੋ/123
31. ਕਰੱਦਰਜ਼ ਦਾ ਵਸਾਖੀ ਮੇਲਾ/127
32. ਮੱਦਰਜ਼ ਡੇ/131
33. ਫਰੀਮਾਂਟ ਸ਼ਹਿਰ/135
34. ਸਨ ਹੋਜ਼ੇ—ਕੈਪੀਟਲ ਆਫ ਸਿਲੀਕੋਨ ਵੈਲੀ/137
35. ਫਾਦਰਜ਼ ਡੇ/140
36. ਨਾਪਾ ਕਾਊਂਟੀ/142
37. ਸਟਾਕਟਨ—ਅਮਰੀਕਾ ਦਾ ਪਹਿਲਾ ਗੁਰੂਦਵਾਰਾ/144
38. ਬਰਕਲੇ ਯੂਨੀਵਰਸਿਟੀ—ਸ਼ਹਿਰ/146
39. ਓਕਲੈਂਡ ਸ਼ਹਿਰ/148
40. ਰਿਵਰਸਾਈਡ-ਦੀ ਸਿਟੀ ਆਫ ਟ੍ਰੀਜ਼/150
41. ਅਮਰੀਕਾ ਦੀ ਨਿਆਂ ਪਾਲਿਕਾ/152
42. ਅਮਰੀਕਨ ਫਿਊਨਰਲ ਸਿਸਟਮ/155
43. ਪਿੰਡ ਦਾ ਮੋਹ/158
44. ਕੁਝ ਕੈਨੇਡਾ ਬਾਰੇ/161
45. ਵੈਨਕੋਵਰ ਦਾ ਟੂਰ/164
46. ਵਿਕਟੋਰੀਆ—ਬੀ. ਸੀ. ਦੀ ਰਾਜਧਾਨੀ/168
47. ਕੈਪਲੇਨੋ ਝੂਲਾ ਪੁਲ/172
48. ਕਿਲੋਨਾ ਦੀ ਸੈਰ/175
49. ਵਿੱਸਲਰ ਵਿਲੇਜ/180
50. ਸੀ. ਐਨ ਟਾਵਰ-ਟਰਾਂਟੋ/182
51. ਨਿਆਗਰਾ ਫਾਲਜ਼/185
52. ਫਰਾਂਸੀਸੀ ਸਭਿਆਚਾਰ ਦਾ ਕੇਂਦਰ—ਮਾਂਟਰੀਅਲ ਸ਼ਹਿਰ/188
53. ਓਟਵਾ—ਕੈਨੇਡਾ ਦੀ ਰਾਜਧਾਨੀ/193
54. ਐਡਮਿੰਟਨ—ਮੇਲਿਆਂ ਦਾ ਸ਼ਹਿਰ/196
55. ਬੈਂਫ ਦੀ ਅਭੁੱਲ ਯਾਤਰਾ/205
56. ਲੇਕ ਲੁਈਸ-ਵਰਲਡ ਹੈਰੀਟੇਜ਼ ਸਾਈਟ/210
57. ਕੈਰੀਮੀਓਸ—ਫਰੂਟ ਸਟੈਂਡ ਕੈਪੀਟਲ ਆਫ ਕੈਨੇਡਾ/212
58. ਓਸਿਓਸ, ਓਲੀਵਰ ਤੇ ਪੈਂਟਿੰਕਟਨ/216
59. ਸਰੀ ਦੀ ਝਲਕ/220
60. ਕਾਮਲੂਪਸ—ਕੈਨੇਡਾ ਦੀ ਟੂਰਨਾਮੈਂਟਾਂ ਦੀ ਰਾਜਧਾਨੀ/224
61. ਕੈਲੇਗਰੀ-ਰੈੱਸਲਿੰਗ ਕੈਪੀਟਲ ਆਫ ਵਰਲਡ/226
62. ਰੈਡ ਡੀਅਰ ਸ਼ਹਿਰ/230

## ਤਰਤੀਬ


1. ਬਾਹਰ ਜਾਣ ਲਈ ਤਿਆਰੀ/9
2. ਮੈਡੀਕਲ ਕਰਾਇਆ/12
3. ਵੀਜ਼ੇ ਲਈ ਇੰਟਰਵਿਊ/15
4. ਪੰਜਾਬ ਤੋਂ ਉਡਾਰੀ/21
5. ਅਮਰੀਕਾ ਦਾ ਮੇਰਾ ਪਹਿਲਾ ਪ੍ਰਭਾਵ/23
6. ਅਮਰੀਕਾ ਬਾਰੇ ਕੁੱਝ ਤੱਥ/24
7. ਫਰਿਜ਼ਨੋ ਸ਼ਹਿਰ/29
8. ਡਕੋਟਾ ਗੁਰੂਦਵਾਰੇ ਵਿਚ ਇਕ ਦਿਨ/32
9. ਕਾਰ ਐਂਡ ਟਰੱਕ ਰੈਂਨਟਲ ਕੰਪਨੀਜ਼/34
10. ਪਾਟਲੱਕ/36
19. ਪੰਜ ਦਿਨਾਂ ਦਾ ਹਫਤਾ/38
12. ਗ੍ਰੈਜੂਏਸ਼ਨ ਸੈਰਿਮੋਨਿ/41
13. ਜ਼ਿਲ੍ਹਾ ਵਿਦਿਆ ਦਫਤਰ ਦੀ ਫੇਰੀ/43
14. ਡਿਜ਼ਨੀਲੈਂਡ ਆਫ ਲਾਸ ਏਂਜਲਸ/46
15. ਮੰਗਤੇ ਬਨਾਮ ਆਬਾਦੀ/52
16. ਸੈਂਟਾ ਰੋਜ਼ਾ ਸ਼ਹਿਰ-ਅੰਗੂਰਾਂ ਦੇ ਬਾਗਾਂ ਦਾ ਘਰ/55
17. ਸੈਕਰਾਮੈਂਨਟੋ-ਕੈਲੀਫੋਰਨੀਆਂ ਦੀ ਕੈਪੀਟਲ/58
18. ਪਿੱਟਸਬਰਗ ਦੀ ਫੇਰੀ/61
19. ਗੋਲਡਨ ਗੇਟ ਬ੍ਰਿੱਜ-ਸ਼ਾਨ ਫਰਾਂਸਿਸਕੋ/63
20. ਪੋਰਟਲੈਂਡ-ਗੁਲਾਬਾਂ ਦਾ ਸ਼ਹਿਰ/67
21. ਸਪੇਸ ਨੀਡਲ-ਸਿਆਟਲ/69
22. ਕਰਮਨ ਲਾਇਬ੍ਰੇਰੀ/73
23. ਅਮਰੀਕਾ ਨੂੰ ਮੇਰੀ ਦੂਜੀ ਉਡਾਰੀ/78
24. ਲਾਸ ਬੇਗਸ—ਮੌਜ ਮਸਤੀ ਦੀ ਰਾਜਧਾਨੀ/81
25. ਗਰੈਂਡ ਕੈਨੀਅਨ/89
26. ਵੈਲਿਨਟਾਇਨਜ਼ ਡੇ/92
27. ਸਵੀਟ ਸਿਕਸਟੀਨ ਬਰਥਡੇ ਪਾਰਟੀ/95
28. ਨਿਊਯਾਰਕ-ਸਦਾ ਜਾਗਦਾ ਸ਼ਹਿਰ/97
29. ਵਾਸ਼ਿੰਗਟਨ ਡੀ. ਸੀ—ਅਮਰੀਕਾ ਦੀ ਕੈਪੀਟਲ/111

# ਬਾਹਰ ਜਾਣ ਲਈ ਤਿਆਰੀ

ਮੈਂ ਦਸੰਬਰ 1996 ਵਿਚ ਬਤੌਰ ਡਿਪਟੀ ਰਜਿਸਟਰਾਰ ਕੋਆਪਰੇਟਿਵ ਸੋਸਾਇਟੀਜ਼ ਜਿਹੜੀ ਕਿ ਪੀ. ਸੀ. ਐਸ. ਕਲਾਸ 1 ਪੋਸਟ ਹੈ, ਰੀਟਾਇਰ ਹੋ ਗਿਆ। ਮੈਨੂੰ ਲਿਖਣ ਦਾ ਸ਼ੌਕ ਤਾਂ ਕਾਲਜ ਪੜ੍ਹਦੇ ਸਮੇਂ ਤੋਂ ਹੀ ਸੀ। ਪਹਿਲਾਂ ਮੈਂ ਕਹਾਣੀਆਂ ਲਿਖੀਆਂ। ਇਕਾਂਗੀ ਲਿਖੇ। ਫੇਰ ਮੇਰੀ ਜਿਆਦਾ ਰੁਚੀ ਲੋਕ-ਸਾਹਿਤ ਵੱਲ ਹੋ ਗਈ। ਮੇਰੀਆਂ ਕਹਾਣੀਆਂ ਤੇ ਲੋਕ ਸਾਹਿਤ ਤੇ ਲੇਖ ਉਸ ਸਮੇਂ ਦੇ ਰਸਾਲਿਆ ਪੰਜਾਬੀ ਦੁਨੀਆ, ਜਨਸਾਹਿਤ, ਕੰਵਲ, ਕਵਿਤਾ, ਜੀਵਨ ਪ੍ਰੀਤੀ, ਅਮਰ ਕਹਾਣੀਆਂ, ਫਤਿਹ ਵੀਕਲੀ, ਜਾਗ੍ਰਤੀ ਆਦਿ ਵਿਚ ਛਪਦੇ ਰਹੇ। ਸਰਵਿਸ ਦੇ ਸ਼ੁਰੂ ਦੇ ਸਾਲਾਂ ਵਿਚ ਤਾਂ ਲਿਖਣ ਜਾਰੀ ਰਿਹਾ, ਪਰ ਬਾਅਦ ਵਿਚ ਰੁਝੇਵੇਂ ਵਧਣ ਕਰ ਕੇ ਲਿਖਣਾ ਛੁੱਟ ਗਿਆ। ਰੀਟਾਇਰਮੈਂਟ ਦੇ ਨੇੜੇ ਆ ਕੇ, ਜਿਹੜੇ ਲੋਕ-ਸਾਹਿਤ ਤੇ ਪਹਿਲੇ ਆਰਟੀਕਲ ਲਿਖੇ ਸਨ, ਉਨ੍ਹਾਂ ਦੀ ਪਹਿਲੀ ਕਿਤਾਬ 'ਲੋਕ-ਗੀਤਾਂ ਵਿਚ ਪੰਜਾਬੀ ਜੀਵਨ' ਛਪਵਾਈ। ਕਿਤਾਬ ਨੂੰ ਚੰਗਾ ਹੁੰਗਾਰਾ ਮਿਲਿਆ। ਅਗਲੇ ਸਾਲ ਦੂਸਰੀ ਕਿਤਾਬ "ਪੰਜਾਬੀ ਲੋਕ-ਵਿਰਸਾ" ਛਪਵਾਈ। ਉਸ ਨੂੰ ਵੀ ਪਸੰਦ ਕੀਤਾ ਗਿਆ।

ਪਹਿਲਾ ਨੌਕਰੀਆਂ ਲਈ ਸਮੇਂ ਬੜੇ ਚੰਗੇ ਸਨ। ਹੁਣ ਦੀ ਨੌਕਰੀ ਬੜੇ ਪ੍ਰੈਸ਼ਰਾਂ ਦੀ ਨੌਕਰੀ ਹੋ ਗਈ ਹੈ। ਠੀਕ ਕੰਮ ਕਰਨ ਵਾਲ਼ਿਆਂ ਨੂੰ ਥਾਂ ਥਾਂ ਰੁਕਾਵਟਾਂ ਪੈਂਦੀਆਂ ਹਨ। ਗਲਤ ਕੰਮ ਕਰਨ ਲਈ ਅਫਸਰੀ ਤੇ ਸਿਆਸੀ ਪ੍ਰੈਸ਼ਰ ਪੈਂਦਾ ਹੈ। ਨੌਕਰੀ ਦੌਰਾਨ ਜੋ ਕੌੜੇ ਮਿੱਠੇ ਤਜਰਬੇ ਹੋਏ ਸਨ, ਉਨ੍ਹਾਂ ਤੇ ਸਾਲ 2001 ਵਿਚ "ਯਾਦਾਂ ਦਾ ਸੰਸਾਰ" ਕਿਤਾਬ ਲਿਖੀ। ਆਪਣੇ ਪਿੰਡ ਸੰਦੌੜ ਬਾਰੇ ਇਕ ਖੋਜ਼ ਪੁਸਤਕ "ਇਕ ਪਿੰਡ ਦੀ ਕਹਾਣੀ ਸੰਦੌੜ" 2003 ਵਿਚ ਲਿਖੀ। ਏਸੇ ਕਿਤਾਬ ਵਿਚ ਸੋਧ ਤੇ ਵਾਧਾ ਕਰ ਕੇ "ਮੇਰੇ ਪਿੰਡ ਦੀ ਬਦਲੀ ਨੁਹਾਰ" ਨਾਂ ਹੇਠ ਦੁਵਾਰਾ 2004 ਵਿਚ ਛਪਵਾਇਆ। ਇਨ੍ਹਾਂ ਕਿਤਾਬਾਂ ਨੂੰ ਚੰਗਾ ਹੁੰਗਾਰਾ ਮਿਲਿਆ ਹੈ।

ਪਿਛਲੇ ਕਈ ਸਾਲ ਤੋਂ ਮੇਰਾ ਜੁਆਈ ਡਾਕਟਰ ਸੁਰਿੰਦਰ ਸਿੰਘ ਤੇ ਮੇਰੀ ਲੜਕੀ ਹਰ ਪ੍ਰਿਤਪਾਲ ਕੌਰ (ਪਿੰਕੀ) ਅਮਰੀਕਾ ਗੇੜਾ ਮਾਰਨ ਲਈ ਕਹਿੰਦੇ ਆ ਰਹੇ ਸਨ। ਉਨ੍ਹਾਂ ਨੇ ਮੇਰੇ ਕਾਗਜ਼ ਭਰ ਦਿੱਤੇ। ਅੰਬੈਸੀ ਨੇ ਵੀ ਮੈਥੋਂ ਜ਼ਰੂਰੀ ਕਾਗਜ਼ ਮੰਗਵਾ ਲਏ। ਮੇਰਾ ਪਾਸ ਪੋਰਟ ਤਾਂ ਪਹਿਲਾਂ ਬਣਿਆ ਹੋਇਆ ਸੀ। ਏਸ ਪਾਸ ਪੋਰਟ ਦੀ ਮਿਆਦ ਅਕਤੂਬਰ 2004 ਵਿਚ ਖਤਮ ਹੋ ਰਹੀ ਸੀ। ਅੰਬੈਸੀ ਦੀ ਸ਼ਰਤ ਸੀ ਕਿ ਜਦ ਵੀਜ਼ਾ ਮਿਲੇ ਤਾਂ ਉਸ ਸਮੇਂ ਪਾਸ ਪੋਰਟ ਦੀ ਮਿਆਦ 8 ਮਹੀਨੇ ਰਹਿੰਦੀ ਹੋਵੇ। ਏਸ ਲਈ ਮੈਂ ਆਪਣਾ ਪਾਸ ਪੋਰਟ ਮਾਰਚ 2004 ਵਿਚ ਰੀਨਿਊ ਕਰਵਾਉਣ ਲਈ ਭੇਜ ਦਿੱਤਾ। ਮੇਰਾ ਪਾਸਪੋਰਟ ਮਈ 2004 ਵਿਚ ਰੀਨਿਊ ਹੋ ਕੇ ਆ ਗਿਆ। ਅੰਬੈਸੀ ਦੀਆਂ ਹਦਾਇਤਾਂ ਆਈਆਂ ਕਿ 16 ਸਾਲ ਦੀ ਉਮਰ ਤੋਂ ਪਿਛੋਂ ਜਿਥੇ ਵੀ ਤੁਸੀਂ 6 ਮਹੀਨੇ ਦੇ ਸਮੇਂ ਤੋਂ ਵੱਧ ਸਮੇਂ ਰਹੇ ਹੋ, ਉਥੋਂ ਦੇ ਜ਼ਿਲ੍ਹਿਆਂ ਦੇ

ਸੀਨੀਅਰ ਸੁਪਰਡੈਂਟ ਪੁਲੀਸ ਕੋਲੋਂ ਪੁਲੀਸ ਕਲੀਅਰੈਂਸ ਸਰਟੀਫੀਕੇਟ (ਛੋਟਾ ਨਾਂ ਪੀ. ਸੀ. ਸੀ.) ਚਾਹੀਦੇ ਹਨ। ਏਸ ਦੇ ਨਾਲ ਹੀ ਪਾਸ ਪੋਰਟ ਅਥਾਰਟੀ ਤੋਂ ਵੀ ਪੀ. ਸੀ. ਸੀ. ਚਾਹੀਦਾ ਹੈ। ਮੈਂ ਜ਼ਿਲ੍ਹਾ ਬਠਿੰਡਾ, ਲੁਧਿਆਣਾ ਅਤੇ ਸੰਗਰੂਰ ਵਿਚ ਨੌਕਰੀ ਦੇ ਸਿਲਸਿਲੇ ਵਿਚ ਰਿਹਾ ਹਾਂ। ਇਸ ਲਈ ਇਨ੍ਹਾਂ ਜ਼ਿਲ੍ਹਿਆਂ ਦੇ ਸੀਨੀਅਰ ਸੁਪਰਡੈਂਟ ਪੁਲੀਸ ਨੂੰ ਪੀ. ਸੀ. ਸੀ. ਲੈਣ ਲਈ ਦਰਖਾਸਤਾਂ ਦਿੱਤੀਆਂ। ਏਸ ਦੇ ਨਾਲ ਹੀ ਪਾਸਪੋਰਟ ਅਥਰਟੀ ਤੋਂ ਪੀ. ਸੀ. ਸੀ. ਲੈਣ ਲਈ ਫਾਰਮ ਭਰਕੇ ਫੀਸ ਦਾਖਲ ਕਰਵਾ ਦਿੱਤੀ। ਨਾਲੇ ਪਾਸ ਪੋਰਟ ਭੇਜ ਦਿੱਤਾ, ਕਿਉਂ ਜੋ ਪੀ. ਸੀ. ਸੀ. ਸਬੰਧੀ ਪਾਸਪੋਰਟ ਤੇ ਵੀ ਐਂਟਰੀ ਹੋਣੀ ਸੀ।

ਮੇਰਾ ਲੜਕਾ ਹਰਅੰਮ੍ਰਿਤਪਾਲ ਸਿੰਘ ਕਹਿਲ, ਜਿਸ ਦਾ ਛੋਟਾ ਨਾਂ ਗੋਲਡੀ ਹੈ, ਹਿੰਦੀ ਦੇ ਅਖਬਾਰ "ਦੈਨਿਕ ਜਾਗਰਣ" ਦਾ ਲੁਧਿਆਣੇ ਵਿਖੇ ਹੀ ਡਿਪਟੀ ਜਨਰਲ ਮੈਨੇਜਰ ਲੱਗਿਆ ਹੋਇਆ ਹੈ। ਏਸ ਲਈ ਮੇਰੇ ਲੜਕੇ ਨੇ ਆਪਣਾ ਰਸੂਖ ਵਰਤ ਕੇ ਸੀਨੀਅਰ ਸੁਪਰਡੈਂਟ ਪੁਲੀਸ ਲੁਧਿਆਣੇ, ਸੰਗਰੂਰ ਤੇ ਬਠਿੰਡੇ ਤੋਂ ਪੀ. ਸੀ. ਸੀ. ਪ੍ਰਾਪਤ ਕਰਵਾ ਦਿੱਤੇ। ਪਾਸ ਪੋਰਟ ਅਥਰਟੀ ਤੋਂ ਢਾਈ ਮਹੀਨੇ ਤੋਂ ਉਪਰ ਸਮਾਂ ਲੰਘ ਜਾਣ ਤੇ ਵੀ ਪੀ. ਸੀ. ਸੀ. ਨਾ ਪ੍ਰਾਪਤ ਹੋਇਆ। ਏਸ ਸਮੇਂ ਦੌਰਾਨ ਹੀ ਮੈਨੂੰ 18 ਅਕਤੂਬਰ 2004 ਦੀ ਅੰਬੈਂਸੀ ਦੀ ਇੰਟਰਵਿਊ ਆ ਗਈ। ਮੈਂ ਇੰਟਰਵਿਊ ਦੀ ਚਿੱਠੀ ਲੈ ਕੇ ਤੇ ਨਾਲ ਆਪਣੇ ਵਲੋਂ ਦਰਖਾਸਤ ਲਿਖ ਕੇ ਮਿਤੀ 5 ਅਕਤੂਬਰ ਨੂੰ ਚੰਡੀਗੜ੍ਹ ਪਾਸਪੋਰਟ ਅਫਸਰ ਨੂੰ ਮਿਲਿਆ। ਉਨ੍ਹਾਂ ਨੇ ਵਾਅਦਾ ਕੀਤਾ ਕਿ "ਤੁਸੀਂ 11 ਅਕਤੂਬਰ ਨੂੰ ਆ ਕੇ ਆਪਣਾ ਪਾਸ ਪੋਰਟ ਤੇ ਪੀ. ਸੀ. ਸੀ. ਦਸਤੀ ਲੈ ਜਾਵੋ।"

ਮੈਂ 11 ਅਕਤਬੂਰ ਨੂੰ ਫਿਰ ਚੰਡੀਗੜ੍ਹ ਪਾਸਪੋਰਟ ਦਫਤਰ ਗਿਆ। ਦਫਤਰ ਦੇ ਸੁਪਰਡੈਂਟ ਨੂੰ ਮਿਲ ਕੇ ਪਾਸਪੋਰਟ ਅਫਸਰ ਦਾ 11 ਅਕਤੂਬਰ ਨੂੰ ਪਾਸ ਪੋਰਟ ਤੇ ਪੀ. ਸੀ. ਸੀ. ਦਸਤੀ ਦੇਣ ਦਾ ਵਾਅਦਾ ਦੱਸ ਕੇ ਪਾਸਪੋਰਟ ਤੇ ਪੀ. ਸੀ. ਸੀ. ਦੇਣ ਲਈ ਬੇਨਤੀ ਕੀਤੀ। ਸੁਪਰਡੈਂਟ ਨੇ ਆਪਣੇ ਕੰਪਿਊਟਰ ਦੀ ਕਲ ਮਰੋੜੀ ਤੇ ਮੈਨੂੰ ਦੱਸਿਆ ਕਿ "ਤੁਹਾਡਾ ਪਾਸ ਪੋਰਟ ਤੇ ਪੀ. ਸੀ. ਸੀ. ਅਸੀਂ 8 ਅਕਤੂਬਰ ਨੂੰ ਸਪੀਡ ਪੋਸਟ ਰਾਹੀਂ ਲੁਧਿਆਣੇ ਭੇਜ ਦਿੱਤਾ ਹੈ। ਤੁਸੀਂ ਪਾਸ ਪੋਰਟ ਤੇ ਪੀ. ਸੀ. ਸੀ. ਲੁਧਿਆਣੇ ਜਾਕੇ ਪ੍ਰਾਪਤ ਕਰ ਲਵੋ।" ਮੈਂ ਸੁਪਰਡੈਂਟ ਨੂੰ ਬੇਨਤੀ ਕੀਤੀ ਕਿ "ਤੁਸੀਂ ਆਪਣੇ ਡਿਸਪੈਂਚ ਸੈਕਸ਼ਨ ਤੋਂ ਪਤਾ ਕਰ ਲਵੋ। ਜੇਕਰ ਅਜੇ ਨਹੀਂ ਭੇਜਿਆ ਤਾਂ ਮੈਨੂੰ ਦਸਤੀ ਦੇ ਦੇਵੋ।" ਕਾਰਨ ਇਹ ਸੀ ਕਿ 9 ਤੇ 10 ਅਕਤੂਬਰ ਦੀਆਂ ਛੁੱਟੀਆਂ ਸਨ। ਮੇਰਾ ਦਫਤਰੀ ਤਜਰਬਾ ਸੀ ਕਿ ਜਿਵੇਂ ਅਜਕਲ ਦਫਤਰਾਂ ਦੇ ਬਾਬੂਆਂ ਦੇ ਕੰਮ ਕਰਨ ਦਾ ਰੁਝਾਣ ਹੈ, ਉਸ ਅਨੁਸਾਰ ਉਨ੍ਹਾਂ ਨੇ ਨਹੀਂ ਭੇਜੇ ਹੋਣਗੇ ? ਛੁੱਟੀਆਂ ਹੋਣ ਕਰਕੇ ਦਫਤਰ ਵਿਚ ਹੀ ਪਏ ਹੋ ਸਕਦੇ ਹਨ ? ਸੁਪਰਡੈਂਟ ਨੇ ਜਵਾਬ ਦਿੱਤਾ ਕਿ "ਕੰਪਿਊਟਰ ਵਿਚ ਫੀਡ ਹੋਈ ਜਾਣਕਾਰੀ ਸਹੀ ਹੈ।"

ਮੈਂ ਪਾਸਪੋਰਟ ਅਫਸਰ ਨੂੰ ਮਿਲਣ ਤੇ ਪਾਸਪੋਰਟ ਤੇ ਪੀ. ਸੀ. ਸੀ. ਦਸਤੀ ਦੇਣ ਦੀ ਦਰਖਾਸਤ ਵੀ ਨਾਲ ਲਿਖ ਕੇ ਲੈ ਕੇ ਗਿਆ ਸੀ। ਮੈਂ ਸੁਪਰਡੈਂਟ ਤੋਂ ਉਹ ਦਰਖਾਸਤ ਮਾਰਕ ਕਰਵਾਈ। ਪਹਿਲੀ ਮੰਜ਼ਲ ਤੇ ਪਾਸਪੋਰਟ ਅਫਸਰ ਨੂੰ ਮਿਲਣ ਲਈ ਚਲਿਆ ਗਿਆ। ਪਾਸਪੋਰਟ ਅਫਸਰ ਦੇ ਕਮਰੇ ਵਿਚ ਜਾਣ ਲਈ ਸਿਕਿਊਰਟੀ ਦੇ ਪਹਿਰੇ ਵਿਚੋਂ ਦੀ ਲੰਘ ਕੇ ਜਾਣਾ ਪੈਂਦਾ ਹੈ। ਇਸ ਲਈ ਪਾਸਪੋਰਟ ਅਫਸਰ ਨੂੰ ਉਹ ਹੀ ਮਿਲ ਸਕਦਾ ਹੈ ਜਿਸ ਦੀ

ਦਰਖਾਸਤ ਨੂੰ ਸੁਪਰਡੈਂਟ ਮਾਰਕ ਕਰਦਾ ਹੈ। ਮੈਂ ਆਪਣਾ ਨੰਬਰ ਆਉਣ ਤੇ ਪਾਸਪੋਰਟ ਅਫਸਰ ਨੂੰ ਸਾਰੀ ਸਥਿਤੀ ਦੱਸੀ। ਉਸ ਨੇ ਆਪਣਾ ਕੰਪਿਊਟਰ ਘੁਮਾਇਆ ਤੇ ਮੈਨੂੰ ਦੱਸਿਆ ਕਿ "ਤੁਹਾਡਾ ਪਾਸ ਪੋਰਟ ਤੇ ਪੀ. ਸੀ. ਸੀ. 8 ਅਕਤੂਬਰ ਨੂੰ ਭੇਜ ਦਿੱਤਾ ਹੈ। ਇਸਦੇ ਨਾਲ ਹੀ ਉਸ ਨੇ ਸਪੀਡ ਪੋਸਟ ਦੇ ਜਿਸ ਨੰਬਰ ਰਾਹੀਂ ਪਾਸਪੋਰਟ ਤੇ ਪੀ. ਸੀ. ਸੀ. ਭੇਜੀ ਹੈ, ਉਸ ਦਾ ਨੰਬਰ ਵੀ ਮੇਰੀ ਦਰਖਾਸਤ ਤੇ ਲਿਖ ਦਿੱਤਾ।"

ਮੈਂ ਪਾਸਪੋਰਟ ਦਫਤਰ ਤੋਂ ਬਾਹਰ ਆ ਕੇ ਲੁਧਿਆਣੇ ਆਪਣੇ ਲੜਕੇ ਨੂੰ ਟੈਲੀਫੂਨ ਕੀਤਾ ਤੇ ਸਪੀਡ ਪੋਸਟ ਦਾ ਨੰਬਰ ਦੇ ਕੇ ਪੋਸਟ ਆਫਿਸ ਵਿਚੋਂ ਪਾਸਪੋਰਟ ਤੇ ਪੀ. ਸੀ. ਸੀ. ਪ੍ਰਾਪਤ ਕਰਨ ਲਈ ਕਿਹਾ। ਮੇਰੇ ਲੜਕੇ ਨੇ ਆਪਣੇ ਦਫਤਰੋਂ ਇਕ ਕਰਮਚਾਰੀ ਪੋਸਟ ਆਫਿਸ ਵਿਚੋਂ ਪਤਾ ਕਰਨ ਲਈ ਭੇਜਿਆ। ਪੋਸਟ ਆਫਿਸ ਵਾਲਿਆਂ ਨੇ ਦੱਸਿਆ ਕਿ "ਏਸ ਨੰਬਰ ਦੀ ਸਪੀਡ ਪੋਸਟ ਦੀ ਚਿੱਠੀ ਆ ਗਈ ਹੈ। ਪੋਸਟਮੈਨ ਇਹ ਚਿੱਠੀ ਵੰਡਨ ਲਈ ਲੈ ਗਿਆ। ਉਸਦੇ ਆਉਣ ਤੇ ਹੀ ਪਤਾ ਲੱਗੇਗਾ। ਕਈ ਵੇਰ ਸ਼ਾਮ ਨੂੰ ਪੋਸਟ ਮੈਨ ਦਫਤਰ ਆਉਂਦੇ ਹਨ। ਕਈ ਵੇਰ ਨਹੀਂ ਵੀ ਆਉਂਦੇ। ਇਸ ਲਈ ਤੁਸੀਂ ਕਲ ਸਵੇਰੇ 9 ਵਜੇ ਆਕੇ ਪਤਾ ਕਰ ਕੇ ਆਪਣੀ ਚਿੱਠੀ ਲੈ ਜਾਣਾ

ਮੈਂ 12 ਅਕਤੂਬਰ ਨੂੰ ਮੇਰੇ ਲੜਕੇ ਦੇ ਦਫਤਰ ਵਾਲੇ ਕਰਮਚਾਰੀ ਨੂੰ ਨਾਲ ਲੈ ਕੇ ਪੋਸਟ ਆਫਿਸ ਵਿਚੋਂ ਆਪਣਾ ਪਾਸ ਪੋਰਟ ਪ੍ਰਾਪਤ ਕੀਤਾ। ਉਥੇ ਹੀ ਚਿੱਠੀ ਖੋਲ੍ਹ ਲਈ। ਪਾਸਪੋਰਟ ਵੇਖਿਆ। ਪਾਸਪੋਰਟ ਵਿਚ ਪੀ. ਸੀ. ਸੀ. ਦਿੱਤੇ ਦਾ ਨੰਬਰ ਦਰਜ਼ ਸੀ। ਨਾਲ ਹੀ ਪੀ. ਸੀ. ਸੀ. ਦਿੱਤੇ ਦੀਆਂ ਦੋ ਕਾਪੀਆਂ ਸਨ। ਮੈਨੂੰ ਪਾਸਪੋਰਟ ਤੇ ਪੀ. ਸੀ. ਸੀ. ਪ੍ਰਾਪਤ ਹੋਣ ਤੇ ਸੁਖ ਦਾ ਸਾਹ ਆਇਆ ਕਿਉਂ ਜੋ 13 ਅਕਤੂਬਰ ਨੂੰ ਮੈਂ ਦਿੱਲੀ ਆਪਣਾ ਮੈਡੀਕਲ ਕਰਵਾਉਣ ਲਈ ਡਾਕਟਰ ਤੋਂ ਟਾਈਮ ਲਿਆ ਹੋਇਆ ਸੀ।

# ਮੈਡੀਕਲ ਕਰਾਇਆ

ਅਮਰੀਕਾ ਦੀ ਅੰਬੈਂਸੀ ਨੇ ਮੈਡੀਕਲ ਕਰਾਨ ਲਈ ਦਿੱਲੀ ਦੇ ਡਾਕਟਰਾਂ ਦੇ ਪੈਨਲ ਦੀ ਹੀ ਪ੍ਰਵਾਨਗੀ ਦਿੱਤੀ ਹੋਈ ਹੈ, ਜਦ ਕਿ ਕੈਨੇਡਾ ਜਾਣ ਵਾਲਿਆਂ ਦੀ ਡਾਕਟਰੀ ਲੁਧਿਆਣੇ ਹੀ ਹੋ ਜਾਂਦੀ ਹੈ। ਲੁਧਿਆਣੇ ਤੋਂ ਦਿੱਲੀ ਜਾਣ ਲਈ ਰਾਤ ਦੀ ਬੱਸ ਸਰਵਿਸ ਹੈ। ਦਿੱਲੀ ਨੂੰ ਆਖਰੀ ਬੱਸ ਰਾਤ 11 ਵਜੇ ਜਾਂਦੀ ਹੈ। ਕਈ ਕੰਪਨੀਆਂ ਦੀਆਂ ਬੱਸਾਂ ਚੱਲਦੀਆਂ ਹਨ। 11 ਵਜੇ ਚੱਲਣ ਵਾਲੀ ਬੱਸ ਦਿੱਲੀ 5 ਵਜੇ ਦੇ ਕਰੀਬ ਪਹੁੰਚਾ ਦਿੰਦੀ ਹੈ। ਮੈਂ 12 ਅਕਤੂਬਰ ਦੀ ਰਾਤ ਦੇ 11 ਵਜੇ ਵਾਲੀ ਬਸ ਰਾਹੀਂ ਦਿੱਲ ਜਾਣ ਦਾ ਫੈਸਲਾ ਕੀਤਾ। ਇਹ ਬੱਸਾਂ ਲੁਧਿਆਣੇ ਦੇ ਬਸ ਅੱਡੇ ਦੇ ਬਾਹਰ ਤੋਂ ਚਲਦੀਆਂ ਹਨ। ਮੈਂ ਆਪਣੇ ਲੜਕੇ ਰਾਹੀਂ ਦਿਨੇ ਬਸ ਦਾ ਟਿਕਟ ਮੰਗਵਾ ਲਿਆ। ਮੇਰਾ ਟਿਕਟ ਨੰਬਰ 19 ਸੀ। ਮੇਰਾ ਲੜਕਾ ਮੈਨੂੰ ਬਸ ਚੜ੍ਹਾ ਆਇਆ। ਡੀਲਕਸ ਬਸ ਸੀ। ਸੀਟਾਂ ਬਹੁਤ ਅਰਾਮਦੇਹ ਸਨ। ਬੱਸ ਅੱਡੇ ਤੋਂ ਚੱਲੀ ਤੇ ਰੇਲਵੇ ਸਟੇਸ਼ਨ ਤੋਂ ਸਵਾਰੀਆਂ ਲੈ ਕੇ ਜੀ. ਟੀ. ਰੋਡ ਪੈ ਗਈ।

ਥੋੜੇ ਸਮੇਂ ਪਿਛੋਂ ਹੀ ਮੈਨੂੰ ਨੀਂਦ ਆ ਗਈ। ਬੱਸ ਵਿਚ ਚਾਹੇ ਮੈਂ ਦਿਨੇ ਸਫਰ ਕਰਾਂ ਚਾਹੇ ਰਾਤ ਨੂੰ, ਮੈਨੂੰ ਨੀਂਦ ਜ਼ਰੂਰ ਆਉਂਦੀ ਹੈ। ਕੋਈ 1 ਵਜੇ ਦੇ ਕਰੀਬ ਬਸ ਰਾਜਪੁਰੇ ਦੇ ਈਗਲ ਹੋਟਲ ਤੇ ਜਾ ਰੁਕੀ। ਉਥੇ ਹੋਰ ਵੀ ਬਹੁਤ ਬੱਸਾ ਰੁਕੀਆਂ ਹੋਈਆਂ ਸਨ। ਰੋਟੀ ਖਾਣ ਵਾਲਿਆਂ ਨੇ ਰੋਟੀ ਖਾਧੀ। ਚਾਹ, ਠੰਡਾ ਪੀਣ ਵਾਲਿਆਂ ਨੇ ਚਾਹ ਠੰਡਾ ਪੀਤਾ। ਏਸ ਹੋਟਲ ਤੇ ਕੈਸਟਾਂ, ਪੰਚਰੰਗਾ ਆਚਾਰ, ਡੈਕੋਰੇਸ਼ਨ ਪੀਸਾਂ, ਸਿਨੇਕਸ, ਫਲਾਂ, ਖਿਡਾਉਣਿਆਂ, ਪੀ. ਸੀ. ਓ., ਕਿਤਾਬਾਂ, ਰਸਾਲਿਆਂ, ਪੰਚਰ ਲਾਉਣ ਆਦਿ ਦੀਆਂ ਦੁਕਾਨਾਂ ਵੀ ਸਨ। ਹਰ ਬੱਸਾਂ ਵਾਲਿਆਂ ਦੇ ਰਸਤੇ ਵਿਚ ਰੋਟੀ ਖਾਣ ਤੇ ਚਾਹ ਪੀਣ ਲਈ ਆਪਣੀ ਆਪਣੀ ਪਸੰਦ ਦੇ ਹੋਟਲ ਤੇ ਢਾਬਿਆਂ ਤੇ ਅੱਡੇ ਬਣਾਏ ਹੋਏ ਹਨ। ਬੱਸਾਂ ਦੇ ਡਰਾਈਵਰਾਂ, ਕੰਡਕਟਰਾਂ ਦੀ ਇਹ ਹੋਟਲ ਤੇ ਢਾਬੇ ਵਾਲੇ ਮੁਫਤ ਵਿਚ ਸੇਵਾ ਕਰਦੇ ਹਨ। ਇਨ੍ਹਾਂ ਦੀ ਸੇਵਾ ਤੇ ਕੀਤਾ ਖਰਚ ਇਹ ਸਵਾਰੀਆਂ ਤੋਂ ਮਹਿੰਗਾ ਭਾਅ ਲੈ ਕੇ ਕੱਢ ਲੈਂਦੇ ਹਨ। ਕੋਈ ਅੱਧਾ ਘੰਟਾ ਇਥੇ ਬੱਸ ਰੁਕੀ। ਫੇਰ 1.30 ਵਜੇ ਬੱਸ ਚੱਲੀ ਤੇ ਦਿੱਲੀ 5 ਵਜੇ ਦੇ ਕਰੀਬ ਲਾਲ ਕਿਲੇ ਦੇ ਨਜ਼ਦੀਕ ਜਾ ਰੁਕੀ। ਸਾਰੀਆਂ ਸਵਾਰੀਆਂ ਉਥੇ ਉਤਰ ਗਈਆਂ ਤੇ ਆਪਣੇ ਆਪਣੇ ਰਾਹੇ ਪੈ ਗਈਆਂ।

ਅਜੇ ਥੋੜਾ ਜਿਹਾ ਹਨੇਰਾ ਸੀ। ਮੈਂ ਹੌਲੀ ਹੌਲੀ ਤੁਰ ਕੇ ਗੁਰੂਦਵਾਰਾ ਚਾਂਦਨੀ ਚੌਂਕ ਪਹੁੰਚਿਆ। ਬਾਹਰੋਂ ਹੀ ਮੱਥਾ ਟੇਕਿਆ। ਫੇਰ ਲੋਕਲ ਬਸ ਫੜਣ ਲਈ ਲਾਲ ਕਿਲੇ ਵਾਲੀ ਸਾਈਡ ਆ ਗਿਆ। ਮੈਂ ਆਪਣਾ ਮੈਡੀਕਲ ਡਾਕਟਰ ਚਾਵਲੇ ਤੋਂ ਕਰਵਾਉਣਾ ਸੀ। ਉਸ ਦਾ ਕਲੀਨਿਕ ਪ੍ਰਿਥਵੀ ਰਾਜ ਰੋਡ ਤੇ ਸੀ। ਥਰੀ ਵੀਲਰ ਵਾਲੇ 70 ਰੁਪੈ ਮੰਗਦੇ ਸਨ ਜਦ ਕਿ ਲੋਕਲ ਬਸ ਤੇ ਸਿਰਫ 10 ਰੁਪੈ ਲੱਗਦੇ ਸਨ। ਮੇਰੇ ਕੋਲ ਟਾਈਮ ਬਹੁਤ ਸੀ। ਇਸ ਲਈ ਮੈਂ ਬੱਸ ਫੜਕੇ ਕੋਈ 7.30 ਵਜੇ ਦੇ ਕਰੀਬ ਖਾਣ ਮਾਰਕਿਟ, ਜਿਹੜੀ ਪ੍ਰਿਥਵੀ ਰਾਜ ਰੋਡ ਦੇ ਨਜ਼ਦੀਕ ਹੀ ਪੈਂਦੀ ਹੈ, ਉਥੇ ਉਤਰ ਗਿਆ। ਮੈਂ ਇਕ ਹੋਟਲ ਤੋਂ ਪ੍ਰਾਉਂਠੇ ਖਾਧੇ। ਸਵੇਰ ਦਾ ਅਖਬਾਰ ਸਿਰਫ ਅੰਗਰੇਜ਼ੀ ਟ੍ਰਿਬਿਊਨ ਹੀ ਮਿਲਿਆ। ਕੋਈ ਵੀ ਪੰਜਾਬੀ ਦਾ ਅਖਬਾਰ

ਉਸ ਅਖਬਾਰ ਵਿਕਰੇਤਾ ਕੋਲ ਨਹੀਂ ਸੀ। ਮੈਨੂੰ ਬਹੁਤ ਅਜੀਬ ਲੱਗਿਆ ? ਦਿੱਲੀ ਦੀ ਕੋਈ 15 ਪ੍ਰਤੀਸ਼ਤ ਦੇ ਕਰੀਬ ਪੰਜਾਬੀਆਂ ਦੀ ਆਬਾਦੀ ਹੈ। ਹੋ ਸਕਦਾ ਹੈ, ਜਿਹੜੇ ਇਲਾਕੇ ਵਿਚ ਪੰਜਾਬੀ ਜ਼ਿਆਦਾ ਰਹਿੰਦੇ ਹੋਣ, ਉਥੇ ਪੰਜਾਬੀ ਦੇ ਅਖਬਾਰ ਮਿਲਦੇ ਹੋਣ। ਮੈਂ ਹੌਲੀ ਹੌਲੀ ਪੈਦਲ ਚਲਦਾ ਹੋਇਆ ਕੋਈ 9 ਵਜੇ ਦੇ ਕਰੀਬ ਡਾਕਟਰ ਦੇ ਕਲੀਨਿਕ ਤੇ ਪਹੁੰਚਿਆ। ਕਿਉਂ ਜੋ ਡਾਕਟਰੀ ਮੁਆਇਨਾ 9 ਵਜੇ ਹੀ ਸ਼ੁਰੂ ਹੋਣਾ ਸੀ। ਮੇਰੇ ਜਾਣ ਤੋਂ ਪਹਿਲਾਂ ਉਥੇ ਕਈ ਆਦਮੀ, ਲੇਡੀਜ਼ ਤੇ ਬੱਚੇ ਆਪਣੇ ਮੈਡੀਕਲ ਕਰਵਾਉਣ ਲਈ ਪਹੁੰਚੇ ਹੋਏ ਸਨ। ਕੋਈ 9.15 ਦੇ ਕਰੀਬ ਜੂਨੀਅਰ ਡਾਕਟਰ ਤੇ ਨਰਸਾਂ ਪਹੁੰਚ ਗਈਆਂ। ਉਸੇ ਸਮੇਂ ਉਨ੍ਹਾਂ ਨੇ ਸਭ ਨੂੰ ਵੇਟਿੰਗ ਰੂਮ ਵਿਚ ਬੁਲਾਇਆ। ਇਕ ਪ੍ਰਫਾਰਮਾ ਭਰਨ ਲਈ ਦਿੱਤਾ। ਸਭ ਦੇ ਪਾਸਪੋਰਟ ਲੈ ਲਏ। ਫੇਰ ਵਾਰੀ ਵਾਰੀ ਸਭ ਦੀ ਡਾਕਟਰੀ ਸ਼ੁਰੂ ਹੋ ਗਈ। ਮੇਰੀ ਵਾਰੀ ਆਉਣ ਤੇ ਮੈਥੋਂ 3400/-ਰੁਪੈ ਲਏ ਗਏ। ਕੋਈ ਰਸੀਦ ਨਹੀਂ ਦਿੱਤੀ ਤੇ ਨਾ ਹੀ ਮੈਥੋਂ ਪਹਿਲਾਂ ਜਿਨ੍ਹਾਂ ਨੇ ਡਾਕਟਰੀ ਕਰਵਾਈ ਉਨ੍ਹਾਂ ਨੂੰ ਕੋਈ ਰਸੀਦ ਦਿੱਤੀ ਸੀ।

ਮੈਂ ਅੰਦਰ ਗਿਆ। ਮੇਰੇ ਕੱਛੇ ਨੂੰ ਛੱਡ ਕੇ ਸਾਰੇ ਕੱਪੜੇ ਲਹਾ ਲਏ। ਕੋਈ ਬੀਮਾਰੀ, ਉਪਰੇਸ਼ਨ ਹੋਏ, ਕੋਈ ਹੋਰ ਤਕਲੀਫ ਬਾਰੇ ਪੁੱਛਿਆ। ਇਕ ਇਕ ਟੀਕਾ ਦੋਵੇਂ ਮੋਢਿਆਂ ਤੇ ਲਾ ਦਿੱਤਾ। ਇਕ ਪੱਟ ਤੇ ਲਾਇਆ। ਖੂਨ ਟੈਸਟ ਕਰਨ ਲਈ ਖੂਨ ਲਿਆ। ਫੇਰ ਡਾਕਟਰ ਚਾਵਲਾ ਆ ਗਏ। ਉਨ੍ਹਾਂ ਨੇ ਸਟੈਥੀਸਕੋਪ ਕੋਈ ਅੱਧਾ ਕੁ ਮਿੰਟ ਛਾਤੀ ਤੇ, ਅੱਧਾ ਕੁ ਮਿੰਟ ਪਿੱਠ ਤੇ ਲਾ ਕੇ ਬਾਹਰ ਭੇਜ ਦਿੱਤਾ। ਕਹਿੰਦੇ "ਵਸ ਹੋ ਗਿਆ ਮੈਡੀਕਲ।" ਮੈਡੀਕਲ ਰੀਪੋਰਟ ਮੈਨੂੰ 16 ਅਕਤੂਬਰ ਨੂੰ ਸਵੇਰੇ 11 ਵਜੇ ਤੇ 1 ਵਜੇ ਦੇ ਦਰਮਿਆਨ ਲੈ ਕੇ ਜਾਣ ਲਈ ਕਹਿ ਦਿੱਤਾ। ਮੈਨੂੰ ਐਕਸਰੇ ਕਰਾਉਣ ਲਈ ਦੋ ਚਿੱਠੀਆਂ ਵੀ ਦਿੱਤੀਆਂ। ਇਕ ਐਕਸਰੇ ਲਈ ਜੋ ਈਸਟ ਵੈਸਟ ਮੈਡੀਕਲ ਸੈਂਟਰ 38 ਗੋਲਫ ਲਿੰਕਸ ਨਵੀਂ ਦਿੱਲੀ ਵਿਚ ਹੋਣਾ ਸੀ। ਦੂਸਰੀ ਚਿੱਠੀ ਵਿਚ ਐਕਸਰੇ ਵਾਲੀ ਥਾਂ ਤੇ ਪਹੁੰਚਣ ਦਾ ਨਕਸ਼ਾ ਬਣਾਇਆ ਹੋਇਆ ਸੀ। ਸਾਰੇ ਮੈਡੀਕਲ ਕਰਾਉਣ ਵਾਲਿਆਂ ਨੂੰ ਏਸੇ ਥਾਂ ਐਕਸਰੇ ਕਰਾਉਣ ਲਈ ਭੇਜਿਆ ਜਾ ਰਿਹਾ ਸੀ। ਕਲੀਨਿਕ ਦੇ ਬਾਹਰ ਹੀ ਥਿਰੀਵੀਲਰ ਵਾਲੇ ਖੜੇ ਸਨ, ਜੋ ਐਕਸਰੇ ਵਾਲੀ ਥਾਂ ਤੇ ਜਾਣ ਲਈ 80/-ਰੁਪੈ ਮੰਗਦੇ ਸਨ। ਸੌਦਾ ਕਰ ਕੇ 65/70 ਰੁਪੈ ਵਿਚ ਚਲੇ ਜਾਂਦੇ ਸਨ। ਕਈ ਮੈਡੀਕਲ ਕਰਵਾਉਣ ਵਾਲੇ ਆਪਣੀਆਂ ਗੱਡੀਆ ਤੇ ਟੈਕਸੀਆਂ ਲੈ ਕੇ ਵੀ ਆਏ ਸਨ। ਉਹ ਐਕਸਰੇ ਵਾਲੀ ਥਾਂ ਆਪਣੀਆਂ ਗੱਡੀਆਂ ਤੇ ਜਾ ਰਹੇ ਸਨ। ਮੈਂ ਪਹਿਲਾਂ 5/-ਰੁਪੈ ਦੀ ਬਸ ਦੀ ਟਿਕਟ ਲੈ ਕੇ ਸਫਦਰਗੰਜ ਪਹੁੰਚ ਗਿਆ। ਉਥੋਂ 30/-ਰੁਪੈ ਵਿਚ ਥਿਰੀ ਵੀਲਰ ਕਰ ਲਿਆ। ਏਸ ਤਰ੍ਹਾਂ ਮੈਂ 35/-ਰੁਪੈ ਵਿਚ ਐਕਸਰੇ ਵਾਲੀ ਥਾਂ ਪਹੁੰਚਿਆ। ਐਕਸਰੇ ਵਾਲੇ ਨੇ 200/-ਰੁਪੈ ਲਏ ਤੇ ਮੇਰਾ ਐਕਸਰੇ ਕਰ ਦਿੱਤਾ। ਨਾਲ ਹੀ ਕਿਹਾ ਕਿ "ਅਸੀਂ ਐਕਸਰੇ ਆਪੇ ਡਾਕਟਰ ਚਾਵਲੇ ਦੀ ਕਲੀਨਿਕ ਵਿਚ ਭੇਜ ਦੇਵਾਂਗੇ।"

ਮੈਂ ਉੱਥੋਂ ਹੀ ਲੋਕ ਬੱਸ ਫੜੀ ਤੇ ਇੰਟਰ ਸਟੇਟ ਬੱਸ ਸਟੈਂਡ ਤੇ ਪਹੁੰਚ ਗਿਆ। ਬੱਸ ਅੱਡੇ ਤੋਂ ਬਾਹਰ ਹੀ ਮੈਨੂੰ ਜੰਮੂ ਜਾਣ ਵਾਲੀ ਬੱਸ ਮਿਲ ਗਈ। ਪਰ ਇਹ ਬੱਸ ਲੁਧਿਆਣੇ ਦੇ ਬਾਈਪਾਸ ਉਪਰ ਦੀ ਲੰਘ ਜਾਂਦੀ ਸੀ। ਇਸ ਲਈ ਮੈਂ ਖੰਨੇ ਦੀ ਟਿਕਟ ਲਈ। ਖੰਨੇ ਤੋਂ ਲੁਧਿਆਣੇ ਵਾਲੀ ਬੱਸ ਫੜੀ ਤੇ ਮੈਂ ਰਾਤ ਦੇ 7.30 ਵਜੇ ਲੁਧਿਆਣੇ ਦੇ ਬਸ ਸਟੈਂਡ ਤੇ

ਪਹੁੰਚ ਗਿਆ। ਆਪਣੇ ਲੜਕੇ ਨੂੰ ਗੱਡੀ ਭੇਜਣ ਲਈ ਟੈਲੀਫੂਨ ਕਰ ਕੇ ਮੈਂ ਸਾਗਰ ਐਂਡ ਸੰਨਜ਼ ਦੀ ਦੁਕਾਨ ਤੇ, ਜਿਹੜੀ ਬੱਸ ਸਟੈਂਡ ਦੇ ਨਜ਼ਦੀਕ ਹੈ, ਬੈਠ ਗਿਆ। ਥੋੜੀ ਦੇਰ ਪਿਛੋਂ ਮੇਰੇ ਲੜਕੇ ਵਲੋਂ ਭੇਜੀ ਗੱਡੀ ਆ ਗਈ ਤੇ ਮੈਂ 8 ਵਜੇ ਘਰ ਪਹੁੰਚ ਗਿਆ। ਕੋਈ 21 ਘੰਟਿਆਂ ਵਿਚ ਮੈਂ ਦਿੱਲੀ ਵੀ ਜਾ ਆਇਐ ਤੇ ਮੈਡੀਕਲ ਵੀ ਕਰਵਾ ਆਇਆ। 16 ਅਕਤੂਬਰ 2004 ਨੂੰ ਮੈਂ ਮੈਡੀਕਲ ਰੀਪੋਰਟ ਲੈਣ ਜਾਣਾ ਸੀ।

# ਵੀਜ਼ੇ ਲਈ ਇੰਟਰਵਿਊ

ਮੈਂ 16 ਅਕਤੂਬਰ ਨੂੰ 11 ਵਜੇ ਤੋਂ 1 ਵਜੇ ਦੇ ਦਰਮਿਆਨ ਡਾਕਟਰ ਚਾਵਲੇ ਦੇ ਕਲੀਨਿਕ ਵਿਚੋਂ ਆਪਣਾ ਮੈਡੀਕਲ ਪ੍ਰਾਪਤ ਕਰਨਾ ਸੀ। ਇਸ ਲਈ ਮੈਂ 16 ਅਕਤੂਬਰ ਦੀ ਸਵੇਰ ਨੂੰ ਹੀ ਦਿੱਲੀ ਜਾਣਾ ਮੁਨਾਸਬ ਸਮਝਿਆ। ਮੈਂ ਬਸ ਸਟੈਂਡ ਤੋਂ ਦਿੱਲੀ ਨੂੰ ਜਾਂਦੀਆਂ ਬੱਸਾਂ ਦਾ ਪਤਾ ਕੀਤਾ। ਦਿੱਲੀ ਨੂੰ ਪਹਿਲੀ ਬੱਸ ਸਵੇਰੇ 4.30 ਵਜੇ ਜਾਂਦੀ ਸੀ। 4.30 ਵਜੇ ਤੋਂ ਬਾਅਦ 6 ਵਜੇ ਤੱਕ ਹਰ 20 ਮਿੰਟ ਪਿੱਛੋਂ ਸਿੱਧੀਆਂ ਬੱਸਾਂ ਦਿੱਲੀ ਨੂੰ ਜਾਂਦੀਆਂ ਸਨ। ਮੇਰਾ ਲੜਕਾ ਮੈਨੂੰ ਸਵੇਰੇ 4.15 ਵਜੇ ਬਸ ਸਟੈਂਡ ਤੇ ਛੱਡ ਆਇਆ। ਇਕ ਬੱਸ ਅੱਡੇ ਤੋਂ ਬਾਹਰ ਹੀ ਦਿੱਲੀ ਨੂੰ ਲੱਗੀ ਹੋਈ ਸੀ, ਜਿਹੜੀ ਜਲੰਧਰ ਤੋਂ ਆਈ ਸੀ। ਸਵੇਰੇ ਸਾਝਰਾ ਹੋਣ ਕਰਕੇ 7–8 ਸਵਾਰੀਆਂ ਹੀ ਬੱਸ ਵਿਚ ਸਨ। ਮੈਂ ਏਸ ਬੱਸ ਵਿਚ ਬੈਠ ਗਿਆ। ਬੱਸ ਤੁਰੰਤ ਚਲ ਪਈ। ਲੁਧਿਆਣੇ ਤੋਂ ਤੁਰੀ ਇਹ ਬੱਸ ਰਾਜਪੁਰੇ ਇਕ ਟੁੱਟੇ ਜਿਹੇ ਢਾਬੇ ਤੇ ਜਾ ਖੜ੍ਹੀ। ਜਿਸ ਤਰ੍ਹਾਂ ਮੈਂ ਪਹਿਲਾਂ ਹੀ ਲਿਖ ਚੁੱਕਿਆ ਹਾਂ, ਹਰ ਬੱਸ ਵਾਲਿਆਂ ਦੇ ਠਹਿਰਨ ਦੇ ਆਪਣੇ ਅੱਡੇ ਬਣਾਏ ਹੋਏ ਹਨ, ਜਿਥੇ ਉਨ੍ਹਾਂ ਦੀ ਰੋਟੀ ਪਾਣੀ ਦੀ ਮੁਫਤ ਸੇਵਾ ਹੁੰਦੀ ਹੈ। ਏਸ ਢਾਬੇ ਤੇ ਮੁਸਾਫਰਾਂ ਲਈ ਕੋਈ ਖਾਸ ਸੁਵਿਧਾ ਨਹੀਂ ਸੀ। ਡਰਾਈਵਰ, ਕੰਡਕਟਰ ਨੇ ਇਥੇ ਪ੍ਰਾਉਂਠੇ ਖਾਧੇ। ਦੋ ਕੁ ਮੁਸਾਫਰਾਂ ਨੇ ਚਾਹ ਪੀਤੀ। ਅੱਧੇ ਘੰਟੇ ਪਿਛੋਂ ਇਥੋਂ ਬੱਸ ਚਲ ਪਈ। ਰਾਜਪੁਰੇ ਤੋਂ ਚੱਲੀ ਇਹ ਬੱਸ ਫਿਰ ਦਿੱਲੀ ਬੱਸ ਅੱਡੇ ਤੇ ਜਾ ਕੇ ਹੀ ਰੁਕੀ। ਇਹ ਕੁਰਕਸ਼ੇਤਰ ਡਿਪੂ ਦੀ ਬੱਸ ਸੀ। ਸੀਟਾਂ ਵਧੀਆਂ ਸਨ। ਇਕ ਸ਼ੀਟ ਤੇ ਦੂਸਰੀ ਸ਼ੀਟ ਦੇ ਵਿਚਕਾਰ ਜਗਾ ਪੰਜਾਬ ਦੀਆਂ ਬੱਸਾਂ ਨਾਲੋਂ ਜ਼ਿਆਦਾ ਸੀ। ਮੇਰਾ ਕੱਦ ਜ਼ਿਆਦਾ ਹੋਣ ਕਰਕੇ ਮੈਨੂੰ ਏਸ ਬੱਸ ਦੇ ਸਫਰ ਵਿਚ ਬਹੁਤ ਆਰਾਮ ਰਿਹਾ।

ਬੱਸ 10.30 ਵਜੇ ਦਿੱਲੀ ਪਹੁੰਚੀ। ਮੈਂ ਸਵੇਰੇ ਸੇਬ ਖਾ ਕੇ ਹੀ ਚੱਲਿਆ ਸੀ। ਮੈਨੂੰ ਭੁੱਖ ਲੱਗੀ ਹੋਈ ਸੀ। ਏਸ ਲਈ ਬਸ ਅੱਡੇ ਦੇ ਦੂਰ ਅੰਦਰ ਜਾ ਕੇ ਇਕ ਛੋਟੇ ਜਿਹੇ ਹੋਟਲ ਤੇ ਰੋਟੀ ਖਾਧੀ। 11 ਵਜੇ ਦੇ ਕਰੀਬ ਮੈਂ ਲੋਕਲ ਬਸ ਲੈ ਕੇ ਡਾਕਟਰ ਚਾਵਲੇ ਦੇ ਕਲੀਨਿਕ ਪਹੁੰਚ ਗਿਆ। ਮੈਂ ਉਨ੍ਹਾਂ ਤੋਂ ਆਪਣਾ ਮੈਡੀਕਲ ਵਾਲਾ ਲਿਫਾਫਾ ਪ੍ਰਾਪਤ ਕੀਤਾ। ਮੈਡੀਕਲ ਰੀਪੋਰਟ ਛੋਟੇ ਜਿਹੇ ਲਿਫਾਫੇ ਵਿਚ ਸੀ। ਐਕਸਰੇ ਇਕ ਵੱਡੇ ਲਫਾਫੇ ਵਿਚ ਸੀ। ਐਕਸਰੇ ਲਫਾਫਾ ਉਨ੍ਹਾਂ ਨੇ ਗੂੰਦ ਨਾਲ ਬੰਦ ਕਰ ਕੇ ਨਾਲ ਮੈਡੀਕਲ ਰੀਪੋਰਟ ਵਾਲਾ ਛੋਟਾ ਲਫਾਫਾ ਸਟਿਚ ਕਰ ਕੇ ਮੈਨੂੰ ਦੇ ਦਿੱਤਾ। ਨਾਲ ਹਦਾਇਤ ਕੀਤੀ ਕਿ "ਐਕਸਰੇ ਵਾਲਾ ਲਫਾਫਾ ਫੋਲਡ ਨਹੀਂ ਕਰਨਾ।" ਉਂਜ ਐਕਸਰੇ ਵਾਲੇ ਲਫਾਫੇ ਤੇ Do not fold ਵੀ ਲਿਖਿਆ ਹੋਇਆ ਸੀ।

ਮੈਂ ਜਦ ਆਪਣਾ ਮੈਡੀਕਲ ਪ੍ਰਾਪਤ ਕੀਤਾ, ਉਸ ਸਮੇਂ ਹੀ ਚੰਡੀਗੜ੍ਹ ਤੋਂ ਆਈ ਇਕ ਲੜਕੀ ਨੇ ਆਪਣਾ ਮੈਡੀਕਲ ਲਿਆ। ਜਦ ਮੈਂ ਮਿਤੀ 13 ਅਕਤੂਬਰ ਨੂੰ ਆਪਣਾ ਮੈਡੀਕਲ ਕਰਵਾਇਆ ਸੀ, ਉਸ ਸਮੇਂ ਵੀ ਚੰਡੀਗੜ੍ਹ ਤੋਂ ਆਈ ਇਕ ਲੇਡੀ ਨੇ ਮੈਡੀਕਲ ਕਰਵਾਇਆ ਸੀ। ਉਸ ਸਮੇਂ ਉਸਦੇ ਘਰਵਾਲਾ ਵੀ ਉਸਦੇ ਨਾਲ ਸੀ। ਮੈਨੂੰ ਏਸ ਲੜਕੀ ਦਾ ਮੁਹਾਂਦਰਾ ਓਸ ਲੜਕੀ ਵਰਗਾ ਲੱਗਿਆ ਹੋਣ ਕਰਕੇ ਮੈਂ ਉਸ ਤੋਂ ਪੁੱਛਿਆ, "ਤੁਹਾਡਾ ਹਸਬੈਂਡ ਨਾਲ ਨਹੀਂ ਆਇਆ ?" ਉਸ ਲੜਕੀ ਨੇ ਦੱਸਿਆ, "ਮੇਰਾ ਹਸਬੈਂਡ ਤਾਂ ਅਮਰੀਕਾ

ਵਿਚ ਹੈ" ਮੈਨੂੰ ਭੁਲੇਖਾ ਲੱਗਿਆ ਸੀ। ਪਰ ਉਹ ਲੜਕੀ ਦੁਖੀ ਨਜ਼ਰ ਆਈ। ਪੰਜ ਸਾਲ ਪਹਿਲਾਂ ਉਸ ਦਾ ਕੇਸ਼ ਹੋਰ ਇਤਰਾਜ਼ਾਂ ਦੇ ਨਾਲ ਇਕ ਇਤਰਾਜ਼ ਫੋਟੋ ਸਹੀ ਨਾ ਖਿੱਚੀ ਹੋਣ ਕਰਕੇ ਰੀਜੈਕਟ ਹੋ ਗਿਆ ਸੀ। ਲੜਕੀ ਨੇ ਉਸ ਸਮੇਂ ਉਹ ਫੋਟੋ ਚੰਡੀਗੜ੍ਹ ਦੇ ਫੋਟੋ ਗਰਾਫਰ ਤੋਂ ਖਿਚਵਾਈ ਸੀ। ਏਸ ਵਾਰ ਉਹ ਫੋਟੋ ਦੇ ਆਧਾਰ ਤੇ ਆਪਣਾ ਕੇਸ਼ ਰੀਜੈਕਟ ਕਰਵਾਉਣਾ ਨਹੀਂ ਚਾਹੁੰਦੀ ਸੀ। ਏਸ ਕਰਕੇ ਉਹ ਅੰਬੈਂਸੀ ਦੇ ਪ੍ਰਵਾਨਿਤ ਫੋਟੋ ਗਰਾਫਰ ਤੋਂ ਫੋਟੋ ਖਿਚਾਵਾਉਣੀ ਚਾਹੁੰਦੀ ਸੀ।

ਉਹ ਦਿੱਲੀ ਰਹਿੰਦੇ ਆਪਣੇ ਕਿਸੇ ਰਿਸ਼ਤੇਦਾਰ ਦੀ ਜੈਂਨ ਗੱਡੀ ਵਿਚ ਆਈ ਸੀ। ਮੈਂ ਆਪਣੀ ਫੋਟੋ ਲੁਧਿਆਣੇ ਦੇ ਮਸ਼ਹੂਰ ਫੋਟੋਗਰਾਫਰ ਸੂਦ ਸਟੂਡਿਉ ਵਾਲਿਆਂ ਤੋਂ ਅੰਬੈਂਸੀ ਦੀਆਂ ਹਦਾਇਤਾਂ ਅਨੁਸਾਰ ਖਿਚਵਾਈ ਹੋਈ ਸੀ। ਉਸ ਲੜਕੀ ਨੂੰ ਫੋਟੋ ਕਾਰਨ ਵੀਜ਼ਾ ਨਾ ਮਿਲਣ ਕਰਕੇ ਮੇਰੇ ਮਨ ਵਿਚ ਵੀ ਸੰਕਾ ਪੈਦਾ ਹੋ ਗਿਆ ਕਿ ਕਿਤੇ ਫੋਟੋ ਕਾਰਨ ਮੈਨੂੰ ਵੀਜ਼ਾ ਮਿਲਣ ਵਿਚ ਰੁਕਾਵਟ ਨਾ ਪੈਦਾ ਹੋ ਜਾਵੇ। ਉਹ ਲੜਕੀ ਹੁਣ ਅੰਬੈਸੀ ਵਲੋਂ ਪ੍ਰਵਾਨਿਤ White Seles Corporation, ਜੋ ਚਾਨਕੀਆ ਪੁਰੀ ਵਿਚ ਹੈ, ਤੋਂ ਫੋਟੋ ਖਿਚਵਾਣ ਜਾ ਰਹੀ ਸੀ। ਮੈਂ ਉਸ ਦੀ ਸਹਿਮਤੀ ਨਾਲ ਉਨ੍ਹਾਂ ਦੀ ਕਾਰ ਵਿਚ ਹੀ ਫੋਟੋ ਖਿਚਵਾਣ ਲਈ ਉਨ੍ਹਾਂ ਦੇ ਨਾਲ ਚਲਿਆ ਗਿਆ। ਜਦ ਅਸੀਂ ਉਸ ਮਾਰਕਿਟ ਵਿਚ ਪਹੁੰਚੇ ਤਾਂ ਸਾਨੂੰ ਕਿਤੇ ਵੀ ਏਸ ਦੁਕਾਨ ਦਾ ਬੋਰਡ ਨਜ਼ਰ ਨਾ ਪਿਆ। ਫੇਰ ਅਸੀਂ ਇਕ ਦੁਕਾਨਦਾਰ ਤੋਂ ਏਸ ਫੋਟੋਗਰਾਫਰ ਦੀ ਦੁਕਾਨ ਬਾਰੇ ਪੁੱਛਿਆ, ਜਿਸ ਤੇ ਸਾਨੂੰ ਉਸ ਨੇ ਇਕ ਦੁਕਾਨ ਵੱਲ ਇਸ਼ਾਰਾ ਕੀਤਾ। ਏਸ ਦੁਕਾਨ ਤੇ ਬੜਾ ਬੋਰਡ ਤੇ ਇਕ ਹੋਰ ਕਾਰੋਬਾਰ ਦਾ ਲੱਗਿਆ ਹੋਇਆ ਸੀ, ਪਰ ਪਾਸੇ ਤੇ ਛੋਟਾ ਜਿਹਾ ਫੋਟੋਗਰਾਫਰ ਵਾਲਾ ਬੋਰਡ ਵੀ ਸੀ। ਜਦ ਅਸੀਂ ਦੁਕਾਨ ਵਿਚ ਬੜੇ ਤਾਂ ਉਹ ਫੋਟੋਗਰਾਫਰ ਦੀ ਦੁਕਾਨ ਹੀ ਨਹੀਂ ਲੱਗਦੀ ਸੀ। ਉਸ ਦੁਕਾਨ ਵਿਚ ਹੋਰ ਵੀ ਕਈ ਕੰਮ ਕੀਤੇ ਜਾ ਰਹੇ ਸਨ। ਕਿਸ ਆਧਾਰ ਤੇ ਅੰਬੈਂਸੀ ਵਾਲਿਆਂ ਨੇ ਏਸ ਫੋਟੋਗਰਾਫਰ ਨੂੰ ਫੋਟੋਆਂ ਖਿੱਚਣ ਲਈ ਅਪਰੂਵ ਕੀਤਾ ਹੋਵੇਗਾ, ਇਹ ਤਾਂ ਅੰਬੈਂਸੀ ਵਾਲੇ ਹੀ ਜਾਨਣ ?

ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਹੈ। ਹੁਣ ਤਾਂ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਪਹਿਲਾਂ ਜਦ ਖੇਤੀ ਬਲਦਾਂ ਅਤੇ ਊਠਾਂ ਨਾਲ ਹੁੰਦੀ ਸੀ, ਉਸ ਸਮੇਂ ਜਿਮੀਦਾਰ ਜਿਹੜਾ ਪਸ਼ੂ ਖਰੀਦ ਕੇ ਆਪਣੇ ਘਰ ਲਿਆਕੇ ਕੀਲੇ ਤੇ ਬੰਨ੍ਹਦਾ ਸੀ, ਉਹ ਵੇਖਣ ਵਾਲੇ ਨੂੰ ਉਨ੍ਹੇ ਮੁੱਲ ਦਾ ਜ਼ਰੂਰ ਲੱਗਦਾ ਹੋਣਾ ਚਾਹੀਦਾ ਹੁੰਦਾ ਸੀ, ਜਿਨ੍ਹੇ ਉਸਦੀ ਖਰੀਦ ਤੇ ਪੈਸੇ ਲੱਗੇ ਸਨ। ਜੇਕਰ ਇਹ ਜਟਕੀ ਮਸ਼ਾਲ ਏਸ ਫੋਟੋਗਰਾਫਰ ਦੀ ਦੁਕਾਨ ਤੇ ਲਾਗੂ ਕੀਤੀ ਜਾਵੇ ਤਾਂ ਫੇਰ ਉਹ ਫੋਟੋਗਰਾਫਰ ਦੀ ਦੁਕਾਨ ਨਹੀਂ ਲੱਗਦੀ ਸੀ ?

ਮੈਂ ਤੇ ਉਸ ਲੜਕੀ ਨੇ ਆਪਣੀਆਂ ਫੋਟੋਆਂ ਖਿਚਵਾਈਆਂ। ਫੇਰ ਉਹ ਲੜਕੀ ਆਪਣੇ ਰਿਸ਼ਤੇਦਾਰਾਂ ਦੇ ਘਰ ਵੱਲ ਚਲੀ ਗਈ। ਮੈਂ ਕਾਰ ਵਿਚੋਂ ਗੋਲ ਮਾਰਕਿਟ ਵਿਚ ਉੱਤਰ ਗਿਆ। ਉਥੋਂ ਮੈਂ ਥਿਰੀ ਵੀਲਰ ਲੈ ਕੇ ਪਹਾੜ ਗੰਜ ਪਹੁੰਚਿਆ। ਮੇਰਾ ਲੜਕਾ ਆਪਣੇ ਨੌਕਰੀ ਦੇ ਸਿਲਸਿਲੇ ਵਿਚ ਅਕਸਰ ਦਿੱਲੀ ਆਉਂਦਾ ਰਹਿੰਦਾ ਹੈ। ਉਸ ਨੇ ਮੈਨੂੰ ਪਹਾੜ ਗੰਜ ਦੇ ਇਕ ਹੋਟਲ "ਚੈਂਚਲ ਕੰਟੀਨੈਂਟਲ" ਬਾਰੇ ਦੱਸਿਆ ਸੀ। ਮੈਨੂੰ ਇਹ ਹੋਟਲ ਪਸੰਦ ਆ ਗਿਆ। ਇਸ ਲਈ ਰਹਿਣ ਵਾਸਤੇ ਬੁੱਕ ਕਰਵਾ ਲਿਆ। ਏਸ ਹੋਟਲ ਦੇ

ਨਜ਼ਦੀਕ ਹੀ ਗੁਰਦੇਵ ਪੰਜਾਬੀ ਰੈਸਟੋਰੈਂਟ ਹੈ, ਜਿਸ ਤੇ ਖਾਣਾ ਬਹੁਤ ਵਧੀਆਂ ਤੇ ਵਾਜਬ ਰੇਟ ਤੇ ਮਿਲਦਾ ਸੀ। ਮੈਂ ਖਾਣਾ ਇਥੇ ਖਾ ਲੈਂਦਾ ਸੀ।

16 ਤੇ 17 ਅਕਤੂਬਰ ਨੂੰ ਮੈਨੂੰ ਦਿੱਲੀ ਏਸ ਕਰਕੇ ਠਹਿਰਨਾ ਪਿਆ ਕਿਉਂ ਜੇ ਇੰਟਰਵਿਊ ਦਾ ਸਮਾਂ 18 ਅਕਤੂਬਰ ਦੀ ਸਵੇਰ ਦੇ 8 ਵਜੇ ਦਾ ਸੀ। ਜੇਕਰ ਮੈਂ 16 ਅਕਤੂਬਰ ਨੂੰ ਵਾਪਸ ਲੁਧਿਆਣੇ ਜਾਂਦਾ ਸੀ ਤਾਂ ਮੈਨੂੰ 17 ਅਕਤੂਬਰ ਦੀ ਸ਼ਾਮ ਨੂੰ ਵਾਪਸ ਆਉਣ ਪੈਣਾ ਸੀ। ਜਾਣ ਆਉਣ ਦੇ ਸਫਰ ਨਾਲੋਂ ਠਹਿਰਨਾ ਹੀ ਬਿਹਤਰ ਸੀ।

ਹੋਟਲ ਦੇ ਕਮਰੇ ਵਿਚ ਟੈਲੀਵੀਜ਼ਨ ਸੀ। ਟੈਲੀਫੂਨ ਸੀ। ਫ਼ਰਿਜ਼ ਸੀ। ਮੈਂ ਗੁਰਦੇਵ ਪੰਜਾਬੀ ਰੈਸਟੋਰੈਂਟ ਤੇ ਖਾਣਾ ਖਾਧਾ। 9 ਵਜੇ ਵਾਲੀਆਂ "ਆਜ ਤਕ" ਤੇ ਖਬਰਾਂ ਸੁਣੀਆਂ। ਫਿਰ ਸੌਂ ਗਿਆ।

17 ਅਕਤੂਬਰ ਐਤਵਾਰ ਸੀ। ਹੋਟਲ ਦੇ ਨਜ਼ਦੀਕ ਹੀ ਨਿਊ ਦਿੱਲੀ ਰੇਲਵੇ ਸਟੇਸ਼ਨ ਹੈ। ਮੈਨੂੰ ਸਾਝਰੇ ਉਠਣ ਦੀ ਆਦਿਤ ਹੈ। ਕਮਰੇ ਵਿਚ ਟਾਈਮ ਆਫ ਇੰਡੀਆ ਅਖਬਾਰ ਹੀ ਆਉਂਦਾ ਸੀ। ਮੈਂ ਸੈਰ ਕਰਦਾ ਕਰਦਾ ਸਟੇਸ਼ਨ ਤੋਂ ਪੰਜਾਬੀ ਦੇ ਅਖਬਾਰ ਲੈਣ ਲਈ ਚਲਿਆ ਗਿਆ। ਸਟੇਸ਼ਨ ਤੋਂ ਮੈਨੂੰ ਸਿਰਫ਼ "ਪੰਜਾਬੀ ਟ੍ਰਿਬਿਊਨ" ਮਿਲਿਆ, "ਅਜੀਤ" ਨਾ ਮਿਲਿਆ। ਮੈਨੂੰ ਆਪਣੀ ਲਿਖੀ ਕਿਤਾਬ "ਮੇਰੇ ਪਿੰਡ ਦੀ ਬਦਲੀ ਨੁਹਾਰ" ਦਾ 'ਅਜੀਤ ਵਿਚ ਰੀਵਿਊ ਆਉਣ ਦੀ ਆਸ ਸੀ। ਅਖਬਾਰਾਂ ਦੀ ਸਟਾਲ ਵਾਲੇ ਨੇ ਦੱਸਿਆ "ਅਜੀਤ ਤੁਹਾਨੂੰ ਕਨਾਟ ਪੈਲੇਸ ਤੋਂ ਮਿਲ ਸਕਦਾ ਹੈ।"

ਮੈਂ ਥਿਰੀ ਵੀਲਰ ਤੇ ਕਨਾਟ ਪੈਲੇਸ ਗਿਆ। ਅਜੀਤ ਅਖਬਾਰ ਲਿਆ, ਪਰ ਕਿਤਾਬ ਦਾ ਰੀਵਿਊ ਪੇਪਰ ਵਿਚ ਨਹੀਂ ਆਇਆ ਸੀ। ਮੈ ਵਾਪਸ ਹੋਟਲ ਆ ਗਿਆ। ਅਖਬਾਰ ਪੜ੍ਹੇ।

ਹੁਣ ਮੇਰੇ ਸਾਹਮਣੇ ਐਤਵਾਰ ਦੇ ਸਾਰੇ ਦਿਨ ਨੂੰ ਬਿਤਾਉਣ ਦੀ ਸਮੱਸਿਆ ਸੀ। ਮੇਰੀ ਆਦਿਤ ਬਣੀ ਹੋਈ ਹੈ ਕਿ ਮੈਂ ਵਿਹਲਾ ਨਹੀਂ ਰਹਿ ਸਕਦਾ। ਘਰ ਵੀ ਮੈਂ ਸਵੇਰੇ 4 ਵਜੇ ਉਠਦਾ ਹਾਂ। ਟੁਆਲਿਟ ਜਾ ਕੇ ਫੇਰ ਮੈਂ ਘੰਟਾ ਡੇਢ ਘੰਟਾ ਜਾਂ ਕੁਝ ਪੜ੍ਹਦਾ ਹਾਂ ਜਾਂ ਕੁਝ ਲਿਖਦਾ ਹੈ। 5.30 ਵਜੇ ਮੈਂ ਸੈਰ ਕਰਨ ਨਿਕਲ ਜਾਂਦਾ ਹਾਂ। 6.30 ਵਜੇ ਦੇ ਕਰੀਬ ਮੈਂ ਆਪਣੇ ਇਕ ਪਲਾਟ ਪਹੁੰਚਦਾ ਹਾਂ, ਜਿਥੇ ਮੈਂ ਸਬਜ਼ੀਆਂ ਉਗਾਉਣ ਲਈ ਮਾਲੀ ਰੱਖਿਆ ਹੋਇਆ ਹੈ। ਅੱਧੇ ਘੰਟੇ ਦੇ ਕਰੀਬ ਮੈਂ ਉਥੇ ਬੈਠ ਕੇ ਮਾਲੀ ਤੋਂ ਸਬਜ਼ੀਆਂ ਦੀ ਦੇਖ ਭਾਲ ਕਰਾਉਂਦਾ ਹਾਂ। 7 ਵਜੇ ਦੇ ਕਰੀਬ ਮੈਂ ਵਾਪਸ ਆਪਣੀ ਕੋਠੀ ਪਹੁੰਚਦਾ ਹਾਂ। ਮੈਂ ਆਪਣੀ ਕੋਠੀ ਦੇ ਅੰਦਰ ਤੇ ਬਾਹਰ ਫੁੱਲ ਬੂਟੇ, ਘਾਹ ਲਾਏ ਹੋਏ ਹਨ, ਜਿਨ੍ਹਾਂ ਦੀ ਦੇਖ ਭਾਲ ਮੈਂ ਕਰਦਾ ਹਾਂ। ਇਸ ਸਮੇਂ ਦੌਰਾਨ ਹੀ ਅਖਬਾਰ ਆ ਜਾਂਦੇ ਹਨ। ਫੇਰ ਅਖਬਾਰ ਪੜ੍ਹਨ ਦੀ ਡੂੱਟੀ ਲਾਉਂਦਾ ਹਾਂ। ਅਸ਼ਨਾਨ ਕਰਕੇ 9. 30. ਤੋਂ 10 ਵਜੇ ਦੇ ਦਰਮਿਆਨ ਮੈਂ ਨਾਸ਼ਤਾ ਕਰ ਲੈਂਦਾ ਹਾਂ। ਇਹ ਮੇਰਾ ਸਵੇਰ ਦਾ ਨਿਤ ਦਾ ਪ੍ਰੋਗਰਾਮ ਹੈ।

ਪੰਜਾਬੀ ਦੀਆਂ ਚੰਗੀਆਂ ਪਿਕਚਰਾਂ ਦੇਖਣ ਦੀ ਮੇਰੀ ਆਦਿਤ ਹੈ। ਇਨ੍ਹੀ ਦਿਨੀ ਗੁਰਿੰਦਰ ਚੱਡਾ ਦੀ ਬਣਾਈ ਪਿਕਚਰ "ਬੱਲੇ ਬੱਲੇ, ਅੰਮ੍ਰਿਤਸਰ ਤੋਂ ਐਲ. ਏ." ਦੀ ਚਰਚਾ ਅਖਬਾਰਾਂ ਵਿਚ ਆ ਰਹੀ ਸੀ। ਮੈਂ ਅਖਬਾਰ ਦਾ ਸਿਨਮੇ ਵਾਲਾ ਪੰਨਾ ਵੇਖਿਆ। ਇਹ ਪਿਕਚਰ ਕਈ ਸਿਨਮਾ ਹਾਲਾਂ ਵਿਚ ਲੱਗੀ ਹੋਈ ਸੀ। ਨੇੜੇ ਦਾ ਸਿਨਮਾ "ਪੀ. ਵੀ. ਆਰ.

ਨਰਾਇਣ" ਸੀ। ਨੇੜੇ ਕਾਹਦਾ ਸੀ ? 10/12 ਕਿਲੋਮੀਟਰ ਪੈਂਦਾ ਸੀ। ਪਿਕਚਰ 12.30 ਵਜੇ ਸ਼ੁਰੂ ਹੋਣੀ ਸੀ। ਮੈਂ ਅਸ਼ਨਾਨ ਕਰਕੇ ਤਿਆਰ ਹੋਇਆ। ਨਾਸ਼ਤਾ ਰੈਸਟੋਰੈਂਟ ਤੇ ਕੀਤਾ। ਥਿਰੀ ਵੀਲਰ ਲੈ ਕੇ ਸਿਨਮੇ ਹਾਲ ਪਹੁੰਚਿਆ। ਸਿਨਮੇ ਵਿਚ ਦੋ ਹਾਲ ਸਨ, ਜਿਥੇ ਇਹ ਪਿਕਚਰ ਅੰਗਰੇਜ਼ੀ ਅਤੇ ਹਿੰਦੀ ਵਿਚ ਚਲ ਰਹੀ ਸੀ। ਮੈਂ ਹਿੰਦੀ ਵਾਲੀ ਦੀ ਟਿਕਟ ਲਈ। ਪਿਕਚਰ ਵੇਖੀ। ਮੈਨੂੰ ਪਿਕਚਰ ਐਨੀ ਚੰਗੀ ਨਾ ਲੱਗੀ, ਜਿਨ੍ਹਾਂ ਏਸ ਦਾ ਚਰਚਾ ਸੀ ? ਲੋਕਲ ਬਸ ਫੜ ਕੇ ਮੈਂ ਵਾਪਸ ਹੋਟਲ ਆ ਗਿਆ। ਬਾਜ਼ਾਰ ਦੀ ਰੌਣਕ ਵੇਖੀ। ਰਾਤ ਦਾ ਖਾਣਾ ਖਾਧਾ। ਟੀ. ਵੀ ਤੋਂ ਖਬਰਾਂ ਸੁਣੀਆਂ ਤੇ ਸੌਂ ਗਿਆ।

ਇੰਟਰਵਿਊ ਦਾ ਨਾਂ ਸੁਣ ਕੇ ਹੀ ਚੰਗੇ ਭਲੇ ਵਿਅਕਤੀ ਦੀ ਦਿਲ ਦੀ ਥੜਕਨ ਤੇਜ਼ ਹੋ ਜਾਂਦੀ ਹੈ। ਇੰਟਰਵਿਊ ਤਾਂ ਅੱਜ ਕਲ ਭਾਂਤ ਭਾਂਤ ਦੀਆਂ ਹਨ। ਜੇਕਰ ਬੱਚੇ ਨੂੰ ਨਰਸਰੀ ਵਿਚ ਹੀ ਦਾਖਲ ਕਰਵਾਉਣਾ ਹੋਵੇ ਤਾਂ ਵੀ ਮਾਂ ਬਾਪ ਦੀ ਇੰਟਰਵਿਊ ਲਈ ਜਾਂਦੀ ਹੈ। ਹਰ ਕਿਸਮ ਦੇ ਕਾਲਜਾਂ ਦੇ ਦਾਖਲੇ ਸਮੇਂ ਵੀ ਇੰਟਰਵਿਊ ਹੁੰਦਾ ਹੈ। ਲੜਕੇ ਲੜਕੀ ਦੇ ਰਿਸ਼ਤੇ ਵੀ ਇੰਟਰਵਿਊ ਨਾਲ ਹੁੰਦੇ ਹਨ। ਹਰ ਰੋਜ਼ ਦੀ ਤਰ੍ਹਾਂ ਮੈਂ ਸਵੇਰੇ ਸਾਝਰੇ ਉਠਿਆ। ਨਿਤ ਕਰਮ ਤੋਂ ਵਿਹਲੇ ਹੋ ਕੇ ਤਿਆਰ ਹੋ ਕੇ ਹੋਟਲ ਤੋਂ ਪ੍ਰਾਉਠੇ ਖਾਧੇ, 7.15 ਵਜੇ ਥਿਰੀ ਵ੍ਹੀਲਰ ਲੈ ਕੇ 7.45 ਦੇ ਕਰੀਬ ਅੰਬੈਂਸੀ ਦਫਤਰ ਪਹੁੰਚ ਗਿਆ। ਮੇਰੇ ਪਹੁੰਚਣ ਤੋਂ ਪਹਿਲਾਂ ਹੀ ਬਹੁਤ ਸਾਰੇ ਸੱਜਣ ਸੱਜਣੀਆਂ, ਬੱਚੇ ਅੰਬੈਂਸੀ ਅੱਗੇ ਸੜਕ ਦੇ ਦੋਵੇਂ ਪਾਸੇ ਬਣੇ ਫੁੱਟ ਪਾਥ ਤੇ ਖੜੇ ਸਨ। ਅੰਬੈਂਸੀ ਵਲੋਂ ਬੁਲਾਏ ਗਏ ਹਰ ਵਿਅਕਤੀ ਨੂੰ ਟਾਈਮ ਦਿੱਤਾ ਹੋਇਆ ਸੀ। ਪਹਿਲਾਂ ਟਾਈਮ 8 ਵਜੇ ਦਾ ਸੀ। 8 ਵਜੇ ਅੰਬੈਂਸੀ ਦੇ ਸਟਾਫ ਨੇ 8 ਵਜੇ ਵਾਲੇ ਦਿੱਤੇ ਟਾਈਮ ਵਾਲਿਆਂ ਨੂੰ ਬਾਹਰ ਲਾਈਨ ਬਣਾਉਣ ਲਈ ਆਵਾਜ਼ ਦਿੱਤੀ। ਚਿੱਠੀਆਂ ਵੇਖ ਕੇ ਤੇ ਮੈਟਲ ਡੀਕੈਟਰ ਨਾਲ ਚੈਕ ਕਰ ਕੇ ਅੰਬੈਂਸੀ ਦੀ ਬਿਲਡਿੰਗ ਦੇ ਅੰਦਰ ਭੇਜਣ ਲੱਗੇ। ਅੰਦਰ ਫਿਰ ਇੰਟਰਵਿਊ ਵਾਲੀਆਂ ਚਿੱਠੀਆਂ ਲੈ ਲਈਆਂ। ਮੈਟਲ ਡੀਟੈਕਟਰ ਨਾਲ ਫਿਰ ਚੈਕ ਕੀਤਾ। ਸਾਮਾਨ, ਅਟੈਚੀ, ਲਫਾਫਿਆਂ ਨੂੰ ਐਕਸਰੇ ਮਸ਼ੀਨ ਰਾਹੀਂ ਲੰਘਾਇਆ। ਫੇਰ ਅਸੀਂ ਵੇਟਿੰਗ ਰੂਮ ਵਿਚ ਪਹੁੰਚ ਕੇ ਕੁਰਸੀਆਂ ਤੇ ਬੈਠ ਗਏ। ਅੰਦਰ ਇੰਟਰਵਿਊ ਲਈ ਪੱਕੇ ਤੌਰ ਤੇ ਜਾਣ ਵਾਲਿਆਂ, ਵਿਦਿਆਰਥੀਆਂ ਤੇ ਵਪਾਰਕ ਵੀਜ਼ਿਆਂ ਲਈ ਵੱਖਰੇ ਵੱਖਰੇ ਕਾਊਟਰ ਸਨ।

ਮੇਰਾ ਪੱਕੇ ਤੌਰ ਤੇ ਵੀਜ਼ਾ ਲੱਗਣਾ ਸੀ। 8 ਵਜੇ ਦੇ ਦਿੱਤੇ ਟਾਈਮ ਵਾਲਿਆਂ ਵਿਚ ਬਹੁਤੇ ਪੱਕੇ ਵੀਜ਼ੇ ਵਾਲੇ ਹੀ ਸਨ। ਜਿਹੜਾ ਕੋਈ ਇੰਟਰਵਿਊ ਦੇ ਕੇ ਆਉਂਦਾ, ਉਸ ਤੋਂ ਉਥੇ ਬੈਠੇ ਬੰਦੇ ਬੜੀ ਉਤਸੁਕਤਾ ਨਾਲ ਪੁੱਛਦੇ "ਇੰਟਰਵਿਊ ਤੇ ਕੀ ਕੀ ਪੁੱਛਿਆ ?" ਸਭ ਦਾ ਇਕੋ ਜਿਹਾ ਜਵਾਬ ਸੀ "ਤੁਹਾਨੂੰ ਅਮਰੀਕਾ ਕੌਣ ਬੁਲਾਉਂਦਾ ਹੈ ? ਤੁਹਾਡੇ ਉਸ ਨਾਲ ਕੀ ਰਿਸ਼ਤਾ ਹੈ ? ਕਾਗਜ਼, ਪਾਸਪੋਰਟ, ਮੈਡੀਕਲ ਰੀਪੋਰਟ ਦਿਓ ? ਜਾਓ, ਬੈਠ ਜਾਵੋ ? ਤੁਹਾਨੂੰ ਦੁਬਾਰਾ ਬੁਲਾਵਾਂਗੇ ?"

ਸਿਆਣੇ ਕਹਿੰਦੇ ਹਨ, ਇੰਤਜ਼ਾਰ ਦਾ ਸਮਾਂ ਬਹੁਤ ਲੰਮਾ ਲੱਗਦਾ ਹੈ ? ਮਿਲਾਪ ਦਾ ਸਮਾਂ ਛੇਤੀ ਖਤਮ ਹੋ ਜਾਂਦਾ ਹੈ। ਮੇਰੇ ਨਾਂ ਦੀ ਅਨਾਊਸਮੈਂਟ ਹੋਈ। ਮੈਂ ਇੰਟਰਵਿਊ ਖਿੜਕੀ ਤੇ ਪਹੁੰਚਿਆ। ਇੰਟਰਵਿਊ ਖਿੜਕੀ ਤੇ ਇੰਡੀਅਨ ਲੜਕੀ ਬੈਠੀ ਸੀ। ਮੈਥੋਂ ਵੀ ਪੁਛਿਆ ਗਿਆ "ਤੁਹਾਨੂੰ ਕੌਣ ਬੁਲਾਉਂਦਾ ਹੈ ?" ਮੈਂ ਦੱਸਿਆ, "ਮੇਰੀ ਲੜਕੀ ਬੁਲਾਉਂਦੀ ਹੈ।

ਲੜਕੀ ਦਾ ਨਾਂ ਦੱਸਿਆ।" ਉਸਨੇ ਅੰਬੈਂਸੀ ਦੀ ਚਿੱਠੀ ਰਾਹੀਂ ਮੰਗੇ ਦਸਤਾਵੇਜ਼ ਲਏ। ਪਾਸਪੋਰਟ ਲਿਆ। ਐਕਸਰੇ ਦੀ ਸਿਰਫ ਰੀਪੋਰਟ ਲਈ ਤੇ ਐਕਸਰੇ ਮੈਨੂੰ ਵਾਪਸ ਕਰ ਦਿੱਤਾ। ਫਿਰ ਕਿਹਾ "ਤੁਸੀਂ ਜਾ ਕੇ ਬੈਠੋ। ਤੁਹਾਨੂੰ ਦੁਬਾਰਾ ਬੁਲਾਵਾਂਗੇ।" ਮੈਂ ਵਾਪਸ ਆ ਕੇ ਵੇਟਿੰਗ ਰੂਮ ਵਿੱਚ ਬੈਠ ਗਿਆ। ਦੁਵਾਰਾ ਬੁਲਾਉਣ ਦਾ ਇੰਤਜ਼ਾਰ ਕਰਨ ਲੱਗਿਆ।

ਮੇਰੇ ਕਾਗਜ਼ ਪੱਤਰ ਲੜਕੀ ਨੇ ਲੈ ਲਏ ਸਨ। ਹੁਣ ਅਸਲ ਇੰਟਰਵਿਊ ਹੋਣਾ ਹੀ ਬਾਕੀ ਰਹਿੰਦਾ ਸੀ। ਥੋੜੇ ਚਿਰ ਪਿਛੋਂ ਮੈਨੂੰ ਦੁਬਾਰਾ ਆਵਾਜ਼ ਪੈ ਗਈ। ਹੁਣ ਮੈਨੂੰ ਇਕ ਹੋਰ ਖਿੜਕੀ ਤੇ ਬੁਲਾਇਆ ਗਿਆ ਸੀ। ਏਸ ਖਿੜਕੀ ਕੇ ਇਕ ਛੀਟਕਾ ਜਿਹਾ 30/32 ਕੁ ਸਾਲ ਦਾ ਅਮੀਰਕਨ ਮੁੰਡਾ ਬੈਠਾ ਸੀ। ਉਸ ਨੇ ਪੁੱਛਿਅ, "ਤੁਹਾਨੂੰ ਕੌਣ ਬੁਲਾ ਰਿਹਾ ਹੈ ? ਤੁਹਾਡੀ ਲੜਕੀ ਦਾ ਕੀ ਨਾਂ ਹੈ ? ਲੜਕੀ ਦੇ ਹਸਬੈਂਡ ਦਾ ਕੀ ਨਾ ਹੈ ? ਕਿੰਨੇ ਬੱਚੇ ਹਨ ? ਕਿਥੇ ਰਹਿੰਦੇ ਹਨ ?" ਮੈਂ ਸਾਰਿਆਂ ਦੇ ਜਵਾਬ ਦਿੱਤੇ। ਸਾਰੇ ਜਵਾਬ ਸੁਣ ਕੇ ਉਸ ਨੇ ਕਿਹਾ, "ਤੁਹਾਨੂੰ ਵੀਜ਼ਾ ਦਿੱਤਾ ਜਾਂਦਾ ਹੈ। ਵਧਾਈ ਹੋਵੇ।" ਮੈਨੂੰ ਉਸ ਨੇ ਹੱਥ ਉਪਰ ਉਠਾ ਕੇ ਸਾਰੀ ਸੂਚਨਾ ਸੱਚ ਹੋਣ ਬਾਰੇ ਸਹੁੰ ਚੁਕਵਾਈ। ਫੇਰ ਉਸ ਨੇ ਇਕ ਲਾਲ ਰੰਗ ਦੀ ਚਿੱਪਰ ਮੇਰੇ ਪਾਸਪੋਰਟ ਤੇ ਚਿਪਕਾਈ। ਇਕ ਮੈਨੂੰ ਬਾਹਰ ਬੈਠੇ ਸਟਾਫ ਨੂੰ ਦੇਣ ਬਾਰੇ ਦੇ ਦਿੱਤੀ। ਵੀਜ਼ਾ ਮਿਲਣ ਤੇ ਮੇਰੇ ਮਨ ਦਾ ਧੜਕੂ ਖਤਮ ਹੋ ਗਿਆ। ਮਨ ਸ਼ਾਂਤ ਹੋ ਗਿਆ। ਚਿੱਤ ਟਿਕਾਣੇ ਆ ਗਿਆ।

ਮੈਂ ਬਾਹਰ ਆ ਕੇ ਉਹ ਸਲਿਪ ਬੈਠੇ ਕਰਮਚਾਰੀਆਂ ਨੂੰ ਦਿੱਤੀ। ਉਨ੍ਹਾਂ ਨੇ ਮੈਥੋਂ ਇਕ ਬੜੇ ਸਾਰੇ ਲਫਾਫੇ ਤੇ ਮੇਰਾ ਐਡਰੈਸ ਲਿਖਵਾ ਲਿਆ। 441/-ਰੁਪੈ ਕੋਰੀਅਰ ਰਾਹੀਂ ਵੀਜ਼ਾ ਭੇਜਣ ਦੇ ਦਾਖਲ ਕਰਵਾ ਲਏ। ਮੈਨੂੰ ਕਿਹਾ, "ਜਦ ਵੀ ਅੰਦਰੋਂ ਕਾਗਜ਼ ਤਿਆਰ ਹੋ ਕੇ ਸਾਡੇ ਕੋਲ ਆ ਗਏ, ਉਸ ਪਿਛੋਂ ਅਸੀਂ ਵੱਧ ਤਾਂ ਵੱਧ ਤਿੰਨ ਦਿਨਾਂ ਵਿਚ ਤੁਹਾਨੂੰ ਵੀਜ਼ੇ ਦੇ ਕਾਗਜ਼ ਤੇ ਪਾਸ ਪੋਰਟ ਭੇਜ ਦੇਵਾਂਗੇ। ਜੇਕਰ 8/10 ਦਿਨਾਂ ਵਿਚ ਤੁਹਾਨੂੰ ਨਾ ਮਿਲਣ ਤਾਂ ਤੁਸੀਂ ਰਸੀਦ ਤੇ ਦਿੱਤੇ ਟੈਲੀਫੂਨ ਨੰਬਰ ਤੇ ਸਾਡੇ ਨਾਲ ਸੰਪਰਕ ਕਰਨਾ।"

ਮੈਂ ਅੰਬੈਂਸੀ ਤੋਂ ਬਾਹਰ ਆ ਕੇ ਲੋਕਲ ਬਸ ਫੜੀ। ਬਸ ਅੱਡੇ ਪਹੁੰਚ ਕੇ ਮੈਂ ਸਭ ਤੋਂ ਪਹਿਲਾਂ ਆਪਣੇ ਜੁਆਈ ਡਾਕਟਰ ਸੁਰਿੰਦਰ ਸਿੰਘ ਸੰਧੂ ਤੇ ਲੜਕੀ ਹਰਪ੍ਰੀਤਪਾਲ ਨੂੰ ਵੀਜ਼ਾ ਮਿਲਣ ਬਾਰੇ ਅਮਰੀਕਾ ਟੈਲੀਫੂਨ ਕੀਤਾ। ਫੇਰ ਆਪਣੇ ਲੜਕੇ ਨੂੰ ਟੈਲੀਫੂਨ ਕੀਤਾ। ਲੁਧਿਆਣੇ ਲਈ ਸਿੱਧੀ ਬੱਸ ਫੜੀ। 8 ਵਜੇ ਦੇ ਕਰੀਬ ਲੁਧਿਆਣੇ ਘਰ ਪਹੁੰਚ ਗਿਆ। ਲੁਧਿਆਣੇ ਆ ਕੇ ਮੈਂ ਆਪਣੀ ਬਠਿੰਡੇ ਵਾਲੀ, ਰੋਪੜ ਵਾਲੀ ਲੜਕੀ ਨੂੰ ਵੀਜ਼ਾ ਮਿਲਣ ਬਾਰੇ ਦੱਸਿਆ। ਸਾਰਿਆਂ ਨੇ ਖੁਸ਼ੀ ਮਨਾਈ। ਨੀਂਦ ਤਾਂ ਮੈਨੂੰ ਪਹਿਲਾਂ ਹੀ ਬਹੁਤ ਆਉਂਦੀ ਹੈ, ਪਰ ਉਸ ਦਿਨ ਮੈਂ ਕੁਝ ਜ਼ਿਆਦਾ ਹੀ ਸੁੱਤਾ।

ਮੇਰੇ ਅਮਰੀਕਾ ਵਾਲੇ ਜੁਆਈ ਦੇ ਮਾਤਾ ਪਿਤਾ ਮੋਗੇ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਦਾ ਗਾਲ ਵਲੈਂਡਰ ਦਾ ਉਪਰੇਸ਼ਨ ਹੋਇਆ ਸੀ। ਮੈਂ 20 ਅਕਤੂਬਰ ਨੂੰ ਉਨ੍ਹਾਂ ਦੀ ਖ਼ਬਰ ਲੈਣ ਲਈ ਮੋਗੇ ਗਿਆ। ਫੇਰ ਲੁਧਿਆਣੇ ਆ ਕੇ ਮੈਂ ਮੋਹਨ ਸਿੰਘ ਮੇਲਾ ਵੇਖਣ ਲਈ ਪੰਜਾਬੀ ਭਵਨ ਚਲਿਆ ਗਿਆ। ਜਦ ਸ਼ਾਮ ਨੂੰ 5 ਵਜੇ ਦੇ ਕਰੀਬ ਮੈਂ ਘਰ ਆਇਆ ਤਾਂ ਮੇਰੀ ਨੂੰਹ ਹਰਮੀਤ ਨੇ ਦੱਸਿਆ, "ਤੁਹਾਡੇ ਵੀਜ਼ੇ ਵਾਲਾ ਕੋਰੀਅਰ ਆ ਗਿਆ ਹੈ।" ਮੈਨੂੰ ਐਨੀ ਛੇਤੀ ਕੋਰੀਅਰ ਆਉਣ ਦੀ ਆਸ ਨਹੀਂ ਸੀ। ਪਰ ਕਈ ਵੇਰ ਕਈ ਕੰਮ ਆਸ ਤੋਂ

ਪਹਿਲਾਂ ਵੀ ਹੋ ਜਾਂਦੇ ਹਨ ? ਮੈਂ ਲਫਾਫਾ ਖੋਲਿਆ। ਪਾਸਪੋਰਟ ਵੇਖਿਆ। ਵੀਜ਼ਾ ਲੱਗਿਆ ਹੋਇਆ ਸੀ, ਜਿਸ ਅਨੁਸਾਰ ਮੈਂ 17 ਅਪ੍ਰੈਲ 2005 ਤੋਂ ਪਹਿਲਾਂ ਪਹਿਲਾਂ ਅਮਰੀਕਾ ਪਹੁੰਚਣਾ ਸੀ। ਨਾਲ ਹੀ ਹੋਰ ਦਸਤਾਵੇਜ਼ਾਂ ਦਾ ਇਕ ਬੰਦ ਲਫਾਫਾ ਸੀ। ਇਹ ਲਫਾਫਾ ਮੈਂ ਜਿਸ ਅਮਰੀਕਨ ਏਅਰਪੋਰਟ ਤੇ ਉਤਰਨਾ ਸੀ, ਉਸ ਸਮੇਂ ਓਸ ਏਅਰਪੋਰਟ ਵਾਲਿਆਂ ਨੂੰ ਦੇਣਾ ਸੀ।

ਮੇਰੇ ਜੁਆਈ, ਲੜਕੀ ਤੇ ਬੱਚਿਆਂ ਨੇ 12 ਦਸੰਬਰ 2004 ਨੂੰ ਪੰਜਾਬ ਆਉਣਾ ਹੈ। ਉਨ੍ਹਾਂ ਦੀ ਵਾਪਸੀ 2 ਜਨਵਰੀ 2005 ਦੀ ਹੈ। ਉਨ੍ਹਾਂ ਦੀ ਇੱਛਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਹੀ ਅਮਰੀਕਾ ਚਲਿਆ ਜਾਵਾਂ। ਮੇਰੀ ਨੂੰਹ ਨੂੰ ਜਨਵਰੀ ਵਿਚ ਬੱਚਾ ਹੋਣਾ ਹੈ। ਏਸ ਲਈ ਮੈਂ ਪਹਿਲਾਂ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਵਾਪਸੀ ਸਮੇਂ ਨਾਲ ਨਾ ਜਾਣ ਬਾਰੇ ਸੂਚਿਤ ਕਰ ਦਿੱਤਾ ਸੀ। ਹੁਣ ਮੇਰਾ ਮਾਰਚ 2005 ਦੇ ਅਖੀਰ ਵਿਚ ਅਮਰੀਕਾ ਜਾਣ ਦਾ ਵਿਚਾਰ ਹੈ।

## ਪੰਜਾਬ ਤੋਂ ਉਡਾਰੀ

ਮੇਰੀ 26 ਮਾਰਚ 2005 ਦੀ ਸਵੇਰ ਦੀ ਨਵੀਂ ਦਿੱਲੀ ਤੋਂ 7.40 ਦੀ ਕੈਂਥੀ

ਪੈਸੀਫਿਕ ਜਹਾਜ਼ ਦੀ ਸੀਟ ਬੁੱਕ ਸੀ। ਸਾਰੀ ਰਾਤ ਸਫਰ ਕਰ ਕੇ ਸਵੇਰੇ ਜਹਾਜ਼ ਚੜ੍ਹਨਾ ਤੇ ਫੇਰ 20 ਘੰਟੇ ਜਹਾਜ਼ ਦਾ ਸਫਰ ਔਖਾ ਮਹਿਸੂਸ ਕਰ ਕੇ ਮੈਂ 25 ਮਾਰਚ ਨੂੰ ਹੀ ਦਿੱਲੀ ਜਾਣ ਦਾ ਫੈਸਲਾ ਕੀਤਾ। ਸਾਮਾਨ ਮੇਰੇ ਕੋਲ ਬਹੁਤਾ ਨਹੀਂ ਸੀ। ਇਕ ਅਟੈਚੀ ਤੇ ਇਕ ਬੈਗ ਸੀ। ਇਕ ਛੋਟਾ ਬੈਗ, ਜਿਸ ਵਿਚ ਪਾਸ ਪੋਰਟ, ਟਿਕਟ,, ਹੋਰ ਨਿੱਕਾ ਮੋਟਾ ਸਫਰ ਦੌਰਾਨ ਵਰਤੋਂ ਲਈ ਸਮਾਨ ਸੀ। ਮੈਨੂੰ ਦਿੱਲੀ ਛੱਡਣ ਲਈ ਮੇਰਾ ਲੜਕਾ ਤੇ ਉਸ ਦੇ ਦੋ ਦੋਸਤ ਨਾਲ ਸਨ। ਅਸੀਂ ਕੋਈ ਤਿੰਨ ਕੁ ਵਜੇ ਸ਼ਾਮ ਦੇ ਲੁਧਿਆਣੇ ਤੋਂ ਚੱਲੇ। ਰਾਤ ਦੇ 10 ਵਜੇ ਦਿੱਲੀ ਪਹੁੰਚ ਗਏ। ਹਵਾਈ ਅੱਡੇ ਦੇ ਨਜ਼ਦੀਕ ਦੀ ਇਕ ਹੋਟਲ ਵਿਚ ਠਹਿਰ ਗਏ, ਤਾਂ ਜੋ ਸਵੇਰੇ ਹਵਾਈ ਅੱਡੇ ਪਹੁੰਚਣ ਲਈ ਜ਼ਿਆਦਾ ਸਮਾਂ ਨਾ ਲੱਗੇ। ਖਾਣਾ ਖਾ ਕੇ ਹੋਟਲ ਵਾਲਿਆਂ ਨੂੰ ਸਵੇਰੇ 4 ਵਜੇ ਜਗਾਉਣ ਲਈ ਕਹਿ ਕੇ ਸੌਂ ਗਏ। ਮਨੁੱਖੀ ਮਨ ਦੀ ਬਣਤਰ ਕੁਦਰਤ ਨੇ ਅਨੋਖੀ ਬਣਾਈ ਹੋਈ ਹੈ ਕਿ ਜਦ ਇਨਸਾਨ ਨੇ ਕਿਸੇ ਮਿਥੇ ਸਮੇਂ ਤੇ ਜਾਗਣਾ ਹੋਵੇ ਤਾਂ ਉਸ ਸਮੇਂ ਤੋਂ ਪਹਿਲਾਂ ਹੀ ਕਈ ਵੇਰ ਜਾਗ ਆ ਜਾਂਦੀ ਹੈ। ਪਹਿਲਾਂ ਮੇਰੀ ਜਾਗ ਰਾਤ ਦੇ ਇਕ ਵਜੇ ਖੁੱਲ੍ਹੀ। ਮੈਂ ਫੇਰ ਸੌਂ ਗਿਆ। ਫੇਰ ਸਾਢੇ ਕੁ ਤਿੰਨ ਵੱਜੇ ਮੇਰੀ ਅੱਖ ਖੁਲ੍ਹ ਗਈ। ਮੈਂ ਉੱਠ ਕੇ ਨਿਤ ਕਰਮ ਕੀਤਾ। ਨਾ ਧੋ ਲਿਆ। ਫੇਰ ਮੈਂ ਆਪਣੇ ਲੜਕੇ ਤੇ ਉਸ ਦੇ ਦੋਸਤਾਂ ਨੂੰ, ਜਿਹੜੇ ਦੂਸਰੇ ਕਮਰੇ ਵਿਚ ਸੁੱਤੇ ਹੋਏ ਸਨ, ਜਗਾਇਆ। ਜਹਾਜ਼ ਵਿਚ ਮਨ ਪਸੰਦ ਖਾਣਾ ਲਾ ਮਿਲਣ ਦੀ ਆਸ ਕਰ ਕੇ ਮੈਂ ਇਕ ਆਲੂ ਵਾਲੇ ਪਰਾਉਂਠੇ ਨਾਲ ਨਾਸਤਾ ਵੀ ਕਰ ਲਿਆ।

ਸਾਢੇ ਕੁ ਪੰਜ ਵੱਜੇ ਦੇ ਕਰੀਬ ਹਵਾਈ ਅੱਡੇ ਪਹੁੰਚ ਗਏ। ਆਪਣੇ ਲੜਕੇ ਤੇ ਉਸ ਦੇ ਦੋਸਤਾਂ ਨੂੰ ਪਿਆਰ ਦੇ ਕੇ ਮੈਂ ਅੰਦਰ ਚਲਿਆ ਗਿਆ। ਸਮਾਨ ਚੈਕ ਕਰਵਾਇਆ। ਟਿਕਟ ਚੈਕ ਕਰਵਾਇਆ। ਸਾਮਾਨ ਤੇ ਉਨ੍ਹਾਂ ਨੇ ਲੇਵਲ ਲਾਏ। ਜ਼ਰੂਰੀ ਫਾਰਮ ਭਰਿਆ। ਫੇਰ ਵਾਪਸ ਹਾਲ ਵਿਚ ਆ ਕੇ ਬਾਹਰ ਖੜੇ ਆਪਣੇ ਲੜਕੇ ਤੇ ਉਸ ਦੇ ਦੋਸਤਾਂ ਨੂੰ ਅੰਦਰੋਂ ਹੀ 'ਸਭ ਅੱਛਾ' ਦਾ ਸੰਕੇਤ ਦੇ ਕੇ ਬਾਏ ਬਾਏ ਕੀਤਾ। ਫੇਰ ਆ ਕੇ ਇਮੀਗ੍ਰੇਸ਼ਨ ਚੈਕ ਕਰਵਾਈ। ਸਕਿਉਰਟੀ ਚੈਕ ਕਰਵਾਈ ਤੇ ਫੇਰ ਜਹਾਜ਼ ਚੜ੍ਹਣ ਵਾਲੇ ਗੇਟ ਦੇ ਹਾਲ ਵਿਚ ਬੈਠ ਗਿਆ। ਉਥੇ ਮੇਰੇ ਤੋਂ ਪਹਿਲਾਂ ਵੀ ਬਹੁਤ ਸਾਰੇ ਮੁਸਾਫਰ ਬੈਠੇ ਸਨ। ਸਹੀ ਟਾਈਮ ਤੇ ਪਹਿਲਾਂ ਬੱਚਿਆਂ ਵਾਲਿਆਂ ਨੂੰ, ਫੇਰ ਬੁੜਿਆ ਨੂੰ ਤੇ ਅਖੀਰ ਵਿਚ ਦੂਸਰੇ ਮੁਸਾਫਰ ਜਹਾਜ਼ ਚੜ੍ਹੇ। ਥੋੜੀ ਦੇਰ ਪਿਛੋਂ ਹੀ ਜਹਾਜ਼ ਚੱਲ ਪਿਆ। ਇਹ ਜਹਾਜ਼ ਹਾਂਗਕਾਂਗ ਤੱਕ ਗਿਆ। ਹਾਂਕਕਾਂਗ ਦੇ ਹਵਾਈ ਅੱਡੇ ਤੇ ਡੇਢ ਘੰਟੇ ਦੀ ਠਹਿਰ ਸੀ। ਉਥੋਂ ਜਹਾਜ਼ ਬਦਲਿਆ ਗਿਆ। ਕੋਈ 12 ਘੰਟੇ ਦੀ ਉਡਾਣ ਪਿਛੋਂ ਜਹਾਜ ਸਾਨਫਰਾਂਸਿਸ਼ਕੋ ਹਵਾਈ ਅੱਡੇ ਤੇ ਸਹੀ ਟਾਈਮ 12.20 ਤੇ ਪਹੁੰਚ ਗਿਆ। ਜਹਾਜ਼ ਵਿਚੋਂ ਉੱਤਰ ਕੇ ਇਮੀਗ੍ਰੇਸ਼ਨ ਦੇ ਕਾਗਜ਼ ਚੈਕ ਕਰਵਾਏ। ਆਪਣਾ ਸਾਮਾਨ ਲਿਆ। ਪੰਦਰਾਂ ਕੁ ਮਿੰਟ ਵਿਚ ਵਿਹਲੇ ਹੋ ਕੇ ਹਵਾਈ ਅੱਡੇ ਤੋਂ ਬਾਹਰ ਨਿਕਲ ਆਇਆ। ਮੇਰਾ ਜੁਆਈ ਮੇਰੀ ਲੜਕੀ, ਤੇ ਬੱਚੇ ਬਾਹਰ ਮੈਨੂੰ ਲੈਣ ਲਈ ਖੜੇ ਸਨ।

# ਅਮਰੀਕਾ ਦਾ ਮੇਰਾ ਪਹਿਲਾ ਪ੍ਰਭਾਵ

26 ਮਾਰਚ ਦੀ ਸ਼ਾਮ ਨੂੰ ਮੈਂ ਸ਼ਾਨ ਫਰਾਂਸਿਸਕੋ ਦੇ ਹਵਾਈ ਅੱਡੇ ਤੋਂ ਫਰਿਜ਼ਨੋ ਨੂੰ ਆਪਣੇ ਜੁਆਈ, ਲੜਕੀ ਤੇ ਬੱਚਿਆਂ ਨਾਲ ਜਾ ਰਿਹਾ ਸੀ। ਏਸ ਸਫਰ ਵਿਚ ਮੇਰੇ ਤੇ ਅਮਰੀਕੀ ਸਿਸਟਮ ਦਾ ਪਹਿਲਾ ਪ੍ਰਭਾਵ ਰਾਮਾਇਣ ਦੀ ਕਹਾਣੀ ਦਾ ਇਕ ਜੱਟ ਵਲੋਂ ਜੱਟਕੇ ਟੋਟਕੇ ਵਿਚ ਕੀਤੇ ਵਰਨਣ ਵਾਂਗ ਪਿਆ। ਟੋਟਕਾ ਹੈ—

ਰਾਮ ਰਾਮ ਹੋਸੜਾ,
ਉਹਨੇ ਉਹਦੀ ਜ਼ੋਰੋ ਖੋਹ ਲੀ,

ਉਹਨੇ ਮਾਰਿਆ ਖੌਸੜਾ।

ਰਾਮਾਇਣ ਦੀ ਕਹਾਣੀ ਰਾਵਨ ਵਲੋਂ ਸੀਤਾ ਨੂੰ ਚੁਰਾਉਣ ਤੇ ਰਾਮ ਵਲੋਂ ਸੀਤਾ ਨੂੰ ਛੁਡਾਉਣ ਲਈ ਯੁੱਧ ਕਰਨਾ ਹੀ ਹੈ। ਇਥੇ ਅਮਰੀਕਾ ਵਿਚ ਖੌਸੜੇ ਦਾ (ਕਾਨੂੰਨ) ਬੋਲ ਬਾਲਾ ਹੋਣਾ ਹੈ।ਕੀਤੀ ਗਲਤੀ ਦੀ ਸਜ਼ਾ ਮਿਲਣੀ ਹੈ।ਕਾਨੂੰਨ ਦੀ ਉਲੰਘਣਾ ਦਾ ਭੈਅ ਹੈ। ਇਸ ਦੀ ਇਕ ਛੋਟੀ ਜਿਹੀ ਮਸਾਲ ਮੈਂ ਦਿੰਦਾ ਹਾਂ।ਸਫਰ ਵਿਚ ਜਿਥੇ ਕਿਤੇ ਵੀ ਸੜਕ ਦੇ ਚੌਰਸਤੇ ਤੇ ਸਟਾਪ ਦਾ ਨਿਸ਼ਾਨ ਆਉਂਦਾ ਸੀ, ਚੌਰਸਤੇ ਵਿਚ ਲਾਈਟਾਂ ਵੀ ਨਹੀਂ ਲੱਗੀਆਂ ਹੁੰਦੀਆਂ ਸਨ, ਉਸ ਚੌਰਸਤੇ ਤੇ ਕਾਰ ਰੋਕੀ ਜਾਂਦੀ ਸੀ।ਜਿਹੜੀ ਕਾਰ ਪਹਿਲਾਂ ਰੁੱਕਦੀ ਸੀ, ਉਹ ਪਹਿਲਾਂ ਚਲਦੀ ਸੀ। ਜਿਹੜੀ ਕਾਰ ਬਾਅਦ ਵਿਚ ਰੁਕਦੀ ਸੀ, ਉਹ ਬਾਅਦ ਵਿਚ ਚਲਦੀ ਸੀ।ਜਦ ਕਿ ਉਸ ਚੌਕ ਉਪਰ ਕੋਈ ਵੀ ਟ੍ਰੈਫਿਕ ਕੰਟਰੋਲ ਕਰਨ ਲਈ ਖੜਾ ਨਹੀਂ ਹੁੰਦਾ ਸੀ। ਜਿਥੇ ਗਲਤੀ ਕਰਨ ਵਾਲੇ ਨੂੰ, ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਮਿਲਦੀ ਹੋਵੇ, ਉਥੇ ਕਾਨੂੰਨ ਦੀ ਪਾਲਣਾ ਲੋਕ ਆਪਣੇ ਆਪ ਕਰਨ ਲੱਗ ਜਾਂਦੇ ਹਨ। ਜਿਥੇ ਗਲਤੀ ਕਰਨ ਵਾਲੇ, ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਨਾ ਮਿਲੇ, ਉਥੇ ਲਾ ਕਾਨੂੰਨੀ ਵਿਚ, ਗੁਨਾਹਾਂ ਵਿਚ, ਕੁਤਾਹੀਆਂ ਵਿਚ ਹੋਰ ਵਾਧਾ ਹੁੰਦਾ ਜਾਂਦਾ ਹੈ, ਜਿਸ ਤਰ੍ਹਾਂ ਕਿ ਮੇਰੇ ਭਾਰਤ ਦੇਸ਼ ਮਹਾਨ ਵਿਚ ਹੋ ਰਿਹਾ ਹੈ। ਇਥੇ ਤੋਪਾਂ ਵਿਚ ਦਲਾਲੀ ਖਾਣ ਵਾਲੇ, ਖਾਦ ਖਾਣ ਵਾਲੇ, ਲੋਹਾ ਖਾਣ ਵਾਲੇ, ਮੁਰਦਿਆਂ ਦੇ ਕਫਨਾ ਦੀ ਦਲਾਲੀ ਖਾਣ ਵਾਲੇ, ਡੰਗਰਾਂ ਦੇ ਚਾਰਾ ਖਾਣ ਵਾਲਿਆਂ ਤੱਕ ਨੂੰ ਕੋਈ ਸਜ਼ਾ ਨਹੀਂ ਮਿਲਦੀ। ਇਹੋ ਹੀ ਕਾਰਨ ਹੈ ਕਿ ਭਾਰਤ ਵਿਚ ਰਿਸ਼ਵਤਖੋਰੀ, ਚੋਰ ਬਾਜਾਰੀ, ਗੁਨਾਹਾਂ ਦਾ ਦਿਨੋ ਦਿਨ ਵਾਧਾ ਹੋ ਰਿਹਾ ਹੈ।ਜਿੱਥੇ ਲਾਲੂ ਪ੍ਰਸਾਦ ਨੂੰ ਚਾਰਾ ਖਾਣ ਦੇ ਦੋਸ਼ ਕਰਕੇ ਬਿਹਾਰ ਦੇ ਮੁੱਖ ਮੰਤਰੀਪੁਣੇ ਤੋਂ ਅਸਤੀਫਾ ਦੇਣਾ ਪਿਆ, ਉਥੇ ਉਹੀ ਲਾਲੂ ਪ੍ਰਸਾਦ ਸੈਂਟਰ ਦੀ ਸਰਕਾਰ ਵਿਚ ਵਜ਼ੀਰ ਬਣਿਆ ਬੈਠਾ ਹੈ। ਜਿਥੇ ਪਟਨੇ ਤੋਂ ਚੱਲ ਕੇ ਦਿੱਲੀ ਪਹੁੰਚਣ ਤੱਕ ਕਿਸੇ ਮੁੱਖ ਮੰਤਰੀ ਦਾ ਗੁਨਾਹ, ਦੋਸ਼ ਉਸ ਦੀ ਯੋਗਤਾ ਬਣ ਜਾਵੇ, ਉਸ ਦੇਸ਼ ਦਾ ਤਾਂ ਰੱਬ ਹੀ ਰਾਖਾ ਹੈ ?

# ਅਮਰੀਕਾ ਬਾਰੇ ਕੁਝ ਤੱਥ

ਅਮਰੀਕਾ ਕੁਲ ਏਰੀਏ (ਧਰਤੀ+ਪਾਣੀ) ਦੇ ਹਿਸਾਬ ਨਾਲ ਚੀਨ ਦੇ ਬਰਾਬਰ ਜਿਹੇ ਹੈ। ਪਰ ਅਮਰੀਕਾ ਦੀ ਆਬਾਦੀ ਚੀਨ ਦੀ ਆਬਾਦੀ ਦੇ ਚੌਥੇ ਹਿੱਸੇ ਨਾਲੋਂ ਵੀ ਘੱਟ ਹੈ। ਅਮਰੀਕਾ ਦੀ ਆਬਾਦੀ 30 ਕਰੋੜ ਹੈ। ਇਸ ਆਬਾਦੀ ਵਿਚ ਭਾਰਤੀਆਂ ਦੀ ਆਬਾਦੀ 32 ਲੱਖ ਦੇ ਕਰੀਬ ਹੈ, ਜਿਹੜੀ ਇਕ ਪ੍ਰਤੀਸ਼ਤ ਤੋਂ ਉਪਰ ਬਣਦੀ ਹੈ।ਅਮਰੀਕਾ ਦਾ ਕੁੱਲ ਏਰੀਆ 96 ਲੱਖ 29 ਹਜ਼ਾਰ ਵਰਗ ਕਿਲੋਮੀਟਰ ਹੈ। 52 ਸਟੇਟਾਂ ਹਨ। ਰਾਜਧਾਨੀ ਵਾਸਿੰਗਟਨ ਡੀ. ਸੀ. ਹੈ।ਅਮਰੀਕਾ ਦੀਆਂ ਸਾਰੀਆਂ ਸਟੇਟਾਂ ਵਿਚੋਂ ਟੌਹਰ ਕੈਲੀਫੋਰਨੀਆਂ

ਸਟੇਟ ਦੀ ਹੈ। ਕੈਲੀਫੋਰਨੀਆਂ ਨੂੰ ਅਮਰੀਕਾ ਦੀ ਗੋਲਡਨ ਸਟੇਟ ਕਹਿੰਦੇ ਹਨ। ਅਮਰੀਕਾ ਦੀ ਖੇਤੀ ਵਿਚ ਕੈਲੀਫੋਰਨੀਆਂ ਸਟੇਟ ਦਾ ਉਹ ਸਥਾਨ ਹੈ, ਜਿਹੜਾ ਪੰਜਾਬ ਸਟੇਟ ਦਾ ਭਾਰਤ ਵਿਚ ਹੈ। ਕੈਲੀਫੋਰਨੀਆਂ ਸਟੇਟ ਵਿਚ ਹੀ ਅਮਰੀਕਾ ਵਿਚੋਂ ਸਭ ਤੋਂ ਜ਼ਿਆਦਾ ਭਾਰਤੀ ਰਹਿੰਦੇ ਹਨ। ਭਾਰਤੀਆਂ ਵਿਚੋਂ ਬਹੁਤੇ ਜੱਟ ਸਿੱਖ ਹਨ। ਫਲਾਂ ਦੇ ਬਾਗਾਂ ਦੇ ਮਾਲਕ ਹਨ। ਦੂਜੀ ਖੇਤੀ ਬਾੜੀ ਵੀ ਕਰਦੇ ਹਨ।

ਅਮਰੀਕਾ ਦੀਆਂ ਧਰਤ ਹੱਦਾਂ ਕੈਨੇਡਾ ਤੇ ਮੈਕਸੀਕੋ ਦੇਸ਼ਾਂ ਨਾਲ ਲੱਗਦੀਆਂ ਹਨ। ਪਾਣੀ ਦੀ ਹੱਦ ਰੂਸ ਨਾਲ ਲੱਗਦੀ ਹੈ। ਭੂਮੀ ਏਰੀਏ ਦੇ ਹਿਸਾਬ ਨਾਲ ਅਮਰੀਕਾ ਦਾ ਸੰਸਾਰ ਵਿਚ ਤੀਜਾ ਸਥਾਨ ਹੈ। ਪਹਿਲੇ ਨੰਬਰ ਤੇ ਰੂਸ ਹੈ। ਦੂਜੇ ਨੰਬਰ ਤੇ ਚੀਨ ਆਉਂਦਾ ਹੈ।

ਅਮਰੀਕਾ ਵਿਚ ਪਹਿਲਾ ਭਾਰਤੀ ਸਾਲ 1790 ਵਿਚ ਆਇਆ ਸੀ। ਉਹ ਸਮੁੰਦਰੀ ਜਹਾਜ਼ ਵਿਚ ਕੰਮ ਕਰਨ ਵਾਲਾ ਇਕ ਵਰਕਰ ਸੀ। ਉਸ ਤੋਂ ਪਿਛੋਂ ਸਾਲ 1914 ਤੱਕ ਜਿਹੜੇ ਭਾਰਤੀ ਅਮਰੀਕਾ ਵਿਚ ਆਏ, ਉਨ੍ਹਾਂ ਵਿਚੋਂ ਬਹੁਤੇ ਪੰਜਾਬ ਦੇ ਜੱਟ ਸਿੱਖ ਜਿਮੀਂਦਾਰ ਸਨ। ਇਸ ਪ੍ਰਵਾਸ਼ ਦੀ ਪਰੋੜਤਾ ਸਾਡਾ ਇਹ ਲੋਕ ਗੀਤ ਕਰਦਾ ਹੈ—

ਉਠ ਗਿਆ ਮਿਰਕਨ ਨੂੰ,
ਕਣਕ ਵੇਚ ਕੇ ਸਾਰੀ।

ਪਿੰਡਾਂ ਵਿਚ ਅਮਰੀਕਾ ਨੂੰ ਉਸ ਸਮੇਂ ਮਿਰਕਨ ਕਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਪ੍ਰਵਾਸ ਉਹ ਹੀ ਜਿਮੀਂਦਾਰ ਕਰਦੇ ਸਨ, ਜਿਨ੍ਹਾਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ। ਪਹਿਲੇ ਪ੍ਰਵਾਸੀਆਂ ਵਿਚੋਂ ਬਹੁਤੇ ਕੈਲੀਫੋਰਨੀਆਂ ਸਟੇਟ ਵਿਚ ਖੇਤੀ ਵਿਚ ਤੇ ਲੱਕੜ ਮਿਲਾਂ ਵਿਚ ਕੰਮ ਕਰਨ ਲੱਗੇ। ਕੁਝ ਔਰੀਗਨ ਤੇ ਵਾਸ਼ਿੰਗਟਨ ਸਟੇਟਾਂ ਵਿਚ ਕੰਮਾਂ ਤੇ ਲੱਗ ਗਏ। ਸਾਲ 1917 ਵਿਚ ਭਾਰਤ ਤੋਂ ਪ੍ਰਵਾਸੀਆਂ ਦੇ ਆਉਣ ਤੇ ਪਾਬੰਦੀ ਲੱਗ ਗਈ, ਜਿਹੜੀ 1946 ਵਿਚ ਹਟਾਈ ਗਈ। ਅਮਰੀਕਾ ਨੇ ਸਾਲ 1950 ਵਿਚ ਪ੍ਰਵਾਸੀਆਂ ਨੂੰ ਉਨ੍ਹਾਂ ਦੀ ਵਿਦਿਅਕ ਤੇ ਕਿੱਤਿਆਂ ਦੀ ਯੋਗਤਾ ਦੇ ਆਧਾਰ ਤੇ ਆਉਣ ਦੀ ਪ੍ਰਵਾਨਗੀ ਦਿੱਤੀ। ਇਸ ਨਾਲ ਪ੍ਰਵਾਸ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। ਸਾਲ 1990 ਵਿਚ ਸ਼ਿਲਪ ਵਿਗਿਆਨ (Technology) ਵਿਚ ਆਈ ਤੇਜ਼ੀ ਕਰਕੇ ਸਾਲ 2000 ਤੱਕ ਭਾਰਤੀ ਅਮਰੀਕਾ ਵਿਚ ਵਹੀਰਾਂ ਬੰਨ੍ਹ ਕੇ ਆ ਗਏ। ਸਾਲ 2000 ਤੋਂ ਸਾਲ 2006 ਤੱਕ 4 ਲੱਖ 21 ਹਜ਼ਾਰ ਭਾਰਤੀ ਅਮਰੀਕਾ ਪਹੁੰਚ ਗਏ। ਅਮਰੀਕਾ ਵਿਚ ਆਉਣ ਵਾਲੇ ਪ੍ਰਵਾਸੀਆਂ ਵਿਚ ਭਾਰਤੀਆਂ ਦਾ ਹੁਣ ਤੀਜਾ ਨੰਬਰ ਹੈ। ਪਹਿਲੇ ਨੰਬਰ ਤੇ ਚੀਨੀ ਹਨ। ਦੂਜੇ ਨੰਬਰ ਤੇ ਫਿਲਪੀਨੋ ਹਨ। ਅਮਰੀਕਾ ਵਿਚ ਆਉਣ ਵਾਲੇ ਭਾਰੀਆਂ ਵਿਚੋਂ ਕੁਝ ਭਾਰਤੀ ਫਿੱਜ਼ੀ, ਕੀਨੀਆਂ, ਤਨਜ਼ਾਨੀਆਂ, ਯੂਗੰਡਾ, ਯੂ. ਕੇ., ਕੈਨੇਡਾ, ਜਮੀਕਾ, ਸਾਊਥ ਅਫਰੀਕਾ, ਘਾਣਾ, ਮਾਰਸ਼ਿਸ਼, ਮਲਾਇਆ ਤੇ ਸਿੰਗਾਪੁਰ ਵਿਚੋਂ ਵੀ ਆਏ ਹਨ।

ਅਮਰੀਕਾ ਵਿਚ ਸਭ ਤੋਂ ਵੱਧ ਭਾਰਤੀ (ਇੰਡੀਅਨ ਅਮਰੀਕਨ) ਕੈਲੀਫਰੋਨੀਆ ਸਟੇਟ ਵਿਚ ਰਹਿੰਦੇ ਹਨ। ਦੂਜੇ ਨੰਬਰ ਤੇ ਨਿਊਯਾਰਕ ਹੈ। ਤੀਜੇ ਨੰਬਰ ਤੇ ਨਿਊ ਜਰਸੀ ਆਉਂਦੀ ਹੈ। ਉਸ ਤੋਂ ਪਿਛੋਂ ਟੈਕਸਿਸ ਤੇ ਇਲੀਨੁਆਸ ਸਟੇਟਾਂ ਆਉਂਦੀਆਂ ਹਨ। ਬਹੁਤ ਸਾਰੇ ਭਾਰਤੀ ਪੈਨਸਿਲਵੇਨੀਆਂ, ਫਲੋਰੀਡਾ, ਮਿਸ਼ੀਗਨ, ਮੈਰੀਲੈਂਡ, ਵਰਜ਼ੀਨੀਅ, ਜੌਰਜ਼ੀਆ

ਆਦਿ ਸਟੇਟਾਂ ਵਿਚ ਵੀ ਰਹਿੰਦੇ ਹਨ। ਸ਼ਹਿਰਾਂ ਦੇ ਹਿਸਾਬ ਨਾਲ ਸਭ ਤੋਂ ਵੱਧ ਭਾਰਤੀ ਨਿਊਯਾਰਕ, ਸ਼ਾਨ ਫਰਾਂਸਿਸਕੋ, ਸਨ ਹੋਜੇ, ਓਕਲੈਂਡ, ਸਨਡੀਗੋ, ਸ਼ਿਕਾਗੋ,ਲਾਸ ਏਂਜਲਸ, ਵਾਸ਼ਿੰਗਟਨ, ਬਾਲਟੀਮੋਰ, ਫਿਲਾਡਲਫੀਆ, ਬੌਸਟਨ, ਡੀਟਰਾਊਟ, ਹੌਸਟਨ, ਡੱਲਸ, ਚਾਰਲੌਟ, ਨਾਰਥ ਕਾਰੋਲੀਨਾ, ਅਟਲਾਂਟਾ ਆਦਿ ਸ਼ਹਿਰਾਂ ਵਿਚ ਰਹਿੰਦੇ ਹਨ। ਨਿਊਜਰਸ਼ੀ ਦੇ ਐਡੀਸ਼ਨ ਕਸਬੇ ਦੀ ਕੁਲ ਆਬਾਦੀ ਵਿਚੋਂ 17µ ਪ੍ਰਤੀਸ਼ਤ ਇੰਡੀਅਨ ਅਮਰੀਕਨ ਹਨ। ਇਹ ਅਮਰੀਕਾ ਵਿਚੋਂ ਕਿਸੇ ਮਿਊਸਪਲਟੀ ਏਰੀਏ ਵਿਚ ਸਭ ਤੋਂ ਵੱਧ ਪ੍ਰਤੀਸ਼ਤ ਬਣਦੀ ਹੈ।

ਭਾਰਤੀ ਅਮਰੀਕਨ ਬਹੁਤ ਪੜ੍ਹੇ ਲਿਖੇ ਹਨ। ਇਕ ਰੀਪੋਰਟ ਅਨੁਸਾਰ ਅਮਰੀਕਾ ਵਿਚ 41 ਹਜ਼ਾਰ ਇੰਡੀਅਨ ਅਮਰੀਕਨ ਡਾਕਟਰ ਹਨ। ਇਹ ਕੁਲ ਡਾਕਟਰਾਂ ਦੀ ਗਿਣਤੀ ਦਾ 38 ਪ੍ਰਤੀਸ਼ਤ ਬਣਦੇ ਹਲ। 12 ਪ੍ਰਤੀਸ਼ਤ ਭਾਰਤੀ ਸਾਇੰਸਦਾਨ ਹਨ। ਸਾਲ 2000 ਦੀ ਜਨ ਸੰਖਿਆ ਅਨੁਸਾਰ 64 ਪ੍ਰਤੀਸ਼ਤ ਭਾਰਤੀ ਬੈਚਲਰ ਡਿਗਰੀ ਜਾਂ ਇਸ ਤੋਂ ਵੱਧ ਡਿਗਰੀ ਪ੍ਰਾਪਤ ਹਨ। ਇਨ੍ਹਾਂ ਵਿਚੋਂ 40 ਪ੍ਰਤੀਸ਼ਤ ਭਾਰਤੀਆਂ ਕੋਲ ਮਾਸਟਰ ਡਿਗਰੀ, ਡਾਕਟਰੇਟ ਦੀ ਡਿਗਰੀ ਜਾਂ ਕੋਈ ਕਿੱਤਾ ਡਿਗਰੀ ਹੈ ਜਦ ਕਿ ਅਮਰੀਕਾ ਦੀ ਨੈਸ਼ਨਲ ਔਸਤ 28 ਪ੍ਰਤੀਸ਼ਤ ਹੈ। ਇਨ੍ਹਾਂ ਭਾਰਤੀਆਂ ਵਿਚੋਂ ਬਹੁਤੇ ਪ੍ਰਬੰਧਕ ਆਸਾਮੀਆਂ ਤੇ ਕੰਮ ਕਰਦੇ ਹਨ। ਕਿੱਤਾ ਮਾਹਰ ਹਨ।

ਭਾਰਤੀ ਚੰਗੇ ਪੜ੍ਹੇ ਹੋਣ ਕਰਕੇ ਇਨ੍ਹਾਂ ਦੀ ਚੰਗੀ ਆਮਦਨ ਹੈ। ਦੋ ਲੱਖ ਭਾਰਤੀ ਤਾਂ ਮਿਲੀਅਨਏਅਰ ਹਨ। ਅਮਰੀਕਾ ਦੇ 35 ਪ੍ਰਤੀਸ਼ਤ ਹੋਟਲਾਂ ਦੇ ਮਾਲਕ ਭਾਰਤੀ ਹਨ। ਇਨ੍ਹਾਂ ਨੇ ਇੰਡੀਅਨ ਫੂਡ ਨੂੰ ਬਹੁਤ ਹਰਮਨ ਪਿਆਰੀ ਬਣਾਇਆ ਹੋਇਆ ਹੈ। 15µ ਪ੍ਰਤੀਸ਼ਤ ਸਿਲੀਕੋਨ ਵੈਲੀ ਦੀਆਂ ਕੰਪਨੀਆਂ ਦੇ ਮਾਲਕ ਭਾਰਤੀ ਹਨ। ਸਿਲੀਕੋਨ ਵੈਲੀ ਵਿਚ 33 ਪ੍ਰਤੀਸ਼ਤ ਇੰਜਨੀਅਰ ਭਾਰਤੀ ਹਨ। ਵੈਲੀ ਦੀ ਹਾਈ ਟੈਕ ਫਰਮਾਂ ਦੇ 7 ਪ੍ਰਤੀਸ਼ਤ ਚੀਫ ਐਗਜੈਕਟਿਵ ਅਫ਼ਸਰ (CEO) ਭਾਰਤੀ ਹਨ। NASA ਵਿਚ ਕੰਮ ਕਰਦੇ ਸਾਇੰਸਦਾਨਾਂ ਤੇ ਇੰਜਨੀਅਰਾਂ ਦੀ ਗਿਣਤੀ 36 ਪ੍ਰਤੀਸ਼ਤ ਹੈ। ਇਨ੍ਹਾਂ ਵਿਚ ਸਵਰਗੀ ਕਲਪਨਾ ਚਾਵਲਾ, ਸੁਨੀਤਾ ਵਿਲੀਅਮ ਤੇ ਨੋਬਲ ਇਨਾਮ ਜੇਤੂ ਸੁਬਰਾਮਨੀਅਮ ਚੰਦਰਾ ਸੇਖਰ ਤੇ ਨਰਿੰਦਰ ਸਿੰਘ ਕਾਪਾਨੀ ਦੇ ਨਾਂ ਸ਼ਾਮਲ ਹਨ। ਸਾਲ 2002 ਦੀ ਇਕ ਸਰਵੇ ਰੀਪੋਰਟ ਅਨੁਸਾਰ ਅਮਰੀਕਾ ਦੀਆਂ 2 ਲੱਖ 23 ਹਜ਼ਾਰ ਫਰਮਾਂ ਦੇ ਮਾਲਕ ਭਾਰਤੀ ਹਨ। ਇਨ੍ਹਾਂ ਫਰਮਾਂ ਵਿਚ 6 ਲੱਖ 10 ਹਜ਼ਾਰ ਵਰਕਰ ਕੰਮ ਕਰਨ ਹਨ।

ਭਾਰਤੀਆਂ ਨੇ ਅਮਰੀਕਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਵੱਡੇ ਵੱਡੇ ਸਟੋਰ ਖੋਲ੍ਹੇ ਹੋਏ ਹਨ। ਇੰਡੀਅਨ ਮਾਰਕਿਟਾਂ ਸਥਾਪਤ ਕੀਤੀਆਂ ਹੋਈਆਂ ਹਨ। ਸਿਲੀਕੋਨ ਵੈਲੀ, ਸ਼ਿਕਾਗੋ, ਨਿਊਯਾਰਕ ਸਿਟੀ, ਫਿਲਾਡਲਫੀਆ ਤੇ ਨਿਊ ਜਰਸੀ ਵਿਚ ਬੜੇ ਭਾਰਤੀ ਬਾਜ਼ਾਰ ਹਨ। ਇਸ ਤੋਂ ਬਿਨ੍ਹਾਂ ਲਾਸ ਏਂਜਲਸ, ਬਰਕਲੇ, ਹਿਊਸਟਨ, ਟੈਕਸਸ ਤੇ ਡੱਲਸ ਵਿਚ ਵੀ ਇੰਡੀਅਨ ਬਾਜ਼ਾਰ ਹਨ। ਭਾਰਤੀਆਂ ਨੇ ਬਹੁਤੀ ਆਬਾਦੀ ਵਾਲੇ ਸ਼ਹਿਰਾਂ ਵਿਚ ਆਪਣੇ ਰੇਡਿਓ ਸਟੇਸ਼ਨ ਵੀ ਸਥਾਪਤ ਕੀਤੇ ਹੋਏ ਹਨ। ਅਮਰੀਕਾ ਵਿਚ ਭਾਰਤੀ ਚੈਨਲ ਜਿਵੇਂ ਸੋਨੀ ਟੀ. ਵੀ., ਜੀ. ਟੀ. ਵੀ, ਸਟਾਰ ਪਲਸ ਤੇ ਹੋਰ ਚੈਨਲਾਂ ਦੇ ਪ੍ਰੋਗਰਾਮ ਵੀ ਆਉਂਦੇ ਹਨ। ਭਾਰਤੀਆਂ ਦੀ ਘਣੀ ਵਸੋਂ ਵਾਲੇ ਸ਼ਹਿਰਾਂ ਵਿਚ ਮੂਵੀ ਥੀਏਟਰ ਵੀ ਬਣੇ

ਹੋਏ ਹਨ, ਜਿਥੇ  ਭਾਰਤੀ ਪਿਕਚਰਾਂ ਵਿਖਾਈਆਂ ਜਾਂਦੀਆਂ ਹਨ।

ਭਾਰਤੀ ਅਮਰੀਕਨਾਂ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਜਾਤੀਆਂ ਦੇ ਲੋਕ ਹਨ। ਇਨ੍ਹਾਂ ਜਾਤੀਆਂ ਨੇ ਆਪਣੇ ਆਪਣੇ ਧਰਮ ਸਥਾਨ ਬਣਾਏ ਹੋਏ ਹਨ। ਅਮਰੀਕਾ ਵਿਚ ਸਭ ਤੋਂ ਪਹਿਲਾਂ ਧਰਮ ਸਥਾਨ ਸਿੱਖਾਂ ਨੇ ਸਾਲ 1912 ਵਿਚ ਸਟਾਕਟਨ (ਕੈਲੀਫੋਰਨੀਆਂ) ਵਿਚ ਗੁਰੂਦਵਾਰਾ ਬਣਾ ਕੇ ਸਥਾਪਤ ਕੀਤਾ ਸੀ। ਹੁਣ ਤਾਂ ਅਮਰੀਕਾ ਵਿਚ ਜਿਥੇ ਵੀ ਸਿਖ ਰਹਿੰਦੇ ਹਨ, ਗੁਰਦਵਾਰੇ ਬਣੇ ਹੋਏ ਹਨ। ਕਈ ਸ਼ਹਿਰਾਂ ਵਿਚ ਤਾਂ ਕਈ ਕਈ ਗੁਰਦੂਦਵਾਰੇ ਹਨ। ਅਮਰੀਕਾ ਵਿਚ ਹਰਭਜਨ ਸਿੰਘ ਯੋਗੀ ਨੇ ਅਮਰੀਕਨਾਂ ਨੂੰ ਸਭ ਤੋਂ ਵੱਧ ਸਿੱਖੀ ਨਾਲ ਜੋੜਿਆ ਹੈ। ਏਸੇ ਤਰ੍ਹਾਂ ਹਿੰਦੂਆਂ ਦੇ ਮੰਦਰਾਂ ਦੀ ਗਿਣਤੀ ਵੀ ਬਹੁਤ ਹੈ। ਜੈਨ ਮੰਦਰ ਹਨ। ਚਰਚ ਹਨ। ਮਸੀਤਾਂ ਹਨ। ਕਈਆਂ ਨੇ ਆਪਣੇ ਆਪਣੇ ਯੋਗਾ ਸਥਾਨ ਵੀ ਬਣਾਏ ਹੋਏ ਹਨ। ਭਾਰਤੀਆਂ ਵੱਲੋਂ ਬੋਲੀਆਂ ਜਾਂਦੀਆਂ ਵੱਖ ਵੱਖ ਭਾਸ਼ਾਵਾਂ ਦੇ ਆਧਾਰ ਤੇ ਏਥੇ ਵੱਖਰੀਆਂ ਵੱਖਰੀਆਂ ਸਭਾਵਾਂ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚ ਪੰਜਾਬੀਆਂ, ਬੰਗਾਲੀਆਂ, ਗੁਜਰਾਤ ਵਾਲਿਆਂ, ਮਹਾਰਾਸ਼ਟਰ ਵਾਲਿਆਂ, ਕੇਰਲਾ ਵਾਲਿਆਂ, ਉੜੀਸਾ ਵਾਲਿਆਂ, ਤੈਲਗੂ ਵਾਲਿਆਂ ਆਦਿ ਦੀਆਂ ਸਭਾਵਾਂ ਸ਼ਾਮਲ ਹਨ। ਇਹ ਸਭਾਵਾਂ ਆਪਣੇ ਆਪਣੇ ਤਿਉਹਾਰ, ਸਭਿਆਚਾਰਕ ਪ੍ਰੋਗਰਾਮ ਤੇ ਮੇਲੇ ਕਰਵਾਉਂਦੀਆਂ ਹਨ। ਏਥੇ ਦੀਵਾਲੀ, ਵਸਾਖੀ, ਗਨੇਸ਼ ਪੂਜਾ, ਪੌਂਗਲ ਅਤੇ ਹੋਰ ਬਹੁਤ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਹਨ।

ਭਾਰਤੀਆਂ ਨਾਲ ਏਥੇ ਨਸ਼ਲੀ ਵਿਤਕਰੇ ਹੁੰਦੇ ਰਹੇ ਹਨ। ਥੋੜੀ ਗਿਣਤੀ ਵਿਚ ਹੁਣ ਵੀ ਹੋ ਰਹੇ ਹਨ। ਨਸ਼ਲੀ ਵਿਕਤਰੇ ਹੋਣ ਦਾ ਮੁੱਖ ਕਾਰਨ ਭਾਰਤੀਆਂ ਦੀ ਵਿਦਿਅਕ ਤੇ ਕਿੱਤਾ ਯੋਗਤਾ ਜ਼ਿਆਦਾ ਹੋਣ ਕਰਕੇ ਚੰਗੀਆਂ ਨੌਕਰੀਆਂ ਤੇ ਚੰਗੇ ਕਾਰੋਬਾਰਾਂ ਤੇ ਕਾਬਜ਼ ਹੋਣਾ ਹੈ। ਸਤੰਬਰ 11 ਨੂੰ ਨਿਊਯਾਰਕ ਦੇ ਟਾਵਰਾਂ ਤੇ ਹੋਏ ਅਤਿਵਾਦੀ ਹਮਲੇ ਪਿਛੋਂ ਏਥੇ ਨਸਲੀ ਵਿਤਕਰੇ ਕਰਕੇ ਹੀ ਇਕ ਸਿੱਖ ਬਲਬੀਰ ਸਿੰਘ ਸੋਢੀ ਦੇ ਪੱਗ ਬੰਨ੍ਹੀ ਹੋਣ ਕਰਕੇ, ਉਸ ਨੂੰ ਮੁਸਲਮਾਨ ਸਮਝ ਕੇ ਕਤਲ ਕੀਤਾ ਗਿਆ ਸੀ। ਏਸੇ ਤਰ੍ਹਾਂ ਉਸ ਸਮੇਂ ਹੋਰ ਵੀ ਸਿੱਖਾਂ ਨੂੰ ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪਿਆ। ਸਾਲ 2006 ਵਿਚ ਮਿਨੀਸੋਟਾ ਦੇ ਮੰਦਰ ਦੀ ਭੰਨ ਤੋੜ ਵੀ ਨਸ਼ਲੀ ਵਿਤਕਰੇ ਦਾ ਸਿੱਟਾ ਸੀ। ਦਸੰਬਰ 2007 ਵਿਚ ਲੂਸੀਆਣਾ ਸਟੇਟ ਯੂਨੀਵਰਸਿਟੀ ਵਿਚ 2 ਭਾਰਤੀ ਪੀ. ਐਚ. ਡੀ. ਵਿਦਿਆਰਥੀਆਂ ਨੂੰ ਨਸਲੀ ਕਾਰਨਾਂ ਕਰਕੇ ਮਾਰ ਦਿੱਤਾ ਸੀ। ਏਸੇ ਤਰ੍ਹਾਂ ਹੀ ਜਨਵਰੀ 2008 ਵਿਚ ਡਿਊਕ ਯੂਨੀਵਰਸਿਟੀ  ਦੇ ਇਕ ਭਾਰਤੀ ਅਮਰੀਕਨ ਵਿਦਿਆਰਥੀ ਨੂੰ ਨਸਲੀ ਵਿਤਕਰੇ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਅਮਰੀਕਾ ਵਿਚ ਸਿੱਖਾਂ ਦੀ ਕਾਫੀ ਗਿਣਤੀ ਹੈ। ਸਭ ਤੋਂ ਜ਼ਿਆਦਾ ਸਿੱਖ ਕੈਲੀਫੋਰਨੀਆਂ ਸਟੇਟ ਵਿਚ ਰਹਿੰਦੇ ਹਨ। ਅਮਰੀਕਾ ਵਿਚੋਂ ਸਭ ਤੋਂ ਜ਼ਿਆਦਾ ਸਿੱਖਾਂ ਦੀ ਵਸੋਂ ਯੂਬਾ ਸਿਟੀ ਵਿਚ ਹੈ। ਸੈਕਰਾਮੈਨਟੋ ਏਰੀਏ, ਸ਼ਾਨ ਫਰਾਂਸ਼ਿਸ਼ਕੋ, ਬੇਅ ਏਰੀਏ ਵਿਚ ਬਹੁਤੇ ਸਿੱਖ ਰਹਿੰਦੇ ਹਨ। ਰਿਚਮੰਡ ਹਿੱਲ, ਕਵੀਨਜ਼, ਨਿਊਯਾਰਕ, ਐਸਪਾਨੋਲਾ, ਨਿਊ ਮੈਕਸੀਕੋ, ਸ਼ਿਕਾਗੋ, ਸਿਆਟਲ, ਵਾਸ਼ਿੰਗਟਨ, ਡੀਟਰਾਓਟ ਤੇ ਔਰੀਗਨ ਵਿਚ ਵੀ ਕਾਫੀ ਸਿੱਖ ਰਹਿੰਦੇ ਹਨ। ਗੁਰੂਦਵਾਰਾ ਵੀ ਸਭ ਤੋਂ ਪਹਿਲਾਂ ਕੈਲੀਫੋਰਨੀਆਂ ਸਟੇਟ ਦੇ ਸ਼ਹਿਰ

ਸਟਾਕਟਨ ਵਿਚ ਬਣਾਇਆ ਗਿਆ ਸੀ। ਇਹ ਗੁਰੂਦਵਾਰਾ ਭਾਈ ਜੁਆਲਾ ਸਿੰਘ ਤੇ ਬਸਾਖਾ ਸਿੰਘ ਦੇ ਉਦਮ ਸਦਕੇ ਬਣਿਆ ਸੀ।

ਪਹਿਲਾਂ ਆਏ ਸਿੱਖਾਂ ਨੇ ਖੇਤ ਮਜ਼ਦੂਰੀ ਦਾ ਕੰਮ ਕੀਤਾ। ਹੌਲੀ ਹੌਲੀ ਇਨ੍ਹਾਂ ਵਿਚੋਂ ਬਹੁਤ ਸਾਰੇ ਜ਼ਮੀਨਾਂ ਦੇ ਮਾਲਕ ਬਣ ਗਏ। ਹੁਣ ਕੈਲੀਫੋਰਨੀਆਂ ਵਿਚ ਕਈ ਸਿੱਖਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ। ਇਨ੍ਹਾਂ ਵਿਚ ਚਰਨਜੀਤ ਸਿੰਘ ਬਾਠ, ਦੀਦਾਰ ਸਿੰਘ ਬੈਂਸ ਤੇ ਹੋਰ ਬਹੁਤ ਸਾਰੇ ਸਿੱਖ ਆਉਂਦੇ ਹਨ। ਸਿੱਖਾਂ ਦੇ ਵੱਡੇ ਵੱਡੇ ਫਲਾਂ ਦੇ ਬਾਗ ਹਨ। ਭਗਤ ਸਿੰਘ ਥਿੰਦ ਪਹਿਲੇ ਭਾਰਤੀ ਸਿੱਖ ਸਨ ਜਿਹੜੇ 1918 ਵਿਚ ਅਮਰੀਕਨ ਆਰਮੀ ਵਿਚ ਭਰਤੀ ਹੋਏ। ਦਲੀਪ ਸਿੰਘ ਸੌਂਦ ਪਹਿਲੇ ਭਾਰਤੀ ਸਿੱਖ ਸਨ ਜਿਹੜੇ ਸਾਲ 1956 ਵਿਚ ਅਮਰੀਕਾ ਦੀ ਲੋਕ ਸਭਾ ਲਈ ਚੁਣੇ ਗਏ। ਬਹੁਤ ਸਾਰੇ ਸਿੱਖ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਡੀਨ ਹਨ। ਹੈਡ ਆਫ ਡੀਪਾਰਟਮੈਂਟ ਹਨ। ਡਾਕਟਰ ਹਨ। ਮੈਡੀਕਲ ਸਪੈਸ਼ਲਿਸਟ ਹਨ। ਪ੍ਰੋਫੈਸਰ ਹਨ। ਇੰਜੀਨਅਰ ਹਨ। ਇੰਜਨੀਅਰਗਿੰ ਫਰਮਾਂ ਦੇ ਮੈਨੇਜ਼ਰ ਹਨ। ਪ੍ਰਸ਼ਾਸ਼ਨਿਕ ਅਧਿਕਾਰੀ ਹਨ। ਡਾਕਟਰ ਨਰਿੰਦਰ ਸਿੰਘ ਕਾਪਾਨੀ ਨੂੰ "Father of Fiber of optics" ਕਿਹਾ ਜਾਂਦਾ ਹੈ। ਰਖੜਾ ਪਰਿਵਾਰ ਸੈਕੜੇ ਪਟਰੌਲ ਪੰਪਾਂ ਦਾ ਮਾਲਕ ਹੈ। ਏਸੇ ਤਰ੍ਹਾਂ ਹੋਰ ਬਹੁਤ ਸਾਰੇ ਸਿੱਖ ਹਨ, ਜਿਨ੍ਹਾਂ ਨੇ ਅਮਰੀਕਾ ਦੇ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ।

ਹਰਗੋਬਿੰਦ ਖੁਰਾਣਾ, ਅੰਮ੍ਰਿਤਾ ਸੇਨ ਤੇ ਸੁਬਰਾਮਨੀਅਨ ਚੰਦਰਾ ਸੇਖਰ ਨੋਬਲ ਇਨਾਮ ਜੇਤੂ ਭਾਰਤੀ ਅਮਰੀਕਨ ਹਨ। ਡਾਕਟਰ ਜੁਆਏ ਚੈਰੀਅਨ ਪਹਿਲੇ ਭਾਰਤੀ ਅਮਰੀਕਨ ਸਨ, ਜਿਨ੍ਹਾਂ ਨੂੰ ਸਾਲ 1987 ਵਿਚ ਅਮਰੀਕਾ ਦਾ "Equal Employment opportunity commission (EEOC) ਦਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਪ੍ਰੋਫੈਸਰ Clyampudi Radha Krishna ਸੰਸਾਰ ਪੱਧਰ ਦੇ ਅੰਕੜਾ ਵਿਗਿਆਨੀ ਹਨ। ਉਨ੍ਹਾਂ ਨੂੰ "ਨੈਸ਼ਨਲ ਮੈਡਲ ਆਫ ਸਾਇੰਸ" ਪ੍ਰਦਾਨ ਕਰਕੇ ਸਨਮਾਨਿਆ ਗਿਆ ਹੈ। ਮੋਹਨੀ ਭਾਰਦਵਾਜ ਅਮਰੀਕਾ ਦੇ ਪਹਿਲੇ ਭਾਰਤੀ ਉਲੰਪਿਕ ਮੈਡਲਿਸਟ ਹਨ। ਬੌਬੀ ਜਿੰਦਲ ਪਹਿਲੇ ਭਾਰਤੀ ਹਨ, ਜਿਹੜੇ ਲੂਸੀਆਣਾ ਸਟੇਟ ਦੇ ਗਵਰਨਰ ਚੁਣੇ ਗਏ ਹਨ। ਇਸ ਤੋਂ ਬਿਨਾਂ ਹੋਰ ਅਨੇਕਾਂ ਭਾਰਤੀ ਅਮਰੀਕਨ ਹਨ ਜਿਨ੍ਹਾਂ ਨੇ ਅਮਰੀਕਾ ਦੇ ਵਿਦਿਅਕ, ਸਾਇੰਸ, ਮੈਡੀਸ਼ਨ, ਆਰਟ, ਵਪਾਰ, ਇੰਡਸਟਰੀ, ਸਾਹਿਤ, ਸੰਚਾਰ, ਸਿਆਸਤ, ਧਾਰਮਿਕ ਤੇ ਖੇਡਾਂ ਦੇ ਖੇਤਰਾਂ ਵਿਚ ਬਹੁਤ ਹੀ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹੋਈਆਂ ਹਨ। ਜੇਕਰ ਮੈਂ ਸਾਰਿਆਂ ਦੇ ਨਾਂ ਲਿਖਣ ਲੱਗਾਂ ਤਾਂ ਕਈ ਵਰਕੇ ਭਰ ਜਾਣਗੇ। ਹੁਣ ਬਹੁਤ ਸਾਰੀਆਂ ਸਟੇਟਾਂ ਵਿਚ ਭਾਰਤੀ ਅਮਰੀਕਨ ਐਮ. ਐਲ. ਏ. ਬਣੇ ਹੋਏ ਹਨ। ਸ਼ਹਿਰਾਂ ਦੇ ਮੇਅਰ ਹਨ। ਗੱਲ ਕੀ, ਭਾਰਤੀ ਅਮਰੀਕਨਾਂ ਨੇ ਹਰ ਪਾਸੇ ਧੁੰਮਾਂ ਪਾਈਆਂ ਹੋਈਆਂ ਹਨ।

# ਫਰਿਜ਼ਨੋ ਸ਼ਹਿਰ

ਮੇਰਾ ਜੁਆਈ, ਮੇਰੀ ਲੜਕੀ ਤੇ ਬੱਚੇ ਫਰਿਜ਼ਨੋ ਸ਼ਹਿਰ ਵਿਚ ਰਹਿੰਦੇ ਹਨ। ਇਥੇ ਜ਼ਿਆਦਾ ਵਸੋਂ ਸ਼ਹਿਰਾਂ ਵਿਚ ਹੀ ਰਹਿੰਦੀ ਹੈ ਕਿਉਂ ਜੋ ਸ਼ਹਿਰ ਵਿਚ ਸਾਰੀਆਂ ਸਹੂਲਤਾਂ ਮਿਲਦੀਆਂ ਹਨ। ਏਸੇ ਕਰ ਕੇ ਤਾਂ ਸਿਆਣੇ ਕਹਿੰਦੇ ਹਨ—

ਵਸੀਏ ਸ਼ਹਿਰ, ਭਾਵੇਂ ਹੋਵੇ ਕਹਿਰ।
ਖਾਈਏ ਕਣਕ, ਚਾਹੇ ਹੋਵੇ ਜ਼ਹਿਰ।

ਫਰਿਜ਼ਨੋ ਕੈਲੀਫੋਰਨੀਆਂ ਸਟੇਟ ਦੀ ਇਕ ਕਾਊਂਟੀਂ ਵੀ ਹੈ। ਜ਼ਿਲ੍ਹੇ ਨੂੰ ਇਥੇ ਕਾਊਂਟੀ ਕਹਿੰਦੇ ਹਨ। ਫਰਿਜ਼ਨੋ ਕਾਊਂਟੀਂ ਕੈਲੀਫੋਰਨੀਆਂ ਦੀ ਕੇਂਦਰੀ ਵੈਲੀ ਵਿਚ ਸਥਿਤ ਹੈ। ਕੈਲੀਫੋਰਨੀਆਂ ਸਟੇਟ ਨੂੰ ਗੋਲਡਨ ਸਟੇਟ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਦੁਨੀਆਂ

ਦੇ ਹਰ ਖਿੱਤੇ ਦੇ ਲੋਕ ਤੁਹਾਨੂੰ ਮਿਲਣਗੇ। ਕੈਲੀਫੋਰਨੀਆਂ ਦੇ ਅਮਰੀਕੀ ਦਰਿਆਂ ਵਿਚੋਂ ਜਦ ਸੋਨੇ ਦੀਆਂ ਖਾਣਾਂ ਮਿਲੀਆਂ ਤਾਂ ਸਭ ਤੋਂ ਜ਼ਿਆਦਾ ਤਰੱਕੀ ਕੈਲੀਫੋਰਨੀਆਂ ਦੇ ਸ਼ਹਿਰ ਸ਼ਾਨ ਫਰਾਸਿਸ਼ਕੋ ਸ਼ਹਿਰ ਨੇ ਕੀਤੀ। ਇਹ ਬੜੀ ਬੰਦਰਗਾਹ ਬਣ ਗਿਆ। ਸਾਰੇ ਯਾਤਰੀ ਏਸ ਬੰਦਰਗਾਹ ਰਾਹੀਂ ਆਉਂਦੇ ਸਨ।ਸਭ ਤੋਂ ਪਹਿਲਾਂ ਪੰਜਾਬੀ ਵੀ ਸ਼ਾਨ ਫਰਾਸਿਸ਼ਕੋ ਵਿਚ ਹੀ ਆਏ ਸਨ। ਗਦਰ ਪਾਰਟੀ ਦੀ ਨੀਂਹ ਵੀ ਏਸੇ ਸ਼ਹਿਰ ਵਿਚ ਰੱਖੀ ਗਈ ਸੀ।

ਕੈਲੀਫੋਰਨੀਆਂ ਸਟੇਟ ਅੱਜ ਤੋਂ ਕੋਈ 150 ਸਾਲ ਪਹਿਲਾਂ ਅਮਰੀਕਾ ਦੀ 31 ਵੀ ਸਟੇਟ ਬਣੀ ਸੀ। ਅਮਰੀਕਨ ਆਮ ਤੌਰ ਤੇ, ਤੇ ਕੈਲੀਫੋਰਨੀਆਂ ਸਟੇਟ ਦੇ ਵਾਸੀਆਂ ਵਿਚ ਵਿਸ਼ੇਸ਼ ਤੌਰ ਤੇ ਸੁਪਨੇ ਲੈਣ ਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਕੁਝ ਜ਼ਿਆਦਾ ਹੀ ਸ਼ਕਤੀ ਹੈ, ਜਿਵੇਂ ਪੰਜਾਬੀ ਸੂਬੇ ਦੇ ਵਾਸੀਆਂ ਪੰਜਾਬੀ ਲੋਕਾਂ ਵਿਚ ਹੈ। ਕੈਲੀਫੋਰਨੀਆਂ ਦੀ ਧਰਤੀ ਨੂੰ ਸਪੇਨੀਆਂ ਨੇ ਲੱਭਿਆ ਸੀ। ਫਰਿਜ਼ਨੋ ਨਾਂ ਵੀ ਸਪੇਨੀ ਭਾਸ਼ਾ ਵਿਚ ਇਕ ਦਰੱਖਤ ਦਾ ਨਾਂ ਹੈ, ਜਿਸ ਤੇ ਫਰਿਜ਼ਨੋ ਸ਼ਹਿਰ ਦਾ ਨਾਂ ਰੱਖਿਆ ਗਿਆ। ਇਹ ਦਰੱਖਤ ਇਥੋਂ ਦੇ ਦਰਿਆਂ ਦੇ ਕੰਢਿਆਂ ਤੇ ਬਹੁਤ ਹੀ ਹੁੰਦੇ ਸਨ। ਸਾਲ 1882-83 ਵਿਚ ਫਰਿਜ਼ਨੋ ਵਿਚ ਲੱਗੀਆਂ ਅੱਗਾਂ ਨੇ ਬਹੁਤ ਤਬਾਹੀ ਕੀਤੀ ਸੀ। ਹੜ੍ਹ ਵੀ ਫਰਿਜ਼ਨੋ ਵਿਚ ਬਹੁਤ ਤਬਾਹੀ ਕਰਦੇ ਰਹੇ ਹਨ। ਇਹ ਪਹਿਲਾਂ ਇਕ ਮਾਰੂਥਲ ਹੁੰਦਾ ਸੀ। ਅੱਜ ਫਰਿਜ਼ਨੋ ਕਾਊਂਟੀ ਹੀ ਅਮਰੀਕਾ ਦੀ ਇਕ ਅਜੇਹੀ ਕਾਊਂਟੀ ਹੈ, ਜਿਥੇ ਤਿੰਨ ਨੈਸ਼ਨਲ ਪਾਰਕ ਹੈ। ਅੱਜ ਇਸ ਨੇ ਹਰ ਪਾਸੇ ਤਰੱਕੀ ਦੀਆਂ ਮੰਜ਼ਲਾਂ ਛੋਹੀਆਂ ਹੋਈਆਂ ਹਨ। ਕਣਕ ਦਾ ਬਾਦਸ਼ਾਹ ਕਰਕੇ ਜਾਣਿਆ ਜਾਂਦਾ "ਅੱਕਾ" ਵੀ ਫਰਿਜ਼ਨੋ ਕਾਊਂਟੀ ਦਾ ਵਸਨੀਕ ਸੀ। ਫਰਿਜ਼ਨੋ ਕਾਊਂਟੀ ਦਾ ਅੱਜ ਅਮਰੀਕਾ ਦੀ ਖੇਤੀ ਬਾੜੀ ਦੀ ਪੈਦਾਵਾਰ ਵਿਚ ਇਕ ਅਹਿਮ ਥਾਂ ਹੈ। ਇਥੇ ਕੋਈ 200 ਕਿਸਮ ਦੀਆਂ ਵਪਾਰਕ ਫਸਲਾਂ ਪੈਦਾ ਹੁੰਦੀਆਂ ਹਨ। ਬਹੁਤ ਸਾਰੇ ਪੰਜਾਬੀ ਇਥੇ ਖੇਤੀ ਬਾੜੀ ਦੇ ਬਾਂਗਾਂ ਦੇ ਧੰਦੇ ਵਿਚ ਲੱਗੇ ਹੋਏ ਹਨ। ਅੰਗੂਰਾਂ ਦੀ ਖੇਤੀ ਦਾ ਬਾਦਸ਼ਾਹ ਕਰਕੇ ਜਾਣਿਆ ਜਾਂਦਾ "ਬਾਠ" ਪਰਿਵਾਰ ਵੀ ਫਰਿਜ਼ਨੋ ਕਾਊਂਟੀ ਦਾ ਵਸਨੀਕ ਹੈ। ਫਰਿਜ਼ਨੋ ਕਾਊਂਟੀ ਨੂੰ ਸਾਰੇ ਸੰਸਾਰ ਵਿਚ "ਫਲਾਂ ਦੀ ਟੋਕਰੀ" ਕਰ ਕੇ ਜਾਣਿਆ ਜਾਂਦਾ ਹੈ।

ਕੋਈ 30 ਤੋਂ ਉਪਰ ਫਰਿਜ਼ਨੋ ਦੀਆਂ ਥਾਵਾਂ ਦੀ ਅਮਰੀਕਾ ਵਿਚ ਇਤਹਾਸਿਕ ਮਹੱਤਤਾ ਹੈ, ਜਿਨ੍ਹਾਂ ਵਿਚ ਫਰਿਜ਼ਨੋ ਵਾਟਰ ਟਾਵਰ, ਮਿਊਕਸ ਹੋਮ ਤੇ ਕੇਰਨੀ ਮੈਨਸੁਨ ਮਿਊਜੀਅਮ ਆਦਿ ਹਨ।ਸਾਲ 2000 ਦੀ ਜਨ ਸੰਖਿਆ ਅਨੁਸਾਰ ਫਰਿਜ਼ਨੋ ਦੀ ਆਬਾਦੀ 8 ਲੱਖ ਦੇ ਕਰੀਬ ਸੀ। ਇਸ ਆਬਾਦੀ ਵਿਚ 54 ਪ੍ਰਤੀਸ਼ਤ ਆਬਾਦੀ ਗੋਰਿਆਂ ਦੀ ਸੀ। ਬਾਕੀ 46 ਪ੍ਰਤੀਸ਼ਤ ਆਬਾਦੀ ਬਾਕੀ ਕੌਮਾਂ ਦੀ ਸੀ। ਇਥੇ ਦੁਨੀਆਂ ਦੇ ਹਰ ਭਾਗ ਵਿਚੋਂ ਲੋਕ ਰੁਜ਼ਗਾਰ ਦੀ ਭਾਲ ਵਿਚ ਆਏ ਹੋਏ ਹਨ। ਜੇਕਰ ਤੁਸੀਂ ਇਨ੍ਹਾਂ ਲੋਕਾਂ ਨੂੰ ਵੇਖਣਾ ਹੋਵੇ ਤਾਂ ਇਹ ਤੁਹਾਨੂੰ ਸਿਰਫ ਬੜੇ ਸਟੋਰਾਂ ਵਿਚ ਖਰੀਦਦਾਰੀ ਕਰਦੇ ਹੀ ਮਿਲਣ ਗੇ। ਉਂਜ ਇਥੇ ਤੁਹਾਨੂੰ ਕੋਈ ਹੀ ਬੰਦਾ ਸੜਕਾਂ ਤੇ ਤੁਰਦਾ ਨਹੀਂ ਮਿਲੇਗਾ। ਇਥੇ ਘਰੋਂ ਬਾਹਰ ਨਿਕਲ ਕੇ ਜਾਂ ਤੁਹਾਨੂੰ ਸੜਕਾਂ ਮਿਲਦੀਆਂ ਹਨ। ਜਾਂ ਸੜਕਾਂ ਤੇ ਚਲਦੀਆਂ ਕਾਰਾਂ ਮਿਲਦੀਆਂ ਹਨ। ਇਥੋਂ ਦੀ ਬਹੁ-ਭਾਂਤੀ ਵਸੋਂ ਨੂੰ ਵੇਖ ਕੇ ਮੈਨੂੰ ਇਕ ਹਿੰਦੀ ਦਾ ਮੁਹਾਵਰਾ ਯਾਦ ਆ ਗਿਆ। ਲਓ, ਤੁਸੀਂ ਵੀ ਸੁਣੋਂ—

ਕਹੀਂ ਕੀ ਈਂਟ, ਕਹੀਂ ਕਾ ਰੋੜਾ।

ਭਾਨਮਤੀ ਨੇ ਕੁੰਨਬਾ ਜੋੜਾ।

ਫਰਿਜ਼ਨੋ ਨੂੰ ਮੈਂ ਆਪਣਾ ਚੌਥਾ ਘਰ ਕਹਿੰਦਾ ਹਾਂ। ਤੁਸੀਂ ਚੌਥੇ ਘਰ ਦੀ ਸੰਘਿਆ ਪੜ੍ਹ ਕੇ ਹੈਰਾਨੀ ਨਾਲ ਸੋਚਦੇ ਹੋਵੋਗੇ ਕਿ ਹਰ ਬੰਦੇ ਦਾ ਘਰ ਤਾਂ ਇਕ ਹੀ ਹੁੰਦਾ ਹੈ ? ਫੇਰ ਫਰਿਜ਼ਨੋ ਨੂੰ ਮੈਂ ਆਪਣਾ ਚੌਥਾ ਘਰ ਕਿਉਂ ਕਹਿੰਦਾ ਹਾਂ ? ਲਓ ! ਮੈਂ ਤੁਹਾਨੂੰ ਘਰਾਂ ਦੀ ਗੁੰਝਲ ਖੋਲ੍ਹਣ ਲੱਗਿਆਂ ਹਾਂ। ਮੇਰਾ ਪਹਿਲਾ ਘਰ ਮੇਰੇ ਪਿੰਡ ਸੰਦੌੜ, ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਚ ਹੈ। ਮੈਂ ਸੰਦੌੜ ਵਿਚ ਜੰਮਿਆ, ਬਚਪਨ ਹੰਢਾਇਆ। ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਸੰਦੌੜ, ਜਿਹੜਾ ਹੁਣ ਸੀਨੀਅਰ ਸੈਕੰਡਰੀ ਸਕੂਲ ਹੈ, ਵਿਚੋਂ ਕੀਤੀ ਹੈ। ਬੀ. ਏ. ਮੈਂ ਸਰਕਾਰੀ ਕਾਲਜ ਮਾਲੇਰਕੋਟਲੇ ਤੋਂ ਕੀਤੀ ਹੈ। ਹੁਣ ਤਾਂ ਮੇਰੇ ਪਿੰਡ ਸੰਦੌੜ ਵਿਚ ਹੀ ਸਾਲ 1972 ਤੋਂ ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ ਚੱਲ ਰਿਹਾ ਹੈ। ਮੇਰਾ ਜੱਦੀ ਘਰ, ਜੱਦੀ ਜ਼ਮੀਨ ਜਾਇਦਾਦ ਪਿੰਡ ਸੰਦੌੜ ਵਿਚ ਹੈ। ਕੋਈ ਮੁੱਢਲੇ 25 ਸਾਲ ਮੈਂ ਆਪਣੇ ਪਿੰਡ ਵਿਚ ਬਿਤਾਏ ਹਨ।

ਉਨ੍ਹਾਂ ਸਮਿਆਂ ਵਿਚ ਨੌਕਰੀਆਂ ਜ਼ਿਆਦਾ ਸਨ। ਪੜ੍ਹੇ ਲਿਖੇ ਘੱਟ ਮਿਲਦੇ ਸਨ। ਬੀ. ਏ. ਕਰਨ ਤੋਂ ਬਾਅਦ ਮੈਂ ਕਈ ਨੌਕਰੀਆਂ ਵਿਚੋਂ ਦੀ ਹੁੰਦਾ ਹੋਇਆ ਅਪ੍ਰੈਲ 1965 ਵਿਚ ਰਾਮ ਪੁਰਾਫੂਲ, ਜ਼ਿਲ੍ਹਾ ਬਠਿੰਡਾ ਵਿਚ ਕੋਆਪ੍ਰੇਟਿਵ ਮਹਿਕਮੇ ਵਿਚ ਇਨਸਪੈਕਟਰ ਲੱਗ ਗਿਆ। ਥੋੜੇ ਸਮੇਂ ਪਿਛੋਂ ਮੈਂ ਆਪਣਾ ਘਰ ਰਾਮਪੁਰਾ ਫੂਲ ਵਿਚ ਬਣਾ ਲਿਆ। ਮੇਰੇ ਦੋ ਬੱਚਿਆਂ ਦਾ ਜਨਮ ਵੀ ਰਾਮ ਪੁਰਾ ਫੂਲ ਵਿਚ ਹੋਇਆ ਹੈ। ਮੇਰੇ ਚਾਰੇ ਬੱਚਿਆਂ ਨੇ ਬਹੁਤੀ ਪੜ੍ਹਾਈ ਰਾਮਪੁਰਾ ਫੂਲ ਤੋਂ ਹੀ ਕੀਤੀ ਹੈ। ਏਸ ਤਰ੍ਹਾਂ ਰਾਮਪੁਰਾ ਫੂਲ ਮੇਰਾ ਦੂਜਾ ਘਰ ਸੀ, ਜਿਸ ਬਾਰੇ ਮੈਂ ਆਪਣੀ ਸਵੈ-ਜੀਵਨੀ "ਯਾਦਾਂ ਦਾ ਸੰਸਾਰ" ਵਿਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਰਾਮਪੁਰਾ ਫੂਲ ਮੈਂ ਕੋਈ 23 ਸਾਲ ਦੇ ਕਰੀਬ ਰਿਹਾ। ਸਾਲ 1988 ਵਿਚ ਮੈਂ ਇਹ ਘਰ ਵੇਚ ਦਿੱਤਾ।

ਜਦ ਬੱਚੇ ਬੜੇ ਹੋ ਗਏ ਤਾਂ ਉਨ੍ਹਾਂ ਦੀ ਉਚੇਰੀ ਪੜ੍ਹਾਈ ਨੂੰ ਮੁੱਖ ਰੱਖ ਕੇ ਮੈਂ ਆਪਣੀ ਕੋਠੀ 1988 ਦੇ ਅਖੀਰ ਵਿਚ ਲੁਧਿਆਣੇ ਬਣਾ ਲਈ। ਮੇਰੀ ਬਦਲੀ ਵੀ ਬਤੌਰ ਅਸਿਸਟੈਂਟ ਰਜਿਸਟਰਾਰ ਕੋਆਪ੍ਰੇਟਿਵ ਸੋਸਾਈਟੀਜ਼ ਲੁਧਿਆਣੇ ਦੀ ਹੋ ਗਈ। ਹੁਣ ਸਾਲ 1988 ਤੋਂ ਮੈਂ ਲੁਧਿਆਣੇ ਰਹਿ ਰਿਹਾ ਹਾਂ। ਏਸ ਤਰ੍ਹਾਂ ਲੁਧਿਆਣਾ ਮੇਰਾ ਤੀਜਾ ਘਰ ਹੈ।

ਮੇਰੀ ਲੜਕੀ ਹਰਪ੍ਰਿਤਾਲ ਫਰਿਜ਼ਨੋ ਵਿਚ ਰਹਿੰਦੀ ਹੈ। ਹੁਣ ਮੈਂ ਸਾਲ 2005 ਤੋਂ ਬਤੌਰ ਇਮੀਗ੍ਰਾਂਟ ਫਰਿਜ਼ਨੋ ਵੀ ਆ ਜਾਂਦਾ ਹਾਂ ਤੇ ਲੁਧਿਆਣੇ ਵੀ ਜਾਂਦਾ ਰਹਿੰਦਾ ਹਾਂ। ਏਸ ਤਰ੍ਹਾਂ ਫਰਿਜ਼ਨੋ ਮੇਰਾ ਚੌਥਾ ਘਰ ਬਣ ਗਿਆ ਹੈ।

ਫੋਸਟਰ ਫਾਰਮਜ਼ ਡੇਅਰੀ, ਪੋਲਟਰੀ, ਕਰਾਫਟ ਫੂਡਜ਼, ਵਾਈਨਰੀ, ਪੈਪਸੀ ਬੌਟਲਿੰਗ ਗਰੁੱਪ, ਪੈਲਕੋ, ਗੌਟਸਚਾਕਸ ਡੀਪਾਰਟਮੈਂਟਲ ਸਟੋਰਜ਼, ਨੈਸ਼ਨਲ ਰੋਸ਼ਨ ਕੰਪਨੀ, ਹੈਰਸ ਰੈਂਚ ਚੀਫ ਕੰਪਨੀ ਆਦਿ ਫਰਿਜ਼ਨੋ ਦੇ ਮਸ਼ਹੂਰ ਵਪਾਰਕ ਅਦਾਰੇ ਹਨ। ਫਰਿਜ਼ਨੋ ਯੂਨੀਵਰਸਿਟੀ ਹੈ। ਹਵਾਈ ਅੱਡਾ ਹੈ। ਫਰਿਜ਼ਨੋ ਵਿਚ ਪੰਜਾਬੀਆਂ ਦੀ ਵੀ ਬਹੁਤ ਗਿਣਤੀ ਹੈ। ਸੌ ਤੋਂ ਉਪਰ ਤਾਂ ਡਾਕਟਰ ਹੀ ਹਨ। ਪੰਜ ਗੁਰੂਦਵਾਰੇ ਤਾਂ ਚਲਦੇ ਹਨ, ਪਰ ਰਜਿਸਟਰਡ ਗੁਰੂਦਵਾਰਿਆਂ ਦੀ ਗਿਣਤੀ 36 ਦੇ ਕਰੀਬ ਦੱਸੀ ਜਾਂਦੀ ਹੈ। ਚਲਦੇ ਗੁਰੂਦਵਾਰਿਆਂ ਵਿਚ ਹਰ ਐਤਵਾਰ ਨੂੰ ਸ਼ਰਧਾਲੂ ਪੂਰੀ ਗਿਣਤੀ ਵਿਚ ਹਾਜ਼ਰੀ ਭਰਦੇ ਹਨ। ਸਾਰੇ ਗੁਰਪੁਰਬਾਂ

ਤੇ ਪੂਰਾ ’ਕੱਠ ਹੁੰਦਾ ਹੈ।

# ਡਕੋਟਾ ਗੁਰੂਦਵਾਰੇ ਵਿਚ ਇਕ ਦਿਨ

ਮੈਨੂੰ ਫਰਿਜ਼ਨੋ ਸ਼ਹਿਰ ਆਏ ਨੂੰ 15 ਦਿਨ ਹੋਏ ਹਨ। ਇਥੇ ਹਿੰਦੁਸਤਾਨੀਆਂ ਕੋਲ ਦੋ ਕਿਸਮ ਦੇ ਮੁੱਖ ਰੁਜਗਾਰ ਹਨ। ਇਕ ਖੇਤੀ ਕਰਨ ਤੇ ਖੇਤੀ ਤੇ ਆਧਾਰਿਤ ਕੰਮ, ਦੂਜਾ ਡਾਕਟਰੀ ਦਾ ਹੈ। 100 ਤੋਂ ਉਪਰ ਇਥੇ ਹਿੰਦੁਸਤਾਨੀ ਡਾਕਟਰ ਹਨ, ਜਿਨ੍ਹਾਂ ਵਿਚੋਂ 60 ਤੋਂ ਉਪਰ ਪੰਜਾਬੀ ਹਨ। ਕੁਝ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ। ਕੁਝ ਨੌਕਰੀ ਕਰਦੇ ਹਨ। ਮੇਰਾ ਜੁਆਈ ਪ੍ਰਾਈਵੇਟ ਪ੍ਰੈਕਟਿਸ ਕਰਦਾ ਹੈ।

ਕੁਝ ਭਾਰਤੀਆਂ ਕੋਲ ਟਰਾਂਸਪੋਰਟ, ਪਟਰੋਲ ਪੰਪ ਵੀ ਹਨ। ਇੰਡਸਟਰੀ ਵਿਚ ਵੀ ਕੰਮ ਕਰਦੇ ਹਨ। ਇਥੇ ਲੋਕੀ ਕੰਮ ਵੇਲੇ ਦੱਬ ਕੇ ਕੰਮ ਕਰਦੇ ਹਨ। ਅਰਾਮ ਵੇਲੇ ਪੂਰਾ ਅਰਾਮ ਕਰਦੇ ਹਨ। ਇਥੇ ਜਾਣ ਆਉਣ ਦਾ ਇਕੋ ਇਕ ਸਾਧਨ ਆਪਣੀਆਂ ਗੱਡੀਆਂ ਹਨ। ਹਰ ਪਰਿਵਾਰ ਕੋਲ ਔਸਤਨ ਦੋ ਗੱਡੀਆਂ ਹਨ। ਇਥੇ ਪੈਰ ਪੈਰ ਤੇ ਖੁੱਲ੍ਹੀਆਂ ਸੜਕਾਂ ਹਨ। ਇਨ੍ਹਾਂ ਸੜਕਾਂ ਤੇ ਗੱਡੀਆਂ ਹੀ ਗੱਡੀਆਂ ਨਜ਼ਰ ਆਉਂਦੀਆਂ ਹਨ। ਮੈਂ ਕਿਸੇ ਵੀ ਇਸਤਰੀ ਪੁਰਸ਼ ਨੂੰ ਪੈਦਲ ਚੱਲ ਕੇ ਆਪਣੇ ਕੰਮ ਤੇ ਜਾਂਦਾ ਨਹੀਂ ਵੇਖਿਆ। ਜਦੋਂ ਸਵੇਰੇ

ਸੈਰ ਕਰਨ ਜਾਂਦਾ ਹਾਂ, ਉਸ ਸਮੇਂ ਇਕ ਅੱਧਾ ਆਦਮੀ, ਜ਼ਨਾਨੀ ਸੈਰ ਕਰਦੀ ਜ਼ਰੂਰ ਮਿਲ ਜਾਂਦੀ ਹੈ। ਇਥੇ ਲੋਕੀਂ ਜਾਂ ਘਰਾਂ ਵਿਚ ਹੁੰਦੇ ਹਨ ਜਾਂ ਗੱਡੀਆਂ ਵਿਚ ਹੁੰਦੇ ਹਨ ਜਾਂ ਕੰਮ ਕਰਨ ਵਾਲੀ ਥਾਂ ਵਿਚ ਹੁੰਦੇ ਹਨ ਜਾਂ ਫੇਰ ਸਟੋਰਾਂ ਵਿਚ ਮਿਲਦੇ ਹਨ। ਪਬਲਿਕ ਟ੍ਰਾਂਸਪੋਰਟ ਇਥੇ ਬਹੁਤ ਘੱਟ ਹੈ।

ਫਰਿਜ਼ਨੋ ਵਿਚ 5 ਗੁਰੂਦਵਾਰੇ ਹਨ। ਜਿਸ ਗੁਰੂਦਵਾਰੇ ਦੀ ਗੱਲ ਮੈਂ ਕਰਨ ਜਾ ਰਿਹਾ ਹਾਂ, ਇਸ ਨੂੰ ਡਾਕਟਰਾਂ ਦਾ ਗੁਰੂਦਵਾਰਾ ਕਹਿੰਦੇ ਹਨ। ਇਹ ਡਕੋਟਾ ਸਟਰੀਟ ਤੇ ਪੈਂਦਾ ਹੈ। ਏਸੇ ਕਰਕੇ ਏਸ ਨੂੰ ਡਕੋਟਾ ਗੁਰੂਦਵਾਰਾ ਕਹਿੰਦੇ ਹਨ। ਇਥੇ ਗੁਰੂਦਵਾਰੇ ਵਿਚ ਹਰ ਸ਼ੁਕਰਵਾਰ ਦੀ ਸ਼ਾਮ, ਸਨਿਚਰਵਾਰ ਤੇ ਐਤਵਾਰ ਨੂੰ ਕੋਈ ਨਾ ਕੋਈ ਫੰਕਸ਼ਨ ਹੁੰਦਾ ਹੀ ਰਹਿੰਦਾ ਹੈ। ਗੁਰੂਦਵਾਰੇ ਹੀ ਇਥੇ ਕਮਿਊਨਿਟੀ ਸੈਂਟਰ ਦਾ ਕੰਮ ਦਿੰਦੇ ਹਨ। ਗੁਰੂਦਵਾਰੇ ਵਿਚ ਆਮ ਤੌਰ ਤੇ ਇਕ ਡਾਲਰ ਦਾ ਮੱਥਾ ਟੇਕਿਆ ਜਾਂਦਾ ਹੈ। ਇਕ ਡਾਲਰ ਹੀ ਕੀਰਤਨ ਕਰਨ ਵਾਲੇ ਰਾਗੀਆਂ ਨੂੰ ਦਿੱਤਾ ਜਾਂਦਾ ਹੈ।

ਏਥੇ ਸ਼ਨਿਚਰਵਾਰ ਤੇ ਐਤਵਾਰ ਨੂੰ ਛੁੱਟੀ ਹੁੰਦੀ ਹੈ। ਸਕੂਲਾਂ ਵਿਚ ਵੀ ਸਨਿਚਰਵਾਰ ਤੇ ਐਤਵਾਰ ਦੀ ਛੁੱਟੀ ਹੁੰਦੀ ਹੈ। ਗੁਰੂਦਵਾਰੇ ਵਿਚ ਐਤਵਾਰ ਨੂੰ ਬੱਚਿਆਂ ਦਾ ਪੰਜਾਬੀ ਸਕੂਲ ਹੁੰਦਾ ਹੈ, ਜਿਸ ਵਿਚ 100 ਤੋਂ ਉਪਰ ਪੰਜਾਬੀ ਬੱਚੇ ਹਨ। ਇਨ੍ਹਾਂ ਬੱਚਿਆਂ ਨੂੰ ਕਲਾਸਾਂ ਵਿਚ ਪਹਿਲਾਂ ਜਪੁਜੀ ਸਾਹਿਬ, ਫੇਰ ਪੰਜਾਬੀ ਜ਼ਬਾਨ, ਫੇਰ ਧਾਰਮਿਕ ਸਿੱਖਿਆ ਤੇ ਉਸ ਤੋਂ ਬਾਅਦ ਸ਼ਬਦ ਕੀਰਤਨ ਸਿਖਾਇਆ ਜਾਂਦਾ ਹੈ। ਇਨ੍ਹਾਂ ਕਲਾਸਾਂ ਨੂੰ ਕੋਈ 15 ਤੋਂ ਉਪਰ ਟੀਚਰ ਬਗੈਰ ਤਨਖਾਹ ਲਏ ਪੜ੍ਹਾਉਂਦੇ ਹਨ। ਗੁਰੂਦਵਾਰੇ ਦਾ ਗਰੰਥੀ ਇਨ੍ਹਾਂ ਬੱਚਿਆਂ ਨੂੰ ਹਾਰਮੋਨੀਅਮ, ਤਪਲਾ ਤੇ ਸ਼ਬਦ ਪੜ੍ਹਣਾ ਸਿਖਾਉਂਦਾ ਹੈ। ਗੁਰੂਦਵਾਰੇ ਦੇ ਪੰਜਾਬੀ ਸਕੂਲ ਵਲੋਂ ਸਾਲ ਵਿਚ ਇਕ ਵੇਰ ਵਸਾਖੀ ਦੇ ਨੇੜੇ ਕਲਚਰਲ ਪ੍ਰੋਗਰਾਮ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਵਿਚ ਪੰਜਾਬੀ ਸਕੂਲ ਵਿਚ ਪੜ੍ਹਦੇ ਹਰ ਬੱਚੇ ਨੂੰ ਭਾਗ ਲੈਣਾ ਜ਼ਰੂਰੀ ਹੁੰਦਾ ਹੈ। ਏਸ ਕਲਚਰਲ ਪ੍ਰੋਗਰਾਮ ਵਿਚ ਭੰਗੜਾ, ਗਿੱਧਾ, ਗੀਤਾਂ ਤੇ ਕੋਰਿਉਗਰਾਫੀ ਕੀਤੀ ਜਾਂਦੀ ਹੈ।

ਗੁਰੂਦਵਾਰੇ ਵਿਚ ਹੀ ਲੰਗਰ ਤਿਆਰ ਕੀਤਾ ਜਾਂਦਾ ਹੈ। ਜਿਸ ਪਰਿਵਾਰ ਨੇ ਲੰਗਰ ਕਰਨਾ ਹੁੰਦਾ ਹੈ, ਉਸ ਪਰਿਵਾਰ ਦੇ ਮਿੱਤਰ ਤੇ ਸਬੰਧੀ ਆਮ ਤੌਰ ਤੇ ਲੰਗਰ ਕਰਨ ਵਾਲੇ ਦਿਨ ਤੋਂ ਪਹਿਲੀ ਸ਼ਾਮ ਨੂੰ ਲੰਗਰ ਲਈ ਸਬਜ਼ੀਆਂ, ਦਾਲਾਂ ਤਿਆਰ ਕਰਨ ਲਈ ਮਸਾਲੇ ਭੁੰਨ ਲੈਂਦੀਆਂ ਹਨ। ਸਬਜ਼ੀਆਂ ਕੱਟ ਲੈਂਦੀਆਂ ਹਨ। ਹੋਰ ਜ਼ਰੂਰੀ ਤਿਆਰੀ ਕਰ ਲੈਂਦੀਆਂ ਹਨ। ਲੰਗਰ ਕਰਨ ਵਾਲੇ ਦਿਨ ਸਵੇਰੇ ਸਾਝਰੇ ਆ ਕੇ ਸਬਜ਼ੀਆਂ, ਦਾਲਾਂ, ਰਾਇਤਾ, ਦਹੀਂ, ਸਲਾਦ, ਮਿੱਠੀਆਂ ਚੀਜ਼ਾਂ, ਫੁੱਲਕੇ ਤਿਆਰ ਕਰਦੀਆਂ ਹਨ। ਗੁਰਦਵਾਰੇ ਵਿਚ ਪਹਿਲਾਂ ਗਿਆਨੀ ਜੀ ਕੀਰਤਨ ਕਰਦੇ ਹਨ। ਫੇਰ ਪੰਜਾਬੀ ਸਕੂਲ ਦੇ ਬੱਚੇ ਦੋ ਸ਼ਬਦ ਪੜ੍ਹਦੇ ਹਨ। ਬੱਚੇ ਹੀ ਅਨੰਦ ਸਾਹਿਬ ਦਾ ਪਾਠ ਕਰਦੇ ਹਨ। ਬੱਚਿਆਂ ਵੱਲੋਂ ਸ਼ਬਦ ਪੜ੍ਹਾਉਣਾ, ਆਨੰਦ ਸਾਹਿਬ ਦਾ ਪਾਠ ਕਰਾਉਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸੰਗਤ ਸਨਮੁਖ ਪੇਸ਼ ਕਰਕੇ ਉਨ੍ਹਾਂ ਵਿਚੋਂ ਝਿਜਕ ਨੂੰ ਦੂਰ ਕਰਨਾ ਹੈ।

ਭੋਗ ਪੈਣ ਦੀ ਸਮਾਪਤੀ ਤੋਂ ਬਾਅਦ ਲੰਗਰ ਵਰਤਾਇਆ ਜਾਂਦਾ ਹੈ। ਤਿਆਰ ਕੀਤਾ ਹੋਇਆ ਲੰਗਰ ਵਰਾਂਡੇ ਵਿਚ ਮੇਜ਼ ਉਪਰ ਸਜਾਇਆ ਹੁੰਦਾ ਹੈ। ਏਸ ਲੰਗਰ ਨੂੰ

ਲੰਗਰ ਕਰਨ ਵਾਲੇ ਪਰਿਵਾਰ ਦੇ ਮੈਂਬਰ, ਉਨ੍ਹਾਂ ਦੇ ਦੋਸਤ ਤੇ ਸਨੇਹੀ ਵਰਤਾਉਂਦੇ ਹਨ। ਲੰਗਰ ਪ੍ਰਾਪਤ ਕਰਨ ਲਈ ਸਭ ਲਾਈਨ ਵਿਚ ਲੱਗਦੇ ਹਨ। ਬੀਬੀਆਂ ਦੀ ਲਾਈਨ ਵੱਖਰੀ ਲੱਗਦੀ ਹੈ। ਕੋਈ ਵੀ ਲੱਗੀ ਲਾਈਨ ਵਿਚ ਘੁਸਪੈਠ ਨਹੀਂ ਕਰਦਾ। ਇਕ ਪਾਸੇ ਰੱਖੀਆਂ ਡਿਸ਼ਪੋਜ਼ੇਵਲ ਪਲੇਟਸ, ਗਲਾਸ, ਚਮਚੇ ਲੈ ਕੇ ਸੇਵਾਦਾਰਾਂ ਤੋਂ ਲੰਗਰ ਪ੍ਰਾਪਤ ਕੀਤਾ ਜਾਂਦਾ ਹੈ। ਲੰਗਰ ਖਾਣ ਲਈ ਬਾਹਰ ਦਰਖ਼ਤਾਂ ਹੇਠ ਤੇ ਖੁਲ੍ਹੇ ਮੈਦਾਨ ਵਿਚ ਸਕੂਲਾਂ ਦੇ ਡੈਸਕਾਂ ਦੀ ਤਰ੍ਹਾਂ ਡੈਸਕ ਰੱਖੇ ਹੋਏ ਹਨ। ਇਨ੍ਹਾਂ ਤੇ ਬੈਠ ਕੇ ਲੋਕੀਂ ਲੰਗਰ ਛੱਕਦੇ ਹਨ। ਲੰਗਰ ਛੱਕਣ ਤੋਂ ਬਾਅਦ ਪਲੇਟਾਂ, ਗਲਾਸ ਤੇ ਚਮਚੇ ਬਾਹਰ ਪਏ ਬੜੇ ਡਰੰਮਾਂ ਵਿਚ ਸੁੱਟੀ ਜਾਂਦੇ ਹਨ। ਲੰਗਰ ਦੀ ਸਮਾਪਤੀ ਦੁਪਹਿਰ ਤੋਂ ਬਾਅਦ ਹੁੰਦੀ ਹੈ। ਪਰਿਵਾਰ ਦੇ ਜਿਹੜੇ ਮੈਂਬਰ ਗੁਰੂਦਵਾਰੇ ਨਹੀਂ ਆ ਸਕੇ, ਉਨ੍ਹਾਂ ਲਈ ਲੋੜ ਅਨੁਸਾਰ ਲੰਗਰ ਲਫਾਫਿਆਂ ਵਿਚ ਪਾ ਕੇ ਪਰਿਵਾਰ ਵਾਲੇ ਨਾਲ ਲੈ ਆਉਂਦੇ ਹਨ। ਫੇਰ ਲੋਕੀਂ ਆਪਣੇ ਮਿੱਤਰਾਂ, ਸਬੰਧੀਆਂ ਤੋਂ ਵਿਦਾ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ।

ਇਹ ਸੀ ਡਕੋਟੇ ਗੁਰੂਦਵਾਰੇ ਵਿਚ ਬਤਾਇਆ ਮੇਰਾ ਇਕ ਦਿਨ।

# ਕਾਰ ਐਂਡ ਟਰੱਕ ਰੈਂਨਟਲ ਕੰਪਨੀਜ਼

ਇਥੇ ਆਉਣ ਜਾਣ ਦਾ ਮੁੱਖ ਸਾਧਨ ਕਾਰਾਂ ਹਨ। ਹਰ ਘਰ ਵਿਚ ਇਕ ਕਾਰ ਤਾਂ ਹੁੰਦੀ ਹੀ ਹੈ, ਪਰ ਕਈਆਂ ਕੋਲ ਇਕ ਤੋਂ ਵੱਧ ਕਾਰਾਂ ਹਨ। ਪਬਲਿਕ ਟਰਾਂਸਪੋਰਟ ਇਥੇ ਫਰਿਜ਼ਨੋ ਵਿਚ ਜ਼ਿਆਦਾ ਨਹੀਂ ਹੈ। ਇਥੇ ਬਹੁਤ ਸਾਰੇ ਕਾਰੋਬਾਰ, ਧੰਦੇ ਪੰਜਾਬ ਨਾਲੋਂ ਵੱਖਰੀ ਤਰ੍ਹਾਂ ਕੀਤੇ ਜਾਂਦੇ ਹਨ। ਇਨ੍ਹਾਂ ਧੰਦਿਆਂ ਵਿਚ ਇਕ ਧੰਦਾ ਕਾਰਾਂ ਅਤੇ ਟਰੱਕਾਂ ਨੂੰ ਕਰਾਏ ਲੈਣ ਬਾਰੇ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ। ਪੰਜਾਬ ਵਿਚ ਕਰਾਏ ਤੇ ਲਈ ਕਾਰ (ਟੈਕਸੀ), ਟਰੱਕ ਨੂੰ ਡਰਾਈਵਰ ਚਲਾਉਂਦਾ ਹੈ। ਜਦ ਤੁਸੀਂ ਮਿਥੇ ਸਟੇਸ਼ਨ ਤੇ ਪਹੁੰਚ ਜਾਂਦੇ ਹੋ, ਜੇਕਰ ਤੁਹਾਨੂੰ ਕਾਰ, ਟਰੱਕ ਦੀ ਵਾਪਸੀ ਲਈ ਲੋੜ ਨਾ ਹੋਵੇ ਤਾਂ ਤੁਸੀਂ ਡਰਾਈਵਰ ਨੂੰ ਕਰਾਇਆ ਦੇ ਕੇ ਵਾਪਸ ਭੇਜ ਦਿੰਦੇ ਹੋ। ਏਥੇ ਏਸ ਤਰ੍ਹਾਂ ਡਰਾਈਵਰਾਂ ਸਮੇਤ ਕਾਰਾਂ, ਟਰੱਕ ਕਰਾਏ ਤੇ ਜ਼ਰੂਰ ਮਿਲ ਜਾਂਦੇ ਹਨ, ਪਰ ਇਹ ਬਹੁਤ ਮਹਿੰਗੇ ਪੈਂਦੇ ਹਨ। ਏਸ ਕਰਕੇ ਲੋਕੀਂ ਇਨ੍ਹਾਂ ਨੂੰ ਘੱਟ ਹੀ ਕਰਾਏ ਤੇ ਲੈਂਦੇ ਹਨ। ਥੋੜੀ ਦੂਰ ਤੱਕ ਜਾਣਾ ਹੋਵੇ ਤਾਂ ਬੇਸ਼ੱਕ ਇਨ੍ਹਾਂ ਨੂੰ ਕਰਾਏ ਤੇ ਲੈ ਜਾਣ।

ਇਥੇ ਕਾਰਾਂ, ਟਰੱਕ ਬਿਨਾਂ ਡਰਾਈਵਰਾਂ ਤੋਂ ਕਰਾਏ ਤੇ ਦੇਣ ਲਈ ਕੰਪਨੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਨੂੰ ਕਾਰ ਐਂਡ ਟਰੱਕ ਰੈਂਨਟਲ ਕੰਪਨੀਜ਼ ਕਿਹਾ ਜਾਂਦਾ ਹੈ। ਇਨ੍ਹਾਂ ਕੰਪਨੀਆਂ ਦੀਆਂ ਬਰਾਂਚਾਂ ਹਰ ਛੋਟੇ ਵੱਡੇ ਸ਼ਹਿਰਾਂ ਵਿਚ ਹਨ। ਇਨ੍ਹਾਂ ਬਰਾਂਚਾਂ ਵਿਚ ਕਾਰਾਂ ਟਰੱਕ ਰੱਖੇ ਹੁੰਦੇ ਹਨ। ਇਨ੍ਹਾਂ ਕੰਪਨੀਆਂ ਵਿਚੋਂ ਕਈ ਕੰਪਨੀਆਂ ਦੀਆਂ ਬਰਾਂਚਾਂ ਤਾਂ ਯੂਰਪ ਤੱਕ ਫੈਲੀਆਂ ਹੋਈਆਂ ਹਨ। ਇਥੇ ਬਹੁਤੇ ਕੰਮ ਟੈਲੀਫੂਨਾਂ ਤੇ ਹੁੰਦੇ ਹਨ। ਚਾਹੇ ਇਹ ਕੰਮ ਸਰਕਾਰੀ ਦਫਤਰਾਂ ਦੇ ਹੋਣ। ਚਾਹੇ ਪ੍ਰਾਈਵੇਟ ਦਫਤਰਾਂ ਦੇ ਹੋਣ। ਚਾਹੇ ਪ੍ਰਾਈਵੇਟ ਕੰਪਨੀਆਂ ਦੇ ਹੋਣ। ਕਾਰਨ ਇਹ ਹੈ ਕਿ ਜੇਕਰ ਇਥੇ ਮਿਥੇ ਸਮੇਂ ਅੰਦਰ ਕੰਮ ਨਾ ਹੋਵੇ ਤਾਂ ਕੰਮ ਕਰਨ ਵਾਲੇ ਦਫਤਰ, ਕੰਪਨੀ, ਕਮਰਚਾਰੀ ਨੂੰ ਜਵਾਬ ਦੇਹ ਹੋਣਾ ਪੈਂਦਾ ਹੈ। ਜੇਕਰ ਕੰਮ ਨਾ ਕਰਨ ਵਿਚ ਕੁਤਾਹੀ ਕੀਤੀ ਸਿੱਧ ਹੋ ਜਾਵੇ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ। ਇਥੇ ਕਾਨੂੰਨ ਦਾ ਰਾਜ਼ ਹੈ। ਸਾਡੇ ਭਾਰਤ ਦੇਸ਼ ਮਹਾਨ ਵਾਂਗ ਜੰਗਲ ਰਾਜ ਨਹੀਂ ਹੈ?

ਜਿਸ ਕਿਸੇ ਨੂੰ ਕਾਰ, ਟਰੱਕ ਦੀ ਲੋੜ ਹੁੰਦੀ ਹੈ, ਉਹ ਟੈਲੀਫੂਨ ਤੇ ਬੁੱਕ ਕਰਵਾ ਦਿੰਦੇ ਹਨ। ਮਿਥੀ ਤਾਰੀਖ ਤੇ ਜਾ ਕੇ ਕੰਪਨੀ ਵਿਚੋਂ ਕਾਰ, ਟਰੱਕ ਲੈ ਆਉਂਦੇ ਹਨ। ਲੋੜ ਅਨੁਸਾਰ ਪਟਰੋਲ/ਡੀਜ਼ਲ ਪਾ ਕੇ ਜਿਸ ਥਾਂ ਜਾਣਾ ਹੋਵੇ, ਚਲੇ ਜਾਂਦੇ ਹਨ। ਜੇਕਰ ਵਾਪਸੀ ਲਈ ਕਾਰ, ਟਰੱਕ ਦੀ ਲੋੜ ਨਾ ਹੋਵੇ ਤਾਂ ਕਾਰ, ਟਰੱਕ ਨੂੰ ਉਸ ਕੰਪਨੀ ਦੀ ਬਣੀ ਉਸ ਸ਼ਹਿਰ ਦੀ ਬਰਾਂਚ ਵਿਚ ਜਮਾਂ ਕਰਵਾ ਦਿੰਦੇ ਹਨ। ਜੇਕਰ ਵਾਪਸੀ ਲਈ ਕਾਰ, ਟਰੱਕ ਦੀ ਲੋੜ ਹੋਵੇ ਤਾਂ ਹੀ ਰੱਖਣੇ ਹਨ। ਇਥੇ ਆਮ ਤੌਰ ਤੇ ਇਨ੍ਹਾਂ ਟਰੱਕਾਂ ਨੂੰ ਜਦ ਕਿਸੇ ਨੇ ਘਰ ਬਦਲਣਾ ਹੋਵੇ, ਦੂਜੇ ਸ਼ਹਿਰ ਜਾਂ ਦੂਜੀਆਂ ਸਟੇਟਾਂ ਵਿਚ ਬਦਲੀ ਹੋ ਜਾਵੇ ਤਾਂ ਇਹ ਟਰੱਕ ਘਰੇਲੂ ਸਾਮਾਨ ਲੈ ਕੇ ਜਾਣ ਲਈ ਕਰਾਏ ਤੇ ਲਏ ਜਾਂਦੇ ਹਨ। ਟਰੱਕ ਵਿਚ ਆਪ ਬੈਠ ਜਾਂਦੇ ਹਨ। ਸਾਮਾਨ ਲੱਦ ਲੈਂਦੇ ਹਨ। ਜੇਕਰ ਕਾਰ ਨਾਲ ਲੈ ਕੇ ਜਾਣੀ ਹੋਵੇ ਤਾਂ ਟਰੱਕ ਦੇ ਮਗਰ ਟਰੌਲੀ ਹੁੰਦੀ ਹੈ, ਉਸ ਤੇ ਕਾਰ ਨੂੰ ਚੜ੍ਹਾ ਲੈਂਦੇ ਹਨ। ਚਲਾ ਕੇ ਨਿਯਤ ਸਥਾਨ ਤੇ ਲੈ ਜਾਂਦੇ ਹਨ। ਇਨ੍ਹਾਂ ਟਰੱਕਾਂ ਦੀ ਵਰਤੋਂ ਲੋਕਲ ਗਰਾਸਰੀ ਪਹੁੰਚਾਉਣ ਲਈ, ਫਲ ਅਤੇ ਸਬਜ਼ੀਆਂ ਨੂੰ ਸਬਜ਼ੀ ਮੰਡੀ ਵਿਚ ਲੈ ਕੇ ਜਾਣ ਲਈ, ਫਲ, ਸਬਜ਼ੀਆਂ ਨੂੰ ਸਟੋਰਾਂ ਤੇ ਪਹੁੰਚਾਉਣ ਲਈ ਵਰਤਿਆ ਜਾਂਦਾ ਹੈ। ਏਸ ਤਰ੍ਹਾਂ ਕਾਰ ਕਰਾਏ ਤੇ ਲੈ ਜਾਂਦੇ ਹਨ। ਜੇਕਰ ਕਿਸੇ ਕੋਲ ਛੋਟੀ ਕਾਰ ਹੋਵੇ, ਸਾਰੇ ਪਰਿਵਾਰ ਵਾਲੇ ਤੇ ਹੋਰ ਰਿਸ਼ਤੇਦਾਰ ਉਸ ਕਾਰ ਵਿਚ ਨਾ ਸਮਾਉਂਦੇ ਹੋਣ ਤਾਂ ਵੱਡੀ ਕਾਰ ਕਰਾਏ ਤੇ ਕਰ ਕੇ ਲੈ ਜਾਂਦੇ ਹਨ। ਜੇਕਰ ਸਾਰੇ ਪਰਿਵਾਰ ਨੇ ਪੰਜਾਬ ਜਾਣਾ ਹੋਵੇ ਤਾਂ ਲੋਕੀਂ ਇਹ ਕਾਰਾਂ, ਟਰੱਕ ਨੂੰ ਹਵਾਈ ਅੱਡੇ ਤੱਕ ਲੈ ਜਾਂਦੇ ਹਨ। ਉਸ ਸ਼ਹਿਰ ਦੀ ਬਰਾਂਚ ਵਿਚ ਪਹੁੰਚ ਕੇ ਕਾਰ, ਟਰੱਕ ਨੂੰ ਛੱਡ ਦਿੰਦੇ ਹਨ। ਇਨ੍ਹਾਂ ਬਰਾਂਚਾਂ ਵਿਚ ਕਾਰਾਂ, ਟਰੱਕਾਂ ਵਿਚ ਆਈਆਂ ਸਵਾਰੀਆਂ ਨੂੰ ਹਵਾਈ ਅੱਡੇ ਤੇ ਪਹੁੰਚਾਉਣ ਲਈ ਛੋਟੀਆਂ ਬਸਾਂ ਰੱਖੀਆਂ ਹੁੰਦੀਆਂ ਹਨ। ਇਸ ਤਰ੍ਹਾਂ ਹਵਾਈ ਅੱਡਿਆਂ ਤੇ ਪਹੁੰਚਣਾ ਬਹੁਤ ਸਸਤਾ ਪੈਂਦਾ ਹੈ। ਇਹ ਕਾਰਾਂ, ਟਰੱਕ ਘੰਟਿਆਂ ਦੇ ਹਿਸਾਬ ਨਾਲ ਵੀ ਤੇ ਦਿਨਾਂ ਦੇ ਹਿਸਾਬ ਨਾਲ ਵੀ ਕਰਾਏ ਤੇ ਮਿਲਦੀਆਂ ਹਨ।

# ਪਾਟਲੱਕ

ਇਥੋਂ ਦੇ ਕਈ ਰਿਵਾਜ਼ ਬੜੇ ਚੰਗੇ ਹਨ। ਇਕ ਰਿਵਾਜ਼ ਪਾਟਲੱਕ ਕਰਨ ਦਾ ਹੈ। ਪਿਛਲੇ ਹਫਤੇ ਸ਼ੁਕਰਵਾਰ ਨੂੰ ਮੇਰੇ ਜੁਆਈ ਤੇ ਮੇਰੀ ਲੜਕੀ ਦੇ ਮਿੱਤਰ ਪਰਿਵਾਰ ਦੇ ਘਰ ਰਾਤ ਨੂੰ ਪਾਟਲੱਕ ਸੀ। ਪਾਟਲੱਕ ਸਿਸਟਮ ਵਿਚ ਮਿੱਤਰ ਪਰਿਵਾਰ ਤੇ ਸਨੇਹੀ ਪਰਿਵਾਰ ਹੀ ਸ਼ਾਮਲ ਹੁੰਦੇ ਹਨ। ਇਹ ਫਿਰ ਮਿਤਰ ਪਰਿਵਾਰਾਂ ਤੇ ਸਨੇਹੀ ਪਰਿਵਾਰਾਂ ਦਾ ਇਕ ਵੱਡਾ ਪਰਿਵਾਰ ਬਣ ਜਾਂਦਾ ਹੈ। ਪਾਟਲੱਕ ਸਿਸਟਮ ਉਸ ਸਿਸਟਮ ਨੂੰ ਕਹਿੰਦੇ ਹਨ, ਜਿਸ ਵਿਚ ਸ਼ਾਮਲ ਹੋਣ ਵਾਲਾ ਹਰ ਪਰਿਵਾਰ ਖਾਣ ਵਾਲੀ ਕੋਈ ਨਾ ਕੋਈ ਵਸਤ ਆਪਣੇ ਘਰੋਂ ਤਿਆਰ ਕਰਕੇ ਲਿਆਉਂਦਾ ਹੈ। ਇਨ੍ਹਾਂ ਪਰਿਵਾਰਾਂ ਦੀਆਂ ਇਸਤਰੀਆਂ ਨੇ ਕਿਹੜੀ ਕਿਹੜੀ ਖਾਣ ਵਾਲੀ ਵਸਤ ਤਿਆਰ ਕਰ ਕੇ ਲਿਆਉਣੀ ਹੁੰਦੀ ਹੈ, ਇਸ ਦਾ ਫੈਸਲਾ ਉਹ ਟੈਲੀਫੂਨ ਤੇ ਹੀ ਕਰ ਲੈਂਦੀਆਂ ਹਨ। ਹਰ ਘਰ ਟੈਲੀਫੂਨ ਲੱਗੇ ਹੋਏ ਹਨ। ਇਸ ਦੇ ਨਾਲ ਹੀ ਜਿਨ੍ਹੇ ਕਿਸੇ ਪਰਿਵਾਰ ਦੇ ਕੰਮ ਕਰਨ ਵਾਲੇ ਜਾਂ ਅਡਲਟ ਮੈਂਬਰ ਹੁੰਦੇ ਹਨ, ਉਨ੍ਹਾਂ ਸਾਰਿਆਂ ਕੋਲ ਹੀ ਆਮ ਤੌਰ ਤੇ ਸੈਲ ਫੂਨ ਹੁੰਦੇ ਹਨ। ਇਥੇ ਗੱਡੀਆਂ ਵਿਚ ਬੰਦਿਆਂ ਅਤੇ ਇਸਤਰੀਆਂ

ਦੇ ਇਕ ਹੱਥ ਵਿਚ ਆਮ ਤੌਰ ਤੇ ਜਾਂ ਤਾਂ ਸੈਲ ਫੂਨ ਫੜ੍ਹ ਕੇ ਕੰਨ੍ਹ ਨੂੰ ਲਾਇਆ ਹੁੰਦਾ ਹੈ। ਜਾਂ ਚਾਹ, ਕੋਕਾ ਕੋਲਾ, ਜੂਸ ਜਾਂ ਦੁੱਧ ਦਾ ਕੱਪ ਹੱਥ ਵਚ ਪੀਣ ਨੂੰ ਫੜਿਆ ਹੁੰਦਾ ਹੈ। ਇਥੇ ਲੋਕੀਂ ਇਕ ਦੂਜੇ ਨੂੰ ਚਿੱਠੀਆਂ ਪਾਉਣੀਆਂ ਤਾਂ ਭੁੱਲ ਹੀ ਗਏ ਹਨ। ਚਿੱਠੀਆਂ ਇਥੇ ਆਉਂਦੀਆਂ ਜ਼ਰੂਰ ਹਨ, ਪਰ ਇਹ ਚਿੱਠੀਆਂ ਚੀਜ਼ਾਂ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਦੀਆਂ, ਇਨ੍ਹਾਂ ਕੰਪਨੀਆਂ ਵਲੋਂ ਲਾਈਆਂ ਜਾਂ ਰਹੀਆਂ ਸੇਲਾਂ ਦੀਆਂ ਜਾਂ ਸਰਕਾਰੀ ਤੇ ਪ੍ਰਾਈਵੇਟ ਮਹਿਕਮਿਆਂ ਦੀਆਂ ਹੁੰਦੀਆਂ ਹਨ ਤੇ ਆਉਂਦੀਆਂ ਵੀ ਰੁੱਗਾਂ ਦੇ ਰੁੱਗ ਹਨ। ਇਨ੍ਹਾਂ ਚਿੱਠੀਆਂ ਨੂੰ ਇਥੇ ਜੰਕ ਮੇਲ ਕਹਿੰਦੇ ਹਨ। ਇਥੇ ਕਿਸੇ ਨੂੰ ਦਰਦ ਵੰਡਾਉਣ ਵਾਲੀ ਚਿੱਠੀ ਨਹੀਂ ਆਉਂਦੀ—

ਚਿੱਠੀਆਂ ਦਾ ਰੁੱਗ ਆ ਗਿਆ,
ਚਿੱਠੀ ਇਕ ਨਾ ਦਰਦ ਦੀ ਆਈ।

ਗੱਲ ਕੁਝ ਪਾਸੇ ਚਲੀ ਗਈ ਹੈ। ਅਸਲ ਵਿਸ਼ੇ ਵੱਲ ਆਉਂਦੇ ਹਾਂ। ਆਪਣੇ ਘਰੋਂ ਤਿਆਰ ਕੀਤੀਆਂ ਵਸਤਾਂ ਲੈ ਕੇ ਇਹ ਸਾਰੇ ਪਰਿਵਾਰ ਮਿਥੇ ਸਮੇਂ ਜਿਸ ਘਰ ਵਿਚ ਪਾਟਲੱਕ ਰੱਖੀ ਹੁੰਦੀ ਹੈ, ਪਹੁੰਚ ਜਾਂਦੇ ਹਨ। ਇਥੇ ਰਸੋਈ ਘਰਾਂ ਦੀ ਬਣਤਰ ਅਜੇਹੀ ਹੈ ਕਿ ਰਸੋਈ ਵਿਚਾਲੇ ਇਕ ਵੱਡੇ ਡਾਈਨਿੰਗ ਟੇਬਲ ਦੀ ਤਰ੍ਹਾਂ ਜਿਸ ਦੀ ਲੰਬਾਈ ਜ਼ਿਆਦਾ ਹੁੰਦੀ ਹੈ, ਚੌੜਾਈ ਘੱਟ ਹੁੰਦੀ ਹੈ, ਜਿਸ ਨੂੰ ਕਿਚਨ ਆਈਲੈਂਡ ਕਹਿੰਦੇ ਹਨ, ਆਮ ਤੌਰ ਤੇ ਬਣਿਆ ਹੁੰਦਾ ਹੈ। ਇਸ ਕਿਚਨ ਆਈਲੈਂਡ ਦੇ ਉਪਰ ਆਮ ਤੌਰ ਤੇ ਗਰੇਨਾਈਟ ਪੱਥਰ ਜਾਂ ਟਾਈਲਾਂ ਲੱਗੀਆਂ ਹੁੰਦੀਆਂ ਹਨ। ਇਸ ਦੇ ਹੇਠਾਂ ਛੋਟੀਆਂ ਛੋਟੀਆਂ ਅਲਮਾਰੀਆਂ ਬਣੀਆਂ ਹੁੰਦੀਆਂ ਹਨ। ਇਨ੍ਹਾਂ ਅਲਮਾਰੀਆਂ ਵਿਚ ਰਸੋਈ ਵਿਚ ਵਰਤਣ ਵਾਲੇ ਬਿਜ਼ਲੀ ਦੇ ਯੰਤਰ ਤੇ ਹੋਰ ਰਸੋਈ ਵਿਚ ਵਰਤਣ ਵਾਲਾ ਸਾਮਾਨ ਰੱਖਿਆ ਹੁੰਦਾ ਹੈ। ਖਾਣ ਵਾਲੀਆਂ ਤਿਆਰ ਕੀਤੀਆਂ ਵਸਤਾਂ ਕਿਚਨ ਆਈਲੈਂਡ ਉਪਰ ਰੱਖੀਆਂ ਜਾਂਦੀਆਂ ਹਨ।

ਜਿਉਂ ਜਿਉਂ ਪਾਟਲੱਕ ਵਿਚ ਸ਼ਾਮਲ ਹੋਣ ਵਾਲੇ ਪਰਿਵਾਰ ਆਉਂਦੇ ਗਏ, ਉਹ ਆਪਣੇ ਘਰੋਂ ਤਿਆਰ ਕੀਤੀਆਂ ਵਸਤਾਂ ਲਿਆ ਕੇ ਕਿਚਨ ਆਈਲੈਂਡ ਤੇ ਰੱਖਦੇ ਗਏ। ਆਉਣ ਸਾਰ ਆਈਲੈਂਡ ਤੇ ਰੱਖੀਆਂ ਚੀਜ਼ਾਂ ਜਿਸ ਵਿਚ ਫਰੂਟ, ਪਕੌੜੇ, ਮਠਿਆਈ, ਡਰਿੰਕਸ, ਸਨੈਕਸ, ਜਿਸ ਨੂੰ ਵੀ ਜਿਹੜੀ ਚੀਜ਼ ਪਸੰਦ ਸੀ, ਲੈਂਦੇ ਗਏ। ਉਸ ਤੋਂ ਬਾਅਦ ਪਹਿਲੀ ਮੰਜ਼ਲ ਦੇ ਇਕ ਕਮਰੇ ਵਿਚ ਸਾਰੇ ਮਰਦ ਤੇ ਇਸਤਰੀਆਂ ਇਕੱਠੇ ਹੋ ਗਏ। ਬੱਚੇ ਹੇਠਾਂ ਖੇਲਣ ਲੱਗ ਪਏ। ਇਥੇ ਆਮ ਤੌਰ ਤੇ ਰਸੋਈ ਨੂੰ ਛੱਡ ਕੇ ਸਾਰੇ ਘਰ ਵਿਚ ਵਾਲ ਟੂ ਵਾਲ ਕਾਰਪੱਟ ਵਿੱਛਿਆ ਹੁੰਦਾ ਹੈ। ਜੁੱਤੀਆਂ ਏਥੇ ਦਰ ਤੋਂ ਬਾਹਰ ਲਾਹ ਕੇ ਰੱਖਣ ਦਾ ਰਿਵਾਜ਼ ਹੈ, ਜਿਸ ਕਰਕੇ ਵੀ ਘਰ ਅੰਦਰੋਂ ਸਾਫ ਰਹਿੰਦੇ ਹਨ। ਡਰਾਇੰਗ ਰੂਮ ਤੇ ਸਿਟਿੰਗ ਰੂਮ ਵਿਚ ਸੋਫੇ ਲੱਗੇ ਹੁੰਦੇ ਹਨ। ਬਾਕੀ ਕਮਰਿਆਂ ਵਿਚ ਵੀ ਆਮ ਤੌਰ ਤੇ ਵਾਲ ਟੂ ਵਾਲ ਕਾਰਪੱਟ ਲੱਗੇ ਹੁੰਦੇ ਹਨ। ਲੋਕੀਂ ਸੋਫਿਆਂ ਤੇ ਬੈਠਦੇ ਹਨ ਜਾਂ ਕਾਰਪੱਟ ਉਪਰ ਹੀ ਬੈਠਦੇ ਹਨ।

ਉਪਰਲੇ ਕਮਰੇ ਵਿਚ ਸਾਰੇ ਪੁਰਸ਼ ਤੇ ਇਸਤਰੀਆਂ ਬੈਠਣ ਤੋਂ ਬਾਅਦ ਇਕ ਧਾਰਮਿਕ ਵਿਚਾਰ ਰੱਖਣ ਵਾਲੇ ਡਾਕਟਰ ਨੇ ਧਾਰਮਿਕ ਵਿਸ਼ੇ ਤੇ ਵਿਚਾਰ ਰੱਖੇ। ਵਾਹਿਗੁਰੂ ਨਾਲ ਮਿਲਾਪ ਕਰਨ ਦੀ ਵਿਧੀ ਦੱਸੀ। ਪੰਜ ਮਿੰਟ ਸਿਮਰਨ ਕਰਵਾਇਆ। ਫੇਰ ਸਾਰਿਆਂ ਨੇ

ਹੇਠਾਂ ਰਸੋਈ ਵਿਚ ਆ ਕੇ ਆਪਣੀ ਆਪਣੀ ਪਸੰਦ ਦਾ ਖਾਣਾ ਖਾਧਾ। ਇਥੇ ਪਾਰਟੀਆਂ ਵਿਚ ਆਮ ਤੌਰ ਤੇ ਡਿਸਪੋਜ਼ੇਬਲ ਪਲੇਟਸ, ਗਲਾਸ, ਚਮਚੇ, ਕੱਪ ਵਰਤੇ ਜਾਂਦੇ ਹਨ। ਇਨ੍ਹਾਂ ਦਾ ਬੜਾ ਫ਼ਾਇਦਾ ਹੈ। ਨਾ ਬਰਤਨ ਇਕੱਠੇ ਕਰਨੇ ਪੈਂਦੇ ਹਨ। ਨਾ ਸਾਫ ਕਰਨੇ ਪੈਂਦੇ ਹਨ। ਖਾਣਾ ਖਾਣ ਤੋਂ ਬਾਅਦ ਡਿਸ਼ਪੋਜ਼ੇਬਲਜ਼ ਨੂੰ ਹਰ ਘਰ ਵਿਚ ਰੱਖੇ ਵੱਡੇ ਵੱਡੇ ਡਰੱਮਾਂ ਵਿਚ ਪਾਲੀਥੀਣ ਦੇ ਲਫਾਫਿਆਂ ਵਿਚ ਬੰਦ ਕਰ ਕੇ ਸਿੱਟਿਆ ਜਾਂਦਾ ਹੈ। ਇਨ੍ਹਾਂ ਡਰੰਮਾਂ ਨੂੰ ਮਿਥੇ ਦਿਨਾਂ ਅਨੁਸਾਰ ਘਰ ਦੇ ਕੋਲ ਸੜਕ ਉਪਰ ਰੱਖ ਦਿੰਦੇ ਹਨ, ਜਿਥੋਂ ਸਿਟੀ ਦੇ ਗਾਰਬੇਜ਼ ਚੱਕਣ ਵਾਲਾ ਟਰੱਕ ਇਨ੍ਹਾਂ ਡਰੰਮਾਂ ਨੂੰ ਕਰੇਨ ਨਾਲ ਚੁੱਕ ਕੇ ਆਪਣੇ ਆਪ ਟਰੱਕ ਵਿਚ ਉਲਟਾ ਲੈਂਦਾ ਹੈ। ਖਾਲੀ ਡਰੱਮਾਂ ਨੂੰ ਲੋਕ ਫਿਰ ਆਪਣੇ ਘਰਾਂ ਵਿਚ ਲੈ ਜਾਂਦੇ ਹਨ। ਇਥੇ ਕੋਈ ਵੀ ਚੀਜ਼ ਸੜਕ ਤੇ ਨਹੀਂ ਸਿੱਟੀ ਜਾ ਸਕਦੀ। ਜਿਹੜਾ ਸਿੱਟਦਾ ਫੜ੍ਹਿਆ ਜਾਵੇ, ਉਸ ਦੇ ਖਿਲਾਫ਼ ਕਾਰਵਾਈ ਹੁੰਦੀ ਹੈ। ਜੁਰਮਾਨਾ ਹੁੰਦਾ ਹੈ।

ਖਾਣਾ ਖਾਣ ਤੋਂ ਬਾਅਦ ਜਿਹੜੀਆਂ ਵਸਤਾਂ ਬਚੀਆਂ , ਉਹ ਸਾਰਿਆਂ ਨੂੰ ਵੰਡ ਕੇ, ਲਫਾਫਿਆਂ ਵਿਚ ਬੰਦ ਕਰ ਕੇ ਹਰ ਇਕ ਦੇ ਹੱਥ ਵਿਚ ਫੜਾਉਂਦੇ ਗਏ। ਉਸ ਤੋਂ ਬਾਅਦ ਇਕ ਦੂਜੇ ਨੂੰ ਮਿਲ ਕੇ ਸਭ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਇਹ ਪਾਰਟੀ ਕੋਈ ਰਾਤ ਦੇ 11 ਵਜੇ ਦੇ ਕਰੀਬ ਖਤਮ ਹੋਈ।

ਹੈ ਨਾ ਕਿੰਨਾਂ ਸੋਹਣਾ ਸਿਸਟਮ ? ਨਾਲੇ ਸਾਰੇ ਮਿੱਤਰ ਤੇ ਰਿਸ਼ਤੇਦਾਰ ਪਰਿਵਾਰ ਇਕੱਠੇ ਹੋ ਗਏ। ਵਿਚਾਰ ਵਿਟਾਂਦਰਾ ਕਰ ਲਿਆ। ਖਾਣਾ ਵੀ ਖਾ ਲਿਆ। ਨਾਲੇ ਖਰਚੇ ਦਾ ਵੀ ਕਿਸੇ ਇਕ ਤੇ ਬੋਝ ਨੀ ਪਿਆ।

# ਪੰਜ ਦਿਨਾਂ ਦਾ ਹਫ਼ਤਾ

ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜ ਵਿਚ ਹੋ ਰਹੀਆਂ ਤਬਦੀਲੀਆਂ ਦਾ ਦੇਰ ਸਵੇਰ ਮਨੁੱਖ ਤੇ ਅਸਰ ਹੋਣਾ ਲਾਜ਼ਮੀ ਹੈ। ਆਉਣ ਜਾਣ ਦੇ ਸਾਧਨਾਂ ਵਿਚ ਤੇਜ਼ੀ ਨਾਲ ਤਰੱਕੀ ਹੋਣ ਕਰਕੇ ਹੁਣ ਸਮਾਜ ਦਾ ਘੇਰਾ ਬਹੁਤ ਖੁੱਲ੍ਹਾ ਡੁੱਲਾ ਹੋ ਗਿਆ ਹੈ। ਅੱਜ ਸਾਰੀ ਦੁਨੀਆਂ ਦੀਆਂ ਦੂਰੀਆਂ ਬਹੁਤ ਘੱਟ ਗਈਆਂ ਹਨ। ਇਕ ਥਾਂ ਹੋਏ ਚੰਗੇ ਕੰਮ ਨੂੰ ਅੱਜ ਸਾਰੀ ਦੁਨੀਆਂ ਅਪਨਾ ਰਹੀ ਹੈ। ਮਨੁੱਖ ਵਿਚ ਨਕਲ ਕਰਨ ਦੀ ਪ੍ਰਵਿਰਤੀ ਵੀ ਕੁਦਰਤੀ ਹੈ। ਇਸ ਨੂੰ ਭੇਡ ਚਾਲ ਵੀ ਕਿਹਾ ਜਾਂਦਾ ਹੈ—

"ਭੂਆ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ।"

ਸੰਸਾਰ ਹੁਣ ਇਕ ਦੂਜੇ ਦੇ ਨੇੜੇ ਆ ਜਾਣ ਕਰਕੇ ਸੰਸਾਰ ਦੇ ਕਿਸੇ ਵੀ ਥਾਂ ਹੋਏ ਚੰਗੇ ਫੈਸਲੇ ਨੂੰ ਅਸੀਂ ਅਪਨਾਣ ਲਈ ਤਤਪਰ ਹੋ ਜਾਂਦੇ ਹਾਂ। ਫੈਸਲਾ ਲਾਗੂ ਕਰਨ ਤੋਂ ਪਹਿਲਾਂ ਇਹ ਨਹੀਂ ਵੇਖਦੇ ਕਿ ਜਿਹੜਾ ਕੁਝ ਅਸੀਂ ਕਿਸੇ ਬਾਹਰਲੇ ਦੇਸ਼ ਦੀ ਨਕਲ ਕਰਕੇ ਕਰਨ ਜਾ ਰਹੇ ਹਾਂ, ਉਹ ਅਸੀਂ ਕਰਨ ਦੇ ਯੋਗ, ਸਮਰਥ ਵੀ ਹਾਂ। ਮੈਨੂੰ ਅਮਰੀਕਾ ਆਏ ਨੂੰ

ਦੋ ਮਹੀਨੇ ਹੋ ਗਏ ਹਨ। ਇਨ੍ਹਾਂ ਦੋ ਮਹੀਨਿਆਂ ਵਿਚ ਇਥੋਂ ਦੀ ਜ਼ਿੰਦਗੀ, ਰਹਿਣ ਸਹਿਣ, ਨੌਕਰੀਆਂ, ਕਾਰੋਬਾਰ, ਇਥੋਂ ਦੇ ਸਿਸਟਮ ਦੇ ਕਈ ਪੱਖ ਵੇਖੇ ਹਨ, ਜਿਨ੍ਹਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ। ਅਜ ਮੈਂ ਤੁਹਾਨੂੰ ਅਮਰੀਕਾ ਵਿਚ ਪੰਜ ਦਿਨਾਂ ਦੇ ਹਫਤੇ ਬਾਰੇ ਦੱਸਣ ਜਾ ਰਿਹਾ ਹਾਂ।

ਇਥੇ ਹਰ ਤਰ੍ਹਾਂ ਦੇ ਦਫਤਰਾਂ ਵਿਚ, ਸਕੂਲਾਂ ਵਿਚ, ਹਰ ਕਾਰੋਬਾਰ ਵਿਚ ਪੰਜ ਦਿਨਾਂ ਦਾ ਹਫਤਾ ਲਾਗੂ ਹੈ। ਇਥੇ ਸਰਕਾਰੀ ਮਹਿਕਮੇ ਤਾਂ ਗਿਣਤੀ ਦੇ ਹੀ ਹਨ। ਬਹੁਤੇ ਗੈਰ ਸਰਕਾਰੀ ਹਨ। ਇਥੇ ਪੰਜ ਦਿਨਾਂ ਵਿਚ ਪੂਰਾ ਚੰਮ ਲਾਹ ਕੇ ਕੰਮ ਲਿਆ ਜਾਂਦਾ ਹੈ। ਕੰਮ ਕਰਨ ਵਾਲੇ ਨੂੰ ਉਸ ਦੀ ਯੋਗਤਾ ਅਨੁਸਾਰ ਪੂਰੀ ਤਨਖਾਹ ਵੀ ਮਿਲਦੀ ਹੈ। ਇਥੇ ਲੋਕਾਂ ਦੀ ਡਿਊਟੀ ਸਮੇਂ ਪੂਰੀ ਤਨਦੇਹੀ ਤੇ ਜ਼ੁੰਮੇਵਾਰੀ ਨਾਲ ਕੰਮ ਕਰਨ ਦੀ ਆਦਿਤ ਵੀ ਬਣੀ ਹੋਈ ਹੈ। ਜਿਹੜਾ ਇਥੇ ਜ਼ੁੰਮੇਵਾਰੀ ਤੇ ਤਨਦੇਹੀ ਨਾਲ ਕੰਮ ਨਹੀਂ ਕਰਦਾ, ਉਸ ਨੂੰ ਆਪਣੇ ਕੰਮ ਵਿਚ ਸੁਧਾਰ ਕਰਨ ਦਾ ਪੂਰਾ ਮੌਕਾ ਦਿੱਤਾ ਜਾਂਦਾ ਹੈ। ਫੇਰ ਵੀ ਜੇਕਰ ਉਹ ਮਿਥੇ ਟੀਚੇ ਅਨੁਸਾਰ ਆਪਣੇ ਕੰਮ ਵਿਚ ਸੁਧਾਰ ਨਹੀਂ ਕਰਦਾ ਤਾਂ ਪਹਿਲਾਂ ਤਾਂ ਉਸਦੀ ਤਨਖਾਹ ਵਿਚੋਂ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਜੇਕਰ ਫੇਰ ਵੀ ਨਾ ਸੁਧਰੇ ਤਾਂ ਉਸ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਜਾਂਦਾ ਹੈ। ਇਥੇ ਨੌਕਰੀ ਕੀਤੇ ਤੋਂ ਬਿਨਾਂ ਕਿਸੇ ਨੂੰ ਰੋਟੀ ਨਹੀਂ ਮਿਲਦੀ। ਰੋਟੀ ਹੀ ਇਥੋਂ ਦੇ ਲੋਕਾਂ ਨੂੰ ਕੰਮ ਪ੍ਰਤੀ ਬਚਨਵਧ ਕਰਦੀ ਹੈ।

ਅਮਰੀਕਾ ਵਿਚ ਬਹੁਤੀਆਂ ਨੌਕਰੀਆਂ ਘੰਟਿਆਂ ਦੀ ਤਨਖਾਹ ਅਨੁਸਾਰ ਦਿੱਤੀਆਂ ਜਾਣੀਆਂ ਹਨ। ਇਥੇ ਹਫਤੇ ਵਿਚ ਭਾਵ ਪੰਜ ਦਿਨਾਂ ਵਿਚ 40 ਘੰਟੇ ਕੰਮ ਕਰਨ ਨੂੰ ਪੂਰੇ ਸਮੇਂ ਦੀ ਨੌਕਰੀ ਕਹਿੰਦੇ ਹਨ। ਇਥੇ ਜਿਹੜਾ ਕਰਮਚਾਰੀ ਬਿਨਾ ਇਤਲਾਹ ਕੀਤਿਆਂ ਲੇਟ ਆਉਂਦਾ ਹੈ, ਉਸ ਦੀ ਉਨ੍ਹੀ ਦੀ ਤਨਖਾਹ ਕੱਟ ਲਈ ਜਾਂਦੀ ਹੈ। ਜੇ ਕੋਈ ਕਰਮਚਾਰੀ ਮਿਥੀ ਘੰਟਿਆਂ ਦੀ ਹੱਦ ਨਾਲੋਂ ਵੱਧ ਸਮੇਂ ਭਾਵ ਉਵਰਟਾਈਮ ਕੰਮ ਕਰਦਾ ਹੈ ਤਾਂ ਉਸ ਨੂੰ ਉਵਰਟਾਈਮ ਦੀ ਤਨਖਾਹ ਰੈਗੂਲਰ ਤਨਖਾਹ ਨਾਲੋਂ ਵੱਧ ਦਿੱਤੀ ਜਾਂਦੀ ਹੈ। ਮੈਂ ਇਨ੍ਹਾਂ ਦੋ ਮਹੀਨਿਆਂ ਵਿਚ ਕਿਸੇ ਵੀ ਦਫਤਰ, ਦੁਕਾਨ, ਕੰਪਨੀ, ਅਦਾਰੇ ਵਿਚ ਕਿਸੇ ਕਰਮਚਾਰੀ ਨੂੰ ਹੱਥ ਤੇ ਹੱਥ ਧਰ ਕੇ ਬੈਠਿਆਂ ਨਹੀਂ ਵੇਖਿਆ। ਨਾ ਹੀ ਕੰਮ ਵਿਚ ਢਿੱਲ ਮੱਠ ਕਰਦੇ ਵੇਖਿਆ ਹੈ।

ਇਥੇ ਸਟੋਰ ਹਫਤੇ ਦੇ ਸੱਤੇ ਦੇ ਸੱਤੇ ਦਿਨ ਖੁਲ੍ਹੇ ਰਹਿੰਦੇ ਹਨ। ਸ਼ੁਕਰਵਾਰ ਤੇ ਸਨਿਚਰਵਾਰ ਨੂੰ ਸਟੋਰ ਰਾਤ ਦੇ 9.30 ਵਜੇ ਤੱਕ ਖੁਲ੍ਹੇ ਰਹਿੰਦੇ ਹਨ। ਇਥੇ ਕਈ ਗਰਾਸਰੀ ਸਟੋਰ ਤਾਂ 24 ਦੇ 24 ਘੰਟੇ ਹੀ ਖੁੱਲ੍ਹੇ ਰਹਿੰਦੇ ਹਨ। ਇਨ੍ਹਾਂ ਸਟੋਰਾਂ ਦੇ ਕਰਮਚਾਰੀ ਵੀ ਹਫਤੇ ਵਿਚ 40 ਘੰਟੇ ਹੀ ਕੰਮ ਕਰਦੇ ਹਨ। ਸ਼ਨਿਚਰਵਾਰ ਨੂੰ ਲੋਕੀਂ ਘਰਾਂ ਦੀ ਸਿਫਾਈ, ਹੋਰ ਨਿੱਕੇ ਮੋਟੇ ਕੰਮ, ਸਮਾਜਿਕ ਫੰਕਸ਼ਨ ਆਦਿ ਅਟੈਂਡ ਕਰਦੇ ਹਨ। ਐਤਵਾਰ ਨੂੰ ਆਪਣੇ ਆਪਣੇ ਧਰਮ ਸਥਾਨਾਂ ਵਿਚ ਜਾਂਦੇ ਹਨ। ਪੰਜਾਬੀ ਐਤਵਾਰ ਨੂੰ ਗੁਰੂਦਵਾਰੇ ਜਾਂਦੇ ਹਨ।

ਹੁਣ ਲਵੋ ਸਾਡੇ ਭਾਰਤ ਦੇਸ਼ ਮਹਾਨ ਦੀ ਗੱਲ। ਅਸੀਂ ਵੀ ਪੱਛਮੀ ਦੇਸ਼ਾਂ ਦੀ ਨਕਲ ਕਰਕੇ ਪਿਛਲੇ ਬਹੁਤ ਸਾਰੇ ਸਮੇਂ ਤੋਂ ਸਰਕਾਰੀ ਦਫਤਰਾਂ ਵਿਚ ਪੰਜ ਦਿਨ ਦਾ ਹਫਤਾ ਲਾਗੂ ਕੀਤਾ ਹੋਇਆ ਹੈ। ਕਿਉਂ ਜੋ ਅਸੀਂ ਨਕਲ ਕਰਨ ਵਿਚ ਤਾਂ ਸ਼ੇਰ ਹਾਂ, ਪਰ ਕੰਮ ਕਰਨ ਵਿਚ ਗਿੱਦੜ ਹਾਂ। ਸਾਡੇ ਦਫਤਰਾਂ ਵਿਚ ਬਹੁਤੇ ਕਰਮਚਾਰੀ ਵੇਲੇ ਸਿਰ ਆਉਂਦੇ ਹੀ ਨਹੀਂ।

ਨਾ ਹੀ ਲੇਟ ਆਉਣ ਵਾਲਿਆਂ ਦੀ ਪੁੱਛ ਪੜਤਾਲ ਕੀਤੀ ਜਾਂਦੀ ਹੈ। ਕਾਰਨ ਇਹ ਹੈ, ਦਫਤਰ ਦੇ ਇਨਚਾਰਜ਼ ਅਫਸਰ ਆਪ ਹੀ ਵੇਲੇ ਸਿਰ ਨਹੀਂ ਆਉਂਦੇ। ਜਿਹੜਾ ਆਪ ਵੇਲੇ ਸਿਰ ਨਾ ਆਵੇ, ਉਹ ਦੂਸਰਿਆਂ ਤੇ ਟਾਈਮ ਦੀ ਪਾਬੰਦੀ ਕਿਵੇਂ ਲਾਗੂ ਕਰ ਸਕਦਾ ਹੈ? ਦੇਸ਼ ਦੀ ਹਰ ਪੱਧਰ ਤੇ ਰੀਜ਼ਰਵੇਸ਼ਨ ਨੀਤੀ ਨੇ ਵੀ ਦਫਤਰਾਂ ਦੇ ਪ੍ਰਸ਼ਾਸ਼ਨਿਕ ਹਿਤਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਜੇਕਰ ਕੋਈ ਭੁੱਲਿਆ ਭੱਟਕਿਆ ਟਾਈਮ ਦਾ ਪਾਬੰਦ ਅਫਸਰ ਆ ਵੀ ਜਾਤੇ ਤਾਂ ਸਰਕਾਰੀ ਦਫਤਰਾਂ ਵਿਚ ਛੁੱਟੀਆਂ ਐਨੀਆਂ ਮਿਲ ਜਾਂਦੀਆਂ ਹਨ ਕਿ ਮੁਕਾਇਆਂ ਵੀ ਨਹੀਂ ਮੁਕਦਦੀਆਂ। ਸਾਲ ਵਿਚ 20 ਅਚਨਚੇਤ ਛੁੱਟੀਆਂ ਹੁੰਦੀਆਂ ਹਨ। 30 ਤੋਂ ਉਪਰ ਗੱਜਟਿਡ ਛੁੱਟੀਆਂ ਹੋ ਜਾਂਦੀਆਂ ਹਨ। ਔਸਤਨ 20 ਛੁੱਟੀਆਂ ਕਮਾਈ ਛੁੱਟੀਆਂ ਮਿਲ ਜਾਂਦੀਆਂ ਹਨ। ਸਨਿਚਰਵਾਰ ਤੇ ਐਤਵਾਰ ਦੀ ਸਾਲ ਵਿਚ 104 ਛੁੱਟੀਆਂ ਬਣ ਜਾਂਦੀਆਂ ਹਨ। ਏਸ ਤਰ੍ਹਾਂ ਅੱਧਾ ਸਾਲ ਤਾਂ ਤਕਰੀਬਨ ਛੁੱਟੀਆਂ ਵਿਚ ਹੀ ਲੰਘ ਜਾਂਦਾ ਹੈ। ਏਸੇ ਕਰਕੇ ਤਾਂ ਪੱਛਮੀ ਦੇਸ਼ਾਂ ਵਾਲੇ ਭਾਰਤ ਨੂੰ ਛੁੱਟੀਆਂ ਵਾਲਾ ਦੇਸ਼ ਕਹਿੰਦੇ ਹਨ। ਬਾਕੀ ਜਿਹੜੇ ਸਾਲ ਦੇ ਦਿਨ ਰਹਿ ਜਾਂਦੇ ਹਨ, ਉਨ੍ਹਾਂ ਦਿਨਾਂ ਵਿਚ ਕੋਈ ਵੀ ਕਰਮਚਾਰੀ ਤਨਦੇਹੀ ਤੇ ਜ਼ੁੰਮੇਵਾਰੀ ਨਾਲ ਕੰਮ ਨਹੀਂ ਕਰਦਾ। ਦਫਤਰਾਂ ਵਿਚ ਜਿਹੜਾ ਕੋਈ ਬਹੁਤ ਵਧੀਆ ਕੰਮ ਕਰਨ ਵਾਲਾ ਕਮਰਚਾਰੀ ਵੀ ਹੋਵ, ਉਸ ਨੂੰ ਕੋਈ ਉਤਸ਼ਾਹ ਨਹੀਂ ਦਿੱਤਾ ਜਾਂਦਾ। ਨਾ ਹੀ ਉਸ ਨੂੰ ਮਿਆਦ ਤੋਂ ਪਹਿਲਾਂ ਕੋਈ ਤਰੱਕੀ ਦਿੱਤੀ ਜਾਂਦੀ ਹੈ। ਜਿਨ੍ਹਾਂ ਦਾ ਕੰਮ ਔਸਤ ਦਰਜੇ ਦਾ ਹੋਵੇ, ਉਨ੍ਹਾਂ ਦੀ ਤਰੱਕੀ ਰੋਕੀ ਨਹੀਂ ਜਾਂਦੀ। ਸਾਡੇ ਭਾਰਤ ਦੇਸ਼ ਮਹਾਨ ਵਿਚ ਤਾਂ—

ਫੁੱਦੂ ਰਾਜ ਟੁਹਾਨੇ ਦਾ,
ਇਕੋ ਭਾਅ ਆਟੇ ਦਾਣੇ ਦਾ।

ਹੈ। ਇਹ ਹੀ ਕਾਰਨ ਹੈ ਕਿ ਸਰਕਾਰੀ ਦਫਤਰਾਂ ਦਾ ਦਿਨੋ ਦਿਨ ਭੱਠਾ ਬੈਠਦਾ ਜਾ ਰਿਹਾ ਹੈ। ਰਿਸ਼ਵਤ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਮੈਂ ਆਪਣੀ ਸਾਰੀ ਸਰਵਿਸ ਦੌਰਾਨ ਕਿਸੇ ਵੀ ਮਾੜਾ ਕੰਮ ਕਰਨ ਵਾਲੇ ਅਫ਼ਸਰ, ਕਰਮਚਾਰੀ ਨੂੰ ਨੌਕਰੀ ਵਿਚੋਂ ਡਿਸਮਿਸ ਹੁੰਦੇ ਨਹੀਂ ਵੇਖਿਆ। ਇਥੇ ਤਾਂ ਰਿਸ਼ਤਵ ਲੈਂਦੇ ਫੜੇ ਗਏ ਅਫਸਰ, ਕਰਮਚਾਰੀ ਰਿਸ਼ਵਤ ਦੇ ਕੇ ਛੁੱਟ ਜਾਂਦੇ ਹਨ।

ਭਾਰਤ ਵਿਚ ਤਨਖਾਹਾਂ ਗਰੇਡਾਂ ਅਨੁਸਾਰ ਦਿੱਤੀਆਂ ਜਾਂਦੀਆਂ ਹਨ, ਘੰਟਿਆਂ ਦੇ ਹਿਸਾਬ ਨਾਲ ਨਹੀਂ। ਲੇਟ ਆਉਣ ਵਾਲਿਆਂ ਤੇ ਟੀਚੇ ਅਨੁਸਾਰ ਕੰਮ ਨਾ ਕਰਨ ਵਾਲਿਆਂ ਦੀ ਕੋਈ ਤਨਖਾਹ ਨਹੀਂ ਕੱਟੀ ਜਾਂਦੀ। ਇਨ੍ਹਾਂ ਕਾਰਨਾਂ ਕਰਕੇ ਹੀ ਸਰਕਾਰੀ ਦਫਤਰਾਂ ਵਿਚ ਕੰਮ ਕਰਨ ਦਾ ਸਭਿਆਚਾਰ ਬਣਿਆ ਹੀ ਨਹੀਂ। ਹਾਂ, ਪ੍ਰਾਈਵੇਟ ਕੰਪਨੀਆਂ, ਅਦਾਰਿਆਂ ਵਿਚ ਚੰਗਾ ਕੰਮ ਕਰਨ ਵਾਲਿਆਂ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ। ਵਾਰੀ ਤੋਂ ਪਹਿਲਾਂ ਤਰੱਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਦਾ ਕੰਮ ਤਸੱਲੀਬਖਸ਼ ਨਹੀਂ ਹੁੰਦਾ, ਉਨ੍ਹਾਂ ਦੀ ਛੁੱਟੀ ਵੀ ਕਰ ਦਿੱਤੀ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਭਾਰਤ ਦੀਆਂ ਸਾਰੀਆਂ ਪ੍ਰਾਈਵੇਟ ਕੰਪਨੀਆਂ, ਅਦਾਰੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਏਸ ਦੀ ਇਕ ਛੋਟੀ ਜਿਹੀ ਮਸਾਲ ਪੰਜਾਬ ਦੀਆਂ ਸਰਕਾਰੀ ਬੱਸਾਂ ਦੀ ਹੈ, ਜਿਨ੍ਹਾਂ ਬਾਰੇ ਮਸ਼ਹੂਰ ਹੈ—

"ਰੋਡਵੇਜ਼ ਦੀ ਲਾਰੀ, ਨਾ ਸ਼ੀਸ਼ਾ ਨਾ ਬਾਰੀ।"

ਜਦ ਕਿ ਪ੍ਰਾਈਵੇਟ ਬੱਸਾਂ ਵਾਲਿਆਂ ਦੀਆਂ ਬੱਸਾਂ ਵਧੀਆ ਹੁੰਦੀਆਂ ਹਨ ਤੇ ਉਹ ਹਰ ਸਾਲ ਆਪਣੀਆਂ ਬੱਸਾਂ ਵਿਚ ਹੋਰ ਨਵੀਆਂ ਬੱਸਾ ਦਾ ਵਾਧਾ ਵੀ ਕਰਦੇ ਰਹਿੰਦੇ ਹਨ। ਏਸ ਤਰ੍ਹਾਂ ਹੋਰ ਜਿਨ੍ਹੇ ਵੀ ਸਰਕਾਰੀ, ਅਰਥ ਸਰਕਾਰੀ ਤੇ ਸਹਿਕਾਰੀ ਅਦਾਰੇ ਹਨ, ਸਭ ਘਾਟੇ ਵਿਚ ਹਨ। ਇਨ੍ਹਾਂ ਅਦਾਰਿਆਂ ਨੂੰ ਅਫਸਰ ਤੇ ਸਿਆਸਦਾਨਾਂ ਨੇ ਦੋਹੀਂ ਹੱਥੀਂ ਲੁੱਟਿਆ ਹੈ ਤੇ ਲੁੱਟੀ ਜਾ ਰਹੇ ਹਨ। ਜਿੱਥੇ ਰਖਵਾਲੇ ਹੀ ਖੇਤ ਨੂੰ ਖਾਣ ਲੱਗ ਜਾਣ, ਉਥੇ ਫਸਲ ਕਿਵੇਂ ਬਚ ਸਕਦੀ ਹੈ।

ਭਾਰਤ ਵਿਚ ਪੱਛਮ ਦੀ ਨਕਲ ਕਰਕੇ ਪੰਜ ਦਿਨਾਂ ਦਾ ਹਫਤਾ ਕਰਨ ਦੀ ਯੋਜਨਾ ਉਨ੍ਹੀ ਸਫਲ ਨਹੀਂ ਹੋਈ, ਜਿਨ੍ਹੀ ਦੀ ਆਸ ਕਰਕੇ ਇਹ ਸ਼ੁਰੂ ਕੀਤੀ ਗਈ ਸੀ।

# ਗ੍ਰੈਜੂਏਸ਼ਨ ਸੈਰਿਮੋਨਿ

ਅਮਰੀਕਾ ਵਿਚ ਹਰ ਸਮਾਗਮ, ਜਸ਼ਨ ਸ਼ਨਿਚਰਵਾਰ ਅਤੇ ਐਤਵਾਰ ਨੂੰ ਛੁੱਟੀਆਂ ਵਾਲੇ ਦਿਨਾਂ ਵਿਚ ਰੱਖਿਆ ਜਾਂਦਾ ਹੈ। ਪਹਿਲਾਂ ਮੈਂ ਤੁਹਾਨੂੰ ਗ੍ਰੇਜੂਏਸ਼ਨ ਸੈਰਿਮੋਨਿ ਬਾਰੇ ਥੋੜ੍ਹਾ ਦੱਸ ਦੇਣਾ ਚਾਹੁੰਦਾ ਹਾਂ। ਅਮਰੀਕਾ ਵਿਚ ਹਾਈ ਸਕੂਲ ਦੀ ਪੜ੍ਹਾਈ 12 ਜਮਾਤਾਂ ਪਾਸ ਕਰਨ ਤੇ ਖਤਮ ਹੁੰਦੀ ਹੈ। ਏਸ ਲਈ ਜਿਹੜਾ ਬੱਚਾ 12 ਜਮਾਤਾਂ ਪਾਸ ਕਰ ਜਾਂਦਾ ਹੈ, ਉਸ ਨੂੰ ਸਕੂਲ ਗ੍ਰੇਜੂਏਸ਼ਨ ਕਿਹਾ ਜਾਂਦਾ ਹੈ। ਕਾਲਜ਼ ਦੀ ਏਥੇ ਚਾਰ ਸਾਲ ਦੀ ਪੜ੍ਹਾਈ ਹੈ। ਜਿਹੜਾ ਬੱਚਾ ਕਾਲਜ਼ ਦੀ ਪੜ੍ਹਾਈ ਵਿਚੋਂ ਪਾਸ ਹੋ ਜਾਂਦਾ ਹੈ, ਉਸ ਨੂੰ ਕਾਲਜ਼ ਗ੍ਰੈਜੂਏਸ਼ਨ ਕਿਹਾ ਜਾਂਦਾ ਹੈ। ਕਾਲਜ ਦੀ ਪੜ੍ਹਾਈ ਖਤਮ ਹੋਣ ਤੋਂ ਬਾਅਦ ਕਿੱਤਾ ਪੜ੍ਹਾਈ (Professional Eduction) ਸ਼ੁਰੂ ਹੁੰਦੀ ਹੈ। ਜਿਹੜਾ ਬੱਚਾ ਕਿੱਤਾ ਪੜ੍ਹਾਈ ਪਾਸ ਕਰ ਜਾਂਦਾ ਹੈ, ਉਸ ਨੂੰ ਗ੍ਰੈਜੂਏਸ਼ਨ ਕਿਹਾ ਜਾਂਦਾ ਹੈ। ਏਸ ਤਰ੍ਹਾਂ ਸਕੂਲ ਦੀ ਪੜ੍ਹਾਈ, ਕਾਲਜ ਦੀ ਪੜ੍ਹਾਈ ਤੇ ਕਿੱਤਾ ਪੜ੍ਹਾਈ ਖਤਮ ਹੋਣ ਤੇ ਹੋਈ ਗ੍ਰੈਜੂਏਸ਼ਨ ਦਾ ਜਸ਼ਨ ਮਨਾਉਣ ਦਾ ਏਥੇ ਰਿਵਾਜ਼

ਹੈ। ਹੋਈ ਗ੍ਰੈਜੂਏਸ਼ਨ ਦੀ ਖੁਸ਼ੀ ਘਰ ਵਾਲੇ ਆਪਣੇ ਰਿਸ਼ਤੇਦਾਰਾਂ ਤੇ ਪਰਿਵਾਰ ਦੇ ਮਿੱਤਰਾਂ ਨਾਲ ਸਾਂਝੀ ਕਰਦੇ ਹਨ।

ਮੈਂ ਅਜੇਹੇ ਹੀ ਇਕ ਗ੍ਰੈਜੂਏਸ਼ਨ ਸੈਰਿਮੋਨਿ ਵਿਚ ਆਪਣੇ ਜੁਆਈ ਨਾਲ ਪਰਿਵਾਰ ਸਮੇਤ ਸ਼ਾਮਲ ਹੋਇਆ ਸੀ। ਮੇਰੇ ਜੁਆਈ ਦੇ ਰਿਸ਼ਤੇਦਾਰੀ ਵਾਲਾ ਇਹ ਪਰਿਵਾਰ ਟਰਲੌਕ ਸ਼ਹਿਰ ਵਿਚ ਰਹਿੰਦਾ ਹੈ। ਟਰਲੌਕ ਸ਼ਹਿਰ ਵਿਚ ਉਂਜ ਵੀ ਬਹੁਤ ਪੰਜਾਬੀ ਪਰਿਵਾਰ ਰਹਿੰਦੇ ਹਨ। ਜਦ ਕੈਲੀਫੋਰਨੀਆਂ ਸੂਬੇ ਦੇ ਸ਼ਹਿਰਾਂ ਵਿਚ ਗੁਰੂਦਵਾਰੇ ਸਥਾਪਤ ਹੋਣੇ ਸ਼ੁਰੂ ਹੋਏ ਤਾਂ ਸਥਾਪਤ ਪਹਿਲੇ ਗੁਰੂਦਵਾਰਿਆਂ ਵਿਚ ਟਰਲੌਕ ਸ਼ਹਿਰ ਦੇ ਗੁਰੂਦਵਾਰੇ ਦਾ ਨਾਂ ਆਉਂਦਾ ਹੈ। ਫਰਿਜ਼ਨੋ, ਜਿਥੇ ਮੇਰਾ ਜੁਆਈ ਰਹਿੰਦਾ ਹੈ, ਉਥੋਂ ਟਰਲੌਕ ਕੋਈ 90 ਕੁ ਮੀਲ ਦੀ ਦੂਰੀ ਹੈ। 90 ਕੁ ਮੀਲ ਦੂਰ ਜਾਣ ਨੂੰ ਏਥੇ ਥੋੜਾ ਜਿਹਾ ਸਫਰ ਗਿਣਿਆ ਜਾਂਦਾ ਹੈ।

ਅਮਰੀਕਾ ਵਿਚ ਆਮ ਤੌਰ ਤੇ ਹਰ ਇਸਤਰੀ ਪੁਰਸ਼ ਨੂੰ ਅੱਧੇ ਘੰਟੇ ਤੋਂ ਲੈ ਕੇ ਇਕ ਘੰਟੇ ਦਾ ਸਫਰ ਕਰ ਕੇ ਆਪਣੀ ਕੰਮ ਵਾਲੀ ਥਾਂ ਤੇ ਜਾਣਾ ਪੈਂਦਾ ਹੈ। ਟਰਲੌਕ ਕੋਈ ਡੇਢ ਕੁ ਘੰਟੇ ਦਾ ਸਫਰ ਸੀ। ਸਮਾਗਮ ਸਕੂਲ ਗ੍ਰੈਜੂਏਸ਼ਨ ਦੇ ਜਸ਼ਨ ਦਾ ਸੀ। ਗ੍ਰੈਜੂਏਸ਼ਨ ਮੇਰੇ ਜੁਆਈ ਦੀ ਕਜ਼ਨ-ਸਿਸਟਰ ਦਾ ਸੀ। ਰਾਤ ਦੇ 8 ਵਜੇ ਦਾ ਰੱਖਿਆ ਹੋਇਆ ਸੀ। ਅਸੀਂ ਸ਼ਾਮ ਨੂੰ ਸਾਢੇ ਛੇ ਵਜੇ ਚੱਲੇ। ਅੱਠ ਵਜੇ ਟਰਲੌਕ ਪਹੁੰਚ ਗਏ। ਸਾਰੇ ਰਿਸ਼ਤੇਦਾਰ ਤੇ ਮਿੱਤਰ ਪਹੁੰਚੇ ਹੋਏ ਸਨ। ਜਸ਼ਨ ਦੋ ਘੰਟੇ ਚੱਲਿਆ। ਜਸ਼ਨ ਦੀ ਸਮਾਪਤੀ ਹੋਣ ਤੇ ਰਾਤ ਦੇ ਸਾਢੇ ਗਿਆਰਾਂ ਵਜੇ ਘਰ ਵਾਪਸ ਪਰਤ ਆਏ। ਇਹ ਮੇਰਾ ਅਮਰੀਕਾ ਵਿਚ ਗ੍ਰੈਜੂਏਸ਼ਨ ਦੇ ਜਸ਼ਨ ਵਿਚ ਸ਼ਾਮਲ ਹੋਣ ਦਾ ਪਹਿਲਾ ਮੌਕਾ ਸੀ।

ਟਰਲੌਕ, ਕੈਲੀਫੋਰਨੀਆਂ ਸੂਬੇ ਦੀ ਸਟੈਨਿਸਲਾ (Stanislaw) ਕਾਉਂਟੀ ਦਾ ਇਕ ਛੋਟਾ ਸ਼ਹਿਰ ਹੈ। ਇਹ ਸ਼ਹਿਰ ਹੁਣ ਤੇਜ਼ੀ ਨਾਲ ਵਧ ਰਿਹਾ ਹੈ। ਜਨਵਰੀ 2007 ਵਿਚ ਇਸ ਦੀ ਆਬਾਦੀ 70 ਹਜ਼ਾਰ ਦੇ ਕਰੀਬ ਸੀ। ਇਹ ਸਟੈਨਿਸਲਾ ਕਾਉਂਟੀ ਦਾ ਦੂਜਾ ਵੱਡਾ ਸ਼ਹਿਰ ਹੈ। ਇਹ ਸ਼ਹਿਰ 13 ਵਰਗ ਮੀਲ ਖੇਤਰ ਵਿਚ ਵਸਿਆ ਹੋਇਆ ਹੈ। ਸਟੇਟ ਰੂਟ 99 ਤੇ ਸਟੇਟ ਰੂਟ 165 ਜਿਥੇ ਇਕ ਦੂਜੇ ਨੂੰ ਕੱਟਦੇ ਹਨ, ਉਥੇ ਸਥਿਤ ਹੈ। ਏਸ ਦੇ ਇਕ ਪਾਸੇ ਮੈਡੋਸਟੋ ਤੇ ਦੂਜੇ ਪਾਸੇ ਮਰਸਿਡ ਸ਼ਹਿਰ ਹਨ। ਇਹ ਸ਼ਹਿਰ ਸੈਨ ਵਾਕੀਨ (San Joaquin) ਘਾਟੀ ਦਾ ਹਿੱਸਾ ਹੈ।

ਟਰਲੌਕ ਸ਼ਹਿਰ ਨੂੰ 1871 ਵਿਚ ਅਨਾਜ ਪੈਦਾ ਕਰਨ ਵਾਲੇ ਇਕ ਮਸ਼ਹੂਰ ਜ਼ਿਮੀਦਾਰ ਜੌਹਨ ਵਿਲੀਅਮ ਮਿਚਲ ਨੇ ਵਸਾਇਆ ਸੀ। ਸਾਲ 1908 ਵਿਚ ਟਰਲੌਕ ਨੂੰ ਸ਼ਹਿਰ ਦੀ ਪਦਵੀ ਦਿੱਤੀ ਗਈ। ਟਰਲੌਕ ਦਾ ਆਲਾ ਦੁਆਲਾ ਖੇਤੀ ਦਾ ਗੜ੍ਹ ਹੈ। ਏਸੇ ਕਰਕੇ ਟਰਲੌਕ ਨੂੰ ਘਾਟੀ ਦਾ ਦਿਲ (Heart of the Valley) ਕਿਹਾ ਜਾਂਦਾ ਹੈ। ਟਰਲੌਕ ਵਿਚ ਵੱਖ ਵੱਖ ਧਰਮਾਂ ਦੇ ਚਰਚ, ਗੁਰੂਦਵਾਰੇ, ਮੰਦਰ ਆਬਾਦੀ ਦੀ ਪ੍ਰਤੀਸ਼ਤ ਅਨੁਸਾਰ ਸਾਰੇ ਅਮਰੀਕਾ ਨਾਲੋਂ ਜ਼ਿਆਦਾ ਹਨ। ਏਥੇ ਕਈ ਸਕੂਲ ਹਨ। ਸਾਲ 1960 ਵਿਚ ਏਥੇ ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਸੈਨ ਵਾਕੀਨ ਸਟੈਨਿਸਲਾ (CSU) ਖੋਲ੍ਹੀ ਗਈ। ਯੂਨੀਵਰਸਿਟੀ ਬਣਨ ਨਾਲ ਟਰਲੌਕ ਸ਼ਹਿਰ ਦੀ ਆਬਾਦੀ ਵਿਚ ਵਾਧਾ ਹੋਇਆ ਹੈ। ਇਹ ਹੈ ਥੋੜੀ ਜਿਹੀ ਟਰਲੌਕ ਸ਼ਹਿਰ ਦੀ ਜਾਣਕਾਰੀ।

# ਜ਼ਿਲ੍ਹਾ ਵਿਦਿਆ ਦਫਤਰ ਦੀ ਫੇਰੀ

ਮੇਰੇ ਦੋਹਤਿਆਂ ਨੂੰ ਸਕੂਲ ਵਿਚੋਂ ਗਰਮੀ ਦੀਆਂ ਛੁੱਟੀਆਂ ਜੂਨ ਦੇ ਦੂਜੇ ਹਫਤੇ ਦੇ ਸ਼ੁਰੂ ਵਿਚ ਹੋ ਰਹੀਆਂ ਸਨ। ਇਥੇ ਗਰਮੀ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਸਮਰਫਨ (Summer Fun) ਦੀ ਸਕੀਮ ਦੇ ਨਾਂ ਅਧੀਨ ਜੂਨ ਦੇ ਆਖਰੀ ਹਫਤੇ ਤੋਂ ਜੁਲਾਈ ਦੇ ਆਖਰੀ ਹਫਤੇ ਤੱਕ ਤਿੰਨ ਸਾਲ ਦੀ ਉਮਰ ਤੋਂ ਲੈ ਕੇ 15 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਤਿੰਨ ਤੋਂ ਛੇ ਹਫਤਿਆਂ ਤੱਕ ਦੇ ਸਮੇਂ ਦੇ ਕੋਰਸ ਕਰਵਾਏ ਜਾਂਦੇ ਹਨ। ਇਹ ਕਲਾਸਾਂ/ਕੋਰਸ ਕਰਨ ਲਈ ਪੇਮੈਂਟਾਂ ਕਰਨੀਆਂ ਪੈਂਦੀਆਂ ਹਨ। ਇਨ੍ਹਾਂ ਕਲਾਸਾਂ ਵਿਚ ਦਾਖਲਾ ਜਿਹੜਾ ਪਹਿਲਾਂ ਆਉਂਦਾ ਹੈ, ਉਸ ਨੂੰ ਪਹਿਲਾਂ ਮਿਲਦਾ ਹੈ। ਇਥੇ ਕੋਈ ਸਿਫਾਰਸ਼ ਨਹੀਂ ਚੱਲਦੀ। ਜੇਕਰ ਕਿਸੇ ਕਲਾਸ ਵਿਚ ਟ੍ਰੇਨਿੰਗ ਲੈਣ ਵਾਲੇ ਬੱਚਿਆਂ ਦੀ ਗਿਣਤੀ ਥੋੜੀ ਰਹਿ ਜਾਵੇ ਤਾਂ ਹੋਰ ਕਾਰਨਾਂ ਕਰਕੇ ਕਲਾਸ ਨਾ ਲਾਈ ਜਾ ਸਕਦੀ ਹੋਵੇ ਤਾਂ ਉਸ ਕਲਾਸ ਲਈ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ।

ਇਨ੍ਹਾਂ ਕਲਾਸਾਂ ਵਿਚ ਮੈਥ, ਅਲਜਬਰਾ, ਕੈਮਿਸਟਰੀ ਸਾਇੰਸ ਪੜ੍ਹਣੀ, ਅੰਗਰੇਜ਼ੀ ਪੜ੍ਹਣੀ ਬੋਲਣੀ, ਤਾਰਾ ਵਿਗਿਆਨ, ਪੁਲਾੜੀ ਖੋਜ, ਸਮੁੰਦਰੀ ਖੋਜ, ਯਾਦ ਸ਼ਕਤੀ

ਵਧਾਉਣੀ, ਕੰਪਿਊਟਰ, ਟਾਈਪ, ਡਰਾਇੰਗ, ਕੱਢਾਈ, ਨਾਚ, ਪਹਿਲਵਾਨੀ, ਵੱਖਰੀਆਂ ਵੱਖਰੀਆਂ ਗੇਮਾਂ, ਤੈਰਾਕੀ, ਥੀਏਟਰ, ਪੇਂਟਿੰਗ, ਮਿਊਜ਼ਕ, ਫੋਟੋਗਰਾਫੀ, ਪਿਆਨੋ ਵਜਾਣਾ, ਮੇਕਅੱਪ ਕਰਨਾ, ਫੇਬਰਿਕ ਆਰਟ, ਗਹਿਣੇ ਬਣਾਉਣੇ, ਸਰਮਕਸ ਦੇ ਖਿਡੌਣੇ ਦੇ ਚੀਜ਼ਾਂ ਬਣਾਉਣੀਆਂ, ਮੋਮਬੱਤੀਆਂ ਬਣਾਉਣੀਆਂ, ਫੋਟੋ ਐਲਬਮ ਤਿਆਰ ਕਰਨੇ, ਕੁੰਕਿੰਗ, ਡਰਾਈਵਿੰਗ, ਘੋੜ ਸਵਾਰੀ, ਬੱਕਰੀਆਂ, ਘੋੜੀਆਂ ਅਤੇ ਹੋਰ ਜਾਨਵਰਾਂ ਸਬੰਧੀ ਜਾਣਕਾਰੀ, ਰਾਤਾਂ ਨੂੰ ਜਾਗਣ ਵਾਲੇ ਪੰਛੀਆਂ ਬਾਰੇ ਜਾਣਕਾਰੀ, ਡਾਇਨੋਸਾਰਜ਼ ਬਾਰੇ, ਬੇਬੀ ਸਿੰਟਿਗ ਵਰਕਸ਼ਾਪ, ਕਿੰਡਗਾਰਡਨ ਕਲਾਸਾਂ, ਫਰੈਂਚ, ਸਪੈਨਿਸ਼ ਪੜ੍ਹਾਈ ਕਰਵਾਈ ਜਾਂਦੀ ਹੈ। ਇਥੋਂ ਤੱਕ ਕਿ ਲੀਡਰਸ਼ਿਪ ਕਲਾਸਾਂ ਵੀ ਕਰਵਾਈਆਂ ਜਾਂਦੀਆਂ ਹਨ।

ਮੇਰੇ ਦੋਹਤੇ ਹਰ ਸਾਲ ਕੋਈ ਨਾ ਕੋਈ ਕਲਾਸਾਂ ਕਰਦੇ ਹਨ। ਏਸ ਸਾਲ ਵੀ ਉਨ੍ਹਾਂ ਨੇ ਕਲਾਸਾਂ ਕਰਨੀਆਂ ਸਨ। ਮੇਰੀ ਲੜਕੀ ਉਪਰੋਕਤ ਦਫਤਰ ਮੈਨੂੰ ਨਾਲ ਲੈ ਗਈ। ਇਹ ਦਫਤਰ ਕਲੋਵਿਸ ਯੂਨਾਈਟਿਡ ਸਕੂਲ ਡਿਸਟ੍ਰਿਕਟ ਦਾ ਦਫਤਰ ਸੀ, ਜਿਸ ਨੂੰ ਪੰਜਾਬ ਦਾ ਡਿਸਟ੍ਰਿਕਟ ਐਜੂਕੇਸ਼ਨ ਅਫਸਰ ਦਾ ਦਫਤਰ ਕਿਹਾ ਜਾ ਸਕਦਾ ਹੈ। ਅਸੀਂ ਸਬੰਧਤ ਕਰਮਚਾਰੀ ਕੋਲ ਪਹੁੰਚੇ। ਉਸ ਨੇ ਸਾਨੂੰ ਆਉਂਦਿਆਂ ਹੀ ਗੁੱਡ ਮਾਰਨਿੰਗ ਕਹੀ। ਨਾਲ ਹੀ ਪੁੱਛਿਆ, "ਮੈਂ ਤੁਹਾਡੀ ਕੀ ਮੱਦਦ ਕਰ ਸਕਦਾ ਹਾਂ।" ਮੇਰੀ ਲੜਕੀ ਨੇ ਬੱਚਿਆਂ ਦੀਆਂ ਕਲਾਸਾਂ ਲੈਣ ਬਾਰੇ ਦੱਸਿਆ। ਕਲਰਕ ਨੇ ਫਾਰਮ ਭਰਨ ਲਈ ਦਿੱਤੇ। ਲੜਕੀ ਨੇ ਫਾਰਮ ਭਰੇ। ਕਰੈਡਿਟ ਕਾਰਡ ਰਾਹੀਂ ਫੀਸ ਜਮਾਂ ਕਰਵਾਈ। ਧੰਨਵਾਦ ਕਰਦੇ ਹੋਏ ਅਸੀਂ ਬਾਹਰ ਆ ਗਏ। ਮੇਰਾ ਖਿਆਲ ਹੈ 7/8 ਮਿੰਟਾਂ ਵਿਚ ਅਸੀਂ ਵਿਹਲੇ ਹੋ ਗਏ। ਮੇਰੀ ਲੜਕੀ ਤੋਂ ਬਾਅਦ ਜਿਹੜੇ ਹੋਰ ਇਸਤਰੀ, ਪੁਰਸ਼ ਇਨ੍ਹਾਂ ਕਲਾਸਾਂ ਵਿਚ ਆਪਣੇ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਆਉਂਦੇ ਗਏ, ਉਹ ਲਾਈਨ ਵਿਚ ਲੱਗਦੇ ਗਏ। ਕਿਸੇ ਨੇ ਲਾਈਨ ਵਿਚ ਘੁਸਪੈਠ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸਬੰਧਤ ਕਰਮਚਾਰੀ ਕੰਮ ਕਰਦਾ ਰਿਹਾ। ਕੰਮ ਨਿਬੜਣ ਤੇ ਇਸਤਰੀ ਪੁਰਸ਼ ਧੰਨਵਾਦ ਕਰਕੇ ਵਾਪਸ ਜਾਂਦੇ ਰਹੇ।

ਹੁਣ ਲਵੋ ਮੇਰੇ ਭਾਰਤ ਦੇਸ਼ ਮਹਾਨ ਦੀ ਗੱਲ ? ਅਗਾਂਹ ਵਧੂ ਮੰਨੇ ਜਾਂਦੇ ਸੂਬੇ ਪੰਜਾਬ ਵਿਚ ਇਨ੍ਹਾਂ ਵਿਚੋਂ ਕੋਈ ਵੀ ਕਲਾਸ/ਕੋਰਸ ਨਾ ਮੁਫਤ ਨਾ ਪੈਸੇ ਲੈ ਕੇ ਸਰਕਾਰ ਵਲੋਂ ਕਰਵਾਈ ਜਾਂਦੀ ਹੈ। ਹਾਂ, ਪ੍ਰਾਈਵੇਟ ਵਿਅਕਤੀ, ਅਦਾਰੇ ਪੈਸੇ ਲੈ ਕੇ ਥੋੜੇ ਕੁ ਕੰਮਾਂ ਦੀ ਟ੍ਰੇਨਿੰਗ ਜ਼ਰੂਰ ਦੇਣ ਲੱਗ ਪਏ ਹਨ। ਅਸੀਂ ਭਾਰਤ ਵਾਸੀ "ਬੱਚੇ ਦੇਸ਼ ਦਾ ਧਨ ਹਨ। ਬੱਚੇ ਕੌਮ ਦੇ ਪਿਤਾ ਹਨ। ਬੱਚੇ ਕੌਮੀ ਉਸਾਰੀ ਦਾ ਥੰਮ ਹਨ।" ਦੀਆਂ ਜ਼ਬਾਨੀ ਉੱਚੀ ਉੱਚੀ ਟਾਹਰਾਂ ਤਾਂ ਬਹੁਤ ਮਾਰਦੇ ਹਾਂ ? ਪਰ ਕਰਕੇ ਕੁਝ ਨਹੀਂ ? ਏਥੇ ਬਹੁ-ਸੰਮਤੀ ਬੱਚਿਆਂ ਨੂੰ ਤਾਂ ਪੌਸ਼ਟਿਕ ਖ਼ੁਰਾਕ ਹੀ ਨਹੀਂ ਮਿਲਦੀ ? ਨੰਗ ਢਕਣ ਨੂੰ ਕੱਪੜਾ ਨਹੀਂ ਮਿਲਦਾ ? ਬਾਕੀ ਸਹੂਲਤਾਂ ਦੀ ਗੱਲ ਤਾਂ ਛੱਡੋ ?

ਆਰਥਿਕ ਵਿਗਿਆਨ ਦਾ ਇਕ ਸਿਧਾਂਤ ਹੈ, ਡੀਮਾਂਡ ਐਂਡ ਸਪਲਾਈ। ਜਿੱਥੇ ਡੀਮਾਂਡ ਘੱਟ ਹੋਵੇ। ਸਪਲਾਈ ਜ਼ਿਆਦਾ ਹੋਵੇ। ਉਨ੍ਹਾਂ ਵਸਤਾਂ ਦੀ ਕੀਮਤ ਬਹੁਤ ਘੱਟ ਜਾਂਦੀ ਹੈ। ਇਹ ਡੀਮਾਂਡ ਸਪਲਾਈ ਦਾ ਸਿਧਾਂਤ ਹੁਣ ਸਾਡੀ ਜਨ ਸੰਖਿਆ ਤੇ ਪੂਰਾ ਢੁੱਕਦਾ ਹੈ। ਇਥੋਂ ਦੀ ਲੋੜੋ ਵੱਧ ਜੰਨ ਸੰਖਿਆ ਨੇ ਮਨੁੱਖੀ ਜੀਵਨ ਨੂੰ ਬਹੁਤ ਹੀ ਸੱਸਤਾ ਕਰ ਦਿੱਤਾ ਹੈ। ਅੱਜ ਮਨੁੱਖ ਦੀ ਕਦਰ ਕੁੱਤੇ ਬਿੱਲੀਆਂ ਦੀ ਕਦਰ ਨਾਲੋਂ ਵੀ ਘੱਟ ਹੈ। ਸਾਡੀ

ਕੋਈ ਸਰਕਾਰ ਆ ਜਾਵੇ, ਕਿਸੇ ਨੇ ਵੀ ਜਨ ਸੰਖਿਆ ਕੇ ਕੰਟਰੋਲ ਕਰਨ ਲਈ ਕੋਈ ਵੀ ਅਸਰਦਾਰ ਨੀਤੀ ਨਹੀਂ ਬਣਾਈ। ਅਸੀਂ ਜਨ ਸੰਖਿਆਂ ਵਿਚ ਬਹੁਤ ਛੇਤੀ ਦੁਨੀਆਂ ਦਾ ਪਹਿਲਾ ਮੁਲਕ ਬਣ ਕੇ ਗੋਲਡ ਮੈਡਲ ਜਿੱਤਣ ਜਾ ਰਹੇ ਹਾਂ ਕਿਉਂ ਜੋ ਅਸੀਂ ਦੁਨੀਆਂ ਦੀਆਂ ਗੇਮਾਂ ਵਿਚੋਂ ਤਾਂ ਗੋਲਡ ਮੈਡਲ ਪ੍ਰਾਪਤ ਨਹੀਂ ਕਰ ਸਕੇ ? ਸਰਕਾਰੀ ਤੌਰ ਤੇ ਬੱਚਿਆਂ ਨੂੰ ਛੁੱਟੀਆਂ ਵਿਚ ਕਲਾਸਾਂ ਕਰਵਾਉਣ ਲਈ ਸਰਕਾਰ ਕੋਲੋ ਕੋਈ ਨੀਤੀ ਨਹੀਂ ਹੈ। ਸਕੂਲਾਂ ਵਿਚ ਮਾਸਟਰ ਨਹੀਂ ਹਨ। ਸਰਕਾਰ ਕੋਲ ਵਜ਼ੀਰਾਂ, ਪਾਰਲੀਮੈਂਟਰੀ ਸੈਕਟਰੀਆਂ ਨੂੰ ਬਣਾਉਣ ਤੇ ਉਨ੍ਹਾਂ ਦੀ ਪਾਲ ਪੋਸਣਾ ਲਈ ਨੀਤੀਆਂ ਬਹੁਤ ਹਨ ?

ਜੇਕਰ ਕੋਈ ਕਲਰਕ ਪਾਤਸ਼ਾਹਾਂ ਦਾ ਗਦੀ ਗੇੜ ਪਾਇਆ, ਭੁੱਲਿਆ ਭਟਕਿਆ ਕੋਈ ਇਸਤਰੀ ਪੁਰਸ਼ ਇਨ੍ਹਾਂ ਡਿਸਟ੍ਰਿਕਟ ਐਜੂਕੇਸ਼ਨ ਅਫਸਰਾਂ ਦੇ ਦਫਤਰ ਵਿਚ ਚਲਿਆ ਜਾਵੇ ਤਾਂ ਦਫਤਰ ਦੇ ਬਾਬੂ ਨੇ ਉਸ ਨੂੰ ਸਤਿ ਸ੍ਰੀ ਅਕਾਲ ਤਾਂ ਕੀ ਬੁਲਾਉਣੀ ਹੈ, ਉਹ ਦੀ ਬੁਲਾਈ ਸਤਿ ਸ੍ਰੀ ਅਕਾਲ ਦਾ ਜਵਾਬ ਵੀ ਨਹੀਂ ਦਿੰਦੇ ? ਜੇਕਰ ਕੋਈ ਜਵਾਬ ਦੇਣ ਦੀ ਗਲਤੀ ਕਰ ਵੀ ਲਵੇ ਤਾਂ ਉਸ ਦਾ ਬੂਥਾ ਵੇਖਣ ਵਾਲਾ ਹੁੰਦਾ ਹੈ ? ਜਿਸ ਨੇ ਮੂੰਹ ਹੀ ਅਜੇਹਾ ਬਣਾ ਲਿਆ ਹੋਵੇ, ਉਸ ਤੋਂ ਤੁਸੀਂ ਕੰਮ ਹੋਣ ਦੀ ਕੀ ਆਸ ਰੱਖ ਸਕਦੇ ਹੋ ? ਸਾਰੇ ਦਫਤਰਾਂ ਵਿਚ ਹੀ ਇਹ ਹਾਲ ਹੈ ?

ਮੇਰੇ ਦਾਦਾ ਜੀ ਇਕ ਕਹਾਣੀ ਸੁਣਾਉਂਦੇ ਹੁੰਦੇ ਹਨ। "ਕਿਸੇ ਨੇ ਨੂੰਹਿਆਂ ਤੋਂ ਪੁੱਛਿਆ, ਤੁਹਾਡਾ ਸਰਦਾਰ ਕਿਹੜਾ ਹੈ ? ਉਸ ਦਾ ਜਵਾਬ ਸੀ, ਕਿਸੇ ਦੀ ਪੂਛ ਨੂੰ ਹੱਥ ਲਾ ਕੇ ਦੇਖ ਲੋ, ਤੁਹਾਨੂੰ ਆਪੇ ਪਤਾ ਲੱਗ ਜਾਵੇਗਾ ? ਸਰਦਾਰ ਕਿਹੜਾ ਹੈ ?" ਭਾਰਤ ਵਿਚ ਤਾਂ ਹਰ ਮਹਿਕਮੇ ਦੇ ਦਫਤਰਾਂ ਦਾ ਆਵਾ ਹੀ ਊਤਿਆ ਹੋਇਆ ਹੈ ? ਇਥੋਂ ਦੇ ਸਾਰੇ ਦਫਤਰ ਹੀ ਰਿਸ਼ਵਤ ਨਾਲ ਚੱਲਦੇ ਹਨ। ਕਿਸੇ 'ਚ ਥੋੜੀ ਹੈ, ਕਿਸੇ 'ਚ ਬਹੁਤੀ ਹੈ। ਸਾਰੇ ਦਫਤਰ ਹੀ ਲੀਰਾਂ ਦੀਆਂ ਖੁੱਦੋਆਂ ਹਨ। ਕਿਸੇ ਖੁੱਦੋ ਨੂੰ ਖੋਲ੍ਹ ਕੇ ਵੇਖ ਲੋ, ਲੀਰਾਂ ਹੀ ਨਿਕਲਣ ਗੀਆਂ ? ਸਾਡੇ ਦਫਤਰਾਂ ਨੂੰ, ਮਹਿਕਮਿਆਂ ਨੂੰ ਕੋਈ ਪਰਾ ਸ਼ਕਤੀ ਹੀ ਚਲਾਉਂਦੀ ਹੈ, ਜਿਸ ਨੂੰ ਵੱਖ ਵੱਖ ਮਜ੍ਹਬਾਂ, ਵੱਖ-ਵੱਖ ਸ਼੍ਰੇਣੀਆਂ, ਵੱਖ-ਵੱਖ ਕਬੀਲਿਆਂ ਨੇ ਰੱਬ, ਪ੍ਰਮਾਤਮਾ, ਵਾਹਿਗੁਰੂ, ਰਾਮ, ਰਹੀਮ, ਕ੍ਰਿਸ਼ਨ, ਗਾਡ ਜਾਂ ਹੋਰ ਪਤਾ ਨਹੀਂ ਕੀ ਕੀ ਨਾਂ ਦਿੱਤਾ ਹੋਇਆ ਹੈ।

# ਡਿਜ਼ਨੀਲੈਂਡ ਆਫ ਲਾਸ ਏਂਜਲਸ

ਲਾਸ ਏਂਜਲਸ ਦੇ ਡਿਜ਼ਨੀਲੈਂਡ ਦੇ ਅੱਖੀ ਡਿੱਠੇ ਹਾਲ ਦੱਸਣ ਤੋਂ ਪਹਿਲਾਂ ਮੈਂ ਤੁਹਾਨੂੰ ਲਾਸ ਏਂਜਲਸ ਸ਼ਹਿਰ ਬਾਰੇ ਥੋੜ੍ਹਾ ਵਿਸਥਾਰ ਨਾਲ ਦੱਸਣਾ ਜ਼ਰੂਰੀ ਸਮਝਦਾ ਹਾਂ। ਲਾਸ ਏਂਜਲਸ ਸ਼ਹਿਰ ਦਾ ਛੋਟਾ ਨਾਂ ਐਲ. ਏ. ਹੈ। ਇਸ ਨੂੰ ਦੇਵਤਿਆਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਲਾਸ ਏਂਜਲਸ ਸ਼ਹਿਰ ਕੈਲੀਫੋਰਨੀਆਂ ਸੂਬੇ ਦਾ ਸਭ ਤੋਂ ਵੱਡਾ ਸ਼ਹਿਰ ਹੈ। ਅਮਰੀਕਾ ਦਾ ਇਹ ਦੂਜੇ ਨੰਬਰ ਦਾ ਵੱਡਾ ਸ਼ਹਿਰ ਹੈ। ਅਮਰੀਕਾ ਦਾ ਪਹਿਲਾ ਵੱਡਾ ਸ਼ਹਿਰ ਨਿਊਯਾਰਕ ਹੈ। ਐਲ. ਏ. ਸ਼ਹਿਰ ਦੀ ਸਾਲ 2006 ਵਿਚ 38 ਲੱਖ ਦੀ ਆਬਾਦੀ ਸੀ। ਆਬਾਦੀ ਦਾ ਜ਼ਿਆਦਾ ਹਿੱਸਾ ਸ਼ਹਿਰ ਦੀ ਲਾਂਗ ਬੀਚ ਤੇ ਸੈਂਟਾ ਐਨਾ ਏਰੀਏ ਵਿਚ ਰਹਿੰਦਾ ਹੈ। ਏਸ ਏਰੀਏ ਵਿਚ ਦੁਨੀਆਂ ਦੇ ਬਹੁਤੇ ਹਿੱਸੇ ਦੇ ਲੋਕ ਰਹਿੰਦੇ ਹਨ। 100 ਤੋਂ ਵੱਧ ਭਾਸ਼ਾਵਾਂ ਬੋਲਦੇ ਹਨ। ਉਂਜ ਐਲ. ਏ. ਵਿਚ 140 ਦੇਸ਼ਾਂ ਦੇ ਲੋਕ ਰਹਿੰਦੇ ਹਨ। ਏਥੋਂ ਦੀਆਂ ਵਸੀਆਂ ਬਸਤੀਆਂ ਵਿਚ ਲਿਟਲ ਇੰਡੀਆ ਬਸਤੀ ਵੀ ਹੈ। ਐਲ. ਏ. 469 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਇਹ ਸ਼ਹਿਰ ਲਾਸ ਏਂਜਲਸ ਕਾਊਂਟੀ ਦਾ ਹੈਡ ਕੁਆਰਟਰ ਵੀ ਹੈ। ਏਸ ਕਾਊਂਟੀ ਦੀ ਆਬਾਦੀ ਅਮਰੀਕਾ ਦੀਆਂ ਸਾਰੀਆਂ ਕਾਊਂਟੀਆਂ ਨਾਲੋਂ ਵੱਧ ਹੈ। ਐਲ. ਏ. ਸ਼ਹਿਰ ਵਿਚ ਸਾਰੀ ਦੁਨੀਆਂ ਨਾਲੋਂ ਵੱਧ ਕਾਰਾਂ ਹਨ। ਦੋ ਬੰਦਿਆਂ ਮਗਰ ਇਕ ਕਾਰ ਹੈ।

ਐਲ. ਏ. ਸ਼ਹਿਰ ਦੀ ਸਥਾਪਨਾ ਸਾਲ 1781 ਵਿਚ ਸਪੇਨ ਦੇ ਇਕ ਗਵਰਨਰ ਨੇ

ਕੀਤੀ ਸੀ। ਜਦ ਮੈਕਸੀਕੋ ਨੇ ਸਪੇਨ ਤੋਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਸਾਲ 1821 ਵਿਚ ਐਲ. ਏ. ਮੈਕਸੀਕੋ ਦਾ ਹਿੱਸਾ ਬਣ ਗਿਆ। ਸਾਲ 1848 ਵਿਚ ਮੈਕਸੀਕੋ ਅਮਰੀਕਾ ਦੀ ਜੰਗ ਦੇ ਖਾਤਮੇ ਪਿੱਛੋਂ ਐਲ. ਏ. ਅਮਰੀਕਾ ਦੇ ਕਬਜ਼ੇ ਵਿਚ ਆ ਗਿਆ। ਸਾਲ 1850 ਵਿਚ ਏਥੇ ਮਿਊਸਪਲਟੀ ਬਣੀ। ਸਾਲ 1876 ਵਿਚ ਏਥੇ ਰੇਲਵੇ ਲਾਈਨ ਆਈ। ਲਾਈਟ ਰੇਲ ਸਿਸਟਮ ਵਿਚ ਐਲ. ਏ. ਦਾ ਅਮਰੀਕਾ ਵਿਚ ਤੀਜਾ ਸਥਾਨ ਹੈ। ਸਾਲ 1892 ਵਿਚ ਏਥੇ ਤੇਲ ਦੀ ਲੱਭਤ ਹੋਈ। ਸਾਲ 1923 ਵਿਚ ਐਲ. ਏ. ਸਾਰੀ ਦੁਨੀਆਂ ਦੇ ਤੇਲ ਦਾ ਤੀਜਾ ਹਿੱਸਾ ਪੈਦਾ ਕਰਦਾ ਸੀ।

ਸਾਲ 1900 ਵਿਚ ਐਲ. ਏ. ਦੀ ਆਬਾਦੀ ਇਕ ਲੱਖ ਤੋਂ ਉਪਰ ਹੋ ਗਈ। ਹਵਾਈ ਜਹਾਜ਼ਾਂ ਦੇ ਕਾਰਖਾਨੇ ਤੇ ਮੋਸ਼ਨ ਪਿਕਚਰਜ਼ ਬਣਾਉਣ ਦੇ ਵਪਾਰ ਦੇ ਆਉਣ ਕਰਕੇ 1932 ਵਿਚ ਆਬਾਦੀ 10 ਲੱਖ ਤੋਂ ਉਪਰ ਹੋ ਗਈ। ਸਾਲ 1932 ਵਿਚ ਏਥੇ ਗਰਮੀ ਦੀਆਂ ਓਲੰਪਿਕ ਗੇਮਾਂ ਹੋਈਆਂ। ਸਾਲ 1984 ਵਿਚ ਏਥੇ ਦੂਜੀ ਵਾਰ ਗਰਮੀ ਦੀਆਂ ਓਲੰਪਿਕ ਖੇਡਾਂ ਹੋਈਆਂ। ਐਲ. ਏ. ਦੀ ਭੂਗੋਲਿਕ ਸਥਿਤੀ ਅਜੇਹੀ ਹੈ ਕਿ ਏਥੇ ਹਰ ਸਾਲ ਤਕਰੀਬਨ 10,000 ਛੋਟੇ ਛੋਟੇ ਭੁਚਾਲ ਆਉਂਦੇ ਹਨ। ਸਾਲ 1933, 1971, 1987, ਤੇ 1994 ਵਿਚ ਏਥੇ ਵੱਡੇ ਭੂਚਾਲ ਵੀ ਆਏ ਹਨ।

ਐਲ. ਏ. ਸ਼ਾਂਤ ਮਹਾਂਸਾਗਰ ਦੇ ਕੰਢੇ ਤੇ ਵਸਿਆ ਹੋਣ ਕਰਕੇ ਏਥੇ ਸਾਰਾ ਸਾਲ ਧੁੰਦ ਛਾਈ ਰਹਿੰਦੀ ਹੈ। ਜਿਸ ਕਰਕੇ ਏਥੋਂ ਦਾ ਪੌਣ ਪਾਣੀ ਸਾਰਾ ਸਾਲ ਠੰਡਾ ਜਿਹਾ ਰਹਿੰਦਾ ਹੈ। ਏਥੋਂ ਦੀਆਂ ਵਧੀਆ ਥਾਵਾਂ ਵਿਚ ਚਾਈਨਾ ਟਾਊਨ, ਕੋਰੀਆ ਟਾਊਨ, ਲਿਟਲ ਟੋਕੀਓ, ਡਿਜ਼ਨੀ ਕਨਸਰਟ ਹਾਲ, ਕੌਡਕ ਥੀਏਟਰ, ਗੈਟੀ ਥੀਏਟਰ, ਐਲ. ਏ. ਕਾਊਂਟੀ ਮਿਊਜ਼ੀਅਮ ਆਫ ਆਰਟ, ਚਾਈਨੀਜ਼ ਥੀਏਟਰ, ਹੌਲੀਵੁੱਡ ਸਾਈਨ, ਕੈਪੀਟਲ ਰੀਕਾਰਡਜ਼ ਟਾਵਰ, ਐਲ. ਏ. ਸਿਟੀ ਹਾਲ, ਹੌਲੀਵੁੱਡ ਬੌਊਲ ਵਾਟਸ ਟਾਵਰਜ਼, ਐਲ. ਏ. ਸੈਂਟਰਲ ਲਾਇਬ੍ਰੇਰੀ ਆਦਿ ਸ਼ਾਮਲ ਹਨ।

ਰਾਤ ਨੂੰ ਵੇਖਣ ਵਾਲੀਆਂ ਮਸ਼ਹੂਰ ਥਾਵਾਂ ਵਿਚ ਐਲ. ਏ. ਦਾ ਡਾਊਨ ਟਾਊਨ ਤੇ ਸਿਲਵਰ ਲੇਕ ਹਨ। ਡੁੱਬਦੇ ਸੂਰਜ ਦਾ ਨਜ਼ਾਰਾ ਵੇਖਣ ਲਈ ਏਥੋਂ ਦੀ ਹੌਲੀਵੁੱਡ ਤੇ ਵੈਸਟ ਹੌਲੀਵੁੱਡ ਦੀਆਂ ਥਾਵਾਂ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ। ਏਥੋਂ ਖਰੀਦਦਾਰੀ ਲਈ ਮਸ਼ਹੂਰ ਥਾਵਾਂ ਹੌਲੀਵੁੱਡ ਐਂਡ ਹਾਈਲੈਂਡ ਕੰਪਲੈਕਸ, ਬੀਵਰਲੀ ਸੈਂਟਰ, ਮਿਲਰੋਜ਼ ਐਵੇਨਿਉ, Robert boulevord Rodeo Drive, The grove, westside pawilion, The promenade at howard hughes center and Venice Board walk ਹਨ।

ਐਲ. ਏ. ਵਿਚ ਵੱਖ ਵੱਖ ਜਾਤੀਆਂ ਦੇ ਲੋਕ ਰਹਿੰਦੇ ਹਨ। ਏਥੇ ਹਿੰਦੂ ਧਰਮ ਤੇ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਰਹਿੰਦੇ ਹਨ। ਸਾਲ 1900 ਵਿਚ ਏਥੇ ਹਿੰਦੂ ਸਵਾਮੀਆਂ ਦਾ ਆਉਣਾ ਸ਼ੁਰੂ ਹੋ ਗਿਆ। ਸਾਲ 1920 ਵਿਚ ਏਥੇ ਸਵਾਮੀ ਪਰਮਹੰਸ ਯੋਗੰਦਾ ਆਏ। ਮਹਾਂਰਿਸ਼ੀ ਮਹੇਸ਼ ਯੋਗੀ ਨੇ ਸਾਲ 1950 ਵਿਚ Transcendental Meditation Movement ਇੰਦਰੀਆਂ ਦੀ ਪਹੁੰਚ ਤੋਂ ਪਰੇ ਸਮਾਧੀ ਲਾਉਣ ਦੀ ਲਹਿਰ ਸ਼ੁਰੂ ਕੀਤੀ। ਏਥੇ ਕ੍ਰਿਸ਼ਨਾ ਮੰਦਰ ਬਣਿਆ ਹੋਇਆ ਹੈ। ਏਥੇ 8 ਗੁਰੂਦਵਾਰੇ ਹਨ। ਏਥੇ ਇਕ ਇੰਡੀਅਨ ਬਾਜ਼ਾਰ ਹੈ, ਜਿਥੋਂ ਇੰਡੀਅਨ ਦੀ ਹਰ ਵਸਤ ਮਿਲਦੀ ਹੈ।

ਐਲ. ਏ. ਦੀ ਆਮਦਨ ਦਾ ਮੁੱਖ ਸਾਧਨ ਅੰਤਰ-ਰਾਸ਼ਟਰੀ ਵਪਾਰ ਹੈ। ਏਸ ਵਪਾਰ ਵਿਚ ਟੈਲੀਵੀਜ਼ਨ, ਮੋਸ਼ਨ ਪਿਕਚਰਜ਼, ਹਵਾਈ ਜਹਾਜ਼ਾਂ ਦੇ ਕਾਰਖਾਨੇ, ਪਟਰੌਲ ਦੇ ਕਾਰਖਾਨੇ, ਫੈਸ਼ਨ, ਬੈਂਕ, ਵਿੱਤੀ ਸੰਸਥਾਵਾਂ, ਮੈਡੀਸ਼ਨ, ਦੂਰ ਸੰਚਾਰ ਯੰਤਰ, ਤਕਨੀਕੀ ਸੰਸਥਾਵਾਂ, ਟੂਰਿਜ਼ਮ ਤੋਂ ਆਮਦਨ ਹੈ। ਬਹੁਤ ਸਾਰੀਆਂ ਬੈਂਕਾਂ ਤੇ ਵਿੱਤੀ ਸੰਸਥਾਵਾਂ ਤੇ ਕੰਪਨੀਆਂ ਦੇ ਹੈਡ ਕੁਆਰਟਰ ਐਲ. ਏ. ਵਿਚ ਹਨ। ਅਮਰੀਕਾ ਵਿਚੋਂ ਸਭ ਤੋਂ ਵੱਧ ਕਾਰਖਾਨੇ ਐਲ. ਏ. ਵਿਚ ਹਨ।

ਵਪਾਰ ਦੇ ਵਾਧੇ ਲਈ ਏਥੇ 6 ਵਪਾਰਕ ਹਵਾਈ ਅੱਡੇ ਹਨ। ਕਈ ਜਨਰਲ ਹਵਾਈ ਅੱਡੇ ਹਨ। ਸਭ ਤੋਂ ਵੱਡਾ ਹਵਾਈ ਅੱਡਾ ਏਥੋਂ ਦਾ ਅੰਤਰ ਰਾਸ਼ਟਰੀ ਹਵਾਈ ਅੱਡਾ ਹੈ। ਦੁਨੀਆਂ ਦੇ ਹਵਾਈ ਅੱਡਿਆਂ ਵਿਚੋਂ ਏਸ ਦਾ ਤੀਜਾ ਨੰਬਰ ਹੈ। ਸਾਲ 2006 ਵਿਚ ਏਥੇ 6 ਕਰੋੜ 10 ਲੱਖ ਯਾਤਰੀ ਆਏ। 20 ਲੱਖ ਟਨ ਭਾਰ ਜਹਾਜ਼ਾਂ ਨੇ ਢੋਇਆ। ਵਪਾਰ ਦੀ ਆਮਦਨ ਦੇ ਵਾਧੇ ਵਿਚ ਦੂਜਾ ਹੱਥ ਏਥੋਂ ਦੀ ਬੰਦਰਗਾਹ ਹੈ। ਐਲ. ਏ. ਦੀ ਬੰਦਰਗਾਹ ਅਮਰੀਕਾ ਦੀ ਸਭ ਤੋਂ ਵੱਡੀ ਬੰਦਰਗਾਹ ਹੈ। ਦੁਨੀਆਂ ਦੀਆਂ ਬੰਦਰਗਾਹਾਂ ਵਿਚੋਂ ਏਸ ਦਾ ਪੰਜਵਾਂ ਨੰਬਰ ਹੈ। ਐਲ. ਏ. ਸਿਟੀ ਨੂੰ ਅਮਰੀਕਾ ਦੇ ਅਪਰਾਧੀਆਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਹੈ। ਮਈ 2001 ਦੀ ਇਕ ਰੀਪੋਰਟ ਅਨੁਸਾਰ ਐਲ. ਏ. ਕਾਊਂਟੀ ਵਿਚ 1350 ਅਪਰਾਧੀਆਂ ਦੇ ਸੰਗਠਿਤ ਟੋਲੇ ਸਨ। ਇਹ ਅਪਰਾਧੀ ਟੋਲੇ ਕੁਝ ਗਿਣਤੀ ਦੇ ਇਲਾਕਿਆਂ ਵਿਚ ਸਨ।

ਵਿਦਿਆ ਪੱਖੋਂ ਏਥੇ ਕੋਈ ਮਸ਼ਹੂਰ ਯੂਨੀਵਰਸਿਟੀਆਂ ਹਨ। ਤਿੰਨ ਸਰਕਾਰੀ ਯੂਨੀਵਰਸਿਟੀਆਂ, ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਐਲ. ਏ. (CSULA), ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਨਾਰਥਰਿਜ਼ (CSUN) ਤੇ ਯੂਨੀਵਰਸਿਟੀ ਆਫ ਕੈਲੀਫੋਰਨੀਆਂ ਐਲ. ਏ. (UCLA) ਤਾਂ ਐਲ. ਏ. ਸ਼ਹਿਰ ਵਿਚ ਹੀ ਹਨ। ਸ਼ਹਿਰ ਵਿਚ ਹੋਰ ਬਹੁਤ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਹਨ। ਇਨ੍ਹਾਂ ਵਿਚੋਂ ਲੋਔਲਾ ਮੈਰੀਮੌਂਟ ਯੂਨੀਵਰਸਿਟੀ (LMU), ਯੂਨੀਵਰਸਿਟੀ ਆਫ ਸਦਰਨ ਕੈਲੀਫੋਰਨੀਆਂ (USC) ਪ੍ਰਸਿੱਧ ਹਨ। ਬਹੁਤ ਸਾਰੇ ਪ੍ਰਾਈਵੇਟ ਕਾਲਜ ਹਨ। ਇਨ੍ਹਾਂ ਵਿਚ ਵਿਸ਼ੇਸ਼ ਨਾਂ ਸੇਂਟ ਮੈਰੀਜ਼ ਕਾਲਜ ਤੇ ਔਕਸੀਡੈਂਟਲ ਕਾਲਜ (OXY) ਦਾ ਹੈ। ਵਿਦਿਅਕ ਖੇਤਰ ਵਿਚ ਹੋਰ ਬਹੁਤ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਅਕੈਡਮੀਆਂ, ਸੰਸਥਾਵਾਂ ਤੇ ਕਾਲਜ ਹਨ।

ਹੁਣ ਮੈਂ ਤੁਹਾਨੂੰ ਡਿਜ਼ਨੀਲੈਂਡ ਦਾ ਥੋੜਾ ਜਿਹਾ ਇਤਿਹਾਸ ਦੱਸਦਾ ਹਾਂ।

ਡਿਜ਼ਨੀਲੈਂਡ ਐਲ. ਏ. ਸ਼ਹਿਰ ਵਿਚ ਸਥਿਤ ਹੈ। ਏਸ ਦਾ ਜਨਮ ਦਾਤਾ ਵਾਲਟ ਡਿਜ਼ਨੀ ਹੈ। ਇਕ ਦਿਨ ਵਾਲਟ ਡਿਜ਼ਨੀ ਨੇ ਕਲਪਨਾ ਕੀਤੀ ਕਿ ਇਕ ਅਜੇਹੀ ਜਗਾ ਬਣਾਈ ਜਾਵੇ ਜਿਥੇ ਬੱਚੇ ਅਤੇ ਉਨ੍ਹਾਂ ਦੇ ਮਾਂ ਬਾਪ ਇਕੱਠੇ ਹਾਸਾ-ਠੱਠਾ, ਖੇਡ-ਕੁੱਦ ਕਰ ਸਕਣ। ਏਸ ਮੰਤਵ ਲਈ ਵਾਲਟ ਡਿਜ਼ਨੀ ਨੇ ਇਕ ਜਾਦੂ ਦੇ ਪਾਰਕ ਬਣਾਉਣ ਦਾ ਸੁਪਨਾ ਲਿਆ। ਜਾਦੂ ਦਾ ਪਾਰਕ ਬਣਾਉਣ ਲਈ ਉਸ ਨੇ Santa Ana ਤੇ Boulevard ਬੰਦਰਗਾਹ ਦੇ ਜੰਕਸ਼ਨ ਦੇ ਨੇੜੇ 160 ਏਕੜ ਜ਼ਮੀਨ ਖਰੀਦੀ। ਉਸ ਸਮੇਂ ਏਸ ਜ਼ਮੀਨ ਵਿਚ ਸੰਗਤਰਿਆਂ ਦਾ ਬਾਗ ਲੱਗਿਆ ਹੋਇਆ ਸੀ।

ਜੁਲਾਈ 1954 ਵਿਚ ਬਾਗ ਦੇ ਬੂਟਿਆਂ ਨੂੰ ਪੱਟ ਕੇ ਡਿਜ਼ਨੀਲੈਂਡ ਬਣਾਉਣਾ ਸ਼ੁਰੂ

ਕੀਤਾ ਗਿਆ। ਪਾਰਕ ਦੇ ਅੰਦਰ ਜਾਣ ਦੇ ਰਸਤੇ ਨੂੰ Main Street of U.S.A. ਦਾ ਨਾਂ ਦਿੱਤਾ ਗਿਆ। ਏਥੇ Adventureland, Frontierland,Fantasyland ਤੇ Tomorrowland ਬਣਾਏ ਗਏ। ਸਾਰੇ ਪਾਰਕ ਵਿਚ ਰੁੱਖ ਲਾਏ ਗਏ। ਪਾਰਕ ਬਣਾਉਣ ਵਿਚ ਸਭ ਤੋਂ ਜ਼ਿਆਦਾ ਮੁਸ਼ਕਲ Rivers of America ਬਣਾਉਣ ਸਮੇਂ ਆਈ। ਰੇਤਲੀ ਧਰਤੀ ਹੋਣ ਕਰਕੇ ਏਸ ਬਣਾਏ ਦਰਿਆ ਵਿਚ ਪਾਣੀ ਨਹੀਂ ਖੜ੍ਹਦਾ ਸੀ। ਸਾਰਾ ਪਾਣੀ ਧਰਤੀ ਵਿਚ ਜ਼ੀਰ ਜਾਂਦਾ ਸੀ। ਏਸ ਕਠਨਾਈ ਨੂੰ ਦੂਰ ਕਰਨ ਲਈ ਏਸ ਬਣਾਏ ਦਰਿਆ ਦੇ ਹੇਠਲੇ ਹਿੱਸੇ ਤੇ ਪਾਂਡੂ ਮਿੱਟੀ ਦੀ ਇਕ ਇੰਚ ਮੋਟੀ ਤਹਿ ਸੀਮਿੰਟ ਵਰਗੀ ਸਖਤਾਈ ਦੀ ਤਰ੍ਹਾਂ ਬਣਾਈ ਗਈ। ਏਸ ਤਹਿ ਨਾਲ ਪਾਣੀ ਖੜਨਾ ਸ਼ੁਰੂ ਹੋ ਗਿਆ।

ਡਿਜ਼ਨੀਲੈਂਡ ਨੂੰ ਬਣਾਉਣ ਲਈ ਦਿਨ ਰਾਤ ਕੰਮ ਚਲਦਾ ਰਹਿੰਦਾ ਸੀ। ਏਸ ਨੂੰ ਬਣਾਉਣ ਲਈ ਇਕ ਕਰੋੜ 70 ਲੱਖ ਡਾਲਰ ਖਰਚ ਆਏ ਸਨ। ਸਾਲ 1955 ਵਿਚ ਡਿਜ਼ਨੀਲੈਂਡ ਦੇ ਉਦਘਾਟਨ ਲਈ 6 ਹਜ਼ਾਰ ਲੋਕਾਂ ਨੂੰ ਸੱਦਾ ਪੱਤਰ ਭੇਜੇ ਗਏ। ਪਰ ਲੋਕਾਂ ਦੀ ਡਿਜ਼ਨੀਲੈਂਡ ਨੂੰ ਵੇਖਣ ਦੀ ਖਿੱਚ ਐਨੀ ਸੀ ਕਿ ਉਦਘਾਟਨ ਸਮਾਰੋਹ ਦੀਆਂ 28 ਹਜ਼ਾਰ ਟਿਕਟਾਂ ਵਿਕ ਗਈਆਂ। ਇਹ ਇਕ ਯਾਦਗਾਰੀ ਉਦਘਾਟਨ ਸੀ। ਉਦਘਾਟਨ ਸਮੇਂ ਪਾਰਕ ਦੇ Town Square ਵਿਚ ਖੜਾ ਵਾਲਟ ਡਿਜ਼ਨੀ ਆਪਣੇ ਦੁਆਲੇ ਲੋਕਾਂ ਦੇ ਖੜੇ ਇਕੱਠ ਨੂੰ ਵੇਖ ਕੇ ਆਪਣੀ ਬਣਾਈ ਏਸ ਮਨੋਰੰਜਨ ਦੀ ਰਾਜਧਾਨੀ ਤੇ ਫਖਰ ਮਹਿਸੂਸ ਕਰ ਰਿਹਾ ਸੀ।

ਵਾਲਟ ਦੀ ਉਮਰ ਉਸ ਸਮੇਂ 53 ਸਾਲ ਸੀ। ਸਾਲ 1965 ਤੱਕ ਡਿਜ਼ਨੀਲੈਂਡ ਨੂੰ 5 ਕਰੋੜ ਟੂਰਿਸ਼ਟ ਵੇਖ ਚੁੱਕੇ ਸਨ। ਅੱਜ ਸਾਲ 2005 ਤੱਕ ਭਾਵ 40 ਹੋਰ ਸਾਲਾਂ ਵਿਚ ਕਿੰਨੇ ਟੂਰਿਸ਼ਟਾਂ ਨੇ ਡਿਜ਼ਨੀਲੈਂਡ ਵੇਖਿਆ ਹੋਵੇਗਾ, ਇਹ ਅੰਦਾਜ਼ਾ ਤੁਸੀਂ ਆਪ ਲਾ ਸਕਦੇ ਹੋ ? ਵਾਲਟ ਡਿਜ਼ਨੀ ਚਾਹੇ ਅੱਜ ਆਪਣੇ ਏਸ ਬਣਾਏ ਅਧਭੁੱਤ ਮਨੋਰੰਜਨ ਪਾਰਕ ਨੂੰ 21ਵੀਂ ਸਦੀ ਵਿਚ ਪਹੁੰਚੇ ਹੋਏ ਨੂੰ ਵੇਖਣ ਲਈ ਏਸ ਸੰਸਾਰ ਵਿਚ ਨਹੀਂ ਹਨ, ਪਰ ਡਿਜ਼ਨੀਲੈਂਡ ਨੇ ਉਸ ਨੂੰ ਸਾਰੇ ਸੰਸਾਰ ਵਿਚ ਹਮੇਸ਼ਾ ਲਈ ਅਮਰ ਕਰ ਦਿੱਤਾ ਹੈ।

ਹੁਣ ਮੈਂ ਤੁਹਾਨੂੰ ਡਿਜ਼ਨੀਲੈਂਡ ਵੇਖੇ ਦਾ ਨਜ਼ਾਰਾ ਦੱਸਦਾ ਹਾਂ। ਡਿਜ਼ਨੀਲੈਂਡ ਵੇਖਣ ਦਾ ਸਬੱਬ ਬਣਿਆ ਮੇਰਾ ਬੜਾ ਦੋਹਤਾ ਮਨਰੀਤ। ਉਹ ਅੱਠਵੀਂ ਵਿਚ ਪੜ੍ਹਦਾ ਹੈ। ਸਕੂਲ ਦੀ ਬਾਲੀਵਾਲ ਟੀਮ ਦਾ ਮੈਂਬਰ ਹੈ। ਏਥੇ ਜਿਹੜੇ ਬੱਚੇ ਚੰਗੀ ਗੇਮ ਖੇਡਦੇ ਹਨ, ਉਨ੍ਹਾਂ ਨੂੰ ਸਕੂਲੀ ਪੜ੍ਹਾਈ ਦੇ ਨੰਬਰਾਂ ਦੇ ਨਾਲ ਨਾਲ ਗੇਮਾਂ ਵਿਚ ਚੰਗੇ ਹੋਣ ਦੇ ਨੰਬਰ ਵੀ ਮਿਲਦੇ ਹਨ। ਮੇਰੇ ਦੋਹਤੇ ਦੇ ਸਕੂਲ ਦੇ ਬਾਲੀਵਾਲ ਦੇ ਟੂਰਨਾਮੈਂਟ 24 ਜੂਨ 2005 ਨੂੰ ਦੁਪਹਿਰ ਤੋਂ ਬਾਅਦ ਐਲ. ਏ. ਵਿਚ ਸ਼ੁਰੂ ਹੋਣੇ ਸਨ। ਅਸੀਂ ਸਾਰਾ ਪਰਿਵਾਰ ਫਰਿਜ਼ਨੋ ਤੋਂ ਸਵੇਰੇ 9 ਵਜੇ ਚੱਲੇ। ਡੇਢ ਵਜੇ ਐਲ. ਏ. ਦੇ ਇਨਡੋਰ ਸਟੈਡੀਅਮ ਵਿਚ, ਜਿਥੇ ਮੈਚ ਹੋਣੇ ਸਨ, ਪਹੁੰਚ ਗਏ। ਢਾਈ ਵਜੇ ਮੈਚ ਸ਼ੁਰੂ ਹੋਏ। ਸਾਢੇ ਸੱਤ ਵਜੇ ਰਾਤ ਤੱਕ ਚਲਦੇ ਰਹੇ। 25 ਤੇ 26 ਜੂਨ ਨੂੰ ਵੀ ਟੂਰਨਾਮੈਂਟ ਚਲਦਾ ਰਿਹਾ।

27 ਜੂਨ ਨੂੰ ਸਵੇਰੇ ਅਸੀਂ ਐਲ. ਏ. ਦੇ ਇੰਡੀਅਨ ਬਾਜ਼ਾਰ ਵਿਚੋਂ ਛੋਲੇ ਤੇ ਪੂਰੀਆਂ ਨਾਲ ਨਾਸ਼ਤਾ ਕੀਤਾ। ਇੰਡੀਅਨ ਬਾਜ਼ਾਰ ਵਿਚ ਸਿਨਮਾ ਹਾਲ ਵੀ ਹਨ ਜਿਥੇ ਅਸੀਂ ਪਰਨੀਤਾ, ਬੰਟੀ ਤੇ ਬਬਲੀ ਦੋ ਹਿੰਦੀ ਦੀਆਂ ਪਿਕਚਰਾ 25 ਤੇ 26 ਜੂਨ ਦੀ ਰਾਤ

ਨੂੰ ਵੇਖੀਆਂ। ਡਿਜ਼ਨੀਲੈਂਡ ਨੂੰ ਵੇਖਣ ਲਈ ਅਸੀਂ 10 ਵਜੇ ਡਿਜ਼ਨੀਲੈਂਡ ਦੇ ਮੁੱਖ ਦੁਆਰ ਤੇ ਪਹੁੰਚ ਗਏ। ਪਾਰਕਿੰਗ ਵਿਚ ਕਾਰ ਖੜ੍ਹੀ ਕੀਤੀ। ਟਿਕਟਾਂ ਲੈਣ ਲਈ ਲੱਗੀ ਲਾਈਨ ਵਿਚ ਜਾ ਲੱਗੇ। ਟਿਕਟਾਂ ਦੇਣ ਲਈ ਕਈ ਖਿੜਕੀਆਂ ਸਨ। ਹਰ ਖਿੜਕੀ ਅੱਗੇ ਲੰਮੀਆਂ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਸੋਮਵਾਰ ਦਾ ਦਿਨ ਕੰਮ ਕਰਨ ਦਾ ਦਿਲ ਹੋਣ ਦੇ ਬਾਵਜੂਦ ਵੀ ਡਿਜ਼ਨੀਲੈਂਡ ਨੂੰ ਵੇਖਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਸੀ। ਟਿਕਟਾਂ ਲੈ ਕੇ ਅਸੀਂ ਪਾਰਕ ਦੇ ਅੰਦਰ ਦਾਖਲ ਹੋਏ। ਅੰਦਰ ਵੜ੍ਹਦਿਆਂ ਹੀ ਸਾਹਮਣੇ ਡਿਜ਼ਨੀਲੈਂਡ ਦੇ ਨਿਰਮਾਤਾ ਵਾਲਟ ਡਿਜ਼ਨੀ ਦਾ ਬੁੱਤ ਲੱਗਿਆ ਹੋਇਆ ਹੈ। ਏਥੇ ਹੀ ਫਾਸਟ ਫੂਡ ਤੇ ਹੋਰ ਹਰ ਤਰ੍ਹਾਂ ਦੇ ਫੂਡ ਦੇ ਕਈ ਹੋਟਲ ਹਨ।

ਸਭ ਤੋਂ ਪਹਿਲਾਂ ਅਸੀ ਰਿਵਿਰਜ਼ ਆਫ਼ ਅਮਰੀਕਾ ਵਿਚ ਚਲ ਰਹੇ ਜਹਾਜ਼ ਵਿਚ ਬੈਠ ਕੇ ਘੁੰਮੇ। ਇਹ ਦਰਿਆ ਜੰਗਲ ਵਿਚ ਦੀ ਬਣਿਆ ਹੋਇਆ ਹੈ। ਦਰਿਆ ਦੇ ਕਿਸੇ ਕਿਸੇ ਮੋੜ ਤੇ ਜਹਾਜ਼ ਵਿਚ ਖੜ੍ਹਾ ਇਕ ਬੰਦਾ ਪਿਸਤੌਲ ਨਾਲ ਫੋਕੇ ਫਾਇਰ ਵੀ ਕਰਦਾ ਜਾਂਦਾ ਸੀ। ਇਹ ਫਾਇਰ ਸਮੁੰਦਰੀ ਡਾਕੂਆਂ ਨਾਲ ਹੁੰਦੀ ਲੜਾਈ ਨੂੰ ਦਰਸਾਉਣ ਲਈ ਕੀਤੇ ਜਾ ਰਹੇ ਸਨ। ਪਹਿਲੇ ਸਮਿਆਂ ਵਿਚ ਸਮੁੰਦਰੀ ਜਹਾਜ਼ਾਂ ਦੇ ਯਾਤਰੀਆਂ ਨੂੰ ਸਮੁੰਦਰੀ ਡਾਕੂ ਲੁੱਟ ਲੈਂਦੇ ਸਨ। ਅਮਰੀਕਨ ਵਾਸੀਆਂ ਨੂੰ ਤਾਂ ਸਮੁੰਦਰੀ ਡਾਕੂਆਂ ਦੀ ਔਲਾਦ ਹੀ ਮੰਨਿਆ ਜਾਂਦਾ ਹੈ। ਸਮੁੰਦਰੀ ਸਫਰ ਤੋਂ ਬਾਅਦ ਫੇਰ ਅਸੀਂ ਰੇਲ ਦਾ ਸਫਰ ਕੀਤਾ। ਰੇਲ ਜੰਗਲਾਂ, ਪਹਾੜਾਂ ਵਿਚ ਦੀ ਹੁੰਦੀ ਹੋਈ ਸਾਰੀ ਪਾਰਕ ਵਿਚ ਘੁੰਮਦੀ ਹੈ। ਬਾਕਾਇਦਾ ਰੇਲਵੇ ਸਟੇਸ਼ਨ ਬਣੇ ਹੋਏ ਹਨ। ਸਵਾਰੀਆਂ ਚੜ੍ਹਦੀਆਂ ਤੇ ਉਤਰਦੀਆਂ ਹਨ। ਬੱਚਿਆਂ ਨੇ ਰੇਲ ਦੇ ਸਫਰ ਦਾ ਬਹੁਤ ਅਨੰਦ ਮਾਣਿਆ।

ਬੱਚਿਆਂ ਨੂੰ ਸਭ ਤੋਂ ਜ਼ਿਆਦਾ ਖੁਸ਼ੀ ਪਾਰਕ ਵਿਚ ਬੱਚਿਆਂ ਲਈ ਬਣੀਆਂ ਰਾਇਡਜ਼ ਲੈ ਕੇ ਹੋਈ। ਪਾਰਕ ਅੰਦਰ ਬਹੁਤ ਹੀ ਕਿਸਮ ਦੀਆਂ ਰਾਇਡਜ਼ ਬਣੀਆਂ ਹੋਈਆਂ ਹਨ। ਬੱਚੇ ਇਕ ਰਾਇਡ ਖਤਮ ਕਰਦੇ ਤੇ ਦੂਜੀ ਤੇ ਜਾ ਚੜ੍ਹਦੇ। ਕੋਈ ਰਾਇਡ ਬੜੇ ਬੜੇ ਬਣੇ ਚਾਹ ਦੇ ਕੱਪਾਂ ਵਿਚ ਬੈਠ ਕੇ ਕਰਵਾਈ ਜਾਂਦੀ ਸੀ। ਕੋਈ ਘੋੜਿਆਂ ਦੀ ਸਵਾਰੀ ਕਰਕੇ ਕਰਵਾਈ ਜਾਂਦੀ ਸੀ। ਕੋਈ ਹਾਥੀਆਂ ਤੇ ਕਰਵਾਈ ਜਾਂਦੀ ਸੀ। ਕਈ ਰਾਇਡਜ਼ ਜਦ ਹੇਠਾਂ ਤੋਂ ਉਪਰ ਤੇ ਉਪਰ ਤੋਂ ਹੇਠਾਂ ਆਉਂਦੀਆਂ ਹੁੰਦੀਆਂ ਸਨ ਤਾਂ ਬੱਚੇ ਕਿਲਕਾਰੀਆਂ ਮਾਰਦੇ ਸਨ। ਇਕ ਰਾਇਡ ਗੁਲਾਈ ਵਿਚ ਬਹੁਤ ਹੀ ਉੱਚੀ ਬਣੀ ਹੋਈ ਸੀ। ਏਸ ਰਾਇਡ ਨੂੰ ਅਸੀਂ ਛੋਟੇ ਬੱਚਿਆਂ ਨੂੰ ਦਵਾਉਣਾ ਠੀਕ ਨਾ ਸਮਝਿਆ। ਸਿਰਫ ਮਨਰੀਤ ਨੇ ਹੀ ਇਹ ਰਾਇਡ ਲਈ। ਵੈਸੇ ਵੀ ਏਸ ਰਾਇਡ ਤੇ ਸਾਰੀਆਂ ਰਾਇਡਾਂ ਨਾਲੋਂ ਬਹੁਤ ਹੀ ਘੱਟ ਇਕੱਠ ਸੀ।

ਇਕ ਰਾਇਡ ਰੇਲਵੇ ਲਾਈਨ ਉਪਰ ਬਣੀ ਹੋਈ ਸੀ। ਏਸ ਰਾਈਡ ਦੇ ਬਗੈਰ ਛੱਤ ਤੋਂ ਬਣੇ ਡੱਬੇ ਵਿਚ ਦੋ ਦੋ ਸਵਾਰੀਆਂ ਹੀ ਬੈਠਦੀਆਂ ਸਨ। ਸਵਾਰੀਆਂ ਨੂੰ ਅੱਗੇ ਬਣੇ ਡੰਡੇ ਨੂੰ ਫੜ੍ਹ ਕੇ ਬੈਠਣਾ ਪੈਂਦਾ ਸੀ। ਇਹ ਰਾਇਡ ਵੱਡੇ ਸਾਰੇ ਉੱਚੇ ਬਣੇ ਗੁੰਬਦ ਵਿਚ ਪਹਿਲਾਂ ਥਾਂ ਥਾਂ ਤੇ ਘੁੰਮਦੀ ਹੋਈ ਹੇਠਾਂ ਤੋਂ ਉਪਰ ਜਾਂਦੀ ਸੀ। ਫੇਰ ਉਸੇ ਤਰ੍ਹਾਂ ਉਪਰ ਤੋਂ ਹੇਠਾਂ ਆਉਂਦੀ ਸੀ। ਮੈਨੂੰ ਮੇਰੀ ਲੜਕੀ ਨੇ ਛੋਟੇ ਬੱਚੇ ਨਵੀਤ ਨਾਲ ਏਸ ਰਾਇਡ ਵਿਚ ਬਿਠਾ ਦਿੱਤਾ। ਰਾਇਡ ਸ਼ੁਰੂ ਵਿਚ ਤਾਂ ਹੌਲੀ ਚੱਲੀ ਪਰ ਜਦ ਘੁੰਮ ਘੁਮਾ ਕੇ ਤੇਜ਼ੀ ਨਾਲ ਉਪਰ ਨੂੰ ਚੜ੍ਹਨ ਲੱਗੀ ਤਾਂ ਮੈਨੂੰ ਪਸ਼ੀਨਾ ਛੁੱਡਣ ਲੱਗ ਪਿਆ। ਉਪਰੋਂ ਜਦ ਹੇਠਾਂ ਨੂੰ ਮੁੜੀ, ਮੈਨੂੰ

ਮਹਿਸੂਸ ਹੋਇਆ ਕਿ ਹੁਣ ਤਾਂ ਰੇਲਵੇ ਲਾਈਨ ਵਿਚ ਡਿੱਗ ਕੇ ਚਕਣਾ ਚੂਰ ਹੋ ਜਾਵਾਂਗਾ। ਦਿਲ ਤੇਜ਼ੀ ਨਾਲ ਧੜਕ ਰਿਹਾ ਸੀ। ਪ੍ਰਮਾਤਮਾ ਦਾ ਸ਼ੁਕਰ ਕੀਤਾ ਜਦ ਰਾਇਡ ਸਹੀ ਸਲਾਮਤ ਹੇਠਾਂ ਪਹੁੰਚੀ। ਰਾਇਡ ਵਿਚੋਂ ਨਿਕਲ ਕੇ ਮੇਰਾ ਦਮ ਵਿਚ ਦਮ ਆਇਆ। ਮੈਂ ਕੰਨਾਂ ਨੂੰ ਹੱਥ ਲਾਏ ਕਿ ਮੁੜ ਕੇ ਅਜੇਹੀ ਰਾਇਡ ਦੇ ਨੇੜੇ ਵੀ ਨਹੀਂ ਜਾਵਾਂਗਾ।

Fairytale Castle ਵੇਖਿਆ। ਇਕ ਓਪਨ ਏਅਰ ਥੀਏਟਰ ਵਿਚ ਚਲ ਰਹੇ ਨਾਟਕ ਦਾ ਆਨੰਦ ਮਾਣਿਆ। ਦੁਪਹਿਰ ਤੋਂ ਬਾਅਦ ਏਥੇ ਜਿਨ੍ਹੇ ਵੀ ਐਕਟਰ ਕੰਮ ਕਰਦੇ ਹਨ, ਉਨ੍ਹਾਂ ਦਾ ਮਖੌਟੇ ਲਾ ਕੇ ਬੈਂਡ ਵਾਜ਼ਿਆਂ ਨਾਲ ਹਰ ਰੋਜ਼ ਜਲੂਸ ਕੱਢਿਆ ਜਾਂਦਾ ਹੈ, ਉਹ ਜਲੂਸ ਵੇਖਿਆ। ਉਸ ਤੋਂ ਬਾਦ ਇਕ ਵੱਡੇ ਸਾਰੇ ਹਾਲ ਵਿਚ ਕੈਲੀਫੋਰਨੀਆਂ Soaring ਨਾਂ ਦੀ ਰਾਇਡ ਵੇਖੀ। ਏਸ ਰਾਇਡ ਵਿਚ ਕੈਲੀਫੋਰਨੀਆਂ ਸੂਬੇ ਦੇ ਦਰਿਆ, ਪਹਾੜ, ਮੈਦਾਨ, ਗੋਲਡਨ ਗੇਟ ਬ੍ਰਿਜ, ਸ਼ਾਨ ਫਰਾਂਸ਼ਿਸ਼ਕੋ, ਕੈਲੀਫੋਰਨੀਆਂ ਸੂਬੇ ਦੇ ਪ੍ਰਮੁੱਖ ਸ਼ਹਿਰ ਤੇ ਖੇਤ ਵਿਖਾਏ ਗਏ। ਇਹ ਇਕ ਕਿਸਮ ਦਾ ਕੈਲੀਫੋਰਨੀਆਂ ਸੂਬੇ ਦਾ ਹਵਾਈ ਸਰਵੇਖਣ ਸੀ। ਪਾਰਕ ਵਿਚ ਹੋਰ ਬਹੁਤ ਕੁਝ ਵੇਖਿਆ। ਕੀਹਦੇ ਕੀਹਦੇ ਬਾਰੇ ਲਿਖਾਂ ? ਰਾਤ ਨੂੰ ਫਾਇਰ ਵਰਕਸ ਵੇਖੇ। ਸਭ ਕੁਝ ਵੇਖਦੇ ਹੋਏ ਅਸੀਂ ਰਾਤ ਦੇ 2 ਵਜੇ ਵਾਪਸ ਆਪਣੇ ਸ਼ਹਿਰ ਫਰਿਜ਼ਨੋ ਪਹੁੰਚ ਗਏ।

ਐਲ.ਏ.ਦੇ ਡਿਜ਼ਨੀਲੈਂਡ ਨਾਲੋਂ ਅਮਰੀਕਾ ਦੇ ਸੂਬੇ ਫਲੋਰੀਡਾ ਦੇ ਸ਼ਹਿਰ ਔਰਲੈਂਡੋ ਵਿਚ ਵੀ ਡਿਜ਼ਨੀ ਲੈਂਡ ਬਣਿਆ ਹੋਇਆ ਹੈ। ਏਸ ਨਾਲੋਂ ਵੱਡਾ ਹੈ। ਉਸ ਦਾ ਨਾਂ ਡਿਜ਼ਨੀਵਰਡ ਹੈ। ਜਾਪਾਨ ਦੇ ਸ਼ਹਿਰ ਟੋਕੀਓ, ਚੀਨ ਦੇ ਸ਼ਹਿਰ ਹਾਂਗ ਕਾਂਗ, ਫਰਾਂਸ ਦੇ ਸ਼ਹਿਰ ਪੈਰਿਸ ਵਿਚ ਵੀ ਡਿਜ਼ਨੀਲੈਂਡ ਬਣੇ ਹੋਏ ਹਨ। ਸਾਡੇ ਭਾਰਤ ਦੇਸ਼ ਮਹਾਨ ਵਿਚ ਤਾਂ ਐਡਾ ਵੱਡਾ ਤੇ ਐਨੀ ਭਿੰਨਤਾ ਵਾਲੇ ਡਿਜ਼ਨੀਲੈਂਡ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ? ਹਾਂ ! ਸਾਰੇ ਸੰਸਾਰ ਵਿਚੋਂ ਅਸੀਂ ਆਬਾਦੀ ਪੈਦਾ ਕਰਨ ਵਿੱਚ (ਬੱਚੇ ਪੈਦਾ ਕਰਨ) ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦੇ ਜਾ ਰਹੇ ਹਾਂ ? ਉਹ ਦਿਨ ਦੂਰ ਨਹੀਂ ਜਦ ਅਸੀਂ ਆਬਾਦੀ ਵਿਚ ਸੰਸਾਰ ਦਾ ਪਹਿਲਾ ਦੇਸ਼ ਬਣ ਜਾਵਾਂਗੇ ? ਕੀ ਬੱਚੇ ਜੰਮ ਜੰਮ ਕੇ ਢੇਰ ਲਾਉਣਾ ਸਾਡੀ ਪ੍ਰਾਪਤੀ ਨਹੀਂ ਗਿਣੀ ਜਾ ਸਕਦੀ ?

# ਮੰਗਤੇ ਬਨਾਮ ਆਬਾਦੀ

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਅੱਜ ਵੀ ਭਾਰਤ ਦੀ 70 ਪ੍ਰਤੀਸ਼ਤ ਤੋਂ ਵੱਧ ਆਬਾਦੀ ਖੇਤੀ ਬਾੜੀ ਵਿਚ ਲੱਗੀ ਹੋਈ ਹੈ। ਪਰ ਫੇਰ ਵੀ ਅਸੀਂ ਆਪਣੇ ਖਾਣ ਜੋਗਾ ਅੰਨ ਪੈਦਾ ਨਹੀਂ ਕਰ ਸਕਦੇ। ਭਾਰਤ ਦੇ ਕਈ ਸੂਬਿਆਂ ਵਿਚ ਖੇਤੀ ਜ਼ਿਆਦਾ ਬਾਰਸ਼ ਤੇ ਨਿਰਭਰ ਹੈ। ਅਜੇਹੇ ਸੂਬਿਆਂ ਵਿਚ ਜਾਂ ਤਾਂ ਧਰਤੀ ਹੇਠਲਾ ਪਾਣੀ ਬਹੁਤ ਦੂਰ ਹੈ। ਜਾਂ ਧਰਤੀ ਹੇਠਲਾ ਪਾਣੀ ਫਸਲਾਂ ਲਈ ਹਾਨੀਕਾਰਕ ਹੈ। ਅਜੇਹੇ ਸੂਬਿਆਂ ਵਿਚ ਜੇ ਬਾਰਸ਼ ਨਾ ਹੋਵੇ ਤਾਂ ਫਸ਼ਲਾਂ ਨਹੀਂ ਹੁੰਦੀਆਂ। ਲੋਕਾਂ ਦੀ ਭੁੱਖੇ ਮਰਨ ਤੱਕ ਨੌਬਤ ਆ ਜਾਂਦੀ ਹੈ। ਜੇ ਬਾਰਸ਼ ਜ਼ਿਆਦਾ ਹੋ ਜਾਵੇ ਤਾਂ ਹੜ੍ਹ ਆ ਜਾਂਦਾ ਹੈ, ਜਿਸ ਨਾਲ ਬੀਜ਼ੀ ਫਸਲ ਤਬਾਹ ਹੋ ਜਾਂਦੀ ਹੈ। ਫੇਰ ਇਨ੍ਹਾਂ ਸੂਬਿਆਂ ਦੇ ਲੋਕ ਭਾਰਤ ਦੇ ਦੂਸਰੇ ਸੂਬਿਆਂ ਵਿਚ ਰੁਜ਼ਗਾਰ ਲਈ ਚਲੇ ਜਾਂਦੇ ਹਨ। ਭਾਰਤ ਦੀ ਆਬਾਦੀ ਵਿਚ ਸਭ ਤੋਂ ਜ਼ਿਆਦਾ ਵਾਧਾ ਵੀ ਇਨ੍ਹਾਂ ਸੂਬਿਆਂ ਵਿਚ ਹੋਇਆ ਹੈ। ਹੁਣ ਵੀ ਹੋ ਰਿਹਾ ਹੈ। ਮੈਨੂੰ ਤਾਂ ਇੰਜ ਲੱਗਦਾ ਹੈ ਜਿਵੇਂ ਇਨ੍ਹਾਂ ਸੂਬਿਆਂ ਦੇ ਮਰਦਾਂ ਤੇ ਇਸਤਰੀਆਂ ਨੂੰ ਸਿਰਫ਼ ਬੱਚੇ ਪੈਦਾ ਕਰਨ ਦਾ ਇਕੋ ਇਕ ਕੰਮ ਹੀ ਰਹਿ ਗਿਆ ਹੈ। ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਸ਼ਾਇਦ ਲੋਕਾਂ ਵਲੋਂ ਧੜਾ ਧੜ ਜੰਮੇ ਜਾ ਰਹੇ ਬੱਚੇ ਰਾਸ ਆਉਂਦੇ ਹਨ ? ਲੋਕ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਦੇ ਗਧੀ ਗੇੜ ਵਿਚ ਪਏ ਰਹਿੰਦੇ ਹਨ। ਸਿਆਸੀ ਲੀਡਰਾਂ ਤੇ ਉੱਚ ਅਫਸਰਾਂ ਦੇ ਰਿਸ਼ਵਤ ਦੇ ਕਾਰਨਾਮਿਆਂ ਵੱਲ ਉਨ੍ਹਾਂ ਦਾ ਧਿਆਨ ਨਹੀਂ ਜਾਂਦਾ। ਇਨ੍ਹਾਂ ਸੂਬਿਆਂ ਦੀ ਆਬਾਦੀ ਦੇ ਹੋ ਰਹੇ ਵਾਧੇ ਨੂੰ ਵੇਖ ਕੇ ਮੈਨੂੰ ਪੰਜਾਬ ਦੀ ਇਕ ਨੂੰਹ ਵਲੋਂ ਆਪਣੀ ਸੱਸ ਨੂੰ ਟਕੋਰ ਵਜੋਂ ਬਹੁਤੇ ਬੱਚੇ ਜੰਮਣ ਦੀ ਦਿੱਤੀ ਸਲਾਹ ਸਬੰਧੀ ਇਕ ਲੋਕ ਗੀਤ ਯਾਦ ਆਇਆ ਹੈ—

ਸੱਸੇ ਨੀ ਪੁੱਤ ਬਾਹਲੇ ਜੰਮ ਲਾ,
ਜੰਮ ਜੰਮ ਲਾ ਲਾ ਢੇਰ।

ਤੈਨੂੰ ਨਫਾ ਬਥੇਰਾ,
ਲੈ ਜਾਈਂ ਬੀਕਾਨੇਰ।

ਜਦੋਂ ਸਾਬਕਾ ਬੀਕਾਨੇਰ ਰਿਆਸਤ ਵਿਚ ਜ਼ਮੀਨਾਂ ਬਹੁਤ ਸਸਤੀਆਂ ਸਨ ਤਾਂ ਪੰਜਾਬ ਦੇ ਥੋੜ੍ਹੀਆਂ ਜ਼ਮੀਨਾਂ ਵਾਲੇ ਤੇ ਵੱਡੇ ਪਰਿਵਾਰ ਬੀਕਾਨੇਰ ਜਾ ਕੇ ਜ਼ਮੀਨਾ ਖਰੀਦਣ ਲੱਗ ਗਏ ਸਨ। ਇਹ ਉਸ ਸਮੇਂ ਦੀ ਬੋਲੀ ਹੈ। ਪੰਜਾਬ ਦੀ ਆਪਣੀ ਆਬਾਦੀ ਤਾਂ ਪਰਿਵਾਰ ਨਿਯੋਜਨ ਕਰ ਕੇ ਕੰਟਰੋਲ ਵਿਚ ਹੈ ਸਗੋਂ ਪੰਜਾਬ ਨੂੰ ਖੇਤੀਬਾੜੀ ਵਿਚ ਤੇ ਇੰਡਸਟਰੀ ਵਿਚ ਕਾਮਿਆਂ ਦੀ ਥੁੜ ਰਹਿੰਦੀ ਹੈ। ਏਸ ਲਈ ਭਾਰਤ ਦੀ ਵੱਧ ਆਬਾਦੀ ਵਾਲੇ ਸੂਬਿਆਂ ਦੇ ਭੁੱਖੇ ਮਰਦੇ ਲੋਕ ਅੱਜ ਕਲ੍ਹ ਪੰਜਾਬ ਵਿੱਚ ਆ ਗਏ ਹਨ ਅਤੇ ਆ ਰਹੇ ਹਨ। ਇਨ੍ਹਾਂ ਸੂਬਿਆਂ ਦੇ 8/9 ਸਾਲ ਦੇ ਬੱਚਿਆਂ ਤੋਂ ਸ਼ੁਰੂ ਹੋ ਕੇ ਪਰਿਵਾਰ ਦੇ ਹਰ ਮੈਂਬਰ ਨੂੰ ਆਮ ਤੌਰ ਤੇ ਏਥੇ ਰੁਜ਼ਗਾਰ ਮਿਲ ਜਾਂਦਾ ਹੈ। ਜਿਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਉਹ ਮੰਗ ਕੇ ਆਪਣਾ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੰਦੇ ਹਨ। ਮੰਗਤੇ ਬਣ ਜਾਂਦੇ ਹਨ। ਤੁਸੀਂ ਪੰਜਾਬ ਦੇ ਕਿਸੇ ਬੱਸ ਸਟੈਂਡ, ਰੇਲਵੇ ਸਟੇਸ਼ਨ, ਬਾਜ਼ਾਰ, ਸਾਂਝੀਆਂ ਇਕੱਠ ਵਾਲੀਆਂ ਥਾਵਾਂ ਨੂੰ ਵੇਖ ਲਵੋ, ਤੁਹਾਨੂੰ ਇਨ੍ਹਾਂ ਸੂਬਿਆਂ ਦੇ ਮੰਗਤੇ ਹੀ ਮਿਲਣਗੇ। ਤੁਹਾਨੂੰ ਸਾਰੇ ਪੰਜਾਬ ਵਿਚੋਂ ਭਾਲਿਆ ਪੰਜਾਬੀ ਮੰਗਤੇ ਘੱਟ ਹੀ ਮਿਲਣਗੇ ?

ਸਾਡੇ ਭਾਰਤ ਦੀਆਂ ਰਾਜ ਕਰਨ ਵਾਲੀਆਂ ਪਾਰਟੀਆਂ ਦਾ ਮਕਸਦ ਤਾਂ ਇਕੋ ਇਕ ਸਿਰਫ ਦੇਸ਼ ਜਾਂ ਸੂਬੇ ਦੀ ਰਾਜ ਸੱਤਾ ਪ੍ਰਾਪਤ ਕਰਨਾ ਹੀ ਰਹਿ ਗਿਆ ਹੈ। ਚਾਹੇ ਭਾਰਤ ਦੀ ਰਾਜਸੱਤਾ ਪ੍ਰਾਪਤ ਕਰਨ ਲਈ 25/30 ਪਾਰਟੀਆਂ ਨੂੰ ਕੱਠੀਆਂ ਹੋ ਕੇ ਰਾਜਸੱਤਾ ਹੀ ਪ੍ਰਾਪਤ ਕਰਨੀ ਹੋਵੇ ? ਪਰ ਇਹ 25/30 ਪਾਰਟੀਆਂ ਦੇ ਰਾਜ ਕਰਨ ਦੇ ਸਾਂਝੇ ਪ੍ਰੋਗਰਾਮ ਵਿਚ ਪਰਿਵਾਰ ਨਿਯੋਜਨ ਕਰਨ ਦਾ ਕੋਈ ਪ੍ਰੋਗਰਾਮ ਨਾ ਪਹਿਲੀ ਰਾਜ ਕਰਨ ਵਾਲੀ ਪਾਰਟੀ ਨੇ ਰੱਖਿਆ ਸੀ ਅਤੇ ਨਾ ਹੀ ਹੁਣ ਰਾਜ ਕਰਨ ਵਾਲੀ ਪਾਰਟੀ ਨੇ ਰੱਖਿਆ ਹੈ। ਏਸ ਦਾ ਸਾਫ ਮਤਲਬ ਹੈ, ਰਾਜ ਕਰਨ ਵਾਲੀਆਂ ਪਾਰਟੀਆਂ ਦੀ ਇਹ ਅੰਦਰਲੀ ਇੱਛਾ ਹੈ ਕਿ ਲੋਕ ਆਪਣੇ ਬਹੁਤੇ ਬੱਚਿਆਂ ਦੇ ਝੰਜਟ ਵਿਚ ਉਲਝੇ ਰਹਿਣ। ਰਾਜ ਕਰਨ ਵਾਲੀਆਂ ਪਾਰਟੀਆਂ ਦੀ ਰਿਸ਼ਵਤ ਖੋਰੀ, ਮਾੜੇ ਕਾਰਨਾਮੇ, ਭਾਈ ਭਤੀਜਾਵਾਦ ਵੱਲ ਧਿਆਨ ਨਾ ਦੇਣ। ਸਾਡੀ ਭਾਰਤ ਤੇ ਸੂਬਿਆਂ ਤੇ ਰਾਜ ਕਰਨ ਵਾਲੀਆਂ ਪਾਰਟੀਆਂ ਆਪਣਾ ਤੋਰੀ ਫੁੱਲਕਾ ਚਲਾਉਂਦੀਆਂ ਰਹਿਣ।

ਸਾਡੀਆਂ ਭਾਰਤ ਪੱਧਰ ਤੇ ਸਟੇਟ ਪੱਧਰ ਤੇ ਰਾਜ ਕਰਨ ਵਾਲੀਆਂ ਪਾਰਟੀਆਂ ਆਪਣੀਆਂ ਪ੍ਰਾਪਤੀਆਂ ਦੀਆਂ, ਜਿਹੜੀਆਂ ਕਿ ਕਈ ਵੇਰ ਅੰਕੜਿਆਂ ਦੀਆਂ ਜਾਦੂਗਰੀਆਂ ਹੀ ਹੁੰਦੀਆਂ ਹਨ, ਟੀ. ਵੀ. ਅਖਬਾਰਾਂ ਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਆਪਣਾ ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਭਲੇਖੇ ਵਿਚ ਪਾਈ ਰੱਖਦੀਆਂ ਹਨ। ਹਾਂ ! ਕਈ ਪੱਖਾਂ ਵਿਚ ਜਿਹੜੀ ਅਸੀਂ ਤਰੱਕੀ ਕੀਤੀ ਹੈ, ਉਸ ਤਰੱਕੀ ਨੂੰ ਸਾਡੀ ਆਬਾਦੀ ਵਿਚ ਹੋਇਆ ਵਾਧਾ ਖਾ ਜਾਂਦਾ ਹੈ। ਇਸ ਬਾਰੇ ਸਾਡਾ ਇਕ ਪੁਰਾਣਾ ਲੋਕ ਗੀਤ ਹੈ—

ਜਨ ਕੇ ਨੌਂ ਕੁੜੀਆਂ,
ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨ ਦੂੰ।

ਪਹਿਲੇ ਸਮਿਆਂ ਵਿਚ ਪੰਜਾਬੀ ਰੁਜ਼ਗਾਰ ਲਈ ਚੀਨ ਦੇਸ਼ ਨੂੰ ਜਾਂਦੇ ਹੁੰਦੇ ਸਨ।

ਇਹ ਲੋਕ ਗੀਤ ਉਸ ਸਮੇਂ ਦੀ ਉਪਜ਼ ਹੈ।

ਅਮਰੀਕਾ ਦੀ ਆਬਾਦੀ ਅੱਜ 30 ਕਰੋੜ ਦੇ ਕਰੀਬ ਹੈ। ਏਰੀਆ ਭਾਰਤ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਪਰ ਆਬਾਦੀ ਭਾਰਤ ਦੀ ਆਬਾਦੀ ਨਾਲੋਂ ਤੀਜੇ ਹਿੱਸੇ ਨਾਲੋਂ ਵੀ ਘੱਟ ਹੈ। ਅਮਰੀਕਾ ਦਾ ਬਹੁਤ ਸਾਰਾ ਏਰੀਆ ਤਾਂ ਅਜੇ ਬੇ-ਆਬਾਦ ਹੀ ਪਿਆ ਹੈ। ਮੈਂ ਆਪਣੇ ਅਮਰੀਕਾ ਦੇ ਸਾਲ 2005 ਤੇ 2008 ਦੇ ਦੌਰਿਆਂ ਸਮੇਂ ਕਿਸੇ ਵੀ ਬਸ ਸਟੈਂਡ, ਰੇਲਵੇ ਸਟੇਸ਼ਨ ਜਾਂ ਕਿਸੇ ਹੋਰ ਸਾਂਝੀ ਥਾਂ ਮੰਗਤਿਆਂ ਨੂੰ ਬੈਠੇ ਜਾਂ ਖੜੇ ਮੰਗਦਿਆਂ ਨਹੀਂ ਵੇਖਿਆ। ਹਾਂ! ਮੈਂ ਆਪਣੇ ਇਨ੍ਹਾਂ ਦੋ ਸਾਲਾਂ ਦੇ ਦੌਰਿਆਂ ਸਮੇਂ ਕਿਸੇ ਨੇ ਕਿਸੇ ਥਾਂ ਨਸ਼ਈਆਂ ਨੂੰ ਮੰਗਦੇ ਖੜ੍ਹੇ ਜ਼ਰੂਰ ਵੇਖਿਆ ਹੈ। ਸਾਡੇ ਤਾਂ ਏਥੇ ਲੁਧਿਆਣੇ ਦੇ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਤੇ ਹੀ ਮੰਗਤਿਆਂ ਦੀਆਂ ਕਿਤਾਰਾਂ ਲੱਗੀਆਂ ਬੈਠੀਆਂ ਹੁੰਦੀਆਂ ਹਨ। ਸਵੇਰੇ ਸ਼ਾਮ ਮੰਦਰਾਂ ਤੇ ਗੁਰੂ ਦਵਾਰਿਆਂ ਦੇ ਬਾਹਰ ਮੰਗਤਿਆਂ ਦੀ ਭਰਮਾਰ ਹੁੰਦੀ ਹੈ।

ਅਮਰੀਕਾ ਦੀ ਸਰਕਾਰ ਜਿਹੜੇ ਆਪਣੇ ਵਾਸੀਆਂ ਨੂੰ ਰੁਜ਼ਗਾਰ ਨਹੀਂ ਦੇ ਸਕਦੀ, ਉਨ੍ਹਾਂ ਨੂੰ ਖਾਣ ਲਈ ਰੋਟੀ ਜ਼ਰੂਰ ਦਿੰਦੀ ਹੈ। ਸਾਡੀ ਭਾਰਤ ਦੀ ਸਰਕਾਰ ਕੋਲ ਨਾ ਦੇਣ ਲਈ ਰੁਜ਼ਗਾਰ ਹੈ। ਨਾ ਹੀ ਬੇਰੁਜ਼ਗਾਰਾਂ ਨੂੰ ਰੋਟੀ ਦੇਣ ਦਾ ਪ੍ਰਬੰਧ ਹੈ। ਨਾ ਹੀ ਸਾਡੀ ਸਰਕਾਰ ਲੋਕਾਂ ਨੂੰ ਬੱਚੇ ਜੰਮਣ ਤੋਂ ਰੋਕਣ ਲਈ ਕੋਈ ਕਾਰਗਰ ਉਪਰਾਲਾ ਕਰਦੀ ਹੈ। ਅਜੇਹੇ ਹਾਲਤਾਂ ਵਿਚ ਭਾਰਤ ਵਿਚ ਮੰਗਤਿਆਂ ਦੀ ਭਰਮਾਰ ਤਾਂ ਫੇਰ ਹੋਣੀ ਹੀ ਹੋਣੀ ਹੈ ? ਅਸੀਂ ਤਾਂ ਆਪਣੇ ਖਾਣ ਜੋਗਾ ਅੰਨ ਵੀ ਪੈਦਾ ਨਹੀਂ ਕਰ ਸਕਦੇ। ਪਿਛਲੇ ਕਈ ਸਾਲਾਂ ਤੋਂ ਅਸੀਂ ਬਾਹਰਲੇ ਦੇਸ਼ਾਂ ਤੋਂ ਅੰਨ ਮੰਗਵਾ ਰਹੇ ਹਾਂ। ਅਸੀਂ ਕਦੋਂ ਆਪਣੀ ਆਬਾਦੀ ਦੇ ਵਾਧੇ ਨੂੰ ਰੋਕਾਂਗੇ ? ਅਸੀਂ ਕਦੋਂ ਮੰਗਤੇ ਜੰਮਣ ਤੋਂ ਰੋਕਾਂਗੇ ? ਇਹ ਤਾਂ ਨੀਲੀ ਛੱਤ ਵਾਲਾ ਹੀ ਜਾਣੇ ? ਸਾਡਾ ਦੇਸ਼ ਤਾਂ ਰੱਬ ਆਸਰੇ ਹੀ ਚੱਲਦਾ ਹੈ ? ਰੱਬ ਈ ਖੈਰ ਕਰੇ ?

# ਸੈਂਟਾ ਰੋਜ਼ਾ ਸ਼ਹਿਰ–ਅੰਗੂਰਾਂ ਦੇ ਬਾਗਾਂ ਦਾ ਘਰ

ਅਮਰੀਕਾ ਵਿਚ ਆਮ ਤੌਰ ਤੇ ਵੇਖਿਆ ਹੈ, ਬਹੁਤੇ ਪਰਿਵਾਰ ਸਨਿਚਰਵਾਰ ਤੇ ਐਤਵਾਰ ਦੀਆਂ ਛੁੱਟੀਆਂ ਨੂੰ ਮਨਾਉਣ ਦਾ ਪ੍ਰੋਗਰਾਮ ਹਫਤੇ ਦੇ ਸ਼ੁਰੂ ਵਿਚ ਹੀ ਉਲੀਕ ਲੈਂਦੇ ਹਨ। ਮੇਰੇ ਜੁਆਈ ਦੀ ਭੈਣ ਦਾ ਪਰਿਵਾਰ ਸੈਂਟਾ ਰੋਜ਼ਾ ਸ਼ਹਿਰ ਵਿਚ ਰਹਿੰਦਾ ਹੈ। ਅਸੀਂ 16 ਜੁਲਾਈ 2005 ਦਿਨ ਸ਼ਨਿਚਰਵਾਰ ਨੂੰ ਉਨ੍ਹਾਂ ਕੋਲ ਜਾਣ ਦਾ ਪ੍ਰੋਗਰਾਮ ਬਣਾ ਲਿਆ। 15 ਜੁਲਾਈ ਦੀ ਰਾਤ ਨੂੰ ਹੈਰੀ ਪਾਟਰ ਦੀ 7ਵੀਂ ਕਿਤਾਬ ਰੀਲੀਜ਼ ਹੋਣੀ ਸੀ। ਮੇਰੇ ਬੜੇ ਦੋਹਤੇ ਮਨਰੀਤ ਨੇ ਇਹ ਕਿਤਾਬ ਰਾਤ ਨੂੰ ਹੀ ਖਰੀਦਣ ਲਈ ਆਪਣੇ ਮੰਮੀ ਡੈਡੀ ਨੂੰ ਮਨਾਇਆ ਹੋਇਆ ਸੀ। ਕਿਤਾਬ ਦੀ ਵਿਕਰੀ ਬੌਡਰਜ਼ ਨਾਂ ਦੀ ਦੁਕਾਨ ਤੇ ਹੋਣੀ ਸੀ। ਹੈਰੀਪਾਟਰ ਕਿਤਾਬਾਂ ਪੜ੍ਹਣ ਦਾ ਭੂਤ ਸਾਰੀ ਦੁਨੀਆਂ ਦੇ ਬੱਚਿਆਂ ਦੇ ਸਿਰ ਚੜ੍ਹਿਆ ਹੋਇਆ ਸੀ। ਹੈਰੀ ਪਾਟਰ ਦੀ ਮਸ਼ਹੂਰੀ ਅੱਜ ਦੀ ਇਸ਼ਤਿਹਾਰਬਾਜ਼ੀ ਦਾ ਕ੍ਰਿਸ਼ਮਾ ਸੀ।

ਅੱਜ ਜੇ ਤੁਸੀਂ ਕੋਈ ਨਵੀਂ ਵਸਤ ਸੂਬੇ, ਦੇਸ਼ ਜਾਂ ਸੰਸਾਰ ਪੱਧਰ ਤੇ ਵੇਚਣੀ ਹੈ ਤਾਂ ਤੁਹਾਨੂੰ ਇਸ਼ਤਿਹਾਬਾਜ਼ੀ ਦਾ ਸਹਾਰਾ ਲੈਣਾ ਜ਼ਰੂਰੀ ਹੈ। ਇਸ਼ਤਿਹਾਰਬਾਜ਼ੀ ਅੱਜ ਤੋਂ 70/80 ਸਾਲ ਪਹਿਲਾਂ ਵੀ ਹੁੰਦੀ ਸੀ। ਪਰ ਉਸ ਸਮੇਂ ਇਹ ਬੜੇ ਪਿੰਡ ਜਾਂ ਕਸਬੇ ਦੇ ਪੱਧਰ ਤੱਕ ਹੀ ਸੀਮਤ ਹੁੰਦੀ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਸਾਡੇ ਪਿੰਡ ਦੇ ਸੁਨਿਆਰਾਂ ਨੇ ਜੇ ਕਿਸੇ ਨਵੇਂ ਗਹਿਣੇ ਨੂੰ ਪਿੰਡ ਵਿਚ ਪ੍ਰਚੱਲਤ ਕਰਨਾ ਹੁੰਦਾ ਸੀ ਤਾਂ ਉਹ ਆਪਣੀ ਪਤਨੀ ਜਾਂ ਨੂੰਹ ਦੇ ਗਲ, ਹੱਥ, ਕੰਨ ਜਾਂ ਨੱਕ ਵਿਚ ਉਹ ਗਹਿਣਾ ਪਾ ਕੇ ਗਲੀ ਵਿਚ ਹੋਰਨਾ ਚਰਖਾ ਕੱਤਦੀਆਂ ਜਨਾਨੀਆਂ ਵਿਚ ਚਰਖਾ ਕੱਤਣ ਲਾ ਦਿੰਦੇ ਸਨ। ਗਲੀ ਵਿਚ ਲੰਘਦੀਆਂ ਜਨਾਨੀਆਂ ਉਸ ਦੇ ਪਾਏ ਨਵੇਂ ਗਹਿਣਿਆਂ ਨੂੰ ਵੇਖ ਕੇ ਉਸੇ ਤਰ੍ਹਾਂ ਦੇ ਗਹਿਣੇ ਬਣਾਉਣ ਦੀਆਂ ਇੱਛਕ ਹੋ ਜਾਂਦੀਆਂ ਹਨ। ਕਈਆਂ ਦੇ ਘਰ ਉਹ ਨਵੇਂ ਗਹਿਣੇ ਲੜਾਈ, ਕਲੇਸ਼ ਦਾ ਕਾਰਨ ਵੀ ਬਣ ਜਾਂਦੇ ਹਨ। ਏਸੇ ਕਰਕੇ ਤਾਂ ਉਸ ਸਮੇਂ ਦਾ ਲੋਕ ਗੀਤ ਹੈ—

ਅੱਗੇ ਸੁਨਿਆਰੀ ਦੇ ਬੁੱਕ ਬੁੱਕ ਡੰਡੀਆਂ,
ਹੁਣ ਕਿਉਂ ਪਾ ਲਏ ਡੱਕੇ ?

ਸੁਨਿਆਰੀਏ ਵਸਦੇ ਨੀ, ਤੈਂ ਵਸਦੇ ਘਰ ਪੱਟੇ।

ਇਸ਼ਤਿਹਾਰਬਾਜ਼ੀ ਦੀ ਗੱਲ ਦੂਰ ਨਿਕਲ ਗਈ ਹੈ। ਚਲੋ ਖੈਰ! ਹੈਰੀ ਪਾਟਰ ਕਿਤਾਬ ਖਰੀਦਣ ਲਈ ਲੰਮੀ ਲਾਈਨ ਲੱਗੀ ਹੋਈ ਸੀ। ਦੋਹਤੇ ਨੂੰ ਕਿਤਾਬ ਖਰੀਦ ਕਰਵਾ ਕੇ ਮੇਰੀ ਲੜਕੀ ਰਾਤ ਦੇ 11 ਵਜੇ ਦੇ ਕਰੀਬ ਘਰ ਪਹੁੰਚੀ। ਏਸ ਲਈ ਅਸੀਂ 16 ਜੁਲਾਈ ਨੂੰ ਘਰੋਂ ਥੋੜਾ ਲੇਟ ਚੱਲੇ। ਸੈਂਟਾ ਰੋਜ਼ਾਂ ਫਰਿਜ਼ਨੋ ਤੋਂ ਤਿੰਨ ਘੰਟੇ ਦਾ ਸਫਰ ਹੈ। ਅਸੀਂ ਰਸਤੇ ਵਿਚ ਪੈਂਦੇ ਸ਼ਹਿਰ ਮੋਡੈਸਟੋ ਵਿਚ ਥੋੜੀ ਦੇਰ ਰੁਕੇ। ਉਥੇ ਮੇਰੇ ਜੁਆਈ ਨੇ ਆਪਦੇ ਹਮ ਪੇਸ਼ੇ ਵਾਲੇ ਡਾਕਟਰ ਨੂੰ ਮਿਲਣਾ ਸੀ। ਉਨ੍ਹਾਂ ਕੋਲ ਸਾਡੇ ਦੋ ਘੰਟੇ ਲੱਗ ਗਏ। ਫੇਰ ਸ਼ਾਮ ਦੇ 5 ਵਜੇ ਸੈਂਟਾ ਰੋਜ਼ਾ ਪਹੁੰਚੇ। ਪਰਿਵਾਰ ਨੂੰ ਮਿਲੇ। ਗੱਲਾਂ ਬਾਤਾਂ ਹੋਈਆਂ। ਰਾਤ ਦਾ ਖਾਣਾ ਖਾਦਾ। ਅਗਲੇ ਦਿਨ ਦਾ ਪ੍ਰੋਗਰਾਮ ਤਹਿ ਕੀਤਾ। ਸੌਂ ਗਏ।

ਮੇਰੀ ਪਿਛਲੇ ਬਹੁਤ ਸਾਰੇ ਸਾਲਾਂ ਤੋਂ ਸਵੇਰੇ ਉੱਠ ਕੇ ਸੈਰ ਕਰਨ ਦੀ ਆਦਿਤ ਹੈ। ਮੈਂ ਕਿਤੇ ਵੀ ਜਾਵਾਂ, ਆਪਣੀ ਸੈਰ ਕਰਨ ਦਾ ਸਮਾਂ ਕੱਢ ਲੈਂਦਾ ਹਾਂ। ਉਨ੍ਹਾਂ ਦੇ ਘਰ ਦੇ ਪਿਛਲੇ ਪਾਸੇ ਬਹੁਤ ਹੀ ਖੁਲ੍ਹਾ ਘਾਹ ਦਾ ਮੈਦਾਨ ਹੈ। ਮੈਂ ਉਥੇ ਸੈਰ ਕੀਤੀ। ਸਵੇਰੇ ਦਾ ਨਾਸ਼ਤਾ ਕਰਕੇ ਦੁਪਹਿਰ ਲਈ ਫਾਸਟ ਫੂਡ ਨਾਲ ਲੈ ਕੇ ਦੋਵੇਂ ਪਰਿਵਾਰ 10 ਵਜੇ ਸੈਂਟਾ ਰੋਜ਼ਾ ਦੇ ਨੇੜੇ ਪੈਂਦੇ ਜੰਗਲ, ਸ਼ਰਾਬ ਦੀ ਫੈਕਟਰੀ ਤੇ ਸਮੁੰਦਰੀ ਬੀਚ ਨੂੰ ਵੇਖਣ ਲਈ ਚਲ ਪਏ। ਰਸਤੇ ਵਿਚ ਅੰਗੂਰਾਂ ਦੇ ਬਾਗ ਹੀ ਬਾਗ ਸਨ। ਪਹਿਲਾਂ ਰਸਤੇ ਵਿਚ ਪੈਂਦੀ ਇਕ ਸੈਂਮਪੈਨ ਤਿਆਰ ਕਰਨ ਵਾਲੀ ਸ਼ਰਾਬ ਫੈਕਟਰੀ ਵੇਖੀ। ਇਹ 100 ਸਾਲ ਤੋਂ ਪੁਰਾਣੀ ਫੈਕਟਰੀ ਸੀ। ਲਕੜ ਦੇ ਬੜੇ ਬੜੇ ਢੋਲਾਂ ਵਿਚ ਪਹਿਲਾਂ ਅੰਗੂਰਾਂ ਦੇ ਰਸ ਨੂੰ ਲੋੜੀਂਦੇ ਮਸਲੇ ਪਾ ਕੇ ਰੱਖਿਆ ਜਾਂਦਾ ਹੈ। ਫੇਰ ਉਸ ਵਿਚੋਂ ਸ਼ਰਾਬ ਤਿਆਰ ਕੀਤੀ ਜਾਂਦੀ ਹੈ। ਏਥੇ ਜਿਨ੍ਹੀ ਕਿਸਮ ਦੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ, ਉਹ ਫੈਕਟਰੀ ਵੇਖਣ ਆਏ ਟੂਰਿਸ਼ਟਾਂ ਨੂੰ ਥੋੜੀ ਥੋੜੀ ਟੇਸਟ ਕਰਨ ਲਈ ਦਿੱਤੀ ਜਾਂਦੀ ਹੈ। ਜਿਹੜਾ ਸ਼ਰਾਬ ਖਰੀਦਣਾ ਚਾਹੁੰਦਾ ਹੈ, ਉਹ ਉਥੋਂ ਸ਼ਰਾਬ ਖਰੀਦ ਵੀ ਸਕਦਾ ਹੈ। ਇਹ ਫੈਕਟਰੀ ਜੰਗਲ ਵਿਚ ਬਣੀ ਹੋਈ ਹੈ। ਏਸ ਦੇ ਨੇੜੇ ਵੀ ਅੰਗੂਰਾਂ ਦੇ ਬਾਗ ਸਨ।

ਫੈਕਟਰੀ ਵੇਖ ਕੇ ਅਸੀਂ ਅੱਗੇ ਚੱਲ ਪਏ। ਅੱਗੇ ਜੰਗਲ ਹੋਰ ਸੰਘਣਾ ਹੁੰਦਾ ਗਿਆ। ਇਹ ਜੰਗਲ ਅਮਰੀਕਾ ਦਾ ਬਹੁਤ ਪੁਰਾਣਾ ਜੰਗਲ ਹੈ। ਫੇਰ ਅਸੀਂ ਮੁੱਖ ਸੜਕ ਨੂੰ ਛੱਡ ਕੇ ਇਕ ਛੋਟੀ ਸੜਕ ਤੇ ਪੈ ਗਏ। ਇਹ ਸੜਕ ਵੀ ਥੋੜੀ ਦੂਰ ਜਾ ਕੇ ਬੰਦ ਹੋ ਗਈ। ਉਥੇ ਗੱਡੀਆਂ ਖੜੀਆਂ ਕਰਨ ਲਈ ਪਾਰਕਿੰਗ ਬਣੀ ਹੋਈ ਸੀ। ਅਸੀਂ ਉਥੇ ਗੱਡੀ ਖੜੀ ਕੀਤੀ। ਜੰਗਲ ਵੇਖਣ ਲਈ ਬਣੀਆਂ ਛੋਟੀਆਂ ਛੋਟੀਆਂ ਪੱਗਡੰਡੀਆਂ ਤੇ ਤੁਰ ਕੇ ਜੰਗਲ ਦੇ ਉਸ ਪੁਰਾਣੇ ਰੁੱਖਾਂ ਕੋਲ ਪਹੁੰਚੇ, ਜਿਹੜੇ 1400 ਸਾਲ ਸਾਲ ਪੁਰਾਣੇ ਦੱਸੇ ਜਾਂਦੇ ਹਨ। ਉਨ੍ਹਾਂ ਵਿਚੋਂ ਇਕ ਰੁੱਖ 14 ਫੁੱਟ ਗੁਲਾਈ ਵਾਲਾ ਤੇ 308 ਫੁੱਟ ਉੱਚਾ ਹੈ। ਏਸ ਦੇ ਨੇੜੇ ਖੜ੍ਹ ਕੇ ਕਈ ਫੋਟੋਆਂ ਖਿੱਚੀਆਂ। ਏਸ ਤੋਂ ਘੱਟ ਗੁਲਾਈ ਵਾਲੇ ਤੇ ਘੱਟ ਉੱਚੇ ਤਾਂ ਸਾਰੇ ਹੀ ਰੁੱਖ ਸਨ। ਇਨ੍ਹਾਂ ਰੁੱਖਾਂ ਦੇ ਨੇੜੇ ਕਰਕੇ ਹੀ ਰੋਟੀ ਗਰਮ ਕਰਕੇ ਖਾਣ ਲਈ ਤੇ ਬੈਠਣ ਲਈ ਪ੍ਰਬੰਧ ਹੈ। ਪੀਣ ਲਈ ਪਾਣੀ ਉਪਲੱਬਧ ਹੈ। ਉਥੇ ਬੈਠੇ ਟੂਰਿਸ਼ਟ ਖਾਣਾ ਖਾ ਰਹੇ ਸਨ। ਅਸੀਂ ਵੀ ਉਥੇ ਬੈਠ ਕੇ ਖਾਣਾ ਖਾਦਾ। ਫੇਰ ਵਾਪਸ ਪਾਰਕਿੰਗ ਵਾਲੀ ਥਾਂ ਤੇ ਆ ਕੇ ਗੱਡੀ ਲਈ ਤੇ ਬੀਚ ਵੇਖਣ ਲਈ ਗੱਡੀ ਮੁੱਖ ਸੜਕ ਤੇ ਰੇੜ ਦਿੱਤੀ।

ਕੋਈ ਅੱਧੇ ਕੁ ਘੰਟੇ ਦੇ ਸਫਰ ਪਿਛੋਂ ਅਸੀਂ ਬੀਚ ਤੇ ਪਹੁੰਚ ਗਏ। ਬੀਚ ਜੰਗਲ ਤੋਂ ਬਾਹਰ ਸੀ। ਵਿਸ਼ਾਲ ਸਮੁੰਦਰ ਸੀ। ਸਮੁੰਦਰ ਵਿਚ ਪੈਂਦੀਆਂ ਸੂਰਜ ਦੀਆਂ ਕਿਰਨਾਂ ਪਾਣੀ ਨੂੰ ਚਾਂਦੀ ਰੰਗਾ ਰੂਪ ਦੇ ਕੇ ਰਹੀਆਂ ਸਨ। ਏਥੇ ਲੋਕ ਛੁੱਟੀ ਵਾਲੇ ਦਿਨਾਂ ਵਿਚ ਪੂਰੀ ਐਸ਼ ਕਰਦੇ ਹਨ। ਆਲੇ ਦੁਆਲੇ ਫਿਰਦੇ ਟੂਰਿਸ਼ਟਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ। ਆਪਣੇ ਆਪ ਵਿਚ ਮਸਤ ਰਹਿੰਦੇ ਹਨ। ਬੀਚ ਉਪਰ ਬਹੁਤ ਟੂਰਿਸ਼ਟਾਂ ਦੇ ਘੱਟ ਤੋਂ ਘੱਟ ਕਪੜੇ ਪਹਿਨੇ ਹੋਏ ਸਨ। ਕਈ ਟੂਰਿਸ਼ਟ ਸਮੁੰਦਰ ਵਿਚ ਉੱਠਦੀਆਂ ਲਹਿਰਾਂ ਨਾਲ ਖੇਡ ਰਹੇ ਸਨ। ਸਾਡੇ ਬੱਚੇ ਵੀ ਕੁਝ ਸਮੇਂ ਕਿਨਾਰੇ ਦੇ ਨਜ਼ਦੀਕ ਹੀ ਲਹਿਰਾਂ ਨਾਲ ਖੇਡੇ। ਕੋਈ ਕੋਈ ਟੂਰਿਸ਼ਟ ਕਿਤਾਬ ਤੇ ਮੈਗਜ਼ੀਨ ਵੀ ਪੜ੍ਹ ਰਿਹਾ ਸੀ। ਅਸੀਂ ਦੋ ਘੰਟੇ ਦਾ ਸਮਾਂ ਬੀਚ ਤੇ ਬਿਤਾਇਆ। ਸ਼ਾਮ ਦੇ 7 ਵਜੇ ਵਾਪਸ ਘਰ ਪਹੁੰਚੇ। ਰਾਤ ਦਾ ਖਾਣਾ ਖਾਦਾ। ਵਾਪਸ ਫਰਿਜ਼ਨੋ ਨੂੰ ਚੱਲ ਪਏ। ਅਗਲਾ ਦਿਨ ਸੋਮਵਾਰ ਕੰਮ ਕਰਨ ਦਾ ਦਿਨ ਸੀ।

ਸੈਂਟਾ ਰੋਜ਼ਾ ਸ਼ਹਿਰ ਨੂੰ ਅੰਗੂਰਾਂ ਦੇ ਬਾਗਾਂ ਵਾਲਾ ਸ਼ਹਿਰ ਕਿਹਾ ਜਾਂਦਾ ਹੈ। ਸ਼ਹਿਰ ਦੇ ਚਾਰੇ ਪਾਸੇ ਬਾਗ ਹੀ ਬਾਗ ਹਨ। ਸੈਂਟਾ ਰੋਜ਼ਾ ਕੈਲੀਫੋਰਨੀਆਂ ਸੂਬੇ ਵਿਚ ਸ਼ਰਾਬ ਪੈਦਾ ਕਰਨ ਵਾਲੇ ਸ਼ਹਿਰਾਂ ਵਿਚ ਆਉਂਦਾ ਹੈ। ਇਸ ਸ਼ਹਿਰ ਦਾ ਸ਼ਾਨ ਫਰਾਂਸ਼ਿਸ਼ਕੋ ਬੇਅਏਰੀਏ ਵਿਚ ਪੰਜਵਾਂ ਸਥਾਨ ਹੈ। ਇਹ 40 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਪਹਿਲੀ ਜਨਵਰੀ 2007 ਨੂੰ ਇਸ ਦੀ ਆਬਾਦੀ ਇਕ ਲੱਖ 58 ਹਜ਼ਾਰ ਸੀ। ਸੋਨੋਮਾ ਕਾਊਂਟੀ ਦਾ ਹੈਡ ਕੁਆਟਰ ਸੈਂਟਾ ਰੋਜ਼ਾ ਹੈ। ਇਹ ਯੂ.ਐਸ.ਰੂਟ 101 ਤੇ ਪੈਂਦਾ ਹੈ। ਗੋਲਡਨ ਗੇਟ ਬ੍ਰਿੱਜ਼ ਰਾਹੀਂ ਸ਼ਾਨ ਫਰਾਂਸ਼ਿਸ਼ਕੋ ਸੈਂਟ ਰੋਜ਼ਾ ਤੋਂ ਸਿਰਫ 55 ਮੀਲ ਦੀ ਦੂਰੀ ਤੇ ਹੈ।

ਸੈਂਟਾ ਰੋਜ਼ਾ ਖਾੜੀ ਤੇ ਸਹਾਇਕ ਨਦੀਆਂ ਦੇ ਨਾਲ ਲੱਗਦੀਆਂ ਪਹਾੜੀਆਂ ਵਿਚ ਨੀਲੇ ਬਗਲੇ, ਬਰਫਾਨੀ ਬਗਲੇ, ਕਾਲੇ ਬਗਲੇ, ਹਿਰਨ, ਬੜੇ ਕੁੱਕੜ ਆਮ ਮਿਲਦੇ ਹਨ। ਕਦੇ ਕਦੇ ਪਹਾੜੀ ਸ਼ੇਰ ਵੀ ਸ਼ਹਿਰ ਦੀ ਹੱਦ ਵਿਚ ਘੁੰਮਦੇ ਦੇਖੇ ਜਾਂਦੇ ਹਨ। ਸੈਂਟਾ ਰੋਜ਼ਾ ਵਿਚ ਯੂਨੀਵਰਸਿਟੀ ਆਫ ਸ਼ਾਨ ਫਰਾਂਸ਼ਿਸ਼ਕੋ ਬਹੁਤ ਮਸ਼ਹੂਰ ਯੂਨੀਵਰਸਿਟੀ ਹੈ। ਇਸ ਯੂਨੀਵਰਸਿਟੀ ਦਾ ਛੋਟਾ ਨਾਂ ਯੂ.ਐਸ.ਐਫ.ਹੈ। ਏਥੇ ਕਈ ਕਾਲਜ ਹਨ। ਸਕੂਲੀ ਪੜ੍ਹਾਈ ਲਈ ਕਈ ਸਰਕਾਰੀ ਤੇ ਪ੍ਰਾਈਵੇਟ ਸਕੂਲ ਹਨ। ਸੈਟਰਲ ਲਾਇਬ੍ਰੇਰੀ ਸੈਂਟਾ ਰੋਜ਼ਾ ਦੇ ਡਾਊਨ ਟਾਊਨ ਵਿਚ ਹੈ।

ਸੈਂਟਾ ਰੋਜ਼ਾ ਵਿਚ ਲੋਕਾਂ ਨੂੰ ਸਭ ਤੋਂ ਜ਼ਿਆਦਾ ਰੁਜ਼ਗਾਰ ਸਰਕਾਰੀ ਦਫਤਰਾਂ, ਕਾਰਖਾਨਿਆਂ ਅਤੇ ਹਸਪਤਾਲਾਂ ਵਿਚ ਮਿਲਦਾ ਹੈ। ਏਥੇ ਸ਼ਰਾਬ ਦੇ ਕਾਰਖਾਨੇ ਤੇ ਅੰਗੂਰਾਂ ਦੇ ਸਭ ਤੋਂ ਵੱਡੇ ਬਾਗ ਰਸੀਅਨ ਰਿਵਰ ਰੀਸਾਰਟ ਏਰੀਆ ਤੇ ਸੋਨੋਮਾ ਕੋਸਟ ਦੇ ਨੇੜੇ ਹਨ। ਏਥੇ ਹਵਾਈ ਅੱਡਾ ਹੈ। ਜਿਥੋਂ ਲਾਸ ਏਂਜਲਸ, ਪੋਰਟਲੈਂਡ ਤੇ ਸਿਆਟਲ ਨੂੰ ਹਵਾਈ ਉਡਾਨਾਂ ਜਾਂਦੀਆਂ ਹਨ। ਏਥੋਂ ਦੀਆਂ ਮਸ਼ਹੂਰ ਦੇਖਣ ਵਾਲੀਆਂ ਥਾਵਾਂ ਵਿਚ Carrillo Adobe ਹੈ। ਇਹ 1837 ਵਿਚ ਬਣਿਆ ਸੀ। ਏਥੇ ਕਈ ਬਾਗ ਤੇ ਅਜਾਇਬ ਘਰ ਵੀ ਵੇਖਣ ਯੋਗ ਹਨ।

# ਸੈਕਰਾਮੈਂਨਟੋ—ਕੈਲੀਫੋਰਨੀਆਂ ਦੀ ਕੈਪੀਟਲ

ਅਸੀਂ ਜੁਲਾਈ 2005 ਵਿਚ ਵੈਨਕੋਵਰ ਨੂੰ ਜਾਂਦੇ ਹੋਏ 2 ਘੰਟੇ ਲਈ ਸੈਕਰਾਮੈਂਨਟੋ ਰੁਕੇ। ਮੇਰੇ ਨਾਲ ਮੇਰੀ ਲੜਕੀ ਦਾ ਪਰਿਵਾਰ ਸੀ। ਮੇਰੇ ਮਨ ਵਿਚ ਆਇਆ, ਕਿਉਂ ਨਾ ਏਸ 2 ਘੰਟੇ ਦਾ ਫਾਇਦਾ ਉਡਾਉਂਦੇ ਹੋਏ ਸੈਕਰਾਮੈਨਟੋ ਸ਼ਹਿਰ ਵੇਖਿਆ ਜਾਵੇ ? ਉਹ ਸੈਕਰਾਮੈਂਨਟੋ, ਜਿਹੜੀ ਅਮਰੀਕਾ ਦੀ ਗੋਲਡਨ ਸਟੇਟ ਕੈਲੀਫੋਰਨੀਆਂ ਦੀ ਰਾਜਧਾਨੀ ਹੈ ? ਵੈਸੇ ਵੀ ਮੇਰੀ ਏਸ ਸ਼ਹਿਰ ਨੂੰ ਵੇਖਣ ਦੀ ਚਿਰੋਕਣੀ ਇੱਛਾ ਸੀ। ਇਹ ਤਾਂ ਰੱਬ ਨੇ ਇਕ ਸਬੱਬ ਬਣਾ ਦਿੱਤਾ ਸੀ। ਸਭ ਤੋਂ ਪਹਿਲਾਂ ਅਸੀਂ ਵਿਧਾਨ ਸਭਾ ਬਿਲਡਿੰਗ ਵੇਖੀ। ਉਸ ਤੋਂ ਪਿਛੋਂ ਅਸੀਂ ਅਮਰੀਕਨ ਦਰਿਆ ਵਿਚ ਹੁੰਦੀ ਰੈਫਟਿੰਗ ਤੇ ਕੇਏਕਿੰਗ ਹੁੰਦੀ ਵੇਖੀ। ਦੋ ਘੰਟੇ ਵਿਚ ਅਸੀਂ ਏਹੋ ਕੁਝ ਵੇਖ ਸਕੇ।

ਕੈਲੀਫੋਰਨੀਆਂ ਨੂੰ ਸਾਲ 1850 ਤੋਂ ਪਿਛੋਂ ਸਟੇਟ ਦਾ ਰੁਤਬਾ ਦਿੱਤਾ ਸੀ। ਸਾਲ 1850 ਤੋਂ ਪਹਿਲਾਂ ਕੈਲੀਫੋਰਨੀਆਂ ਦੀ ਕੈਪੀਟਲ ਕਈ ਸ਼ਹਿਰਾਂ ਵਿਚ ਰਹਿ ਚੁੱਕੀ ਸੀ। 1854 ਵਿਚ ਕੈਲੀਫੋਰਨੀਆਂ ਦੀ ਵਿਧਾਨ ਸਭਾ ਸੈਕਰਾਮੈਂਨਟੋ ਵਿਚ ਆ ਗਈ ਸੀ। ਫੇਰ 1879 ਦੀ ਸੰਵਿਧਾਨਿਕ ਸਭਾ ਨੇ ਸੈਕਰਾਮੈਂਨਟੋ ਨੂੰ ਪੱਕੇ ਤੌਰ ਤੇ ਕੈਲੀਫੋਰਨੀਆਂ ਦੀ ਕੈਪੀਟਲ ਬਣਾ ਦਿੱਤਾ। ਸਾਲ 1860 ਵਿਚ ਸੈਕਰਾਮੈਂਨਟੋ ਵਿਚ ਸਟੇਟ ਕੈਪੀਟਲ ਦੀ ਬਿਲਡਿੰਗ ਅਮਰੀਕਾ ਦੀ ਵਾਸਿੰਗਟਨ ਡੀ. ਸੀ. ਵਿਚ ਬਣੀ ਕੈਪੀਟਲ ਬਿਲਡਿੰਗ ਦੀ ਤਰ੍ਹਾਂ ਦੀ ਹੀ ਮੇਲ ਖਾਂਦੀ ਬਿਲਡਿੰਗ ਬਣਾਉਣੀ ਸ਼ੁਰੂ ਕੀਤੀ ਗਈ। ਇਹ ਬਿਲਡਿੰਗ 1874 ਵਿਚ ਮੁਕੰਮਲ ਹੋਈ।

ਸੈਕਰਾਮੈਂਨਟੋ ਸ਼ਹਿਰ ਕੈਲੀਫੋਰਨੀਆਂ ਦੀ ਕੇਂਦਰੀ ਘਾਟੀ ਵਿਚ ਸਥਿਤ ਹੈ। ਇਹ ਸੈਕਰਾਮੈਂਨਟੋ ਦਰਿਆ ਤੇ ਅਮਰੀਕਨ ਦਰਿਆ ਦੇ ਸੰਗਮ ਦੇ ਨਾਲ ਵਸਿਆ ਹੋਇਆ ਸ਼ਹਿਰ ਹੈ। ਕਿਸੇ ਸਮੇਂ ਇਨ੍ਹਾਂ ਦਰਿਆਵਾਂ ਵਿਚ ਆਉਂਦੇ ਹੜ੍ਹ ਸੈਕਰਾਮੈਂਨਟੋ ਨੂੰ ਨੁਕਸਾਨ ਪਹੁੰਚਾਉਂਦੇ ਰਹੇ ਹਨ। ਹੁਣ ਤਾਂ ਇਨ੍ਹਾਂ ਦੋਵਾਂ ਦਰਿਆਵਾਂ ਵਿਚ ਹੁੰਦੀ ਵਪਾਰਕ ਢੋਅ-ਢੁਆਈ ਸ਼ਹਿਰ ਦੀ ਅਮਾਦਨ ਦੇ ਕਾਫੀ ਵੱਡੇ ਸੋਮੇ ਹਨ। ਹੁਣ ਇਨ੍ਹਾਂ ਦਰਿਆਵਾਂ ਨੂੰ ਵੱਡੀ ਪੱਧਰ ਤੇ ਮਨੋਰੰਜਨ ਲਈ ਵੀ ਵਰਤਿਆ ਜਾਂਦਾ ਹੈ। ਅਮਰੀਕਨ ਦਰਿਆ ਹੁਣ ਸੰਸਾਰ ਪੱਧਰ ਦੇ Rafters ਤੇ Kayakers ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਸੈਕਰਾਮੈਂਨਟੋ ਆਬਾਦੀ ਦੇ ਲਿਹਾਜ ਨਾਲ ਕੈਲੀਫੋਰਨੀਆਂ ਸਟੇਟ ਦਾ 7ਵਾਂ ਵੱਡਾ ਸ਼ਹਿਰ ਹੈ। ਸਾਲ 2008 ਦੇ ਅਨੁਮਾਨ ਅਨੁਸਾਰ ਇਸ ਦੀ ਆਬਾਦੀ 4 ਲੱਖ 76 ਹਜ਼ਾਰ ਹੈ।

ਏਥੇ ਭਾਰਤੀਆਂ ਦੀ ਵੀ ਕਾਫੀ ਆਬਾਦੀ ਹੈ। ਭਾਰਤੀਆਂ ਵਿਚੋਂ ਜ਼ਿਆਦਾ ਆਬਾਦੀ ਪੰਜਾਬੀਆਂ ਦੀ ਹੈ। ਏਥੇ ਕਈ ਗੁਰੂਦਵਾਰੇ ਹਨ। ਇਹ ਸ਼ਹਿਰ 257 ਕਿਲੋਮੀਟਰ ਦੇ ਘੇਰੇ ਵਿਚ ਵਸਿਆ ਹੋਇਆ ਹੈ। ਵਸੇ ਏਰੀਏ ਦੇ ਹਿਸਾਬ ਨਾਲ ਇਹ ਸ਼ਹਿਰ ਕੈਲੀਫੋਰਨੀਆਂ ਦਾ ਚੌਥਾ ਵੱਡਾ ਸ਼ਹਿਰ ਹੈ। ਸਭ ਤੋਂ ਵੱਧ ਏਰੀਏ ਵਿਚ ਐਲ. ਏ. ਹੈ। ਦੂਜੇ ਨੰਬਰ ਤੇ ਸ਼ਾਨ-ਫਰਾਂਸ਼ਿਸ਼ਕੋ ਬੇਅ ਏਰੀਆ ਹੈ। ਤੀਜੇ ਨੰਬਰ ਤੇ ਸੈਨਡੀਗੋ ਪੈਂਦਾ ਹੈ। ਸੈਕਰਾਮੈਂਨਟੋ ਨੂੰ ਹੁਣ ਅਮਰੀਕਾ ਦੀਆਂ 5 ਵਧੀਆ ਰਹਿਣ ਵਾਲੀਆਂ ਥਾਵਾਂ ਵਿਚ ਗਿਣਿਆ ਜਾਂਦਾ ਹੈ। ਸੈਕਰਾਮੈਂਨਟੋ ਦਾ ਨਿਕਨੇਮ "ਰਿਵਰ ਸਿਟੀ" ਹੈ। ਅਮਰੀਕਾ ਤੇ ਕੈਨੇਡਾ ਦੇ ਸਾਰੇ ਸ਼ਹਿਰ ਹੀ ਵਿਉਂਤਬੰਦੀ ਨਾਲ ਵਸਾਏ ਹੋਣ ਕਰਕੇ ਬਹੁਤ ਖੁਲ੍ਹੇ ਵਸੇ ਹੋਏ ਹਨ। ਸੈਕਰਾਮੈਂਨਟੋ ਸ਼ਹਿਰ ਇਕ ਸਭਿਆਚਾਰਕ ਤੇ ਆਰਥਿਕ ਕੇਂਦਰ ਹੈ।

ਹਜ਼ਾਰਾਂ ਸਾਲ ਪਹਿਲਾਂ ਸੈਕਰਾਮੈਂਨਟੋ ਏਰੀਆ ਵਿਚ ਏਥੋਂ ਦੇ ਮੁੱਢਲੇ ਵਸਨੀਕ ਰਹਿੰਦੇ ਸਨ। ਸਾਲ 1800 ਦੇ ਕਰੀਬ ਏਥੇ ਸਪੇਨ ਦੇ ਖੋਜੀ ਆਏ। ਫੇਰ 1839 ਵਿਚ ਏਥੇ ਸਵਿਟਜ਼ਰਲੈਂਡ ਤੋਂ ਜੌਹਨ ਸੱਟਰ ਆਪਣੇ ਸਾਥੀਆਂ ਨਾਲ ਆਇਆ। ਉਸ ਨੇ ਏਥੇ ਕਿਲਾ ਬਣਾਇਆ। ਵਪਾਰਕ ਵਸਤੀ ਬਸਾਈ। ਫਲਾਂ ਦੇ ਬਾਗ ਲਾਏ। ਸਾਲ 1848 ਵਿਚ ਸੈਕਰਾਮੈਂਨਟੋ ਸ਼ਹਿਰ ਦੀ ਨੀਂਹ ਰੱਖੀ ਗਈ। ਸਾਲ 1848 ਵਿਚ ਹੀ ਏਸ ਵਾਦੀ ਵਿਚੋਂ ਸੋਨਾ ਲੱਭਿਆ ਗਿਆ। ਜਿਸ ਨਾਲ ਆਬਾਦੀ ਵਧਣੀ ਸ਼ੁਰੂ ਹੋਈ। ਸੋਨੇ ਦੀ ਲੱਭਤ ਨੇ ਸੈਕਰਾਮੈਂਨਟੋ ਨੂੰ ਵਪਾਰਕ ਤੇ ਖੇਤੀ ਬਾੜੀ ਦਾ ਕੇਂਦਰ ਬਣਾ ਦਿੱਤਾ। ਕਿਉਂ ਜੋ ਏਥੇ ਰੇਲ ਗੱਡੀਆਂ, ਦਰਿਆ ਈ ਕਿਸ਼ਤੀਆਂ, ਢੋਆ-ਢੁਆਈ ਤੇ ਆਵਾ ਜਾਈ ਦੀਆਂ ਸਹੂਲਤਾਂ ਸਨ। ਉਸ ਤੋਂ ਪਿਛੋਂ ਸੈਕਰਾਮੈਂਨਟੋ ਦੇ ਆਲੇ ਦੁਆਲੇ ਵਸੇ ਛੋਟਾ ਸ਼ਹਿਰਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ।

ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਸੈਕਰਾਮੈਂਨਟੋ ਏਥੋਂ ਦੀ ਮਸ਼ਹੂਰ ਯੂਨੀਵਰਸਿਟੀ ਹੈ। ਇਹ 1947 ਦੀ ਬਣੀ ਹੋਈ ਹੈ। ਇਸ ਵਿਚ 8 ਕਾਲਜ ਹਨ। ਏਥੇ ਹੋਰ ਵੀ ਯੂਨੀਵਰਸਿਟੀਆਂ ਹਨ। ਅਨੇਕਾਂ ਕਾਲਜ਼ ਤੇ ਸਕੂਲ ਹਨ। ਸੈਕਰਾਮੈਂਨਟੋ ਦੇ ਨਾਲ ਹੀ ਯੂਨੀਵਰਸਿਟੀ ਆਫ ਕੈਲੀਫੋਰਨੀਆਂ ਡੇਵਿਸ ਹੈ। ਇਹ ਸੈਕਰਾਮੈਂਨਟੋ ਦੇ ਨਾਲ ਲੱਗਦੇ ਸ਼ਹਿਰ ਡੇਵਿਸ ਵਿਚ ਸਥਿਤ ਹੈ। ਸੈਕਰਾਮੈਂਨਟੋ ਵਿਚ ਅਮਰੀਕਾ ਦੀ ਕੇਂਦਰੀ ਸਰਕਾਰ ਦੇ ਵੀ ਕਈ ਦਫਤਰ ਹਨ।

ਸੈਕਰਾਮੈਂਨਟੋ ਵਿਚ ਕਈ ਪ੍ਰਸਿੱਧੀ ਵਾਲੇ ਅਜਾਇਬ ਘਰ ਹਨ। ਸਭ ਤੋਂ ਵਧੀਆ ਤੇ ਪੁਰਾਣਾ ਮਿਊਜੀਅਮ ਕਰੋਕਰ ਆਰਟ ਮਿਊਜ਼ੀਅਮ ਹੈ। ਏਥੋਂ ਦਾ Governor's mansion state Historic Park ਵੀ ਵੇਖਣ ਯੋਗ ਹੈ। ਏਥੇ ਕੈਲੀਫੋਰਨੀਆਂ ਦੇ 13 ਗਵਰਨਰ ਰਹਿ ਚੁੱਕੇ ਹਨ। ਕੈਲੀਫੋਰਨੀਆਂ ਮਿਊਜ਼ੀਅਮ ਫਾਰ ਹਿਸਟਰੀ, ਕੈਲੀਫੋਰਨੀਆਂ ਸਟੇਟ ਰੇਲਰੋਡ ਮਿਊਜ਼ੀਅਮ ਤੇ ਟੋਅ ਆਟੋ ਮਿਊਜ਼ੀਅਮ ਵੀ ਵਧੀਆ ਅਜਾਇਬ ਘਰ ਹੈ। ਏਥੋਂ ਦਾ ਡਿਸਕਵਰੀ ਪਾਰਕ 275 ਏਕੜ ਵਿਚ ਬਣਿਆ ਹੋਇਆ ਹੈ। ਏਥੇ ਹੀ ਅਮਰੀਕਨ ਦਰਿਆ ਸੈਕਰਾਮੈਂਨਟੋ ਦਰਿਆ ਵਿਚ ਪੈਂਦਾ ਹੈ। ਸੈਕਰਾਮੈਂਨਟੋ ਵਿਚ ਹਰ ਸਾਲ ਕੈਲੀਫੋਰਨੀਆਂ ਸਟੇਟ ਮੇਲਾ ਗਰਮੀ ਦੇ ਮੌਸਮ ਦੇ ਅਖੀਰ ਵਿਚ ਲੱਗਦਾ ਹੈ। ਇਸ ਮੇਲੇ ਨੂੰ ਸਾਲ 2001 ਵਿਚ 10 ਲੱਖ ਤੋਂ ਉਪਰ ਲੋਕਾਂ ਨੇ ਵੇਖਿਆ ਸੀ। ਸੈਕਰਾਮੈਂਨਟੋ ਦੇ ਵਸਨੀਕ ਸਾਫਟਬਾਲ

ਖੇਡਣ ਦੇ ਬਹੁਤ ਹੀ ਸ਼ੁਕੀਨ ਹਨ।

ਵੈਨਕੋਵਰ ਤੋਂ ਵਾਪਸੀ ਸਮੇਂ ਅਸੀਂ ਥੋੜੀ ਦੇਰ ਲਈ ਯੂਬਾ ਸਿਟੀ ਵਿਚ ਰੁਕਣ ਦਾ ਪ੍ਰੋਗਰਾਮ ਬਣਾਇਆ।ਅਸੀਂ ਯੂਬਾ ਸਿਟੀ ਵਿਚ ਹਰ ਸਾਲ ਨਵੰਬਰ ਦੇ ਪਹਿਲੇ ਐਤਵਾਰ ਨੂੰ ਨਿਕਲਦੇ ਸਿੱਖਾਂ ਦੇ ਜਲੂਸ ਦੀਆਂ ਧੁੰਮਾਂ ਸਾਰੇ ਸੰਸਾਰ ਵਿਚ ਪੈਂਦੀਆਂ ਸੁਣੀਆਂ ਹੋਈਆਂ ਸਨ। ਇਸ ਲਈ ਅਸੀਂ ਇਹ ਸ਼ਹਿਰ ਤੇ ਗੁਰੂਦਵਾਰਾ ਸਾਹਿਬ ਵੇਖਣਾ ਚਾਹੁੰਦੇ ਸੀ। ਸਾਡੀ ਵੈਨਕੋਵਰ ਤੋਂ ਵਾਪਸੀ ਦਾ ਰਾਹ ਵੀ ਯੂਬਾ ਸਿਟੀ ਵਿਚੋਂ ਦੀ ਹੀ ਸੀ। ਸਾਡੇ ਲਈ ਤਾਂ ਇਹ ਰੂੰਗੇ ਵਾਲੀ ਗੱਲ ਸੀ।

ਅਸੀਂ ਏਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸਾਰਾ ਯੂਬਾ ਸਿਟੀ ਘੁੰਮ ਕੇ ਵੇਖਿਆ। ਗੁਰੂਦਵਾਰਾ ਸਾਹਿਬ ਦੇ ਦਰਸ਼ਨ ਕੀਤੇ। ਯੂਬਾ ਸਿਟੀ ਚਾਹੇ ਇਕ ਛੋਟਾ ਜਿਹਾ ਸ਼ਹਿਰ ਹੈ ਪਰ ਫੇਰ ਵੀ ਏਥੇ ਪੰਜਾਬੀ ਸਿੱਖਾਂ ਦੀ ਗਿਣਤੀ ਬਹੁਤ ਹੈ। ਜੇਕਰ ਯੂਬਾ ਤੇ ਸਟਰ ਏਰੀਏ ਦੇ ਪੰਜਾਬੀਆਂ ਦੀ ਆਬਾਦੀ ਦੀ ਇਕ ਥਾਂ ਕੱਠੀ ਗਿਣਤੀ ਮੰਨੀ ਜਾਵੇ ਤਾਂ ਇਹ ਆਬਾਦੀ ਸਾਰੇ ਅਮਰੀਕਾ ਵਿਚੋਂ ਸਭ ਤੋਂ ਵੱਧ ਹੀ ਨਹੀਂ ਬਣਦੀ, ਸਗੋਂ ਪੰਜਾਬ ਤੋਂ ਬਾਹਰ ਵੀ ਇਕ ਥਾਂ ਸਭ ਤੋਂ ਵੱਧ ਪੰਜਾਬੀਆਂ ਦੀ ਆਬਾਦੀ ਬਣਦੀ ਹੈ।

ਯੂਬਾ ਸਿਟੀ ਵਿਚ ਨਿਕਲਦੇ ਹਰ ਸਾਲ ਦੇ ਜਲੂਸ ਵਿਚ 'ਕੱਲੇ ਅਮਰੀਕਾ ਦੇ ਪੰਜਾਬੀ ਸਿੱਖ ਹੀ ਭਾਗ ਨਹੀਂ ਲੈਂਦੇ, ਸਗੋਂ ਕੈਨੇਡਾ, ਇੰਗਲੈਂਡ, ਭਾਰਤ, ਗੱਲ ਕੀ ਸਾਰੇ ਸੰਸਾਰ ਵਿਚੋਂ ਪੰਜਾਬੀ ਸਿੱਖ ਏਸ ਜਲੂਸ ਵਿਚ ਸ਼ਾਮਲ ਹੁੰਦੇ ਹਨ। ਇਹ ਜਲੂਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਲ 1708 ਵਿਚ ਗੁਰਗੱਦੀ ਦੇਣ ਦੀ ਖੁਸ਼ੀ ਵਿਚ ਕੱਢਿਆ ਜਾਂਦਾ ਹੈ। ਜਲੂਸ ਦਾ ਸਾਢੇ ਚਾਰ ਕਿਲੋਮੀਟਰ ਦਾ ਰਸਤਾ ਪੂਰਾ ਸਜਾਇਆ ਹੁੰਦਾ ਹੈ। ਸਾਲ 2007 ਦੇ 28 ਵੇ ਸਾਲਾਨਾ ਜਲੂਸ ਵਿਚ ਕੋਈ 85 ਹਜ਼ਾਰ ਦੇ ਕਰੀਬ ਸੰਗਤਾਂ ਨੇ ਭਾਗ ਲਿਆ ਸੀ, ਜਿਹੜਾ ਇਕ ਰੀਕਾਰਡ ਹੈ।

ਯੂਬਾ ਸਿਟੀ ਫੀਦਰ ਦਰਿਆ ਦੇ ਕਿਨਾਰੇ ਤੇ ਵਸਿਆ ਹੋਇਆ ਹੈ। ਇਹ ਛੋਟਾ ਜਿਹਾ ਸ਼ਹਿਰ ਹੈ। ਜਨਵਰੀ 2006 ਵਿਚ ਇਸ ਦੀ ਆਬਾਦੀ 62 ਹਜ਼ਾਰ ਸੀ। ਯੂਬਾ ਸਿਟੀ ਸੈਕਰਾਮੈਂਨਟੋ ਵਾਦੀ ਵਿਚ ਪੈਂਦਾ ਹੈ। ਸੈਕਰਾਮੈਂਨਟੋ ਸ਼ਹਿਰ ਤੋਂ ਸਿਰਫ 40 ਮਿੰਟ ਦਾ ਰਸਤਾ ਹੈ। ਏਥੋਂ ਦਾ Prune Fruit ਬਹੁਤ ਮਸ਼ਹੂਰ ਹੈ। ਸਭ ਤੋਂ ਜ਼ਿਆਦਾ ਏਥੇ ਹੀ ਹੁੰਦਾ ਹੈ। ਏਸ ਕਰਕੇ ਯੂਬਾ ਸਿਟੀ ਦਾ ਨਿਕਨੇਮ "Prune Capital of the world" ਹੈ। Prune ਸ਼ਬਦ ਦਾ ਇਕ ਅਰਥ ਸੁੱਕਾ ਬੇਰ ਵੀ ਹੈ। ਕਿਸੇ ਸਮੇਂ ਪੰਜਾਬ ਵਿਚ ਵੀ ਬਹੁਤ ਬੇਰ ਹੁੰਦੇ ਸਨ। ਹਰ ਪਰਿਵਾਰ ਦੇ ਖੇਤ ਵਿਚ ਬੇਰੀਆਂ ਹੁੰਦੀਆਂ ਸਨ। ਬੇਰੀਆਂ ਨੂੰ ਬੇਰ ਵੀ ਬਹੁਤ ਲੱਗਦੇ ਹੁੰਦੇ ਸਨ। ਉਸ ਸਮੇਂ ਪਿੰਡਾਂ ਦਾ ਇਕੋ ਇਕ ਫਲ ਬੇਰ ਹੀ ਹੁੰਦਾ ਸੀ। ਬੇਰਾਂ ਨੂੰ ਬਾਅਦ ਵਿਚ ਖਾਣ ਲਈ ਸੁਕਾ ਕੇ ਰੱਖ ਲੈਂਦੇ ਸਨ। ਬੇਰੀਆਂ ਦੇ ਬੇਰਾਂ ਦਾ ਉਸ ਸਮੇਂ ਸਾਡੇ ਜੀਵਨ ਨਾਲ ਬਹੁਤ ਨੇੜੇ ਦਾ ਸਬੰਧ ਹੁੰਦਾ ਸੀ। ਜਿਸ ਮੁਟਿਆਰ ਦੇ ਵਿਆਹ ਹੋਏ ਨੂੰ ਕਈ ਸਾਲ ਹੋ ਜਾਂਦੇ ਸਨ, ਪਰ ਕੋਈ ਬੱਚਾ ਨਹੀਂ ਹੁੰਦਾ ਸੀ ਤਾਂ ਉਸ ਨੂੰ ਮਿੱਠੀ ਟਕੋਰ ਲਾਉਂਦੇ ਹੋਏ ਕਿਹਾ ਜਾਂਦਾ ਸੀ—

ਬੇਰੀਆਂ ਨੂੰ ਬੇਰ ਲੱਗ ਗਏ,
ਤੈਨੂੰ ਕੁਝ ਨਾ ਲੱਗਾ ਮੁਟਿਆਰੇ ?

ਹੁਣ ਤਾਂ ਪੰਜਾਬ ਵਿਚ ਤੁਹਾਨੂੰ ਕਿਤੇ ਕਿਤੇ ਹੀ ਦੇਸ਼ੀ ਬੇਰੀ ਦਾ ਰੁੱਖ ਨਜ਼ਰ

ਆਵੇਂਗਾ।

# ਪਿੱਟਸਬਰਗ ਦੀ ਫੇਰੀ

ਕੈਲੀਫੋਰਨੀਆਂ ਸੂਬੇ ਦੇ ਦੋ ਵੇਰਾਂ ਦੇ ਸੱਤ ਸੱਤ ਅੱਠ ਅੱਠ ਮਹੀਨਿਆਂ ਦੇ ਟੂਰ ਦੌਰਾਨ ਮੈਂ ਆਮ ਪੰਜਾਬੀਆਂ ਨੂੰ ਦੋ ਤਿੰਨ ਘੰਟੇ ਦੇ ਸਫਰ ਨੂੰ 'ਆਹ ਤਾਂ ਪਿਆ', 'ਨੇੜੇ ਤਾਂ ਹੈ', 'ਹੁਣ ਪਹੁੰਚ ਜਾਣੇ ਆ' ਕਹਿੰਦੇ ਆਮ ਸੁਣਦਾ ਰਿਹਾ ਹਾਂ। ਦੋ ਤਿੰਨ ਘੰਟੇ ਸਫਰ ਨੂੰ ਥੋੜਾ ਜਿਹਾ ਸਫਰ ਕਹਿਣ ਦਾ ਮੁੱਖ ਕਾਰਨ ਏਥੋਂ ਦੇ ਹਰ ਸ਼ਹਿਰ ਨੂੰ ਜਾਂਦੇ ਦੋ ਦੋ ਤਿੰਨ ਤਿੰਨ ਲੇਣਾਂ ਦੇ ਵਧੀਆ ਹਾਈਵੇ ਹਨ। ਕਿਸੇ ਵੀ ਹਾਈਵੇ ਉਪਰ ਰੈਡ ਲਾਈਟ ਨਾ ਲੱਗੇ ਹੋਣਾ ਹੈ। ਏਥੇ ਜੇ ਕਿਸੇ ਸੜਕ ਨੇ ਹਾਵੀਏ ਨੂੰ ਕਰਾਸ ਕਰਨਾ ਹੁੰਦਾ ਹੈ ਤਾਂ ਉਸ ਲਈ ਹਾਈਵੇ ਉਪਰ ਪੁਲ ਬਣੇ ਹੋਏ ਹਨ। ਏਸ ਲਈ ਇਕਵੇਰ ਜਦ ਕਾਰ ਗੱਡੀ ਹਾਈਵੇ ਤੇ ਚੜ੍ਹ ਜਾਂਦੀ ਹੈ ਤਾਂ ਉਸ ਦੀ ਸਪੀਡ 65/70 ਮੀਲ ਦੀ ਹੁੰਦੀ ਹੈ। ਸੜਕਾਂ ਐਨੀਆਂ ਵਧੀਆ ਬਣੀਆਂ ਹੋਈਆਂ ਹਨ ਕਿ 65/70 ਮੀਲ ਦੀ ਸਪੀਡ ਤੇ ਜਾਂਦੀਆਂ ਕਾਰਾਂ, ਗੱਡੀਆਂ ਬਿਲਕੁਲ ਹੀ ਹਲੋਰਾ ਨਹੀਂ ਦਿੰਦੀਆਂ। ਹਵਾ ਵਿਚ ਚੱਲਦੀਆਂ ਲੱਗਦੀਆਂ ਹਨ। ਦੂਜਾ ਵੱਡਾ ਕਾਰਨ ਏਥੋਂ ਦੇ ਵਸਨੀਕਾ ਦਾ ਟ੍ਰੈਫਿਕ ਨੀਯਮਾਂ ਨੂੰ ਪੂਰੀ ਤਰ੍ਹਾਂ ਪਾਲਣਾ ਕਰਨ ਕਰਕੇ ਹੈ।

ਮੈਂ ਭੂਮਿਕਾ ਥੋੜੀ ਜ਼ਿਆਦਾ ਬੰਨ੍ਹ ਗਿਆ ਹੈ। ਅਸਲ ਵਿਸ਼ੇ ਵੱਲ ਆਉਂਦੇ ਹਾਂ। ਮੇਰੇ ਜੁਆਈ ਦੇ ਇਕ ਚਾਚਾ ਜੀ ਕੈਲੀਫੋਰਨੀਆਂ ਸੂਬੇ ਦੇ ਸ਼ਹਿਰ ਪਿੱਟਸਬਰਗ ਵਿਚ ਰਹਿੰਦੇ ਹਨ। ਇਹ ਇਕ ਛੋਟਾ ਜਿਹਾ ਸ਼ਹਿਰ ਹੈ। ਸਿਰਫ 17 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਇਸ ਦੀ ਕਾਊਂਟੀ ਦਾ ਨਾਂ ਕੋਨਟਰਾ (Contra Costa) ਕੋਸਟਾ ਹੈ। ਇਹ ਸ਼ਾਨ ਫਰਾਂਸ਼ਿਸ਼ਕੋ ਦੇ ਬੇਅ ਏਰੀਏ ਦਾ ਸ਼ਹਿਰ ਹੈ। ਸਾਲ 2000 ਵਿਚ ਪਿੱਟਸਬਰਗ ਦੀ ਆਬਾਦੀ 57 ਹਜ਼ਾਰ ਸੀ। ਫਰਿਜ਼ਨੋ ਤੋਂ ਪਿੱਟਸਬਰਗ 3 ਘੰਟੇ ਦਾ ਸਫਰ ਹੈ। ਅਸੀਂ ਸਾਰਾ ਪਰਿਵਾਰ 17 ਜੁਲਾਈ 2005 ਦਿਨ ਐਤਵਾਰ ਨੂੰ ਉਨ੍ਹਾਂ ਕੋਲ ਸ਼ਾਮ ਦੇ 4 ਵਜੇ ਦੇ ਕਰੀਬ ਪਹੁੰਚੇ। ਚਾਚਾ ਜੀ ਦੇ ਚੰਗੇ ਸੁਭਾਅ ਬਾਰੇ, ਮਿਲਾਪੜੇ ਹੋਣ ਬਾਰੇ ਘਰ ਵਿਚ ਆਮ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਮੇਰੇ ਜੁਆਈ ਦੇ ਆਪਣੇ ਚਾਚਾ ਜੀ ਨਾਲ ਮਿੱਤਰਾਂ ਵਰਗੇ ਸਬੰਧ ਹਨ।

ਪਿੱਟਸਬਰਗ ਸ਼ਹਿਰ ਸੈਕਰਾਮੈਨਟੋ ਦਰਿਆ ਦੇ ਡੈਲਟੇ ਤੇ ਵਸਿਆ ਹੋਇਆ ਹੈ। ਸ਼ਹਿਰ ਦਾ ਦਰਿਆ ਦੇ ਕਿਨਾਰੇ ਵਸਿਆ ਹੋਣ ਕਰ ਕੇ ਮੈਨੂੰ ਸ਼ਿਵ ਕੁਮਾਰ ਬਟਾਲਵੀ ਦੇ ਇਕ ਗੀਤ ਦੀਆਂ ਦੋ ਲਾਈਨਾਂ ਯਾਦ ਆਈਆਂ ਹਨ। ਸ਼ਿਵ ਨੇ ਇਹ ਗੀਤ ਆਪਣੇ ਇਕ ਮਿੱਤਰ ਨੂੰ ਮੁੱਖ ਰੱਖ ਕੇ ਲਿਖਿਆ ਸੀ, ਜਿਸ ਦਾ ਘਰ ਇਕ ਵਗਦੇ ਚੋ ਦੇ ਨਜ਼ਦੀਕ ਸੀ। ਗੀਤ ਦੀਆਂ ਲਾਈਨਾਂ ਹਨ—

ਉੱਥੇ ਇਤਰਾਂ ਦੇ ਵਗਦੇ ਨੇ ਚੋ,

ਜਿਥੇ ਮੇਰਾ ਯਾਰ ਵਸਦਾ।

ਪਿੱਟਸਬਰਗ ਸ਼ਹਿਰ ਦਰਿਆ ਕਿਨਾਰੇ ਹੈ। ਉਨ੍ਹਾਂ ਦੇ ਚਾਚਾ ਜੀ ਦਾ ਦਿਲ ਵੀ ਦਰਿਆ ਵਰਗਾ ਹੈ। ਉਹ ਪੁਰਾਣੇ ਬੀ. ਏ. ਹਨ। ਬੀ. ਏ. ਕਰਨ ਤੋਂ ਬਾਅਦ ਉਹ ਆਪਣੇ ਇਕ ਪਰਿਵਾਰਕ ਮਿੱਤਰ ਕੋਲ ਠੇਕੇਦਾਰੀ ਕਰਨ ਲਈ ਬੰਗਾਲ ਚਲੇ ਗਏ। ਬੰਗਾਲ ਵਿਚ ਕਾਫੀ ਸਮਾਂ ਠੇਕੇਦਾਰੀ ਕਰਨ ਪਿਛੋਂ ਉਹ ਕੈਨੇਡਾ ਆ ਗਏ। ਕੈਨੇਡਾ ਤੋਂ ਅਮਰੀਕਾ ਪਹੁੰਚ ਗਏ। ਹੁਣ ਪਿਛਲੇ 9 ਕੁ ਸਾਲ ਤੋਂ ਅਮਰੀਕਾ ਵਿਚ ਰਹਿ ਰਹੇ ਹਨ।

ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲ ਰਿਹਾ ਸੀ। ਜੋ ਉਨ੍ਹਾਂ ਬਾਰੇ ਸੁਣਿਆ ਸੀ, ਮੈਨੂੰ ਉਨ੍ਹਾਂ ਵਿਚ ਉਸ ਨਾਲੋਂ ਵੀ ਵੱਧ ਸਿਫਤਾਂ ਮਿਲੀਆਂ। ਉਨ੍ਹਾਂ ਦੀ ਚਾਚੀ ਜੀ ਦਾ ਸੁਭਾਅ ਹੋਰ ਵੀ ਮਿਲਾਪੜਾ, ਨਿੱਘਾ ਹੈ। ਚਾਚੇ ਚਾਚੀ ਦਾ ਆਪਣੇ ਭਤੀਜੇ (ਮੇਰੇ ਜੁਆਈ) ਦੇ ਨਾਲ ਪਿਆਰ, ਸਨੇਹ ਨੇ ਮੈਨੂੰ ਪੁਰਾਣੇ ਸਮਿਆਂ ਦੇ ਭੂਆ ਭਤੀਜੇ ਦੇ ਪਿਆਰ ਦੀ ਯਾਦ ਤਾਜਾ ਕਰਾ ਦਿੱਤੀ। ਪਹਿਲੇ ਸਮਿਆਂ ਵਿਚ ਭੈਣ, ਭਰਾਵਾਂ ਵਿਚ ਪਿਆਰ ਤਾਂ ਹੁੰਦਾ ਹੀ ਸੀ, ਭਰਾ ਦੀ ਔਲਾਦ (ਭਤੀਜੇ, ਭਤੀਜੀਆਂ) ਨਾਲ ਭੈਣ (ਭੂਆ) ਦਾ ਉਸ ਤੋਂ ਵੀ ਵੱਧ ਪਿਆਰ ਹੁੰਦਾ ਸੀ। ਏਸੇ ਕਰਕੇ ਤਾਂ ਲੋਕ ਗੀਤ ਹੈ—

ਪੁੱਤ ਵੀਰ ਦਾ ਭਤੀਜਾ ਮੇਰਾ,
ਤੈਨੂੰ ਵੇਖਿਆ ਚੰਦ ਚੜ੍ਹਦਾ।

ਜਾਣਸਾਰ ਚਾਹ ਦੇ ਨਾਲ ਭਿੰਨ ਭਿੰਨ ਕਿਸਮ ਦੀ ਮਠਿਆਈ ਸੀ। ਫੇਰ ਗੱਲਾਂ ਦਾ ਅਜੇਹਾ ਦੌਰ ਸ਼ੁਰੂ ਹੋਇਆ, ਪਤਾ ਹੀ ਨਾ ਲੱਗਿਆ, ਕਦ ਰਾਤ ਦੇ 9 ਵੱਜ ਗਏ। ਰਾਤ ਦੇ ਖਾਣੇ ਲਈ ਉਨ੍ਹਾਂ ਦੀ ਚਾਚੀ ਜੀ ਨੇ ਕਈ ਕਿਸਮ ਦੀਆਂ ਸ਼ਬਜ਼ੀਆਂ, ਦਾਲਾਂ ਤੇ ਹੋਰ ਬੜਾ ਨਿੱਕ ਸੁੱਕ ਬਣਾ ਰੱਖਿਆ ਹੋਇਆ ਸੀ। ਖਾਣਾ ਖਾਂਦਿਆਂ ਨੂੰ 10 ਵੱਜ ਗਏ। ਗੱਲਾਂ ਫੇਰ ਸ਼ੁਰੂ ਹੋ ਗਈਆਂ। ਗਿਆਰਾਂ ਵੱਜ ਗਏ। ਅਗਲੇ ਦਿਨ ਸੋਮਵਾਰ ਦਾ ਮੇਰੇ ਜੁਆਈ ਦਾ ਹਸਪਤਾਲ ਦਾ ਕੰਮ ਕਰਨ ਦਾ ਦਿਨ ਸੀ। ਏਸ ਲਈ ਅਸੀਂ 11 ਵਜੇ ਤੋਂ ਬਾਅਦ ਚਲ ਕੇ 18 ਜੁਲਾਈ ਦੀ ਸਵੇਰ ਦੇ ਦੋ ਵਜੇ ਵਾਪਸ ਫਰਿਜ਼ਨੋ ਪਹੁੰਚੇ।

# ਗੋਲਡਨ ਗੇਟ ਬ੍ਰਿੱਜ਼—ਸ਼ਾਨ ਫਰਾਂਸ਼ਿਸ਼ਕੋ

21 ਜੁਲਾਈ 2005 ਨੂੰ ਅਸੀਂ ਸ਼ਾਨ ਫਰਾਂਸ਼ਿਸ਼ਕੋ ਦੇ ਗੋਲਡਨ ਗੇਟ ਬ੍ਰਿੱਜ਼ ਵੇਖਣ ਲਈ ਗਏ। ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਗੋਲਡਨ ਗੇਟ ਬ੍ਰਿੱਜ ਦੀ ਜਾਣਕਾਰੀ ਦੇਵਾਂ, ਮੈਂ ਤੁਹਾਨੂੰ ਸ਼ਾਨ ਫਰਾਂਸ਼ਿਸ਼ਕੋ ਬਾਰੇ ਥੋੜਾ ਜਿਹਾ ਦੱਸਣਾ ਉੱਚਿਤ ਸਮਝਦਾ ਹੈ। ਸ਼ਾਨ ਫਰਾਂਸ਼ਿਸ਼ਕੋ ਆਬਾਦੀ ਪੱਖੋਂ ਕੈਲੀਫੋਰਨੀਆਂ ਸੂਬੇ ਦਾ ਚੌਥਾ ਵੱਡਾ ਸ਼ਹਿਰ ਹੈ। ਸਾਲ 2005 ਵਿਚ ਏਸ ਦੀ ਆਬਾਦੀ ਸਾਢੇ ਸੱਤ ਲੱਖ ਦੇ ਕਰੀਬ ਸੀ। ਇਹ 7 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਅਮਰੀਕਾ ਵਿਚ ਕਿਲੋਮੀਟਰਾਂ ਦੀ ਥਾਂ ਅਜੇ ਵੀ ਮੀਲ ਚਲਦੇ ਹਨ। ਏਸ ਦੇ ਚਾਰੇ ਪਾਸੇ ਮਹਾਸਾਗਰ ਹੈ। ਏਸ ਸ਼ਹਿਰ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸਾਲ 1769 ਵਿਚ ਸਪੇਨ ਦੀ ਖੋਜ਼ੀ ਟੋਲੀ ਨੇ ਇਸ ਨੂੰ ਲੱਭਿਆ। ਉਸ ਸਮੇਂ ਏਥੋਂ ਦੇ ਮੁੱਢੇ ਵਸਨੀਕ ਛੋਟੇ ਛੋਟੇ ਪਿੰਡਾਂ ਵਿਚ ਰਹਿੰਦੇ ਸਨ। ਸਾਲ 1776 ਵਿਚ ਸਪੇਨ ਵਾਲਿਆਂ ਨੇ ਏਥੇ ਕਿਲਾ ਬਣਾਇਆ। ਸਾਲ 1846 ਵਿਚ ਸ਼ਾਨ ਫਰਾਂਸ਼ਿਸ਼ਕੋ ਤੇ ਅਮਰੀਕਾ ਨੇ ਕਬਜ਼ਾ ਕਰ ਲਿਆ। ਸਾਲ 1848 ਵਿਚ ਕੈਲੀਫੋਰਨੀਆਂ ਵਿਚ ਸੋਨੇ ਦੀਆਂ ਖਾਣਾਂ ਦੀ ਲੱਭਤ ਸਮੇਂ ਇਸ ਦੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਸਾਲ 1848 ਵਿਚ ਇਸ ਸ਼ਹਿਰ ਦੀ ਆਬਾਦੀ ਜਿਹੜੀ 1000 ਸੀ, ਉਹ ਇਕ ਸਾਲ ਦੇ ਅੰਦਰ ਅੰਦਰ ਹੀ ਸਾਲ 1849 ਦੇ ਅਖੀਰ ਵਿਚ ਵਧ ਕੇ 25000 ਹੋ ਗਈ।

ਸਮੁੰਦਰੀ ਬੰਦਰਗਾਹ ਬਣਨ ਨਾਲ ਇਹ ਸ਼ਹਿਰ ਵਪਾਰਕ ਕੇਂਦਰ ਬਣ ਗਿਆ। ਸਾਲ 1873 ਵਿਚ ਏਥੇ ਪਹਿਲੀ ਕੇਬਲ ਕਾਰ ਸ਼ੁਰੂ ਹੋਈ। ਸਾਲ 1906 ਵਿਚ ਲੱਗੀ ਅੱਗ ਨੇ ਏਸ ਸ਼ਹਿਰ ਦੇ ਤੀਜੇ ਹਿੱਸੇ ਨੂੰ ਤਬਾਹ ਕਰ ਦਿੱਤਾ। ਡਾਊਨ ਟਾਊਨ ਸਾਰੇ ਦਾ ਸਾਰਾ ਜਲ ਕੇ ਰਾਖ ਹੋ ਗਿਆ। ਸ਼ਹਿਰ ਦੀ 4 ਲੱਖ ਦੀ ਆਬਾਦੀ ਵਿਚੋਂ ਅੱਧੀ ਆਬਾਦੀ ਬੇਘਰ ਹੋ ਗਈ। ਪੂਰੀ ਤੇਜ਼ੀ ਨਾਲ ਸ਼ਹਿਰ ਨੂੰ ਮੁੜ ਆਬਾਦ ਕੀਤਾ ਅਿਗਾ। ਸਾਲ 1936 ਤੇ 1937 ਵਿਚ ਏਥੇ ਗੋਲਡਨ ਗੇਟ ਬ੍ਰਿਜ਼ ਤੇ ਓਕਲੈਂਡ ਬੇਅ ਬ੍ਰਿੱਜ਼ ਬਣਾਏ ਗਏ। ਸਾਲ 1939-1940 ਵਿਚ ਸ਼ਾਨ ਫਰਾਂਸ਼ਿਸ਼ਕੋ ਦੀ ਮੁੜ ਬਹਾਲੀ ਤੇ ਏਥੇ ਸੰਸਾਰ ਦਾ ਮੇਲਾ ਕਰਾਇਆ ਗਿਆ।

ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸਨ ਬਣਾਉਣ ਦਾ ਡਰਾਫਟ ਤੇ ਏਸ ਡਰਾਫਟ ਉਪਰ ਦਸਖਤ 1945 ਵਿਚ ਸ਼ਾਨ ਫਰਾਂਸ਼ਿਸ਼ਕੋ ਵਿਚ ਹੀ ਹੋਏ ਸਨ। ਸਾਲ 1972 ਵਿਚ ਏਥੇ ਟਰਾਂਸ-ਅਮਰੀਕਾ ਪੈਰਾਮਿਡ (Trans America Pyramid) ਬਣਾਇਆ ਗਿਆ। ਓਕਲੈਂਡ ਦੀ ਬੰਦਰਗਾਹ ਬਣਨ ਕਰਕੇ ਸ਼ਾਨ ਫਰਾਂਸ਼ਿਸ਼ਕੋ ਵਿਚੋਂ ਉਦਯੋਗਿਕ ਕਿਰਤੀਆਂ ਦੀਆਂ ਨੌਕਰੀਆਂ ਖਤਮ ਹੋਣ ਲੱਗੀਆਂ। ਫੇਰ ਸ਼ਹਿਰ ਟੂਰਿਸ਼ਟਾਂ ਦਾ ਕੇਂਦਰ ਬਣਨ ਲੱਗਿਆ। ਸਾਲ 1960 ਵਿਚ ਸ਼ਨ ਫਰਾਂਸ਼ਿਸ਼ਕੋ ਵਿਚ ਹਿੱਪੀ ਆਉਣੇ ਸ਼ੁਰੂ ਹੋ ਗਏ। ਸਾਲ 1967 ਵਿਚ ਇਹ ਸ਼ਹਿਰ ਹਿੱਪੀਆਂ ਦਾ ਗੜ੍ਹ ਬਣ ਗਿਆ। ਸਾਲ 1970 ਵਿਚ ਇਹ ਸ਼ਹਿਰ Gay

rights movement ਦਾ ਕੇਂਦਰ ਬਣ ਗਿਆ। 1989 ਵਿਚ ਏਥੇ ਆਏ ਭੂਚਾਲ ਨੇ ਸ਼ਹਿਰ ਦਾ ਕਾਫੀ ਨੁਕਸਾਨ ਕੀਤਾ ਸੀ।

ਸ਼ਾਨ ਫਰਾਂਸ਼ਿਸ਼ਕੋ ਸ਼ਹਿਰ ਦਾ ਮੁੱਖ ਕੇਂਦਰ ਮਾਰਕਿਟ ਸਟਰੀਟ ਦੇ ਦੱਖਣ ਵਾਲਾ ਪਾਸਾ ਹੈ। ਏਥੇ ਹੀ ਬੈਂਕ, ਹੋਟਲ, ਸਾਪਿੰਗ ਸੈਂਟਰ ਹਨ। ਏਥੇ ਹੀ ਕੇਬਲ ਕਾਰਾਂ ਚਲਦੀਆਂ ਹਨ। ਇਥੇ ਹੀ ਚਾਈਨਾ ਟਾਊਨ ਹੈ। ਹਰ ਕਿਸਮ ਦੀ ਐਕਟੀਵਿਟੀ ਦਾ ਇਹ ਏਰੀਆ ਗੜ੍ਹ ਹੈ। ਗੋਲਡਨ ਗੇਟ ਪਾਰਕ ਦੇ ਨੇੜੇ ਰਿਚਮੌਂਡ ਤੇ ਸ਼ਨਸੈਟ ਦੋ ਅਜੇਹੇ ਏਰੀਏ ਹਨ, ਜਿਥੇ ਦਰਮਿਆਨੇ ਤਬਕੇ ਦੇ ਲੋਕ ਜ਼ਿਆਦਾ ਰਹਿੰਦੇ ਹਨ।

ਬੇਕਰ ਬੀਚ ਏਥੋਂ ਦੀ ਮਸ਼ਹੂਰ ਬੀਚ ਹੈ। ਇਹ ਗੋਲਡਨ ਗੇਟ ਬ੍ਰਿੱਜ ਦੇ ਪੱਛਮ ਵਾਲੇ ਪਾਸੇ ਹੈ। ਗੋਲਡਨ ਗੇਟ ਪਾਰਕ ਏਥੋਂ ਦਾ ਮਸ਼ਹੂਰ ਪਾਰਕ ਹੈ। ਇਹ ਪਾਰਕ ਸ਼ਹਿਰ ਦੇ ਵਿਚਾਲੇ ਤੋਂ ਸ਼ੁਰੂ ਹੋ ਕੇ ਸ਼ਾਂਤ ਮਹਾਂਸਾਗਰ ਤੱਕ ਜਾਂਦਾ ਹੈ। ਬਿਊਨਾ ਵਿਸਟਾ ਪਾਰਕ ਏਥੋਂ ਦੀ ਸਭ ਤੋਂ ਪੁਰਾਣੀ ਪਾਰਕ ਹੈ। ਇਹ ਪਾਰਕ 1867 ਵਿਚ ਬਣਾਈ ਗਈ ਸੀ। ਏਥੇ ਮਾਡਰਨ ਆਰਟ ਦਾ ਅਜਾਇਬ ਘਰ ਹੈ। ਇਸ ਨੂੰ 6 ਲੱਖ ਲੋਕ ਹਰ ਸਾਲ ਵੇਖਦੇ ਹਨ। ਇਥੇ ਸਾਇੰਸ ਮਿਊਜੀਅਮ ਵੀ ਹੈ। ਚਿੜੀਆ ਘਰ ਵੀ ਹੈ।

ਸ਼ਾਨ ਫਰਾਂਸ਼ਿਸ਼ਕੋ ਦੀ ਆਮਦਨ ਦਾ ਮੁੱਖ ਸੋਮਾ ਸੈਲਾਨੀਆਂ ਦੀ ਆਮਦਨ ਤੋਂ ਹੈ। ਏਥੇ ਅੰਤਰ-ਰਾਸ਼ਟਰੀ ਹਵਾਹੀ ਅੱਡਾ ਹੈ। ਸੰਸਾਰ ਦੇ ਹਵਾਈ ਅੱਡਿਆਂ ਵਿਚ ਇਹ 23 ਵਾਂ ਵੱਡਾ ਹਵਾਈ ਅੱਡਾ ਹੈ। ਏਥੇ ਸਾਲ ਵਿਚ 3 ਕਰੋੜ 28 ਲੱਖ ਯਾਤਰੀ ਆਉਂਦੇ ਹਨ। ਬਾਹਰਲੇ ਟੂਰਿਸ਼ਟਾਂ ਵਿਚੋਂ ਤੀਜਾ ਹਿੱਸਾ ਟੂਰਿਸਟ ਇਕੱਲੇ ਸ਼ਾਨ ਫਰਾਂਸ਼ਿਸ਼ਕੋ ਸ਼ਹਿਰ ਵਿਚ ਆਉਂਦੇ ਹਨ। ਟੂਰਿਸ਼ਟਾਂ ਦੇ ਰਹਿਣ ਲਈ ਏਥੇ ਵਧੀਆ ਹੋਟਲ ਹਨ। ਰੈਸਟੋਰੈਂਟ ਹਨ। ਏਥੇ ਬਹੁਤ ਸਾਰੀਆਂ ਕਾਨਫਰੰਸਾਂ ਤੇ ਸਮਾਗਮ ਹੁੰਦੇ ਰਹਿੰਦੇ ਹਨ। ਕੈਲੀਫੋਰਨੀਆਂ ਵਿਚ ਸੋਨੇ ਦੀਆਂ ਖਾਣਾਂ ਦੀ ਲੱਭਤ ਹੋਣ ਕਰਕੇ ਏਥੇ ਬਹੁਤ ਸਾਰੇ ਮੁੱਖ ਬੈਂਕ ਤੇ ਵਿੱਤੀ ਸੰਸਥਾਵਾਂ ਹਨ। ਏਥੋਂ ਦੀ ਮੌਂਟਗੁੰਮਰੀ ਸਟਰੀਟ ਨੂੰ Wall street of the west ਕਿਹਾ ਹੈ। ਬੈਂਕ ਆਫ ਅਮਰੀਕਾ ਦਾ ਤਾਂ ਜਨਮ ਹੀ ਸ਼ਾਨ-ਫਰਾਂਸ਼ਿਸ਼ਕੋ ਵਿਚ ਹੋਇਆ ਹੈ। ਸਿੱਲੀਕੋਨ ਵੈਲੀ ਵੀ ਸ਼ਾਨ ਫਰਾਂਸ਼ਿਸ਼ਕੋ ਦੀ ਆਮਦਨ ਵਿਚ ਕਾਫੀ ਯੋਗਦਾਨ ਪਾਉਂਦੀ ਹੈ।

ਸ਼ਾਨ ਫਰਾਂਸ਼ਿਸ਼ਕੋ ਦੀ ਮਹੱਤਤਾ ਦੇ ਹੋਰ ਕਾਰਨਾਂ ਵਿਚ ਏਥੇ ਕੈਫੀਫੋਰਨੀਆਂ ਸੂਬੇ ਦੀ ਸਟੇਟ ਸਪਰੀਮ ਕੋਰਟ ਦਾ ਹੋਣਾ ਹੈ। ਬਾਹਲੇ ਦੇਸ਼ਾਂ ਦੇ 30 ਤੋਂ ਵੱਧ ਕੌਂਸ਼ਲਖਾਨੇ ਏਥੇ ਹਨ। ਸ਼ਾਨ ਫਰਾਂਸ਼ਿਸ਼ਕੋ ਦੇ ਸਿਟੀ ਕਾਲਜ ਦੀ ਗਿਣਤੀ ਅਮਰੀਕਾ ਦੇ ਦੋ ਵੱਡੇ ਕਾਲਜਾਂ ਦੀ ਗਿਣਤੀ ਵਿਚ ਆਉਂਦੀ ਹੈ। ਏਥੇ ਇਕ ਲੱਖ ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ। ਸ਼ਾਨ ਫਰਾਂਸ਼ਿਸ਼ਕੋ ਯੂਨੀਵਰਸਿਟੀ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ ਵਿਚ ਆਉਂਦੀ ਹੈ। ਇਹ 1855 ਵਿਚ ਸਥਾਪਤ ਕੀਤੀ ਗਈ ਸੀ। ਇਹ ਯੂਨੀਵਰਸਿਟੀ ਲੋਨ ਮਾਊਂਟੇਨ ਤੇ ਸਥਿਤ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆਂ ਸ਼ਾਨ ਫਰਾਂਸ਼ਿਸ਼ਕੋ, ਜਿਸ ਦਾ ਛੋਟਾ ਨਾਂ (UCSFO) ਹੈ, ਵੀ ਸ਼ਾਨ ਫਰਾਂਸ਼ਿਸ਼ਕੋ ਸ਼ਹਿਰ ਵਿਚ ਹੈ। ਸ਼ਾਨ ਫਰਾਂਸ਼ਿਸ਼ਕੋ ਵਿਚ ਰੁਜ਼ਗਾਰ ਦੇਣ ਵਿਚ ਏਸ ਯੂਨੀਵਰਸਿਟੀ ਦਾ ਦੂਜਾ ਸਥਾਨ ਹੈ। ਇਸ ਯੂਨੀਵਰਸਿਟੀ ਦਾ Health and Biomedical ਦੀ ਪੜ੍ਹਾਈ ਕਰਾਉਣ ਵਿਚ ਅਮਰੀਕਾ ਦੇ ਪੰਜ ਮੈਡੀਕਲ ਸਕੂਲਾਂ ਵਿਚ ਨਾਂ ਆਉਂਦਾ ਹੈ। ਇਹ USSF ਮੈਡੀਕਲ ਸੈਂਟਰ ਵੀ ਚਲਾਉਂਦੀ ਹੈ, ਜਿਹੜਾ ਅਮਰੀਕਾ

ਦੇ 10 ਵੱਡੇ ਹਸਪਤਾਲਾਂ ਵਿਚੋਂ ਇਕ ਹੈ। ਏਥੇ ਆਰਟਸ ਦੀ ਪੜ੍ਹਾਈ ਲਈ ਆਰਟ ਇੰਨਸਟੀਚਿਊਟ, ਕਾਲਜ ਤੇ ਅਕੈਡਮੀ ਹੈ। ਏਥੇ ਹੇਸਟਿੰਗਜ਼ ਕਾਲਜ ਆਫ ਲਾਅ ਹੈ ਜਿਹੜਾ ਕੈਲੀਫੋਰਨੀਆਂ ਦਾ ਸਭ ਤੋਂ ਪੁਰਾਣਾ ਕਾਲਜ ਹੈ। ਇਹ ਕਾਲਜ 1878 ਵਿਚ ਸਥਾਪਤ ਹੋਇਆ ਸੀ।

ਸ਼ਾਨ ਫਰਾਂਸ਼ਿਸ਼ਕੋ ਵਿਚ ਐਕੂਰੀਅਮ ਹੈ। ਇਸ ਵਿਚ 20 ਹਜ਼ਾਰ ਦੇ ਕਰੀਬ ਸ਼ਾਨ ਫਰਾਂਸ਼ਿਸ਼ਕੋ ਤੇ ਬੇਅ ਏਰੀਏ ਦੇ ਜਲ ਜੀਵ ਰੱਖੇ ਹੋਏ ਹਨ। 25 ਦਸੰਬਰ ਨੂੰ ਛੱਡ ਕੇ ਬਾਕੀ ਦੇ ਸਾਰਾ ਸਾਲ ਇਹ ਖੁਲ੍ਹਾ ਰਹਿੰਦਾ ਹੈ। ਏਥੇ ਚਿੜੀਆਂ ਘਰ ਹੈ। ਇਹ ਨਾਰਥ ਕੈਲੀਫੋਰਨੀਆ ਦਾ ਸਭ ਤੋਂ ਵੱਡਾ ਚਿੜੀਆ ਘਰ ਹੈ। ਏਸ ਚਿੜੀਆ ਘਰ ਵਿਚ ਜੰਗਲੀ ਜੀਵ ਖੁਲ੍ਹੇ ਵਾਤਾਵਰਣ ਵਿਚ ਘੁੰਮਦੇ ਹਨ। ਵੈਕਸ ਮਿਊਜੀਅਮ ਵੀ ਏਥੇ ਹੈ। ਏਸ ਅਜਾਇਬ ਘਰ ਵਿਚ ਖਿਡਾਰੀਆਂ, ਸਾਇੰਸਦਾਨਾਂ, ਅਮਰੀਕਾ ਦੇ ਪ੍ਰਧਾਨਾਂ, ਇਤਿਹਾਸਕ ਪ੍ਰਸਿੱਧ ਵਿਅਕਤੀਆਂ ਤੇ ਮੌਜ ਮੇਲੇ ਨਾਲ ਜੁੜੇ ਮਹਾਨ ਸ਼ਖਸੀਅਤਾਂ ਦੇ ਬੁੱਤ ਲੱਗੇ ਹੋਏ ਹਨ।

ਹੁਣ ਮੈਂ ਤੁਹਾਨੂੰ ਥੋੜੀ ਜਿਹੀ ਜਾਣਕਾਰੀ ਗੋਲਡਨ ਗੇਟ ਬ੍ਰਿੱਜ਼ ਦੀ ਦਿੰਦਾ ਹਾਂ। ਇਹ ਇਕ ਝੂਲਾ ਪੁਲ ਹੈ। ਇਹ ਪੁਲ ਸ਼ਾਨ ਫਰਾਂਸ਼ਿਸ਼ਕੋ ਖਾੜੀ ਨੂੰ ਸ਼ਾਂਤ ਮਹਾਂਸਾਗਰ ਨਾਲ ਜੋੜਦਾ ਹੈ। ਇਹ ਪੁਲ ਸ਼ਾਨ ਫਰਾਂਸ਼ਿਸ਼ਕੋ ਸ਼ਹਿਰ ਨੂੰ ਯੂ. ਐਸ. ਹਾਈਵੇ ਨੰਬਰ 101 ਤੇ ਸਟੇਟ ਰੂਟ ਨੰਬਰ 1 ਰਾਹੀਂ ਕੈਲੀਫੋਰਨੀਆਂ ਸੂਬੇ ਦੀ ਕਾਊਂਟੀ ਮਾਰਿਨ ਨਾਲ ਜੋੜਦਾ ਹੈ। ਇਹ ਪੁਲ 5 ਜਨਵਰੀ 1933 ਨੂੰ ਬਣਨਾ ਸ਼ੁਰੂ ਹੋਇਆ ਸੀ ਤੇ ਅਪ੍ਰੈਲ 1937 ਵਿਚ ਮੁਕੰਮਲ ਹੋਇਆ ਸੀ। ਇਸ ਪੁਲ ਨੂੰ ਜੋੜਨ ਲਈ 12 ਲੱਖ ਦੇ ਕਰੀਬ ਰਿਵਟ ਲੱਗੇ ਸਨ।

ਪੁਲ ਦੀ ਲੰਬਾਈ 8981 ਫੁੱਟ ਹੈ। ਚੌੜਾਈ 90 ਫੁੱਟ ਹੈ। ਇਸ ਦੀ ਉਚਾਈ 746 ਫੁੱਟ ਹੈ। ਉਸ ਸਮੇਂ ਇਹ ਪੁਲ ਸਾਰੇ ਸੰਸਾਰ ਦੇ ਝੂਲਾ ਪੁਲਾਂ ਵਿਚੋਂ ਲੰਮਾ ਪੁਲ ਸੀ। ਏਸ ਪੁਲ ਨੇ ਸ਼ਾਨ ਫਰਾਂਸ਼ਿਸ਼ਕੋ ਨੂੰ ਬਾਰੇ ਸੰਸਾਰ ਵਿਚ ਮਸ਼ਹੂਰ ਕਰ ਦਿੱਤਾ ਸੀ। ਏਸ ਪੁਲ ਦਾ ਉਦਘਾਟਨ 27 ਮਈ 1937 ਨੂੰ ਉਸ ਸਮੇਂ ਦੇ ਅਮਰੀਕਾ ਦੇ ਪ੍ਰਧਾਨ ਰੂਜਵੈਲਟ ਨੇ ਵਾਸਿੰਗਟਨ ਡੀ. ਸੀ ਵਿਚ ਬੈਠੇ ਹੋਏ ਨੇ ਵਟਨ ਦੱਬ ਕੇ ਕੀਤਾ ਸੀ। ਪੁਲ ਚਾਲੂ ਕਰਨ ਦੇ ਜਸ਼ਨ ਇਕ ਹਫਤੇ ਤੱਕ ਚੱਲਦੇ ਰਹੇ ਸਨ। ਇਹ ਟੌਲ ਪੁਲ ਹੈ। ਪੁਲ ਉਪਰੋਂ ਦੀ ਲੰਘਣ ਵਾਲੀਆਂ ਗੱਡੀਆਂ ਤੋਂ ਟੈਕਸ ਲੈਣ ਨੂੰ ਟੌਲ ਪੁਲ ਕਹਿੰਦੇ ਹਨ।

ਏਸ ਪੁਲ ਉਪਰ ਯੂ ਐਸ ਹਾਈਵੇ ਨੰਬਰ 101 ਤੇ ਸਟੇਟ ਰੂਟ ਨੰਬਰ 1 ਲਈ ਮੋਟਰ ਗੱਡੀਆਂ ਲੰਘਣ ਲਈ 6 ਲੇਨਜ਼ ਹਨ। ਸਾਈਕਲਾਂ ਲਈ ਤੇ ਪੈਦਲ ਤੁਰਨ ਵਾਲਿਆਂ ਲਈ ਵੱਖਰੇ ਰਸਤੇ ਹਨ। ਸ਼ਾਨ ਫਰਾਂਸ਼ਿਸ਼ਕੋ ਤੋਂ ਉੱਤਰ ਵੱਲ ਜਾਣ ਲਈ ਇਕੱਲੀ ਸੜਕ ਹੋਣ ਕਰਕੇ ਏਸ ਪੁਲ ਉਪਰੋਂ ਹਰ ਰੋਜ਼ ਇਕ ਲੱਖ ਦੇ ਕਰੀਬ ਗੱਡੀਆਂ ਲੰਘਦੀਆਂ ਹਨ। ਏਸ ਪੁਲ ਨੂੰ ਬਹੁਤ ਹੀ ਸੋਹਣਾ ਪੁਲ ਮੰਨਿਆ ਜਾਂਦਾ ਹੈ। ਸਾਰੀ ਦੁਨੀਆਂ ਵਿਚੋਂ ਸਭ ਤੋਂ ਜ਼ਿਆਦਾ ਫੋਟੋਆਂ ਏਸ ਪੁਲ ਦੀਆਂ ਖਿੱਚੀਆਂ ਜਾਂਦੀਆਂ ਹਨ। ਪੁਲ ਉਪਰ ਲਾਲ ਰੰਗ ਕੀਤਾ ਹੋਇਆ ਹੈ। ਏਸ ਪੁਲ ਦੀ ਸੰਭਾਲ ਇਕ ਪ੍ਰਾਈਵੇਟ ਅਰਧ ਸਰਕਾਰੀ ਸੰਸਥਾ ਗੋਲਡਨ ਗੇਟ ਬ੍ਰਿੱਜ ਹਾਈਵੇ ਐਂਡ ਟ੍ਰਾਂਸਪੋਰਟੇਸ਼ਨ ਡਿਸਟ੍ਰਿਕ ਕਰਦੀ ਹੈ।

ਪੁਲ ਉਪਰੋਂ ਛਾਲਾਂ ਮਾਰ ਕੇ ਬਹੁਤ ਸਾਰੇ ਲੋਕੀ ਆਤਮ ਹੱਤਿਆ ਕਰ ਜਾਂਦੇ ਹਨ। ਸਾਲ 2005 ਤੱਕ ਏਥੇ ਆਤਮ ਹੱਤਿਆ ਕਰਨ ਵਾਲਿਆਂ ਦੀ ਗਿਣਤੀ 1200 ਤੱਕ

ਪਹੁੰਚ ਗਈ ਸੀ। ਹੁਣ ਵੀ ਔਸਤਨ ਦੋ ਹਫਤਿਆਂ ਵਿਚ ਇਕ ਬੰਦਾ ਏਸ ਪੁਲ ਉਪਰੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦਾ ਹੈ। ਇਨ੍ਹਾਂ ਆਤਮ ਹੱਤਿਆਵਾਂ ਨੂੰ ਰੋਕਣ ਲਈ ਕਈ ਯਤਨ ਕੀਤੇ ਜਾ ਰਹੇ ਹਨ। ਪੁਲ ਉਪਰ ਬੱਘੀਆਂ ਰਾਹੀਂ ਸਟਾਫ਼ ਗਸ਼ਤ ਕਰਦਾ ਰਹਿੰਦਾ ਹੈ। ਪੁਲ ਉਪਰੋਂ ਦੀ ਪੈਦਲ ਚੱਲਣ ਵਾਲਾ ਰਸਤਾ ਰਾਤ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਕਿਉਂ ਜੋ ਪੈਦਲ ਚੱਲਣ ਵਾਲੇ ਹੀ ਜ਼ਿਆਦਾ ਆਤਮ ਹੱਤਿਆਵਾਂ ਕਰਦੇ ਹਨ।

ਅਸੀਂ 2 ਵਜੇ ਗੋਲਡਨ ਗੇਟ ਬ੍ਰਿੱਜ਼ ਤੇ ਪਹੁੰਚ ਗਏ। ਟੌਲ ਟੈਕਸ ਕਟਾ ਕੇ ਪੁਲ ਪਾਰ ਕੀਤਾ। ਅੱਗੇ ਇਕ ਸੜਕ ਤਾਂ ਮਾਰਿਨ ਕਾਊਂਟੀ ਨੂੰ ਜਾਂਦੀ ਹੈ। ਦੂਸਰੀ ਸੜਕ ਖੱਬੇ ਪਾਸੇ ਦੀ ਪਹਾੜੀ ਦੀ ਇਕ ਚੋਟੀ ਤੇ ਜਾ ਕੇ ਖ਼ਤਮ ਹੋ ਜਾਂਦੀ ਹੈ। ਅਸੀਂ ਪਹਿਲਾਂ ਪੁਲ ਲੰਘ ਕੇ ਪੁਲ ਦੇ ਨਜ਼ਦੀਕ ਖੜ੍ਹ ਕੇ ਫੋਟੋਆਂ ਖਿੱਚੀਆਂ। ਫੇਰ ਪਹਾੜ ਦੀ ਟੀਸੀ ਤੇ ਖੜ੍ਹ ਕੇ ਪੁਲ ਦੀਆਂ ਫੋਟੋਆਂ ਖਿੱਚੀਆਂ। ਪੁਲ ਦੇ ਹੇਠੋਂ ਦੀ ਇਕ ਜਹਾਜ ਨੂੰ ਲੰਘਦਿਆਂ ਦੇਖਿਆ। ਫੇਰ ਵਾਪਸ ਆ ਕੇ ਸਮੁੰਦਰ ਦੇ ਸਾਹਮਣੇ ਬਣੇ ਬਾਜ਼ਾਰ ਵਿਚ ਘੁੰਮੇ। ਸ਼ਾਨ ਫਰਾਂਸ਼ਿਸ਼ਕੋ ਦੇ ਏਸ ਬਾਜ਼ਾਰ ਦੀਆਂ ਦੁਕਾਨਾਂ ਅੱਗੇ ਸੀਤੇ ਕੱਪੜੇ, ਰੈਡੀਮੇਡ ਕੱਪੜੇ ਤੋਂ ਹੋਰ ਸਾਮਾਨ ਏਸ ਤਰ੍ਹਾਂ ਬਾਹਰ ਰੱਖਿਆ ਹੋਇਆ ਸੀ ਜਿਸ ਤਰ੍ਹਾਂ ਲੁਧਿਆਣੇ ਦੇ ਚੌੜੇ ਬਾਜ਼ਾਰ ਵਿਚ ਦੁਕਾਨਦਾਰ ਆਪਣਾ ਸਾਮਾਨ ਬਾਹਰ ਰੱਖਦੇ ਹਨ।

ਫੇਰ ਇਕ ਫਾਸਟ ਫੂਡ ਦੀ ਦੁਕਾਨ ਤੋਂ ਫਾਸਟ ਫੂਡ ਲੈ ਕੇ ਖਾਦਾ। ਉਸ ਤੋਂ ਪਿਛੋਂ ਸ਼ਾਨ ਫਰਾਂਸ਼ਿਸ਼ਕੋ ਦੀ ਮਸ਼ਹੂਰ ਗਲੀ ਕਰੁੱਕਡ ਸਟਰੀਟ ਨੂੰ ਵੇਖਣ ਗਏ। ਕਰੁੱਕਡ ਦੇ ਅਰਥ ਹਨ ਵਿੰਗਾ, ਵਲਦਾਰ। ਸਟਰੀਟ ਗਲੀ ਨੂੰ ਕਹਿੰਦੇ ਹਨ। ਇਹ ਕਰੁੱਕਡ ਸਟਰੀਟ ਬਹੁਤ ਹੀ ਵਿੰਗੀ ਤੜਿੰਗੀ ਗਲੀ ਹੈ। ਥੋੜੀ ਥੋੜੀ ਦੂਰੀ ਤੋਂ ਹੀ ਵਿੰਗੀ ਵਿੰਗੀ ਹੋ ਕੇ ਲੰਘਦੀ ਹੈ। ਇਸ ਉਪਰੋਂ ਦੀ ਗੱਡੀ ਚਲਾ ਕੇ ਲੰਘਣਾ ਬਹੁਤ ਹੀ ਮੁਸ਼ਕਲ ਤੇ ਖਤਰਨਾਕ ਕੰਮ ਹੈ। ਕਾਰ ਕਿਸੇ ਮੋੜ ਤੇ ਵੀ ਧੋਖਾ ਦੇ ਸਕਦੀ ਹੈ। ਪਰ ਹਰ ਯਾਤਰੀ ਏਸ ਗਲੀ ਵਿਚੋਂ ਦੀ ਕਾਰ ਜ਼ਰੂਰ ਲੰਘਾ ਕੇ ਲੈ ਕੇ ਜਾਂਦਾ ਹੈ। ਅਸੀਂ ਵੀ ਏਸ ਗਲੀ ਵਿਚੋਂ ਦੀ ਗੱਡੀ ਲੰਘਾਈ। ਏਥੋਂ ਦੀ ਲਮਬਾਰਡ ਸਟਰੀਟ ਵੀ ਬਹੁਤ ਮਸ਼ਹੂਰ ਹੈ। ਪਰ ਅਸੀਂ ਵੇਖ ਨਹੀਂ ਸਕੇ। ਰਾਤ ਦੇ 10 ਵਜੇ ਦੇ ਕਰੀਬ ਅਸੀਂ ਵਾਪਸ ਫਰਿਜ਼ਨੋ ਪਹੁੰਚ ਗਏ

# ਪੋਰਟਲੈਂਡ-ਗੁਲਾਬਾਂ ਦਾ ਸ਼ਹਿਰ

ਪੋਰਟਲੈਂਡ ਵਿਚ ਗੁਲਾਬਾਂ ਦੇ ਵੱਡੇ ਵੱਡੇ ਬਾਗ ਹਨ। ਏਸ ਕਰਕੇ ਪੋਰਟਲੈਂਡ ਸ਼ਹਿਰ ਨੂੰ ਗੁਲਾਬਾਂ ਦਾ ਸ਼ਹਿਰ (The city of Roses) ਕਿਹਾ ਜਾਂਦਾ ਹੈ। ਗੁਲਾਬ ਦੇ ਫੁੱਲ ਨੂੰ ਫੁੱਲਾਂ ਦਾ ਰਾਜਾ ਕਿਹਾ ਜਾਂਦਾ ਹੈ। ਗੁਲਾਬ ਦਾ ਫੁੱਲ ਪਿਆਰ ਦਾ ਪ੍ਰਤੀਕ ਹੈ। ਗੋਰੇ ਰੰਗ ਨੂੰ ਗੁਲਾਬ ਦੇ ਫੁੱਲ ਵਰਗਾ ਕਿਹਾ ਜਾਂਦਾ ਹੈ। ਕੋਈ ਆਪਣੀ ਮਾਸ਼ੂਕ ਨੂੰ ਗੁਲਾਬ ਦੇ ਫੁੱਲ ਵਰਗੀ ਕਹਿੰਦਾ ਹੈ। ਲਾਲ ਰੰਗ ਦਾ ਗੁਲਾਬ ਸਭ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਏਸ ਕਰਕੇ ਵੈਲਿਨਟਾਇਨਜ਼ ਡੇ ਤੇ ਪਿਆਰ ਕਰਨ ਵਾਲੇ ਇਕ ਦੂਜੇ ਨੂੰ ਲਾਲ ਗੁਲਾਬ ਦਾ ਫੁੱਲ ਭੇਂਟ ਕਰਦੇ ਹਨ। ਕੋਈ ਵੀ ਸਜਾਵਟ ਗੁਲਾਬ ਦੇ ਫੁੱਲਾਂ ਤੋਂ ਬਗੈਰ ਅਧੂਰੀ ਸਮਝੀ ਜਾਂਦੀ ਹੈ। ਗੁਲਾਬ ਦੇ ਫੁੱਲਾਂ ਦੀ ਹਰਮਨ ਪਿਆਰਤਾ ਹੋਣ ਕਰਕੇ ਸਾਡਾ ਕਵੀ ਫੀਰੋਜ਼ਦੀਨ ਸ਼ਰਫ਼ ਆਪਣੇ ਪਿਆਰੇ ਪੰਜਾਬ ਨੂੰ ਗੁਲਾਬ ਦੇ ਫੁੱਲ ਨਾਲ ਤੁਲਣਾ ਦਿੰਦਾ ਹੈ—

ਸੋਹਣੇ ਦੇਸ਼ਾਂ ਵਿਚੋ ਦੇਸ਼ ਪੰਜਾਬ ਨੀ ਸਹੀਓ।
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਹੀਓ।

ਗੁਲਾਬ ਦੇ ਫੁੱਲਾਂ ਦੀ ਚਰਚਾ ਕੁਝ ਜ਼ਿਆਦਾ ਹੀ ਹੋ ਗਈ ਹੈ। ਮੁੜ ਪੋਰਟਲੈਂਡ ਵੱਲ ਆਉਂਦੇ ਹਾਂ। ਅਸੀਂ ਫਰਿਜ਼ਨੋ ਤੋਂ 24 ਜੁਲਾਈ 2005 ਨੂੰ ਸਵੇਰੇ ਸਾਝਰੇ ਚੱਲ ਕੇ ਸ਼ਾਮ ਪੈਂਦੇ ਨੂੰ ਪੋਰਟਲੈਂਡ ਪਹੁੰਚ ਗਏ। ਅਮਰੀਕਾ ਵਿਚ ਹਾਈਵੇ ਉਪਰ ਕੋਈ ਰੈਡ ਲਾਈਟ ਨਹੀਂ ਲਾਈ ਜਾਂਦੀ। ਏਸ ਲਈ ਪੋਰਟਲੈਂਡ ਵਿਚੋਂ ਦੀ ਲੰਘਦੀ ਹਾਈਵੇ ਸੜਕ ਦੇ ਉਪਰ ਦੀ ਸੜਕ (Elevated Road) ਕਰਕੇ ਬਣਾਈ ਹੋਈ ਹੈ। ਅਸੀਂ ਏਥੋਂ ਦਾ ਮਸ਼ਹੂਰ ਇੰਟਰਨੈਸ਼ਨਲ ਰੋਜ਼ ਗਾਰਡਨ ਵੇਖਿਆ। ਇਕ ਗੇੜਾ ਫਾਰੈਸਟ ਪਾਰਕ ਵਿਚ ਲਾਇਆ। ਫਿਰ ਡਾਊਨ ਟਾਊਨ ਵੇਖਿਆ। ਰਾਤ ਦਾ ਖਾਣਾ ਇੰਡੀਆ ਕਾਫੀ ਹੋਟਲ ਵਿਚ ਖਾਦਾ। ਖਾਣਾ ਬਹੁਤ ਸੁਆਦ ਲੱਗਿਆ।

ਬਾਹਰਲਾ ਖਾਣਾ, ਚਾਹੇ ਉਹ ਹੋਟਲ ਦਾ ਹੋਵੇ, ਚਾਹੇ ਕਿਸੇ ਦੂਸਰੇ ਪਰਿਵਾਰ ਵਿਚ ਜਾ ਕੇ ਖਾਦਾ ਜਾਵੇ, ਦੇ ਸੁਆਦ ਲੱਗਣ ਦਾ ਇਹ ਕਾਰਨ ਹੁੰਦਾ ਹੈ ਕਿ ਘਰ ਦੇ ਖਾਣੇ ਵਿਚ ਅਸੀਂ ਹਰ ਰੋਜ਼ ਇਕੋ ਜਿਹੀ ਮਾਤਰਾ ਵਿਚ ਲੂਣ, ਮਿਰਚਾਂ, ਮਸਾਲਾ ਪਾਉਂਦੇ ਹੋਣ ਕਰਕੇ ਸਾਡਾ ਇਕੋ ਸੁਆਦ ਬਣਿਆ ਹੁੰਦਾ ਹੈ। ਜਦ ਅਸੀਂ ਦੂਸਰੇ ਥਾਂ ਜਾ ਕੇ ਖਾਣਾ ਖਾਂਦੇ ਹਾਂ, ਉਸ ਖਾਣੇ ਵਿਚ ਲੁਣ, ਮਿਰਚ, ਮਸਾਲਾ ਘਰ ਨਾਲੋਂ ਵੱਖਰੀ ਮਿਕਦਾਰ ਵਿਚ ਪਾਇਆ ਹੋਣ ਕਰਕੇ ਸਾਨੂੰ ਬਾਹਰਲਾ ਖਾਣਾ ਘਰ ਨਾਲੋਂ ਸੁਆਦ ਲੱਗਦਾ ਹੈ।

ਖਾਣਾ ਖਾਣ ਤੋਂ ਬਾਅਦ ਹੋਟਲ ਹੋਲੀ ਡੇ ਇਨ ਵਿਚ ਪਹੁੰਚੇ। ਹੋਟਲ ਦੀ ਬੁਕਿੰਗ ਪਹਿਲਾਂ ਦੀ ਕਰਵਾਈ ਹੋਈ ਸੀ ਰਾਤ ਬੜੀ ਸੋਹਣੀ ਨੀਂਦ ਆਈ। ਸਵੇਰੇ ਉਠ ਕੇ ਹੋਟਲ ਵਾਲੀ ਸੜਕ ਤੇ ਚੱਕਰ ਕੱਢ ਕੇ ਇਕ ਘੰਟੇ ਦੇ ਕਰੀਬ ਸੈਰ ਕੀਤੀ। ਸਵੇਰ ਦਾ ਨਾਸ਼ਤਾ ਕੀਤਾ। ਸਾਮਾਨ ਗੱਡੀ ਵਿਚ ਰੱਖਿਆ। ਗੱਡੀ ਵੈਨਕੋਵਰ ਨੂੰ ਜਾਂਦੀ ਹਾਈਵੇ ਉਪਰ ਚੜ੍ਹਾ ਲਈ।

ਪੋਰਟਲੈਂਡ ਸ਼ਹਿਰ ਅਮਰੀਕਾ ਦੇ ਔਰੀਗਨ ਸੂਬੇ ਵਿਚ ਵਗਦੇ ਵਿਲਮਿੱਕਟ ਤੇ ਕੋਲੰਬੀਆ (Willamette and Columbia) ਦਰਿਆ ਦੇ ਸੰਗਮ ਨੇੜੇ ਵਸਿਆ ਹੋਇਆ ਹੈ। ਸੰਗਮ ਤੋਂ ਮੈਨੂੰ ਰਾਜ ਕੁਮਾਰ ਦੀ ਇਕ ਪਿਕਚਰ ਦੇ ਗੀਤ ਦੀ ਯਾਦ ਆਈ ਹੈ। ਗੀਤ

ਹੈ—

ਮੇਰੇ ਮਨ ਕੀ ਗੰਗਾ ਕਾ,
ਤੇਰੇ ਮਨ ਕੀ ਜਮਨਾ ਨਾਲ,
ਬੋਲ ਰਾਧਾ ਬੋਲ,
ਸੰਗਮ ਹੋਗਾ ਕਿ ਨਹੀਂ ?

ਸਾਲ 2005 ਵਿਚ ਪੋਰਟਲੈਂਡ ਦੀ ਆਬਾਦੀ 5 ਲੱਖ 68 ਹਜ਼ਾਰ ਸੀ। ਇਹ ਔਰੀਗਨ ਸੂਬੇ ਦਾ ਆਬਾਦੀ ਪੱਖੋਂ ਸਭ ਤੋਂ ਵੱਡਾ ਸ਼ਹਿਰ ਹੈ। ਏਥੋਂ ਦਾ ਪੌਣ ਪਾਣੀ ਗੁਲਾਬ ਪੈਦਾ ਕਰਨ ਲਈ ਬਹੁਤ ਹੀ ਢੁੱਕਵਾਂ ਹੈ। ਏਸੇ ਕਰਕੇ ਏਥੇ ਗੁਲਾਬਾਂ ਦੇ ਬਾਗ ਹਨ। ਪੋਰਟਲੈਂਡ ਦੀ ਪ੍ਰਸਿੱਧੀ ਏਥੇ ਬਹੁਤ ਸਾਰੀਆਂ ਸ਼ਰਾਬਾਂ ਦੀਆਂ ਫੈਕਟਰੀਆਂ ਕਰਕੇ ਵੀ ਹੈ। ਏਥੇ ਸ਼ਰਾਬ ਦੇ 28 ਕਾਰਖਾਨੇ ਹਨ। ਜੋ ਅਮਰੀਕਾ ਵਿਚ ਸਭ ਤੋਂ ਵੱਧ ਹਨ। ਸ਼ਰਾਬ ਸਬੰਧੀ ਪੋਰਟਲੈਂਡ ਵਿਚ ਸਾਲ ਵਿਚ ਕਈ ਮੇਲੇ ਲੱਗਦੇ ਹਨ।

ਪੋਰਟਲੈਂਡ 377 ਕਿਲੋਮੀਟਰ ਖੇਤਰ ਵਿਚ ਵਸਿਆ ਹੋਇਆ ਹੈ। ਅਮਰੀਕਾ ਦੇ ਸ਼ਹਿਰ ਬਹੁਤ ਵੱਡੇ ਏਰੀਏ ਵਿਚ ਵਸਣ ਦੇ ਕਾਰਨ ਏਥੋਂ ਦੀ ਆਉਣ ਵਾਲੀ ਸਦੀ ਤੱਕ ਦੀ ਵਿਉਤਬੰਦੀ ਹੈ। ਏਥੋਂ ਦੀਆਂ ਚੌੜੀਆਂ ਸੜਕਾਂ, ਵੱਡੇ ਵੱਡੇ ਪਾਰਕ, ਸਕੂਲਾਂ, ਕਾਲਜਾਂ ਦੇ ਵੱਡੇ ਵੱਡੇ ਗਰਾਂਊਡ, ਕਈ ਸ਼ਹਿਰਾਂ ਵਿਚ ਵਗਦੀਆਂ ਛੋਟੀਆਂ ਵੱਡੀਆਂ ਨਦੀਆਂ, ਖੁਲ੍ਹੇ ਘਰ ਆਦਿ ਹਨ। ਪੋਰਟਲੈਂਡ ਵਿਚ ਬਣਿਆ ਪੋਰਟਲੈਂਡੀਆ ਤਾਂਬੇ ਦਾ ਬੁੱਤ ਅਮਰੀਕਾ ਵਿਚ ਦੂਜੇ ਨੰਬਰ ਦਾ ਵੱਡਾ ਬੁੱਤ ਹੈ। ਅਮਰੀਕਾ ਵਿਚ ਸਭ ਤੋਂ ਵੱਡਾ ਬੁੱਤ ਸਟੈਚੂ ਆਫ ਲਿਬਰਟੀ ਹੈ, ਜੋ ਨਿਊਯਾਰਕ ਵਿਚ ਹੈ। ਅਮਰੀਕਾ ਦਾ ਸਭ ਤੋਂ ਵੱਡਾ ਕਿਤਾਬਾਂ ਦਾ ਸਟੋਰ ਵੀ ਪੋਰਟਲੈਂਡ ਵਿਚ ਹੈ।

ਪੋਰਟਲੈਂਡ ਸਟੇਟ ਯੂਨੀਵਰਸਿਟੀ, ਔਰੀਗਨ ਸੂਬੇ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ। ਏਥੇ 26 ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਔਰੀਗਨ ਹੈਲਥ ਐਂਡ ਸਾਇੰਸ ਯੂਨੀਵਰਸਿਟੀ ਏਥੇ ਹੈ। ਏਥੇ ਪ੍ਰਾਈਵੇਟ ਯੂਨੀਵਰਸਿਟੀ, ਕਾਲਜ, ਸਰਕਾਰੀ ਕਾਲਜ, ਸਰਕਾਰੀ ਤੇ ਪ੍ਰਾਈਵੇਟ ਸਕੂਲ, ਮੈਡੀਸ਼ਨ ਸਕੂਲ, ਆਰਟ ਸਕੂਲ ਹਨ। ਏਥੇ ਅੰਤਰ-ਰਾਸ਼ਟਰੀ ਹਵਾਈ ਅੱਡਾ ਹੈ। ਜਿਥੋਂ ਟੋਕਿਊ, ਸਿੰਘਾਪੁਰ, ਫਰਕੰਫਰਟ, ਮੈਕਸੀਕੋ, ਵੈਨਕੋਵਰ ਆਦਿ ਨੂੰ ਉਡਾਨਾਂ ਜਾਂਦੀਆਂ ਹਨ।

ਪੋਰਟਲੈਂਡ ਦਾ ਫਾਰੈਸਟ ਪਾਰਕ ਅਮਰੀਕਾ ਦੇ ਸ਼ਹਿਰਾਂ ਦਾ ਸਭ ਤੋਂ ਵੱਡਾ ਪਾਰਕ ਹੈ। ਇਹ 5 ਹਜ਼ਾਰ ਏਕੜ ਵਿਚ ਫੈਲਿਆ ਹੋਇਆ ਹੈ। ਪੋਰਟਲੈਂਡ ਵਿਚ ਹੀ ਦੁਨੀਆਂ ਦਾ ਸਭ ਤੋਂ ਛੋਟਾ ਪਾਰਕ ਹੈ। ਇਹ 2 ਫੁੱਟ ਡਾਇਆਮੀਟਰ ਦਾ ਹੀ ਹੈ। ਇਸ ਪਾਰਕ ਦਾ ਨਾਂ ਮਿੱਲ ਐਂਡਜ਼ ਪਾਰਕ ਹੈ। ਵਾਸ਼ਿੰਗਟਨ ਪਾਰਕ, ਗਰਾਂਟ ਪਾਰਕ, ਇੰਟਰਨੈਸ਼ਨਲ ਰੋਜ਼ ਟੈਸਟ ਗਾਰਡਨ ਵੀ ਬਹੁਤ ਪ੍ਰਸਿੱਧ ਹਨ। ਏਥੋਂ ਦਾ Tom Mc call water Park 37 ਏਕੜ ਵਿਚ ਬਣਿਆ ਹੋਇਆ ਹੈ। ਏਸ ਪਾਰਕ ਵਿਚ ਸਾਲ ਵਿਚ ਕਈ ਫੰਕਸ਼ਨ ਹੁੰਦੇ ਹਨ। ਏਥੇ ਲੀਚ ਬੌਟਾਨੀਕਲ ਗਾਰਡਨ ਵੀ ਹੈ।

# ਸਪੇਸ ਨੀਡਲ-ਸਿਆਟਲ

25 ਜੁਲਾਈ ਨੂੰ ਵੈਨਕੋਵਰ ਨੂੰ ਜਾਂਦੇ ਹੋਏ ਅਸੀਂ-ਦੁਪਹਿਰੇ ਸਿਆਟਲ ਸ਼ਹਿਰ ਰੁਕੇ। ਸਿਆਟਲ ਸ਼ਹਿਰ ਅਮਰੀਕਾ ਦੇ ਵਾਸ਼ਿੰਗਟਨ ਸੂਬੇ ਦਾ ਇਕ ਵੱਡਾ ਸ਼ਹਿਰ ਹੈ। ਏਥੇ ਅੰਤਰ- ਰਾਸ਼ਟਰੀ ਹਵਾਈ ਅੱਡਾ ਹੈ। ਹਵਾਈ ਜਹਾਜ਼ ਬਣਾਉਣ ਦਾ ਇਕ ਵੱਡਾ ਕਾਰਖਾਨਾ ਏਥੇ ਹੈ। ਬੰਦਰਗਾਹ ਵੀ ਹੈ। ਪਰ ਸਿਆਟਲ ਦੀ ਸਭ ਤੋਂ ਜ਼ਿਆਦਾ ਮਸ਼ਹੂਰੀ ਏਥੇ ਬਣੀ ਸਪੇਸ ਨੀਡਲ ਕਰ ਕੇ ਹੈ। ਅਸੀਂ ਇਹ ਸਪੇਸ ਨੀਡਲ ਵੇਖੀ। ਇਹ ਸਪੇਸ ਨੀਡਲ 1962 ਵਿਚ ਸਿਆਟਲ ਵਿਚ ਲੱਗੇ ਸੰਸਾਰ ਮੇਲੇ ਸਮੇਂ ਬਣਾਈ ਗਈ ਸੀ। ਇਹ ਸ਼ਹਿਰ ਦੇ ਵਿਚਾਲੇ ਬਣੀ ਹੋਈ ਹੈ। ਸੰਸਾਰ ਮੇਲੇ ਸਮੇਂ ਏਸ ਨੀਡਲ ਨੂੰ ਵੀਹ ਹਜ਼ਾਰ ਲੋਕੀ ਹਰ ਰੋਜ਼ ਵੇਖਦੇ ਸਨ। ਮੇਲੇ ਦੌਰਾਨ ਹੀ 23 ਲੱਖ ਲੋਕਾਂ ਨੇ ਸਪੇਸ ਨੀਡਲ ਨੂੰ ਵੇਖਿਆ ਸੀ। ਸਪੇਸ ਨੀਡਲ ਨੂੰ ਵੇਖਣ ਲਈ ਟਿਕਟ ਲੱਗਦੀ ਹੈ।

ਅਮਰੀਕਨ ਇਕ ਵਪਾਰੀ ਕੌਮ ਹੈ। ਵਪਾਰੀ ਹਰ ਕੰਮ ਵਪਾਰ ਦੇ ਨਜ਼ਰੀਏ ਨੂੰ ਮੁੱਖ ਰੱਖ ਕੇ ਕਰਦੇ ਹਨ। ਵਪਾਰ ਦਾ ਮੁੱਖ ਮੰਤਵ ਪੈਸਾ ਕਮਾਉਣਾ ਹੁੰਦਾ ਹੈ। ਅਮਰੀਕਾ ਨੇ ਸੰਸਾਰ ਮੇਲਾ ਵੀ ਕਰ ਲਿਆ ਤੇ ਸਪੇਸ ਨੀਡਲ ਨੂੰ ਕਮਾਈ ਦਾ ਸਾਧਨ ਵੀ ਬਣਾ ਲਿਆ। ਏਥੇ ਮੈਨੂੰ ਪੰਜਾਬ ਦੇ ਇਕ ਧਾਰਮਿਕ ਮੇਲੇ ਸੰਬੰਧੀ ਕਿਹਾ ਗਿਆ ਅਖਾਣ ਯਾਦ ਆਉਂਦਾ ਹੈ।

ਨਾਲੇ ਨੈਣਾ ਦੇਵੀ ਦਾ ਨ੍ਹਾਉਣ,
ਨਾਲੇ ਮੁੰਜ ਬਗੜ ਦਾ ਮੇਲਾ।

ਤੀਰਥ ਯਾਤਰੀ ਨਾਲੋਂ ਤਾਂ ਨੈਣਾ ਦੇਵੀ ਤੀਰਥ ਦੀ ਯਾਤਰਾ ਕਰ ਆਉਂਦਾ ਹੈ ਤੇ ਨਾਲੇ ਤੀਰਥ ਯਾਤਰਾ ਤੇ ਹੋਏ ਖਰਚੇ ਨੂੰ ਪੂਰਾ ਕਰਨ ਲਈ ਵਪਾਰ ਵੀ ਕਰ ਆਉਂਦਾ ਹੈ।

ਸਪੇਸ ਨੀਡਲ 605 ਫੁੱਟ ਉੱਚੀ ਹੈ। ਇਸ ਦੀ ਸਭ ਤੋਂ ਚੌੜੇ ਭਾਗ ਦੀ ਚੌੜਾਈ 138 ਫੁੱਟ ਹੈ। ਇਸ ਦਾ ਵਜ਼ਨ 9550 ਟਨ ਹੈ। ਜਿਸ ਸਮੇਂ ਇਹ ਬਣਾਈ ਗਈ ਸੀ, ਉਸ ਸਮੇਂ ਇਹ ਟਾਵਰ ਮੀਸੀਸੀਪੀ ਦਰਿਆ ਦੇ ਪੱਛਮ ਵਾਲੇ ਪਾਸੇ ਦੀ ਸਭ ਤੋਂ ਉੱਚੀ ਬਿਲਡਿੰਗ ਸੀ। ਇਸ ਦੀਆਂ 60 ਮੰਜ਼ਲਾਂ ਹਨ। ਚੜ੍ਹਨ ਲਈ ਲਿਫਟ ਲੱਗੀ ਹੋਈ ਹੈ। ਸਪੇਸ ਨੀਡਲ ਨੂੰ ਨਾ ਤੇਜ਼ ਹਵਾਵਾਂ ਦਾ, ਨਾ ਭੂਚਾਲ ਅਤੇ ਨਾ ਹੀ ਅਸਮਾਨੀ ਬਿਜਲੀ ਕੋਈ ਨੁਕਸਾਨ ਪਹੁੰਚਾ ਸਕਦੀ ਹੈ। ਨੀਡਲ ਦੀ 500 ਫੁੱਟ ਦੀ ਉਚਾਈ ਤੇ ਸਕਾਈ ਸਿਟੀ ਰੈਸਟੋਰੈਂਟ ਬਣਿਆ ਹੋਇਆ ਹੈ। ਇਹ ਘੁੰਮਦਾ ਰੈਸਟੋਰੈਂਟ ਹੈ। ਇਕ ਗੇੜਾ ਕੱਢਣ ਨੂੰ ਇਸ ਨੂੰ 47 ਮਿੰਟ ਲੱਗਦੇ ਹਨ। ਏਸ ਰੈਸਟੋਰੈਂਟ ਵਿਚ ਬੈਠ ਕੇ ਅਸੀਂ ਦੁਪਹਿਰ ਦਾ ਖਾਣਾ ਖਾਦਾ।

ਨੀਡਲ ਦੇ ਗਰਾਊਂਡ ਫਲੋਰ ਉਪਰ ਗਿਫਟ ਸ਼ਾਪਸ ਬਣੀਆਂ ਹੋਈਆਂ ਹਨ। ਏਸ ਦੀ 520 ਫੁੱਟ ਦੀ ਉਚਾਈ ਉਪਰ ਨਿਰੀਖਣ ਲਈ ਜਗਾ ਬਣੀ ਹੋਈ ਹੈ। ਵੇਖਣ ਲਈ ਇਸ ਵਿਚ ਦੂਰਬੀਨਾਂ ਵੀ ਲੱਗੀਆਂ ਹੋਈਆਂ ਹਨ। ਨੀਡਲ ਦੇ ਏਸ ਨਿਰੀਖਣ ਸਥਾਨ ਤੋਂ ਤੁਸੀਂ ਸਿਆਟਲ ਦੇ ਡਾਊਨ ਟਾਊਨ ਦੀਆਂ ਸਾਰੀਆਂ ਉੱਚੀਆਂ ਬਿਲਡਿੰਗਾਂ ਵੇਖ ਸਕਦੇ ਹੋ। ਆਲੇ ਦੁਆਲੇ ਦੀਆਂ ਸਾਰੀਆਂ ਪਹਾੜੀਆਂ ਅਤੇ ਟਾਪੂ ਆਸਾਨੀ ਨਾਲ ਬੜੀ ਚੰਗੀ ਤਰ੍ਹਾਂ ਵੇਖ ਸਕਦੇ ਹੋ।

ਸਾਲ 1999 ਵਿਚ ਪਹਿਲੀ ਵੇਰ ਨੀਡਲ ਦੇ ਸਿਖਰ ਤੇ 85 ਮਿਲੀਅਨ ਕੈਂਡਲ ਪਾਵਰ ਦੀਆਂ ਲਾਈਟਾਂ ਲਾਈਆਂ ਗਈਆਂ। ਇਨ੍ਹਾਂ ਲਾਈਟਾਂ ਨੂੰ ਸਕਾਈ ਬੀਮ ਕਿਹਾ ਜਾਂਦਾ ਹੈ। ਇਨ੍ਹਾਂ ਦਾ ਉਦਘਾਟਨ 31 ਦਸੰਬਰ 1999 ਦੀ ਰਾਤ ਨੂੰ ਨਵੇਂ ਸਾਲ ਦੀ ਆਮਦ ਤੇ ਕੀਤਾ ਗਿਆ। ਪਹਿਲਾਂ ਇਨ੍ਹਾਂ ਲਾਈਟਾਂ ਨੂੰ ਸਾਲ ਵਿਚ 75 ਰਾਤਾਂ ਨੂੰ ਜਗਾਉਣਾ ਮਿਥਿਆ ਗਿਆ ਸੀ। ਪਰ ਰੌਸ਼ਨੀ ਦੇ ਪ੍ਰਦਿਊਸ਼ਨ ਨੂੰ ਮੁੱਖ ਰੱਖ ਕੇ ਹੁਣ ਇਹ ਲਾਈਟਾਂ ਸਾਲ ਵਿਚ ਸਿਰਫ 12 ਰਾਤਾਂ ਨੂੰ ਹੀ ਜਲਾਈਆਂ ਜਾਂਦੀਆਂ ਹਨ। ਉਹ ਵੀ 11 ਸਤੰਬਰ ਤੋਂ 22 ਸਤੰਬਰ ਦੀਆਂ ਰਾਤਾਂ ਨੂੰ। ਨੀਡਲ ਉਪਰ ਪੌੜੀਆਂ ਰਾਹੀਂ ਹੀ ਚੜ੍ਹਿਆ ਜਾ ਸਕਦਾ ਹੈ। ਇਸ ਦੀਆਂ 832 ਪੌੜੀਆਂ ਹਨ। ਸਪੇਸ ਨੀਡਲ ਤੇ ਫਿਲਮਾਂ ਦੀ ਸੂਟਿੰਗ ਵੀ ਕੀਤੀ ਜਾਂਦੀ ਹੈ। ਟੈਲੀਵੀਜ਼ਨ ਸੋਆਂ ਵਿਚ ਵੀ ਵਿਖਾਈ ਜਾਂਦੀ ਸੀ।

ਹੁਣ ਮੈਂ ਤੁਹਾਨੂੰ ਥੋੜੀ ਜਿਹੀ ਜਾਣਕਾਰੀ ਸਿਆਟਲ ਸ਼ਹਿਰ ਬਾਰੇ ਦਿੰਦਾ ਹਾਂ। ਸਿਆਟਲ ਇਕ ਸਮੁੰਦਰੀ ਤੱਟ ਬੰਦਰਗਾਹ ਵਾਲਾ ਸ਼ਹਿਰ ਹੈ। ਇਹ ਵਾਸ਼ਿੰਗਟਨ ਸੂਬੇ ਦਾ ਸ਼ਹਿਰ ਹੈ। ਇਸ ਦੀ ਕਾਊਂਟੀ (ਜ਼ਿਲ੍ਹਾ) ਦਾ ਨਾਂ ਕਿੰਗ ਹੈ। ਸਭ ਤੋਂ ਪਹਿਲਾਂ ਸਾਲ 1851 ਵਿਚ ਏਥੇ ਯੂਰਪੀਅਨ ਆਏ। ਏਸ ਸ਼ਹਿਰ ਦਾ ਪਹਿਲਾ ਨਾਂ "New York-Alki ਅਤੇ "Duwamps" ਸੀ। ਸਾਲ 1853 ਵਿਚ ਏਸ ਦਾ ਨਾਂ ਬਦਲ ਕੇ "Seattle" ਰੱਖਿਆ ਗਿਆ। ਸਾਲ 1870 ਵਿਚ ਇਸ ਦੀ ਆਬਾਦੀ ਸਿਰਫ 1150 ਸੀ ਜਿਹੜੀ 1900 ਵਿਚ 81000 ਦੇ ਕਰੀਬ ਹੋ ਗਈ। ਏਸ ਤੋਂ ਪਿਛੋਂ ਸ਼ਹਿਰ ਦਾ ਤੇਜ਼ੀ ਨਾਲ ਵਿਕਾਸ ਹੋਣਾ ਸ਼ੁਰੂ ਹੋਇਆ। ਸਾਲ 1930 ਤੱਕ ਪਹੁੰਚਦਿਆਂ ਇਸ ਦੀ ਆਬਾਦੀ 3 ਲੱਖ 66 ਹਜ਼ਾਰ ਹੋ ਗਈ। 2006 ਸਾਲ ਵਿਚ ਸਿਆਟਲ ਦੀ ਆਬਾਦੀ 5 ਲੱਖ 63 ਹਜ਼ਾਰ ਸੀ। ਇਹ ਸ਼ਹਿਰ ਸੱਤ ਪਹਾੜੀਆਂ ਤੇ ਵਸਿਆ ਹੋਇਆ ਹੈ ਤੇ 142 ਵਰਗਮੀਲ ਖੇਤਰ ਵਿਚ ਫੈਲਿਆ ਹੋਇਆ ਹੈ।

ਸਾਲ 1869 ਤੋਂ ਸਾਲ 1982 ਤੱਕ ਸਿਆਟਲ ਨੂੰ "ਕਵੀਨ ਸਿਟੀ" ਦੇ ਤੌਰ ਤੇ ਜਾਣਿਆ ਜਾਂਦਾ ਰਿਹਾ ਹੈ। ਸਿਆਟਲ ਦਾ ਮੌਜੂਦ ਸਰਕਾਰੀ ਨਿਕਨੇਮ "Emerald City" ਹੈ। ਐਮਰਲਡ ਦਾ ਸ਼ਬਦੀ ਅਰਥ ਸਬਜਾ, ਹਰੇਵਾਈ ਹੈ। ਸਿਆਟਲ ਸ਼ਹਿਰ ਨੂੰ ਐਮਰਲਡ ਸਿਟੀ ਏਸ ਲਈ ਕਿਹਾ ਜਾਂਦਾ ਹੈ ਕਿਉਂ ਜੋ ਸਿਆਟਲ ਸ਼ਹਿਰ ਦੇ ਆਲੇ ਦੁਆਲੇ ਸਦਾ ਬਹਾਰ ਰੁੱਖਾਂ ਦੇ ਝੁੰਡਾਂ ਦੇ ਝੁੰਡ ਹਨ। ਸਿਆਟਲ ਨੂੰ ਗੈਰ ਰਸਮੀ ਤੌਰ ਤੇ "Gateway to Alaska" ਤੇ "Jet City" ਵੀ ਕਿਹਾ ਜਾਂਦਾ ਹੈ। ਏਥੇ ਜੈਟ ਜਹਾਜ ਬਣਦੇ ਹੋਣ ਕਰਕ ਏਸ ਨੂੰ ਜੈਟ ਸਿਟੀ ਕਿਹਾ ਜਾਂਦਾ ਹੈ। ਏਥੋਂ ਦੇ ਵਸਨੀਕ ਕਾਫੀ ਬਹੁਤ ਪੀਂਦੇ ਹਨ। ਏਸੇ ਕਰਕੇ ਹੀ ਏਥੇ ਕਾਫੀ ਦੀਆਂ ਮਸ਼ਹੂਰ ਕੰਪਨੀਆਂ Starbucks, Seattle's Best Coffee ਤੇ Jully's ਏਥੇ ਹਨ। ਸਾਲ 1889 ਵਿਚ ਲੱਗੀ ਅੱਗ ਨੇ ਸਿਆਟਲ ਦੇ ਵਪਾਰ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ। ਅਮਰੀਕਾ ਦੀ ਪਹਿਲੀ ਜਨਰਲ ਹੜਤਾਲ 1919 ਵਿਚ ਸਿਆਟਲ ਵਿਚ ਹੀ ਹੋਈ ਸੀ,।

ਸਿਆਟਲ ਦੀ ਆਮਦਨ ਦਾ ਮੁੱਖ ਸੋਮਾ ਪਹਿਲਾਂ ਲੱਕੜ ਵਪਾਰ (Lumber Industry ਸੀ। ਫੇਰ ਜਹਾਜ਼ ਬਣਾਉਣ ਦੀ ਇੰਡਸਟਰੀ ਬਣੀ। ਫੇਰ ਵੱਖ-ਵੱਖ ਕਿਸਮ ਦੇ ਵਪਾਰਕ ਅਦਾਰਿਆਂ ਤੋਂ ਚੋਖੀ ਆਮਦਨ ਹੋਣ ਲੱਗੀ। ਅਮਰੀਕਾ ਦੀਆਂ ਸਭ ਤੋਂ ਵੱਡੀਆਂ

ਕੰਪਨੀਆਂ ਵਿਚੋਂ ਪਹਿਲੀਆਂ ਪੰਜ ਵੱਡੀਆਂ ਕੰਪਨੀਆਂ ਦੇ ਹੈਡ ਕੁਆਟਰ ਸਿਆਟਲ ਸ਼ਹਿਰ ਵਿਚ ਹਨ। ਸਾਲ 2006 ਦੀ ਇਕ ਮੈਗਜ਼ੀਨ ਦੀ ਸਰਵੇ ਰੀਪੋਰਟ ਅਨੁਸਾਰ ਸਿਆਟਲ ਦਾ ਪੌਣ ਪਾਣੀ ਵਪਾਰਕ ਵਾਧੇ ਲਈ ਪਹਿਲੇ 10 ਵੱਡੇ ਸ਼ਹਿਰਾਂ ਵਿਚ ਆਉਂਦਾ ਹੈ। 2005 ਸਾਲ ਦੀ ਇਕ ਰੀਪੋਰਟ ਅਨੁਸਾਰ ਸਿਆਟਲ ਸ਼ਹਿਰ ਅਮਰੀਕਾ ਦੇ ਸ਼ਹਿਰਾਂ ਵਿੱਚ ਇਕ ਅਜੇਹਾ ਸ਼ਹਿਰ ਹੈ, ਜਿਥੇ ਘਰ ਖਰੀਦਣੇ ਬਹੁਤ ਮਹਿੰਗੇ ਹਨ।

ਸਿਆਟਲ ਸ਼ਹਿਰ ਭੁਚਾਲ ਦੇ ਏਰੀਏ ਵਿਚ ਪੈਂਦਾ ਹੈ। ਏਥੇ ਪਿਛਲੇ ਸਮਿਆਂ ਵਿਚ ਬਹੁਤ ਭੁਚਾਲ ਆਉਂਦੇ ਰਹੇ ਹਨ। ਸਾਲ 2007 ਵਿਚ ਵੀ ਏਥੇ ਭੁਚਾਲ ਆ ਚੁੱਕਿਆ ਹੈ। ਇਨ੍ਹਾਂ ਭੁਚਾਲਾਂ ਨਾਲ ਬਹੁਤਾ ਜਾਨੀ ਨੁਕਸਾਨ ਤਾਂ ਨਹੀਂ ਹੁੰਦਾ ਸੀ ਪਰ ਇਮਾਰਤਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਸੀ। ਜਦ ਸਪੇਸ ਨੀਡਲ ਬਣੀ ਸੀ, ਉਸ ਸਮੇਂ ਸਪੇਸ ਨੀਡਲ ਸਿਆਟਲ ਸ਼ਹਿਰ ਦੀ ਸਭ ਤੋਂ ਉੱਚੀ ਬਿਲਡਿੰਗ ਸੀ। ਹੁਣ ਤਾਂ ਏਸ ਬਿਲਡਿੰਗ/ਟਾਵਰ ਨਾਲੋਂ Columbia Center ਤੇ Washington Mutual tower ਬਿਲਡਿੰਗਾਂ ਉੱਚੀਆਂ ਹਨ। ਏਥੋਂ ਦੀ Starbucks Center ਦੀ ਬਿਲਡਿੰਗ ਸਭ ਤੋਂ ਵਿਸ਼ਾਲ ਬਿਲਡਿੰਗ ਹੈ। ਇਹ 20 ਲੱਖ ਵਰਗ ਫੁੱਟ ਖੇਤਰ ਵਿਚ ਬਣੀ ਹੋਈ ਹੈ। Starbuck ਕੰਪਨੀ ਦਾ ਹੁਣ ਏਥੇ ਹੈਡ ਕੁਆਟਰ ਹੈ।

ਏਥੋਂ ਦੀਆਂ ਵੇਖਣ ਵਾਲੀਆਂ ਥਾਵਾਂ ਵਿਚ ਸਪੇਸ ਨੀਡਲ ਸਭ ਤੋਂ ਜ਼ਿਆਦਾ ਮਸ਼ਹੂਰ ਹੈ ਜਿਸ ਬਾਰੇ ਮੈਂ ਪਹਿਲਾਂ ਹੀ ਉਪਰ ਲਿਖ ਚੁਕਿਆ ਹਾਂ। ਸਿਆਟਲ ਦਾ ਸਲਾਨਾ International Film Festival ਬਹੁਤ ਹੀ ਪ੍ਰਸਿਧੀ ਵਾਲਾ ਮੇਲਾ ਹੈ। ਇਹ ਮੇਲਾ 24 ਦਿਨ ਚਲਦਾ ਹੈ। ਏਥੋਂ ਦਾ Antiquarian Book Fair +Book Art Show ਵੀ ਮਸ਼ਹੂਰ ਹੈ। ਸਿਆਟਲ ਤੋਂ ਪੋਰਟਲੈਂਡ ਤੱਕ ਦੀ ਬਾਈਸਾਈਕਲ ਸਵਾਰੀ ਦੇ ਮੇਲੇ ਵਿਚ ਵੀ ਲੋਕੀ ਬਹੁਤ ਖੁਸ਼ੀ ਨਾਲ ਹਿੱਸਾ ਲੈਂਦੇ ਹਨ। ਸਿਆਟਲ ਦਾ ਪੌਣ ਪਾਣੀ ਠੰਡਕ ਵਾਲਾ ਹੈ। ਏਸੇ ਕਰਕੇ ਏਥੋਂ ਦੇ ਵਸਨੀਕ ਸਾਈਕਲ ਚਲਾਉਣਾ, ਸੈਰ ਕਰਨਾ, ਪਹਾੜਾਂ ਤੇ ਚੜ੍ਹਨਾ, ਬਰਫ ਤੇ ਖੇਡਾਂ ਖੇਡਣੀਆਂ, ਕਿਸ਼ਤੀ ਚਲਾਉਣਾ, ਤੈਰਨਾ, ਸਮੁੰਦਰ ਦੇ ਕੰਢਿਆਂ ਤੇ ਘੁੰਮਣਾ ਬਹੁਤ ਪਸੰਦ ਕਰਦੇ ਹਨ।

ਵਿਦਿਅਕ ਪੱਖੋਂ ਕਾਲਜ਼ ਗ੍ਰੈਜੂਏਸ਼ਨ ਦੀ ਵਿਦਿਆ ਦੀ ਪੱਧਰ ਵਿਚ ਸਿਆਟਲ ਸ਼ਹਿਰ ਅਮਰੀਕਾ ਵਿਚ ਸਭ ਤੋਂ ਉਪਰ ਸਥਾਨ ਰੱਖਦਾ ਹੈ। ਏਥੋਂ ਦੀ ਯੂਨੀਵਿਰਸਟੀ ਆਫ ਵਾਸ਼ਿੰਗਟਨ ਅਮਰੀਕਾ ਦੀਆਂ ਮੰਨੀਆਂ ਪ੍ਰਮੰਨੀਆਂ ਖੋਜ਼ ਯੂਨੀਵਰਸਿਟੀਆਂ ਵਿਚੋਂ ਇਕ ਹੈ। ਨਿਊਜ਼ਵੀਕ ਮੈਗਜ਼ੀਨ ਦੀ ਸਾਲ 2006 ਦੀ ਇਕ ਰੀਪੋਰਟ ਅਨੁਸਾਰ ਯੂਨੀਵਰਸਿਟੀ ਆਫ ਵਾਸ਼ਿੰਗਟਨ ਦਾ ਦੁਨੀਆਂ ਦੀਆਂ ਚੰਗੀਆਂ ਯੂਨੀਵਰਸਿਟੀਆਂ ਵਿਚੋਂ 22ਵਾਂ ਨੰਬਰ ਹੈ। ਸਿਆਟਲ ਯੂਨੀਵਰਸਿਟੀ ਅਤੇ ਸਿਆਟਲ ਪੈਸੀਫਿਕ ਯੂਨੀਵਰਸਿਟੀਆਂ, ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਏਸ ਤੋਂ ਬਗੈਰ ਏਥੇ ਹੋਰ ਯੂਨੀਵਰਸਿਟੀਆਂ, ਕਾਲਜ ਅਤੇ ਆਰਟਸ ਸੰਸਥਾਵਾਂ ਵੀ ਹਨ। ਟਾਈਮ ਮੈਗਜ਼ੀਨ ਨੇ ਸਿਆਟਲ ਸ਼ਹਿਰ ਦੇ ਸਿਆਟਲ ਕਮਿਊਨਿਟੀ ਕਾਲਜ ਨੂੰ ਸਾਲ 2001 ਦਾ ਸਭ ਤੋਂ ਵਧੀਆ ਕਾਲਜ ਮੰਨਿਆ ਹੈ।

ਸਿਆਟਲ ਵਿਚ ਆਵਾ ਜਾਈ ਦੇ ਸਾਧਨਾਂ ਵਿਚ ਏਥੋਂ ਦੀ ਬਸ ਸਰਵਿਸ, ਰੇਲ ਸਰਵਿਸ ਤੇ ਬੇੜੀ ਸਰਵਿਸ ਬਹੁਤ ਮਹੱਤਵਪੂਰਨ ਹਨ। ਸਿਆਟਲ ਦੀ ਵਾਸ਼ਿੰਗਟਨ ਸਟੇਟ

ਫੇਰਰਿਜ਼ ਅਮਰੀਕਾ ਦਾ ਸਭ ਤੋਂ ਵੱਡਾ ਫੇਰਰਿ (Ferry) ਸਿਸਟਮ ਹੈ। ਦੁਨੀਆਂ ਵਿਚ ਏਸ ਫੇਰਰਿ ਸਿਸਟਮ ਦਾ ਤੀਜਾ ਸਥਾਨ ਹੈ। ਇਹ ਫੇਰਰਿਜ਼ ਨੇੜਲੇ ਟਾਪੂਆਂ ਤੋਂ ਡਾਊਨ ਟਾਊਨ ਤੱਕ ਚਲਦੀਆਂ ਹਨ। ਏਥੇ ਅੰਤਰ ਰਾਸ਼ਟਰੀ ਹਵਾਈ ਅੱਡਾ ਹੈ, ਜਿਥੋਂ ਹਵਾਈ ਜਹਾਜ਼ ਸੰਸਾਰ ਦੇ ਹਰ ਹਿੱਸੇ ਨੂੰ ਉੱਡਦੇ ਹਨ।

**ਕਰਮਨ ਲਾਇਬ੍ਰੇਰੀ**

ਕਰਮਨ, ਕੈਲੀਫੋਰਨੀਆਂ ਸੂਬੇ ਦਾ ਇਕ ਤੇਜੀ ਲਾਲ ਵਧ ਰਿਹਾ ਸ਼ਹਿਰ ਹੈ। ਇਹ ਫਰਿਜ਼ਨੋ ਦੇ ਪੱਛਮ ਵਲ ਹਾਈਵੇ 180 ਦੇ ਨਜ਼ਦੀਕ ਹੈ। ਕਰਮਨ ਲਾਇਬ੍ਰੇਰੀ, ਜਿਸ ਵਿਚ ਅਮਰੀਕਾ ਦੀਆਂ ਸਭ ਲਾਇਬ੍ਰੇਰੀਆਂ ਨਾਲੋਂ ਪੰਜਾਬੀ ਦੀਆਂ ਸਭ ਤੋਂ ਵੱਧ ਕਿਤਾਬਾਂ ਹਨ, ਦੇ ਮੋਢੀਆਂ ਵਿਚ ਸਰਵ ਸ੍ਰੀ ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ ਤੇ ਕੁਲਦੀਪ ਸਿੰਘ ਕਾਲੇਕੇ ਦੇ ਨਾਂ ਆਉਂਦੇ ਹਨ। ਲਾਇਬ੍ਰੇਰੀ ਦੇ ਮੁੱਢਲੇ ਦਾਨੀਆਂ ਵਿਚ ਇਨ੍ਹਾਂ ਤੋਂ ਬਿਨਾਂ ਚਰਨਜੀਤ ਸਿੰਘ ਬਾਠ, ਪ੍ਰਸਿੱਧ ਸਾਉਗੀ ਉਤਪਾਦਕ ਗੁਰਚਰਨ ਸਿੰਘ ਰੱਕੜ ਦੇ ਨਾਂ ਵਰਨਣ ਯੋਗ ਹਨ। ਸਿਆਣੇ ਕਹਿੰਦੇ ਹਨ—

'ਵਾਦੜੀਆ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।'

ਬੰਦਾ ਜਿਥੇ ਵੀ ਜਾਂਦਾ ਹੈ, ਉਸ ਦੀਆਂ ਚੰਗੀਆਂ ਤੇ ਮਾੜੀਆਂ ਆਦਤਾਂ, ਗੁਣ, ਔਗੁਣ ਉਸ ਦੇ ਨਾਲ ਹੀ ਜਾਂਦੇ ਹਨ। ਸਿੱਖ ਸਾਖੀ ਹੈ, ਜਦ ਗੁਰੂ ਨਾਨਕ ਦੇਵ ਜੀ ਇਕ ਯਾਤਰਾ ਸਮੇਂ ਇਕ ਪਿੰਡ ਵਿਚ ਠਹਿਰੇ ਤਾਂ ਉਸ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਦੀ ਆਮਦ ਨੂੰ ਚੰਗਾ ਨਾ ਸਮਝਿਆ। ਗੁਰੂ ਸਾਹਿਬ ਦਾ ਆਦਰ, ਸਤਿਕਾਰ ਨਾ ਕੀਤਾ। ਉਨ੍ਹਾਂ ਦੇ ਵਿਚਾਰਾਂ ਨੂੰ ਨਾ ਗੌਲਿਆ। ਜਿਸ ਕਰਕੇ ਗੁਰੂ ਸਾਹਿਬ ਨੇ ਪਿੰਡ ਤੋਂ ਜਾਂਦੇ ਸਮੇਂ ਉਨ੍ਹਾਂ ਪਿੰਡ ਵਾਸੀਆਂ ਨੂੰ "ਵਸਦੇ ਰਹੋ" ਦਾ ਅਸ਼ੀਰਵਾਦ ਦਿੱਤਾ। ਗੁਰੂ ਸਾਹਿਬ ਯਾਤਰਾ ਕਰਦੇ ਹੋਏ ਅਗਲੇ ਪਿੰਡ ਪਹੁੰਚ ਗਏ। ਉਥੋਂ ਦੇ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਦੇ ਆਉਣ ਨੂੰ ਜੀ ਆਇਆਂ ਕਿਹਾ। ਉਨ੍ਹਾਂ ਦੇ ਧਾਰਮਿਕ ਵਿਚਾਰਾਂ ਤੇ ਚੱਲਣ ਦੀ ਹਾਮੀ ਭਰੀ। ਗੁਰੂ ਸਾਹਿਬ ਦੀ ਪੂਰੀ ਆਓ ਭਗਤ ਕੀਤੀ। ਗੁਰੂ ਸਾਹਿਬ ਜਦ ਉਸ ਪਿੰਡ ਤੋਂ ਤੁਰਨ ਲੱਗੇ ਤਾਂ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ "ਉੱਜੜ ਜਾਵੋ" ਦਾ ਅਸ਼ੀਰਵਾਦ ਦਿੱਤਾ। ਭਾਈ ਬਾਲਾ ਤੇ ਮਰਦਾਨਾ ਗੁਰੂ ਸਾਹਿਬ ਦੇ ਨਾਲ ਸਨ। ਮਰਦਾਨੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ "ਸੱਚੇ ਪਾਤਸ਼ਾਹ, ਤੁਸੀਂ ਪਹਿਲੇ ਪਿੰਡ ਵਾਸੀਆਂ ਨੂੰ, ਜਿਨ੍ਹਾਂ ਨੇ ਨਾ ਤੁਹਾਡੇ ਆਉਣ ਨੂੰ ਚੰਗਾ ਸਮਝਿਆ ਹੈ, ਨਾ ਹੀ ਤੁਹਾਡੇ ਵਿਚਾਰਾਂ ਨੂੰ ਅਪਨਾਉਣ ਦਾ ਬਚਨ ਦਿੱਤਾ ਹੈ ਅਤੇ ਨਾ ਹੀ ਤੁਹਾਡੀ ਟਹਿਲ ਸੇਵਾ ਕੀਤੀ ਹੈ, ਫੇਰ ਵੀ ਤੁਸੀਂ ਉਨ੍ਹਾਂ ਪਿੰਡ ਵਾਸੀਆਂ ਨੂੰ "ਵਸਦੇ ਰਹੋ" ਦਾ ਅਸ਼ੀਰਵਾਦ ਦਿੱਤਾ ਹੈ, ਜਦ ਕਿ ਇਸ ਪਿੰਡ ਵਾਸੀਆਂ ਨੇ ਤੁਹਾਡੇ ਵਿਚਾਰਾਂ ਤੇ ਚੱਲਣ ਦਾ ਵਾਅਦਾ ਕੀਤਾ ਹੈ। ਜੀ ਆਇਆ ਵੀ ਕਿਹਾ ਹੈ। ਆਓ ਭਗਤ ਵੀ ਕੀਤੀ ਹੈ, ਪਰ ਤੁਸੀਂ ਇਨ੍ਹਾਂ ਵਾਸੀਆਂ ਨੂੰ "ਉੱਜੜ ਜਾਵੋ" ਦੀ ਦੁਰਸੀਸ ਦਿੱਤੀ ਹੈ।"

ਗੁਰੂ ਸਾਹਿਬ ਸ਼ਾਂਤ ਚਿੱਤ ਹੋ ਕੇ ਮਰਦਾਨੇ ਨੂੰ ਸਮਝਾਉਣ ਲੱਗੇ, "ਦੇਖ ਭਾਈ ਮਰਦਾਨਿਆ, ਮੈਂ ਇਸ ਪਿੰਡ ਵਾਸੀਆਂ ਨੂੰ "ਉੱਜੜ ਜਾਵੋ" ਦੀ ਅਸੀਸ/ਦੁਰਸੀਸ ਏਸ ਕਰਕੇ ਦਿੱਤੀ ਹੈ ਕਿ ਇਹ ਪਿੰਡ ਵਾਲੇ ਜਿਥੇ ਵੀ ਜਾਕੇ ਵਸਣਗੇ, ਆਪਣੇ ਚੰਗੇ ਗੁਣ, ਚੰਗੀਆਂ ਆਦਤਾਂ ਆਪਣੇ ਨਾਲ ਹੀ ਲੈ ਕੇ ਜਾਣਗੇ। ਏਸ ਤਰ੍ਹਾਂ ਚੰਗੇ ਗੁਣਾਂ ਵਾਲਿਆਂ ਮਨੁੱਖਾਂ ਦਾ ਵਾਧਾ ਹੁੰਦਾ ਜਾਵੇਗਾ। ਚੰਗੇ ਗੁਣ ਫੈਲਣਗੇ। ਮੈਂ ਪਹਿਲੇ ਪਿੰਡ ਵਾਸੀਆਂ ਨੂੰ "ਇਥੇ ਵਸਦੇ ਰਹੋ" ਦਾ ਅਸ਼ੀਰਵਾਦ ਏਸ ਕਰਕੇ ਦੇ ਦਿੱਤਾ ਸੀ ਕਿ ਉਹ ਪਿੰਡ ਵਾਲੇ ਮਾੜੇ ਗੁਣਾਂ ਦੇ ਧਾਰਨੀ ਹਨ। ਏਸ ਲਈ ਉਨ੍ਹਾਂ ਦੇ ਮਾੜੇ ਗੁਣ ਔਗੁਣ ਉਸ ਪਿੰਡ ਵਿਚ ਹੀ ਰਹਿਣ। ਹੋਰ ਪਿੰਡਾਂ ਵਿਚ ਨਾ ਫੈਲਣ। ਏਸ ਤਰ੍ਹਾਂ ਮਾੜੇ ਗੁਣਾਂ ਵਾਲੇ ਇਸਤਰੀ ਪੁਰਸ਼

ਘਟਦੇ ਜਾਣਗੇ।" ਮੇਰਾ ਇਸ ਸਾਖੀ ਦਾ ਵੇਰਵਾ ਦੇਣ ਦਾ ਮਤਲਬ ਤਾਂ ਤੁਸੀਂ ਸਮਝ ਗਏ ਹੋਵੋਗੇ ? ਹਰ ਇਸਤਰੀ ਪੁਰਸ਼ ਦੀਆਂ ਚੰਗੀਆਂ ਮਾੜੀਆਂ ਆਦਮਾਂ, ਗੁਣ ਔਗੁਣ ਉਸਦੇ ਨਾਲ ਹੀ ਜਾਂਦੇ ਹਨ।

ਲੇਖ ਕਰਮਨ ਲਾਇਬ੍ਰੇਰੀ ਬਾਰੇ ਲਿਖਣਾ ਸ਼ੁਰੂ ਕੀਤਾ ਸੀ, ਪਰ ਮੈਂ ਭੂਮਿਕਾ ਕੁਝ ਜ਼ਿਆਦਾ ਹੀ ਬੰਨ੍ਹ ਗਿਆ ਹਾਂ। ਅਸਲ ਵਿਸ਼ੇ ਵੱਲ ਆਉਂਦਾ ਹਾਂ। ਲਾਇਬ੍ਰੇਰੀ ਦੇ ਮੁੱਢਲੇ ਤਿੰਨ ਮੋਢੀ ਸੱਜਣ ਚੰਗੇ ਗੁਣਾਂ ਦੇ ਧਾਰਨੀ ਹਨ। ਮੋਢੀਆਂ ਵਿਚੋਂ ਸ. ਜਗਜੀਤ ਸਿੰਘ ਥਿੰਦ ਦਾ ਪਿੰਡ ਕਮਾਲਪੁਰ ਹੈ, ਜੋ ਜ਼ਿਲ੍ਹਾ ਲੁਧਿਆਣੇ ਵਿਚ ਹੈ। ਉਹ ਆਪਣੀ ਪਿੰਡ ਦੀ ਪੰਚਾਇਤ ਦੇ ਕਈ ਟਰਮਾਂ ਵਿਚ ਸਰਪੰਚ ਰਹੇ ਹਨ। ਪੰਚਾਇਤ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਰਹੇ ਹਨ। ਕੋਆਪਰੇਟਿਵ ਬੈਂਕ, ਡਿਸਟ੍ਰਿਕਟ ਹੋਲ ਸੇਲ ਯੂਨੀਅਨ, ਡਿਸਟ੍ਰਿਕਟ ਕੋਆਪਰੇਟਿਵ ਯੂਨੀਅਨ, ਇਫਕੋ ਅਤੇ ਹੋਰ ਬਹੁਤ ਸਾਰੀਆਂ ਸਹਿਕਾਰੀ ਸੰਸਥਾਵਾਂ ਦੇ ਡਾਇਰੈਕਟਰ ਰਹੇ ਹਨ। ਉਨ੍ਹਾਂ ਨੂੰ ਸਾਹਿਤ ਪੜ੍ਹਣ ਦਾ ਸ਼ੁਰੂ ਤੋਂ ਹੀ ਸ਼ੌਕ ਸੀ। ਪਿੰਡ ਦੀ ਸਰਪੰਚੀ ਸਮੇਂ ਉਨ੍ਹਾਂ ਨੇ ਆਪਣੇ ਪਿੰਡ ਵਿਚ ਦੋ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਸਨ। ਇਕ ਲਾਇਬ੍ਰੇਰੀ ਲੋਕ ਸੰਪਰਕ ਮਹਿਕਮੇ ਦੇ ਸਹਿਯੋਗ ਨਾਲ ਅਤੇ ਦੂਸਰੀ ਪਿੰਡ ਦੇ ਪ੍ਰਵਾਸੀ ਵੀਰਾਂ ਦੀ ਮਾਇਕ ਮੱਦਦ ਨਾਲ। ਥਿੰਦ ਸਾਹਿਬ ਕਰਮਨ (ਅਮਰੀਕਾ) ਦੇ ਪੱਕੇ ਵਸਨੀਕ ਬਣ ਗਏ ਤਾਂ ਉਨ੍ਹਾਂ ਦੀ ਪੰਜਾਬੀ ਸਾਹਿਤ ਪੜ੍ਹਣ ਦੀ ਰੁਚੀ ਫਿਰ ਜਾਗੀ। ਉਨ੍ਹਾਂ ਕਰਮਨ ਲਾਇਬ੍ਰੇਰੀ ਦਾ ਕਾਰਡ ਬਣਵਾਇਆ। ਲਾਇਬ੍ਰੇਰੀ ਵਿਚੋਂ ਅੰਗਰੇਜ਼ੀ ਦੀਆਂ ਕਿਤਾਬਾਂ ਲੈ ਕੇ ਪੜ੍ਹਣੀਆਂ ਸ਼ੁਰੂ ਕੀਤੀਆਂ। ਪਰ ਪੰਜਾਬੀ ਸਾਹਿਤ ਪੜ੍ਹਣ ਦੀ ਭੁੱਖ ਅਤ੍ਰਿਪਤ ਹੀ ਰਹੀ। ਸਿਆਣਿਆਂ ਦਾ ਕਥਨ ਹੈ—

'ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਹੱਟਦੀ।'

ਹੋਇਆ ਇੰਜ, ਥਿੰਦ ਨੂੰ ਇਕ ਦਿਨ ਲਾਇਬ੍ਰੇਰੀ ਵਿਚ ਕਿਸੇ ਕਿਤਾਬ ਦੀ ਭਾਲ ਕਰਦਿਆਂ ਦੋ ਪੰਜਾਬੀ ਦੀਆਂ ਕਿਤਾਬਾਂ ਹੱਥ ਲੱਗੀਆਂ। ਉਨ੍ਹਾਂ ਨੇ ਉਸ ਸਮੇਂ ਹੀ ਲਾਇਬ੍ਰੇਰੀਅਨ ਤੋਂ ਪੁਛਿਆ "ਕੀ ਲਾਇਬ੍ਰੇਰੀ ਵਿਚ ਪੰਜਾਬੀ ਦੀਆਂ ਕਿਤਾਬਾਂ ਰੱਖੀਆਂ ਜਾ ਸਕਦੀਆਂ ਹਨ ?" ਲਾਇਬ੍ਰੇਰੀਅਨ ਨੇ ਜਵਾਬ ਦਿੱਤਾ, "ਹਾਂ ਰੱਖੀਆਂ ਜਾ ਸਕਦੀਆਂ ਹਨ। ਜੇਕਰ ਕਰਮਨ ਵਿਚ ਪੰਜਾਬੀ ਕਮਿਉਨਿਟੀ ਦੀ ਵਸੋਂ ਇਕ ਨਿਰਧਾਰਤ ਹੱਦ ਤੱਕ ਹੋਵੇ ਤਾਂ ਪੰਜਾਬੀ ਦੀਆਂ ਕਿਤਾਬਾਂ ਖਰੀਦਣ ਲਈ ਕਾਊਂਟੀ ਤੋਂ ਗਰਾਂਟ ਵੀ ਮਿਲ ਸਕਦੀ ਹੈ।"

ਸ. ਮਹਿੰਦਰ ਸਿੰਘ ਗਰੇਵਾਲ, ਲੁਧਿਆਣੇ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਕਿਲਾ ਰਾਏਪੁਰ ਦੇ ਰਹਿਣ ਵਾਲੇ ਹਨ। ਪੰਜਾਬ ਵਿਚ ਗਰੇਵਾਲ ਤਾਂ ਪਹਿਲਾਂ ਹੀ ਚੰਗੇ ਪੜ੍ਹੇ ਲਿਖੇ, ਦੂਰ ਦ੍ਰਿਸ਼ਟੀ ਵਾਲੇ ਤੇ ਅਗਾਂਹ ਵਧੂ ਸੋਚ ਵਾਲੇ ਮੰਨੇ ਹੋਏ ਹਨ। ਕਰਮਨ ਸਿਟੀ ਵਿਚ ਗਰੇਵਾਲ ਅਣਥਕ ਸਮਾਜ ਸੇਵੀ ਮੰਨੇ ਹੋਏ ਹਨ। ਉਨ੍ਹਾਂ ਦਾ ਲੜਕਾ ਸੰਦੀਪ ਸਿੰਘ ਗਰੇਵਾਲ (ਸਨੀ ਗਰੇਵਾਲ) ਸਿਟੀ ਪਲੈਨਿੰਗ ਕਮਿਸ਼ਨ ਦੇ ਨਾਮਜਦ ਮੈਂਬਰ ਰਹੇ ਹਨ। ਸ. ਕੁਲਦੀਪ ਸਿੰਘ ਕਾਲੇਕੇ ਕਰਮਨ ਦੇ ਸਭ ਤੋਂ ਪੁਰਾਣੇ ਵਸਨੀਕਾਂ ਵਿਚੋਂ ਹਨ। ਉਹ ਥਾਪਰ ਇੰਜਨੀਅਰਰਿੰਗ ਕਾਲਜ ਪਟਿਆਲਾ ਦੇ ਮਕੈਨੀਕਲ ਇੰਜਨੀਅਰ ਦੇ ਡਿਗਰੀ ਹੋਲਡਰ ਹਨ। ਇੰਜਨੀਅਰ ਦੀ ਚੰਗੀ ਭਲੀ ਨੌਕਰੀ ਛੱਡ ਕੇ ਇਥੇ ਆਏ ਹਨ। ਉਨ੍ਹਾਂ ਦੇ ਪਿਤਾ ਪੈਪਸੂ ਸਰਕਾਰ ਵਿਚ ਵਜ਼ੀਰ ਰਹੇ ਹਨ। ਏਸ ਲਈ ਉਨ੍ਹਾਂ ਨੂੰ ਲੋਕ ਸੇਵਾ ਦੀ ਜਾਗ ਤਾਂ ਘਰੋਂ ਹੀ ਲਗੀ ਹੋਈ ਸੀ।

ਸਿਆਣੇ ਕਹਿੰਦੇ ਹਨ "ਦੀਵਾਨੇ (ਪੰਜਾਬ, ਪੰਜਾਬੀਅਤ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ, ਪੰਜਾਬੀ ਵਿਰਸੇ ਨੂੰ ਪਿਆਰ ਕਰਨ ਵਾਲੇ) ਤਾਂ ਦੋ ਮਾਨ ਨਹੀਂ ਹੁੰਦੇ, ਇਥੇ ਤਾਂ ਪੰਜਾਬੀ ਕਮਿਊਨਿਟੀ ਦੀ ਸੇਵਾ ਕਰਨ ਲਈ ਤਿੰਨ ਦੀਵਾਨੇ ਇਕੱਠੇ ਹੋ ਗਏ।" ਫੇਰ ਕੀ ਸੀ, ਪੰਜਾਬੀ ਵਸੋਂ ਦੇ ਜ਼ਰੂਰੀ ਅੰਕੜੇ ਇਕੱਠੇ ਕਰ ਕੇ ਲਾਇਬ੍ਰੇਰੀਅਨ ਦੀ ਮਦਦ ਨਾਲ ਇਨ੍ਹਾਂ ਨੇ ਕਿਤਾਬਾਂ ਦੀ ਗਰਾਂਟ ਪ੍ਰਾਪਤ ਕਰਨ ਲਈ ਦਰਖਾਸਤ ਕਾਉਂਟੀ ਨੂੰ ਦਿੱਤੀ। ਇਸ ਦਰਖਾਸਤ ਤੇ ਫਰਿਜ਼ਨੋ ਕਾਉਂਟੀ ਨੇ ਪੰਜ ਹਜ਼ਾਰ ਡਾਲਰ ਦੀ ਗਰਾਂਟ ਮਨਜ਼ੂਰ ਕਰ ਦਿੱਤੀ। ਗਰਾਂਟ ਦੀ ਮਨਜ਼ੂਰੀ ਪਿਛੋਂ ਪੰਜਾਬੀ ਬਸਿੰਦਿਆਂ ਦੀ ਸਲਾਹ ਨਾਲ ਪੰਜਾਬ ਦੇ ਪੁਸਤਕ ਵਿਕਰੇਤਾਵਾਂ, ਪੰਜਾਬ ਦੀਆਂ ਯੂਨੀਵਰਸਿਟੀਆਂ, ਪੰਜਾਬੀ ਭਾਸ਼ਾ ਵਿਭਾਗ, ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਨੂੰ ਕਿਤਾਬਾਂ ਦੇ ਸੂਚੀ ਪੱਤਰ ਭੇਜਣ ਲਈ ਲਿਖਿਆ ਗਿਆ ਤਾਂ ਜੋ ਸੂਚੀਆਂ ਵਿਚੋਂ ਪਸੰਦ ਦੀਆਂ ਕਿਤਾਬਾਂ ਮੰਗਵਾਈਆਂ ਜਾ ਸਕਣ। ਥਿੰਦ ਸਾਹਿਬ ਨੇ ਇਕ ਮਿਲਣੀ ਸਮੇਂ ਮੈਨੂੰ ਦੱਸਿਆ ਕਿ "ਸਿਰਫ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ ਹੀ ਕਿਤਾਬਾਂ ਦਾ ਸੂਚੀ ਪੱਤਰ ਪ੍ਰਾਪਤ ਹੋਇਆ। ਬਾਕੀ ਨਾ ਕਿਸੇ ਯੂਨੀਵਰਸਿਟੀ ਵਲੋਂ, ਨਾ ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਵੱਲੋਂ, ਨਾ ਭਾਸ਼ਾ ਵਿਭਾਗ ਵਲੋਂ ਅਤੇ ਨਾ ਹੀ ਹੋਰ ਸਰਕਾਰੀ ਤੇ ਗੈਰ ਸਰਕਾਰੀ ਪੁਸਤਕ ਵਿਕਰੇਤਾਵਾਂ ਵਲੋਂ ਕੋਈ ਕਿਤਾਬਾਂ ਦੀ ਸੂਚੀ ਪ੍ਰਾਪਤ ਹੋਈ।"

ਮੈਨੂੰ ਇਥੇ ਆਪਣੀ ਲਿਖੀ 'ਘੁੱਗੀਮਾਰ ਅਫਸਰ" ਕਿਤਾਬ ਯਾਦ ਆਈ। ਮੈਂ ਉਸ ਕਿਤਾਬ ਦੇ ਬਹੁਤੇ ਆਰਟੀਕਲਾਂ ਵਿਚ ਦਫਤਰਾਂ ਵਿਚ ਕਲਰਕਾਂ ਦਾ ਮਨ ਇੱਛਤ ਅਨੁਸਾਰ ਕੰਮ ਕਰਨਾ, ਕਲਰਕਾਂ ਦੀ ਦਫਤਰਾਂ ਵਿਚ ਮਨਮਰਜ਼ੀ ਬਾਰੇ, ਮਨ ਮਾਨੀ ਬਾਰੇ, ਕਲਰਕਾਂ ਦੀ ਰਾਏ ਤੋਂ ਬਿਨਾਂ ਦਫਤਰਾਂ ਵਿਚ ਕੋਈ ਵੀ ਕੰਮ ਨਾ ਹੋਣ ਬਾਰੇ ਤੇ ਬਹੁਤੇ ਅਫਸਰ ਘੁੱਗੀਮਾਰ ਅਫਸਰ ਹੋਣ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਅੱਜ ਦੇ ਬਹੁਤੇ ਅਫਸਰ ਜਾਂ ਸਿਫਾਰਸੀ ਭਰਤੀ ਹੋਏ ਹਨ, ਜਾਂ ਰਵੀ ਸਿਧੂ ਵਰਗਿਆਂ ਨੇ ਪੈਸੇ ਲੈ ਕੇ ਭਰਤੀ ਕੀਤੇ ਹੋਏ ਹਨ। ਜਾਂ ਸਰਕਾਰ ਦੀ ਵੋਟ ਲੈਣ ਦੀ ਨੀਤੀ ਤਹਿਤ ਭਰਤੀ ਹੋਏ ਹਨ। ਏਸ ਲਈ ਬਹੁਤੇ ਅਫਸਰਾਂ ਵਿਚ ਅਫਸਰਾਂ ਵਾਲੇ ਗੁਣ ਨਹੀਂ ਹਨ। ਜਿਹੜੇ ਥੋੜ੍ਹੇ ਬਹੁਤ ਅਫਸਰ ਆਪਣੀ ਮੈਰਿਟ ਤੇ ਆਪਣੀ ਲਿਆਕਤ, ਕਾਬਲੀਅਤ ਨਾਲ ਭਰਤੀ ਹੋਏ ਹਨ, ਈਮਾਨਦਾਰ ਹਨ, ਕੰਮ ਦੇ ਕਰਿੰਦੇ ਹਨ, ਉਨ੍ਹਾਂ ਅਫਸਰਾਂ ਦੀ ਮਾੜੀ, ਰਿਸ਼ਵਤਖੋਰ, ਨਾਲਾਇਕ ਅਫਸਰਾਂ ਦੀ ਧਾੜ ਅੱਗੇ ਤੇ ਰਿਸ਼ਵਤਖੋਰ ਸਿਆਸਤਦਾਨਾਂ ਅੱਗੇ ਕੋਈ ਪੇਸ਼ ਨਹੀਂ ਜਾਂਦੀ। ਅਜੇਹੇ ਈਮਾਨਦਾਰ ਤੇ ਨੇਕ ਅਫਸਰ ਗੁੱਠੇ ਲਾਏ ਹੁੰਦੇ ਹਨ। ਏਸ ਲਈ ਦਫਤਰਾਂ ਦੇ ਬਾਬੂ ਉਹੀ ਚਿੱਠੀਆਂ ਦਾ ਜਵਾਬ ਦਿੰਦੇ ਹਨ, ਜਿਥੇ ਉਨ੍ਹਾਂ ਦੀ ਮੁੱਠੀ ਗਰਮ ਹੋਈ ਹੋਵੇ। ਏਸੇ ਲਈ ਪੰਜਾਬ ਦੇ ਦਫਤਰਾਂ ਵਿਚ ਕਲਰਕ ਪਾਤਸ਼ਾਹ ਬਣੇ ਹੋਏ ਹਨ ਤੇ ਬਹੁਤੇ ਅਫਸਰ ਘੁੱਗੀ ਮਾਰ ਹਨ। ਏਸੇ ਲਈ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਦੇ ਦਫਤਰਾਂ ਵਿਚੋਂ ਕਿਤਾਬਾਂ ਦੀਆਂ ਸੂਚੀਆਂ ਕਿਥੋਂ ਆਉਣੀਆਂ ਸਨ, ਜਿਥੇ ਕਲਰਕ ਪ੍ਰਧਾਨ ਹਨ।

ਥਿੰਦ ਸਾਹਿਬ ਨੇ ਗਰਾਂਟ ਦੀ ਵਰਤੋਂ ਕਰਨ ਵਿਚ ਆਈਆਂ ਮੁਸ਼ਕਲਾਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਕਿਤਾਬਾਂ ਛਾਪਣ ਤੇ ਵੇਚਣ ਵਾਲੀਆਂ ਸਾਰੀਆਂ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਪੰਜਾਬ, ਜਿਹੜਾ ਸਿਰਫ ਤੇ ਸਿਰਫ਼ ਪੰਜਾਬੀ ਬੋਲੀ ਦੇ

ਵਿਕਾਸ ਲਈ ਸਥਾਪਤ ਹੋਇਆ ਹੈ, ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ, ਜਿਹੜੀ ਸਿਖ ਧਰਮ ਨੂੰ ਪ੍ਰਫੁੱਲਤ ਕਰਨ ਲਈ ਵਚਨਵਧ ਹੈ, ਦੀ ਬੇ-ਰੁਖੀ ਦਾ ਦੁੱਖ ਵੀ ਹੋਇਆ। 23 ਜਨਵਰੀ 1999 ਨੂੰ ਕਰਮਨ ਲਾਇਬ੍ਰੇਰੀ ਦੇ ਪੰਜਾਬੀ ਸੈਕਸ਼ਨ ਦਾ ਉਦਘਾਟਨ ਪ੍ਰਸਿੱਧ ਸੌਂਗੀ ਉਤਪਾਦਕ ਸ. ਚਰਨਜੀਤ ਸਿੰਘ ਬਾਠ ਨੇ ਕੀਤਾ। ਉਨ੍ਹਾਂ ਦੇ ਆਪਣੇ ਵਲੋਂ 2500 ਡਾਲਰ ਲਾਇਬ੍ਰੇਰੀ ਨੂੰ ਪੰਜਾਬੀ ਦੀਆਂ ਹੋਰ ਕਿਤਾਬਾਂ  ਖਰੀਦਣ ਲਈ ਦਿੱਤਾ। ਮੌਕੇ ਤੇ ਹਾਜ਼ਰ ਪੰਜਾਬੀਆਂ ਵਿਚੋਂ ਗੁਰਚਰਨ ਸਿੰਘ ਰੱਕੜ ਤੇ ਹੋਰ ਵੀ ਪੰਜਾਬੀ ਦਾਨੀਆਂ ਨੇ ਆਪਣੀ ਵਿਤ ਅਨੁਸਾਰ ਕਿਤਾਬਾਂ ਦੀ ਖਰੀਦ ਲਈ ਦਾਨ ਦਿੱਤਾ। ਹੁਣ ਵੀ ਪੰਜਾਬੀ ਸਾਹਿਤ, ਪੰਜਾਬੀ ਬੋਲੀ ਤੇ ਪੰਜਾਬੀ ਵਿਰਸੇ ਨੂੰ ਪਿਆਰ ਕਰਨ ਵਾਲੇ ਬਹੁਤ ਸਾਰੇ ਪੰਜਾਬੀ ਦਾਨ ਦੇ ਰਹੇ ਹਨ।

ਹੁਣ ਕਰਮਨ ਲਾਇਬ੍ਰੇਰੀ ਵਿਚ ਪੰਜਾਬੀ ਦੀਆਂ ਕਿਤਾਬਾਂ ਖਰੀਦਣ ਲਈ ਬੈਂਕ ਵਿਚ ਟਰਸਟ ਫੰਡ ਕਾਇਮ ਕੀਤਾ ਹੋਇਆ ਹੈ। ਏਸ ਫੰਡ ਵਿਚੋਂ ਲਗਾਤਾਰ ਪੰਜਾਬੀ ਦੀਆਂ ਕਿਤਾਬਾਂ ਖਰੀਦੀਆਂ ਜਾ ਰਹੀਆਂ ਹਨ। ਕਰਮਨ ਲਾਇਬ੍ਰੇਰੀ ਦਾ ਪੰਜਾਬੀ ਸੈਕਸ਼ਨ ਦਾ ਕਿਤਾਬਾਂ ਦੀ ਗਿਣਤੀ ਅਨੁਸਾਰ ਅੰਗਰੇਜ਼ੀ ਸੈਕਸ਼ਨ ਤੋਂ ਬਾਅਦ ਦੂਜਾ ਨੰਬਰ ਹੈ। ਇਥੇ ਪੰਜਾਬੀ ਦੇ ਬਹੁਤੇ ਲੇਖਕਾਂ ਦੀਆਂ ਕਿਤਾਬਾਂ, ਸਿਖੀ ਸਾਹਿਤ, ਪੰਜਾਬੀ ਤੇ ਅੰਗਰੇਜ਼ੀ ਵਿਚ, ਪੰਜਾਬ ਦੇ ਇਤਿਹਾਸ, ਪੰਜਾਬੀ ਵਿਰਸੇ ਤੇ ਪੰਜਾਬੀਅਤ ਨਾਲ ਸਬੰਧਿਤ ਕਿਤਾਬਾਂ ਮਿਲਦੀਆਂ ਹਨ। ਹੁਣ ਤਾਂ ਲਾਇਬ੍ਰੇਰੀ ਵਿਚ ਪੰਜਾਬੀ ਬਾਲ ਸਾਹਿਤ ਦਾ ਇਕ ਵੱਖਰਾ ਸੈਕਸ਼ਨ ਬਣ ਗਿਆ ਹੈ। ਇਹ ਪੰਜਾਬੀਆਂ ਦੀ ਇਕ ਹੋਰ ਵਿਸ਼ੇਸ਼ ਪ੍ਰਾਪਤੀ ਹੈ। ਪੰਜਾਬ ਦੀਆਂ ਥੋੜੀਆਂ ਬਹੁਤੀਆਂ ਜਿਹੜੀਆਂ ਲਾਇਬ੍ਰੇਰੀਆਂ ਹਨ, ਉਨ੍ਹਾਂ ਬਹੁਤੀਆਂ ਵਿਚ ਤਾਂ ਬਾਲ ਸਾਹਿਤ ਮਿਲਦਾ ਹੀ ਨਹੀਂ। ਬਹੁਤ ਸਾਰੀਆਂ ਦੁਰਲੱਭ ਪੁਸਤਕਾਂ ਏਸ ਲਾਇਬ੍ਰੇਰੀ ਦਾ ਖਜ਼ਾਨਾ ਹਨ। ਹੁਣ ਫਰਿਜ਼ਨੋ ਕਾਉਂਟੀ ਦੀਆਂ 13 ਲਾਇਬ੍ਰੇਰੀ ਦੀਆਂ ਬਰਾਂਚਾਂ ਵਿਚ ਪੰਜਾਬੀ ਦੀਆਂ ਪੁਸਤਕਾਂ ਮਿਲਦੀਆਂ ਹਨ।

ਕਰਮਨ ਸ਼ਹਿਰ ਵਿਚ ਹੁਣ 250 ਦੇ ਕਰੀਬ ਪੰਜਾਬੀ ਪਰਿਵਾਰ ਰਹਿੰਦੇ ਹਨ। ਸ਼ਹਿਰ ਵਿਚ ਪੰਜਾਬੀਆਂ ਦੀ ਆਬਾਦੀ 11 ਪ੍ਰਤੀਸ਼ਤ ਦੇ ਕਰੀਬ ਬਣਦੀ ਹੈ। ਏਸ ਸਮੇਂ ਕਰਮਨ ਸਿਟੀ ਦੇ ਮੇਅਰ ਤੋਂ ਬਿਨਾਂ ਸਿਟੀ ਕੌਂਸਲ ਦੇ ਚਾਰ ਮੈਂਬਰਾਂ ਵਿਚੋਂ ਦੋ ਮੈਂਬਰ ਪੰਜਾਬੀ ਮੂਲ ਦੇ ਹਨ। ਕਰਮਨ ਕੈਲੀਫੋਰਨੀਆਂ ਸੂਬੇ ਦਾ ਦੂਜਾ ਸ਼ਹਿਰ ਹੈ, ਜਿਥੇ ਪਬਲਿਕ ਸਕੂਲਾਂ ਵਿਚ ਪੰਜਾਬੀ ਇਕ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ। ਹੁਣ ਤਾਂ ਕਰਮਨ ਵਿਚ ਇਕ ਪ੍ਰਾਈਵੇਟ ਸੰਸਥਾ ਨੇ ਵੀ ਪੰਜਾਬੀ ਤੇ ਸਿੱਖ ਧਰਮ ਦੀ ਵਿਦਿਆ ਦੇਣ ਲਈ ਇਕ ਸਕੂਲ ਖੋਲ੍ਹ ਲਿਆ ਹੈ। ਪਬਲਿਕ ਸਕੂਲਾਂ ਵਿਚ ਪੰਜਾਬੀ  ਨੂੰ ਇਕ ਭਾਸ਼ਾ ਦੇ ਤੌਰ ਤੇ ਪੜ੍ਹਾਉਣ ਲਈ ਕੈਲੀਫੋਰਨੀਆਂ ਸੂਬੇ ਦੇ ਯੂਬਾ ਸਿਟੀ  ਵਿਚ ਪਹਿਲਾ ਸਕੂਲ ਹੈ। ਕਰਮਨ ਸ਼ਹਿਰ ਦੇ ਵਿਚਾਲੇ ਹੁਣ ਪੰਜਾਬੀਆਂ ਨੇ ਸਿਟੀ ਪ੍ਰਬੰਧ ਦੇ ਸਹਿਯੋਗ ਨਾਲ 5 ਏਕੜ ਲਈ ਜ਼ਮੀਨ ਵਿਚ ਵਧੀਆ ਗੁਰੂਦਵਾਰਾ ਸਾਹਿਬ ਦੀ ਉਸਾਰੀ ਕਰ ਲਈ ਹੈ। ਗੁਰੂਦਵਾਰਾ ਸਾਹਿਬ ਹੁਣ ਪੰਜਾਬੀਆਂ ਦੇ ਧਾਰਮਿਕ, ਸਭਿਆਚਾਰਕ ਤੇ ਹੋਰ ਹਰ ਕਿਸਮ ਦੇ ਇਕਠਾਂ ਦਾ ਕੇਂਦਰ ਬਣ ਗਿਆ ਹੈ। ਵੈਸੇ ਵੀ ਪੰਜਾਬੀਆਂ ਬਾਰੇ ਮਸ਼ਹੂਰ ਹੈ, ਉਹ ਜਿਥੇ ਵੀ ਜਾਂਦੇ ਹਨ, ਉਥੇ ਨਵਾਂ ਪੰਜਾਬ ਵਸਾ ਲੈਂਦੇ ਹਨ। ਸ਼ਾਲਾ! ਸਾਡਾ ਇਹ ਕਰਮਨ ਵਾਲਾ ਨਵਾਂ ਪੰਜਾਬ ਹੋਰ ਵਧੇ, ਹੋਰ ਫੁਲੇ, ਹੋਰ ਪੰਜਾਬੀ

ਸਾਹਿਤ ਤੇ ਸਭਿਆਚਾਰ ਦੀ ਸੇਵਾ ਕਰੇ। ਦੂਜੇ ਸ਼ਹਿਰਾਂ ਵਿਚ ਵਸੇ ਪੰਜਾਬੀਆਂ ਲਈ ਚਾਨਣ ਮੁਨਾਰਾ ਬਣੇ।

## ਅਮਰੀਕਾ ਨੂੰ ਮੇਰੀ ਦੂਜੀ ਉਡਾਰੀ

ਪਹਿਲੀ ਵਾਰ ਜਦ ਮੈਂ ਅਮਰੀਕਾ 26 ਮਾਰਚ 2005 ਵਿਚ ਬਤੌਰ ਪਰਵਾਸੀ

ਆਇਆ ਸੀ ਤਾਂ 7 ਮਹੀਨੇ ਰਹਿ ਕੇ, 2 ਸਾਲ ਦੀ ਐਕਸਟੈਂਨਸ਼ਨ ਦੇਣ ਦੀ ਦਰਖਾਸਤ ਦੇ ਕੇ ਮਿੱਤੀ 6 ਨਵੰਬਰ 2005 ਨੂੰ ਵਾਪਸ ਪੰਜਾਬ ਚਲਿਆ ਗਿਆ ਸੀ। ਅਮਰੀਕਾ ਠਹਿਰਨ ਦੇ ਦੌਰਾਨ ਹੀ ਮੈਂ 1µ ਮਹੀਨੇ ਦੇ ਕਰੀਬ ਆਪਣੀ ਦੂਸਰੀ ਲੜਕੀ ਕੋਲ ਕੈਨੇਡਾ ਦੇ ਸ਼ਹਿਰ ਟਰਾਂਟੋ ਵੀ ਜਾ ਆਇਆ ਸੀ। ਮੈਨੂੰ ਦੋ ਸਾਲ ਦੀ ਮਿਲੀ ਵਾਧੇ ਦੀ ਮਿਆਦ 6 ਜਨਵਰੀ 2008 ਤੱਕ ਸੀ। ਏਸ ਲਈ ਮੈਂ ਏਸ ਦੋ ਸਾਲ ਵਿਚ ਦੋ ਅਧੂਰੇ ਪਏ ਖਰੜੇ "ਅਲੋਪ ਹੋ ਰਿਹਾ ਪੰਜਾਬੀ ਵਿਰਸਾ" ਤੇ "ਘੁੱਗੀਮਾਰ ਅਫਸਰ" ਮੁਕੰਮਲ ਕਰ ਕੇ ਕਿਤਾਬਾਂ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਛਪਵਾਈਆਂ। ਤੀਜੀ ਨਵੀਂ ਲਿਖੀ ਕਿਤਾਬ "ਲੋਕ ਗੀਤਾਂ ਵਿਚ ਰਿਸ਼ਤੇ ਨਾਤੇ" ਵੀ ਲੋਕ ਗੀਤ ਪ੍ਰਕਾਸ਼ਨ ਵਾਲਿਆਂ ਨੇ ਛਾਪੀ।

ਪਿਛਲੀ ਵਾਰ ਆਇਆਂ ਤਾਂ ਮੈਂ ਦਿੱਲੀ ਏਅਰ ਪੋਰਟ ਰਾਹੀਂ ਸੀ, ਪਰ ਵਾਪਸ ਮੈਂ ਅੰਮ੍ਰਿਤਸਰ ਏਅਰ ਪੋਰਟ ਰਾਹੀਂ ਗਿਆ ਸੀ। ਕਿਉਂਕਿ ਅੰਮ੍ਰਿਤਸਰ ਏਅਰਪੋਰਟ ਮੇਰੀ ਰਹਾਇਸ਼ ਲੁਧਿਆਣੇ ਤੋਂ ਸਿਰਫ ਢਾਈ ਕੁ ਘੰਟੇ ਦਾ ਹੀ ਸਫਰ ਹੈ, ਜਦ ਕਿ ਦਿੱਲੀ ਜਾਣ ਲਈ 7 ਘੰਟੇ ਲੱਗਦੇ ਹਨ। ਏਸ ਲਈ ਏਸ ਵਾਰ ਆਉਣਾ ਤਾਂ ਮੈਂ ਅੰਮ੍ਰਿਤਸਰ ਏਅਰ ਪੋਰਟ ਰਾਹੀਂ ਹੀ ਸੀ, ਪਰ ਅੰਮ੍ਰਿਤਸਰ ਤੋਂ ਮਿਲਦੀਆਂ ਸਾਰੀਆਂ ਫਲਾਈਟਾਂ ਵਿਚੋਂ ਕੋਈ ਵੀ ਫਲਾਈਟ ਸਨਿਚਰਵਾਰ ਜਾਂ ਐਤਵਾਰ ਨੂੰ ਸ਼ਾਨ ਫਰਾਂਸਿਸ਼ਕੋ ਨਾ ਪਹੁੰਚਦੀ ਹੋਣ ਕਰਕੇ ਮੈਨੂੰ ਏਸ ਵਾਰ ਵੀ ਦਿੱਲੀ ਰਾਹੀਂ ਆਉਣਾ ਪਿਆ। ਮੇਰੇ ਜੁਆਈ ਦੇ ਮੈਡੀਕਲ ਪ੍ਰੋਫੈਸ਼ਨ ਦੇ ਰੁਝੇਵਿਆਂ ਕਰਕੇ ਉਨ੍ਹਾਂ ਨੂੰ ਸਨਿਚਰਵਾਰ ਤੇ ਐਤਵਾਰ ਨੂੰ ਹੀ ਵਿਹਲ ਮਿਲਦੀ ਹੈ।

14 ਦਸੰਬਰ 2007 ਨੂੰ ਹਰ ਰੋਜ਼ ਦੀ ਤਰ੍ਹਾਂ ਮੈਂ ਸਵੇਰੇ 3.30 ਵਜੇ ਉੱਠਿਆ। ਟੋਬੇ, ਖੂਹ ਤੇ ਲੇਖ, ਜਿਹੜਾ ਮੈਂ ਪਿਛਲੇ ਦੋ ਤਿੰਨ ਦਿਨਾਂ ਤੋਂ ਲਿਖਣਾ ਸ਼ੁਰੂ ਕੀਤਾ ਹੋਇਆ ਸੀ, ਉਹ ਮੁਕੰਮਲ ਕੀਤਾ। ਫੇਰ ਸੈਰ ਕੀਤੀ। ਘਰ ਆ ਕੇ ਸਾਮਾਨ ਨੂੰ ਪੂਰੀ ਤਰ੍ਹਾਂ ਸੈਟ ਕੀਤਾ। 10 ਕੁ ਵਜੇ ਮੇਰਾ ਭਾਣਜਾ ਕੰਵਲ ਸਿੰਘ ਪਿੰਡ ਮਾਂਗੇਵਾਲ ਤੋਂ ਪਹੁੰਚ ਗਿਆ, ਕਿਉਂਕਿ ਦਿੱਲੀ ਮੈਨੂੰ ਉਸ ਨੇ ਛੱਡਣ ਜਾਣਾ ਸੀ। 12.15 ਟਾਈਮ ਤੇ ਅਸੀਂ ਆਪਣੀ ਕਾਰ ਰਾਹੀਂ ਦਿੱਲੀ ਨੂੰ ਚੱਲ ਪਏ। ਦੁਪਹਿਰ ਦੀ ਰੋਟੀ, ਜੋ ਅਸੀਂ ਨਾਲ ਲਿਆਂਦੀ ਸੀ, ਅੰਬਾਲੇ ਦੇ ਨੇੜੇ ਇਕ ਹੋਟਲ ਤੇ ਬੈਠ ਕੇ ਖਾਦੀ। 7.30 ਵਜੇ ਰਾਤ ਦੇ ਅਸੀਂ ਦਿੱਲੀ ਦੇ ਅੰਤਰ-ਰਾਸ਼ਟਰੀ ਹਵਾਈ ਅੱਡੇ ਦੇ ਸਾਹਮਣੇ ਬਣੇ ਇਕ ਹੋਟਲ ਵਿਚ ਆ ਟਿਕਾਣਾ ਕੀਤਾ।

ਪਿਛਲੀ ਵਾਰ ਦੀ ਤਰ੍ਹਾਂ ਏਸ ਵਾਰ ਵੀ ਸਫਰ ਕੈਥੇ ਪੈਸੀਫਿਕ ਏਅਰ ਲਾਈਨ ਰਾਹੀਂ ਹੀ ਕਰਨਾ ਸੀ। ਪਿਛਲੀ ਵਾਰ ਹਵਾਈ ਟਿਕਟਾਂ ਬੈਂਕ ਦੀ ਚੈਕ ਬੁੱਕ ਦੀ ਤਰ੍ਹਾਂ ਦੀਆਂ ਸਨ। ਕਾਊਂਟਰ ਤੇ ਟਿਕਟ ਦੇਣ ਤੋਂ ਬਾਅਦ ਤੁਹਾਡੇ ਕੋਲ ਟਿਕਟ ਦੀ ਆਫਿਸ ਕਾਪੀ ਰਹਿ ਜਾਂਦੀ ਸੀ। ਪਰ ਏਸ ਵਾਰ ਪਹਿਲੇ ਵਾਲੀਆਂ ਟਿਕਟਾਂ ਦੀ ਬਜਾਏ ਕੰਪਿਊਟਰ ਰਾਹੀਂ ਟਿਕਟ ਦੀ ਕੱਢੀ ਹੋਈ ਡੀਟੇਲ ਸੀ। ਏਸ ਡੀਟੇਲ ਨੂੰ ਵੇਖ ਕੇ ਹੀ ਏਅਰ ਲਾਈਨ ਵਾਲਿਆਂ ਨੇ ਬੋਰਡਿੰਗ ਪਾਸ ਦੇ ਦੇਣਾ ਸੀ। ਅਸੀਂ ਸਵੇਰੇ 3.30 ਉੱਠੇ। ਤਿਆਰ ਹੋ ਕੇ 5.15 ਤੇ ਹਵਾਈ ਅੱਡੇ ਪਹੁੰਚ ਗਏ। ਕਾਰ ਵਿਚੋਂ ਸਾਮਾਨ ਕੱਢਿਆ। ਕੰਵਲ ਨੂੰ ਮੈਂ ਉਨ੍ਹਾਂ ਚਿਰ ਬਾਹਰ ਖੜ੍ਹੇ ਰਹਿਣ ਲਈ ਕਿਹਾ, ਜਿਨ੍ਹਾਂ ਚਿਰ ਤੱਕ ਮੈਂ ਅੰਦਰੋਂ "ਸਭ ਅੱਛਾ" ਨਾ ਕਹਾਂ। ਮੈਂ ਟਰਾਲੀ ਵਿਚ ਸਾਮਾਨ ਰੱਖ ਕੇ ਗੇਟ ਤੇ ਖੜ੍ਹੇ ਕਰਮਚਾਰੀ ਨੂੰ ਟਿਕਟਾਂ ਵਿਖਾ ਕੇ ਅੰਦਰ ਹਾਲ ਵਿਚ ਲੰਘ ਗਿਆ। ਸਾਮਾਨ ਦੀ ਮਸ਼ੀਨ ਰਾਹੀਂ ਪੜਤਾਲ ਕਰਨ ਲਈ ਦੋ ਲਾਈਨਾਂ ਲੱਗੀਆਂ ਹੋਈਆਂ

ਸਨ। ਇਨ੍ਹਾਂ ਲਾਈਨਾਂ ਕੋਲ ਇਕ ਕਰਮਚਾਰੀ ਖੜ੍ਹਾ ਸੀ। ਉਸ ਕਰਮਚਾਰੀ ਨੇ ਮੈਨੂੰ ਇਕ ਲੱਗੀ ਛੋਟੀ ਲਾਈਨ ਵਿਚ ਖੜਾ ਕਰਕੇ ਹੌਲੀ ਜਿਹਾ ਕਿਹਾ "ਸਾਡਾ ਖਿਆਲ ਰੱਖਣਾ।" ਨਾਲ ਹੀ ਉਸ ਨੇ ਪੜਤਾਲ ਮਸ਼ੀਨ ਦੇ ਦੂਜੇ ਪਾਸੇ ਖੜੇ ਕਰਮਚਾਰੀ ਨੂੰ ਅੱਖਾਂ ਹੀ ਅੱਖਾਂ ਰਾਹੀਂ ਇਸ਼ਾਰਾ ਕੀਤਾ। ਮੈਂ ਉਸ ਦੇ ਇਸ਼ਾਰੇ ਨੂੰ ਤਾੜ ਗਿਆ।

ਮੇਰੇ ਕੋਲ ਇਕ ਵੱਡਾ ਅਟੈਚੀ ਤੇ ਇਕ ਵੱਡਾ ਬੈਗ ਸੀ। ਹੱਥ ਵਿਚ ਇਕ ਛੋਟਾ ਬੈਗ ਸੀ। ਮੈਂ ਤਿੰਨੇ ਬੋਝੇ ਮਸ਼ੀਨ ਦੇ ਪਟੇ ਤੇ ਰੱਖੇ ਤੇ ਆਪ ਮਸ਼ੀਨ ਦੇ ਦੂਸਰੇ ਪਾਸੇ ਸਾਮਾਨ ਲੈਣ ਲਈ ਪਹੁੰਚ ਗਿਆ। ਮਸ਼ੀਨ ਦੇ ਦੂਸਰੇ ਪਾਸੇ ਖੜੇ ਕਰਮਚਾਰੀ ਨੇ ਮੇਰਾ ਵੱਡਾ ਬੈਗ ਲਾਹ ਕੇ ਆਪਦੇ ਕੋਲ ਕਰ ਲਿਆ ਤੇ ਬਾਕੀ ਦੇ ਦੋਵੇਂ ਨਗ ਅੱਗੇ ਲੰਘ ਜਾਣ ਦਿੱਤੇ। ਫੇਰ ਉਸ ਕਰਮਚਾਰੀ ਨੇ ਮੈਥੋਂ ਬੈਗ ਵਿਚ ਪਾਏ ਸਾਮਾਨ ਬਾਰੇ ਪੁੱਛਿਆ। ਮੈਂ ਦੱਸਿਆ, "ਇਸ ਵਿਚ ਕਿਤਾਬਾਂ ਦੇ ਅੱਠ ਸੈਟ ਹਨ, ਜਿਨ੍ਹਾਂ ਵਿਚ 40 ਕਿਤਾਬਾਂ ਹਨ। ਇਹ ਕਿਤਾਬਾਂ ਮੇਰੀਆਂ ਹੀ ਲਿਖੀਆਂ ਹੋਈਆਂ ਹਨ। ਕੁਝ ਲਿਖੇ ਹੋਏ ਆਰਟੀਕਲਾਂ ਦੀਆਂ ਫਾਈਲਾਂ ਹਨ। ਬਾਕੀ ਮੇਰੇ ਜੁੱਤੀਆਂ ਦੇ ਜੋੜੇ, ਕੱਪੜੇ ਤੇ ਮੇਰੇ ਬੱਚਿਆਂ ਲਈ ਜੁੱਤੀਆਂ ਤੇ ਕੱਪੜੇ ਹਨ। ਦੱਸੋ ! ਖੋਲ੍ਹ ਕੇ ਦਿਖਾਵਾਂ ?" ਮੇਰੇ ਰੁੱਖੇ ਜਿਹੇ ਜਵਾਬ ਨੂੰ ਸੁਣ ਕੇ, ਉਸ ਦੀ ਰਿਸ਼ਵਤ ਮਿਲਣ ਦੀ ਆਸ ਤੇ ਪਾਣੀ ਪੈ ਗਿਆ। ਮੈਨੂੰ ਪੋਲੇ ਜਿਹੇ ਮੂੰਹ ਨਾਲ ਕਹਿ ਦਿੱਤਾ "ਚਲੋ ! ਲੈ ਜਾਓ !" ਸਾਡੇ ਦਫਤਰਾਂ ਵਿਚ, ਲੋਕਾਂ ਦੀ ਹਾਜ਼ਰੀ ਵਿਚ, ਸਭ ਦੇ ਸਾਹਮਣੇ ਰਿਸ਼ਵਤ ਮੰਗਣਾ ਤਾਂ ਆਮ ਵਰਤਾਰਾ ਬਣ ਗਿਆ ਹੈ। ਸਾਡੇ ਦੇਸ਼ ਦਾ ਹੁਣ ਬੱਚੇ ਜੰਮਣ ਵਿਚ ਤੇ ਰਿਸ਼ਵਤ ਮੰਗਣ ਵਿਚ ਕੋਈ ਦੇਸ਼ ਮੁਕਾਬਲਾ ਨਹੀਂ ਕਰ ਸਕਦਾ। ਇਨ੍ਹਾਂ ਕੰਮਾਂ ਵਿਚ ਸਾਡੀ ਹੁਣ ਝੰਡੀ ਹੈ। ਰੱਬ ਖ਼ੈਰ ਕਰੇ ?

ਮੈਂ ਕੈਥੇ ਪੈਸੀਫਿਕ ਏਅਰ ਲਾਈਨ ਦੇ ਕਾਊਟਰ ਤੇ ਅਟੈਚੀ ਤੇ ਬੈਗ ਦਾ ਵਜ਼ਨ ਚੈਕ ਕਰਵਾਇਆ। ਵਜ਼ਨ ਚੈਕ ਕਰਕੇ ਉਨ੍ਹਾਂ ਨੇ ਸਾਮਾਨ ਉਪਰ ਸਟਿਕਰ ਲਾ ਦਿੱਤੇ। ਮੇਰੀ ਟਿਕਟ ਵੇਖ ਕੇ ਉਨ੍ਹਾਂ ਨੇ ਮੈਨੂੰ ਦੋ ਬੋਰਡਿੰਗ ਪਾਸ ਦੇ ਦਿੱਤੇ। ਇਕ ਦਿੱਲੀ ਤੋਂ ਚੜ੍ਹਨ ਵਾਲਾ ਤੇ ਦੂਸਰਾ ਹਾਂਗਕਾਂਗ ਤੋਂ ਚੜ੍ਹਨ ਵਾਲਾ। ਮੈਂ ਸਾਮਾਨ ਤੇ ਬੋਰਡਿੰਗ ਪਾਸ ਲੈਣ ਤੋਂ ਵਿਹਲਾ ਹੋ ਕੇ ਕੰਵਲ ਨੂੰ, ਜਿਹੜਾ ਬਾਹਰ ਖੜ੍ਹਾ ਮੇਰੇ ਇਸ਼ਾਰੇ ਦੀ ਉਡੀਕ ਕਰ ਰਿਹਾ ਸੀ, "ਸੱਭ ਅੱਛਾ" ਦਾ ਹੱਥ ਨਾਲ ਸੰਕੇਤ ਦਿੱਤਾ। ਬਾਅਏ, ਬਾਅਏ ਕਿਹਾ। ਆ ਕੇ ਸਕਿਊਰਟੀ ਚੈਕ ਕਰਵਾ ਕੇ ਜਹਾਜ਼ ਵਿਚ ਚੜ੍ਹਨ ਵਾਲੇ ਵੇਟਿੰਗ ਹਾਲ ਵਿਚ ਪਹੁੰਚ ਗਿਆ।

ਜਹਾਜ ਦੀ ਉਡਾਣ ਦਾ ਟਾਈਮ 7.40 ਸੀ। ਤਰਤੀਬ ਅਨੁਸਾਰ ਸਵਾਰੀਆਂ ਜਹਾਜ਼ ਵਿਚ ਚੜ੍ਹ ਗਈਆਂ। ਠੀਕ 7.40 ਤੇ ਜਹਾਜ਼ ਉੱਡਣ ਵਾਲੀ ਪਟੜੀ ਦੇ ਨੇੜੇ ਆ ਕੇ ਖੜ੍ਹ ਗਿਆ। ਕੋਈ ਡੇਢ ਘੰਟੇ ਦੇ ਕਰੀਬ ਖੜਾ ਰਿਹਾ। ਜਹਾਜ਼ ਦੇ ਇੰਜਣ ਤਾਂ ਠੀਕ ਚਲ ਰਹੇ ਸਨ। ਸ਼ਾਇਦ ਉੱਡਣ ਵਾਲੀ ਪਟੜੀ ਖਾਲੀ ਨਹੀਂ ਸੀ। 9.10 ਤੇ ਜਾ ਕੇ ਜਹਾਜ਼ ਉੱਡਿਆ। ਪਹਿਲਾਂ ਚਾਹ, ਕਾਫੀ, ਜੂਸ ਵਰਤਾਇਆ ਗਿਆ। ਫੇਰ ਨਾਸ਼ਤਾ ਦਿੱਤਾ ਗਿਆ। ਜਹਾਜ਼ ਦੀ ਹਾਂਗਕਾਂਗ ਤੱਕ 5 ਘੰਟੇ ਦੀ ਉਡਾਣ ਸੀ। ਚਾਹੇ ਜਹਾਜ਼ 1µ ਘੰਟਾ ਲੇਟ ਚੱਲਿਆ ਸੀ, ਪਰ ਹਾਂਕਕਾਂਗ ਰਾਈਟ ਟਾਈਮ ਤੇ ਪਹੁੰਚ ਗਿਆ।

ਹਾਂਗਕਾਂਗ ਤੋਂ ਸ਼ਾਨਫਰਾਸ਼ਿਸ਼ਕੋ ਤੱਕ ਅਸੀਂ ਦੂਸਰੇ ਜਹਾਜ਼ ਵਿਚ ਸਫਰ ਕਰਨਾ ਸੀ। ਜਹਾਜ਼ ਵੇਲੇ ਸਿਰ ਉੱਡਿਆ। ਉਡਾਣ ਦੇ ਦੋ ਘੰਟੇ ਪਿੱਛੋਂ ਸ਼ਰਾਬ ਪੀਣ ਵਾਲਿਆਂ ਨੂੰ

ਸ਼ਰਾਬ ਵਰਤਾਈ ਗਈ ਤੇ ਸੋਫੀਆਂ ਨੂੰ ਜੂਸ। ਫੇਰ ਰਾਤ ਦਾ ਖਾਣਾ ਦਿੱਤਾ ਗਿਆ। ਖਾਣੇ ਤੋਂ ਬਾਅਦ ਲਾਈਟਾਂ ਬੰਦ ਕਰ ਦਿੱਤੀਆਂ ਗਈਆਂ। ਕਈ ਸੌਂ ਗਏ। ਕਈ ਟੀ. ਵੀ. ਦੇਖਦੇ ਰਹੇ। ਕਈ ਪੜ੍ਹਾਕੂ ਪੜ੍ਹਦੇ ਰਹੇ। ਸਵੇਰ ਹੋਣ ਤੇ ਚਾਹ, ਕਾਫੀ, ਜੂਸ ਵਰਤਾਇਆ ਗਿਆ। ਫੇਰ ਨਾਸ਼ਤਾ ਦਿੱਤਾ ਗਿਆ। ਜਹਾਜ਼ ਰਾਈਟ ਟਾਈਮ 12.25 ਤੇ ਸ਼ਾਨਫਰਾਂਸ਼ਿਸ਼ਕੋ ਦੇ ਅੱਡੇ ਤੇ ਲੈਂਡ ਕਰ ਗਿਆ।

ਜ਼ਰੂਰੀ ਚੈਕਿੰਗ ਹੋਣ ਤੋਂ ਪਿਛੋਂ ਸਾਮਾਨ ਲੈ ਕੇ ਜਦ ਮੈਂ ਵੇਟਿੰਗ ਹਾਲ ਵਿਚ ਪਹੁੰਚਿਆ ਤਾਂ ਮੇਰਾ ਜੁਆਈ, ਲੜਕੀ ਤੇ ਬੱਚੇ ਸਾਹਮਣੇ ਖੜ੍ਹੇ ਮੇਰੀ ਉਡੀਕ ਕਰ ਰਹੇ ਸਨ। ਗੱਡੀ ਵਿਚ ਸਾਮਾਨ ਰੱਖਿਆ ਤੇ ਤੁਰ ਪਏ। ਰਸਤੇ ਵਿਚ ਖਾਂਦੇ, ਪੀਂਦੇ ਹੋਏ 6 ਵਜੇ ਦੇ ਕਰੀਬ ਘਰ ਫਰਿਜ਼ਨੋ ਪਹੁੰਚ ਗਏ। ਘਰ ਆ ਕੇ ਆਪਣੇ ਪਹੁੰਚਣ ਬਾਰੇ ਆਪਣੇ ਬੱਚਿਆਂ ਨੂੰ ਲੁਧਿਆਣੇ, ਬਠਿੰਡੇ ਤੇ ਰੋਪੜ ਟੈਲੀਫੂਨ ਕੀਤੇ। ਨਾਲ ਹੀ ਆਪਣੀਆਂ ਭੈਣਾਂ ਨੂੰ ਬਰਨਾਲੇ, ਮਾਂਗੇਵਾਲ ਤੇ ਭੀਖੀ ਪਹੁੰਚਣ ਦੀ ਇਤਲਾਹ ਦਿੱਤੀ। ਪਿਛਲੀ ਵਾਰ ਚਾਹੇ ਸਫਰ ਏਸੇ ਏਅਰ ਲਾਈਨ ਤੇ ਏਸੇ ਰੂਟ ਰਾਹੀਂ ਕੀਤਾ ਸੀ, ਪਰ ਪਹਿਲੇ ਸਫਰ ਨਾਲੋਂ ਏਸ ਸਫਰ ਵਿਚ ਥਕਾਵਟ ਘੱਟ ਮਹਿਸੂਸ ਹੋਈ। ਭਾਰਤ ਦਾ ਟਾਈਮ ਅਮਰੀਕਾ ਦੇ ਟਾਈਮ ਨਾਲੋਂ 13µ ਘੰਟੇ ਅੱਗੇ ਹੈ। ਏਸ ਲਈ ਮੈਂ ਭਾਰਤ ਵਿਚੋਂ ਸਨਿਚਰਵਾਰ ਦੀ ਸਵੇਰ ਨੂੰ ਚੱਲ ਕੇ ਅਮਰੀਕਾ ਵਿਚ ਸਨਿਚਰਵਾਰ ਦੀ ਸ਼ਾਮ ਨੂੰ ਪਹੁੰਚ ਗਿਆ।

# ਲਾਸ ਬੇਗਸ-ਮੌਜ ਮਸਤੀ ਦੀ ਰਾਜਧਾਨੀ

ਲਾਸ ਬੇਗਸ ਸਪੈਨਿਸ਼ ਸ਼ਬਦ ਹੈ। ਅੰਗਰੇਜ਼ੀ ਵਿਚ ਇਸ ਨੂੰ ਮੀਡੋਜ਼ (Meadows) ਕਹਿੰਦੇ ਹਨ। ਮੀਡੋਜ਼ ਹਰੀਆਂ ਚਰਾਂਦਾਂ ਨੂੰ ਕਿਹਾ ਜਾਂਦਾ ਹੈ। ਕਿਸੇ ਸਮੇਂ ਲਾਸ ਬੇਗਸ ਦੇ ਇਲਾਕੇ ਵਿਚ ਖੂਹ ਲੱਗੇ ਹੁੰਦੇ ਸਨ। ਜਿਸ ਕਰਕੇ ਹਰੀਆਂ ਚਰਾਂਦਾਂ ਬਣੀਆਂ। ਲਾਸ ਬੇਗਸ ਪਹਿਲਾਂ ਮੈਕਸੀਕੋ ਦੇਸ਼ ਦਾ ਇਲਾਕਾ ਸੀ। ਸਾਲ 1855 ਵਿਚ ਅਮਰੀਕਾ ਨੇ ਇਸ ਤੇ ਕਬਜ਼ਾ ਕਰ ਲਿਆ। ਸਾਲ 1905 ਵਿਚ ਲਾਸ ਬੇਗਸ ਨੂੰ ਬਤੌਰ ਰੇਲਵੇ ਟਾਊਨ ਦੇ ਵਸਾਇਆ

ਗਿਆ। ਸਾਲ 1911 ਵਿਚ ਇਸ ਨੂੰ ਸ਼ਹਿਰ ਦਾ ਰੁਤਬਾ ਦਿੱਤਾ ਗਿਆ। ਲਾਸ ਬੇਗਸ ਦੇ ਆਲੇ ਦੁਆਲੇ ਰੇਤਲੀਆਂ ਸੁੱਕੀਆਂ ਪਹਾੜੀਆਂ ਹਨ। ਇਥੇ ਗਰਮੀ ਵਿਚ ਪੂਰੀ ਗਰਮੀ ਅਤੇ ਸਰਦੀਆਂ ਵਿਚ ਪੂਰੀ ਸਰਦੀ ਪੈਂਦੀ ਹੈ।

ਜਦ ਮੈਂ ਪ੍ਰਾਇਮਰੀ ਕਲਾਸ ਵਿਚ ਪੜ੍ਹਦਾ ਸੀ, ਉਸ ਸਮੇਂ ਭਾਰਤ ਦੀ ਵੰਡ ਨਹੀਂ ਹੋਈ ਸੀ। ਭਾਰਤ ਤੇ ਪਾਕਿਸਤਾਨ ਇਕ ਦੇਸ਼ ਸੀ। ਉਸ ਸਮੇਂ ਪੜ੍ਹੇ ਲਿਖੇ ਤੇ ਸਿਆਣੇ ਲੋਕ ਕਹਿੰਦੇ ਹੁੰਦੇ ਸਨ "ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਅਜੇ ਜੰਮਿਆ ਨਹੀਂ।" ਇਸ ਲਈ ਉਸ ਸਮੇਂ ਹਰ ਇਸਤਰੀ ਪੁਰਸ਼ ਦੀ ਤਾਂਘ ਹੁੰਦੀ ਸੀ ਕਿ ਲਾਹੌਰ ਸ਼ਹਿਰ ਨੂੰ ਜ਼ਰੂਰ ਵੇਖਿਆ ਜਾਵੇ। ਲਾਹੌਰ ਸ਼ਹਿਰ ਨੂੰ ਵੇਖ ਕੇ ਆਏ ਇਸਤਰੀ ਪੁਰਸ਼ ਲਾਹੌਰ ਦੇ ਬਾਜ਼ਾਰਾਂ, ਬਾਗਾਂ, ਸੜਕਾਂ, ਬਿਲਡਿੰਗਾਂ, ਕਿੱਲਿਆਂ ਆਦਿ ਦੀ ਤਾਰੀਫ ਕਰਦੇ ਨਹੀਂ ਥਕਦੇ ਹੁੰਦੇ ਸਨ।

ਮੈਂ ਪਹਿਲੀ ਵਾਰ ਸਾਲ 2005 ਵਿਚ ਆਪਣੀ ਲੜਕੀ ਕੋਲ ਅਮਰੀਕਾ ਗਿਆ। ਦਸੰਬਰ ਦੀਆਂ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਜਦ ਵੀ ਕੋਈ ਦੋਸਤ ਮਿੱਤਰ ਮਿਲਦਾ ਤਾਂ ਹਰ ਦੋਸਤ ਪੁੱਛਦਾ "ਤੁਸੀਂ ਨਵਾਂ ਸਾਲ ਮਨਾਉਣ ਲਈ ਕਿਥੇ ਜਾ ਰਹੇ ਹੋ ?" ਮੇਰਾ ਜਵਾਬ ਹੁੰਦਾ "ਜਿਥੇ ਬੱਚੇ ਮਨਾਉਣਾ ਚਾਹੁੰਣਗੇ। ਉਥੇ ਹੀ ਮਨਾਵਾਂਗੇ।" ਪਰ ਮੇਰੇ ਮਿੱਤਰ, ਜਿਨ੍ਹਾਂ ਨੇ ਨਵਾਂ ਸਾਲ ਲਾਸ ਬੇਗਸ ਵਿਚ ਮਨਾਇਆ ਸੀ ਕਹਿੰਦੇ "ਤੁਸੀਂ ਸਬੱਬ ਨਾਲ ਨਵੇਂ ਸਾਲ ਦੇ ਮੌਕੇ ਤੇ ਇਥੇ ਹੋ, ਏਸ ਲਈ ਨਵੇਂ ਸਾਲ ਮਨਾਉਣ ਲਈ ਤੁਹਾਨੂੰ ਲਾਸ ਬੇਗਸ ਜਾਣਾ ਚਾਹੀਦਾ ਹੈ। ਤੁਸੀਂ ਲਾਸ ਬੇਗਸ ਦੇ ਨਜ਼ਦੀਕ ਬੈਠੇ ਹੋ। 5/6 ਘੰਟੇ ਦਾ ਸਾਰਾ ਸਫਰ ਹੈ। ਲੋਕ ਤਾਂ ਦੁਨੀਆਂ ਦੇ ਹਰ ਕੋਨੇ ਵਿਚੋਂ ਲਾਸ ਬੇਗਸ ਨਵਾਂ ਸਾਲ ਮਨਾਉਣ ਲਈ ਆਉਂਦੇ ਹਨ।" ਉਹ ਲਾਸ ਬੇਗਸ ਦੇ ਜੂਆ ਘਰਾਂ, ਹੋਟਲਾਂ, ਹਰ ਕਿਸਮ ਦੀ ਮਿਲਦੀ ਸ਼ਰਾਬ, ਖਰੀਦਦਾਰੀ ਲਈ ਵੱਡੇ ਵੱਡੇ ਮਾਲ, ਨਵੇਂ ਸਾਲ ਦੀ ਆਮਦ ਤੇ ਹੁੰਦੀ ਆਤਸ਼ਬਾਜ਼ੀ ਅਤੇ ਬੜੀਆਂ ਹੋਰ ਖੂਬੀਆਂ ਦਾ ਜ਼ਿਕਰ ਕਰਦੇ। ਮੇਰੇ ਮਨ ਵਿਚ ਵੀ ਨਵਾਂ ਸਾਲ ਦੇ ਜਸ਼ਨ ਲਾਸ ਬੇਗਸ ਵਿਚ ਮਨਾਉਣ ਦੀ ਤਾਂਘ ਪੈਦਾ ਹੋਈ। ਪਰ ਬੱਚਿਆ ਦੇ ਅਗੇਤੇ ਰੁਝੇਵਿਆਂ ਕਰਕੇ ਅਸੀਂ ਲਾਸ ਬੇਗਸ ਨਵੇਂ ਸਾਲ ਦੇ ਮੌਕੇ ਤੇ ਨਾ ਜਾ ਸਕੇ। ਮੈਂ 7/8 ਮਹੀਨੇ ਅਮਰੀਕਾ ਰਹਿ ਕੇ ਵਾਪਸ ਪੰਜਾਬ ਚਲਿਆ ਗਿਆ।

ਹੁਣ ਮੈਂ ਦੂਜੀ ਵਾਰ ਦਸੰਬਰ 2007 ਦੇ ਦੂਸਰੇ ਹਫਤੇ ਅਮਰੀਕਾ ਆਇਆ ਹਾਂ। ਬੱਚਿਆਂ ਨੇ ਪਹਿਲਾਂ ਹੀ ਨਵਾਂ ਸਾਲ ਲਾਸ ਬੇਗਸ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਅਸੀਂ 28 ਦਸੰਬਰ ਨੂੰ ਦੁਪਹਿਰ ਤੋਂ ਬਾਅਦ ਲਾਸ ਬੇਗਸ ਨੂੰ ਚਲ ਪਏ। ਰਸਤੇ ਵਿਚ ਰੁੱਕਦੇ ਹੋਏ ਕੋਈ 9 ਵਜੇ ਦੇ ਕਰੀਬ ਅਸੀਂ ਲਾਸ ਬੇਗਸ ਪਹੁੰਚੇ। ਪਹਿਲਾਂ ਇਕ ਇੰਡੀਅਨ ਹੋਟਲ ਵਿਚ ਪੰਜਾਬੀ ਖਾਣਾ ਖਾਦਾ। ਫੇਰ ਹੋਟਲ ਹਿਲਟਨ ਵਿਚ ਪਹੁੰਚੇ, ਜਿਥੇ ਰਹਿਣ ਲਈ ਪਹਿਲਾਂ ਹੀ ਬੁਕਿੰਗ ਕਰਵਾਈ ਹੋਈ ਸੀ।

ਲਾਸ ਬੇਗਸ ਨੀਵਾਡਾ ਸੂਬੇ ਵਿਚ ਪੈਂਦਾ ਹੈ। ਨੀਵਾਡਾ ਸੂਬੇ ਦਾ ਸਾਰਾ ਇਲਾਕਾ ਹੀ ਰੇਤਲਾ, ਰੇਤੇ ਵਿਚ ਛੋਟੇ ਛੋਟੇ ਪੱਥਰ, ਰੇਤ ਤੇ ਪੱਥਰ ਦੀਆਂ ਛੋਟੀਆਂ ਛੋਟੀਆਂ ਪਹਾੜੀਆਂ, ਕਿਤੇ ਪੱਥਰੀਲੀਆਂ ਪਹਾੜੀਆਂ ਦਾ ਇਲਾਕਾ ਹੈ। ਇਥੇ ਕੋਈ ਵੀ ਫਸਲ ਪੈਦਾ ਨਹੀਂ ਹੁੰਦੀ। ਛੋਟੇ ਛੋਟੇ ਜੰਗਲੀ ਬੂਟੇ ਤੇ ਰੁੱਖ ਹੀ ਸਾਰੇ ਸੂਬੇ ਵਿਚ ਮਿਲਦੇ ਹਨ। ਕੋਈ ਵੀ ਫਸਲ ਨਾ ਹੋਣ

ਕਰਕੇ ਇਥੇ ਆਬਾਦੀ ਪਹਿਲਾਂ ਨਾਂਹ ਦੇ ਬਰਾਬਰ ਸੀ। ਅਮਰੀਕਾ ਕੋਲ ਪੈਸਾ ਹੈ। ਅੱਜ ਪੈਸੇ ਦੀ ਹੀ ਸਾਰੀ ਬਰਕਤ ਹੈ। ਪੈਸਾ ਤਾਂ ਕਮਲਿਆਂ ਨੂੰ ਵੀ ਸਿਆਣਾ ਬਣਾ ਦਿੰਦਾ ਹੈ। ਏਸੇ ਲਈ ਤਾ ਅਖਾਣ ਹੈ—

ਜੀਹਦੀ ਝੋਲੀ ਵਿਚ ਦਾਣੇ,
ਉਹਦੇ ਕਮਲੇ ਵੀ ਸਿਆਣੇ।

ਅਮਰੀਕਨ ਇਕ ਵਪਾਰੀ ਕੌਮ ਹੈ। ਇਨ੍ਹਾਂ ਨੇ ਨੀਵਾਡਾ ਸੂਬੇ ਨੂੰ ਆਬਾਦ ਕਰਨਾ ਸੀ। ਏਸ ਲਈ ਇਨ੍ਹਾਂ ਨੇ ਲਾਸ ਬੇਗਸ ਕੀ, ਸਾਰੇ ਨੀਵਾਡਾ ਸੂਬੇ ਵਿਚ ਸਾਲ 1931 ਵਿਚ ਜੂਆ ਘਰ ਬਣਾਉਣ ਤੇ ਜੂਆ ਖੇਡਣ ਦੀ ਪ੍ਰਵਾਨਗੀ ਦਿੱਤੀ। ਲਾਸ ਬੇਗਸ ਦੀ ਆਬਾਦੀ ਜਿਹੜੀ 1930 ਵਿਚ ਸਿਰਫ 5000 ਦੇ ਕਰੀਬ ਸੀ, ਜੂਆ ਖੇਡਣ, ਰੰਡੀਬਾਜ਼ੀ ਕਰਨ ਦੀ ਪ੍ਰਵਾਨਗੀ ਮਿਲਣ ਤੇ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰਦੀ ਹੋਈ ਅੱਜ 6 ਲੱਖ ਦੇ ਕਰੀਬ ਪਹੁੰਚ ਗਈ ਹੈ। ਵਸੋਂ ਵਿਚ 1980 ਤੋਂ ਬਾਅਦ ਲਾਸ ਬੇਗਸ ਅਮਰੀਕਾ ਦਾ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ ਹੈ। 20ਵੀਂ ਸਦੀ ਦੇ ਵਸੇ ਸ਼ਹਿਰਾਂ ਵਿਚੋਂ ਇਸ ਸ਼ਹਿਰ ਦਾ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਹੋਇਆ ਹੈ। ਅੱਜ ਲਾਸ ਬੇਗਸ ਅਮਰੀਕਾ ਦਾ ਵਸੋਂ ਪੱਖੋਂ 28 ਵਾਂ ਸ਼ਹਿਰ ਹੈ। ਪਛਮੀ ਅਮਰੀਕਾ ਵਿਚ ਲਾਸ ਬੇਗਸ ਸਭ ਤੋਂ ਵੱਡਾ ਸ਼ਹਿਰ ਹੈ। ਲਾਸ ਬੇਗਸ ਦੀ ਤੇਜੀ ਨਾਲ ਵਸੋਂ ਦੇ ਵਾਧੇ ਦੇ ਕਾਰਨ ਇਥੋਂ ਦੇ ਦੁਨੀਆਂ ਦੇ ਸਭ ਤੋਂ ਵੱਡੇ ਜੂਆ ਘਰ, ਹਰ ਕਿਸਮ ਦੀ ਮਿਲਦੀ ਸ਼ਰਾਬ, ਰੰਡੀਬਾਜ਼ੀ ਦੇ ਅੱਡੇ, ਵੱਡੇ ਵੱਡੇ ਹੋਟਲ, ਖਰੀਦਦਾਰੀ ਲਈ ਵੱਡੇ ਵੱਡੇ ਮਾਲ, ਫਿਲਮਾਂ ਤੇ ਟੀ. ਵੀ. ਸੀਰੀਅਲਾਂ ਬਣਾਉਣ ਲਈ ਢੁੱਕਵੀਆਂ ਥਾਵਾਂ ਕਰਕੇ ਹੈ। ਦੁਨੀਆਂ ਦੇ ਹਰ ਹਿੱਸੇ ਵਿਚੋਂ ਯਾਤਰੀ ਇਥੇ ਆਉਂਦੇ ਹਨ। ਲਾਸ ਬੇਗਸ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਮਸਤੀ ਦੀ ਰਾਜਧਾਨੀ ਕਿਹਾ ਜਾਂਦਾ ਹੈ। ਇਥੇ ਰੰਡੀਆਂ ਦੇ ਦਲਾਲ ਸ਼ਹਿਰ ਦੀਆਂ ਨਿਰਧਾਰਤ ਸੜਕਾਂ ਤੇ ਖੜੇ ਗਾਹਕਾਂ ਦੀ ਭਾਲ ਕਰਦੇ ਆਮ ਵੇਖੇ ਜਾਂਦੇ ਹਨ।

ਅਗਲੇ ਦਿਨ ਸਾਡੀਆਂ ਸਵੇਰੇ 7.30 ਵਜੇ ਦੀਆਂ ਹਵਾਈ ਜਹਾਜ਼ ਦੀਆਂ ਟਿਕਟਾਂ ਗਰੈਂਡ ਕੈਨੀਅਨ ਦਾ ਹਵਾਈ ਨਜ਼ਾਰਾ ਵੇਖਣ ਲਈ ਬੁੱਕ ਸਨ। ਗਰੈਂਡ ਕੈਨੀਅਨ ਨੂੰ ਤੁਸੀਂ ਧਰਤੀ ਤੇ ਬਣਿਆ ਬੜਾ ਡੂੰਘਾ ਖੂਹ ਖਾਤਾ ਕਹਿ ਸਕਦੇ ਹੋ। ਸੰਸਾਰ ਦੇ ਹੋਰ ਕਿਸੇ ਵੀ ਹਿੱਸੇ ਵਿਚ ਅਜੇਹੀਆਂ ਰੰਗਦਾਰ ਚਟਾਨਾਂ ਦੀਆਂ ਤੈਹਾਂ ਨਹੀਂ ਮਿਲਦੀਆਂ। ਇਸ ਨੂੰ ਧਰਤੀ ਦਾ ਸਭ ਤੋਂ ਅਧਭੁਤ ਭਗੂਲਿਕ ਨਮੂਨਾ (Geological Showcase) ਕਿਹਾ ਜਾਂਦਾ ਹੈ। ਗਰੈਂਡ ਕੈਨੀਅਨ ਬਾਰੇ ਮੈਂ ਵਿਸਥਾਰ ਨਾਲ ਵੱਖਰਾ ਆਰਟੀਕਲ ਲਿਖਿਆ ਹੈ।

ਗਰੈਂਡ ਕੈਨੀਅਨ ਵਿਖਾਉਣ ਲਈ ਸਾਨੂੰ ਹਵਾਈ ਜਹਾਜ਼ ਵਾਲਿਆਂ ਦੀ ਟੈਕਸੀ ਨੇ ਸਵੇਰੇ 6 ਵਜੇ ਹੋਟਲ ਵਿਚੋਂ ਚੱਕਣਾ ਸੀ। ਏਸੇ ਲਈ ਅਸੀਂ ਸਵੇਰੇ ਪੰਜ ਵਜੇ ਉੱਠ ਕੇ ਛੇਤੀ ਛੇਤੀ ਤਿਆਰ ਹੋ ਕੇ 6 ਵਜੇ ਤੋਂ ਪਹਿਲਾਂ ਹੋਟਲ ਦੇ ਗੇਟ ਕੋਲ ਪਹੁੰਚ ਗਏ। ਥੋੜੀ ਦੇਰ ਦੀ ਉਡੀਕ ਪਿਛੋਂ ਹੀ ਹਵਾਈ ਜਹਾਜ਼ ਵਾਲਿਆਂ ਦੀ ਟੈਕਸੀ ਆਈ। ਅਸੀਂ ਪਰਿਵਾਰ ਦੇ 6 ਮੈਂਬਰ ਤੇ ਇਕ ਹੋਰ ਜੋੜਾ, ਜਿਹੜਾ ਯੂਰਪ ਦੇ ਕਿਸੇ ਦੇਸ਼ ਦਾ ਲੱਗਦਾ ਸੀ, ਟੈਕਸੀ ਵਿਚ ਸਵਾਰ ਹੋ ਕੇ ਹਵਾਈ ਅੱਡੇ ਪਹੁੰਚੇ। ਲਾਸ ਬੇਗਸ ਦਾ ਇਹ ਹਵਾਈ ਅੱਡਾ ਅੰਤਰ-ਰਾਸ਼ਟਰੀ ਹਵਾਈ ਅੱਡਾ ਹੈ। ਪਹਿਲਾਂ ਸਾਨੂੰ ਬੋਰਡਿੰਗ ਪਾਸ ਦਿੱਤੇ ਗਏ। ਫੇਰ

ਸਾਰੀਆਂ ਸਵਾਰੀਆਂ ਦਾ ਵਜ਼ਨ ਕੀਤਾ ਗਿਆ। 7.30 ਵਜੇ ਅਸੀਂ ਜਹਾਜ਼ ਵਿਚ ਸਵਾਰ ਹੋ ਗਏ। ਇਹ 16 ਸੀਟਾਂ ਵਾਲਾ ਜਹਾਜ਼ ਸੀ, ਜਿਸ ਵਿਚ ਅਸੀਂ 13 ਸਵਾਰੀਆਂ ਸਵਾਰ ਸਾਂ। ਜਹਾਜ਼ ਨੂੰ ਇਕ ਪੁਰਸ਼ ਤੇ ਇਕ ਲੇਡੀ ਪਾਈਲਾਟ ਚਲਾ ਰਹੇ ਸਨ।

ਪਹਿਲਾਂ ਸਾਨੂੰ ਹੂਵਰ ਡੈਮ ਦਾ ਹਵਾਈ ਨਜ਼ਾਰਾ ਵਿਖਾਇਆ ਗਿਆ। ਹੂਵਰ ਡੈਮ ਲਾਸ ਬੇਗਸ ਦੇ ਨਜ਼ਦੀਕ ਹੀ ਕੋਲੋਰਾਡੋ ਦਰਿਆ ਉਪਰ ਬਣਿਆ ਹੋਇਆ ਹੈ। ਨੀਵਾਡਾ ਸੂਬੇ ਨੂੰ ਸਾਰੀ ਬਿਜ਼ਲੀ ਇਸ ਡੈਮ ਤੋਂ ਹੀ ਮਿਲਦੀ ਹੈ। ਲਾਸ ਬੇਗਸ ਨੂੰ ਆਉਂਦੇ ਸਮੇਂ ਅਸੀਂ ਹੂਵਰ ਡੈਮ ਵਾਲੇ ਰਸਤੇ ਰਾਹੀਂ ਹੀ ਲੰਘ ਕੇ ਆਏ ਸੀ। ਜਿਥੇ ਹੂਵਰ ਡੈਮ ਵਿਚੋਂ ਬਿਜਲੀ ਪੈਦਾ ਹੁੰਦੀ ਹੈ, ਉਥੋਂ ਦੀ ਬਹੁਤ ਹੀ ਭੂਲ ਭਲਾਈਆਂ ਵਾਲੀ ਬਣੀ ਸੜਕ ਉਪਰੋਂ ਲੰਘਣਾ ਪੈਂਦਾ ਹੈ। ਫੇਰ ਗਰੈਡ ਕੈਨੀਅਨ ਦਾ ਹਵਾਈ ਨਜ਼ਾਰਾ ਵੇਖਿਆ। ਗਰੈਂਡ ਕੈਨੀਅਨ ਦੇ ਹਵਾਈ ਜਹਾਜ਼ ਰਾਹੀਂ ਵੇਖੇ ਦ੍ਰਿਸ਼ ਨੂੰ ਸ਼ਬਦਾਂ ਵਿਚ ਵਰਨਣ ਕਰਨਾ ਮੁਸ਼ਕਲ ਹੈ। ਇਹ ਵੇਖਿਆ ਹੀ ਪਤਾ ਲੱਗ ਸਕਦਾ ਹੈ। ਇਹ ਵਾਕਿਆ ਹੀ ਇਕ ਵੇਖਣ ਵਾਲੀ ਥਾਂ ਹੈ। ਇਹ 95 ਮਿੰਟ ਦੀ ਉਡਾਨ ਸੀ। ਉਡਾਨ ਤੋਂ ਪਿਛੋਂ ਹਵਾਈ ਜਹਾਜ਼ ਵਾਲਿਆਂ ਦੀ ਟੈਕਸੀ ਸਾਨੂੰ ਵਾਪਸ ਹੋਟਲ ਛੱਡ ਗਈ।

ਦੁਪਹਿਰ ਦਾ ਖਾਣਾ ਹੋਟਲ ਵਿਚ ਖਾਦਾ। ਥੋੜੀ ਦੇਰ ਆਰਾਮ ਕਰ ਕੇ ਅਸੀਂ ਬਾਜ਼ਾਰ ਘੁੰਮਣ ਨਿੱਕਲ ਗਏ। ਬਾਜ਼ਾਰ ਘੁੰਮਦੇ ਰਹੇ। ਦੁਨੀਆਂ ਦੇ ਹਰ ਹਿੱਸੇ ਵਿਚੋਂ ਟੂਰਿਸ਼ਟ ਲਾਸ ਬੇਗਸ ਘੁੰਮਣ ਤੇ ਨਵਾਂ ਸਾਲ ਮਨਾਉਣ ਲਈ ਆਏ ਹੋਏ ਸਨ। ਰਾਤ ਦੇ 9.30 ਵਜੇ ਦੇ ਨਾਟਕ Phantom of the opera ਦੀਆਂ ਟਿਕਟਾਂ ਸਾਡੀਆਂ ਲਈਆਂ ਹੋਈਆਂ ਸਨ। ਇਹ ਨਾਟਕ (Venetion) ਵੀਨੀਸ਼ੀਅਨ ਹੋਟਲ ਦੇ ਨਾਟਕ ਹਾਲ ਵਿਚ ਹੋਣਾ ਸੀ। ਰਾਤ ਦਾ ਖਾਣਾ ਅਸੀਂ ਇਕ ਇੰਡੀਅਨ ਹੋਟਲ ਵਿਚ ਖਾਦਾ। ਇਥੇ ਕਈ ਇੰਡੀਅਨ ਹੋਟਲ ਹਨ। ਖਾਣਾ ਖਾ ਕੇ ਅਸੀਂ ਨਾਟਕ ਵੇਖਣ ਲਈ ਹੋਟਲ ਦੇ ਨਾਟਕ ਹਾਲ ਵਿਚ ਪਹੁੰਚ ਗਏ। ਨਾਟਕ ਹਾਲ ਦੀਆਂ ਇਕ ਹਜ਼ਾਰ ਦੇ ਕਰੀਬ ਸੀਟਾਂ ਸਨ, ਜਿਹੜੀਆਂ ਸਾਰੀਆਂ ਦੀਆਂ ਸਾਰੀਆਂ ਭਰੀਆਂ ਹੋਈਆਂ ਸਨ। ਨਾਟਕ ਦੋ ਘੰਟੇ ਚੱਲਿਆ। ਨਾਟਕ ਵੇਖਣ ਤੋਂ ਬਾਅਦ ਜਦ 11.30 ਵਜੇ ਬਾਹਰ ਬਾਜ਼ਾਰ ਵਿਚ ਨਿਕਲੇ ਤਾਂ ਸ਼ਾਮ ਦੀ ਤਰ੍ਹਾਂ ਹੀ ਬਾਜ਼ਾਰ ਪੂਰੇ ਦਾ ਪੂਰਾ ਭਰਿਆ ਹੋਇਆ ਸੀ। ਬਾਜ਼ਾਰ ਵਿਚੋਂ ਦੀ ਇਕ ਗੇੜਾ ਦੇ ਕੇ ਹੋਟਲ ਆ ਕੇ ਸੌਂ ਗਏ।

ਮੇਰੀ ਪਿਛਲੇ ਕੋਈ 20 ਕੁ ਸਾਲਾਂ ਤੋਂ ਸਵੇਰੇ ਉੱਠ ਕੇ ਸੈਰ ਕਰਨ ਦੀ ਆਦਿਤ ਹੈ। 30 ਦਸੰਬਰ ਨੂੰ ਸਵੇਰੇ ਉੱਠ ਕੇ ਬਾਹਰ ਸੈਰ ਕਰਨ ਜਾਣਾ ਤਾਂ ਮੈਂ ਮੁਨਾਸਬ ਨਾ ਸਮਝਿਆ, ਪਰ ਕਮਰੇ ਦੇ ਅੰਦਰ ਹੀ ਵਰਜ਼ਿਸ ਕਰ ਲਈ। ਤਿਆਰ ਹੋ ਕੇ ਕੋਈ 11.30 ਵਜੇ ਦੇ ਕਰੀਬ ਹੋਟਲ ਵਿਚੋਂ ਬਾਹਰ ਨਿਕਲੇ। ਪਹਿਲਾਂ ਇਕ ਗੇੜਾ ਲਾਸ ਬੇਗਸ ਸਟਰਿਪ ਦੇ ਇਕ ਹਿੱਸੇ ਤੇ ਲਾਇਆ। ਲਾਸ ਬੇਗਸ ਸਟਰਿਪ ਇਥੋਂ ਦੀ ਇਕ ਮਸ਼ਹੂਰ ਸੜਕ ਦਾ ਨਾਂ ਹੈ। ਇਹ ਸੜਕ ਸ਼ਹਿਰ ਦੇ ਉੱਤਰ ਵਾਲੇ ਪਾਸੇ ਹੈ। ਏਸ ਸੜਕ ਦੀ ਲੰਬਾਈ 7 ਕਿਲੋਮੀਟਰ ਦੇ ਕਰੀਬ ਹੈ। ਲਾਸ ਬੇਗਸ ਦੇ ਬਹੁਤੇ ਪੰਜ ਤਾਰਾ ਮਸ਼ਹੂਰ ਹੋਟਲ ਤੇ ਜੂਆ ਘਰ ਏਸ ਸੜਕ ਉਪਰ ਹਨ। ਏਸ ਸੜਕ ਉਪਰ ਹੀ ਵਰਲਡ ਮਾਰਕਿਟ ਸੈਂਟਰ ਹੈ, ਜਿਹੜਾ ਦੁਨੀਆਂ ਦਾ ਫਰਨੀਚਰ ਦਾ ਹੋਲਸੇਲ ਦਾ ਸਭ ਤੋਂ ਵੱਡਾ ਸੋ ਰੂਮ ਤੇ ਵਿਕਰੀ ਕੇਂਦਰ ਹੈ। ਸੈਲਾਣੀਆਂ ਦਾ ਸਭ ਤੋਂ ਜ਼ਿਆਦਾ ਆਕਰਸ਼ਨ ਇਹ ਸੜਕ ਹੀ ਹੈ। ਲਾਸ ਬੇਗਸ ਸਟਰਿਪ ਬਣਨ ਤੋਂ ਪਹਿਲਾਂ ਹੋਟਲ

ਤੇ ਜੂਆ ਘਰਾਂ ਦਾ ਕੇਂਦਰ ਸ਼ਹਿਰ ਦਾ ਡਾਊਨ ਟਾਊਨ ਦਾ ਏਰੀਆ ਹੁੰਦਾ ਸੀ। ਡਾਊਨ ਟਾਊਨ ਸ਼ਹਿਰ ਦੇ ਉਸ ਪਹਿਲੇ ਹਿੱਸੇ ਨੂੰ ਕਿਹਾ ਜਾਂਦਾ ਹੈ, ਜਿਥੇ ਸ਼ਹਿਰ ਦਾ ਮੁੱਖ ਵਪਾਰਕ ਕੇਂਦਰ, ਪ੍ਰਸ਼ਾਸ਼ਨਿਕ ਦਫਤਰ ਤੇ ਸ਼ਹਿਰ ਦੀਆਂ ਉੱਚੀਆਂ ਬਿਲਡਿੰਗਾਂ ਹੋਣ।

3 ਕੁ ਵਜੇ ਦੁਪਹਿਰ ਦਾ ਖਾਣਾ ਬਤੌਰ ਬਫੇ (Buffet) ਇਕ ਹੋਟਲ ਤੇ ਖਾਦਾ। ਬਫੇ ਖਾਣੇ ਲਈ ਹਰ ਬੰਦੇ ਨੂੰ ਇਕ ਨਿਰਧਾਰਤ ਪੇਮੈਂਟ ਕਰਨੀ ਪੈਂਦੀ ਹੈ। ਕਈ ਬਫਿਆ ਵਿਚ ਸ਼ਰਾਬ ਵੀ ਸ਼ਾਮਲ ਹੁੰਦੀ ਹੈ, ਕਈਆਂ ਵਿਚ ਨਹੀਂ। ਤੁਸੀਂ ਬਫੇ ਵਿਚ ਆਪਣੀ ਪਸੰਦ ਦੀ ਸ਼ਰਾਬ ਪੀ ਸਕਦੇ ਹੋ। ਮਨ ਮਰਜ਼ੀ ਦਾ ਖਾਣਾ ਖਾ ਸਕਦੇ ਹੋ। ਵੱਖ ਵੱਖ ਕਿਸਮ ਦੇ ਖਾਣਿਆਂ ਦੀਆਂ ਲੰਮੀਆਂ ਲੰਮੀਆਂ ਕਿਤਾਰਾਂ ਲੱਗੀਆਂ ਹੁੰਦੀਆਂ ਹਨ। ਬਹੁਤੇ ਟੂਰਿਸ਼ਟ ਆਮ ਤੌਰ ਤੇ ਬਫੇ ਹੀ ਖਾਂਦੇ ਹਨ। ਬਫੇ (ਰੋਟੀ) ਖਾਣ ਤੋਂ ਬਾਅਦ ਅਸੀਂ ਮੈਡਮ ਤੁਸਾਂਡ ਦਾ ਮੋਮ ਦਾ ਬਣਾਇਆ ਅਜਾਇਬ ਘਰ ਵੇਖਿਆ। ਅਜਾਇਬ ਘਰ ਵਿਚ ਅਮਰੀਕਾ ਦੇ ਮਸ਼ਹੂਰ ਰਾਜਸੀ ਨੇਤਾਵਾਂ, ਹਾਲੀਵੁੱਡ ਦੇ ਮਸ਼ਹੂਰ ਐਕਟਰ ਤੇ ਐਕਟਰਸਾਂ, ਖੇਲ ਜਗਤ ਦੇ ਮਸ਼ਹੂਰ ਖਿਡਾਰੀਆਂ ਦੇ ਮੋਮ ਦੇ ਬੁੱਤ ਲੱਗੇ ਹੋਏ ਹਨ। ਮੈਡਮ ਤੁਸਾਂਡ ਨੇ ਇਕ ਅਜੇਹਾ ਹੀ ਮੋਮ ਦਾ ਅਜਾਇਬ ਘਰ ਲੰਡਨ ਵਿਚ ਵੀ ਬਣਾਇਆ ਹੋਇਆ ਹੈ, ਜਿਸ ਵਿਚ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਅਮੀਤਾਬ ਬਚਨ, ਸ਼ਾਹਰੁਖ ਖਾਨ ਤੇ ਐਸ਼ਵਰੀਆ ਰਾਏ ਦੇ ਮੋਮ ਦੇ ਬੁੱਤ ਬਣਾਏ ਹੋਏ ਹਨ। ਇਹ ਬੁੱਤ ਬਿਲਕੁਲ ਅਸਲ ਦੀ ਤਰ੍ਹਾਂ ਲੱਗਦੇ ਸਨ।

ਟੂਰਿਸ਼ਟਸ ਲਈ ਇਥੇ ਬੇਅੰਤ ਸਹੂਲਤਾਂ ਬਣਾਈਆਂ ਹੋਈਆਂ ਹਨ। ਸੜਕਾਂ ਦੇ ਨਾਲ ਦੋਵੇਂ ਪਾਸੇ ਪੈਦਲ ਚੱਲਣ ਲਈ ਵੱਡੇ ਵੱਡੇ ਫੁੱਟਪਾਥ ਬਣਾਏ ਹੋਏ ਹਨ। ਸੜਕਾਂ ਨੂੰ ਪਾਰ ਕਰਨ ਲਈ ਥਾਂ ਥਾਂ ਓਵਰ ਬ੍ਰਿੱਜ਼ ਬਣੇ ਹੋਏ ਹਨ। ਓਵਰ ਬ੍ਰਿੱਜ਼ਾਂ ਤੇ ਚੜ੍ਹਨ ਤੇ ਉੱਤਰਨ ਲਈ ਐਸਕੇਲੇਟਰ ਲੱਗੇ ਹੋਏ ਹਨ। ਸੜਕਾਂ ਤੇ ਫਿਰਦੇ ਟੂਰਿਸ਼ਟਸ ਨੂੰ ਵੇਖ ਕੇ ਏਸੇ ਤਰ੍ਹਾਂ ਲੱਗਦਾ ਹੈ, ਜਿਵੇਂ ਸਾਰੀ ਦੁਨੀਆਂ ਦੇ ਸੈਲਾਨੀ ਲਾਸ ਬੇਗਸ ਵਿਚ ਹੀ ਕੱਠੇ ਹੋ ਗਏ ਹੋਣ। ਟੂਰਿਸਟਸ ਦਾ ਹੜ੍ਹ ਆਇਆ ਹੋਇਆ ਸੀ। ਅਮਰੀਕਾ ਵਿਚ ਲਾਸ ਬੇਗਸ ਤੇ ਨਿਊਯਾਰਕ ਤੋਂ ਬਿਨਾਂ ਸ਼ਾਇਦ ਹੀ ਤੁਹਾਨੂੰ ਐਨੇ ਲੋਕ ਸੜਕਾਂ ਤੇ ਤੁਰਦੇ ਮਿਲਣ।

ਅਸਲ ਵਿਚ ਪੂਰਬ ਤੇ ਪੱਛਮ ਦੇ ਸਭਿਆਚਾਰ ਵਿਚ ਇਕ ਵਸ਼ੇਸ਼ ਅੰਤਰ ਹੈ। ਪੂਰਬ ਵਾਲੇ ਮੌਜੂਦਾ ਸਮੇਂ ਦੇ ਨਾਲ ਨਾਲ ਆਉਣ ਵਾਲੇ ਸਮੇਂ ਲਈ, ਭਵਿੱਖ ਲਈ ਜ਼ਿਆਦਾ ਸੋਚਦੇ ਹਨ। ਜ਼ਿਆਦਾ ਫ਼ਿਕਰਮੰਦ ਰਹਿੰਦੇ ਹਨ। ਏਸ ਲਈ ਆਉਣ ਵਾਲੇ ਸਮੇਂ ਲਈ ਬੱਚਤ ਕਰਦੇ ਰਹਿੰਦੇ ਹਨ। ਜਦ ਕਿ ਪੱਛਮ ਵਾਲੇ ਜ਼ਿਆਦਾ ਮੌਜੂਦਾ ਸਮੇਂ ਨੂੰ ਤਰਜੀਹ ਦਿੰਦੇ ਹਨ। ਮੌਜੂਦਾ ਸਮੇਂ ਵਿਚ ਅਨੰਦ ਲੈਣ, ਮੌਜ ਕਰਨ, ਐਸ਼ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਜੋ ਕਮਾਉਂਦੇ ਹਨ, ਉਸ ਨੂੰ ਖਰਚਣ ਦੇ ਆਦੀ ਹਨ—

ਖਾ ਗਏ ਰੰਗ ਲਾ ਗਏ,
ਜੋੜ ਗਏ ਸੋ ਰੋੜ੍ਹ ਗਏ।

ਪੱਛਮ ਵਾਲੇ ਤਾਂ ਜ਼ਿਆਦਾ ਸਾਡੇ ਏਸ ਅਖਾਣ ਦੇ ਧਾਰਨੀ ਹਨ। ਉਹ ਪੈਸਾ ਜੋੜਣ ਵਿਚ ਵਿਸ਼ਵਾਸ ਨਹੀਂ ਰੱਖਦੇ।

ਹੁਣ ਮੈਂ ਤੁਹਾਨੂੰ ਵੇਖੇ ਕੁਝ ਮਸ਼ਹੂਰ ਹੋਟਲਾਂ ਤੇ ਕਸੀਨੋਆਂ ਬਾਰੇ ਦੱਸਦਾ ਹਾਂ। ਹੋਟਲ ਪੈਰਿਸ ਨੂੰ ਵੇਖ ਕੇ ਤੁਹਾਨੂੰ ਏਸ ਤਰ੍ਹਾਂ ਲੱਗੇ ਗਾ, ਜਿਵੇਂ ਤੁਸੀਂ ਪੈਰਿਸ ਸ਼ਹਿਰ ਵਿਚ ਫਿਰ ਰਹੇ

ਹੋਵੋ। ਪੈਰਿਸ ਹੋਟਲ ਵਿਚ ਆਈਫਲ ਟਾਵਰ, ਹੂ-ਬ-ਹੂ ਆਈਫਲ ਟਾਵਰ ਦੀ ਤਰ੍ਹਾਂ ਬਣਾਇਆ ਹੋਇਆ ਹੈ। ਪਰ ਉਚਾਈ ਘੱਟ ਹੈ। ਅਸੀਂ ਆਈਫਲ ਟਾਵਰ ਤੇ ਲਿਫਟ ਰਾਹੀਂ ਚੜ੍ਹ ਕੇ ਲਾਸ ਬੇਗਸ ਦਾ ਸਾਰਾ ਆਲਾ ਦੁਆਲਾ ਵੇਖਿਆ। ਹੋਟਲ ਦੀ ਛੱਤ ਏਸ ਤਰ੍ਹਾਂ ਬਣੀ ਹੋਈ ਹੈ, ਜਿਵੇਂ ਨੀਵੇ ਆਸਮਾਨ ਵਿਚ ਬੱਦਲ ਬਾਈ ਹੋਈ ਹੁੰਦੀ ਹੈ।

ਨਿਊਯਾਰਕ ਨਿਊਯਾਰਕ ਹੋਟਲ ਨੂੰ ਵੇਖ ਕੇ ਤੁਹਾਨੂੰ ਏਸ ਤਰ੍ਹਾਂ ਮਹਿਸੂਸ ਹੋਵੇਗਾ, ਜਿਵੇਂ ਤੁਸੀਂ ਨਿਊਯਾਰਕ ਸ਼ਹਿਰ ਵਿਚ ਘੁੰਮ ਰਹੇ ਹੋ। ਹੋਟਲ ਦੀ ਦੱਖ ਬਾਹਰੋਂ ਏਸ ਤਰ੍ਹਾਂ ਲੱਗਦੀ ਹੈ ਜਿਵੇਂ ਤੁਸੀਂ ਨਿਊਯਾਰਕ ਦੇ ਡਾਊਨ ਟਾਊਨ ਦੀ ਸੈਰ ਕਰ ਰਹੇ ਹੋਵੋ। ਹੋਟਲ ਦੇ ਕੁਝ ਹਿੱਸੇ ਦੀ ਬਿਲਡਿੰਗ ਦੀ ਛੇਪ ਇੰਮਪਾਇਰ ਸਟੇਟ ਬਿਲਡਿੰਗ ਵਰਗੀ ਹੈ। ਹੋਟਲ ਦੇ ਬਾਹਰ ਸਟੈਚੂ ਆਫ ਲਿਬਰਟੀ ਵੀ ਬਣਾਇਆ ਹੋਇਆ ਹੈ, ਪਰ ਇਹ ਉਚਾਈ ਵਿਚ ਛੋਟਾ ਹੈ।

ਹੋਟਲ ਵੀਨੀਸੀਅਨ ਇਥੋਂ ਦਾ ਇਕ ਹੋਰ ਹਰਮਨ ਪਿਆਰਾ ਹੋਟਲ ਹੈ। ਏਸ ਹੋਟਲ ਦੀਆਂ ਛੱਤਾਂ ਨੂੰ ਵੇਖ ਕੇ ਏਸ ਤਰ੍ਹਾਂ ਲੱਗਦਾ ਹੈ ਜਿਵੇਂ ਤੁਸੀਂ ਬੱਦਲਾਂ ਵਾਲੇ ਨੀਲੇ ਅਸਮਾਨ ਥੱਲੇ ਫਿਰ ਰਹੇ ਹੋਵੋ। ਹੋਟਲ ਵਿਚ ਇਕ ਨਕਲੀ ਨਹਿਰ ਵੀ ਬਣਾਈ ਹੋਈ ਹੈ ਜਿਸ ਵਿਚ ਕਿਸ਼ਤੀਆਂ ਰਾਹੀਂ ਸੈਲਾਣੀਆਂ ਨੂੰ ਸੈਰ ਕਰਵਾਈ ਜਾਂਦੀ ਹੈ। ਕੁਝ ਨਿਰਧਾਰਤ ਸਮੇਂ ਪਿਛੋਂ ਬੱਦਲਾਂ ਵਾਲੀ ਛੱਤ ਵਿਚ ਬੱਦਲ ਗੱਜਦੇ ਤੇ ਬਿਜ਼ਲੀ ਚਮਕਦੀ ਵਿਖਾਈ ਜਾਂਦੀ ਹੈ। ਨਕਲੀ ਨਹਿਰ ਵਿਚ ਅਸਲੀ ਮੀਂਹ ਪੈਂਦਾ ਵਿਖਾਇਆ ਜਾਂਦਾ ਹੈ। ਮੈਂ ਤਾਂ ਏਸ ਦ੍ਰਿਸ਼ ਨੂੰ ਵੇਖ ਕੇ ਬਹੁਤ ਹੀ ਅਚੰਭਿਤ ਹੋਇਆ ਸੀ।

ਹੋਟਲ ਬਿਲਾਜਿਉ ਇਕ ਹੋਰ ਪੰਜ ਤਾਰਾ ਹੋਟਲ ਹੈ। ਏਸ ਦੀ ਵਿਸ਼ੇਸ਼ਤਾ ਏਸ ਦੇ ਅੱਗੇ ਬਣੇ ਵਿਸ਼ਾਲ ਪਾਣੀ ਦੇ ਟੈਂਕ ਕਰਕੇ ਹੈ। ਟੈਂਕ ਵਿਚ ਫੁਵਾਰੇ ਲੱਗੇ ਹੋਏ ਹਨ। ਇਹ ਫੁਵਾਰੇ ਹਰ 15 ਮਿੰਟ ਦੇ ਵਕਫੇ ਬਾਅਦ ਚਲਦੇ ਰਹਿੰਦੇ ਹਨ। ਇਨ੍ਹਾਂ ਫੁਵਾਰਿਆਂ ਦਾ ਪਾਣੀ ਇਕ ਤਰਤੀਬ ਅਨੁਸਾਰ ਥੋੜ੍ਹੀ ਥੋੜੀ ਉਚਾਈ ਤੋਂ ਬਾਅਦ ਹੋਰ ਉਪਰ ਉਪਰ ਉੱਠਦਾ ਰਹਿੰਦਾ ਹੈ। ਰਾਤ ਨੂੰ ਇਨ੍ਹਾਂ ਰੰਗੇ ਬਰੰਗੇ ਚਲਦੇ ਫੁਵਾਰਿਆਂ ਦਾ ਨਜ਼ਾਰਾ ਵੇਖਣ ਯੋਗ ਹੁੰਦਾ ਹੈ।

ਸੀਜ਼ਰਜ ਪੈਲੇਸ ਇਕ ਹੋਰ ਪਿਆਰਾ ਹੋਟਲ ਹੈ। ਇਸ ਦੀ ਬਣਤਰ ਰੋਮਨ ਇਮਾਰਤਸਾਜ਼ੀ ਅਨੁਸਾਰ ਹੈ। ਹੋਟਲ ਲੱਕਸਰ ਵੀ ਵਧੀਆ ਹੋਟਲ ਹੈ। ਏਸ ਹੋਟਲ ਦੀ ਬਣਤਰ ਮਿਸਰ ਵਿਚ ਬਣੇ ਪੀਰਾਮਿਡ ਦੀ ਤਰ੍ਹਾਂ ਹੈ। ਮੀਰਜ਼ ਹੋਟਲ ਇਕ ਹੋਰ ਵੱਡਾ ਹੋਟਲ ਹੈ। ਲਾਸ ਬੇਗਸ ਵਿਚ ਪੰਜ ਤਾਰਾ ਹੋਟਲਾਂ ਦੀ ਗਿਣਤੀ 70 ਦੇ ਕਰੀਬ ਹੈ। ਜੇਕਰ ਹਰ ਹੋਟਲ ਬਾਰੇ ਲਿਖਣਾ ਸ਼ੁਰੂ ਕਰਾਂ ਤਾਂ ਪੂਰੀ ਇਕ ਕਿਤਾਬ ਬਣ ਸਕਦੀ ਹੈ। ਏਥੇ ਮੈਨੂੰ ਮੇਰੇ ਪਿੰਡ ਦੇ ਸੁੱਚੇ ਅਮਲੀ ਦੀ ਬੋਲੀ ਯਾਦ ਆਉਂਦੀ ਹੈ। ਜਦ ਉਸ ਨੂੰ ਅਮਲ ਦਾ ਲੋਰ ਚੜ੍ਹਿਆ ਹੁੰਦਾ ਸੀ ਤਾਂ ਉਹ ਬੋਲੀ ਪਾਉਂਦਾ ਹੁੰਦਾ ਸੀ—

ਰਾਤਾਂ ਛੋਟੀਆਂ ਤੇ ਯਾਰ ਵਥੇਰੇ,
ਕੀਹਦਾ ਕੀਹਦਾ ਮਾਨ ਰੱਖ ਲਾਂ।

ਏਸ ਲਈ ਹੋਟਲਾਂ ਬਾਰੇ ਇਨ੍ਹਾਂ ਲਿਖਿਆ ਹੀ ਪ੍ਰਵਾਨ ਕਰੋ। ਹੋਰ ਲਿਖਣਾ ਸੰਭਵ ਨਹੀਂ। ਰਾਤ ਨੂੰ ਅਸੀਂ ਨਾਥਨ ਬਰਟਨ, ਜੋ ਅਮਰੀਕਾ ਦਾ ਮਸ਼ਹੂਰ ਜਾਦੂਗਰ ਹੈ, ਉਸਦਾ ਸੋ

ਵੇਖਿਆ। ਇਸ ਸੋ ਵਿਚ ਰੂਸੀ ਤੇ ਅਰਜਨਟਾਈਨਾਂ ਦੇ ਆਰਟਿਸਟਾਂ ਨੇ ਵੀ ਆਪਣੇ ਕਮਾਲ ਵਿਖਾਏ। ਨਾਥਨ ਬਰਟਨ ਦਾ 7 ਦਿਨ ਬਗੈਰ ਕੁਝ ਖਾਦੇ ਪੀਤੇ ਪਿੰਜਰੇ ਵਿਚ ਰਹਿਣ ਦਾ ਰੀਕਾਰਡ ਵੀ ਬਣਾਇਆ ਹੋਇਆ ਹੈ। ਸੋ ਵੇਖਣ ਤੋਂ ਬਾਅਦ ਰਾਤ ਦੀ ਰੋਟੀ ਇਕ ਪੰਜਾਬੀ ਹੋਟਲ ਵਿਚ ਖਾਦੀ। ਦਿਨੇ ਪੈਦਲ ਤੁਰੇ ਫਿਰਦਿਆਂ ਨਾਲ ਪੂਰੀ ਥਕਾਵਟ ਹੋ ਗਈ ਸੀ। ਏਸ ਲਈ 11 ਕੁ ਵਜੇ ਦੇ ਕਰੀਬ ਹੋਟਲ ਆ ਕੇ ਸੌਂ ਗਏ।

ਸਾਲ ਦੇ ਆਖਰੀ ਦਿਨ 31 ਦਸੰਬਰ ਨੂੰ ਮੈਂ ਸਵੇਰੇ 6.30 ਵਜੇ ਉਠਿਆ। ਹੋਟਲ ਦੇ ਕਮਰੇ ਅੰਦਰ ਹੀ ਵਰਜਿਸ ਕੀਤੀ। ਅਸੀਂ ਸਾਰੇ 11 ਕੁ ਵਜੇ ਤਿਆਰ ਹੋ ਕੇ ਕਾਰ ਰਾਹੀਂ ਬਾਜ਼ਾਰ ਲਈ ਨਿਕਲ ਤੁਰੇ। ਕਾਰ ਨੂੰ ਇਕ ਪਾਰਕਿੰਗ ਵਿਚ ਖੜ੍ਹੀ ਕਰ ਕੇ ਲਾਸ ਬੇਗਸ ਸਟਰਿਪ ਤੇ ਘੁੰਮਦੇ ਰਹੇ। ਜਿਉਂ ਜਿਉਂ ਦੁਪਹਿਰ ਢਲਦੀ ਰਹੀ, ਬਾਜ਼ਾਰ ਦੀ ਰੌਣਕ ਵਧਦੀ ਗਈ। ਸਾਡੀ 4 ਦਿਨ ਦੀ ਲਾਸ ਬੇਗਸ ਦੀ ਸੈਰ ਦੇ ਸਮੇਂ ਵਿਚ ਸਾਨੂੰ ਘੋਣ ਮੋਨ ਪੰਜਾਬੀ ਤਾਂ ਬਹੁਤ ਮਿਲੇ ਪਰ ਤਿੰਨ ਪੱਗਾਂ ਵਾਲੇ ਪੰਜਾਬੀ ਵੀ ਮਿਲੇ। 3 ਵਜੇ ਦੁਪਹਿਰ ਦਾ ਖਾਣਾ ਇਕ ਹੋਟਲ ਵਿਚ ਖਾਦਾ। ਬੱਚਿਆਂ ਨੇ ਇਕ ਹੋਟਲ ਵਿਚ ਰਾਡੀਜ਼ ਲਈਆਂ। ਫੇਰ ਹੋਟਲ ਵਿਚ ਆ ਕੇ ਥੋੜੀ ਦੇਰ ਆਰਾਮ ਕੀਤਾ। ਸੱਤ ਵਜੇ ਫੇਰ ਬਾਜ਼ਾਰ ਵਿਚ ਆ ਗਏ। ਜਿਉਂ ਜਿਉਂ ਰਾਤ ਆਪਣੇ ਪੈਰ ਪਸਾਰ ਰਹੀ ਸੀ, ਨਵੇਂ ਸਾਲ ਦੀ ਸ਼ੁਰੂਆਤ ਨੇੜੇ ਆ ਰਹੀ ਸੀ। ਟੂਰਿਸ਼ਟਾਂ ਦਾ ਸੜਕਾਂ ਉਪਰ ਮੌਜ਼ ਮੇਲਾ ਵਧਦਾ ਜਾ ਰਿਹਾ ਸੀ। ਕਈ ਸੈਲਾਨੀ ਹੱਥਾਂ ਵਿਚ ਬੀਅਰ ਦੇ ਵੱਡੇ ਵੱਡੇ ਭਰੇ ਮੱਗਾਂ ਵਿਚੋਂ ਬੀਅਰ ਦੀਆਂ ਚੁਸਕੀਆਂ ਲੈਂਦੇ ਬਾਜ਼ਾਰ ਵਿਚ ਘੁੰਮ ਰਹੇ ਸਨ। ਕਈ ਜਨਾਨੀਆਂ ਵੀ ਹੁੱਕੇ ਨੁਮਾ ਬਣੀਆਂ ਬੜੀਆਂ ਸੁਰਾਹੀਆਂ ਵਿਚੋਂ ਬੀਅਰ ਤੇ ਸ਼ਰਾਬ ਪੀਦੀਆਂ ਬਾਜ਼ਾਰ ਵਿਚ ਫਿਰ ਰਹੀਆਂ ਸਨ।

ਰਾਤ ਦੇ 8.30 ਵਜੇ ਅਸੀਂ ਲਾਂਨਸ਼ ਬਰਟਨ ਜਾਦੂਗਰ ਦਾ ਜਾਦੂ ਦਾ ਸ਼ੋ ਵੇਖਿਆ ਜਿਸ ਲਈ ਟਿਕਟਾਂ ਅਸੀਂ ਦਿਨੇ ਹੀ ਖਰੀਦ ਰੱਖੀਆਂ ਸਨ। ਸ਼ੋ ਵੇਖਣ ਤੋਂ ਬਾਅਦ ਇਕ ਭਾਰਤੀ ਹੋਟਲ ਵਿਚ ਖਾਣਾ ਖਾਦਾ। ਰੋਟੀ ਖਾਣ ਤੋਂ ਬਾਅਦ 11 ਕੁ ਵਜੇ ਫੇਰ ਬਾਜ਼ਾਰ ਵਿਚ ਪਹੁੰਚੇ। ਲਾਸ ਬੇਗਸ ਸਟਰਿਪ ਦੇ ਕੁਝ ਹਿੱਸੇ ਦੀ ਸੜਕ ਨੂੰ, ਜਿਥੇ ਨਵੇਂ ਸਾਲ ਦੀ ਆਤਿਸ਼ਬਾਜ਼ੀ ਹੋਣੀ ਹੁੰਦੀ ਹੈ, ਰਾਤ ਦੇ 9 ਵਜੇ ਤੋਂ ਬਾਅਦ ਗੱਡੀਆਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਜਾਂਦਾ ਹੈ। ਏਸ ਸੜਕ ਦੇ ਟੋਟੇ ਦੇ ਦੋਵੇਂ ਕਿਨਾਰਿਆਂ ਤੇ ਬੈਰੀਅਰ ਖੜੇ ਕਰ ਦਿੱਤੇ ਜਾਂਦੇ ਹਨ। ਸੜਕ ਉਪਰ ਪੁਲੀਸ ਦੀਆਂ ਗੱਡੀਆਂ, ਮੋਟਰ ਸਾਈਕਲ ਤੇ ਐਬੂਲੈਂਸ ਗੱਡੀਆਂ ਤੇ ਪੋਲੀਸ ਵਾਲੇ ਆ ਖੜ੍ਹਦੇ ਹਨ। ਏਸ ਸਮੇਂ ਦੌਰਾਨ ਟੂਰਿਸ਼ਟ ਸਿਰਫ ਸੜਕਾਂ ਦੇ ਨਾਲ ਬਣੇ ਫੁੱਟ ਪਾਥਾਂ ਉਪਰ ਹੀ ਘੁੰਮ ਸਕਦੇ ਹਨ।

ਅਸੀਂ ਥੋੜੀ ਦੇਰ ਲਈ ਇਕ ਹੋਟਲ ਵਿਚ ਬੈਠ ਗਏ। ਹੋਟਲ ਤੋਂ ਬਾਹਰ ਜਿਉਂ ਹੀ 11.45 ਦੇ ਕਰੀਬ ਫੁੱਟ ਪਾਥ ਤੇ ਨਿਕਲੇ ਤਾਂ ਸੈਲਾਨੀਆਂ ਦਾ ਫੁੱਟ ਪਾਥਾਂ ਉਪਰ ਹੜ੍ਹ ਆਇਆ ਹੋਇਆ ਸੀ। ਤਿਲ ਸਿੱਟਣ ਜੋਗੀ ਥਾਂ ਵੀ ਨਹੀਂ ਸੀ। ਕਈ ਪੁਰਸ਼, ਇਸਤਰੀ ਸੈਲਾਨੀਆਂ ਦੇ ਹੱਥਾਂ ਵਿਚ ਸ਼ਰਾਬ ਦੇ ਛੋਟੇ ਛੋਟੇ ਗਲਾਸ ਫੜੇ ਹੋਏ ਸਨ। ਹੋਟਲਾਂ ਵਿਚ ਰਹਿਣ ਵਾਲੇ ਟੂਰਸਿਟਾਂ ਨੂੰ ਸ਼ਰਾਬ ਦੇ ਪੈਗ ਮੁੱਫਤ ਦਿੱਤੇ ਜਾਂਦੇ ਹਨ। ਹੋਟਲਾਂ ਉਪਰ ਟਾਈਮ ਵੇਖਣ ਲਈ ਬੜੀਆਂ ਬੜੀਆਂ ਸ਼ਕਰੀਨਾਂ ਲੱਗੀਆਂ ਹੋਈਆਂ ਸਨ। ਸੈਲਾਨੀਆਂ ਦਾ ਸਾਰਾ ਧਿਆਨ ਕਾਊਂਟ ਡਾਊਨ ਲਈ ਉਨ੍ਹ ਸ਼ਕਰੀਨਾਂ ਵੱਲ ਲੱਗਿਆ ਹੋਇਆ ਸੀ। ਜਿਉਂ ਹੀ 12

ਵਜੇ, ਟੂਰਿਸ਼ਟਾਂ ਨੇ, ਲਾਸ ਬੇਗਸ ਵਾਸੀਆਂ ਨੇ ਨਵੇਂ ਸਾਲ ਦੀ ਆਮਦ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਅਸਮਾਨ ਵਿਚ ਗੂੰਜਾ ਪਾ ਦਿੱਤੀਆਂ। ਹੈਪੀ ਨਿਊ ਬੀਅਰ ਹਰ ਇਕ ਦੀ ਜ਼ਬਾਨ ਉਪਰ ਸੀ। 12 ਵਜਦੇ ਨਾਲ ਹੀ ਕਈ ਹੋਟਲਾਂ ਉਪਰ ਆਤਸ਼ਬਾਜ਼ੀ ਸ਼ੁਰੂ ਹੋ ਚਾਈ, ਜੋ 15 ਮਿੰਟ ਚਲਦੀ ਰਹੀ। ਹੌਲੀ ਹੌਲੀ ਫੁੱਟ ਪਾਥਾਂ ਤੋਂ ਭੀੜ ਘੱਟਦੀ ਗਈ ਤੇ ਹੋਟਲਾਂ ਵਿਚ ਭੀੜ ਵਧਦੀ ਗਈ। ਅਸੀਂ 12-45 ਦੇ ਕਰੀਬ ਹੋਟਲ ਪਹੁੰਚ ਗਏ।

ਲਾਸ ਬੇਗਸ ਸਟਰਿਪ ਤੇ ਬਣੇ ਜੂਆ ਘਰਾਂ ਤੋਂ ਬਿਨਾਂ ਇਥੇ ਡਾਊਨ ਟਾਊਨ ਵਿਚ ਵੀ ਗੋਲਡਨ ਨੁੱਗਟ, ਫੋਰ ਕਿਊਨਜ਼, ਫਿਰੀਮਾਂਟ ਕਸ਼ੀਨੋ, ਪਲਾਜਾ ਹੋਟਲ ਕਸ਼ੀਨੋ, ਲਾਸ ਬੇਗਸ ਕੈਲੀਫੋਰਨੀਆਂ ਹੋਟਲ ਕਸ਼ੀਨੋ ਆਦਿ ਵੀ ਮਸ਼ਹੂਰ ਕਸ਼ੀਨੋ ਹਨ। ਇਥੋਂ ਦੇ ਹੋਟਲ ਮਹਿੰਗੇ ਹਨ। ਨਵੇਂ ਸਾਲ ਦੇ ਮੌਕੇ ਤਾਂ ਵਿਸ਼ੇਸ਼ ਤੌਰ ਤੇ ਮਹਿੰਗੇ ਹੋ ਜਾਂਦੇ ਹਨ। ਕਿਉਂ ਜੋ ਸਾਰੀ ਦੁਨੀਆਂ ਵਿਚੋਂ ਸੈਲਾਨੀ ਇਥੇ ਨਵਾਂ ਸਾਲ ਮਨਾਉਣ ਲਈ ਆਉਂਦੇ ਹਨ। ਦੁਕਾਨਾਂ ਵਿਚੋਂ ਮਿਲਦੀਆਂ ਵਸਤਾਂ ਵੀ ਮਹਿੰਗੀਆਂ ਹਨ। ਇਥੋਂ ਦੀ ਬੱਸ ਸਰਵਿਸ ਸਸਤੀ ਹੈ। ਟੈਕਸੀ ਸਰਵਿਸ ਹਰਮਨ ਪਿਆਰੀ ਹੈ। ਐਮ. ਜੀ. ਐਮ. ਗਰੈਂਡ ਹੋਟਲ ਤੋਂ ਸਹਾਰਾ ਹੋਟਲ ਤੇ ਕਸ਼ੀਨੋ ਤੱਕ ਮੋਨੋਰੇਲ ਵੀ ਚਲਦੀ ਹੈ। ਲਾਸ ਬੇਗਸ ਰਾਤ ਦੇ 3 ਵਜੇ ਤੱਕ ਜਾਗਦਾ ਹੈ। ਸਵੇਰੇ 10 ਵਜੇ ਤੱਕ ਸੜਕਾਂ ਸੁੰਨੀਆਂ ਹੁੰਦੀਆਂ ਹਨ।

ਲਾਸ ਬੇਗਸ ਵਿਚ ਵਿਆਹ ਕਰਨ ਦਾ ਕਾਨੂੰਨ ਬਹੁਤ ਸਰਲ ਹੈ। ਤੁਸੀਂ ਕਾਰ ਵਿਚ ਬੈਠੇ ਬੈਠੇ (Drive Through) ਵਿਆਹ ਕਰਵਾ ਸਕਦੇ ਹੋ। ਜਿਸ ਕਰਕੇ ਦੂਜੇ ਸ਼ਹਿਰਾਂ ਨਾਲੋਂ ਇਥੇ ਵਿਆਹ ਜ਼ਿਆਦਾ ਹੁੰਦੇ ਹਨ। ਏਸੇ ਤਰ੍ਹਾਂ ਇਥੇ ਤਲਾਕ ਵੀ ਬਹੁਤ ਹੁੰਦੇ ਹਨ। ਕਿਉਂ ਜੋ ਇਥੇ ਤਲਾਲ ਦੇਣ ਦਾ ਕਾਨੂੰਨ ਵੀ ਦੂਜੇ ਸੂਬਿਆਂ ਨਾਲੋਂ ਬਹੁਤ ਆਸਾਨ ਹੈ। ਤਲਾਕ ਲੈਣ ਲਈ ਵੀ ਦੂਜੇ ਸੂਬਿਆਂ ਦੇ ਜੋੜੇ ਇਥੇ ਆਉਂਦੇ ਹਨ। ਇਥੇ ਆਤਮ ਹੱਤਿਆਵਾਂ ਵੀ ਅਮਰੀਕਾ ਦੇ ਦੂਜੇ ਸੂਬਿਆਂ ਨਾਲੋਂ ਜ਼ਿਆਦਾ ਹੁੰਦੀਆਂ ਹਨ। ਇਹ ਹੈ ਸਾਡੀ ਲਾਸ ਬੇਗਸ ਦੀ ਟੂਰਿਸ਼ਟ ਫੇਰੀ।

ਇਕ ਜਨਵਰੀ 2008 ਨੂੰ ਅਸੀਂ ਤਿਆਰ ਹੋ ਕੇ ਸਵੇਰੇ 9 ਵਜੇ ਗਰੈਂਡ ਕੈਨੀਅਨ ਵੇਖਣ ਲਈ ਚੱਲ ਪਏ।

# ਗਰੈਂਡ ਕੈਨੀਅਨ

ਗਰੈਂਡ ਕੈਨੀਅਨ ਨੈਸ਼ਨਲ ਪਾਰਕ ਦੀ ਸਥਾਪਨਾ 1919 ਵਿਚ ਕੀਤੀ ਗਈ ਹੈ। ਲਾਸ ਬੇਗਸ ਤੋਂ ਵਾਪਸੀ ਸਮੇਂ ਅਸੀਂ ਗਰੈਂਡ ਕੈਨੀਅਨ ਵੇਖਣ ਗਏ। ਗਰੈਂਡ ਕੈਨੀਅਨ ਐਰੀਜੋਨਾ ਸੂਬੇ ਵਿਚ ਪੈਂਦਾ ਹੈ।ਗਰੈਂਡ ਕੈਨੀਅਨ ਨੂੰ ਪੰਜਾਬੀ ਵਿਚ ਡੂੰਘੀਆਂ ਖੱਡਾਂ ਕਿਹਾ ਜਾ ਸਕਦਾ ਹੈ।

ਗਰੈਂਡ ਕੈਨੀਅਨ ਬਾਰੇ ਤੇ ਗਰੈਂਡ ਕੈਨੀਅਨ ਦਾ ਹਵਾਈ ਜਹਾਜ਼ ਰਾਹੀਂ ਨਜ਼ਾਰਾ ਵੇਖਣ ਬਾਰੇ ਮੈਂ ਪਹਿਲਾਂ ਹੀ ਥੋੜਾ ਜਿਹਾ ਜ਼ਿਕਰ ਆਪਣੇ ਲਾਸ ਬੇਗਸ ਵਾਲੇ ਆਰਟੀਕਲ ਵਿਚ ਕਰ ਚੱਕਿਆ ਹਾਂ। ਅਸੀਂ ਗਰੈਂਡ ਕੈਨੀਅਨ ਨੈਸ਼ਨਲ ਪਾਰਕ ਦੇ ਅੰਦਰ ਜਾਣ ਵਾਲੇ ਗੇਟ ਕੋਲ 12.30 ਵਜੇ ਪਹੁੰਚੇ। ਅੰਦਰ ਜਾਣ ਦੀਆਂ ਟਿਕਟਾਂ ਖਰੀਦਣ ਲਈ ਕਾਰਾਂ ਦੀਆਂ ਤਿੰਨ ਬਰਾਬਰ ਬਰਾਬਰ ਲਾਈਨਾਂ ਲੱਗੀਆਂ ਹੋਈਆਂ ਸਨ। ਕਾਰਾਂ ਨੂੰ ਲਾਈਨਾਂ ਵਿਚ ਖੜ੍ਹਾ ਕਰਨ ਲਈ ਇਕ ਸਿਕਿਉਰਟੀ ਵਾਲਾ ਕੰਟਰੋਲ ਕਰ ਰਿਹਾ ਸੀ। ਉਸ ਨੇ ਸਾਡੀ ਕਾਰ ਵੀ ਇਕ ਲਾਈਨ ਵਿਚ ਲਗਵਾ ਦਿੱਤੀ। ਜਿਨ੍ਹਾਂ ਨੇ ਇਨਫਰਮੇਸ਼ਨ ਸੈਂਟਰ ਤੋਂ ਪਹਿਲਾਂ ਟਿਕਟਾਂ ਖਰੀਦੀਆਂ ਹੁੰਦੀਆਂ ਹਨ, ਉਨ੍ਹਾਂ ਕਾਰਾਂ ਦੇ ਲੰਘਣ ਲਈ ਇਕ ਵੱਖਰਾ ਰਸਤਾ ਬਣਾਇਆ ਹੋਇਆ ਹੈ।

ਵਾਰੀ ਆਉਣ ਤੇ ਟਿਕਟ ਖਰੀਦ ਕੇ ਅਸੀਂ ਕਾਰ ਗਰੈਂਡ ਕੈਨੀਅਨ ਵਾਲੀ ਸੜਕ ਤੇ ਪਾ ਦਿੱਤੀ। ਜਿਉਂ ਜਿਉਂ ਅੱਗੇ ਵੱਧਦੇ ਗਏ, ਸੜਕ ਦੇ ਦੋਵੇਂ ਪਾਸੇ ਖੜ੍ਹੀਆਂ ਕਾਰਾਂ ਦੀਆਂ ਲੱਗੀਆਂ ਕਿਤਾਰਾਂ ਨੂੰ ਵੇਖਦੇ ਗਏ। ਖਾਲੀ ਥਾਂ ਵੇਖ ਕੇ ਅਸੀਂ ਵੀ ਕਾਰ ਸੜਕ ਦੇ ਇਕ ਪਾਸੇ ਖੜ੍ਹੀ ਕਰ ਦਿੱਤੀ। ਉਤਰ ਕੇ ਗਰੈਂਡ ਕੈਨੀਅਨ ਦਾ ਨਜ਼ਾਰਾ ਵੇਖਣ ਲਈ ਤੁਰ ਪਏ। ਕਾਰ ਏਅਰ ਕੰਡੀਸ਼ਨ ਸੀ, ਗਰਮ ਸੀ। ਬਾਹਰ ਪੂਰੀ ਠੰਡ ਸੀ। ਸੜਕ ਦੀਆਂ ਦੋਵੇਂ ਸਾਈਡਾਂ ਤੇ ਥੋੜੀ ਥੋੜੀ ਬਰਫ ਵੀ ਪਈ ਹੋਈ ਸੀ। ਕਈ ਬੱਚੇ ਬਰਫ ਦੀਆਂ ਮੁੱਠੀਆਂ ਭਰਕੇ

ਇਕ ਦੂਜੇ ਉਪਰ ਸਿੱਟ ਰਹੇ ਸਨ।

ਜਿਥੇ ਗਰੈਂਡ ਕੈਨੀਅਨ ਬਣੀਆਂ ਹੋਈਆਂ ਹਨ, ਉਸ ਤੋਂ ਪਹਿਲਾਂ ਦੀ ਧਰਤੀ ਥੋੜੀ ਜਿਹੀ ਉੱਚੀ ਨੀਵੀਂ ਤਾਂ ਹੈ, ਪਰ ਉੱਚੀਆਂ ਪਹਾੜੀਆਂ ਨਹੀਂ ਹਨ। ਇਹ ਧਰਤੀ ਪੀਲੀ ਮਿੱਟੀ ਤੇ ਵਿਚ ਵਿਚ ਛੋਟੇ ਵੱਡੇ ਪੱਥਰਾਂ ਦੀ ਹੈ। ਸਮੁੰਦਰ ਤਲ ਤੋਂ ਕਾਫੀ ਉੱਚੀ ਹੈ। ਅਸੀਂ ਜਿਥੇ ਕਾਰ ਖੜ੍ਹੀ ਕੀਤੀ ਸੀ, ਉਥੋਂ 100 ਕੁ ਗਜ਼ ਦੀ ਦੂਰੀ ਤੋਂ ਹੀ ਗਰੈਂਡ ਕੈਨੀਅਨ ਸ਼ੁਰੂ ਹੋ ਗਈਆਂ। ਪੱਧਰੀ ਧਰਤੀ ਤੋਂ ਇਕ ਦਮ ਡੂੰਘੀ ਖਾਈ ਖੱਡਾਂ ਪਈਆਂ ਹੋਈਆਂ ਹਨ। ਧਰਤੀ ਗਰਕੀ ਹੋਈ ਹੈ। ਪਹਿਲਾਂ ਥੋੜੀ ਥੋੜੀ, ਜਿਉਂ ਜਿਉਂ ਹੇਠਾਂ ਨੂੰ ਜਾਂਦੀ ਹੈ, ਤਿਉਂ ਤਿਉਂ ਹੋਰ ਡੂੰਘੀ ਹੁੰਦੀ ਜਾਂਦੀ ਹੈ। ਇਹ ਸਾਰੀਆਂ ਪੱਥਰੀਲੀਆਂ ਪਹਾੜੀਆਂ ਬਾਕੀ ਰਹੀਆਂ ਹੋਈਆਂ ਹਨ। ਇਨ੍ਹਾਂ ਪੱਥਰੀਲੀਆਂ ਪਹਾੜੀਆਂ ਵਿਚੋਂ ਮਿੱਟੀ ਮੀਂਹਾ ਦੇ ਪਾਣੀ ਨਾਲ ਖੁਰ ਕੇ ਹੇਠਾਂ ਵਗਦੇ ਦਰਿਆ ਵਿਚ ਗਈ ਹੋਈ ਹੈ। ਇਨ੍ਹਾਂ ਪਹਾੜੀਆਂ ਦੇ ਪੱਥਰਾਂ ਦੇ ਵੱਖਰੇ ਵੱਖਰੇ ਰੰਗ ਹਨ।

ਗਰੈਂਡ ਕੈਨੀਅਨ ਦਾ ਇਤਿਹਾਸ ਦੱਸਦਾ ਹੈ ਕਿ 50/60 ਲੱਖ ਸਾਲ ਪਹਿਲਾਂ, ਜੋ ਗਰੈਂਡ ਕੈਨੀਅਨ ਦੇ ਹੇਠਾਂ ਕੋਲੋਰਾਡੋ ਦਰਿਆ ਵੱਗਦਾ ਹੈ, ਇਸ ਦਰਿਆ ਵਿਚ ਬਾਰਸ਼ਾਂ ਦੇ ਪਾਣੀ ਨਾਲ ਪਹਾੜਾਂ ਦੀ ਮਿੱਟੀ ਖੁਰ ਕੇ ਹੇਠਾਂ ਦਰਿਆ ਵਿਚ ਆਉਂਦੀ ਰਹੀ। ਪੱਕੀਆਂ ਪਹਾੜੀਆਂ ਖੜੀਆਂ ਰਹਿੰਦੀਆਂ ਗਈਆਂ। ਏਸੇ ਤਰ੍ਹਾਂ ਹੌਲੀ ਹੌਲੀ ਵੱਖਰੀ ਵੱਖਰੀ ਪਹਾੜੀਆਂ ਦੀ ਮਿੱਟੀ ਖੁਰ ਕੇ, ਵੱਖਰੇ ਵੱਖਰੇ ਵਗਦੇ ਛੋਟੇ ਛੋਟੇ ਨਾਲਿਆਂ ਰਾਹੀਂ ਹੋ ਕੇ ਪਾਣੀ ਦਰਿਆ ਵਿਚ ਆਉਂਦਾ ਰਿਹਾ। ਪੱਕੀਆਂ ਪਹਾੜੀਆਂ ਰਹਿ ਗਈਆਂ, ਜਿਹੜੀਆਂ ਕਿ ਹੁਣ ਪਹਾੜੀਆਂ ਦੀਆਂ ਤੈਹਾਂ (Layers) ਦੇ ਰੂਪ ਵਿਚ ਵਿਖਾਈ ਦਿੰਦੀਆਂ ਹਨ। ਇਹ ਪਹਾੜੀਆਂ ਹੇਠਾਂ ਤੋਂ ਹੇਠਾਂ ਜਾਂਦੀਆਂ ਨਜ਼ਰ ਆਉਂਦੀਆਂ ਹਨ। ਗਰੈਂਡ ਕੈਨੀਅਨ ਦੀ ਸਿੱਧੀ ਚੌੜਾਈ 15 ਤੋਂ 16 ਕਿਲੋਮੀਟਰ ਤੱਕ ਹੈ। ਪਰ ਜੇਕਰ ਦੱਖਣ ਦੇ ਕੋਨੇ ਤੋਂ ਉੱਤਰ ਦੇ ਕੋਨੇ ਤੱਕ ਕਾਰ ਰਾਹੀਂ ਜਾਣਾ ਹੋਵੇ ਤਾਂ 350 ਕਿਲੋਮੀਟਰ ਦੇ ਕਰੀਬ ਸਫਰ ਪੈਂਦਾ ਹੈ।

ਅੱਜ ਤੋਂ ਕੋਈ 10,000 ਸਾਲ ਪਹਿਲਾਂ ਗਰੈਂਡ ਕੈਨੀਅਨ ਦੇ ਖੇਤਰ ਵਿਚ ਮਨੁੱਖੀ ਵਸੋਂ ਦੇ ਹੋਣ ਬਾਰੇ ਪਤਾ ਲੱਗਦਾ ਹੈ। ਏਸ ਖੇਤਰ ਵਿਚ ਅੱਜ ਤੋਂ ਕੋਈ 4000 ਸਾਲ ਪਹਿਲਾਂ ਅਮਰੀਕਾ ਦੇ ਮੁੱਢਲੇ ਵਾਸੀ ਰਹਿੰਦੇ ਰਹੇ ਹਨ। ਏਸ ਇਲਾਕੇ ਦੀ ਖੋਜ ਲਈ ਸਪੈਨੀ ਫੌਜੀਆਂ ਤੇ ਸਪੇਨੀ ਪੁਜਾਰੀਆਂ ਦੀਆਂ ਟੋਲੀਆਂ ਵੀ ਆਉਂਦੀਆਂ ਰਹੀਆਂ ਹਨ। ਸਾਲ 1869 ਵਿਚ ਅਮਰੀਕੀ ਫੌਜ ਦਾ ਮੇਜਰ ਜੌਹਨ ਵੈਸਲੇ ਪੋਵਲ ਗਰੈਂਡ ਕੈਨੀਅਨ ਤੇ ਕੋਲੋਰਾਡੋ ਦਰਿਆ ਦੀ ਖੋਜ ਲਈ ਇਕ ਖੋਜ਼ ਟੋਲੀ ਲੈ ਕੇ ਆਇਆ ਸੀ, ਇਸ ਨੂੰ Powell Geographic Expedition ਕਿਹਾ ਜਾਂਦਾ ਹੈ। ਏਸ ਖੋਜ਼ ਟੋਲੀ ਨੇ ਗਰੈਂਡ ਕੈਨੀਅਨ ਦੀਆਂ ਪਹਾੜੀਆਂ ਦੀ ਬਣਤਰ, ਪੌਦੇ, ਪਸ਼ੂ, ਪੰਛੀ Archaeogical ਥਾਵਾਂ ਦੀ ਨਿਯੂਮਿਤ ਢੰਗ ਨਾਲ ਖੋਜ ਕੀਤੀ। ਫੋਟੋਆਂ ਤੇ ਉਦਾਹਰਣਾਂ ਦਿੱਤੀਆਂ, ਜਿਸ ਨੇ ਗਰੈਂਡ ਕੈਨੀਅਨ ਨੂੰ ਬਹੁਤ ਮਸ਼ਹੂਰੀ ਦਿੱਤੀ।

1880 ਵਿਚ ਗਰੈਂਡ ਕੈਨੀਅਨ ਦੇ ਕਿਨਾਰੇ ਤੇ ਪਹਿਲੀ ਕਲੋਨੀ ਵਸਾਈ ਗਈ। ਉੱਨਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਇਥੇ ਖਣਿਜ਼ ਪਦਾਰਥਾਂ ਜਿਵੇਂ ਤਾਂਬਾ, ਜਿੰਕ, ਸਿੱਕਾ ਦੇ ਹੋਣ ਬਾਰੇ ਪਤਾ ਲੱਗਿਆ। ਖਣਿਜ਼ ਪਦਾਰਥਾਂ ਨੂੰ ਕੱਢਣਾ ਮਹਿੰਗਾ ਪੈਂਦਾ ਸੀ। ਏਸ ਲਈ ਗਰੈਂਡ ਕੈਨੀਅਨ ਦੇ ਇਲਾਕੇ ਨੂੰ ਸੈਰ ਸਪਾਟੇ ਦੇ ਤੌਰ ਤੇ ਵਰਤਿਆ ਜਾਣ ਲੱਗਿਆ। ਛੇਤੀ ਹੀ ਇਹ ਸੈਰ ਸਪਾਟੇ ਦੇ ਤੌਰ ਤੇ ਮਸ਼ਹੂਰ ਹੋ ਗਿਆ। ਦੂਰੋਂ ਦੂਰੋਂ ਟੂਰਿਸ਼ਟ

ਆਉਣ ਲੱਗੇ। ਸਾਲ 1901 ਵਿਚ ਐਰੀਜੋਨਾ ਸੂਬੇ ਦੇ ਕਸਬੇ ਵਿਲੀਅਮਜ਼ ਤੋਂ ਗਰੈਂਡ ਕੈਨੀਅਨ ਪਿੰਡ ਤੱਕ ਰੇਲਵੇ ਲਾਈਨ ਕੱਢੀ ਗਈ। ਇਹ ਰੇਲਵੇ ਲਾਈਨ 103 ਕਿਲੋਮੀਟਰ ਲੰਮੀ ਹੈ। ਰੇਲ ਗੱਡੀ ਚੱਲਣ ਨਾਲ ਸੈਲਾਨੀਆਂ ਵਿਚ ਹੋਰ ਵਾਧਾ ਹੋਇਆ। ਟੂਰਿਸ਼ਟਾਂ ਲਈ ਸਹੂਲਤਾਂ ਹੋਰ ਵਧਾਈਆਂ ਗਈਆਂ। ਹੋਟਲ ਬਣਾਏ ਗਏ। ਸੈਰ ਸਪਾਟੇ ਲਈ ਜਿਥੇ ਸਾਲ 1919 ਵਿਚ ਸਿਰਫ 44000 ਟੂਰਿਸ਼ਟ ਆਏ ਸਨ, ਉਥੇ ਹੁਣ ਹਰ ਸਾਲ 50 ਲੱਖ ਟੂਰਿਸਟ ਆਉਂਦੇ ਹਨ।

ਅਸੀਂ ਕੁਦਰਤ ਦੇ ਏਸ ਅਜੂਬੇ ਨੂੰ ਸਾਊਥ ਰਿਮ ਦੇ ਕਿਨਾਰੇ ਦੇ ਨਾਲ ਨਾਲ ਬਣੀ ਪੈਦਲ ਤੁਰਨ ਲਈ ਪੱਕੀ ਸੜਕ ਤੇ ਵੇਖਦੇ ਹੋਏ ਖੱਬੇ ਪਾਸੇ ਨੂੰ ਤੁਰਦੇ ਗਏ। ਕੋਈ ਅੱਧੇ ਕੁ ਕਿਲੋਮੀਟਰ ਦੀ ਦੂਰੀ ਤਹਿ ਕਰਕੇ ਗਰੈਂਡ ਕੈਨੀਅਨ ਵੇਖਣ ਲਈ ਬਣੇ ਔਬਜ਼ਰਵੇਸ਼ਨ ਸੈਂਟਰ ਕੋਲ ਪਹੁੰਚੇ। ਏਸ ਸੈਂਟਰ ਵਿਚ ਗਰੈਂਡ ਕੈਨੀਅਨ ਦੇ ਸਾਰੇ ਨਜ਼ਾਰੇ ਨੂੰ ਵੇਖਣ ਲਈ ਦੂਰਬੀਨ ਵੀ ਲੱਗੀ ਹੋਈ ਹੈ। ਦੂਰਬੀਨ ਰਾਹੀਂ ਏਸ ਦ੍ਰਿਸ਼ ਨੂੰ ਵੇਖਣਾ ਇਕ ਅਨੂਠਾ ਹੀ ਅਨੰਦ ਹੈ। ਕਾਰ ਰਾਹੀਂ ਸਿੱਧੇ ਵੀ ਏਸ ਸੈਂਟਰ ਉਪਰ ਪਹੁੰਚਿਆ ਜਾ ਸਕਦਾ ਹੈ। ਏਸ ਸੈਂਟਰ ਵਿਚੋਂ ਗਰੈਂਡ ਕੈਨੀਅਨ ਦੀ ਜਾਣਕਾਰੀ ਸਬੰਧੀ ਬਹੁਤ ਸਾਰਾ ਲਿਟ੍ਰੇਚਰ ਮੁਫਤ ਮਿਲਦਾ ਹੈ। ਖਰੀਦਣ ਲਈ ਕਿਤਾਬਾਂ ਹਨ। ਗਰੈਂਡ ਕੈਨੀਅਨ ਵਿਚ ਪੱਥਰ ਦੀਆਂ ਜਿਨ੍ਹੀਆਂ ਰੰਗਦਾਰ ਵੰਨਗੀਆਂ ਮਿਲਦੀਆਂ ਹਨ, ਉਹ ਸਾਰੀਆਂ ਉਥੇ ਰੱਖੀਆਂ ਹੋਈਆਂ ਹਨ।

ਗਰੈਂਡ ਕੈਨੀਅਨ ਵਿਚ ਵੱਖ ਵੱਖ ਕਿਸ਼ਮਾਂ ਦੇ ਰੁੱਖ, ਝਾੜੀਆਂ ਤੇ ਘਾਹ ਮਿਲਦਾ ਹੈ। ਇਥੇ ਵੱਖਰੀਆਂ ਵੱਖਰੀਆਂ ਕਿਸਮਾਂ ਦੇ ਜਲ ਪੰਛੀ, ਜੰਗਲੀ ਪੰਛੀ, ਜੰਗਲੀ ਜਾਨਵਰ ਜਿਵੇਂ ਸ਼ੇਰ, ਹਿਰਨ, ਭੇਡਾਂ, ਕਾਟੋਆਂ ਆਦਿ ਮਿਲਦੀਆਂ ਹਨ। ਗਰੈਂਡ ਕੈਨੀਅਨ ਦੇ ਦੋ ਕਿਨਾਰੇ (Rim) ਹਨ। ਇਕ ਸਾਊਥ ਰਿਮ ਹੈ ਦੂਸਰਾ ਨਾਰਥ ਰਿਮ ਹੈ। ਸਾਊਥ ਰਿਮ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ। ਨਾਰਥ ਰਿਮ ਉਪਰ ਬਰਫ ਪੈਂਦੀ ਹੋਣ ਕਰਕੇ ਇਹ ਅੱਧੀ ਮਈ ਤੋਂ ਅੱਧੇ ਅਕਤੂਬਰ ਤੱਕ ਹੀ ਖੁਲ੍ਹਦਾ ਹੈ। ਅਸੀਂ ਸਾਊਥ ਰਿਮ ਵਾਲੇ ਪਾਸੇ ਤੋਂ ਗਰੈਂਡ ਕੈਨੀਅਨ ਨੂੰ ਵੇਖਿਆ।

ਇਥੇ ਤੁਸਾਏਨ (Tusayan) ਅਜਾਇਬ ਘਰ ਬਣਿਆ ਹੋਇਆ ਹੈ। ਇਸ ਵਿਚ ਮੁੱਢਲੇ ਅਮਰੀਕਨ ਕਲਚਰ ਬਾਰੇ ਵਿਖਾਇਆ ਹੋਇਆ ਹੈ। ਗਰੈਂਡ ਕੈਨੀਅਨ ਵਿੱਲੇਜ਼ ਤੋਂ ਗਰੈਂਡ ਕੈਨੀਅਨ ਨੂੰ ਵੇਖਣ ਲਈ ਬੱਸਾਂ ਵੀ ਚੱਲਦੀਆਂ ਹਨ। ਵਿੱਲੇਜ਼ ਵਿਚ ਖਾਣ ਪੀਣ ਤੇ ਰਹਿਣ ਲਈ ਰੈਸਟੋਰੈਂਟ ਹਨ। ਖਰੀਦਦਾਰੀ ਲਈ ਗਿਫਟ ਸ਼ਾਪਸ ਹਨ। ਗਰੈਂਡ ਕੈਨੀਅਨ ਦੇ ਹੇਠਾਂ ਫੈਨਟਮ ਰੈਂਚ (Phantm Ranch) ਤੱਕ ਸਿਰਫ ਪੈਦਲ ਪਹੁੰਚਿਆ ਜਾ ਸਕਦਾ ਹੈ। ਜਾਂ ਖੱਚਰਾਂ ਤੇ ਸਵਾਰੀ ਕਰ ਕੇ ਜਾਂ ਰੈਫਟ (Raft) ਨਾਲ। ਗਰੈਂਡ ਕੈਨੀਅਨ ਵਿੱਲੇਜ਼ ਵਿਚ ਕੈਂਪ ਲਾਉਣ ਲਈ ਕੈਂਪ ਗਰਾਊਂਡ ਬਣਿਆ ਹੋਇਆ ਹੈ। ਇਹ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ। ਵਿੱਲੇਜ਼ ਦੇ ਪੂਰਬ ਵਾਲੇ ਪਾਸੇ ਤੇ 25 ਮੀਲ ਦੂਰੀ ਤੇ ਡੈਜ਼ਰਟ ਵਿਊ ਕੈਂਪ ਗਰਾਊਂਡ ਬਣਿਆ ਹੋਇਆ ਹੈ। ਪਰ ਇਹ ਸੀਜ਼ਨ ਤੇ ਹੀ ਖੁਲ੍ਹਦਾ ਹੈ। ਸਾਊਥ ਰਿਮ ਦੇ Tusayan ਤੇ ਬਣੇ ਹਵਾਈ ਅੱਡੇ ਤੋਂ ਗਰੈਂਡ ਕੈਨੀਅਨ ਨੂੰ ਹਵਾਈ ਜਹਾਜ਼ ਤੇ ਹੈਲੀਕਾਪਟਰ ਰਾਹੀਂ ਵਿਖਾਉਣ ਲਈ ਕਈ ਕੰਪਨੀਆਂ ਦਾ ਪ੍ਰਬੰਧ ਕੀਤਾ ਹੋਇਆ ਹੈ।

ਨਾਰਥ ਰਿਮ ਸੀਜ਼ਨ ਤੇ ਖੁਲ੍ਹਦਾ ਹੈ। ਨਾਰਥ ਰਿਮ ਤੇ ਬਣੇ ਵਿਜ਼ਟਰ ਸੈਂਟਰ ਤੋਂ ਤੁਹਾਨੂੰ ਗਰੈਂਡ ਕੈਨੀਅਨ ਸਬੰਧੀ ਲਿਟਰੇਚਰ ਤੇ ਕਿਤਾਬਾਂ ਮਿਲਦੀਆਂ ਹਨ। ਏਥੇ ਕੈਂਪ ਗਰਾਊਂਡ ਦੇ ਨੇੜੇ ਬਣੇ ਸਟੋਰਾਂ ਵਿਚੋਂ ਖਾਣ ਪੀਣ ਦਾ ਸਾਮਾਨ ਮਿਲਦਾ ਹੈ। ਰਹਿਣ ਲਈ

ਰੈਸਟੋਰੈਂਟ ਹਨ। ਨਾਰਥ ਰਿਮ ਦੇ ਹੇਠਾਂ ਜਾਂ ਪੈਦਲ ਜਾਇਆ ਜਾ ਸਕਦਾ ਹੈ, ਜਾਂ ਖੱਚਰਾਂ ਦੀ ਸਵਾਰੀ ਕਰਕੇ। ਸਾਊਥ ਰਿਮ ਤੇ ਨਾਰਥ ਰਿਮ ਤੇ ਨਿਯੁਕਤ ਪਾਰਕ ਰੈਂਜਰਾਂ ਵਲੋਂ ਹਰ ਰੋਜ਼ ਟੂਰਿਸ਼ਟਾਂ ਨੂੰ ਗਾਈਡ ਕੀਤਾ ਜਾਂਦਾ ਹੈ। ਸ਼ਾਮ ਨੂੰ ਪ੍ਰੋਗਰਾਮ ਵਿਖਾਏ ਜਾਂਦੇ ਹਨ।

ਅਸੀਂ ਗਰੈਂਡ ਕੈਨੀਅਨ ਨੂੰ ਤਿੰਨ ਘੰਟੇ ਦੇ ਕਰੀਬ ਘੁੰਮ ਕੇ ਵੇਖਿਆ। ਹਵਾ ਤੇਜ਼ ਚਲਦੀ ਹੋਣ ਕਰਕੇ ਠੰਡ ਜ਼ਿਆਦਾ ਲੱਗ ਰਹੀ ਸੀ। ਛੇਤੀ ਛੇਤੀ ਵਾਪਸ ਆ ਕੇ ਕਾਰ ਵਿਚ ਬੈਠੇ। ਗਰੈਂਡ ਕੈਨੀਅਨ ਦੇ ਵੇਖੇ ਅਲੌਕਿਕ ਨਜ਼ਾਰੇ ਨੂੰ ਮਨ ਮਸਤਕ ਵਿਚ ਲੈ ਕੇ ਵਾਪਸ ਫਰਿਜ਼ਨੋ ਰਾਤ ਦੇ 10 ਵਜੇ ਦੇ ਕਰੀਬ ਪਹੁੰਚ ਗਏ।

# ਵੈਲਿਨਟਾਇਨਜ਼ ਡੇ

ਅੱਜ 14 ਫਰਵਰੀ 2008 ਹੈ। ਵੈਲਿਨਟਾਇਨਜ਼ ਡੇ ਹੈ। ਪਿਆਰ ਪੱਤਰ ਜਾਂ ਪਿਆਰ ਭੇਟਾ ਜੋ 14 ਫਰਵਰੀ ਦੇ ਦਿਨ ਭੇਜੀ ਜਾਵੇ, ਉਸ ਨੂੰ ਵੈਲਿਨਟਾਈਨ ਕਿਹਾ ਜਾਂਦਾ ਹੈ। ਉਤਰੀ ਅਮਰੀਕਾ ਵਿਚ ਏਸ ਦਿਨ ਨੂੰ ਇਕ ਰਵਾਇਤੀ ਦਿਨ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਏਸ ਦਿਨ ਪਿਆਰ ਕਰਨ ਵਾਲੇ ਆਪਣਾ ਪਿਆਰ ਇਕ ਦੂਜੇ ਨੂੰ ਵੈਲਿਨਟਾਇਨ ਕਾਰਡ, ਫੁੱਲ, ਚਾਕਲੇਟ, ਤੋਹਫ਼ੇ ਜਾਂ ਮਠਿਆਈ ਦੇ ਕੇ ਪ੍ਰਗਟ ਕਰਦੇ ਹਨ। ਏਸ ਦਿਨ ਦਾ ਨਾਂ ਈਸਾਈ ਧਰਮ ਲਈ ਸ਼ਹੀਦ ਹੋਏ ਅਨੇਕਾਂ ਸ਼ਹੀਦਾਂ ਵਿਚੋਂ ਦੋ ਸ਼ਹੀਦਾਂ ਦੇ ਨਾਂ ਤੇ ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ ਇਕ ਰੋਮ ਵਿਚ ਪੁਜਾਰੀ ਸੀ, ਜਿਸ ਨੇ ਈਸਾਈ ਧਰਮ ਖਾਤਰ ਸਾਲ 269 (ਏ. ਡੀ.) ਵਿਚ ਸ਼ਹੀਦੀ ਪ੍ਰਾਪਤ ਕੀਤੀ। ਇਸ ਨੂੰ ਵੈਲਿਨਟਾਇਨ ਆਫ ਰੋਮ ਕਿਹਾ ਜਾਂਦਾ ਹੈ। ਦੂਜੇ ਨੂੰ ਵੈਲਿਨਟਾਇਨ ਆਫ ਟਰਨੀ ਕਿਹਾ ਜਾਂਦਾ ਹੈ। ਇਸ ਨੂੰ ਸਾਲ 197 (ਏ. ਡੀ.) ਵਿਚ ਸ਼ਹੀਦ ਕੀਤਾ ਗਿਆ। 14 ਫਰਵਰੀ ਨੂੰ ਰੋਮਾਂਟਿਕ ਪਿਆਰ ਵਾਲਾ ਦਿਨ ਵੀ ਕਿਹਾ ਜਾਂਦਾ ਹੈ। ਏਸ ਦਿਨ ਨੂੰ ਹੋਰ ਵੀ ਕਈ ਘਟਨਾਵਾਂ ਨਾਲ ਜੋੜਿਆ ਜਾਂਦਾ ਹੈ। ਏਸ ਦਿਨ ਨੂੰ ਪਹਿਲਾਂ ਪੱਛਮੀ ਸਭਿਆਚਾਰ ਵਾਲੇ ਦੇਸ਼ਾਂ ਵਿਚ ਮਨਾਇਆ ਜਾਂਦਾ ਸੀ। ਹੁਣ ਤਾਂ ਇਹ ਦਿਨ ਭਾਰਤ ਵਰਗੇ ਗਰੀਬ ਦੇਸ਼ ਵਿਚ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

ਜੁਆਨੀ ਸਮੇਂ ਮੈਂ ਇਕ ਪਿਕਚਰ ਵੇਖੀ ਸੀ, ਜਿਸ ਦਾ ਨਾਂ ਤਾਂ ਮੈਨੂੰ ਹੁਣ ਯਾਦ ਨਹੀਂ। ਪਰ ਉਸ ਪਿਕਚਰ ਵਿਚ ਇਕ ਗਾਣਾ ਸੀ, ਜੋ ਮੈਨੂੰ ਲੱਗਦਾ ਹੈ, ਉਹ ਵੈਲਿਨਟਾਇਨ ਡੇ ਤੋਂ ਪ੍ਰਭਾਵਿਤ ਹੋ ਕੇ ਹੀ ਸ਼ਾਇਦ ਲਿਖਿਆ ਹੋਵੇ। ਉਸ ਗਾਣੇ ਵਿਚ ਪ੍ਰੇਮੀ ਆਪਣੀ ਪ੍ਰੇਮਕਾ ਨੂੰ ਆਪਣੇ ਪਿਆਰ ਦਾ ਪ੍ਰਗਟਾਵਾ ਕਰ ਕੇ ਪੱਤਰ ਲਿਖਦਾ ਹੈ ਤੇ ਨਾਲ ਡਰ ਵੀ ਮਹਿਸੂਸ ਕਰਦਾ ਹੈ—

ਮੇਰਾ ਪ੍ਰੇਮ ਪੱਤਰ ਪੜ੍ਹ ਕਰ,
ਤੁੰਮ ਨਰਾਜ਼ ਨਾ ਹੋਣਾ।

ਤੁੰਮ ਮੇਰੀ ਜ਼ਿੰਦਗੀ ਹੋ,
ਤੁੰਮ ਮੇਰੀ ਬੰਦਗੀ ਹੋ।

ਵੈਲਿਨਟਾਇਨ ਡੇ ਮਨਾਉਣ ਦਾ ਸਬੰਧ Roman Emperor Chaudius II ਨਾਲ ਵੀ ਜੋੜਿਆ ਜਾਂਦਾ ਹੈ। ਦੰਦ ਕਥਾ ਹੈ, ਕਿ ਸ਼ਹਿਨਸ਼ਾਹ ਨੇ ਨੌਜੁਆਨਾ, ਫੌਜੀਆਂ ਨੂੰ ਛੜੇ ਰਹਿਣ ਦਾ ਹੁਕਮ ਦਿੱਤਾ। ਸ਼ਹਿਨਸ਼ਾਹ ਅਨੁਸਾਰ ਵਿਆਹੇ ਹੋਏ ਫੌਜੀ ਫੌਜ ਲਈ ਚੰਗੇ ਸਿਪਾਹੀ ਸਿੱਧ ਨਹੀਂ ਹੁੰਦੇ। ਵਿਆਹੇ ਹੋਏ ਫੌਜੀਆਂ ਦੀ ਸੁਰਤ ਆਪਣੀਆਂ ਪਤਨੀਆਂ ਤੇ ਆਪਣੇ ਪਰਿਵਾਰਾਂ ਵਿਚ ਰਹਿੰਦੀ ਹੈ। ਪਰ ਸੰਤ ਵੈਲਿਨਟਾਇਨ ਨੌਜੁਆਨਾਂ ਦੀ ਗੁਪਤ ਤੌਰ ਤੇ ਵਿਆਹਾਂ ਦੀ ਰਸਮ ਅਦਾ ਕਰ ਦਿੰਦਾ ਸੀ। ਜਦ ਸ਼ਹਿਨਸ਼ਾਹ ਨੂੰ ਪਤਾ ਲੱਗਿਆ ਤਾਂ ਉਸ ਨੇ ਸੰਤ ਵੈਲਿਨਟਾਇਨ ਨੂੰ ਕੈਦ ਕਰ ਲਿਆ। ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਫਾਂਸੀ ਦਾ ਹੁਕਮ ਦੇ ਦਿੱਤਾ। ਪਰ ਸੰਤ ਵੈਲਿਨਟਾਇਨ ਨੇ ਆਪਣੀ ਫਾਂਸੀ ਤੋਂ ਇਕ ਦਿਨ ਪਹਿਲਾਂ ਜ਼ੇਲਰ ਦੀ ਲੜਕੀ ਨੂੰ, ਜਿਸ ਨੂੰ ਉਹ ਪਿਆਰ ਕਰਨ ਲੱਗ ਪਿਆ ਸੀ, ਨੂੰ ਪਹਿਲਾ ਪਿਆਰ ਪੱਤਰ ਲਿਖਿਆ।

ਰੋਮਨ ਸ਼ਹਿਨਸ਼ਾਹ ਦੇ ਵਿਚਾਰ ਕਿ ਵਿਆਹੇ ਹੋਏ ਸਿਪਾਹੀ, ਚੰਗੇ ਫੌਜੀ ਸਿੱਧ ਨਹੀਂ ਹੁੰਦੇ, ਦੀ ਪੁਸ਼ਟੀ ਤਾਂ ਸਾਡੇ ਲੋਕ ਗੀਤ ਵੀ ਕਰਦੇ ਹਨ—

ਕਿਥੇ ਲਿਖਿਆ ਫਰੰਗੀਆ ਦੱਸ ਦੇ ?
ਰੰਨਾਂ ਵਾਲੇ ਜੰਗ ਜਿੱਤਦੇ।

ਏਸੇ ਕਰਕੇ ਤਾਂ ਫੌਜੀਆਂ ਦੀਆਂ ਵਹੁਟੀਆਂ ਛੜਿਆਂ ਨੂੰ ਜੰਗ ਵਿਚ ਲੈ ਕੇ ਜਾਣ ਦੀ ਸਿਫਾਰਸ ਕਰਦੀਆਂ ਹੁੰਦੀਆਂ ਸਨ—

ਜਿੱਤ ਹੋ ਜਾਊ ਫਰੰਗੀਆ ਤੇਰੀ,
ਛੜਿਆਂ ਨੂੰ ਲੈ ਜਾ ਲਾਮ ਤੇ।

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਜਾ ਕੇ ਤਾਂ ਵੈਲਿਨਟਾਇਨ ਦਿਨ ਤੇ ਹਰ ਕਿਸਮ ਦੇ ਤੋਹਫੇ, ਏਥੋਂ ਤੱਕ ਹੀਰਿਆਂ ਜੜਤ ਤੋਹਫੇ ਵੀ ਦਿੱਤੇ ਜਾਣ ਲੱਗੇ ਹਨ। ਹੁਣ ਤਾਂ ਨਾਰਥ ਅਮਰੀਕਾ ਦੇ ਐਲੀਮੈਂਨਟਰੀ ਸਕੂਲਾਂ ਦੇ ਸਾਰੇ ਵਿਦਿਆਰਥੀ ਆਪਣੀ ਕਲਾਸ ਦੇ ਇਕ ਦੂਜੇ ਵਿਦਿਆਰਥੀਆਂ ਨੂੰ ਵੈਲਿਟਾਇਨ ਕਾਰਡ ਜਾਂ ਛੋਟੇ ਛੋਟੇ ਤੋਹਫੇ, ਟਾਫੀਆਂ ਦੇਣ ਲੱਗ ਪਏ ਹਨ। ਗ੍ਰੀਟਿੰਗ ਕਾਰਡਾਂ ਉਪਰ ਵਿਦਿਆਰਥੀ ਇਕ ਦੂਜੇ ਨੂੰ ਕਿਉਂ ਚੰਗਾ ਸਮਝਦੇ ਹਨ, ਉਹ ਵੀ ਲਿਖਿਆ ਜਾਂਦਾ ਹੈ। ਵੈਲਿਨਟਾਇਨ ਡੇ. ਨੂੰ Singles Awareness Day ਕਰਕੇ ਵੀ ਮਨਾਇਆ ਜਾਂਦਾ ਹੈ। ਅੱਜ ਵੈਲਿਨਟਾਇਨ ਦਿਨ ਤੇ ਜੋ ਪਿਆਰ ਪੱਤਰ ਦਿੱਤੇ ਜਾਂਦੇ ਹਨ, ਉਨ੍ਹਾਂ ਦੀ ਗਿਣਤੀ 10 ਖਰਬ (One Billion) ਤੱਕ ਪਹੁੰਚ ਗਈ ਹੈ। ਸਿਰਫ ਕ੍ਰਿਸਮਿਸ ਦੇ ਤਿਉਹਾਰ ਤੇ ਹੀ ਇਸ ਤੋਂ ਵੱਧ ਗ੍ਰੀਟਿੰਗ ਕਾਰਡ ਭੇਜੇ ਜਾਂਦੇ ਹਨ।

ਪਿਆਰ ਜ਼ਿੰਦਗੀ ਦਾ ਧੁਰਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ। ਸਾਡੀ ਭਾਰਤੀ ਸਭਿਅਤਾ ਤਾਂ ਸਾਰੀ ਹੀ ਪਿਆਰ ਤੇ ਨਿਰਭਰ ਹੈ। ਅਸੀਂ ਤਾਂ ਪਸ਼ੂ, ਪੰਛੀਆਂ, ਰੁੱਖਾਂ ਨੂੰ ਵੀ ਪਿਆਰ ਕਰਦੇ ਹਾਂ। ਪਰ ਅਸੀਂ ਅੱਜ ਤੱਕ ਆਪਣੀ ਪਿਆਰ ਫਿਲਾਸਫੀ ਦੀ ਮਹੱਤਤਾ ਨੂੰ ਦਰਸਾਉਣ ਲਈ ਕੋਈ ਖਾਸ ਦਿਨ ਨੀਯਤ ਨਹੀਂ ਕਰ ਸਕੇ। ਅਸੀਂ ਪੱਛਮ ਦੀ ਨਕਲ

ਕਰਨਾ ਆਪਦੀ ਖੂਬੀ ਸਮਝਦੇ ਹਾਂ। ਪੱਛਮ ਦੀ ਅੰਨਾ ਧੁੰਦ ਨਕਲ ਨੂੰ ਆਪਣੀ ਪ੍ਰਾਪਤੀ ਮੰਨਦੇ ਹਾਂ।ਅੱਜ ਭਾਰਤ ਦੇ ਸਾਰੇ ਛੋਟੇ ਵੱਡੇ ਸ਼ਹਿਰਾਂ ਵਿਚ ਵੈਲਿਨਟਾਇਨ ਦਿਨ ਮਨਾਇਆ ਜਾਣ ਲੱਗਿਆ ਹੈ। ਨੌਜੁਆਨ ਮੁੰਡੇ ਕੁੜੀਆਂ ਇਕ ਦੂਜੇ ਨੂੰ ਕਾਰਡ, ਫੁੱਲ ਪੇਸ਼ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੇ ਹਨ।ਮੈਂ ਅੱਜ ਅਮਰੀਕਾ ਵਿਚ ਬੈਠਾ ਚੰਡੀਗੜ੍ਹ ਤੋਂ ਪ੍ਰਸ਼ਾਰਿਤ ਖ਼ਬਰ, ਕਿ ਚੰਡੀਗੜ੍ਹ ਵਿਚ ਲਾਲ ਗੁਲਾਬ ਦੇ ਫੁੱਲ ਦੀ ਕੀਮਤ 7 ਰੁਪੈ ਤੋਂ ਵੱਧ ਕੇ 100 ਰੁਪੈ ਤੱਕ ਪਹੁੰਚ ਗਈ ਹੈ, ਹੈਰਾਨ ਹੋ ਰਿਹਾ ਹਾਂ। ਜਦ ਕਿ ਭਾਰਤ ਵਿਚ ਗਰੀਬੀ ਤੋਂ ਤੰਗ ਆਏ ਲੋਕ ਸੈਕੜਿਆਂ ਦੀ ਗਿਣਤੀ ਵਿਚ ਹਰ ਰੋਜ਼ ਆਤਮ ਹੱਤਿਆਵਾਂ ਕਰ ਰਹੇ ਹਨ।

ਮੈਂ ਪਿਆਰ ਦੇ ਪ੍ਰਗਟਾਵੇ ਦੇ ਵਿਰੁਧ ਨਹੀਂ ਹਾਂ। ਜ਼ਰੂਰੀ ਕਰਨਾ ਚਾਹੀਦਾ ਹੈ। ਪਰ ਸਾਨੂੰ ਅੱਜ ਪੱਛਮ ਦੇ ਕੰਮ ਕਰਨ ਦੇ ਸਭਿਆਚਾਰ, (Work Culture) ਈਮਾਨਦਾਰੀ, ਦੇਸ਼ ਪ੍ਰਤੀ ਪਿਆਰ ਅਪਨਾਉਣ ਦੀ ਜ਼ਿਆਦਾ ਲੋੜ ਹੈ। ਪੱਛਮ ਦੀ ਨਕਲ ਕਰਨ ਦੀ ਇਕ ਹੋਰ ਲੋੜ ਸਾਨੂੰ ਆਪਣੇ ਪਰਿਵਾਰਾਂ ਨੂੰ ਸੀਮਤ ਕਰਨ (Family Planning) ਦੀ ਹੈ। ਭਾਰਤ ਦੇ ਜਿਹੜੀ ਵੀ ਕੋਈ ਤਰੱਕੀ ਕੀਤੀ ਹੈ, ਉਸ ਦਾ ਬਹੁਤਾ ਹਿੱਸਾ ਤਾਂ ਆਬਾਦੀ ਦੇ ਵਾਧੇ ਨੇ ਖਾ ਲਿਆ ਹੈ।

ਅੱਜ ਸਾਨੂੰ ਪੱਛਮ ਦੇ ਚੰਗੇ ਗੁਣਾਂ ਦੀ ਨਕਲ ਕਰਨ ਦੀ ਜ਼ਿਆਦਾ ਲੋੜ ਹੈ।

# ਸਵੀਟ ਸਿਕਸਟੀਨ ਬਰਥ ਡੇ ਪਾਰਟੀ

ਮੈਨੂੰ ਮਿਤੀ 16 ਫਰਵਰੀ 2008 ਨੂੰ ਦਿਨ ਸ਼ਨਿਚਰਵਾਰ ਨੂੰ ਆਪਣੇ ਜੁਆਈ ਦੇ ਪਰਿਵਾਰ ਨਾਲ ਉਸ ਦੇ ਇਕ ਸਹਿ ਕਰਮੀ ਡਾਕਟਰ ਦੀ ਸਵੀਟ ਸਿਕਸਟੀਨ ਬਰਥ ਡੇ ਪਾਰਟੀ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਅਮਰੀਕਾ ਵਿਚ ਸਾਰੇ ਹੀ ਫੰਕਸ਼ਨ ਛੁੱਟੀ ਵਾਲੇ ਦਿਨ ਸਨਿਚਰਵਾਰ ਤੇ ਐਤਵਾਰ ਨੂੰ ਹੁੰਦੇ ਹਨ। ਇਹ ਪਾਰਟੀ ਮਰਸਿਡ ਸ਼ਹਿਰ ਵਿਚ ਸੀ। ਫਰਿਜ਼ਨੋ ਤੋਂ ਇਹ ਸ਼ਹਿਰ ਇਕ ਘੰਟੇ ਦਾ ਸਫਰ ਹੈ। ਅਮਰੀਕਾ ਵਿਚ ਆਮ ਤੌਰ ਤੇ ਤੁਹਾਨੂੰ ਕੋਈ ਵੀ ਬੰਦਾ ਸੜਕ ਤੇ ਪੈਦਲ ਤੁਰਦਾ ਨਹੀਂ ਮਿਲੇਗਾ। ਜਿਸ ਤੋਂ ਤੁਸੀਂ ਕਿਸੇ ਦੇ ਘਰ ਦਾ ਜਾਂ ਹੋਰ ਸਥਾਨ ਦਾ ਪਤਾ ਕਰ ਸਕੋ। ਏਥੇ ਸਾਰੇ ਲੋਕ ਆਪਣੀਆਂ ਗੱਡੀਆਂ ਤੇ ਸਫਰ ਕਰਦੇ ਹਨ। ਹਾਂ! ਐਨਾ ਜ਼ਰੂਰ ਹੈ, ਤੁਸੀਂ ਰੈਡ ਲਾਈਟ ਤੇ ਖੜੇ ਕਿਸੇ ਕਾਰ/ਗੱਡੀ ਵਾਲੇ ਤੋਂ ਰਾਹ ਜਾਂ ਕਿਸੇ ਦੇ ਘਰ ਦਾ ਪਤਾ ਪੁੱਛ ਸਕਦੇ ਹੋ। ਇਸ ਲਈ ਹਰ ਬੰਦਾ, ਹਰ ਪਰਿਵਾਰ ਨੇ ਜਿਸ ਕਿਸੇ ਫੰਕਸ਼ਨ ਵਾਲੀ ਥਾਂ ਤੇ ਜਾਣਾ ਹੁੰਦਾ ਹੈ, ਉਸ ਦਾ ਪਤਾ ਟਿਕਾਣਾ ਜਾਂ ਤਾਂ ਪਹਿਲਾਂ ਟੈਲੀਫੂਨ ਤੇ ਕਰ ਲਿਆ ਜਾਂਦਾ ਹੈ ਜਾਂ ਕਈ ਵੇਰ ਸੱਦਾ ਪੱਤਰ ਵਿਚ ਵਿਸਥਾਰ ਨਾਲ ਉਲੀਕਿਆ ਹੁੰਦਾ ਹੈ। ਜਾਂ ਮੁੱਖ ਮੁੱਖ ਥਾਵਾਂ ਤੇ ਪਤੇ ਟਿਕਾਣੇ ਏਥੇ ਕੰਪਿਊਟਰ ਵਿਚ ਫੀਡ ਕੀਤੇ ਹੁੰਦੇ ਹਨ, ਉਹ ਘਰੋਂ ਲੈ ਕੇ ਤੁਰਿਆ ਜਾਂਦਾ ਹੈ।

ਹੁਣ ਬਹੁਤੀਆਂ ਗੱਡੀਆਂ ਵਿਚ ਅਜੇਹੇ ਉਪਕਰਨ ਲੱਗੇ ਹੋਏ ਹਨ, ਜਿਨ੍ਹਾਂ ਵਿਚ ਤੁਸੀਂ ਜਾਣ ਵਾਲੇ ਸ਼ਹਿਰ ਦੇ ਸਥਾਨ ਦੀ ਥਾਂ ਫੀਡ ਕਰ ਦੇਣੀ ਹੁੰਦੀ ਹੈ। ਫੇਰ ਗੱਡੀ ਦਾ ਉਪਕਰਨ ਆਪਣੇ ਆਪ ਹੀ ਲੋੜ ਅਨੁਸਾਰ ਤੁਹਾਨੂੰ ਵਾਰ ਵਾਰ ਬੋਲ ਬੋਲ ਕੇ ਜਾਣ ਵਾਲੀ ਥਾਂ ਲਈ ਗਾਈਡ ਕਰਦਾ ਰਹੂੰਗਾ। ਇਹ ਉਪਕਰਨ ਤੁਹਾਨੂੰ ਤੁਸੀਂ ਕਿਹੜੇ ਟਾਈਮ ਉਸ ਸ਼ਹਿਰ ਤੇ ਉਸ ਸਥਾਨ ਤੇ ਪਹੁੰਚੋਗੇ, ਉਹ ਟਾਈਮ ਵੀ ਦੱਸੇਗਾ। ਉਸ ਸਥਾਨ ਦੀ ਰਹਿੰਦੀ ਜਾਂਦੀ ਦੂਰੀ ਵੀ ਦੱਸਦਾ ਜਾਵੇਗਾ। ਤੁਸੀਂ ਉਸ ਉਪਕਰਨ ਦੀ ਸੂਚਨਾ ਅਨੁਸਾਰ ਗੱਡੀ ਜਲਾਈ ਜਾਵੋ ਤੇ ਸਹੀ ਟਿਕਾਣੇ ਤੇ ਪਹੁੰਚ ਜਾਵੋਗੇ। ਏਸ ਉਪਕਰਨ ਨੂੰ ਨੈਵੀਗੇਸ਼ਨ ਸਿਸਟਮ ਕਹਿੰਦੇ ਹਨ। ਮੇਰੇ ਜੁਆਈ ਦੀ ਗੱਡੀ ਵਿਚ ਇਹ ਯੰਤਰ ਲੱਗਿਆ ਹੋਇਆ ਸੀ। ਏਸ ਲਈ ਸਾਨੂੰ ਫੰਕਸ਼ਨ ਵਾਲੀ ਥਾਂ ਤੇ ਪਹੁੰਚਣ ਲਈ ਕਿਸੇ ਤੋਂ ਰਾਹ ਪੁੱਛਣ ਦੀ ਲੋੜ ਨਾ ਪਈ।

ਸਿਆਣੇ ਕਹਿੰਦੇ ਹਨ, ਰੱਜ਼ ਨੂੰ ਚੱਜ ਆ ਜਾਂਦਾ ਹੈ। ਜਿਸ ਕੋਲ ਪੈਸੇ ਹੋਣ, ਉਹ

ਪਰਿਵਾਰ ਉਨ੍ਹਾਂ ਪੈਸਿਆਂ ਨੂੰ ਖਰਚ ਕਰਨ ਲਈ ਕੋਈ ਨਾ ਕੋਈ ਬਹਾਨਾ, ਢੰਗ, ਵਿਉਤ ਲੱਭ ਲੈਂਦਾ ਹੈ। ਵੈਸੇ ਵੀ ਰੀਸ ਕਰਨ ਦੀ ਪ੍ਰਵਿਰਤੀ ਦੁਨੀਆਂ ਦੇ ਹਰ ਮਨੁੱਖ ਵਿਚ ਹੈ। ਏਸ ਰੀਸ ਕਰਨ ਦੀ ਪ੍ਰਵਿਰਤੀ ਕਰ ਕੇ ਹੀ ਅਮਰੀਕਾ ਵਿਚ ਵਸੇ ਖਾਂਦੇ ਪੀਂਦੇ ਪੰਜਾਬੀਆਂ ਨੇ ਵਿਸ਼ੇਸ਼ ਤੌਰ ਤੇ ਆਮ ਭਾਰਤੀਆਂ ਨੇ ਅਮਰੀਕਾ ਦੀਆਂ ਬਹੁਤੀਆਂ ਰੀਤੀਆਂ, ਰਸ਼ਮਾਂ ਅਪਨਾ ਲਈਆਂ ਹਨ। ਇਨ੍ਹਾਂ ਰੀਤੀਆਂ ਵਿਚੋਂ ਹੀ ਏਥੋਂ ਦੀ ਰੀਤੀ ਅਨੁਸਾਰ ਜਦ ਭਾਰਤੀ ਲੜਕੀ 16 ਸਾਲ ਦੀ ਉਮਰ ਪੂਰੀ ਕਰਦੀ ਹੈ ਤਾਂ ਸਵੀਟ ਸਿਕਸਟੀਨ ਬਰਥ ਡੇ ਨਾਂ ਦੀ ਪਾਰਟੀ ਕੀਤੀ ਜਾਂਦੀ ਹੈ। ਜਦੋਂ ਕਿ ਪਹਿਲੇ ਸਮਿਆਂ ਵਿਚ ਪੰਜਾਬ ਵਿਚ 16 ਸਾਲ ਦੀ ਉਮਰ ਵਿਚ ਤਾਂ ਲੜਕੀ ਦਾ ਵਿਆਹ ਹੀ ਕਰ ਦਿੱਤਾ ਜਾਂਦਾ ਸੀ। ਇਸ ਦੀ ਪ੍ਰੋੜਤਾ ਸਾਡਾ ਇਕ ਲੋਕ ਗੀਤ ਕਰਦਾ ਹੈ—

ਪੰਦਰਾਂ ਸਾਲ ਦੀ ਹੋ ਗਈ ਕੁੜੀਏ,
ਸਾਲ ਸੋਲਵਾਂ ਚੜ੍ਹਿਆ।
ਗਿਆ ਬਚਪਨ ਆਈ ਜੁਆਨੀ,
ਰੂਪ ਜ਼ੋਬਨ ਦਾ ਚੜ੍ਹਿਆ।
ਬਾਪੂ ਤੇਰੇ ਤੋਰ ਪਛਾਣੀ,
ਘਰ ਪੰਡਤਾਂ ਦੇ ਵੜਿਆ।
ਖੋਲੋ ਪੱਤਰੀ, ਦੇਖੋ ਪੰਡਤ ਜੀ,
ਦਾਨ ਦੇਊਂ ਜੋ ਸਰਿਆ।
ਧੀਆਂ ਮੁਟਿਆਰਾਂ ਨੂੰ,
ਚੰਗਾ ਏ ਵਿਦਾ ਈ ਕਰਿਆ।

ਏਥੇ ਆਮ ਤੌਰ ਤੇ ਬਹੁਤੀਆਂ ਪਾਰਟੀਆਂ ਸਮੇਂ ਪਾਰਟੀ ਹਾਲ ਤੋਂ ਬਾਹਰ ਇਕ ਰਸਿਟਰ ਰੱਖਿਆ ਹੁੰਦਾ ਹੈ। ਇਸ ਰਜਿਸਟਰ ਵਿਚ ਪਾਰਟੀ ਵਿਚ ਸ਼ਾਮਲ ਹੋਣ ਵਾਲਾ ਹਰ ਵਿਅਕਤੀ/ਪਰਿਵਾਰ ਆਪਣਾ ਪਤਾ ਟਿਕਾਣਾ ਨੋਟ ਕਰਦਾ ਹੈ। ਏਸ ਤਰ੍ਹਾਂ ਰਜਿਸਟਰ ਵਿਚ ਕੀਤੇ ਇੰਦਰਾਜ ਨਾਲ ਪਰਿਵਾਰ ਵਾਲਿਆਂ ਨੂੰ ਪਾਰਟੀ ਵਿਚ ਸ਼ਾਮਲ ਹੋਏ ਮਹਿਮਾਨਾਂ ਦਾ ਪਤਾ ਲੱਗ ਜਾਂਦਾ ਹੈ। ਅਸੀਂ ਪਾਰਟੀ ਹਾਲ ਦੇ ਬਾਹਰ ਰੱਖੇ ਰਜਿਸਟਰ ਵਿਚ ਇੰਦਰਾਜ ਕੀਤੇ ਤੇ ਪਾਰਟੀ ਹਾਲ ਵਿਚ ਪਹੁੰਚ ਗਏ। ਪਾਰਟੀ ਦੇਣ ਵਾਲਾ ਪਰਿਵਾਰ ਸਾਊਥ ਇੰਡੀਅਨ ਸੀ। ਪੰਜਾਬੀ ਸਨੈਕਸ ਤੇ ਖਾਣਾ ਮਿਰਚ ਮਸਾਲੇ ਵਾਲਾ ਤੇ ਤੜਕੇ ਵਾਲਾ ਹੁੰਦਾ ਹੈ, ਜਦ ਕਿ ਸਾਊਥ ਇੰਡੀਅਨ ਸਨੈਕਸ ਤੇ ਖਾਣਾ ਥੋੜਾ ਖੱਟਾ ਮਿੱਠਾ ਹੁੰਦਾ ਹੈ।

ਹਾਲ ਵਿਚ ਡੀ. ਜੇ ਚੱਲ ਰਿਹਾ ਸੀ। ਪੰਜਾਬ ਆਂਗੂ ਏਥੇ ਡੀ. ਜੇ. ਚਲਦੇ ਸਮੇਂ ਨੱਚਣ ਵਾਲੇ ਮੁੰਡੇ ਕੁੜੀਆਂ ਭਾੜੇ ਤੇ ਨਹੀਂ ਕੀਤੇ ਹੁੰਦੇ। ਪਾਰਟੀ ਵਿਚ ਸ਼ਾਮਲ ਰਿਸ਼ਤੇਦਾਰ ਤੇ ਦੋਸਤ ਮਿੱਤਰ ਹੀ ਨੱਚਦੇ ਹਨ। ਅਸੀਂ ਏਸ ਪਾਰਟੀ ਵਿਚ ਦੋ ਘੰਟੇ ਦੇ ਕਰੀਬ ਸਮਾਂ ਬਿਤਾਇਆ। ਸਾਊਥ ਇੰਡੀਅਨ ਖਾਣਾ ਹੋਣ ਕਰਕੇ ਬਹੁਤਾ ਸੁਆਦ ਨਹੀਂ ਲੱਗਿਆ। ਰਾਤ ਦੇ 12.30 ਵਜੇ ਅਸੀਂ ਘਰ ਪਰਤੇ।

ਮੁੰਡਿਆਂ ਦੀ ਵੀ ਹੁਣ ਏਥੇ 16 ਸਾਲ ਦੀ ਉਮਰ ਹੋ ਜਾਣ ਤੇ ਪਾਰਟੀ ਕੀਤੀ ਜਾਣ ਲੱਗੀ ਹੈ। 16 ਸਾਲ ਦੀ ਉਮਰ ਦਾ ਹੋ ਜਾਣਾ ਜ਼ਿੰਦਗੀ ਦਾ ਇਕ ਅਹਿਮ ਸਥਾਨ ਹੈ।

ਅਮਰੀਕਾ ਅਤੇ ਕੈਨੇਡਾ ਵਿਚ 16 ਸਾਲ ਦੀ ਉਮਰ ਹੋਣ ਤੇ ਮੁੰਡੇ ਕੁੜੀਆਂ ਨੂੰ ਡਰਾਈਵਿੰਗ ਲਾਇੰਸ ਵੀ ਮਿਲ ਜਾਂਦੇ ਹਨ।

## ਨਿਊ ਯਾਰਕ-ਸਦਾ ਜਾਗਦਾ ਸ਼ਹਿਰ

ਅਮਰੀਕਾ ਦੇ ਸਕੂਲਾਂ ਵਿਚ ਸਾਲ ਵਿੱਚ ਤਿੰਨ ਵਾਰ ਛੁੱਟੀਆਂ ਹੁੰਦੀਆਂ ਹਨ। ਪਹਿਲੀਆਂ ਛੁੱਟੀਆਂ ਮਾਰਚ ਵਿਚ ਇਕ ਹਫ਼ਤੇ ਦੀਆਂ ਹੁੰਦੀਆਂ ਹਨ। ਇਨ੍ਹਾਂ ਛੁੱਟੀਆਂ ਨੂੰ ਸਪਰਿੰਗ ਹੌਲੀਡੇਜ਼ (ਬਸੰਤ ਰੁੱਤ ਦੀਆਂ ਛੁੱਟੀਆਂ) ਕਹਿੰਦੇ ਹਨ। ਈਸ਼ਟਰ ਦੀਆਂ ਛੁੱਟੀਆਂ ਵੀ ਕਹਿੰਦੇ ਹਨ। ਈਸ਼ਟਰ ਦਾ ਸਬੰਧ ਈਸਾ ਮਸ਼ੀਹ ਨਾਲ ਹੈ। ਦੂਜੀਆਂ ਛੁੱਟੀਆਂ ਗਰਮੀਆਂ ਦੀਆਂ ਛੁੱਟੀਆਂ ਹੁੰਦੀਆਂ ਹਨ। ਇਹ ਆਮ ਤੌਰ ਤੇ ਜੂਨ ਵਿਚ ਪਹਿਲੀਆਂ ਕਲਾਸਾਂ ਖਤਮ ਹੋਣ ਤੋਂ ਬਾਅਦ ਸ਼ੁਰੂ ਹੁੰਦੀਆਂ ਹਨ। ਅਗਸਤ ਦੇ ਅਖੀਰ ਤੱਕ ਚੱਲਦੀਆਂ ਹਨ। ਛੁੱਟੀਆਂ ਤੋਂ ਬਾਅਦ ਹੀ ਨਵੀਆਂ ਕਲਾਸਾਂ ਸ਼ੁਰੂ ਹੁੰਦੀਆਂ ਹਨ। ਤੀਜੀਆਂ ਛੁੱਟੀਆਂ ਕ੍ਰਿਸ਼ਮਿਸ਼ ਸਮੇਂ ਦਸੰਬਰ ਵਿਚ ਦੋ ਹਫਤਿਆਂ ਦੀਆਂ ਹੁੰਦੀਆਂ ਹਨ। ਏਥੇ ਅਮਰੀਕਾ ਵਿਚ ਲੋਕ ਕੰਮ ਵੇਲੇ ਪੂਰਾ ਦੱਬ ਕੇ ਕੰਮ ਕਰਦੇ ਹਨ ਤੇ ਛੁੱਟੀਆਂ ਦਾ ਪੂਰਾ ਅਨੰਦ ਮਾਣਦੇ ਹਨ।

ਮੇਰੇ ਜੁਆਈ ਨੇ ਸਪਰਿੰਗ ਹੌਲੀਡੇਜ਼ ਨੂੰ ਨਿਊ ਯਾਰਕ ਵਿਚ ਮਨਾਉਣ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਆਪਣੀ ਫੈਲੋਸ਼ਿਪ ਸਾਲ 1997 ਤੋਂ 2001 ਤੱਕ ਨਿਊ ਯਾਰਕ ਵਿਚ ਹੀ ਕੀਤੀ ਸੀ। ਮੇਰੇ ਦੋਵੇਂ ਛੋਟੇ ਦੋਹਤਿਆਂ ਦਾ ਜਨਮ ਵੀ ਨਿਊ ਯਾਰਕ ਵਿਚ ਹੋਇਆ ਸੀ। ਅਸੀਂ ਨਿਊ ਯਾਰਕ ਜਾਣ ਲਈ 15 ਮਾਰਚ ਦੇ ਦੁਪਹਿਰੇ ਦੇ 12 ਵਜੇ ਦੀਆਂ ਯੂਨਾਈਟਿਡ ਏਅਰ ਲਾਈਨਜ਼ ਦੀਆਂ ਟਿਕਟਾਂ ਸ਼ਾਨ ਫਰਾਂਸ਼ਿਸ਼ਕੋ ਤੋਂ ਬੁੱਕ ਕਰਵਾ ਲਈਆਂ। ਫਰਿਜ਼ਨੋ ਤੋਂ ਸ਼ਾਨ ਫਰਾਂਸ਼ਿਸ਼ਕੋ ਕਾਰ ਰਾਹੀਂ ਤਿੰਨ ਘੰਟੇ ਦਾ ਸਫਰ ਹੈ। ਟੂਰ ਦਾ ਸਾਮਾਨ ਅਸੀਂ 14 ਮਾਰਚ ਦੀ ਰਾਤ ਨੂੰ ਪੈਕ ਕਰ ਲਿਆ। 15 ਮਾਰਚ ਨੂੰ ਸਵੇਰੇ ਸਾਝਰੇ ਉੱਠ ਕੇ ਤਿਆਰ ਹੋ ਕੇ ਅਸੀਂ 7 ਵਜੇ ਸ਼ਾਨ-ਫਰਾਂਸ਼ਿਸ਼ਕੋ ਨੂੰ ਚੱਲ ਪਏ। 10 ਵਜੇ ਹਵਾਈ ਅੱਡੇ ਪਹੁੰਚ ਗਏ। ਕਾਰ ਲਾਂਗ ਟਰਮ ਪਾਰਕਿੰਗ ਵਿਚ ਖੜੀ ਕੀਤੀ। ਸਾਮਾਨ ਬਾਹਰ ਕੱਢਿਆ। ਉਥੋਂ ਏਅਰ ਲਾਈਨ ਦੀ ਬੱਸ ਵਿਚ ਸਵਾਰ ਹੋ ਕੇ ਡੋਮੈਸਿਟਕ ਏਅਰ ਪੋਰਟ ਪਹੁੰਚੇ।

ਸਾਡੇ ਕੋਲ ਛੋਟੇ ਅਟੈਚੀ ਸਨ। ਜਿਹੜੇ ਅਸੀਂ ਆਪਣੇ ਨਾਲ ਹੀ ਜਹਾਜ਼ ਦੇ ਅੰਦਰ ਲਿਜ਼ਾ ਸਕਦੇ ਸੀ। ਇਨ੍ਹਾਂ ਅਟੈਚੀਆਂ ਉਪਰ ਟੈਗ ਲਾਏ। ਬੋਰਡਿੰਗ ਪਾਸ ਪ੍ਰਾਪਤ ਕਰਨ ਲਈ ਮਸ਼ੀਨਾਂ ਲੱਗੀਆਂ ਹੋਈਆਂ ਸਨ। ਉਨ੍ਹਾਂ ਵਿਚ ਕਰੈਡਿਟ ਕਾਰਡ, ਫਲਾਈਟ ਨੰਬਰ ਦਾ ਵੇਰਵਾ ਭਰ ਕੇ ਬੋਰਡਿੰਗ ਪਾਸ ਕੱਢ ਲਏ। ਅਟੈਚੀਆਂ ਤੇ ਆਪਣੀ ਸਕਰੀਨਿੰਗ ਕਰਵਾਉਣ ਲਈ ਲਾਈਨ ਵਿਚ ਲੱਗ ਗਏ। ਅਟੈਚੀ, ਪਹਿਨੀਆਂ ਜੈਕਟਾਂ, ਪੈਂਟਾਂ ਦੀਆਂ ਬੈਲਟਾਂ, ਜੇਬਾਂ ਦਾ ਸਾਮਾਨ, ਸੈਲ ਫੂਨ, ਜੁੱਤੀਆਂ ਆਦਿ ਜੋ ਵੀ ਸਾਮਾਨ ਸਾਡੇ ਕੋਲ ਸੀ, ਲਾਹ ਕੇ ਕੱਢ ਕੇ

ਸਭ ਦੀ ਸ਼ਕਰੀਨਿੰਗ ਹੋਈ। ਮੇਰੇ ਪੱਗ ਬੰਨ੍ਹੀ ਹੋਈ ਸੀ। ਏਸ ਲਈ ਮੇਰੀ ਇਕ ਵੱਖਰੀ ਖੜ੍ਹੀ ਮਸ਼ੀਨ ਵਿਚ ਸ਼ਕਰੀਨਿੰਗ ਕੀਤੀ ਗਈ। ਜਦ ਤੋਂ ਨਿਊ ਯਾਰਕ ਵਿਚ ਸਤੰਬਰ 2001 ਵਿਚ ਅਤਿਵਾਦੀਆਂ ਨੇ ਵਰਡਟ੍ਰੇਡ ਸੈਂਟਰ ਤੇ ਹਮਲਾ ਕੀਤਾ ਹੈ, ਉਸ ਸਮੇਂ ਤੋਂ ਸ਼ਕਰੀਨਿੰਗ ਕਾਫੀ ਜ਼ਿਆਦਾ ਕੀਤੀ ਜਾਣ ਲੱਗੀ ਹੈ।

ਅਸੀਂ 81 ਨੰਬਰ ਗੇਟ ਤੋਂ ਜਹਾਜ਼ ਵਿਚ ਚੜ੍ਹਨਾ ਸੀ। ਏਥੇ ਜਹਾਜ਼ਾਂ ਤੇ ਸਵਾਰ ਹੋਣ ਲਈ ਦੋ ਮੰਜ਼ਲਾਂ ਵਿਚ 180 ਗੇਟ ਬਣੇ ਹੋਏ ਹਨ। ਭਾਵ ਹਵਾਈ ਅੱਡੇ ਦੇ 180 ਗੇਟਾਂ ਤੋਂ ਵੱਖ ਵੱਖ ਸ਼ਹਿਰਾਂ ਨੂੰ ਹਾਈ ਜਹਾਜ਼ ਉੱਡਦੇ ਹਨ। ਏਥੇ ਮੈਨੂੰ ਪ੍ਰਕਾਸ਼ ਸਿੰਘ ਬਾਦਲ ਜਦ ਪਿਛਲੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਿਆ ਸੀ ਤਾਂ ਉਸ ਵਲੋਂ ਪੰਜਾਬ ਨੂੰ ਪੰਜ ਸਾਲ ਵਿਚ ਕੈਲੀਫੋਰਨੀਆਂ ਬਣਾਉਣ ਦੀ ਫੜ੍ਹ ਮਾਰੀ ਯਾਦ ਆਈ ਹੈ। ਬਾਦਲ ਦੇ ਉਹ ਪੰਜ ਸਾਲ ਵੀ ਲੰਘ ਗਏ। ਬਾਦਲ ਹੁਣ ਫੇਰ ਦੋਵਾਰਾ ਮੁੱਖ ਮੰਤਰੀ ਬਣ ਗਿਆ ਹੈ। ਨਾ ਪਹਿਲੇ ਪੰਜ ਸਾਲਾਂ ਵਿਚ ਉਹ ਪੰਜਾਬ ਨੂੰ ਕੈਲੀਫੋਰਨੀਆਂ ਬਣਾ ਸਕਿਆ ਹੈ ਅਤੇ ਨਾ ਹੀ ਹੁਣ ਵਾਲੇ ਪੰਜ ਸਾਲਾਂ ਵਿਚ ਬਣਾ ਸਕੇਗਾ ? ਪੰਜਾਬ ਵਿਚੋਂ ਤਾਂ ਅਜੇ ਤੱਕ ਕਿਸੇ ਬਸ ਸਟੈਂਡ ਤੋਂ 180 ਥਾਵਾਂ ਨਹੀਂ ਬਣੀਆਂ, ਜਿੱਥੋਂ ਵੱਖ ਵੱਖ ਥਾਵਾਂ/ਸ਼ਹਿਰਾਂ/ਪਿੰਡਾਂ ਨੂੰ ਬੱਸਾਂ ਜਾਂਦੀਆਂ ਹੋਣ ? ਹਵਾਈ ਜਹਾਜ਼ਾਂ ਦੇ ਚੱਲਣ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ ? ਇਹ ਤਾਂ ਕੈਲੀਫੋਰਨੀਆਂ ਸੂਬੇ ਦੇ ਆਵਾਜਾਈ ਦੇ ਸਾਧਨਾਂ ਵਿਚ ਹੋਈ ਤਰੱਕੀ ਦੀ ਗੱਲ ਹੈ। ਕੈਲੀਫੋਰਨੀਆਂ ਸੂਬੇ ਨੇ ਵਿਸ਼ੇਸ਼ ਪ੍ਰਗਤੀ ਖੇਤੀ ਬਾੜੀ ਵਿਚ ਕੀਤੀ ਹੈ। ਜਦ ਕਿ ਸਾਡੇ ਪੰਜਾਬ ਦੇ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਵਾਹ! ਸਾਡੇ ਲੀਡਰਾਂ ਦੇ ਹਵਾਈ ਬਿਆਨ ? ਹਵਾਈ ਫੜ੍ਹਾਂ ? ਹਵਾਈ ਲਾਰੇ ?

ਅਸੀਂ ਲੰਮੇ ਹਾਲ ਵਿਚ ਦੀ ਲੰਘਦੇ ਹੋਏ 81 ਨੰਬਰ ਗੇਟ ਤੇ ਪਹੁੰਚ ਗਏ। ਹਰ ਗੇਟ ਅੱਗੇ ਸਵਾਰੀਆਂ ਦੇ ਬੈਠਣ ਲਈ ਵਧੀਆ ਗੱਦੇਦਾਰ ਕੁਰਸੀਆਂ ਲੱਗੀਆਂ ਹੋਈਆਂ ਸਨ। ਸਾਰੀਆਂ ਕੁਰਸੀਆਂ ਤੇ ਹੀ ਸਵਾਰੀਆਂ ਬੈਠੀਆਂ ਸਨ। ਸ਼ਾਨ-ਫਰਾਂਸ਼ਿਸ਼ਕੋ ਦੇ ਘਰੇਲੂ ਹਵਾਈ ਅੱਡੇ ਵਰਗਾ ਤਾਂ ਸਾਰੇ ਭਾਰਤ ਵਿਚ ਕੋਈ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਨਹੀਂ ਹੈ। ਹਰ ਮੰਜ਼ਲ ਉਪਰ ਕਈ ਫਾਸਟ ਫੂਡਜ਼, ਗਿਫਟ ਸ਼ਾਪਸ, ਵਾਈਨ ਸ਼ਾਪਸ, ਬੁੱਕ ਸ਼ਾਪਸ ਆਦਿ ਸਨ। ਮੈਨੂੰ ਦੋਵੇਂ ਮੰਜ਼ਲਾਂ ਵਿਚ ਕੋਈ ਵੀ ਪੱਗ ਵਾਲਾ ਪੰਜਾਬੀ ਨਜ਼ਰ ਨਹੀਂ ਆਇਆ। ਮੇਰੀ ਪੱਗ ਤੇ ਮੇਰਾ ਸਵਾ ਛੇ ਫੁੱਟਾ ਕੱਦ ਮੇਰੀ ਵੱਖਰੀ ਹੀ ਪਛਾਣ ਬਣਾ ਰਿਹਾ ਸੀ। ਜਿਵੇਂ ਵਾਰਸ ਸ਼ਾਹ ਆਪਣੀ ਹੀਰ ਦੀ ਵੱਖਰੀ ਪਛਾਣ ਬਾਰੇ ਕਹਿੰਦਾ ਹੈ—

'ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ'

ਏਸੇ ਤਰ੍ਹਾਂ ਸਾਨੂੰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੀ ਵੱਖਰੀ ਪਛਾਣ ਨੇ ਸਾਰੇ ਸੰਸਾਰ ਵਿਚੋਂ ਨਿਵੇਕਲਾ ਰੂਪ ਦਿੱਤਾ ਹੈ।

ਅਮਰੀਕਾ ਵਿਚ ਘਰੇਲੂ ਉਡਾਣਾਂ ਵਿਚ ਖਾਣਾ ਨਹੀਂ ਦਿੱਤਾ ਜਾਂਦਾ। ਸਿਰਫ ਜੂਸ, ਚਾਹ, ਕਾਫੀ ਤੇ ਮਾਮੂਲੀ ਜਿਹੇ ਸਨੈਕਸ ਦਿੱਤੇ ਜਾਂਦੇ ਹਨ। ਜਿਸ ਸਵਾਰੀ ਨੇ ਸਨੈਕਸ ਤੋਂ ਬਿਨਾਂ ਹੋਰ ਖਾਣਾ ਹੋਵੇ, ਉਹ ਮੁੱਲ ਖਰੀਦ ਕੇ ਖਾ ਸਕਦਾ ਹੈ। ਸਾਡੀ 5 ਘੰਟੇ ਦੀ ਉਡਾਨ ਸੀ। ਏਸ ਲਈ ਅਸੀਂ ਫਾਸਟ ਫੂਡ ਤੇ ਡਰਿੰਕਸ ਲਈਆਂ। ਖਾਣ ਪੀਣ ਤੋਂ ਵਿਹਲੇ ਹੋਏ ਤਾਂ ਜਹਾਜ਼ ਵਿਚ ਸਵਾਰ ਹੋਣ ਦਾ ਐਲਾਨ ਹੋ ਗਿਆ। ਵਾਰੀ ਵਾਰੀ ਸਾਰੀਆਂ ਸਵਾਰੀਆਂ

ਜਹਾਜ਼ ਵਿਚ ਚੜ੍ਹ ਗਈਆਂ। ਮੇਰੀ ਸੀਟ ਵਿੰਡੋ ਦੇ ਨਾਲ ਵਾਲੀ ਸੀ। ਜਹਾਜ਼ ਪੂਰਾ ਭਰ ਗਿਆ। ਥੋੜੀ ਦੇਰ ਪਿੱਛੋਂ ਹੀ ਠੀਕ ਟਾਈਮ 11.55 ਤੇ ਜਹਾਜ਼ ਉੱਡ ਪਿਆ। ਵਿਮਾਨ ਸੇਵਿਕਾਵਾਂ (ਏਅਰ ਹੋਸਟਿਸ) ਨੇ ਥੋੜੇ ਸਮੇਂ ਪਿਛੋਂ ਜੂਸ, ਚਾਹ ਤੇ ਸਨੈਕਸ ਵਰਤਾਉਣੇ ਸ਼ੁਰੂ ਕਰ ਦਿੱਤੇ। ਜਹਾਜ਼ ਵਿਚੋਂ ਸ਼ਾਨ ਫਰਾਂਸ਼ਿਸ਼ਕੋ ਦੇ ਘਰ ਸੀਖਾਂ ਦੀਆਂ ਡੱਬੀਆਂ ਵਰਗੇ ਲੱਗਦੇ ਸਨ। ਜਹਾਜ਼ ਪਹਿਲਾਂ ਖੁਸ਼ਕ ਪਹਾੜੀਆਂ ਉਪਰੋਂ ਦੀ ਉੱਡਿਆ। ਫੇਰ ਬਰਫ ਲੱਦੇ ਪਹਾੜਾਂ ਉਪਰੋਂ।

ਨਿਊ ਯਾਰਕ ਵਿਚ ਅਸੀਂ ਹਰਜਿੰਦਰ ਸਿੰਘ ਹੋਰਾਂ ਦੇ ਘਰ ਠਹਿਰਨਾ ਸੀ। ਉਨ੍ਹਾਂ ਨੂੰ ਅਸੀਂ ਆਉਣ ਬਾਰੇ ਪਹਿਲਾਂ ਹੀ ਸੂਚਿਤ ਕੀਤਾ ਹੋਇਆ ਸੀ। ਹਰਜਿੰਦਰ ਸਿੰਘ ਦਾ ਪਿੰਡ ਗਹਿਲੇ ਵਾਲ ਹੈ। ਇਹ ਸਮਰਾਲੇ ਤੋਂ ਝਾੜ ਸਾਹਿਬ ਨੂੰ ਜਾਂਦੀ ਸੜਕ ਉਪਰ ਹੈ। ਸਮਰਾਲੇ ਦੇ ਨਾਲ ਹੀ ਲੱਗਦਾ ਹੈ। ਜਦ ਮੈਂ 1992 ਵਿਚ ਸਮਰਾਲੇ ਅਸਿਸਟੈਂਟ ਰਜਿਸਟਰਾਰ ਕੋਆਪਰੇਟਿਵ ਸੋਸਾਇਟੀਜ਼ ਲੱਗਿਆ ਹੋਇਆ ਸੀ, ਉਸ ਸਮੇਂ ਸਾਰੀ ਸਮਰਾਲਾ ਤਹਿਸੀਲ ਮੇਰੇ ਅਧੀਨ ਹੁੰਦੀ ਸੀ। ਏਸ ਲਈ ਇਹ ਸਾਰੇ ਪਿੰਡ ਮੇਰੇ ਵੇਖੇ ਹੋਏ ਸਨ। ਹਰਜਿੰਦਰ ਸਿੰਘ ਦੀ ਪਤਨੀ ਰਛਪਾਲ ਕੌਰ ਮੇਰੀ ਪਤਨੀ ਦੀ ਮਾਮੀ ਦੀ ਸਕੀ ਭਤੀਜੀ ਹੈ। ਹਰਜਿੰਦਰ ਸਿੰਘ ਪਹਿਲਾਂ ਸਮੁੰਦਰੀ ਜਹਾਜ਼ਾਂ ਵਿਚ ਸਰਵਿਸ ਕਰਦਾ ਸੀ। ਫੇਰ ਉਹ ਸਾਲ 1984 ਵਿਚ ਨਿਊ ਯਾਰਕ ਆ ਗਿਆ। ਉਸ ਸਮੇਂ ਤੋਂ ਹੀ ਨਿਊ ਯਾਰਕ ਵਿਚ ਰਹਿ ਰਿਹਾ ਹੈ। ਮੇਰੇ ਜੁਆਈ, ਮੇਰੀ ਲੜਕੀ ਦਾ ਹਰਜਿੰਦਰ ਸਿੰਘ ਹੋਰਾਂ ਦੇ ਪਰਿਵਾਰ ਨਾਲ ਸਾਲ 1997 ਤੋਂ ਹੀ, ਜਦੋਂ ਉਹ, ਏਥੇ ਫੈਲੋਸ਼ਿਪ ਕਰ ਰਹੇ ਸਨ, ਬੜੇ ਹੀ ਨਿੱਘੇ ਤੇ ਪਿਆਰ ਵਾਲੇ ਸਬੰਧ ਚਲੇ ਆ ਰਹੇ ਹਨ।

ਕੈਲੀਫੋਰਨੀਆਂ ਤੋਂ ਨਿਊ ਯਾਰਕ ਦਾ ਟਾਈਮ 3 ਘੱਟੇ ਅੱਗੇ ਹੈ। ਸਾਡੀ ਫਲਾਈਟ 5 ਘੰਟੇ ਦੀ ਸੀ। ਸਾਡਾ ਜਹਾਜ਼ ਠੀਕ ਟਾਈਮ ਰਾਤ ਦੇ 8 ਵਜੇ ਨਿਊ ਯਾਰਕ ਦੇ ਕੈਨੇਡੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੇ ਉੱਤਰ ਗਿਆ। ਅਟੈਚੀ ਸਾਡੇ ਕੋਲ ਹੀ ਸਨ। ਅਟੈਚੀ ਚੁੱਕੇ। ਮੈਟਰੋ ਤੇ ਚੜ੍ਹੇ ਤੇ ਉੱਤਰੇ। ਚਲਦੀਆਂ ਪੌੜੀਆਂ ਤੇ ਚੜ੍ਹੇ ਤੇ ਉੱਤਰੇ। ਰੈਂਨਟਲ ਕਾਰਾਂ ਵਾਲੇ ਦਫਤਰ ਪਹੁੰਚੇ। ਮਨ ਪਸੰਦ ਦੀ ਕਾਰ ਰੈਂਨਟ ਕੀਤੀ। ਅਮਰੀਕਾ ਵਿਚ ਜਿਹੜੀਆਂ ਰੈਂਨਟਲ ਕਾਰਾਂ ਹੁੰਦੀਆਂ ਹਨ, ਉਨ੍ਹਾਂ ਕਾਰਾਂ ਨੂੰ ਰੈਂਨਟ ਤੇ ਲੈਣ ਵਾਲੇ ਵਿਅਕਤੀ ਆਪ ਚਲਾਉਂਦੇ ਹਨ। ਕਾਰ ਦਾ ਸਿਰਫ ਕਰਾਇਆ ਹੀ ਦਿੱਤਾ ਜਾਂਦਾ ਹੈ। ਅਟੈਚੀ ਕਾਰ ਵਿਚ ਰੱਖੇ। ਹਰਜ਼ਿੰਦਰ ਸਿੰਘ ਹੋਰਾਂ ਦੇ ਘਰ ਨੂੰ ਚੱਲ ਪਏ। ਉਨ੍ਹਾਂ ਦਾ ਘਰ ਐਸਕੋਰੀਆ (Ascoria) ਵਿਚ ਹੈ। ਇਕ ਘੰਟੇ ਦੇ ਸਫਰ ਪਿਛੋਂ 9 ਵਜੇ ਅਸੀਂ ਹਰਜਿੰਦਰ ਸਿੰਘ ਹੋਰਾਂ ਦੇ ਘਰ ਪਹੁੰਚ ਗਏ। ਹਰਜਿੰਦਰ ਸਿੰਘ, ਉਨ੍ਹਾਂ ਦੀ ਪਤਨੀ ਰਛਪਾਲ ਕੌਰ ਤੇ ਪੁਤਰੀ ਰਮਨ ਬੜੇ ਉੱਡ ਕੇ ਮਿਲੇ। ਸਾਰੇ ਪਰਿਵਾਰ ਦਾ ਸੁਭਾਅ ਬਹੁਤ ਹੀ ਮਿਲਾਪੜਾ ਹੈ। ਹਰਜਿੰਦਰ ਕੁਝ ਜ਼ਿਆਦਾ ਹੀ ਨਿਘਾ ਤੇ ਮਿੱਠਾ ਹੈ। ਗੱਲਾਂ ਨਾਲ ਸਭ ਦਾ ਜੀਅ ਲਾ ਰੱਖਦਾ ਹੈ। ਬਹੁਤ ਮਿਹਨਤੀ ਹੈ। ਉਨ੍ਹਾਂ ਦਾ ਲੜਕਾ ਹਰਜੋਤ ਬਾਹਰ ਇਕ ਕਾਲਜ ਵਿਚ ਪੜ੍ਹਦੇ ਹੋਣ ਕਰਕੇ ਘਰ ਨਹੀਂ ਸੀ। ਹਰਜਿੰਦਰ ਹੋਰਾਂ ਦੇ ਪਰਿਵਾਰ ਦੀ ਮੇਰੇ ਜੁਆਈ ਦੇ ਪਰਿਵਾਰ ਨਾਲ ਟੈਲੀਫੂਨ ਤੇ ਗੱਲਬਾਤ ਹੁੰਦੀ ਰਹਿੰਦੀ ਸੀ। ਨਿੱਜੀ ਤੌਰ ਤੇ ਉਹ 7 ਸਾਲ ਤੋਂ ਬਾਅਦ ਅੱਜ ਮਿਲੇ ਸਨ। ਇਨ੍ਹਾਂ ਸਾਲਾਂ ਵਿਚ ਬੱਚੇ ਵੱਡੇ ਹੋ ਗਏ ਸਨ। ਪੁਰਾਣੀਆਂ ਯਾਦਾਂ ਤਾਜਾ ਕੀਤੀਆਂ ਗਈਆਂ। ਰੋਟੀ ਖਾਣ ਤੋਂ ਬਾਅਦ ਗੱਲਾਂ ਦਾ ਸਿਲਸਿਲਾ ਫੇਰ ਸ਼ੁਰੂ ਹੋ ਗਿਆ, ਜਿਹੜਾ ਰਾਤ ਦੇ ਇਕ ਵਜੇ ਤੱਕ

ਚਲਦਾ ਰਿਹਾ।

16 ਮਾਰਚ ਦਿਨ ਐਤਵਾਰ ਸਾਡਾ ਨਿਊ ਯਾਰਕ ਵਿਚ ਪਹਿਲਾ ਦਿਨ ਸੀ। ਨਿਊ ਯਾਰਕ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਸਾਲ 2007 ਵਿਚ ਇਸ ਦੀ ਜਨ ਸੰਖਿਆ 83 ਲੱਖ ਸੀ। ਆਬਾਦੀ ਪੱਖੋਂ ਨਿਊ ਯਾਰਕ ਸੰਸਾਰ ਦਾ ਤੇਰਵਾਂ ਵੱਡਾ ਸ਼ਹਿਰ ਹੈ। ਇਸ ਸ਼ਹਿਰ ਦਾ ਸ਼ਹਿਰੀ ਖੇਤਰ ਸੰਸਾਰ ਦੇ ਸਾਰੇ ਸ਼ਹਿਰਾਂ ਨਾਲੋਂ ਵੱਡਾ ਹੈ। ਇਹ 469 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਇਸ ਖੇਤਰ ਵਿਚੋਂ 303 ਵਰਗਮੀਲ ਜ਼ਮੀਨੀ ਖੇਤਰ ਹੈ। 166 ਵਰਗਮੀਲ ਪਾਣੀ ਵਾਲਾ ਖੇਤਰ ਹੈ। ਇਹ ਸੰਸਾਰ ਦੇ ਵੱਡੇ ਵਪਾਰਕ ਤੇ ਵਿੱਤੀ ਖੇਤਰਾਂ ਵਿਚੋਂ ਇਕ ਹੈ। ਯੂਨਾਈਟਿਡ ਨੇਸ਼ਨਜ਼ ਆਰਗੇਨਾਈਜੇਸ਼ਨ ਦਾ ਹੈਡਕੁਆਟਰ ਏਥੇ ਹੈ। ਇਸ ਕਰਕੇ ਇਹ ਸ਼ਹਿਰ ਦੁਨੀਆਂ ਦੇ ਵਿਦੇਸ਼ੀ ਮਾਮਲਿਆਂ ਦਾ ਕੇਂਦਰ ਹੈ। ਏਸੇ ਕਰਕੇ ਹੀ ਨਿਊ ਯਾਰਕ ਦਾ ਸੰਸਾਰ ਦੀ ਸਿਆਸਤ ਵਿਚ, ਵਿਦਿਅਕ ਖੇਤਰ ਵਿਚ, ਆਰਟ ਤੇ ਫੈਸ਼ਨ ਵਿਚ, ਮੌਜ ਮਸਤੀ ਵਿਚ ਤੇ ਸੰਚਾਰ ਸਾਧਨਾਂ ਵਿਚ ਪਹਿਲਾ ਸਥਾਨ ਹੈ। ਸਾਲ 2005 ਵਿਚ ਨਿਊ ਯਾਰਕ ਸ਼ਹਿਰ ਦੇ ਵਸਨੀਕ 170 ਭਾਸ਼ਾਵਾਂ ਬੋਲਦੇ ਸਨ। ਏਥੇ ਦਿਨ ਰਾਤ 24 ਘੰਟੇ ਟ੍ਰੈਫਿਕ ਚਲਦੀ ਹੈ। ਏਸੇ ਕਰਕੇ ਹੀ ਨਿਊ ਯਾਰਕ ਸ਼ਹਿਰ ਨੂੰ ਸਦਾ ਜਾਗਦਾ ਸ਼ਹਿਰ (The city that never sleep) ਕਰਕੇ ਜਾਣਿਆ ਜਾਂਦਾ ਹੈ।

ਸਾਲ 1664 ਵਿਚ ਇੰਗਲੈਂਡ ਨੇ ਇਸ ਸ਼ਹਿਰ ਤੇ ਕਬਜ਼ਾ ਕੀਤਾ। ਇਸ ਸ਼ਹਿਰ ਦਾ ਪਹਿਲਾ ਨਾਂ New Angouleme ਸੀ। ਫੇਰ ਏਸਦਾ ਨਾਂ New Amsterdam ਰੱਖਿਆ ਗਿਆ। ਅੰਗਰੇਜ਼ਾਂ ਨੂੰ ਆਪਣੇ ਕਬਜ਼ੇ ਪਿਛੋਂ ਇਸ ਸ਼ਹਿਰ ਦਾ ਨਾਂ ਨਿਊ ਯਾਰਕ ਰੱਖਿਆ। ਵਪਾਰਕ ਬੰਦਰਗਾਹ ਬਣਨ ਤੇ ਸ਼ਹਿਰ ਦੀ ਮਹੱਤਤਾ ਵਧੀ। ਸਾਲ 1754 ਵਿਚ ਏਥੇ ਕੋਲੰਬੀਆ ਯੂਨੀਵਰਸਿਟੀ ਬਣਨ ਨਾਲ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਸ਼ੁਰੂ ਹੋ ਗਿਆ। 1835 ਵਿਚ ਨਿਊ ਯਾਰਕ ਸ਼ਹਿਰ ਦੀ ਆਬਾਦੀ ਅਮਰੀਕਾ ਦੇ ਸਾਰੇ ਸ਼ਹਿਰਾਂ ਨਾਲੋਂ ਵੱਧ ਹੋ ਗਈ, ਜਿਹੜੀ ਹੁਣ ਤੱਕ ਵੱਧ ਚਲੀ ਆ ਰਹੀ ਹੈ। ਨਿਊ ਯਾਰਕ ਵਿਚ ਸਾਰੇ ਸੰਸਾਰ ਨਾਲੋਂ ਵੱਧ ਬਹੁ-ਮੰਜ਼ਲੀਆਂ ਉੱਚੀਆਂ ਬਿਲਡਿੰਗਾਂ ਹਨ। ਆਬਾਦੀ ਬਹੁਤ ਜ਼ਿਆਦਾ ਹੋਣ ਕਰਕੇ ਏਥੇ ਘਰ ਬਹੁਤ ਮਹਿੰਗੇ ਹਨ। ਆਬਾਦੀ ਬਹੁਤ ਸੰਘਣੀ ਹੈ। ਨਿਊ ਯਾਰਕ ਸ਼ਹਿਰ ਵਿਚ 28 ਹਜ਼ਾਰ ਏਕੜ ਜ਼ਮੀਨ ਵਿਚ ਪਾਰਕ ਹਨ। 14 ਮੀਲ ਲੰਬੀਆਂ ਬੀਚਾਂ ਹਨ। ਏਥੋਂ ਦੀ Jamaica Bay wildlife Refuge ਇਕੱਲੀ ਹੀ 9 ਹਜ਼ਾਰ ਏਕੜ ਵਿਚ ਹੈ।

ਨਿਊ ਯਾਰਕ ਸ਼ਹਿਰ ਅੰਤਰ-ਰਾਸ਼ਟਰੀ ਕਾਰ ਵਿਹਾਰ ਦਾ ਧੁਰਾ ਹੈ। ਇਹ ਸੰਸਾਰ ਦੀ ਆਰਥਿਕਤਾ ਦੇ ਤਿੰਨ ਕਮਾਂਡ ਸੈਂਟਰ ਵਿਚੋਂ ਇਕ ਹੈ। ਦੂਜੇ ਦੋ ਕਮਾਂਡ ਸੈਂਟਰ ਲੰਡਨ ਤੇ ਟੋਕਿਊ ਹਨ। ਨਿਊ ਯਾਰਕ ਇਨਸ਼ੋਰੈਨਸ਼, ਵਿੱਤ, ਪ੍ਰਾਪਰਟੀ, ਸੰਚਾਰ ਤੇ ਆਰਟ ਦਾ ਅਮਰੀਕਾ ਦਾ ਵੱਡਾ ਕੇਂਦਰ ਹੈ। ਬਹੁਤ ਸਾਰੀਆਂ ਵੱਡੀਆਂ ਕਾਰਪੋਰੇਸ਼ਨਜ਼ ਦੇ ਹੈਡ ਕੁਆਟਰ ਨਿਊ ਯਾਰਕ ਵਿਚ ਹਨ। ਬਹੁਤੀਆਂ ਵਿਦੇਸ਼ੀ ਕਾਰਪੋਰੇਸ਼ਨਾਂ ਦੇ ਕੇਂਦਰ ਸਥਾਨ ਵੀ ਏਥੇ ਹਨ। ਟੈਲੀਵੀਜ਼ਨ ਤੇ ਫਿਲਮ ਇੰਡਸਟਰੀ, ਫੂਡ ਪ੍ਰੋਸੈਸਿੰਗ ਇੰਡਸਟਰੀ ਏਥੇ ਹਨ। ਏਸੇ ਕਰਕੇ ਹੀ ਸਭ ਤੋਂ ਜ਼ਿਆਦਾ ਰੁਜ਼ਗਾਰ ਦੇ ਸਾਧਨ ਵੀ ਨਿਊ ਯਾਰਕ ਵਿਚ ਹਨ। ਟੂਰਿਜ਼ਮ ਤੋਂ ਵੀ ਕਾਫੀ ਆਮਦਨ ਹੁੰਦੀ ਹੈ। ਕਰੋੜਾਂ ਟੂਰਿਸ਼ਟ ਆਉਂਦੇ ਹਨ।

ਨਿਊ ਯਾਰਕ ਸ਼ਹਿਰ ਦੀ ਸਿਟੀ ਯੂਨੀਵਰਸਿਟੀ ਆਫ ਨਿਊਯਾਰਕ ਅਮਰੀਕਾ ਦੀ

ਤੀਜੀ ਵੱਡੀ ਯੂਨੀਵਰਸਿਟੀ ਹੈ। ਇਸ ਵਿਚ 5 ਲੱਖ 94 ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਵਿਦਿਆਰਥੀਆਂ ਦੀ ਇਹ ਗਿਣਤੀ ਅਮਰੀਕਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਨਾਲੋਂ ਵੱਧ ਹੈ। ਏਥੇ ਬਰਨਾਰਡ ਕਾਲਜ ਯੂਨੀਵਰਸਟੀ, ਕੂਪਰ ਯੂਨੀਅਨ ਫੋਰਡਮ ਯੂਨੀਵਰਸਿਟੀ, ਨਿਊ ਯਾਰਕ ਯੂਨੀਵਰਸਿਟੀ ਤੇ ਈਸ਼ਵਾ ਯੂਨੀਵਰਸਿਟੀ ਪ੍ਰਾਈਵੇਟ ਮਸ਼ਹੂਰ ਯੂਨੀਵਰਸਿਟੀਆਂ ਹਨ। ਹੋਰ ਬਹੁਤ ਸਾਰੇ ਪ੍ਰਾਈਵੇਟ ਕਾਲਜ਼, ਸਕੂਲ ਤੇ ਯੂਨੀਵਰਸਿਟੀਆਂ ਵੀ ਹਨ। ਏਥੇ ਮੈਡੀਸ਼ਨ ਤੇ ਲਾਈਫ ਸਾਇੰਸਿਸ ਲਈ ਬਾਇਓ ਮੈਡੀਕਲ ਰੀਸਰਚ ਸੰਸਥਾਵਾਂ ਹਨ। ਏਥੋਂ ਦੀ ਨਿਊ ਯਾਰਕ ਪਬਲਿਕ ਲਾਇਬ੍ਰੇਰੀ ਅਮਰੀਕਾ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਹੈ। ਕਿਊਨਜ਼ ਬੋਰੋ ਪਬਲਿਕ ਲਾਇਬ੍ਰੇਰੀ ਅਮਰੀਕਾ ਦੀ ਦੂਜੀ ਵੱਡੀ ਲਾਇਬ੍ਰੇਰੀ ਹੈ।

ਨਿਊ ਯਾਰਕ ਸ਼ਹਿਰ ਦੇ ਹੇਠਾਂ ਚਲਦੀ ਟ੍ਰੈਫਿਕ/ਰੇਲ (Subway) ਸੰਸਾਰ ਦੀ ਸਭ ਤੋਂ ਵੱਡੀ ਤੇ ਤੇਜ਼ੀ ਨਾਲ ਚੱਲਣ ਵਾਲੀ ਰੇਲ ਹੈ। ਟਰਾਂਜਿਟ ਸਿਸਟਮ ਹੈ। ਇਹ ਦਿਨ ਰਾਤ ਚਲਦੀ ਹੈ। ਜਦ ਕਿ ਸੰਸਾਰ ਦੇ ਦੂਜੇ ਸ਼ਹਿਰਾਂ ਲੰਡਨ, ਪੈਰਿਸ਼, ਵਾਸ਼ਿੰਗਟਨ ਤੇ ਟੋਕਿਊ ਵਿਚ ਸਬਵੇਅ ਰਾਤ ਨੂੰ ਬੰਦ ਹੋ ਜਾਂਦੀਆਂ ਹਨ। ਸਬਵੇਅ ਵਿਚੋਂ ਜਦ ਸਵਾਰੀਆਂ ਨਿਕਲ ਕੇ ਬਾਜ਼ਾਰ ਵਿਚ ਆਉਂਦੀਆਂ ਹਨ ਤਾਂ ਇਕ ਵੇਰ ਤਾਂ ਬਾਜ਼ਾਰ ਛਪਾਰ ਦੇ ਮੇਲੇ ਦੀ ਤਰ੍ਹਾਂ ਲੱਗਣ ਲੱਗ ਜਾਂਦਾ ਹੈ। ਨਿਊ ਯਾਰਕ ਦੀ ਬਸ ਸਰਵਿਸ ਵੀ ਵਧੀਆ ਹੈ। ਏਥੇ ਤਿੰਨ ਵੱਡੇ ਅੰਤਰ- ਰਾਸ਼ਟਰੀ ਹਵਾਈ ਅੱਡੇ ਹਨ। ਸਾਲ 2005 ਵਿਚ ਇਨ੍ਹਾਂ ਹਵਾਈ ਅੱਡਿਆਂ ਨੂੰ 10 ਕਰੋੜ ਯਾਤਰੀਆਂ ਨੇ ਵਰਤਿਆ ਹੈ। ਇਹ ਹਵਾਈ ਅੱਡੇ ਅਮਰੀਕਾ ਦੇ ਸਭ ਤੋਂ ਵੱਧ ਰੁਝੇ ਹੋਏ ਹਵਾਈ ਅੱਡੇ ਹਨ। ਨਿਊ ਯਾਰਕ ਵਿਚ 1 ਲੱਖ 20 ਹਜ਼ਾਰ ਲੋਕ ਹਰ ਰੋਜ਼ ਬਾਈਸਾਈਕਲ ਦੀ ਵਰਤੋਂ ਕਰਦੇ ਹਨ। ਬਹੁਤ ਸਾਰੇ ਲੋਕ ਪੈਦਲ ਵੀ ਸਫਰ ਕਰਦੇ ਹਨ। ਨਿਊਯਾਰਕ ਦਾ ਜਾਰਜ਼ ਵਾਸ਼ਿੰਗਟਨ ਪੁਲ ਗੱਡੀਆਂ/ਕਾਰਾਂ ਦੀ ਟ੍ਰੈਫਿਕ ਲਈ ਸੰਸਾਰ ਵਿਚ ਸਭ ਤੋਂ ਵੱਧ ਰੁਝਿਆ ਹੋਇਆ ਹੈ।

ਅਮਰੀਕਾ ਦੀ ਫਿਲਮ ਇੰਡਸਟਰੀ ਵਿਚ ਨਿਊਯਾਰਕ ਦਾ ਦੂਜਾ ਸਥਾਨ ਹੈ। ਸ਼ਹਿਰ ਵਿਚ 500 ਦੇ ਕਰੀਬ ਆਰਟ ਗੈਲਰੀਆਂ ਹਨ। ਦੋ ਹਜ਼ਾਰ ਦੇ ਕਰੀਬ ਸੱਭਿਆਚਾਰਕ ਸੰਸਥਾਵਾਂ ਹਨ। ਏਥੋਂ ਦਾ ਬਰਾਡਵੇਅ ਮਿਊਜੀਕਲ ਥੀਏਟਰ ਬਹੁਤ ਮਸ਼ਹੂਰ ਹੈ। ਟੈਲੀਵੀਜ਼ਨ, ਅਖਬਾਰ, ਕਿਤਾਬਾਂ ਦੀ ਛਪਾਈ, ਇਸ਼ਤਿਹਾਰਬਾਜ਼ੀ ਲਈ ਵੀ ਨਿਊ ਯਾਰਕ ਵਿਸ਼ਵ ਵਿਆਪੀ ਕੇਂਦਰ ਹੈ। ਸਾਰੇ ਸੰਸਾਰ ਦੀਆਂ 8 ਵੱਡੀਆਂ ਇਸ਼ਤਿਹਾਰਬਾਜ਼ੀ ਦੀਆਂ ਏਜੰਸੀਆਂ ਵਿਚੋਂ 7 ਏਜੰਸੀਆਂ ਦੇ ਹੈਡਕੁਆਟਰ ਨਿਊ ਯਾਰਕ ਵਿਚ ਹਨ।

ਰਾਤੀਂ ਲੇਟ ਸੁੱਤੇ ਸੀ। ਏਸ ਲਈ ਜਾਗ ਲੇਟ ਆਈ। ਹੌਲੀ ਹੌਲੀ ਸਾਰੇ ਤਿਆਰ ਹੋ ਕੇ 11 ਵਜੇ ਆਜ਼ਾਦੀ ਦੀ ਮੂਰਤੀ (ਸਟੈਚੂ ਆਫ ਲਿਬਰਟੀ) ਨੂੰ ਵੇਖਣ ਲਈ ਚੱਲ ਪਏ। ਦਿਨ ਬੱਦਲਬਾਈ ਵਾਲਾ ਸੀ। ਮਹਾਸਾਗਰ ਦੇ ਨਜ਼ਦੀਕ ਬਣੀ ਬੈਟਰੀ ਪਾਰਕ ਦੇ ਨੇੜੇ ਜਾ ਕੇ, ਜਿਥੋਂ ਸਟੈਚੂ ਆਫ ਲਿਬਰਟੀ ਨੂੰ ਵੇਖਣ ਲਈ ਟਿਕਟਾਂ ਲੈਣੀਆਂ ਸਨ, ਗੱਡੀ ਖੜੀ ਕਰਨ ਲਈ ਥਾਂ ਭਾਲਣ ਲੱਗੇ। ਨੇੜੇ ਨੇੜੇ ਦੀਆਂ ਕਈ ਸੜਕਾਂ ਤੇ ਕਈ ਗੇੜੇ ਕੱਢਣ ਤੋਂ ਬਾਅਦ ਮਸਾਂ ਇਕ ਥਾਂ ਗੱਡੀ ਪਾਰਕ ਕਰਨ ਦੀ ਥਾਂ ਲੱਭੀ। ਏਥੇ ਪਾਰਕਿੰਗ ਲਈ ਨੀਯਤ ਕੀਤੀ ਥਾਂ ਤੋਂ ਬਿਨਾਂ ਤੁਸੀਂ ਹੋਰ ਕਿਤੇ ਥਾਂ ਗੱਡੀ ਨਹੀਂ ਖੜ੍ਹੀ ਕਰ ਸਕਦੇ। ਸਾਡੇ ਗੱਡੀ ਖੜੀ ਕਰਦੇ ਸਮੇਂ ਹੀ ਇਕ ਪੁਲਸ ਵਾਲਾ ਗਲਤ ਖੜੀ ਗੱਡੀ ਨੂੰ ਟਿਕਟ ਲਾ ਰਿਹਾ ਸੀ। ਉਸ

ਗੱਡੀ ਨੇ ਸੜਕ ਤੋਂ ਫੁਟਪਾਥ ਤੇ ਚੜ੍ਹਣ ਵਾਲੇ ਰਸਤੇ ਨੂੰ ਸਿਰਫ ਇਕ ਫੁੱਟ ਦੇ ਕਰੀਬ ਹੀ ਰੋਕਿਆ ਹੋਇਆ ਸੀ। ਏਥੇ ਟ੍ਰੈਫਿਕ ਤੇ ਪਾਰਕਿੰਗ ਨੀਯਮ ਦੀ ਉਲੰਘਣਾ ਕਰਨ ਵਾਲੇ ਨੂੰ ਪੁਲਸ ਵਾਲੇ ਜੁਰਮਾਨਾ ਕਰ ਕੇ ਕਾਗਜ਼ ਗੱਡੀ ਦੀ ਖਿੜਕੀ ਰਾਹੀਂ ਅੰਦਰ ਸਿੱਟ ਦਿੰਦੇ ਹਨ। ਜਾਂ ਖਿੜਕੀ ਵਿਚ ਪਾ ਕੇ ਥੋੜਾ ਹਿੱਸਾ ਬਾਹਰ ਨਜ਼ਰ ਆਉਂਦਾ ਛੱਡ ਦਿੰਦੇ ਹਨ ਤਾਂ ਜੋ ਗੱਡੀ ਵਾਲੇ ਨੇ ਗੱਡੀ ਖੋਲ੍ਹਦੇ ਸਮੇਂ ਹੀ ਟਿਕਟ ਮਿਲੀ ਦਾ/ਜੁਰਮਾਨਾ ਹੋਏ ਦਾ ਪਤਾ ਲੱਗ ਜਾਵੇ। ਅਮਰੀਕਾ ਦੇ ਲੋਕੀ ਪੁਲਸ ਦੀ ਟਿਕਟ ਤੋਂ ਇਸ ਤਰ੍ਹਾਂ ਡਰਦੇ ਹਨ ਜਿਵੇਂ ਗੁਲੇਲ ਤੋਂ ਕਾਂ ਡਰਦਾ ਹੈ। ਪਰ ਅਮਰੀਕਾ ਦੀ ਪੁਲਸ ਟ੍ਰੈਫਿਕ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਸ੍ਰੀਮਾਨ ਜੀ/ਸਰ ਜੀ ਕਰਕੇ ਮਿੱਠਾ ਬੋਲਦੀ ਹੈ। ਸਾਡੀ ਪੁਲਸ ਦੀ ਤਰ੍ਹਾਂ ਅੱਖੜ ਨਹੀਂ ਬੋਲਦੇ। ਏਥੋਂ ਦੀ ਪੁਲਸ ਮੱਦਦਗਾਰ ਹੈ। ਸਹਾਇਤਾ ਲਈ ਹੈ। ਨਾ ਕਿ ਸਾਡੀ ਪੁਲਸ ਦੀ ਤਰ੍ਹਾਂ ਹਊਆਂ ਹੈ। ਗਧੀਗੇੜੇ ਪਾਉਣ ਵਾਲੀ ਹੈ।

ਗੱਡੀ ਤੋਂ ਬਾਹਰ ਨਿਕਲੇ ਤਾਂ ਥੋੜੀ ਥੋੜੀ ਕਣੀ ਪੈਣੀ ਸ਼ੁਰੂ ਹੋ ਗਈ। ਹਵਾ ਠੰਡੀ ਤੇ ਤੇਜ਼ ਚੱਲ ਰਹੀ ਸੀ। ਚਾਹੇ ਘਰੋਂ ਪੂਰੇ ਕੱਪੜੇ ਪਾ ਕੇ ਚੱਲੇ ਸੀ ਪਰ ਫੇਰ ਵੀ ਤੇਜ਼ ਠੰਡੀ ਹਵਾ ਤੇ ਥੋੜੀ ਥੋੜੀ ਪੈਂਦੀ ਭੂਰ ਸਰੀਰ ਨੂੰ ਕਾਂਬਾ ਛੇੜ ਰਹੀ ਸੀ। ਟਿਕਟ ਖਰੀਦਣ ਲਈ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਇਕ ਐਤਵਾਰ ਕਰਕੇ ਛੁੱਟੀ ਦਾ ਦਿਨ ਸੀ। ਦੂਜੇ ਸਕੂਲ ਵਿਚ ਸਪਰਿੰਗ ਹੌਲੀਡੇਜ਼ ਹੋਣ ਕਰਕੇ ਸਕੂਲਾਂ ਦੇ ਬੱਚਿਆਂ ਦੇ ਗਰੁੱਪ ਵੇਖਣ ਲਈ ਆਏ ਹੋਏ ਸਨ। ਟੂਰਿਸ਼ਟਾਂ ਦੀ ਦੇਖਣ ਵਾਲੀ ਨਿਊ ਯਾਰਕ ਵਿਚ ਸਭ ਤੋਂ ਵੱਧ ਆਕਰਸ਼ਿਤ ਥਾਂ ਹੋਣ ਕਰਕੇ ਏਥੇ ਹਮੇਸ਼ਾ ਹੀ ਇਕੱਠ ਰਹਿੰਦਾ ਹੈ। ਸਨਿਚਰਵਾਰ ਤੇ ਐਤਵਾਰ ਦੇ ਛੁੱਟੀਆਂ ਵਾਲੇ ਦਿਨਾਂ ਵਿਚ ਤੇ ਸਕੂਲਾਂ ਤੇ ਕਾਲਜ ਦੀਆਂ ਛੁੱਟੀਆਂ ਦੇ ਦਿਨਾਂ ਵਿਚ ਵਿਸ਼ੇਸ਼ ਤੌਰ ਤੇ ਜ਼ਿਆਦਾ ਇਕੱਠ ਹੁੰਦਾ ਹੈ। ਸਟੈਚੂ ਆਫ ਲਿਬਰਟੀ ਸਾਲ ਵਿਚ ਸਿਰਫ ਇਕ ਵਾਰ 25 ਦਸੰਬਰ ਨੂੰ ਹੀ ਬੰਦ ਰਹਿੰਦਾ ਹੈ।

ਟਿਕਟਾਂ ਲੈਣ ਤੋਂ ਬਾਅਦ ਫੇਰ ਬੇੜੀ ਵਿਚ ਸਵਾਰ ਹੋਣ ਲਈ ਖੁਲ੍ਹੇ ਥਾਂ ਲੱਗੀ ਲਾਈਨ ਵਿਚ ਲੱਗ ਗਏ। ਇਹ ਲਾਈਨ ਕੋਈ ਅੱਧਾ ਕਿਲੋਮੀਟਰ ਲੰਮੀ ਸੀ। ਹੌਲੀ ਹੌਲੀ ਸਰਕਦੇ ਸਰਕਦੇ ਬੇੜੀ ਵਿਚ ਸਵਾਰ ਹੋਣ ਲਈ ਬਣੇ ਇਕ ਵੱਡੇ ਹਾਲ ਵਿਚ ਪਹੁੰਚੇ ਗਏ। ਹਾਲ ਵਿਚ ਸ਼ਕਰੀਨਿੰਗ ਲਈ ਕਈ ਮਸ਼ੀਨਾਂ ਲੱਗੀਆਂ ਹੋਈਆਂ ਸਨ। ਕੋਟ, ਕੋਟੀਆਂ, ਜੁੱਤੀਆਂ, ਜੇਬਾਂ ਦਾ ਸਾਮਾਨ, ਪੈਂਟਾਂ ਦੀਆਂ ਬੈਲਟਾਂ, ਸੈਲ ਫੂਨ, ਗੱਲ ਕੀ ਹਰ ਵਸਤ ਦੀ ਸ਼ਕਰੀਨਿੰਗ ਕੀਤੀ ਗਈ। ਸ਼ਕਰੀਨਿੰਗ ਤੋਂ ਬਾਅਦ ਬੇੜੀ ਵਿਚ ਸਵਾਰ ਹੋਏ। ਬੇੜੀ ਦੋ ਮੰਜ਼ਲੀ ਸੀ। ਦੂਜੀ ਮੰਜ਼ਲ ਵਿਚ ਖਾਣ ਪੀਣ ਲਈ ਕੈਫੇਟੀਰੀਆ ਸੀ। ਜਿਸ ਕਿਸੇ ਨੇ ਬੇੜੀ ਦੀ ਛੱਤ ਉਪਰ ਜਾ ਕੇ ਸਮੁੰਦਰ ਨੂੰ ਵੇਖਣਾ ਸੀ, ਉਹ ਉਪਰ ਜਾ ਕੇ ਵੇਖ ਰਹੇ ਸਨ। ਅਸੀਂ ਦੂਸਰੀ ਮੰਜ਼ਲ ਵਿਚ ਬੈਠ ਕੇ ਸਫਰ ਕੀਤਾ। ਕੋਈ 25 ਕੁ ਮਿੰਟ ਵਿਚ ਬੇੜੀ ਸਾਨੂੰ ਸਟੈਚੂ ਆਫ ਲਿਬਰਟੀ ਵਾਲੇ ਟਾਪੂ ਤੇ ਲੈ ਗਈ। ਏਸ ਟਾਪੂ ਦਾ ਪਹਿਲਾ ਨਾਂ Bedloe's Island ਸੀ। ਸਾਲ 1956 ਵਿਚ ਇਸ ਟਾਪੂ ਦਾ ਨਾਂ ਬਦਲ ਕੇ Liberty Island ਰੱਖਿਆ ਗਿਆ। ਬੇੜੀ ਵਿਚੋਂ ਉੱਤਰੇ। ਸਟੈਚੂ ਵੇਖਣ ਲਈ ਤੁਰ ਪਏ।

ਬਾਰਸ਼ ਚਾਹੇ ਥੋੜੀ ਸੀ, ਪਰ ਲਗਾਤਾਰ ਪੈ ਰਹੀ ਸੀ। ਟਾਪੂ ਵਿਚ ਇਕ ਰੈਸਟੋਰੈਂਟ ਤੇ ਇਕ ਗਿਫਟ ਸ਼ਾਪ ਬਣੀ ਹੋਈ ਹੈ। ਬੱਚਿਆਂ ਨੇ ਪਹਿਲਾਂ ਉਥੋਂ ਸਟੈਚੂ ਆਫ ਲਿਬਰਟੀ ਨਾਲ

ਸਬੰਧਿਤ ਗਿਫਟ ਲਏ। ਫੇਰ ਸਟੈਚੂ ਨੂੰ ਚਾਰੇ ਪਾਸਿਆਂ ਤੋਂ ਘੁੰਮ ਕੇ ਵੇਖਿਆ। ਫੋਟੋਆਂ ਖਿੱਚੀਆਂ। ਅਸੀਂ ਟਾਪੂ ਤੇ ਪਹੁੰਚਣ ਵਿਚ ਲੇਟ ਹੋ ਗਏ ਸੀ। ਏਸ ਲਈ ਸਟੈਚੂ ਨੂੰ ਅਸੀਂ ਅੰਦਰੋਂ ਜਾ ਕੇ ਨਹੀਂ ਵੇਖ ਸਕੇ। ਸਟੈਚੂ ਨੂੰ ਬੁੱਤ ਘਾੜੇ Auguste Bartholdi ਨੇ ਘੜਿਆ ਹੈ। ਸਟੈਚੂ ਨੂੰ ਟਾਪੂ ਉਪਰ 28 ਅਕਤੂਬਰ 1886 ਨੂੰ ਸਥਾਪਤ ਕੀਤਾ ਗਿਆ ਹੈ। ਸਟੈਚੂ 151 ਫੁੱਟ ਉੱਚਾ ਹੈ। ਧਰਤੀ ਤੋਂ ਸਟੈਚੂ ਦੀ ਉਚਾਈ 305 ਫੁੱਟ ਹੈ। ਸਟੈਚੂ ਦਾ ਕੱਲਾ ਨੱਕ ਹੀ 4 ਫੁੱਟ 6 ਇੰਚ ਲੰਬਾ ਹੈ। ਜਿਸ ਸਮੇਂ ਸਟੈਚੂ ਸਥਾਪਤ ਕੀਤਾ ਗਿਆ ਸੀ ਉਸ ਸਮੇਂ ਇਹ ਸਟੈਚੂ ਨਿਊਯਾਰਕ ਵਿਚ ਸਭ ਤੋਂ ਉੱਚਾ ਸੀ। ਸੰਸਾਰ ਦਾ ਵੀ ਸਭ ਤੋਂ ਲੰਮਾ ਸਟੈਚੂ ਸੀ। ਸਾਲ 1924 ਵਿਚ ਸਟੈਚੂ ਆਫ ਲਿਬਰਟੀ ਨੂੰ ਕੌਮੀ ਯਾਦਗਾਰ ਐਲਾਨਿਆਂ ਗਿਆ। ਦੋ ਘੰਟੇ ਸਾਨੂੰ ਸਟੈਚੂ ਵੇਖਣ ਨੂੰ ਲੱਗ ਗਏ।

ਸਟੈਚੂ ਵੇਖਣ ਤੋਂ ਪਿਛੋਂ ਅਸੀਂ ਫੇਰ ਬੇੜੀ ਵਿਚ ਬੈਠ ਕੇ ਐਲਿਸ ਟਾਪੂ (Ellis Island) ਪਹੁੰਚੇ। ਇਹ ਟਾਪੂ ਲਿਬਰਟੀ ਟਾਪੂ ਦੇ ਨੇੜੇ ਹੀ ਪੈਂਦਾ ਹੈ। ਕੋਈ 15/20 ਮਿੰਟ ਦਾ ਹੀ ਸਫਰ ਹੈ। ਐਲਿਸ ਟਾਪੂ ਉਪਰ ਹੀ 1 ਜਨਵਰੀ 1892 ਨੂੰ ਪ੍ਰਵਾਸ ਸਟੇਸ਼ਨ (Immigration Station) ਖੋਲਿਆ ਗਿਆ ਸੀ। ਏਸ ਇਮੀਗ੍ਰੇਸ਼ਨ ਸੈਂਟਰ ਰਾਹੀਂ ਪਹਿਲਾਂ ਯੂਰਪੀਅਨ ਆਏ। ਫੇਰ ਉਸ ਤੋਂ ਪਿਛੋਂ ਦੂਸਰੇ ਦੇਸ਼ਾਂ ਦੇ ਵਸਨੀਕ ਆਉਣੇ ਸ਼ੁਰੂ ਹੋਏ। ਪੰਜਾਬ ਵਾਸੀ ਬਸੰਤ ਸਿੰਘ, ਡੀ. ਐਨ. ਸਿੰਘ, ਟੀ. ਐਨ ਸਿੰਘ ਤੇ ਸੁੰਦਰ ਸਿੰਘ ਪਹਿਲੇ ਭਾਰਤੀ ਪੰਜਾਬੀ ਸਨ, ਜਿਹੜੇ ਏਸ ਇਮੀਗ੍ਰੇਸ਼ਨ ਸਟੇਸ਼ਨ ਰਾਹੀਂ 1893 ਵਿਚ ਨਿਊ ਯਾਰਕ ਪਹੁੰਚੇ ਸਨ। ਉਸ ਤੋਂ ਪਿਛੋਂ ਪੰਜਾਬੀਆਂ ਦਾ, ਭਾਰਤੀਆਂ ਦਾ ਅਮਰੀਕਾ ਵਿਚ ਆਉਣ ਦਾ ਰਾਹ ਖੁਲ੍ਹ ਗਿਆ। ਐਲਿਸ ਟਾਪੂ ਰਾਹੀਂ ਆਏ ਪ੍ਰਵਾਸੀਆਂ ਦੀ ਯਾਦ ਵਿਚ ਹੀ ਏਥੇ 10 ਸਤੰਬਰ 1990 ਨੂੰ ਪ੍ਰਵਾਸ ਦਾ ਅਜਾਇਬ ਘਰ (Immigration Museum) ਸਥਾਪਤ ਕੀਤਾ ਗਿਆ ਹੈ। ਸਾਲ 1954 ਵਿਚ ਐਲਸ ਟਾਪੂ ਰਾਹੀਂ ਪ੍ਰਵਾਸੀਆਂ ਦਾ ਆਉਣਾ ਬੰਦ ਕਰ ਦਿੱਤਾ ਸੀ। ਦੋ ਕਰੋੜ 20 ਲੱਖ ਦੇ ਕਰੀਬ ਪ੍ਰਵਾਸੀ ਐਲਿਸ ਟਾਪੂ ਰਾਹੀਂ ਅਮਰੀਕਾ ਵਿਚ ਆਏ ਹਨ।

ਅਜਾਇਬ ਘਰ ਵਿਚ ਇਕ ਕੰਪਿਊਟਰ ਰੱਖਿਆ ਹੋਇਆ ਹੈ। ਇਸ ਦੇ ਪਿਛੇ ਬੜੀ ਸਾਰੀ ਸ਼ਕਰੀਨ ਲੱਗੀ ਹੋਈ ਹੈ। ਏਸ ਕੰਪਿਊਟਰ ਵਿਚ ਸਾਲ 2000 ਤੱਕ ਆਏ ਪ੍ਰਵਾਸੀਆਂ ਦਾ ਵਿਸਥਾਰ ਦਰਜ ਕੀਤਾ ਹੋਇਆ ਹੈ। ਏਸ ਵਿਸਥਾਰ ਵਿਚ ਕਿਹੜੇ ਦੇਸ਼ ਦੇ ਕਿੰਨੇ ਪ੍ਰਵਾਸੀ ਸਭ ਤੋਂ ਵੱਧ ਗਿਣਤੀ ਵਿਚ ਅਮਰੀਕਾ ਦੇ ਕਿਹੜੇ ਤਿੰਨ ਸੂਬਿਆਂ ਵਿਚ ਰਹਿੰਦੇ ਹਨ, ਉਹ ਵੀ ਦਰਜ਼ ਕੀਤਾ ਹੋਇਆ ਹੈ। ਅਸੀਂ ਏਸ ਕੰਪਿਊਟਰ ਵਿਚੋਂ ਸਾਲ 2000 ਤੱਕ ਅਮਰੀਕਾ ਵਿਚ ਆਏ ਭਾਰਤੀਆਂ ਦਾ ਵਿਸਥਾਰ ਕੱਢਿਆ। ਕੰਪਿਊਟਰ ਵਿਚ ਦਰਜ਼ ਕੀਤੇ ਰੀਕਾਰਡ ਅਨੁਸਾਰ 16,78,765 ਭਾਰਤੀ ਸਾਲ 2000 ਤੱਕ ਅਮਰੀਕਾ ਵਿਚ ਪਹੁੰਚ ਗਏ ਸਨ। ਇਨ੍ਹਾਂ ਭਾਰਤੀਆਂ ਵਿਚੋਂ ਸਭ ਤੋਂ ਵੱਧ ਭਾਰਤੀ 3,14,819 ਕੈਲੀਫੋਰਨੀਆਂ ਸੂਬੇ ਵਿਚ ਸਨ। ਦੂਜੇ ਨੰਬਰ ਤੇ ਨਿਊਯਾਰਕ ਸੂਬੇ ਵਿਚ 2,51,724 ਸਨ। ਤੀਜਾ ਨੰਬਰ ਨਿਊ ਜਰਸੀ ਸੂਬੇ ਦਾ ਆਉਂਦਾ ਹੈ। ਇਸ ਵਿਚ 1,69,180 ਦੀ ਗਿਣਤੀ ਸੀ। ਬਾਕੀ ਭਾਰਤੀ ਅਮਰੀਕਾ ਦੇ ਦੂਜੇ ਵੱਖ ਵੱਖ ਸੂਬਿਆਂ ਵਿਚ ਰਹਿੰਦੇ ਹਨ। ਸਾਲ 2006 ਤੱਕ ਅਮਰੀਕਾ ਵਿਚ ਭਾਰਤੀਆਂ ਦੀ ਗਿਣਤੀ ਵਧ ਕੇ 26 ਲੱਖ 62 ਹਜ਼ਾਰ ਹੋ ਗਈ ਸੀ।

ਗਿਣਤੀ ਵਿਚ ਇਹ ਵਾਧਾ 38 ਪ੍ਰਤੀਸ਼ਤ ਬਣਦਾ ਹੈ। ਨਿਊ ਜਰਸੀ ਸੂਬੇ ਦੇ ਸ਼ਹਿਰ ਐਡੀਸ਼ਨ ਵਿਚ ਹੀ ਸਾਲ 2006 ਵਿਚ 1 ਲੱਖ 5 ਹਜ਼ਾਰ ਭਾਰਤੀ ਰਹਿੰਦੇ ਸਨ। ਅੱਜ ਅਸੀਂ ਸਾਲ 2008 ਵਿਚ ਵਿਚਰ ਰਹੇ ਹਾਂ। ਜੇ ਵਾਧੇ ਦੀ ਇਹ ਦਰ ਹੀ ਮੰਨ ਲਈ ਜਾਵੇ ਤਾਂ ਅੱਜ ਭਾਰਤੀਆਂ ਦੀ ਅਮਰੀਕਾ ਵਿਚ ਆਬਾਦੀ 40 ਲੱਖ ਦੇ ਕਰੀਬ ਪਹੁੰਚ ਗਈ ਹੋਵੇਗੀ। ਅਮਰੀਕਾ ਵਿਚ ਭਾਰਤੀਆਂ ਦੀ ਕੱਲੀ ਆਬਾਦੀ ਹੀ ਨਹੀਂ ਵਧੀ, ਸਗੋਂ ਯੋਗਤਾ, ਹੁਨਰ ਤੇ ਗੁਣਾਂ ਵਿਚ ਵੀ ਵਾਧਾ ਹੋਇਆ ਹੈ। ਅੱਜ ਭਾਰਤੀ ਗ੍ਰੈਜੂਏਸ਼ਨ ਪੱਧਰ ਦੀ ਵਿਦਿਆ ਵਿਚ ਅਮਰੀਕਾ ਦੇ ਵਾਸ਼ੀਆਂ ਵਿਚੋਂ ਸਭ ਤੋਂ ਅੱਗੇ ਹਨ। ਸਾਡਾ ਮੁਕਾਬਲਾ ਵਿਦਿਅਕ ਖੇਤਰ ਵਿਚ ਸਿਰਫ ਚੀਨ ਹੀ ਕਰਦਾ ਹੈ। ਅਮਰੀਕਾ ਦੇ ਕਰੋੜਪਤੀਆਂ ਵਿਚੋਂ 10 ਪ੍ਰਤੀਸ਼ਤ ਕਰੋੜਪਤੀ ਭਾਰਤੀ ਹਨ।

ਅਜਾਇਬ ਘਰ ਦੀਆਂ ਤਿੰਨ ਮੰਜ਼ਲਾਂ ਹਨ। ਇਨ੍ਹਾਂ ਮੰਜ਼ਲਾਂ ਵਿਚ ਅਮਰੀਕਾ ਦੇ ਐਲਿਸ ਟਾਪੂ ਦੇ ਪ੍ਰਵਾਸ ਦਾ ਇਤਿਹਾਸ ਵਿਖਾਇਆ ਹੋਇਆ ਹੈ। ਅਜਾਇਬ ਘਰ ਦੀ ਤੀਜੀ ਮੰਜ਼ਲ ਉਪਰ ਦੋ ਹਜ਼ਾਰ ਦੇ ਕਰੀਬ ਪ੍ਰਵਾਸ਼ੀਆਂ ਵਲੋਂ ਲਿਆਂਦੀਆਂ ਹੋਈਆਂ ਚੀਜ਼ਾਂ ਵਸਤਾਂ ਤੇ ਸੰਪਤੀ ਰੱਖੀ ਹੋਈ ਹੈ। ਇਨ੍ਹਾਂ ਵਸਤਾਂ ਵਿਚ ਟਰੰਕ, ਅਟੈਚੀ, ਬੈਗ, ਹੈਂਡ ਬੈਗ, ਬਿਸਤਰੇ, ਬੂਟ, ਜੁੱਤੀਆਂ ਛੱਤਰੀਆਂ, ਹੋਰ ਬਹੁਤ ਸਾਰੀਆਂ ਘਰੇਲੂ ਵਸਤਾਂ ਸ਼ਾਮਲ ਹਨ। ਇਨ੍ਹਾਂ ਵਸਤਾਂ ਨੂੰ Treasures From Home ਦਾ ਨਾਂ ਦਿੱਤਾ ਗਿਆ ਹੈ। ਅਜਾਇਬ ਘਰ ਵਿਚ ਚਲਦੀ ਅੱਧੇ ਘੰਟੇ ਦੀ ਫਿਲਮ ਵੀ ਅਸੀਂ ਵੇਖੀ। ਏਸ ਫਿਲਮ ਦਾ ਨਾਂ Island of Hope, Island of Tears ਦਾ ਨਾਂ ਸੀ। ਅਜਾਇਬ ਘਰ ਦੇ ਬਾਹਰ ਬਣੀ ਹੋਈ ਅਸੀਂ ਇਕ ਕੰਧ ਵੀ ਵੇਖੀ ਜਿਸ ਉਪਰ 6 ਲੱਖ ਅਮਰੀਕੀ ਪ੍ਰਵਾਸੀਆਂ ਦੇ ਨਾਂ ਲਿਖੇ ਹੋਏ ਹਨ। ਏਸ ਕੰਧ ਦਾ ਨਾਂ The American Immigrant Wall of Honour ਹੈ। ਇਹ ਅਮਰੀਕਾ ਵਿਚ ਆਏ ਪ੍ਰਵਾਸੀਆਂ ਦੀ ਯਾਦਗਗਾਰ ਹੈ। ਅਜਾਇਬ ਘਰ ਵਿਚ ਅਸੀਂ American Family Immigration History Center ਵੀ ਵੇਖਿਆ। ਇਸ ਵਿਚ 1892 ਤੋਂ 1924 ਤੱਕ ਜੋ ਪ੍ਰਵਾਸੀ ਐਲਿਸ ਟਾਪੂ ਤੇ ਨਿਊਯਾਰਕ ਦੀ ਬੰਦਰਗਾਹ ਰਾਹੀਂ ਆਏ ਸਨ, ਉਨ੍ਹਾਂ ਦਾ ਵੇਰਵਾ ਦਰਜ ਹੈ। 800 ਜਹਾਜ਼ਾਂ ਦੇ ਚਿੱਤਰ ਤੇ ਉਨ੍ਹਾਂ ਦਾ ਵੇਰਵਾ ਵੀ ਵਰਨਣ ਕੀਤਾ ਹੋਇਆ ਹੈ।

ਅਜਾਇਬ ਘਰ 25 ਦਸੰਬਰ ਨੂੰ ਛੱਡ ਕੇ ਬਾਕੀ ਸਾਰਾ ਸਾਲ ਖੁਲ੍ਹਾ ਰਹਿੰਦਾ ਹੈ। ਅਜਾਇਬ ਘਰ ਵਿਚ ਖਾਣ ਪੀਣ ਲਈ ਕੈਫੇਟੀਰੀਆ ਹੈ। ਖਰੀਦਦਾਰੀ ਲਈ ਗਿਫਟ ਸ਼ਾਪ ਹੈ। ਅਜਾਇਬ ਘਰ ਵੇਖਦਿਆਂ ਸਾਨੂੰ ਤਿੰਨ ਘੰਟੇ ਲੱਗ ਗਏ। ਜਦ ਬੇੜੀ ਰਾਹੀਂ ਵਾਪਸ ਬੈਟਰੀ ਪਾਰਕ ਪਹੁੰਚੇ ਤਾਂ ਸੂਰਜ ਛਿਪ ਰਿਹਾ ਸੀ। ਪਾਰਕਿੰਗ ਵਿਚੋਂ ਗੱਡੀ ਕੱਢੀ। ਟ੍ਰੇਡ ਸੈਂਟਰ ਵਾਲੀ ਥਾਂ ਵੇਖਣ ਨੂੰ ਚੱਲ ਪਏ। ਵਰਲਡ ਟ੍ਰੇਡ ਸੈਂਟਰ ਨੂੰ ਅਤਿਵਾਦੀਆਂ ਨੇ 11 ਸਤੰਬਰ 2001 ਨੂੰ ਹਮਲਾ ਕਰਕੇ ਤਬਾਹ ਕਰ ਦਿੱਤਾ ਸੀ। ਹੁਣ ਉਸ ਥਾਂ ਤੋਂ ਸਾਰਾ ਮਲਬਾ ਚੁੱਕਿਆ ਹੋਇਆ ਹੈ। ਥਾਂ ਰੜਾ ਮੈਦਾਨ ਬਣਿਆ ਹੋਇਆ ਹੈ। ਉਸ ਤੋਂ ਪਿਛੋਂ ਬਾਜ਼ਾਰ ਵਿਚ ਦੀ ਹੁੰਦੇ ਹੋਏ ਰਾਤ ਦੇ 10 ਵਜੇ ਵਾਪਸ ਹਰਜਿੰਦਰ ਸਿੰਘ ਹੋਰਾਂ ਦੇ ਘਰ ਪਹੁੰਚ ਗਏ।

ਮੈਂ ਸਾਰਿਆਂ ਨਾਲੋਂ ਪਹਿਲਾਂ ਸੌਂ ਜਾਂਦਾ ਸੀ। ਏਸ ਲਈ ਸਵੇਰੇ ਜਾਗਦਾ ਵੀ ਸਾਰਿਆਂ ਨਾਲੋਂ ਪਹਿਲਾਂ ਸੀ। 17 ਮਾਰਚ ਨੂੰ ਮੈਂ ਸਵੇਰੇ 6 ਵਜੇ ਉੱਠਿਆ। ਨ੍ਹਾ ਧੋ ਕੇ ਦਾੜ੍ਹੀ ਬੰਨ੍ਹੀ।

ਮੈਂ ਦਾਹੜੀ ਫਿੱਕਸੋ ਲਾ ਕੇ ਧਾਗਾ ਪਾ ਕੇ ਬੰਨ੍ਹਦਾ ਹਾਂ। ਜਿਸ ਕਰਕੇ ਦਾਹੜੀ ਨੂੰ ਸੈਟ ਹੋਣ ਨੂੰ ਕੁਝ ਸਮਾਂ ਲੱਗਦਾ ਹੈ। ਏਸ ਸਮੇਂ ਵਿਚ ਹੀ ਮੈਂ ਆਪਣੇ ਟੂਰ ਸਬੰਧੀ ਮੋਟੇ ਮੋਟੇ ਨੁਕਤੇ ਨੋਟ ਕਰ ਲੈਂਦਾ ਸੀ। ਮੇਰੀ ਲੜਕੀ ਦਾ ਪਰਿਵਾਰ ਲੇਟ ਉੱਠਦਾ ਸੀ। ਬੱਚਿਆਂ ਨੂੰ ਤਿਆਰ ਹੋਣ ਤੇ ਤਿਆਰ ਕਰਨ ਵਿਚ ਟਾਈਮ ਲੱਗ ਜਾਂਦਾ ਸੀ।

ਮੈਂ ਆਪਣੀਆਂ ਕਿਤਾਬਾਂ ਦਾ ਇਕ ਸੈਟ ਨਿਊ ਯਾਰਕ ਦੀ ਇਕ ਲਾਇਬ੍ਰੇਰੀ ਨੂੰ ਦੇਣ ਲਈ ਨਾਲ ਲਿਆਂਦਾ ਸੀ। 16 ਮਾਰਚ ਨੂੰ ਮੈਂ ਨਿਊ ਯਾਰਕ ਤੋਂ ਛਪਦੇ ਇਕ ਪੰਜਾਬੀ ਅਖਬਾਰ ਦੇ ਐਡੀਟਰ ਤੋਂ ਨਿਊਯਾਰਕ ਦੀ ਕਿਹੜੀ ਸਰਕਾਰੀ ਲਾਇਬ੍ਰੇਰੀ ਵਿਚ ਸਭ ਤੋਂ ਵੱਧ ਪੰਜਾਬੀ ਦੀਆਂ ਕਿਤਾਬਾਂ ਰੱਖੀਆਂ ਜਾਂਦੀਆਂ ਹਨ, ਉਸ ਬਾਬਤ ਪਤਾ ਕਰ ਲਿਆ ਸੀ। ਇਹ ਕਵੀਨ ਲਾਇਬ੍ਰੇਰੀ ਸੀ। ਜਿਹੜੀ ਨਿਊ ਯਾਰਕ ਦੇ ਫਲੱਸਿੰਗ ਇਲਾਕੇ ਵਿਚ ਸੀ। ਬੱਚਿਆਂ ਦੇ ਤਿਆਰ ਹੋਣ ਦੇ ਸਮੇਂ ਦਾ ਫਾਇਦਾ ਉਠਾਉਂਦੇ ਹੋਏ ਮੈਂ, ਮੇਰਾ ਜੁਆਈ ਤੇ ਹਰਜਿੰਦਰ ਸਿੰਘ, ਅਸੀਂ ਤਿੰਨੇ ਫਲੱਸਿੰਗ ਦੀ ਲਾਇਬ੍ਰੇਰੀ ਨੂੰ ਕਿਤਾਬਾਂ ਦੇਣ ਲਈ ਚੱਲ ਪਏ। ਨਿਊ ਯਾਰਕ ਸ਼ਹਿਰ ਦੀ ਰਗ ਰਗ ਦਾ ਜਾਣੂੰ ਹੋਣ ਕਰਕੇ ਗੱਡੀ ਹਰਜਿੰਦਰ ਸਿੰਘ ਚਲਾ ਰਿਹਾ ਸੀ। ਉਹ ਸਾਨੂੰ ਸਭ ਤੋਂ ਛੋਟੇ ਰਸਤੇ ਰਾਹੀਂ ਫਲੱਸਿੰਗ ਦੀ ਕਵੀਨ ਲਾਇਬ੍ਰੇਰੀ ਲੈ ਗਿਆ। ਇਹ ਲਾਇਬ੍ਰੇਰੀ ਬਾਜ਼ਾਰ ਦੀ ਇਕ ਮੁੱਖ ਸੜਕ ਦੀ ਨੁੱਕਰ ਤੇ ਬਣੀ ਹੋਈ ਹੈ। ਬਹੁਤ ਵੱਡੀ ਲਾਇਬ੍ਰੇਰੀ ਹੈ। ਮੈਂ ਅਮਰੀਕਾ ਦੀਆਂ ਕਈ ਸ਼ਹਿਰਾਂ ਦੀਆਂ ਲਾਇਬ੍ਰੇਰੀਆਂ ਵਿਚ ਗਿਆ। ਏਥੇ ਲਾਇਬ੍ਰੇਰੀਆਂ ਨੂੰ ਬਹੁਤ ਵਧੀਆ ਢੰਗ ਨਾਲ ਰੱਖਿਆ ਜਾਂਦਾ ਹੈ। ਲਾਇਬ੍ਰੇਰੀਆਂ ਵਿਚ ਜਾ ਕੇ ਪੜ੍ਹਣ ਨੂੰ ਆਪਣੇ ਆਪ ਹੀ ਜੀਅ ਕਰ ਆਉਂਦਾ ਹੈ। ਸਭ ਤੋਂ ਵੱਡੀ ਸਿਫਤ, ਏਥੋਂ ਦੀਆਂ ਲਾਇਬ੍ਰੇਰੀਆਂ ਦਾ ਸਟਾਫ ਕਿਤਾਬ ਭਾਲਣ ਵਿਚ ਬਹੁਤ ਹੀ ਖਿੜੇ ਮੱਥੇ ਸਹਿਯੋਗ ਦਿੰਦਾ ਹੈ। ਸਾਡੀਆਂ ਪੰਜਾਬ ਦੀਆਂ ਲਾਇਬ੍ਰੇਰੀਆਂ ਦੇ ਸਟਾਫ ਦੀ ਤਰ੍ਹਾਂ ਮੱਥੇ ਵੱਟ ਨਹੀਂ ਪਾਉਂਦਾ। ਨਾ ਹੀ ਟਰਕਾਉਂਦਾ ਹੈ।

ਲਾਇਬ੍ਰੇਰੀ ਦੇ ਸਵਾਗਤ ਕਰਮਚਾਰੀ ਦੇ ਦੱਸਣ ਤੇ ਅਸੀਂ ਲਾਇਬ੍ਰੇਰੀ ਦੀ ਦੂਜੀ ਮੰਜ਼ਲ ਤੇ ਭਾਰਤੀ ਭਾਸ਼ਾਵਾਂ ਦੇ ਬਣੇ ਸੈਕਸ਼ਨ ਨੂੰ ਵੇਖਣ ਗਏ। ਪੰਜਾਬੀ ਦੀਆਂ ਕੋਈ 200 ਦੇ ਕਰੀਬ ਕਿਤਾਬਾਂ ਸਨ। ਐਨੀਆਂ ਕੁ ਕਿਤਾਬਾਂ ਹੀ ਹਿੰਦੀ ਦੀਆਂ ਸਨ। ਏਸ ਦਾ ਮਤਲਬ ਸੀ ਕਿ ਏਸ ਏਰੀਏ ਵਿਚ ਪੰਜਾਬੀ ਦੀ ਕਾਫੀ ਆਬਾਦੀ ਹੈ, ਜਿਹੜੇ ਪੰਜਾਬੀ ਦੀਆਂ ਕਿਤਾਬਾਂ ਪੜ੍ਹਦੇ ਹਨ। ਦੂਜੀ ਮੰਜ਼ਲ ਤੇ ਹੀ ਬੈਠੀ ਲਾਇਬ੍ਰੇਰੀਅਨ ਨੂੰ ਮੈਂ ਆਪਣੀਆਂ ਪੰਜ ਕਿਤਾਬਾਂ ***ਅਲੋਪ ਹੋ ਰਿਹਾ ਪੰਜਾਬੀ ਵਿਰਸਾ, ਲੋਕ ਗੀਤਾਂ ਵਿਚ ਰਿਸ਼ਤੇ ਨਾਤੇ, ਮੇਰੇ ਪਿੰਡ ਦੀ ਬਦਲੀ ਨੁਹਾਰ, ਯਾਦਾਂ ਦਾ ਸੰਸਾਰ ਤੇ ਘੁੱਗੀਮਾਰ ਅਫਸਰ*** ਭੇਟ ਕਰ ਦਿੱਤੀਆਂ। ਉਸ ਤੋਂ ਪਿਛੋਂ ਅਸੀਂ ਵਾਪਸ ਘਰ ਪਹੁੰਚੇ। ਹਰਜਿੰਦਰ ਸਿੰਘ ਨੂੰ ਅਸੀਂ ਘਰੇ ਛੱਡਿਆ। ਫੇਰ ਅਸੀਂ ਸਾਰਾ ਪਰਿਵਾਰ ਮੇਰੇ ਵੱਡੇ ਦੋਹਤੇ ਮਨਰੀਤ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਸਕੂਲ ਦੇ ਟੀਚਰਾਂ ਨੂੰ ਮਿਲਣ ਲਈ ਉਸ ਦੇ ਸਕੂਲ ਨੂੰ ਚੱਲ ਪਏ।

ਮੇਰੇ ਜੁਆਈ ਨੇ ਫੈਲੋਸ਼ਿਪ ਨਿਊ ਯਾਰਕ ਤੋਂ ਕੀਤੀ ਹੈ। ਮੇਰੀ ਲੜਕੀ ਨੇ ਐਮ. ਬੀ. ਏ ਵੀ ਏਥੋਂ ਹੀ ਮੁਕੰਮਲ ਕੀਤੀ ਹੈ। ਮੇਰੇ ਵੱਡੇ ਦੋਹਤੇ ਮਨਰੀਤ ਸਿੰਘ ਨੇ ਪਹਿਲੀਆਂ ਤਿੰਨ ਜਮਾਤਾਂ ਏਥੋਂ ਦੇ Resurrection Ascension School ਵਿਚੋਂ ਪਾਸ ਕੀਤੀਆਂ ਹਨ। ਗੱਡੀ ਅਸੀਂ ਸਕੂਲ ਦੀ ਪਾਰਕਿੰਗ ਵਿਚ ਖੜ੍ਹੀ ਕੀਤੀ। ਅਸੀਂ ਗੱਡੀ ਵਿਚ ਬੈਠੇ ਰਹੇ।

ਮਨਰੀਤ ਸਿੰਘ ਸਕੂਲ ਦੇ ਅੰਦਰ ਆਪਣੇ ਟੀਚਰਾਂ ਨੂੰ ਮਿਲਣ ਚਲਿਆ ਗਿਆ। ਤੁਸੀਂ ਦੁਨੀਆਂ ਦੇ ਕਿਸੇ ਹਿੱਸੇ ਦੇ ਵਸਨੀਕਾਂ ਨੂੰ ਮਿਲ ਲਵੋ, ਉਨ੍ਹਾਂ ਦੇਸ਼ਾਂ ਦੇ ਹਰ ਵਸ਼ਨੀਕ ਦੇ ਮਨ ਵਿਚ ਜਿਥੇ ਉਸ ਨੇ ਆਪਣਾ ਬਚਪਨ ਬਿਤਾਇਆ ਹੁੰਦਾ ਹੈ, ਉਸ ਨੂੰ ਮੁੜ ਵੇਖਣ ਦੀ ਮਨੋ ਮਨ ਜ਼ਰੂਰ ਤਾਂਘ ਹੁੰਦੀ ਹੈ। ਇੱਛਾ ਹੁੰਦੀ ਹੈ। ਜਿਹੜੇ ਭਾਗਾਂ ਵਾਲੇ ਹੁੰਦੇ ਹਨ, ਕਿਸਮਤ ਦੇ ਧਨੀ ਹੁੰਦੇ ਹਨ, ਉਨ੍ਹਾਂ ਨੂੰ ਆਪਣੇ ਬਚਪਨ ਦੇ ਘਰ, ਸਕੂਲ, ਪਿੰਡ ਸ਼ਹਿਰ, ਥਾਵਾਂ ਵੇਖਣ ਦਾ ਨਸੀਬ ਪ੍ਰਾਪਤ ਹੋ ਜਾਂਦਾ ਹੈ। ਜਿਨ੍ਹਾਂ ਨੂੰ ਇਹ ਨਸੀਬ ਪ੍ਰਾਪਤ ਨਹੀਂ ਹੁੰਦਾ, ਉਹ ਸਾਰੀ ਉਮਰ ਝੂਰਦੇ ਰਹਿੰਦੇ ਹਨ। ਪਛਤਾਵਾ ਕਰਦੇ ਰਹਿੰਦੇ ਹਨ। ਇਹ ਉਸ ਮਿੱਟੀ ਦਾ ਮੋਹ ਹੁੰਦਾ ਹੈ ਜਿਸ ਥਾਂ ਕਿਸੇ ਨੇ ਆਪਣਾ ਬਚਪਨ ਬਿਤਾਇਆ ਹੁੰਦਾ ਹੈ।

ਦੋ ਘੰਟੇ ਦਾ ਸਮਾਂ ਬੀਤਣ ਪਿਛੋਂ ਮਨਰੀਤ ਸਿੰਘ ਸਕੂਲ ਵਿਚੋਂ ਬਾਹਰ ਆਇਆ। ਉਸ ਨੇ ਆ ਕੇ ਦੱਸਿਆ ਕਿ "ਉਸ ਨੂੰ ਜਿਨ੍ਹਾਂ ਤਿੰਨ ਟੀਚਰਾਂ ਨੇ ਪੜ੍ਹਾਇਆ ਸੀ, ਉਹ ਹੁਣ ਵੀ ਸਕੂਲ ਵਿਚ ਪੜ੍ਹਾਉਂਦੀਆਂ ਹਨ। ਮੈਨੂੰ ਮਿਲ ਕੇ ਬਹੁਤ ਖੁਸ਼ ਹੋਈਆਂ। ਮੇਰੀ ਮੌਜੂਦਾ ਪੜ੍ਹਾਈ ਬਾਰੇ ਉਨ੍ਹਾਂ ਨੇ ਪੁੱਛਿਆ। ਮੈਂ ਉਨ੍ਹਾਂ ਕਮਰਿਆਂ ਵਿਚ ਵੀ ਗਿਆ, ਜਿਨ੍ਹਾਂ ਕਮਰਿਆਂ ਵਿਚ ਬੈਠ ਕੇ ਤਿੰਨ ਸਾਲ ਪੜ੍ਹਿਆ ਸੀ।" ਉਸ ਸਮੇਂ ਮੇਰਾ ਜੁਆਈ ਸਕੂਲ ਦੇ ਨੇੜੇ ਹੀ ਪੈਂਦੀ ਆਬਾਦੀ ਐਲਮਹਰਸਟ ਵਿਚ ਰਹਿੰਦਾ ਸੀ। ਸਕੂਲ ਤੋਂ ਪਿਛੋਂ ਅਸੀਂ ਇੰਡੀਆ ਬਾਜ਼ਾਰ ਗਏ। ਇਹ ਬਾਜ਼ਾਰ ਜੈਕਸ਼ਨ ਹਾਈਟਸ ਵਿਚ ਪੈਂਦਾ ਹੈ। ਕਾਫੀ ਵੱਡਾ ਬਾਜ਼ਾਰ ਹੈ। ਇੰਡੀਅਨ ਦੀ ਹਰ ਚੀਜ਼ ਏਥੋਂ ਮਿਲਦੀ ਹੈ। ਬਾਜ਼ਾਰ ਵਿਚ ਸਭ ਤੋਂ ਵੱਧ ਦੁਕਾਨਾਂ ਸੋਨੇ ਦੇ ਗਹਿਣਿਆਂ ਦੀਆਂ ਹਨ। ਏਸ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਦੀਆਂ ਇਸਤਰੀਆਂ ਚਾਹੇ ਕਿਸੇ ਦੇਸ਼ ਵਿਚ ਵੀ ਚਲੀਆਂ ਜਾਣ, ਉਨ੍ਹਾਂ ਦਾ ਗਹਿਣੇ ਪਾਉਣ ਦਾ ਸ਼ੌਂਕ ਨਾਲ ਹੀ ਜਾਂਦਾ ਹੈ। ਵੈਸੇ ਵੀ ਇਸਤਰੀਆਂ ਸੋਨੇ ਦੇ ਗਹਿਣਿਆਂ ਨੂੰ ਆਪਣੀ ਇਕ ਨਿੱਜੀ ਪੂੰਜੀ ਸਮਝਦੀਆਂ ਹਨ।

ਦੁਪਹਿਰ ਦਾ ਖਾਣਾ ਅਸੀਂ ਇਕ ਇੰਡੀਅਨ ਹੋਟਲ ਤੇ ਬਤੌਰ ਬਫੇ ਖਾਦਾ। ਏਥੇ ਆਮ ਤੌਰ ਤੇ ਬਫੇ ਖਾਣੇ ਲੱਗੇ ਹੁੰਦੇ ਹਨ। ਬਫੇ ਖਾਣੇ ਵਿਚ ਤੁਸੀਂ ਲੱਗੇ ਖਾਣੇ ਵਿਚੋਂ ਆਪਣੀ ਮਨ ਮਰਜ਼ੀ ਦਾ ਖਾਣਾ ਆਪ ਪਾ ਕੇ, ਜਿਨ੍ਹਾਂ ਮਰਜ਼ੀ ਚਾਹੋ, ਖਾ ਸਕਦੇ ਹੋ। ਖਾਣਾ ਖਾਣ ਤੋਂ ਬਾਅਦ ਇੰਡੀਅਨ ਬਾਜ਼ਾਰ ਵਿਚ ਹੀ ਬਣੇ ਸਿਨਮਾ ਹਾਲ ਵਿਚ ਹਿੰਦੀ ਪਿਕਚਰ ਵੇਖਣ ਦਾ ਪ੍ਰੋਗਰਾਮ ਬਣਿਆ। ਪਰ ਜਦ ਜੋਧਾ ਅਕਬਰ ਪਿਕਚਰ ਲੱਗੀ ਦਾ ਪਤਾ ਲੱਗਿਆ ਤਾਂ ਪ੍ਰੋਗਰਾਮ ਕੈਂਸਲ ਕਰਨਾ ਪਿਆ। ਕਿਉਂ ਜੋ ਅਸੀਂ ਇਹ ਮੂਵੀ ਪਹਿਲਾਂ ਹੀ ਫਰਜ਼ਿਨੋ ਦੇ ਇੰਡੀਅਨ ਥੀਏਟਰ ਵਿਚ ਵੇਖ ਚੁੱਕੇ ਸੀ।

ਅਸੀਂ ਫੇਰ ਨਿਊਯਾਰਕ ਦਾ ਸਭ ਤੋਂ ਉੱਚੀਆਂ ਬਹੁ ਮੰਜ਼ਲੀਆਂ ਬਿਲਡਿੰਗਾਂ ਵਾਲਾ ਇਲਾਕਾ ਮੈਨਹਟਨ ਪੂਰਾ ਘੁੰਮ ਕੇ ਵੇਖਿਆ। ਸੈਂਟਰਲ ਪਾਰਕ ਵਿਚ ਇਕ ਘੰਟਾ ਘੁੰਮੇ। ਨਿਊ ਯਾਰਕ ਦੇ ਏਸ ਪਾਰਕ ਨੂੰ ਸਭ ਤੋਂ ਵੱਧ ਲੋਕੀ ਵੇਖਣ ਲਈ ਆਉਂਦੇ ਹਨ। ਸੈਰ ਕਰਨ ਲਈ ਆਉਂਦੇ ਹਨ। ਇਕ ਮੋਟੇ ਅੰਦਾਜ਼ੇ ਮੁਤਾਬਕ ਏਸ ਪਾਰਕ ਵਿਚ ਹਰ ਸਾਲ 3 ਕਰੋੜ ਲੋਕ ਫੇਰਾ ਪਾਉਂਦੇ ਹਨ। ਨਿਊ ਯਾਰਕ ਦੀ ਆਮਦਨ ਵਿਚ ਟੂਰਿਸ਼ਟਾਂ ਤੋਂ ਹੁੰਦੀ ਕਮਾਈ ਦਾ ਕਾਫੀ ਯੋਗਦਾਨ ਹੈ। ਅਸੀਂ ਫੇਰ ਯੂ. ਐਨ. ਓ. ਦੇ ਹੈਡ ਕੁਆਟਰ ਵਾਲੀ ਬਿਲਡਿੰਗ ਬਾਹਰੋਂ ਹੀ ਖੜ੍ਹ ਕੇ ਵੇਖੀ। ਕਿਉਂ ਜੋ ਸਕਿਉਰਟੀ ਕਰ ਕੇ ਏਸ ਬਿਲਡਿੰਗ ਦੇ ਅੰਦਰ ਨਹੀਂ ਜਾਣ

ਦਿੱਤਾ ਜਾਂਦਾ। ਉਸ ਤੋਂ ਪਿਛੋਂ ਮੈਨਹਟਨ ਵਿਚ ਹੀ ਪੈਂਦਾ ਬਰੁਕਲੀਨ ਬ੍ਰਿੱਜ਼ ਦਾ ਉਹ ਏਰੀਆ ਵੇਖਿਆ, ਜਿਸ ਤੇ "ਕੱਲ ਹੋ ਨਾ ਹੋ" ਮੂਵੀ ਦੀ ਸੂਟਿੰਗ ਹੋਈ ਸੀ। ਏਸ ਮੂਵੀ ਦੇ ਮੁੱਖ ਗੀਤ ਦਾ ਕੁਝ ਹਿੱਸਾ ਵੀ ਏਸੇ ਬ੍ਰਿੱਜ਼ ਤੇ ਫਿਲਮਾਇਆ ਹੋਇਆ ਹੈ। ਗੀਤ ਦੇ ਉਹ ਬੋਲ ਹਨ—

ਹਰ ਘੜੀ ਬਦਲ ਰਹੀ ਹੈ ਰੂਪ ਜ਼ਿੰਦਗੀ।
ਛਾਂਓਂ ਹੈ ਕਭੀ ਕਭੀ ਹੈ ਧੂਪ ਜ਼ਿੰਦਗੀ।
ਹਰ ਪਾਲ ਯਹਾਂ ਜੀ ਭਰਕੇ ਜੀਓ।
ਜੋ ਹੈ ਸਮਾਂ, ਕੱਲ ਹੋ ਨਾ ਹੋ।

ਮੈਨਹਟਨ ਏਰੀਆ ਹੀ ਏਥੋਂ ਦੀ ਘਣੀ ਵਸੋਂ ਵਾਲਾ ਇਲਾਕਾ ਹੈ। ਏਸ ਏਰੀਏ ਵਿਚ ਹੀ ਕਵੀਨ ਬ੍ਰਿੱਜ਼, ਮੈਨਹਟਨ ਬ੍ਰਿੱਜ਼ ਪੈਂਦੇ ਹਨ। ਏਸ ਇਲਾਕੇ ਵਿਚ ਘੁੰਮਦਿਆਂ ਨੂੰ ਹੀ ਦਫਤਰਾਂ ਵਿਚ ਛੁੱਟੀ ਹੋਣ ਦਾ ਟਾਈਮ ਹੋ ਗਿਆ। ਬਾਜ਼ਾਰ ਵਿਚ ਗਹਿਮਾ ਗਹਿਮੀ ਹੋਣ ਲੱਗ ਪਈ। ਜਿਉਂ ਜਿਉਂ ਸੂਰਜ ਛਿਪਦਾ ਜਾਂਦਾ ਸੀ, ਤਿਉਂ ਤਿਉਂ ਬਾਜ਼ਾਰ ਵਿਚ ਰੌਣਕ ਵਧਦੀ ਜਾਂਦੀ ਸੀ। ਜਦ ਅਸੀਂ ਕਿਸੇ ਸਬਬੇਅ Subway ਦੇ ਸਟੇਸ਼ਨ ਦੇ ਨੇੜੇ ਪਹੁੰਚਦੇ ਸੀ ਤਾਂ ਸਬਬੇਅ ਵਿਚੋਂ ਸਵਾਰੀਆਂ ਏਸ ਤਰ੍ਹਾਂ ਬਾਹਰ ਨਿਕਲਦੀਆਂ ਸਨ ਜਿਵੇਂ ਕੀੜਿਆਂ ਦੀ ਖੁੱਡ ਵਿਚੋਂ ਕੀੜੇ ਬਾਹਰ ਨਿਕਲਦੇ ਹੁੰਦੇ ਹਨ। ਏਥੋਂ ਦੀ ਅਸਲ ਜ਼ਿੰਦਗੀ ਤਾਂ ਰਾਤ ਨੂੰ ਸ਼ੁਰੂ ਹੁੰਦੀ ਹੈ। ਏਥੋਂ ਦੇ ਪੰਜ ਤੇ ਸੱਤ ਐਵੇਨਿਊ (ਬਾਜ਼ਾਰ) ਸਭ ਤੋਂ ਵੱਧ ਰੌਣਕ ਵਾਲੇ ਐਵੇਨਿਊ ਹਨ। ਇਨ੍ਹਾਂ ਬਾਜ਼ਾਰਾਂ ਵਿਚ ਲੋਕਾਂ ਦੀਆਂ ਟੋਲੀਆਂ ਤੇ ਟੋਲੀਆਂ ਫਿਰਦੀਆਂ ਸਨ। ਏਥੋਂ ਦਾ ਟਾਈਮ ਸੁਕੇਅਰ ਵੇਖਿਆ।

ਉਸ ਤੋਂ ਪਿਛੋਂ ਅਸੀਂ ਇਮਪਾਇਰ ਸਟੇਟ ਬਿਲਡਿੰਗ ਵੇਖਣ ਲਈ ਚਲੇ ਗਏ। ਇਹ ਬਿਲਡਿੰਗ ਪੰਜਵੇਂ ਐਵੇਨਿਊ ਵਿਚ ਹੈ। ਸਟਰੀਟ ਨੰਬਰ 34 ਪੈਂਦੀ ਹੈ। ਮੈਨਹਟਨ ਏਰੀਏ ਦੇ ਕੇਂਦਰ ਵਿਚ ਸਥਿਤ ਹੈ। ਬਿਲਡਿੰਗ 2.66 ਏਕੜ ਵਿਚ ਬਣੀ ਹੋਈ ਹੈ। ਇਸ ਬਿਲਡਿੰਗ ਨੂੰ ਇਕ ਸਾਲ 45 ਦਿਨਾਂ ਵਿਚ ਮੁਕੰਮਲ ਕੀਤਾ ਗਿਆ। ਚਾਰ ਹਜ਼ਾਰ ਬੰਦੇ ਹਰ ਰੋਜ਼ ਏਸ਼ ਬਿਲਡਿੰਗ ਨੂੰ ਬਣਾਉਣ ਲਈ ਲੱਗੇ ਰਹਿੰਦੇ ਸਨ। ਲਗਾਤਾਰ ਕੰਮ ਚਲਦਾ ਸੀ। ਹਰ ਹਫਤੇ ਬਿਲਡਿੰਗ ਦੀਆਂ 4μ ਮੰਜ਼ਲਾਂ ਮੁਕੰਮਲ ਕੀਤੀਆਂ ਜਾਂਦੀਆਂ ਸਨ। ਬਿਲਡਿੰਗ ਨੂੰ ਬਣਾਉਣ ਲਈ 60 ਹਜ਼ਾਰ ਟਨ ਲੋਹਾ, ਇਕ ਕਰੋੜ ਇੱਟਾਂ, 25 ਲੱਖ ਫੁੱਟ ਬਿਜ਼ਲੀ ਦੀਆਂ ਤਾਰਾਂ, 120 ਮੀਲ ਲੰਮੇ ਪਾਈਪ, ਇਕ ਹਜ਼ਾਰ ਮੀਲ ਲੰਮੀਆਂ ਟੈਲੀਫੂਨ ਦੀਆਂ ਤਾਰਾਂ, 6500 ਖਿੜਕੀਆਂ ਤੇ ਪੌੜੀਆਂ ਦੀ ਗਿਣਤੀ 1860 ਹੈ। ਬਿਲਡਿੰਗ ਦਾ ਵਜ਼ਨ 3 ਲੱਖ 65 ਹਜ਼ਾਰ ਟਨ ਹੈ। ਇਸ ਵਿਚ 73 ਐਲੀਵੇਟਰ ਲੱਗੇ ਹੋਏ ਹਨ। ਦੋ ਲੱਖ ਕਿਊਜਿਕ ਫੁੱਟ ਲਾਈਮਸਟੋਨ, ਗ੍ਰੇਨਾਈਟ ਤੇ ਸਟੈਨਲਿਸ ਸਟੀਲ ਲੱਗਿਆ ਹੋਇਆ ਹੈ। ਏਸ ਅੰਦਰ ਜੋ ਕੀਮਤੀ ਪੱਧਰ ਲੱਗਿਆ ਹੋਇਆ ਹੈ, ਉਹ ਇਟਲੀ, ਫਰਾਂਸ ਬੈਲਜੀਅਮ ਤੇ ਜਰਮਨੀ ਤੋਂ ਮੰਗਵਾਇਆ ਗਿਆ ਸੀ। ਬਿਲਡਿੰਗ ਨੂੰ ਬਣਾਉਣ ਤੇ 4 ਕਰੋੜ 10 ਲੱਖ ਡਾਲਰ ਲੱਗੇ ਸਨ। ਪਰ ਏਸ ਬਿਲਡਿੰਗ ਦੀ ਮੁਰੰਮਤ ਕਰਨ ਤੇ ਪਿਛਲੇ 10 ਸਾਲਾਂ ਵਿਚ 10 ਕਰੋੜ ਡਾਲਰ ਲੱਗ ਚੁੱਕਿਆ ਹੈ। ਇਹ ਬਿਲਡਿੰਗ ਦੀ ਬਣਾਉਣ ਦੀ ਕੀਮਤ ਨਾਲੋਂ 5 ਕਰੋੜ 10 ਲੱਖ ਡਾਲਰ ਵੱਧ ਹੈ। ਏਸ ਬਿਲਡਿੰਗ ਨੂੰ ਸਾਲ 1986 ਵਿਚ "Nationl Historic

Landmark"ਮੰਨਿਆ ਗਿਆ ਹੈ।

ਇਹ ਬਿਲਡਿੰਗ ਟਿਕਟਾਂ ਲੈ ਕੇ ਵਿਖਾਈ ਜਾਂਦੀ ਹੈ। ਇਸ ਦੀ ਅਬਜ਼ਰਵੇਟਰੀ ਦੀ ਟਿਕਟ 19 ਡਾਲਰ ਦੀ ਹੈ। ਬੱਚਿਆਂ ਦੀ ਟਿਕਟ 13 ਡਾਲਰ ਤੋਂ ਲੈ ਕੇ 17 ਡਾਲਰ ਤੱਕ ਦੀ ਹੈ। ਸਕਾਈਰਾਈਡ ਦੀ ਟਿਕਟ 29µ ਡਾਲਰ ਦੀ ਹੈ। ਬੱਚਿਆਂ ਦੀ ਸਕਾਈਰਾਈਡ ਟਿਕਟ 14 ਡਾਲਰ ਤੋਂ ਲੈ ਕੇ 22µ ਡਾਲਰ ਤੱਕ ਹੈ। ਅਮਰੀਕਨ ਵਪਾਰੀਆਂ ਦੀ ਕੌਮ ਹੋਣ ਕਰਕੇ ਹਰ ਕੰਮ ਵਪਾਰੀ ਨੀਯਤ ਨਾਲ ਕਰਦੀ ਹੈ। ਸਵੇਰੇ 8 ਵਜੇ ਤੋਂ ਰਾਤ ਦੇ 2 ਵਜੇ ਤੱਕ ਭਾਵ 18 ਘੰਟੇ ਏਸ ਬਿਲਡਿੰਗ ਨੂੰ ਵਿਖਾਉਣ ਦੀ ਕਾਰਵਾਈ ਚਲਦੀ ਰਹਿੰਦੀ ਹੈ। ਇਸ ਨੂੰ ਸਾਰਾ ਸਾਲ ਵਿਖਾਇਆ ਜਾਂਦਾ ਹੈ। ਸਾਲ ਵਿਚ ਇਕ ਵੀ ਛੁੱਟੀ ਨਹੀਂ ਕੀਤੀ ਜਾਂਦੀ। ਟਿਕਟਾਂ ਦੀ ਆਮਦਨ ਤੋਂ ਬਿਨਾਂ ਬਿਲਡਿੰਗ ਵਿਚ ਇਨ੍ਹਾਂ ਨੇ ਕਮਾਈ ਦੇ ਹੋਰ ਢੰਗ ਵੀ ਅਪਣਾਏ ਹੋਏ ਹਨ। ਬਿਲਡਿੰਗ ਅੰਦਰ ਖਾਣ ਪੀਣ ਲਈ ਕੈਫੇਟੀਰੀਆ ਹਨ। ਗਿਫਟ ਸ਼ਾਪਸ ਹਨ। ਗਿਫਟ ਸ਼ਾਪਸ ਉਪਰ ਪਏ ਗਿਫ਼ਟਾਂ ਉਪਰ ਇਮਪਾਇਰ ਸਟੇਟ ਬਿਲਡਿੰਗ ਦੇ ਨਿਸ਼ਾਨ, ਚਿੰਨ ਬਣੇ ਹੋਏ ਹਨ। ਇਨ੍ਹਾਂ ਗਿਫਟ ਸ਼ਾਪਾਂ ਦੇ ਦੁਕਾਨਦਾਰਾਂ ਨੇ ਆਪਣੇ ਗਿਫਟ ਵੇਚਣ ਲਈ ਏਜੰਟ ਛੱਡੇ ਹੋਏ ਸਨ। ਇਹ ਏਜੰਟ ਟਿਕਟ ਖਰੀਦਣ ਲਈ ਲੱਗੀ ਲਾਈਨ ਦੇ ਸਾਈਡ ਤੇ ਖੜ੍ਹ ਕੇ ਆਪਣਾ ਪ੍ਰਚਾਰ ਕਰ ਰਹੇ ਸਨ। ਏਸ ਪ੍ਰਚਾਰ ਵਿਚ ਸਕਾਈਰਾਈਡ (Skyride) ਦੀ ਟਿਕਟ ਲੈਣ ਵਾਲੇ ਨੂੰ ਉਹ ਇਮਪਾਇਰ ਸਟੇਟ ਬਿਲਡਿੰਗ ਦੇ ਨਿਸ਼ਾਨ ਵਾਲੀ ਟੀ ਸ਼ਰਟ ਦੇਣ ਬਾਰੇ ਦੱਸ ਰਹੇ ਸਨ। ਸਕਾਈਰਾਈਡ ਦੀ ਟਿਕਟ ਮਹਿੰਗੀ ਸੀ। ਕਈ ਟੂਰਿਸ਼ਟ ਟੀ. ਸ਼ਰਟ ਦੇ ਲਾਲਚ ਵਿਚ ਸਕਾਈ ਰਾਈਡ ਦੀਆਂ ਟਿਕਟਾਂ ਖਰੀਦ ਰਹੇ ਸਨ।

ਟਿਕਟਾਂ ਖਰੀਦਣ ਲਈ ਬਹੁਤ ਲੰਮੀ ਲਾਈਨ ਲੱਗੀ ਹੋਈ ਸੀ। ਕੋਈ ਅੱਧੇ ਘੰਟੇ ਪਿਛੋਂ ਸਾਡੀ ਵਾਰੀ ਆਈ। ਅਸੀਂ ਵੀ ਸਕਾਈਰਾਈਡ ਦੀਆਂ ਟਿਕਟਾਂ ਖਰੀਦੀਆਂ। ਟਿਕਟਾਂ ਖਰੀਦ ਕੇ ਅਗਲੇ ਹਾਲ ਵਿਚ ਪਹੁੰਚ ਗਏ। ਉਥੇ ਸਕਰੀਨਿੰਗ ਲਈ ਕਈ ਮਸ਼ੀਨਾਂ ਲੱਗੀਆਂ ਹੋਈਆਂ ਸਨ। ਕੋਟ, ਕੋਟੀਆਂ ਪੈਂਟਾਂ ਦੀਆਂ ਬੈਲਟਾਂ, ਕੜੇ, ਜੇਬਾਂ ਦਾ ਸਾਮਾਨ, ਜੁੱਤੀਆਂ ਬੂਟ, ਗੱਲ ਕੀ ਸਭ ਕੁਝ ਲੁਹਾ ਕੇ ਸਕਰੀਨਿੰਗ ਕੀਤੀ ਗਈ। ਸਕਰੀਨਿੰਗ ਤੋਂ ਬਾਅਦ ਐਲੀਵੇਟਰ ਰਾਹੀਂ ਇਕ ਹੋਰ ਮੰਜ਼ਲ ਤੇ ਪਹੁੰਚੇ। ਉਸ ਮੰਜ਼ਲ ਤੇ ਦੋ ਰਸਤੇ ਬਣਾਏ ਹੋਏ ਸਨ। ਇਕ ਰਸ਼ਤੇ ਤੇ ਸਕਾਈਰਾਈਡ ਲਈਆਂ ਟਿਕਟਾਂ ਵਾਲੇ ਚਲੇ ਗਏ। ਦੂਸਰੇ ਰਸਤੇ ਅਬਜਰਵੇਟਰੀ ਵਾਲੀਆਂ ਟਿਕਟਾਂ ਵਾਲੇ ਪੈ ਗਏ। ਅਸੀਂ ਸਕਾਈਰਾਈਡ ਵਾਲੇ ਪਾਸੇ ਬਣੇ ਇਕ ਛੋਟੇ ਜਿਹੇ ਹਾਲ ਵਿਚ ਪਹੁੰਚ ਗਏ। ਜਦ ਟੂਰਿਸ਼ਟਾਂ ਦੀ ਗਿਣਤੀ 20 ਕੁ ਦੀ ਹੋ ਗਈ ਤਾਂ ਸਾਨੂੰ ਇਕ ਗਾਈਡ ਨੇ ਇਮਪਾਇਰ ਬਿਲਡਿੰਗ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ। ਫੇਰ ਸਾਨੂੰ ਅਗਲੇ ਹਾਲ ਵਿਚ ਲੈ ਗਏ। ਏਸ ਹਾਲ ਵਿਚ 25/30 ਕੁ ਟੂਰਸਿਟਾਂ ਦੇ ਬੈਠਣ ਲਈ ਗੱਦੇ ਦਾਰ ਬੈਂਚ ਲੱਗੇ ਹੋਏ ਸਨ। ਇਨ੍ਹਾਂ ਸਾਰਿਆਂ ਬੈਂਚਾਂ ਦੇ ਅੱਗੇ ਤਿੰਨ ਕੁ ਇੰਚ ਗੋਲ ਪੋਲੀਆਂ ਜਿਹੀਆਂ ਕਾਲੇ ਰੰਗ ਦੀਆਂ ਰਬੜ ਦੀਆਂ ਪਾਈਆਂ ਲੱਗੀਆਂ ਹੋਈਆਂ ਸਨ। ਸਾਨੂੰ ਇਨ੍ਹਾਂ ਬੈਂਚਾਂ ਉਪਰ ਬਿਠਾਇਆ ਗਿਆ। ਦੋਵੇਂ ਹੱਥਾਂ ਨਾਲ ਅੱਗੇ ਲੱਗੀਆਂ ਪਾਈਪਾਂ ਨੂੰ ਚੰਗੀ ਤਰ੍ਹਾਂ ਫੜ੍ਹ ਕੇ ਰੱਖਣ ਲਈ ਕਿਹਾ ਗਿਆ। ਸਾਡੇ ਸਾਹਮਣੇ ਸਿਨਮੇ ਦੀ ਸ਼ਕਰੀਨ ਦੀ ਤਰ੍ਹਾਂ ਵੱਡੀ ਸਾਰੀ ਸ਼ਕਰੀਨ ਲੱਗੀ ਹੋਈ ਸੀ। ਲਾਈਟਾਂ ਬੰਦ ਕਰ ਕੇ ਸਾਨੂੰ ਏਸ ਸਕਰੀਨ ਉਪਰ ਨਿਊਯਾਰਕ ਦਾ ਸਾਰਾ ਦ੍ਰਿਸ਼ ਵਿਖਾਇਆ ਗਿਆ। ਸੀਟਾਂ ਦੀ ਥੋੜੀ ਥੋੜੀ ਹਿੱਲ

ਜੁੱਲ ਏਸ ਤਰ੍ਹਾਂ ਹੋ ਰਹੀ ਸੀ ਜਿਵੇਂ ਅਸੀਂ ਹਵਾ ਵਿਚ ਉੱਡ ਰਹੇ ਹੋਈਏ ਤੇ ਸਕਰੀਨ ਉਪਰ ਵਿਖਾਇਆ ਜਾ ਰਿਹਾ ਦ੍ਰਿਸ਼ ਸਾਡੇ ਉਪਰ ਆ ਡਿੱਗੇਗਾ। ਪਰ ਅਜੇਹਾ ਤਾਂ ਅੱਜ ਦੀ ਸਾਇੰਸ ਦੀ ਤਰੱਕੀ ਦਾ ਕਮਾਲ ਸੀ। ਸੋ ਖਤਮ ਹੋਣ ਤੋਂ ਬਾਅਦ ਹਾਲ ਤੋਂ ਬਾਹਰ ਆਏ। ਟਿਕਟਾਂ ਵਿਖਾ ਕੇ ਰਸਤੇ ਵਿਚ ਪੈਂਦੀ ਸ਼ਾਪ ਤੋਂ ਟੀ ਸ਼ਰਟਾਂ ਲਈਆਂ।

ਫੇਰ ਇਮਪਾਇਰ ਬਿਲਡਿੰਗ ਨੂੰ ਵੇਖਣ ਲਈ ਉਪਰ ਜਾ ਰਹੇ ਟੂਰਿਸ਼ਟਾਂ ਦੀ ਲਾਈਨ ਵਿਚ ਜਾ ਲੱਗੇ। ਅਗਲੇ ਹਾਲ ਵਿਚ ਫੋਟੋਆਂ ਖਿੱਚਣ ਲਈ ਇਕ ਵੱਡੀ ਸਾਰੀ ਲਾਈਨ ਲੱਗੀ ਹੋਈ ਸੀ। ਫੋਟੋਗ੍ਰਾਫਰ ਗਰੁਪ ਵਾਰ ਫੋਟੋਆਂ ਖਿੱਚ ਰਿਹਾ ਸੀ। ਜਿਨ੍ਹੇ ਕਿਸੇ ਗਰੁੱਪ ਵਿਚ ਟੂਰਿਸਟ ਸਨ, ਉਨ੍ਹਾਂ ਸਾਰੇ ਟੂਰਸ਼ਿਟਾਂ ਦੀ ਇਕ ਹੀ ਫੋਟੋ ਖਿੱਚੀ ਜਾਂਦੀ ਸੀ। ਇਮਪਾਇਰ ਬਿਲਡਿੰਗ ਨੂੰ ਵੇਖਣ ਲਈ ਮੈਂ, ਮੇਰਾ ਜੁਆਈ ਤੇ ਮੇਰੇ ਦੋਵੇਂ ਛੋਟੇ ਦੋਹਤੇ ਆਏ ਸਾਂ। ਏਸ ਲਈ ਸਾਡੇ ਚਾਰਾਂ ਦੀ ਇਕ ਫੋਟੋ ਖਿੱਚ ਗਈ। ਮੇਰੀ ਲੜਕੀ ਤੇ ਮੇਰਾ ਦੋਹਤਾ ਮੈਂਸੀ ਸਟੋਰ ਵਿਚੋਂ ਆਪਣੀ ਖਰੀਦਦਾਰੀ ਕਰਨ ਲਈ ਚਲੇ ਗਏ ਸਨ। ਉਨ੍ਹਾਂ ਨੇ, ਜਦ ਉਹ ਨਿਊ ਯਾਰਕ ਵਿਚ ਰਹਿੰਦੇ ਸਨ, ਏਸ ਬਿਲਡਿੰਗ ਨੂੰ ਕਈ ਵਾਰ ਵੇਖਿਆ ਹੋਇਆ ਸੀ। ਛੋਟੇ ਦੋਹਤਿਆਂ ਦੀ ਉਸ ਸਮੇਂ ਉਮਰ ਬਹੁਤ ਛੋਟੀ ਸੀ। ਏਸ ਕਰਕੇ ਉਹ ਸਾਡੇ ਨਾਲ ਬਿਲਡਿੰਗ ਵੇਖ ਰਹੇ ਸਨ।

ਫੋਟੋਆਂ ਖਿੱਚਣ ਤੋਂ ਪਿਛੋਂ ਆਪਣੀ ਵਾਰੀ ਆਉਣ ਤੇ ਅਸੀਂ ਐਲੀਵੇਟਰ ਤੇ ਸਵਾਰ ਹੋ ਕੇ ਬਿਲਡਿੰਗ ਦੇ ਉਸ ਸਥਾਨ ਤੇ ਪਹੁੰਚੇ (Observatory) ਜਿਥੋਂ ਚਾਰ ਚੁਫੇਰੇ ਘੁੰਮ ਕੇ ਨਿਊ ਯਾਰਕ ਦਾ ਸਾਰਾ ਨਜ਼ਾਰਾ ਵੇਖਿਆ ਜਾਂਦਾ ਹੈ। ਜਦ ਐਲੀਵੇਟਰ ਤੋਂ ਬਾਹਰ ਨਿਕਲੇ ਤਾਂ ਅਬਜ਼ਰਵੇਟਰੀ ਵਿਚ ਐਨਾ ਇਕੱਠ ਸੀ ਕਿ ਮਸਾ ਖੜ੍ਹਣ ਜੋਗੀ ਜਗਾ ਬਣਾਈ। ਹੌਲੀ ਹੌਲੀ ਰਿਸਕਦੇ ਰਿਸਕਦੇ ਜੰਗਲਿਆਂ ਕੋਲ ਲੱਗੀਆਂ ਦੂਰਬੀਨਾਂ ਕੋਲੇ ਪਹੁੰਚੇ, ਜਿਥੋਂ ਬੱਚਿਆਂ ਨੂੰ ਨਿਊ ਯਾਰਕ ਸ਼ਹਿਰ ਦਾ ਨਜ਼ਾਰਾ ਵਿਖਾਇਆ। ਦੂਰਬੀਨਾਂ ਚਾਰੇ ਪਾਸੇ ਲੱਗੀਆਂ ਹੋਈਆਂ ਸਨ। ਅਬਜ਼ਰਵੇਟਰੀ ਵਿਚ ਖੜ੍ਹਿਆਂ ਨੂੰ ਸਾਨੂੰ ਤਾਰਿਆਂ ਭਰੇ ਦੋ ਆਸਮਾਨ ਨਜ਼ਰ ਆ ਰਹੇ ਸਲ। ਇਕ ਉਪਰ ਅਸਲੀ ਤਾਰਿਆਂ ਭਰਿਆ ਆਸਮਾਨ ਤੇ ਇਕ ਅਬਜ਼ਰਵੇਟਰੀ ਦੇ ਆਲੇ ਦੁਆਲੇ ਬਿਜਲੀਆਂ ਦੀਆਂ ਰੌਸ਼ਲੀਆਂ ਨਾਲ ਨਿਊ ਯਾਰਕ ਸ਼ਹਿਰ ਦਾ ਸਿਰਜਿਆ ਗਿਆ ਆਸਮਾਨ। ਚਾਹੇ ਖੜੇ ਟੂਰਿਸ਼ਟਾਂ ਵਿਚ ਤਿਲ ਸਿੱਟਣ ਜੋਗੀ ਥਾਂ ਵੀ ਨਹੀਂ ਸੀ ਪਰ ਫੇਰ ਵੀ ਹੌਲੀ ਹੌਲੀ ਅਬਜਰਵੇਟਰੀ ਦੇ ਚਾਰੇ ਪਾਸੇ ਘੁੰਮ ਕੇ ਸਾਰੇ ਨਿਊ ਯਾਰਕ ਸ਼ਹਿਰ ਦਾ ਨਜ਼ਾਰਾ ਵੇਖਿਆ। ਅਬਜ਼ਰਵੇਟਰੀ ਦੇ ਦੱਖਣ ਵਾਲੇ ਪਾਸੇ ਸਟੈਚੂ ਆਫ ਲਿਬਰਟੀ ਪੈਂਦਾ ਹੈ। ਉੱਤਰ ਵਾਲੇ ਪਾਸੇ ਦੁਨੀਆਂ ਦਾ ਮਸ਼ਹੂਰ ਸੈਂਟ ਪੈਟਰਿਕ ਦਾ ਵੱਡਾ ਗਿਰਜਾ ਘਰ ਹੈ। ਏਥੋਂ ਹੀ ਜਾਰਜ਼ ਵਾਸ਼ਿੰਗਟਨ ਪੁਲ ਨਜ਼ਰ ਆਉਂਦਾ ਹੈ। ਜਿਹੜਾ ਨਿਊ ਯਾਰਕ ਸ਼ਹਿਰ ਨੂੰ ਨਿਊਜਰਸੀ ਸ਼ਹਿਰ ਨਾਲ ਜੋੜਦਾ ਹੈ। ਵਾਸ਼ਿੰਗਟਨ ਪੁਲ ਉਪਰੋਂ ਦੀ ਸਾਰੇ ਅਮਰੀਕਾ ਦੇ ਪੁਲਾਂ ਨਾਲੋਂ ਵੱਧ ਮੋਟਰ ਗੱਡੀਆਂ ਲੰਘਦੀਆਂ ਹਨ। ਪੂਰਬ ਵਾਲੇ ਪਾਸੇ ਯੂ. ਐਨ. ਓ. ਦੇ ਹੈਡ ਕੁਆਟਰ ਵਾਲੀ ਬਿਲਡਿੰਗ ਦਿੱਸਦੀ ਹੈ। ਨਿਊ ਯਾਰਕ ਦੇ ਇਨ੍ਹਾਂ ਦ੍ਰਿਸ਼ਾਂ ਦਾ ਵੇਖਿਆਂ ਹੀ ਅਨੰਦ ਮਾਣਿਆ ਜਾ ਸਕਦਾ ਹੈ। ਏਸ ਨੂੰ ਸ਼ਬਦਾਂ ਵਿਚ ਵਰਨਣ ਕਰਨਾ ਮੁਸ਼ਕਲ ਹੈ। ਏਥੇ ਖੜ੍ਹ ਕੇ ਅਸੀਂ ਕਈ ਫੋਟੋਆਂ ਖਿੱਚੀਆਂ। ਸਾਰੇ ਟੂਰਿਸ਼ਟ ਹੀ ਇਨ੍ਹਾਂ ਦ੍ਰਿਸ਼ਾਂ ਨੂੰ ਆਪਣੇ ਕੈਮਰਿਆਂ ਵਿਚ ਕੈਦ ਕਰ ਰਹੇ ਸਨ।

ਅਬਜ਼ਰਵੇਟਰੀ ਵਿਚ ਪੂਰਾ ਅਨੰਦ ਮਾਣਨ ਪਿਛੋਂ ਐਲੀਵੇਟਰ ਰਾਹੀਂ ਜਦ ਅਸੀਂ ਰਾਤੀਂ 10 ਵਜੇ ਹੇਠਾਂ ਉੱਤਰੇ ਤਾਂ ਉਸ ਸਮੇਂ ਵੀ ਬਿਲਡਿੰਗ ਵੇਖਣ ਵਾਲਿਆਂ ਦੀ ਟਿਕਟ ਖਿੜਕੀ ਤੇ ਦੋ ਫਰਲਾਂਗ ਲੰਮੀ ਲਾਈਨ ਲੱਗੀ ਹੋਈ ਸੀ। ਹੇਠਾਂ ਉੱਤਰ ਕੇ ਅਸੀਂ ਮੈਂਸੀ ਸਟੋਰ ਤੇ ਪਹੁੰਚੇ। ਉੱਥੋਂ ਆਪਣੀ ਲੜਕੀ ਤੇ ਦੋਹਤੇ ਨੂੰ ਲਿਆ। ਬਾਜ਼ਾਰ ਦਾ ਇਕੱਠ ਅਜੇ ਵੀ ਭਰ ਜ਼ੋਬਨ ਤੇ ਸੀ। ਪਾਰਕਿੰਗ ਵਿਚੋਂ ਗੱਡੀ ਕੱਢੀ। ਰਾਤ ਦੇ 11 ਵਜੇ ਘਰ ਪਹੁੰਚੇ। ਸਾਰਾ ਪਰਿਵਾਰ ਸਾਡੀ ਉਡੀਕ ਵਿਚ ਸੀ। ਹਰਜਿੰਦਰ ਸਿੰਘ ਦਾ ਲੜਕਾ ਹਰਜੋਤ ਸਿੰਘ, ਜਿਹੜਾ ਬਾਹਰ ਪੜ੍ਹਦਾ ਹੈ, ਸਪਰਿੰਗ ਹੌਲੀਡੇਜ਼ ਹੋਣ ਕਰਕੇ ਉਹ ਵੀ ਕਾਲਜ ਵਿਚ ਛੁੱਟੀਆਂ ਹੋਣ ਕਰਕੇ ਘਰ ਆਇਆ ਹੋਇਆ ਸੀ। ਸਾਰੇ ਉਸ ਨੂੰ ਮਿਲ ਕੇ ਬੜੇ ਖੁਸ਼ ਹੋਏ। ਬੜਾ ਸੰਗਾਊ ਤੇ ਮਿਹਨਤੀ ਮੁੰਡਾ ਹੈ। ਖਾਣਾ ਖਾਂਦਿਆਂ ਨੂੰ ਰਾਤ ਦੇ 12 ਵੱਜ ਗਏ।

18 ਮਾਰਚ ਨੂੰ ਤਿਆਰ ਹੋ ਕੇ ਨਿਊ ਯਾਰਕ ਬੰਦਰਗਾਹ ਦੇ ਨੇੜੇ ਪੈਂਦੇ ਪਾਰਕ ਵੇਖਣ ਲਈ ਤੁਰਨ ਲੱਗੇ ਸੀ ਕਿ ਹਰਜਿੰਦਰ ਸਿੰਘ ਨੇ ਪੁਰਾਣੀਆਂ ਗੱਲਾਂ ਦੀ ਅਜੇਹੀ ਲੜੀ ਨਾਲ ਲੜੀ ਜੋੜੀ, ਕਿਸੇ ਦਾ ਉਠਣ ਨੂੰ ਜੀਅ ਨਾ ਕੀਤਾ। ਦੁਪਹਿਰ ਦੇ 2 ਵੱਜ ਗਏ। 18 ਮਾਰਚ ਦੀ ਰਾਤ ਨੂੰ ਹੀ ਅਸੀਂ ਵਾਸ਼ਿੰਗਟਨ ਡੀ. ਸੀ. ਪਹੁੰਚਣਾ ਸੀ। ਉਥੇ ਸਾਡੀ ਰਾਤ ਦੀ ਹੋਟਲ ਦੀ ਬੁਕਿੰਗ ਪਹਿਲਾਂ ਹੀ ਕੀਤੀ ਹੋਈ ਸੀ। ਨਿਊ ਯਾਰਕ ਤੋਂ ਵਾਸ਼ਿੰਗਟਨ ਦਾ 5 ਘੰਟੇ ਦਾ ਸਫਰ ਸੀ। ਏਸ ਲਈ ਪਾਰਕ ਵੇਖਣ ਦਾ ਪ੍ਰੋਗਰਾਮ ਰੱਦ ਕਰਕੇ ਵਾਸ਼ਿੰਗਟਨ ਜਾਣ ਦਾ ਫੈਸਲਾ ਕੀਤਾ ਤਾਂ ਜੋ ਟਾਈਮ ਸਿਰ ਉਥੇ ਪਹੁੰਚ ਜਾਈਏ। ਗੱਡੀ ਵਿਚ ਨੈਵੀਗੇਸ਼ਨ ਸਿਸਟਮ ਲੱਗਿਆ ਹੋਇਆ ਸੀ। ਰਸਤੇ ਦੀ ਹੋਟਲ ਦੀ ਜਾਣਕਾਰੀ ਸਿਸਟਮ ਵਿਚ ਫੀਡ ਕੀਤੀ। ਵਾਸ਼ਿੰਗਟਨ ਨੂੰ ਚੱਲ ਪਏ। ਅੱਠ ਵਜੇ ਵਾਸ਼ਿੰਗਟਨ ਦੇ ਹੋਟਲ ਹਿਲਟਨ ਵਿਚ ਜਾ ਡੇਰੇ ਲਾਏ।

# ਵਾਸ਼ਿੰਗਟਨ ਡੀ. ਸੀ.—ਅਮਰੀਕਾ ਦੀ ਕੈਪੀਟਲ

19 ਮਾਰਚ 2008 ਸਾਡਾ ਅਮਰੀਕਾ ਦੀ ਕੈਪੀਟਲ ਵਾਸ਼ਿੰਗਟਨ ਡੀ. ਸੀ. ਨੂੰ ਵੇਖਣ ਦਾ ਪਹਿਲਾ ਦਿਨ ਸੀ। ਏਸ ਦਿਨ ਦਾ ਮੇਰੇ ਜੁਆਈ ਨੇ ਆਪਣੇ ਹਲਕੇ ਦੇ ਮੈਂਬਰ ਪਾਰਲੀਮੈਂਟ ਨਾਲ ਸੰਪਰਕ ਕਰਕੇ ਹਾਊਸ ਆਫ ਰੈਂਪਰਿਜ਼ੈਨਟੇਟਿਵਜ਼ ਨੂੰ ਵੇਖਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਏਸ ਪ੍ਰੋਗਰਾਮ ਨੂੰ ਯੂਨਾਈਟਿਡ ਸਟੇਟਸ ਕੈਪੀਟਲ ਸਟਾਫ ਲੈਡ ਟੂਰ ਕਹਿੰਦੇ ਹਨ। ਏਥੋਂ ਦੇ ਮੈਂਬਰ ਪਾਰਲੀਮੈਂਟ ਨੂੰ ਮਿਲਣਾ ਬਹੁਤ ਸੌਖਾ ਹੈ। ਮੇਰੇ ਜੁਆਈ ਨੇ ਮੈਂਬਰ ਪਾਰਲੀਮੈਂਟ ਦੇ ਵਾਸ਼ਿੰਗਟਨ ਵਾਲੇ ਦਫਤਰ ਵਿਚ ਇਸ ਟੂਰ ਸਬੰਧੀ ਟੈਲੀਫੂਨ ਕੀਤਾ। ਦਫਤਰ ਵਾਲਿਆਂ ਨੇ ਐਮ. ਪੀ. ਦੇ ਲੋਕਲ ਦਫਤਰ, ਜਿਹੜਾ ਐਲ. ਏ. ਵਿਚ ਸੀ, ਉਸ ਦਫਤਰ ਨਾਲ ਸੰਪਰਕ ਕਰਨ ਲਈ ਕਿਹਾ। ਮੇਰੇ ਜੁਆਈ ਨੇ ਫੇਰ ਐਲ. ਏ ਦਫਤਰ ਨਾਲ ਸੰਪਰਕ ਕਰਕੇ 19 ਮਾਰਚ ਦਾ ਪਾਰਲੀਮੈਂਟ ਹਾਊਸ ਵਿਖਾਉਣ ਦਾ ਟੂਰ ਦੇਣ ਦੀ ਬੇਨਤੀ ਕੀਤੀ। ਦਫਤਰ ਵਾਲਿਆਂ ਨੇ ਅਗਲੇ ਦਿਨ ਹੀ ਈ ਮੇਲ ਰਾਹੀਂ 19 ਮਾਰਚ ਦੇ ਟੂਰ ਦੀ ਪੁਸ਼ਟੀ ਕਰ ਦਿੱਤੀ। ਏਸ ਤਰ੍ਹਾਂ ਇਕ ਟੈਲੀਫੂਨ ਕਰਨ ਨਾਲ ਹੀ ਕੰਮ ਹੋ ਗਿਆ। ਜੇ ਕਿਤੇ ਸਾਡੇ ਭਾਰਤ ਦੇਸ਼ ਮਹਾਨ ਦੇ ਮੈਂਬਰ ਪਾਰਲੀਮੈਂਟ ਨਾਲ ਅਜੇਹੇ ਟੂਰ ਸੰਬੰਧੀ ਪ੍ਰੋਗਰਾਮ ਬਣਾਉਣਾ ਹੁੰਦਾ ਤਾਂ ਇਕ ਟੈਲੀਫੂਨ ਤਾਂ ਕੀ, ਕਈ ਵਾਰ ਟੈਲੀਫੂਨ ਕਰਨ ਤੇ ਵੀ ਸ਼ਾਇਦ ਕੰਮ ਨਾ ਹੁੰਦਾ ? ਸਾਡੇ ਸਿਆਸੀ ਨੁਮਾਇੰਦਿਆਂ ਵਿਚ ਇਕ ਵੇਰ ਕਹਿਣ ਤੇ ਕੰਮ ਕਰਨ ਦਾ ਸਭਿਆਚਾਰ ਹੀ ਨਹੀਂ। ਸਾਡੇ ਬਹੁਤੇ ਐਮ. ਪੀ. ਤੇ ਐਮ. ਐਲ. ਏ. ਤਾਂ ਬਹੁਤੇ ਲੋਕਾਂ ਨੂੰ ਲਾਰੇ ਲਾ ਲਾ ਕੇ ਹੀ ਮਗਰੋਂ ਲਾਹ ਦਿੰਦੇ ਹਨ ? ਸਾਡੇ ਤਾਂ ਟਰਕਾਉਣ ਦਾ ਕਲਚਰ ਹੈ ?

ਟੂਰ 11 ਵਜੇ ਸ਼ੁਰੂ ਹੋਣਾ ਸੀ। ਅਸੀਂ ਹੋਟਲ ਤੋਂ 10 ਵਜੇ ਚੱਲ ਪਏ। ਨੇੜੇ ਹੀ ਸਬਵੇਅ (ਧਰਤੀ ਹੇਠ ਚਲਦੀ ਗੱਡੀ) ਦੇ ਪੈਂਦੇ ਸਟੇਸ਼ਟਨ ਤੇ ਪਹੁੰਚੇ। ਨਿਊਯਾਰਕ ਦੀ ਸਬਵੇਅ ਵਿਚ ਮੈਂ ਪਹਿਲਾਂ ਹੀ ਸਫਰ ਕਰ ਚੁੱਕਿਆ ਸੀ। ਪਰ ਐਨੀ ਡੂੰਘੀ ਬਣੀ, ਕੋਈ 70/80 ਫੁੱਟ ਉਹ ਸਬਵੇਅ ਨਹੀਂ ਸੀ। ਦਫਤਰਾਂ ਦਾ ਟਾਈਮ ਹੋਣ ਕਰਕੇ ਸਬਵੇਅ ਸਟੇਸ਼ਨ ਉਪਰ ਪੂਰੀ ਗਹਿਮਾ ਗਹਿਮੀ ਸੀ। ਰਸਤੇ ਵਿਚ ਅਸੀਂ ਇਕ ਥਾਂ ਸਬਵੇਅ ਬਦਲੀ ਤੇ ਪਾਰਲੀਮੈਂਟ ਦੇ ਨੇੜੇ ਪੈਂਦੇ ਸਟੇਸ਼ਨ ਤੇ ਜਾ ਉਤਰੇ। ਸਟੇਸ਼ਨ ਦੇ ਨੇੜੇ ਹੀ ਪੈਂਦੇ ਪਾਰਲੀਮੈਂਟ ਹਾਊਸ ਦੇ ਗੇਟ ਤੇ ਪਹੁੰਚ ਗਏ। ਮੈਂਬਰ ਪਰਲੀਮੈਂਟ ਦਾ ਦਫਤਰ ਪਾਰਲੀਮੈਂਟ ਦੀ ਬਿਲਡਿੰਗ ਵਿਚ ਹੀ ਸੀ। ਬਿਲਡਿੰਗ ਦੇ ਅੰਦਰ ਜਾਣ ਤੋਂ ਪਹਿਲਾਂ ਸਾਡੇ ਕੋਟ, ਕੋਟੀਆਂ, ਪੈਂਟਾਂ ਦੀ ਵੈਲਟਾਂ, ਜੇਬਾਂ ਦਾ ਸਾਮਾਨ ਕਢਾ ਕੇ, ਸ਼ਕਰੀਨਿੰਗ ਕੀਤੀ ਗਈ। ਸ਼ਕਰੀਨਿੰਗ ਤੋਂ ਪਿਛੋਂ ਐਮ. ਪੀ. ਦੇ ਦਫਤਰ ਪਹੁੰਚੇ। ਐਮ. ਪੀ. ਆਪ ਦਫਤਰ ਵਿਚ ਨਹੀਂ ਸੀ। ਉਸ ਦੇ ਸਟਾਫ ਦੇ ਚਾਰ ਮੈਂਬਰ ਹਾਜ਼ਰ ਸਨ। ਤਿੰਨ ਲੜਕੀਆਂ ਸਨ। ਇਕ ਲੜਕਾ ਸੀ। ਸਾਨੂੰ ਗੇਟ ਕੋਲ ਬੈਠੀ ਲੜਕੀ ਨੇ ਜੀ ਆਇਆਂ ਕਿਹਾ।

ਏਥੇ ਅਮਰੀਕਾ ਵਿਚ ਮੈਂ ਆਮ ਵੇਖਿਆ ਹੈ, ਹਰ ਚਿੱਟਾ ਇਸਤਰੀ ਪੁਰਸ਼ ਹਰ ਕਿਸੇ

ਨੂੰ ਜਿਥੇ ਸਾਹਮਣੇ ਤੌਰ ਤੇ ਮਿਲਦਾ ਹੈ, ਖਿੜੇ ਮੱਥੇ ਮਿਲਦਾ ਹੈ। ਸਾਡੇ ਪੰਜਾਬ ਵਿਚ ਤਾਂ ਜੇ ਕੋਈ ਇਸਤਰੀ, ਵਿਸ਼ੇਸ਼ ਤੌਰ ਤੇ ਮੁਟਿਆਰ, ਜਿਸ ਨਾਲ ਤੁਹਾਡੀ ਜਾਣ-ਪਛਾਣ ਨਾ ਹੋਵੇ, ਤੁਹਾਡੇ ਕੋਲ ਦੀ ਹੱਸ ਕੇ, ਸ਼ੁਭ ਇੱਛਾਵਾਂ ਦੇ ਕੇ ਲੰਘੇ ਤਾਂ ਤੂਫਾਨ ਆ ਜਾਂਦਾ ਹੈ। ਹੱਸ ਕੇ ਲੰਘਣਾ ਲੜਾਈ ਦਾ ਕਾਰਨ ਬਣ ਜਾਂਦਾ ਹੈ। ਏਥੇ ਕਿਸੇ ਨੂੰ ਸਾਹਮਣੇ ਮਿਲਣ ਵਾਲੇ ਨੂੰ ਸ਼ੁਭ ਇਛਾਵਾਂ ਦੇਣੀਆਂ ਏਥੋਂ ਦੇ ਸਭਿਆਚਾਰ ਦਾ ਹਿੱਸਾ ਹੈ। ਮੈਂ ਸਵੇਰੇ ਸ਼ਾਮ ਸੈਰ ਕਰਦਿਆਂ ਅਣਜਾਣ ਇਸਤਰੀਆਂ ਨੂੰ ਅਣਜਾਣ ਪੁਰਸ਼ਾਂ ਨੂੰ ਗੁੱਡ ਮਾਰਨਿੰਗ, ਈਵਨਿੰਗ, ਵਿਸ਼ ਕਰਦਿਆਂ ਆਮ ਵੇਖਦਾ ਹਾਂ।

ਸਾਨੂੰ ਨਾਲ ਦੇ ਕਮਰੇ ਵਿਚ ਬਿਠਾਇਆ ਗਿਆ। ਪਾਣੀ ਪਿਲਾਇਆ ਗਿਆ। ਚਾਹ ਪਾਣੀ ਪੁੱਛੀ। ਉਸ ਤੋਂ ਪਿਛੋਂ ਸਾਡੇ ਨਾਂ ਤੇ ਪਤਾ ਨੋਟ ਕਰ ਕੇ ਸਾਨੂੰ ਆਪਣੇ ਕੋਟ/ਕਮੀਜ਼ ਤੇ ਯੂਨਾਈਟਿਡ ਸਟੇਟਸ ਕੈਪੀਟਲ ਹਾਊਸ ਗੈਲਰੀ ਨਾਂ ਦੇ ਸਟਿਕਰ ਲਾਉਣ ਲਈ ਦਿੱਤੇ। ਸਟਿਕਰ ਲਾਉਣ ਤੋਂ ਪਿਛੋਂ ਸਟਾਫ ਵਾਲਾ ਲੜਕਾ ਸਾਨੂੰ ਪਾਰਲੀਮੈਂਟ ਹਾਊਸ ਨੂੰ ਵੇਖਣ ਲਈ ਲੱਗੀ ਲਾਈਨ ਵਿਚ ਲਾਉਣ ਲਈ ਨਾਲ ਲੈ ਗਿਆ। ਉਹ ਆਪ ਵੀ ਲਾਈਨ ਵਿਚ ਸਾਡੇ ਤੋਂ ਅੱਗੇ ਖੜ੍ਹ ਗਿਆ। ਏਥੇ ਜਿਹੜੇ ਵੀ ਟੂਰਿਸ਼ਟ ਪਾਰਲੀਮੈਂਟ ਨੂੰ ਵੇਖਣ ਲਈ ਆਏ ਹੋਏ ਸਨ, ਉਨ੍ਹਾਂ ਸਭ ਟੂਰਿਸ਼ਟਾਂ ਦੇ ਅੱਗੇ ਉਸ ਹਲਕੇ ਦੇ ਮੈਂਬਰ ਪਾਰਲੀਮੈਂਟ ਦਾ ਇਕ ਪ੍ਰਤਿਨਿਧ ਖੜ੍ਹਾ ਹੋਇਆ ਹੋਇਆ ਸੀ।

ਲਾਈਨ ਕੋਈ ਇਕ ਫਰਲਾਂਗ ਲੰਮੀ ਲੱਗੀ ਹੋਈ ਸੀ। ਸਾਡੇ ਤੋਂ ਬਾਅਦ ਵੀ ਹੋਰ ਟੂਰਿਸ਼ਟ ਲਾਈਨ ਵਿਚ ਆ ਕੇ ਲੱਗੀ ਜਾ ਰਹੇ ਸਨ। ਇਹ ਸਾਰੇ ਟੂਰਿਸ਼ਟ ਹੀ ਸਟਾਫ ਲੈਡ ਟੂਰ ਵਾਲੇ ਸਨ। ਚਾਹੇ ਭਾਰਤੀਆਂ ਨਾਲੋਂ ਏਥੋਂ ਦੇ ਪੁਰਸ਼ਾਂ ਤੇ ਇਸਤਰੀਆਂ ਦੇ ਕੱਦ ਆਮ ਤੌਰ ਤੇ ਜ਼ਿਆਦਾ ਹਨ, ਪਰ ਫੇਰ ਵੀ ਮੇਰਾ 6 ਫੁੱਟ 3 ਇੰਚ ਦਾ ਕੱਦ ਤੇ ਸਿਰ ਉਪਰ ਬੰਨ੍ਹੀ ਹੋਈ ਪੱਗ ਮੇਰੀ ਵੱਖਰੀ ਹੀ ਪਛਾਣ ਬਣਾ ਰਹੀ ਸੀ। ਏਥੇ ਮੈਨੂੰ ਇਕ ਭੈਣ ਵਲੋਂ ਆਪਣੇ ਲੰਮੇ ਕੱਦ ਦੇ ਵੀਰ ਤੇ ਉਸ ਦੇ ਸਿਰ ਤੇ ਬੰਨ੍ਹੀ ਵਧੀਆ ਪੱਗ ਦੀ ਕੀਤੀ ਤਾਰੀਫ ਸਬੰਧੀ ਇਕ ਲੋਕ ਗੀਤ ਯਾਦ ਆ ਗਿਆ ਹੈ। ਤੁਹਾਡੇ ਨਾਲ ਸਾਂਝਾ ਕਰਦਾ ਹਾਂ—

ਇਕ ਵੀਰ ਕੱਦ ਦਾ ਲੰਮਾ,
ਦੂਜੀ ਪੱਗ ਛੱਤਣਾਂ ਨੂੰ ਜਾਵੇ।

ਕਈ ਮਨੁੱਖੀ ਸੁਭਾਅ ਸਾਰੀ ਦੁਨੀਆਂ ਦੇ ਸਾਂਝੇ ਹਨ। ਏਥੇ ਲਾਈਨ ਵਿਚ ਲੱਗੇ ਪੁਰਸ਼ ਤਾਂ ਚੁੱਪ ਕੀਤੇ ਖੜੇ ਹਨ। ਪਰ ਇਸਤਰੀਆਂ ਜਿਹੜੀਆਂ ਕਿ ਅਮਰੀਕਨ, ਅਫਰੀਕਨ, ਯੂਰਪੀਅਨ, ਕੋਰੀਅਨ, ਭਾਰਤੀਅਨ, ਵੀਤਨਾਮੀਅਨ, ਚੀਨਣ ਤੇ ਹੋਰ ਕਈ ਦੇਸ਼ਾਂ ਦੀਆਂ ਸਨ, ਉਹ ਸਾਰੀਆਂ ਹੀ ਉੱਚੀ ਉੱਚੀ ਗੱਲਾਂ ਮਾਰ ਰਹੀਆਂ ਸਨ। ਏਥੇ ਵੱਖ ਵੱਖ ਦੇਸ਼ਾਂ ਦੀਆਂ ਇਸਤਰੀਆਂ ਵਲੋਂ ਉੱਚੀ ਉੱਚੀ ਮਾਰੀਆਂ ਜਾਂਦੀਆਂ ਗੱਲਾਂ ਸੁਣ ਕੇ ਮੈਨੂੰ ਇਸਤਰੀਆਂ ਸਬੰਧੀ ਕਵੀ ਮਾਧੋਦਾਸ ਦੇ ਬੋਲ ਚੇਤੇ ਆਏ। ਉਹ ਕਹਿੰਦਾ ਹੈ—

ਇਕ ਬੈਠੇ ਤਾਂ ਧਰਤੀ ਕੰਬੇ,
ਦੋ ਬੈਠਣ ਅਸਮਾਨ।
ਤਿੰਨ ਬੈਠਣ ਤਾਂ ਪਰਲੋਂ ਆ ਜਾਏ,
ਕਹਿ ਗਏ ਮਾਧੋ ਦਾਸ।

ਅਮਰੀਕਾ, ਕੈਨੇਡਾ ਵਿਚ ਮੈਂ ਆਮ ਵੇਖਿਆ ਹੈ, ਛੁੱਟੀਆਂ ਵਿਚ ਏਥੋਂ ਦੇ ਬਹੁਤੇ ਵਸਨੀਕ ਆਪਣੇ ਬੱਚਿਆਂ ਨੂੰ ਘੁਮਾਉਣ ਫਿਰਾਉਣ ਲਈ ਜ਼ਰੂਰ ਕਿਸੇ ਨਾ ਕਿਸੇ ਥਾਂ ਲੈ ਕੇ ਜਾਂਦੇ ਹਨ। ਸਪਰਿੰਗ ਹੌਲੀਡੇਜ਼ ਹੋਣ ਕਰਕੇ ਪਾਰਲੀਮੈਂਟ ਹਾਊਸ ਨੂੰ ਵੇਖਣ ਵਾਲਿਆਂ ਵਿਚ ਕਾਫੀ ਗਿਣਤੀ ਬੱਚਿਆਂ ਦੀ ਸੀ। ਟੂਰਿਸ਼ਟਾਂ ਦੀ ਲਾਈਨ ਇਕ ਲੰਮੀ ਸਾਰੀ ਗੈਲਰੀ ਵਿਚ ਲੱਗੀ ਹੋਈ ਸੀ। ਸਾਨੂੰ 11 ਵਜੇ ਬਿਲਡਿੰਗ ਵਿਖਾਉਣੀ ਸ਼ੁਰੂ ਕੀਤੀ ਗਈ। ਗੈਲਰੀ ਅੱਗੇ ਇਕ ਹਾਲ ਸੀ। ਹਾਲ ਦੇ ਅੱਗੇ ਸਾਡੀ ਦੋਵਾਰਾ ਸ਼ਰਕਰੀਨਿੰਗ ਕੀਤੀ ਗਈ। ਫੇਰ ਹਾਲ ਵਿਚ ਦਾਖਲ ਹੋਏ। ਸਾਡੇ ਗਰੁੱਪ ਦਾ ਐਮ. ਪੀ. ਵਾਲਾ ਪ੍ਰਤਿਨਿਧੀ ਸਾਨੂੰ ਅੱਗੇ ਹੋ ਕੇ ਬਿਲਡਿੰਗ ਦੇ ਹਰ ਹਿੱਸੇ ਦੀ ਜਾਣਕਾਰੀ ਦੇ ਰਿਹਾ ਸੀ। ਐਮ. ਪੀ. ਦਾ ਪ੍ਰਤਿਨਿਧੀ ਇਕ ਕਿਸਮ ਦਾ ਸਾਡੇ ਗਰੁੱਪ ਦਾ ਗਾਈਡ ਸੀ। ਏਸੇ ਤਰ੍ਹਾਂ ਹੀ ਬਿਲਡਿੰਗ ਨੂੰ ਵੇਖ ਰਹੇ ਗਰੁੱਪਾਂ ਦੇ ਗਾਈਡ ਉਸ ਹਲਕੇ ਦੇ ਐਮ. ਪੀ. ਪ੍ਰਤਿਨਿਧੀ ਸਨ।

ਪਾਰਲੀਮੈਂਟ ਬਿਲਡਿੰਗ ਵਿਚ ਥਾਂ ਥਾਂ ਹੀ ਬੁੱਤ ਲੱਗੇ ਹੋਏ ਸਨ। ਮੈਂ ਕੈਨੇਡਾ ਦੀ ਰਾਜਧਾਨੀ ਓਟਵਾ ਵਿਚ ਬਣੀ ਕੈਨੇਡਾ ਦੀ ਪਾਰਲੀਮੈਂਟ ਹਾਊਸ ਦੀ ਬਿਲਡਿੰਗ ਵੀ ਆਪਣੇ ਸਾਲ 2005 ਦੇ ਟੂਰ ਸਮੇਂ ਵੇਖੀ ਸੀ। ਉਸ ਪਾਰਲੀਮੈਂਟ ਬਿਲਡਿੰਗ ਦੇ ਅੰਦਰ ਲੱਗਿਆ ਮੈਨੂੰ ਕੋਈ ਵੀ ਬੁੱਤ ਨਜ਼ਰ ਨਹੀਂ ਆਇਆ। ਹਾਂ ਪਾਰਲੀਮੈਂਟ ਹਾਊਸ ਦੇ ਬਾਹਰਲੇ ਮੈਦਾਨ ਵਿਚ ਜ਼ਰੂਰ ਦੋ ਤਿੰਨ ਬੁੱਤ ਲੱਗੇ ਹੋਏ ਸਨ। ਗਾਈਡ ਨੇ ਸਾਨੂੰ ਦੱਸਿਆ ਕਿ "ਬਿਲਡਿੰਗ ਦੇ ਵਿਚ ਅਮਰੀਕਾ ਦੀਆਂ ਜਿਨ੍ਹੀਆਂ ਵੀ ਸਟੇਟਸ ਹਨ, ਹਰ ਸਟੇਟ ਵਿਚੋਂ ਦੋ ਪ੍ਰਮੁੱਖ ਵਿਅਕਤੀਆਂ ਦੇ ਬੁੱਤ ਲੱਗੇ ਹੋਏ ਹਨ।" ਇਹ ਸਪਸ਼ਟ ਕਰਦਾ ਹੈ ਕਿ ਅਮਰੀਕਨ ਕੌਮ ਆਪਣੇ ਪ੍ਰਮੁੱਖ ਵਿਅਕਤੀਆਂ ਦੀ ਬਹੁਤ ਹੀ ਪੂਜਕ ਹੈ।

ਸਾਨੂੰ ਪਾਰਲੀਮੈਂਟ ਦੀ ਸਾਰੀ ਦੀ ਸਾਰੀ ਬਿਲਡਿੰਗ ਵਿਖਾਈ ਗਈ। ਪਾਰਲੀਮੈਂਟ ਹਾਲ ਦੀ ਵਿਜ਼ਟਰ ਗੈਲਰੀ ਵਿਚ ਸਾਨੂੰ ਕੁਝ ਦੇਰ ਬੈਠ ਕੇ ਦੇਖਣ ਦਾ ਮੌਕਾ ਦਿੱਤਾ ਗਿਆ। ਸਪੀਕਰ ਦਾ ਕਮਰਾ ਤੇ ਵਜ਼ੀਰਾਂ ਦੇ ਕਮਰੇ ਵੀ ਵਿਖਾਏ ਗਏ। ਪਰ ਪਾਰਲੀਮੈਂਟ ਹਾਲ ਦੇ ਅੰਦਰ ਜਿਥੇ ਪਾਰਲੀਮੈਂਟ ਮੈਂਬਰ ਬੈਠਦੇ ਹਨ, ਉਸ ਹਾਲ ਦੇ ਅੰਦਰ ਨਹੀਂ ਲੈ ਕੇ ਗਏ। ਕਿਸੇ ਸਮੇਂ ਏਸ ਬਿਲਡਿੰਗ ਵਿਚ ਹੀ ਸਪਰੀਮਕੋਰਟ ਹੁੰਦੀ ਸੀ। ਸਾਨੂੰ ਉਹ ਕਮਰੇ ਵੀ ਵਿਖਾਏ ਗਏ। ਹੁਣ ਤਾਂ ਸਪਰੀਮ ਕੋਰਟ ਦੀ ਵੱਖਰੀ ਬਿਲਡਿੰਗ ਹੈ। ਪਾਰਲੀਮੈਂਟ ਹਾਊਸ ਵੇਖਣ ਤੇ ਕੋਈ ਤਿੰਨ ਘੰਟੇ ਦਾ ਸਮਾਂ ਲੱਗਿਆ। ਉਸ ਤੋਂ ਪਿਛੋਂ ਨਜ਼ਦੀਕ ਹੀ ਪੈਂਦੀ ਇਕ ਮਾਰਕਿਟ ਵਿਚੋਂ ਫਾਸਟ ਫੂਡ ਖਾਦਾ। ਥੋੜੀ ਥੋੜੀ ਪੈਂਦੀ ਬਾਰਸ਼ ਵਿਚ ਹੀ ਸਬਬੇਅ ਤੇ ਸਵਾਰ ਹੋ ਕੇ ਵਾਪਸ ਹੋਟਲ ਪਹੁੰਚੇ।

ਦੁਪਹਿਰ ਤੋਂ ਪਿਛੋਂ ਆਪਣੀ ਗੱਡੀ ਤੇ ਕੈਨੇਡੀ ਸੈਂਟਰ ਵੇਖਣ ਗਏ। ਸੈਂਟਰ ਦਾ ਨਾਂ ਪਰੈਜ਼ੀਡੈਂਟ ਜੇ. ਐਫ. ਕੈਨੇਡੀ ਦੇ ਨਾਂ ਤੇ ਰੱਖਿਆ ਹੋਇਆ ਹੈ। ਇਹ ਪੋਟੋਮੈਕ ਦਰਿਆ ਦੇ ਕੰਢੇ ਤੇ ਬਣਿਆ ਹੋਇਆ ਹੈ। ਇਹ ਸੈਂਟਰ ਹੀ ਵਾਸ਼ਿੰਗਟਨ ਦਾ ਸਭ ਤੋਂ ਵੱਡਾ ਆਰਟਿਸਟਾਂ ਦੇ ਸਮਾਗਮ ਕਰਨ ਦਾ ਕੇਂਦਰ ਹੈ। ਏਥੇ ਨੈਸ਼ਨਲ ਸਿਮਫੋਨਿ ਔਰਕੈਸਟਰਾ, ਵਾਸ਼ਿੰਗਟਨ ਔਪੇਰਾ, ਵਾਸ਼ਿੰਗਟਨ ਬੈਲਟ ਬੈਲੇਇ ਤੇ ਅਮਰੀਕਨ ਫਿਲਮ ਇਨਸਟਿਚਿਊਟ ਦੇ ਫੰਕਸ਼ਨ ਹੁੰਦੇ ਹਨ। ਇਨ੍ਹਾਂ ਵਿਚ ਫੋਕ ਮਿਊਜਿਕ, ਥੀਏਟਰ, ਡਾਨਸ਼, ਮਿਊਜ਼ੀਕਲ, ਆਰਕੈਸਟਰਲ ਆਦਿ ਸਬੰਧੀ ਸਮਾਗਮ ਸ਼ਾਮਲ ਹਨ। ਏਥੇ ਸਾਲ ਵਿਚ ਕਰੀਬਨ 3 ਹਜ਼ਾਰ ਫੰਕਸ਼ਨ ਹੋ

ਜਾਂਦੇ ਹਨ। ਹਰ ਰੋਜ਼ ਮੁਫਤ ਸੋ ਚਲਦੇ ਹਨ। ਏਥੇ ਤਿੰਨ ਮੁੱਖ ਥੀਏਟਰ ਹਨ, ਜਿਨ੍ਹਾਂ ਵਿਚ ਇਹ ਸਮਾਗਮ ਹੁੰਦੇ ਹਨ। ਖਾਣ ਪੀਣ ਲਈ ਦੋ ਰੈਸਟੋਰੈਂਟ ਵੀ ਹਨ।

ਸੈਂਟਰ ਵਿਚ ਦਾਖਲ ਹੋਣ ਤੋਂ ਪਹਿਲਾਂ ਸਾਡੀ ਸ਼ਕਰੀਨਿੰਗ ਕੀਤੀ ਗਈ। ਫੇਰ ਅਸੀਂ ਹਾਲ ਆਫ ਨੇਸ਼ਨਜ਼, ਜਿਹੜਾ ਏਥੋਂ ਦਾ ਮੁੱਖ ਹਾਲ ਹੈ, ਉਸ ਅੰਦਰ ਦਾਖਲ ਹੋਏ। ਏਸ ਹਾਲ ਵਿਚ ਦੁਨੀਆਂ ਦੇ ਸਭ ਦੇਸ਼ਾਂ ਦੇ ਝੰਡੇ ਲੱਗੇ ਹੋਏ ਹਨ। ਜਦ ਸਾਡਾ 20/25 ਟੂਰਿਸ਼ਟਾਂ ਦਾ ਗਰੁੱਪ ਕੱਠਾ ਹੋ ਗਿਆ ਤਾਂ ਸਾਡੇ ਗਰੁੱਪ ਨੂੰ ਇਕ ਇਸਤਰੀ ਗਾਈਡ ਸੈਂਟਰ ਵਿਖਾਉਣ ਲਈ ਲੈ ਤੁਰੀ। ਦੋ ਗਰੁੱਪ ਹੋਰ ਵੀ ਸੈਂਟਰ ਵੇਖਦੇ ਫਿਰ ਰਹੇ ਸਨ। ਸੈਂਟਰ ਵਿਚਲੇ ਤਿੰਨੇ ਮੁੱਖ ਥੀਏਟਰ ਵਿਖਾਏ ਗਏ। ਬਹੁਤ ਹੀ ਸੋਹਣੀ ਤਰ੍ਹਾਂ ਸ਼ਿੰਗਾਰੇ ਹੋਏ ਸਨ। ਸੈਂਟਰ ਵਿਚ ਲੱਗੇ ਬੁੱਤ, ਸ਼ੀਨਰੀਆਂ, ਵਾਲ ਹੈਗਿੰਜ਼, ਪੇਟਿੰਗ, ਸੈਨੇਡਲੀਅਰ ਆਦਿ ਕਿਹੜੇ ਕਿਹੜੇ ਦੇਸ਼ ਨੇ ਗਿਫਟ ਕੀਤੇ ਹਨ, ਇਹ ਵੀ ਦੱਸਿਆ ਗਿਆ। ਹਾਲ ਆਫ ਨੇਸ਼ਨਜ਼ ਦੇ ਪੋਟੋਮੈਕ ਦਰਿਆ ਵਾਲੇ ਪਾਸੇ ਜੇ. ਐਫ. ਕੈਨੇਡੀ ਦਾ ਬੁੱਤ ਲੱਗਿਆ ਹੋਇਆ ਹੈ। ਸੈਂਟਰ ਵਿਚ ਕਈ ਥਾਂ ਖੜ੍ਹ ਕੇ ਅਸੀਂ ਫੋਟੋਆਂ ਖਿੱਚੀਆਂ। ਸੈਂਟਰ ਵਿਚ ਦੋ ਘੰਟੇ ਬਿਤਾ ਕੇ ਅਸੀਂ ਬਾਹਰ ਆ ਗਏ।

6 ਵਜੇ ਦੇ ਕਰੀਬ ਵ੍ਹਾਇਟ ਹਾਊਸ ਦੇਖਣ ਲਈ ਚਲ ਪਏ। ਵ੍ਹਾਇਟ ਹਾਊਸ ਅਮਰੀਕਾ ਦੇ ਪਰੈਜ਼ੀਡੈਂਟ ਦਾ ਨਿਵਾਸ ਸਥਾਨ ਹੈ। ਦੁਨੀਆਂ ਦੀ ਸਭ ਤੋਂ ਹਾਟ ਪਲੇਸ ਹੈ। ਇਹ ਸਥਾਨ ਹੀ ਅਮਨ ਤੇ ਜੰਗ ਦਾ ਪ੍ਰਤੀਕ ਬਣਦਾ ਹੈ। ਸਕਿਊਰਟੀ ਕਾਰਜਾਂ ਕਰਕੇ ਵ੍ਹਾਇਟ ਹਾਊਸ ਦੇ ਪਿਛਲੇ ਪਾਸੇ ਵਾਲੀ ਸੜਕ ਗੱਡੀਆਂ ਦੇ ਆਉਣ ਜਾਣ ਲਈ ਬੰਦ ਕੀਤੀ ਹੋਈ ਹੈ। ਏਸ ਸੜਕ ਉਪਰ ਪੈਦਲ ਹੀ ਆਇਆ ਜਾਇਆ ਜਾ ਸਕਦਾ ਹੈ। ਏਸ ਲਈ ਗੱਡੀ ਸਾਨੂੰ ਦੂਰ ਹੀ ਪਾਰਕ ਕਰਨੀ ਪਈ। ਜਦੋਂ ਤੱਕ ਵ੍ਹਾਇਟ ਹਾਊਸ ਦੇ ਪਿਛਲੇ ਪਾਸੇ ਵਾਲੀ ਸੜਕ ਤੇ ਪਹੁੰਚੇ, ਲਾਈਟਾਂ ਜਗ ਪਈਆਂ ਸਨ। ਏਥੇ ਖੜ੍ਹ ਕੇ ਅਸੀਂ ਕੁਝ ਫੋਟੋਆਂ ਖਿੱਚੀਆਂ। ਫੇਰ ਵ੍ਹਾਇਟ ਹਾਊਸ ਨੂੰ ਦੂਸਰੇ ਤਿੰਨ ਪਾਸਿਆਂ ਤੋਂ ਵੇਖਣ ਲਈ ਪੈਦਲ ਚੱਲ ਪਏ। ਸਾਰੇ ਪਾਸੇ ਸ਼ਕਿਊਰਟੀ ਲੱਗੀ ਹੋਈ ਸੀ। ਜਦ ਤੋਂ ਵਰਲਡ ਟ੍ਰੇਡ ਸੈਂਟਰ ਤੇ ਹਮਲਾ ਹੋਇਆ ਹੈ, ਉਸ ਸਮੇਂ ਤੋਂ ਵ੍ਹਾਇਟ ਹਾਊਸ ਨੂੰ ਅੰਦਰੋਂ ਵਿਖਾਉਣਾ ਬੰਦ ਕੀਤਾ ਹੋਇਆ ਹੈ। ਲਾਈਟਾਂ ਚਾਰ ਚੁਫੇਰੇ ਲੱਗੀਆਂ ਹੋਈਆਂ ਸਨ। ਭਾਰਤ ਦੇ ਰਾਸ਼ਟਰਪਤੀ ਭਵਨ ਨਾਲੋਂ ਵ੍ਹਾਇਟ ਹਾਊਸ ਛੋਟਾ ਹੈ।

ਫੇਰ ਬਾਜ਼ਾਰ ਘੁੰਮੇ। ਏਥੋਂ ਦੇ ਬਾਜ਼ਾਰਾਂ ਦੀਆਂ ਸੜਕਾਂ ਅਮਰੀਕਾ ਦੇ ਦੂਜੇ ਸ਼ਹਿਰਾਂ ਦੀਆਂ ਸੜਕਾਂ ਨਾਲੋਂ ਜ਼ਿਆਦਾ ਚੌੜੀਆਂ ਹਨ। ਏਥੇ ਬਹੁ-ਮੰਜ਼ਲੀਆਂ ਬਿਲਡਿੰਗਾਂ ਵੀ ਬਹੁਤੀਆਂ ਉੱਚੀਆਂ ਨਹੀਂ ਹਨ। ਭਾਰਤ ਵਿਚ ਲੋਕ ਸਵੇਰੇ ਅਤੇ ਸ਼ਾਮ ਨੂੰ ਸੈਰ ਕਰਦੇ ਹਨ। ਏਥੇ ਲੋਕਾਂ ਦਾ ਸੈਰ ਕਰਨ ਦਾ ਕੋਈ ਵੀ ਸਮਾ ਨਹੀਂ ਹੈ। ਜਦ ਵੀ ਕਿਸੇ ਨੂੰ ਟਾਈਮ ਲੱਗਦਾ ਹੈ, ਚਾਹੇ ਸਵੇਰ ਦਾ ਹੋਵੇ, ਦੁਪਹਿਰ ਦਾ ਹੋਵੇ, ਸ਼ਾਮ ਦਾ ਹੋਵੇ, ਲੋਕੀ ਸ਼ੈਰ ਤੇ ਨਿਕਲ ਤੁਰਦੇ ਹਨ। ਏਥੇ ਪੁਰਸ਼ਾਂ ਨਾਲੋਂ ਇਸਤਰੀਆਂ ਜ਼ਿਆਦਾ ਸੈਰ ਕਰਦੀਆਂ ਵੇਖੀਆਂ ਗਈਆਂ ਹਨ। ਉਹ ਸਿਹਤ ਪੱਖੋਂ ਜ਼ਿਆਦਾ ਸੁਚੇਤ ਲੱਗਦੀਆਂ ਹਨ। ਵਾਸ਼ਿੰਗਟਨ ਨੂੰ ਅਮਰੀਕਾ ਦਾ ਸਭ ਤੋਂ ਵੱਧ ਸੈਰ ਕਰਨ ਵਾਲਾ ਸ਼ਹਿਰ (Most Walkable City) ਕਿਹਾ ਜਾਂਦਾ ਹੈ। ਰਾਤ ਦਾ ਖਾਣਾ ਅਸੀਂ ਇਕ ਇੰਡੀਅਨ ਹੋਟਲ ਤੇ ਖਾਦਾ ਤੇ 11 ਵਜੇ ਵਾਪਸ ਹੋਟਲ ਹਿਲਟਨ ਪਹੁੰਚ ਗਏ।

ਵਾਸ਼ਿੰਗਟਨ ਡੀ. ਸੀ. ਅਮਰੀਕਾ ਦੀ ਰਾਜਧਾਨੀ ਹੈ। ਇਹ ਸ਼ਹਿਰ ਪੋਟੋਮੈਕ (Potomac) ਦਰਿਆ ਦੇ ਕੰਢੇ ਤੇ ਵਸਿਆ ਹੋਇਆ ਹੈ। ਕੋਲੰਬੀਆ ਡਿਸਟ੍ਰਿਕਟ ਵਿਚ ਪੈਂਦਾ ਹੈ। ਵਾਸ਼ਿੰਗਟਨ ਨੂੰ 18ਵੀਂ ਸਦੀ ਦੇ ਅਖੀਰ ਵਿਚ ਪੱਕੇ ਤੌਰ ਤੇ ਅਮਰੀਕਾ ਦੀ ਰਾਜਧਾਨੀ ਦੇ ਤੌਰ ਤੇ ਵਿਉਂਤਿਆ ਗਿਆ ਸੀ। ਸ਼ਹਿਰ ਦਾ ਨਾਂ ਅਮਰੀਕਾ ਦੇ ਪਹਿਲੇ ਪ੍ਰੈਜ਼ੀਡੈਂਟ ਜਾਰਜ਼ ਵਾਸ਼ਿੰਗਟਨ ਦੇ ਨਾਂ ਤੇ ਰੱਖਿਆ ਗਿਆ ਹੈ। ਸਾਲ 2007 ਵਿਚ ਵਾਸ਼ਿੰਗਟਨ ਦੀ ਆਬਾਦੀ 5 ਲੱਖ 88 ਹਜ਼ਾਰ ਸੀ। ਆਬਾਦੀ ਪੱਖੋਂ ਇਹ ਸ਼ਹਿਰ ਅਮਰੀਕਾ ਵਿਚ ਅੱਠਵੇਂ ਨੰਬਰ ਤੇ ਆਉਂਦਾ ਹੈ। ਸ਼ਹਿਰ 68 ਵਰਗ ਮੀਲ ਖੇਤਰ ਵਿਚ ਫੈਲਿਆ ਹੋਇਆ ਹੈ। ਏਸ ਸ਼ਹਿਰ ਵਿਚ ਵਰਲਡ ਬੈਂਕ, ਇੰਟਰਨੈਸ਼ਨਲ ਮੋਨੀਟਰੀ ਫੰਡ, ਇੰਟਰ—ਅਮਰੀਕਨ ਡੀਵੈਲਪਮੈਂਟ ਬੈਂਕ ਅਤੇ ਹੋਰ ਕਈ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਹੈਡ ਕੁਆਟਰ ਹਨ। ਅਮਰੀਕਾ ਦੀ ਰਾਜਧਾਨੀ ਹੋਣ ਦੇ ਨਾਤੇ ਸਿਆਸੀ ਅਤੇ ਕੋਈ ਹੋਰ ਕਿਸਮ ਦੇ ਪ੍ਰਦਰਸ਼ਨ ਏਥੋਂ ਦੀ ਨੈਸ਼ਨਲ ਮਾਲ ਤੇ ਹੁੰਦੇ ਰਹਿੰਦੇ ਹਨ। ਸ਼ਹਿਰ ਦਾ ਸਭ ਤੋਂ ਮਸ਼ਹੂਰ ਏਰੀਆ ਨੈਸ਼ਨਲ ਮਾਲ ਦੇ ਆਲੇ ਦੁਆਲੇ ਪੈਂਦਾ ਹੈ। ਏਥੇ ਹੀ ਲਿੰਕਨ ਮੈਮੋਰੀਅਲ, ਯੂ. ਐਸ. ਕੈਪੀਟਲ, ਅਜਾਇਬ ਘਰ, ਹੋਰ ਬਹੁਤ ਸਾਰੀਆਂ ਯਾਦਗਾਰਾਂ ਏਥੇ ਹੀ ਬਣੀਆਂ ਹੋਈਆਂ ਹਨ। ਖੁਲ੍ਹੀਆਂ ਥਾਵਾਂ ਵੀ ਏਥੇ ਹੀ ਹਨ। ਗੈਲਰੀਆਂ, ਆਰਟ ਸੈਂਟਰ, ਪਾਰਕ, ਚਿੜੀਆ ਘਰ ਏਥੇ ਹਨ।

ਹੁਣ ਮੈਂ ਤੁਹਾਨੂੰ ਥੋੜੀ ਜਿਹੀ ਜਾਣਕਾਰੀ ਏਥੋਂ ਦੇ ਪਾਰਲੀਮੈਂਟ ਹਾਊਸ ਬਾਰੇ ਦਿੰਦਾ ਹਾਂ। ਅਮਰੀਕਾ ਵਿਚ ਪਾਰਲੀਮੈਂਟ ਹਾਊਸ ਨੂੰ ਯੂਨਾਈਟਿਡ ਸਟੇਟਸ ਕੈਪੀਟਲ (United States capital) ਕਹਿੰਦੇ ਹਨ। ਇਹ ਅਮਰੀਕਨ ਸਰਕਾਰ ਦੀ ਉਹ ਬਿਲਡਿੰਗ ਹੈ, ਜਿੱਥੇ ਅਮਰੀਕਾ ਦੀ ਫੈਡਰਲ ਸਰਕਾਰ ਅਮਰੀਕਾ ਲਈ ਕਾਨੂੰਨ ਬਣਾਉਂਦੀ ਹੈ। ਅਮਰੀਕਨ ਇਨਸਟਿਚਿਊਟ ਆਫ ਆਰਕਿਟੈਕਟਸ ਦੀ ਸ਼ਾਲ 2007 ਦੀ ਰੀਪੋਰਟ ਅਨੁਸਾਰ ਇਸ ਬਿਲਡਿੰਗ ਦਾ ਅਮਰੀਕਾ ਦੀਆਂ ਮਨ-ਭਾਉਂਦੀਆਂ ਬਿਲਡਿੰਗਾਂ ਵਿਚ ਛੇਵਾਂ ਨੰਬਰ ਹੈ। ਇਹ ਨੈਸ਼ਨਲ ਮਾਲ ਦੇ ਪੂਰਬੀ ਕਿਨਾਰੇ ਉਪਰ ਹੈ। ਇਸ ਬਿਲਡਿੰਗ ਦੇ ਸੈਂਟਰ ਉਪਰ ਗੋਲ ਗੁੰਬਦ ਹੈ। ਇਸ ਗੁੰਬਦ ਦੇ ਸਿਰ ਉਪਰ ਸਟੈਚੂ ਆਫ ਫਰੀਡਮ ਦਾ ਬੁੱਤ ਲੱਗਿਆ ਹੋਇਆ ਹੈ। ਬਿਲਡਿੰਗ ਦੇ ਉਤਰ ਵਾਲੇ ਪਾਸੇ ਸੈਨਿਟ ਚੈਂਬਰ ਹੈ। ਦੱਖਣ ਵਾਲੇ ਪਾਸੇ ਹਾਊਸ ਆਫ ਰੀਪਰਿਜੈਨਟੇਵਿਜ਼ ਚੈਂਬਰ ਹੈ। ਇਨ੍ਹਾਂ ਚੈਂਬਰਾਂ ਉਪਰ ਗੈਲਰੀਆਂ ਬਣੀਆਂ ਹੋਈਆਂ ਹਨ, ਜਿਥੇ ਵਿਜ਼ਟਰ ਬੈਠ ਕੇ ਇਨ੍ਹਾਂ ਚੈਂਬਰਾਂ ਵਿਚ ਚਲਦੀਆਂ ਕਾਰਵਾਈਆਂ ਵੇਖਦੇ ਹਨ।

ਯੂਨਾਈਟਿਡ ਸਟੇਟਸ ਕੈਪੀਟਲ ਬਣਾਉਣ ਦੀ ਨੀਂਹ ਪੱਥਰ 18 ਸਤੰਬਰ 1793 ਨੂੰ ਜਾਰਜ਼ ਵਾਸ਼ਿੰਗਟਨ ਨੇ ਰੱਖਿਆ ਸੀ। ਸੈਨਿਟ ਚੈਂਬਰ ਸਾਲ 1800 ਵਿਚ ਤੇ ਹਾਊਸ ਆਫ ਰੀਪਰਿਜੈਨਟੇਟਿਵਜ਼ ਚੈਂਬਰ 1811 ਵਿਚ ਮੁਕੰਮਲ ਹੋਇਆ। ਸਾਲ 1850 ਵਿਚ ਇਸ ਬਿਲਡਿੰਗ ਵਿਚ ਹੋਰ ਵਾਧਾ ਕੀਤਾ ਗਿਆ। ਸਾਲ 1863 ਵਿਚ ਬਿਲਡਿੰਗ ਦੇ ਗੁੰਬਦ ਉਪਰ ਸਟੈਚੂ ਆਫ ਫਰੀਡਮ ਦਾ ਬੁੱਤ ਮੁਕੰਮਲ ਹੋਇਆ।

ਵਾਸ਼ਿੰਗਟਨ ਦੀ ਲਾਇਬ੍ਰੇਰੀ ਬਹੁਤ ਮਸ਼ਹੂਰ ਹੈ। ਦੀ ਵਾਸ਼ਿੰਗਟਨ ਪੋਸਟ ਅਖਬਾਰ ਇਸ ਸ਼ਹਿਰ ਵਿਚੋਂ ਛਪਦਾ ਹੈ। ਇਹ ਸਭ ਤੋਂ ਪੁਰਾਣਾ ਅਖਬਾਰ ਹੈ। ਸਭ ਤੋਂ ਜ਼ਿਆਦਾ ਪੜ੍ਹਿਆ ਜਾਂਦਾ ਹੈ। ਏਸ ਅਖਬਾਰ ਨੇ ਹੀ ਵਾਟਰਗੇਟ ਸਕੈਂਡਲ ਦਾ ਪਰਦਾਫਾਸ਼ ਕੀਤਾ ਸੀ।

ਏਸ ਤੋਂ ਬਗੈਰ ਹੋਰ ਵੀ ਕੋਈ ਅਖਬਾਰ ਏਥੋਂ ਛਪਦੇ ਹਨ। ਏਥੇ ਬਹੁਤ ਸਾਰੇ ਰੇਡਿਓ ਤੇ ਟੈਲੀਵੀਜ਼ਨ ਕੇਂਦਰ ਹਨ। ਅਮਰੀਕਾ ਦੀ ਰਾਜਧਾਨੀ ਹੋਣ ਕਰਕੇ ਏਥੇ ਪ੍ਰਾਪਰਟੀ ਬਹੁਤ ਮਹਿੰਗੀ ਹੈ। ਫੈਡਰਲ ਸਰਕਾਰ ਦੇ ਏਥੇ ਦਫਤਰ ਹੋਣ ਕਰਕੇ ਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਏਥੇ ਹੈਡ ਕੁਆਟਰ ਹੋਣ ਕਰਕੇ ਜ਼ਿਆਦਾ ਰੁਜ਼ਗਾਰ ਦੇ ਸਾਧਨ ਵੀ ਏਥੇ ਹਨ। ਬਹੁਤ ਸਾਰੀਆਂ ਯੂਨੀਵਰਸਿਟੀਆਂ, ਹਸਪਤਾਲ ਵੀ ਰੁਜ਼ਗਾਰ ਦਿੰਦੇ ਹਨ। ਸਾਰੇ ਦੇਸ਼ਾਂ ਦੀਆਂ ਅੰਬੈਸੀਆਂ ਏਥੇ ਹੋਣ ਕਰਕੇ ਵੀ ਰੁਜ਼ਗਾਰ ਮਿਲਦਾ ਹੈ।

ਸਾਲ 1990 ਵਿਚ ਚੱਲੀ ਜਬਰਦਸਤ ਅਪਰਾਧਾਂ ਦੀ ਲਹਿਰ ਕਾਰਨ ਵਾਸ਼ਿੰਗਟਨ ਸ਼ਹਿਰ ਨੂੰ "ਮਰਡਰ ਕੈਪੀਟਲ" ਕਿਹਾ ਜਾਣ ਲੱਗਿਆ ਹੈ। ਅੱਜ ਵੀ ਇਹ ਸ਼ਹਿਰ ਅਪਰਾਧਾਂ ਵਿਚ ਸਾਰੇ ਅਮਰੀਕਾ ਦੇ ਸ਼ਹਿਰਾਂ ਵਿਚੋਂ ਪਹਿਲੇ ਨੰਬਰ ਤੇ ਹੈ। ਵਿਦਿਅਕ ਪੱਖੋਂ ਵੀ ਇਹ ਸ਼ਹਿਰ ਬਹੁਤ ਅੱਗੇ ਹੈ। ਏਥੋਂ ਦੀ ਜਾਰਜ਼ ਵਾਸ਼ਿੰਗਟਨ ਯੂਨੀਵਰਸਿਟੀ ਬਹੁਤ ਮਸ਼ਹੂਰ ਯੂਨੀਵਰਸਿਟੀ ਹੈ। ਏਥੇ ਹੋਰ ਵੀ ਬਹੁਤ ਸਾਰੀਆਂ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿਚ ਯੂਨੀਵਰਸਿਟੀ ਆਫ ਡਿਸਟ੍ਰਿਕਟ ਕੋਲੰਬੀਆਂ, ਨੈਸ਼ਨਲ ਡੀਫੈਂਸ ਯੂਨੀਵਰਸਿਟੀ, ਹੇਵਾਰਡ ਯੂਨੀਵਰਸਿਟੀ, ਦੀ ਕੈਥੋਲਿਕ ਯੂਨੀਵਰਸਿਟੀ, ਦੀ ਟਰੀਨਿਟੀ ਵਾਸ਼ਿੰਗਟਨ ਯੂਨੀਵਰਸਿਟੀ ਅਤੇ ਕਾਲਜ ਪ੍ਰਸਿੱਧ ਹਨ।

ਵਾਲਟਰ ਰੀਡ ਆਰਮੀ ਮੈਡੀਕਲ ਸੈਂਟਰ ਏਥੋਂ ਦਾ ਬਹੁਤ ਹੀ ਮਸ਼ਹੂਰ ਹਸਤਪਾਲ ਹੈ। ਅਮਰੀਕਾ ਦੇ ਪ੍ਰਧਾਨ, ਮੀਤ ਪ੍ਰਧਾਨ ਤੇ ਕਾਂਗਰਸਮੈਨਾਂ, ਸੈਨੇਟਰਾਂ ਦਾ ਇਲਾਜ ਏਥੇ ਹੀ ਕੀਤਾ ਜਾਂਦਾ ਹੈ। ਫੌਜ ਦੇ ਰੀਟਾਇਰਡ ਬੰਦਿਆਂ ਦਾ ਇਲਾਜ਼ ਵੀ ਏਥੇ ਹੁੰਦਾ ਹੈ। ਏਥੋਂ ਦੇ ਵਾਸ਼ਿੰਗਟਨ ਹਸਪਤਾਲ ਦੀ ਗਿਣਤੀ ਵੀ ਅਮਰੀਕਾ ਦੇ ਵਧੀਆਂ ਹਸਪਤਾਲਾਂ ਵਿਚ ਹੁੰਦੀ ਹੈ। ਜਾਰਜ਼ ਟਾਊਨ ਯੂਨੀਵਰਸਿਟੀ ਮੈਡੀਕਲ ਸੈਂਟਰ ਕੈਂਸਰ ਦੇ ਇਲਾਜ਼ ਕਰਨ ਵਾਲਾ ਹਸਪਤਾਲ ਹੈ। ਏਥੇ ਹੋਰ ਵੀ ਬਹੁਤ ਸਾਰੇ ਹਸਪਤਾਲ ਹਨ।

ਵਾਸ਼ਿੰਗਟਨ ਵਿਚ ਧਰਤੀ ਹੇਠ ਰੇਲ ਗੱਡੀਆਂ ਰਾਹੀਂ ਤੇ ਧਰਤੀ ਉਪਰ ਰੇਲਾਂ, ਬਸਾਂ, ਕਾਰਾਂ ਰਾਹੀਂ ਜਾਣ ਆਉਣ ਤੇ ਸਾਧਨ ਹਨ। ਏਥੋਂ ਦੋ ਘਰੇਲੂ ਹਵਾਈ ਅੱਡੇ ਹਨ। ਵਾਸ਼ਿੰਗਟਨ ਡੱਲਸ ਏਥੋਂ ਦਾ ਅੰਤਰ-ਰਾਸ਼ਟਰੀ ਹਵਾ ਅੱਡਾ ਹੈ। ਏਥੋਂ ਬਹੁਤ ਸਾਰੇ ਦੇਸ਼ਾਂ ਨੂੰ ਉਡਾਣਾਂ ਜਾਂਦੀਆਂ ਹਨ। ਵਾਸ਼ਿੰਗਟਨ ਵਿਚ 16 ਅਪ੍ਰੈਲ ਦੇ ਦਿਨ ਨੂੰ ਗੁਲਾਮੀ ਤੋਂ ਛੁਟਕਾਰੇ ਦਾ ਦਿਨ ਕਰਕੇ ਮਨਾਇਆ ਜਾਂਦਾ ਹੈ। 16 ਅਪ੍ਰੈਲ 1862 ਨੂੰ ਪ੍ਰੈਜ਼ੀਡੇਂਟ ਐਬਰਾਹਮ ਲਿੰਕਨ ਨੇ ਗੁਲਾਮੀ ਦੇ ਛੁਟਕਾਰੇ ਵਾਲੇ ਐਕਟ ਤੇ ਦਸਖਤ ਕੀਤੇ ਸਨ। ਏਸ ਐਕਟ ਅਧੀਨ ਅਮਰੀਕਾ ਵਿਚੋਂ ਗੁਲਾਮੀ ਦੀ ਪ੍ਰਥਾ ਦਾ ਖਾਤਮਾ ਹੋਇਆ ਸੀ। ਹੁਣ ਕੋਲੰਬੀਆਂ ਡਿਸਟ੍ਰਿਕਟ ਵਿਚ 16 ਅਪ੍ਰੈਲ ਨੂੰ ਸਰਕਾਰੀ ਛੁੱਟੀ ਦੇ ਤੌਰ ਤੇ ਮਨਾਇਆ ਜਾਂਦਾ ਹੈ। ਬਹੁਤ ਸਾਰੇ ਸਮਾਗਮ ਏਸ ਦਿਨ ਕੀਤੇ ਜਾਂਦੇ ਹਨ। ਏਥੇ ਹਰ ਸਾਲ ਇੰਟਰਨੈਸ਼ਨਲ ਫੂਡ ਐਂਡ ਵਾਈਨ ਫੈਸਟੀਬਲ ਮਨਾਇਆ ਜਾਂਦਾ ਹੈ। ਹਰ ਸਾਲ ਫੈਸ਼ਨ ਹਫਤਾ ਮਨਾਇਆ ਜਾਂਦਾ ਹੈ। ਇਸ ਵਿਚ ਨੈਸ਼ਨਲ ਤੇ ਇੰਟਰਨੈਸ਼ਨਲ ਫੈਸ਼ਨ ਡੀਜ਼ਾਈਨਰ ਹਿੱਸਾ ਲੈਂਦੇ ਹਨ।

ਸਾਡਾ ਵਾਸ਼ਿੰਗਟਨ ਨੂੰ 19 ਮਾਰਚ ਤੋਂ 21 ਮਾਰਚ ਦੀ ਸ਼ਾਮ ਤੱਕ ਵੇਖਣ ਦਾ ਸਮਾਂ ਨਿਰਧਾਰਿਤ ਸੀ। 19 ਮਾਰਚ ਦੇ ਦਿਨ ਦਾ ਅਸੀਂ ਪੂਰਾ ਉਪਯੋਗ ਕਰ ਲਿਆ ਸੀ। 20 ਤੇ 21 ਮਾਰਚ ਦੇ ਦਿਨ ਅਸੀਂ ਵਾਸ਼ਿੰਗਟਨ ਦੇ ਅਜਾਇਬ ਘਰ ਵੇਖਣ ਲਈ ਰਾਖਵੇਂ ਰੱਖੇ ਹੋਏ

ਸਨ। ਏਥੇ ਵੇਖਣ ਵਾਲੇ ਮੁੱਖ ਮਿਊਜੀਅਮ ਤੇ ਗੈਲਰੀਆਂ ਤਾਂ 18 ਹਨ, ਪਰ ਸਮੇਂ ਦੀ ਸੀਮਾ ਹੋਣ ਕਰਕੇ ਅਸੀਂ ਗਿਣਤੀ ਦੇ ਸਭ ਤੋਂ ਮਸ਼ਹੂਰ ਮਿਊਜੀਅਮ ਵੇਖਣ ਦਾ ਹੀ ਨਿਰਣਾ ਲਿਆ। ਏਥੋਂ ਦੇ ਸਾਰੇ ਮਿਊਜੀਅਮ ਨੈਸ਼ਨਲ ਮਾਲ ਦੇ ਆਲੇ ਦੁਆਲੇ ਹੀ ਸਥਿਤ ਹਨ। ਨੈਸ਼ਨਲ ਮਾਲ ਬਹੁਤ ਹੀ ਵਿਸ਼ਾਲ ਮੈਦਾਨ ਹੈ। ਬਹੁਤੇ ਮਿਊਜ਼ੀਅਮ ਸਵੇਰ ਦੇ 10 ਵਜੇ ਤੋਂ ਸ਼ਾਮ ਦੇ 5.30 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ। ਜਦ ਅਸੀਂ 10 ਵਜੇ ਦੇ ਕਰੀਬ ਆਪਣੀ ਗੱਡੀ ਪਾਰਕ ਕਰਕੇ ਗੱਡੀ ਤੋਂ ਬਾਹਰ ਨਿਕਲੇ ਤਾਂ ਠੰਡੀ ਤੇਜ਼ ਹਵਾ ਚੱਲ ਰਹੀ ਸੀ। ਇਕ ਖੁਲ੍ਹਾ ਮੈਦਾਨ, ਦੂਜੀ ਠੰਡੀ ਤੇਜ਼ ਹਵਾ ਸਾਡੇ ਸਰੀਰਾਂ ਨੂੰ ਕਾਂਬਾ ਛੇੜ ਰਹੀ ਸੀ। ਕੋਟੀਆਂ ਦੇ ਗਲਮੇ ਉੱਚੇ ਕਰ ਕੇ ਭੱਜ ਕੇ ਦੀ ਨੈਸ਼ਨਲ ਮਿਊਜ਼ੀਅਮ ਆਫ ਨੈਂਚੁਰਲ ਹਿਸਟਰੀ ਵਿਚ ਪਹੁੰਚੇ। ਮਿਊਜੀਅਮ ਏਅਰ ਕੰਡੀਸ਼ਨ ਸੀ। ਅੰਦਰ ਵੜ੍ਹ ਕੇ ਸਾਹ ਵਿਚ ਸਾਹ ਆਇਆ।

ਇਹ ਬਹੁਤ ਹੀ ਵਿਸ਼ਾਲ ਮਿਊਜੀਅਮ ਹੈ। ਇਸ ਦੇ ਅੰਦਰ 18 ਨਮਾਇਸ਼ੀ ਹਾਲ ਹਨ। ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਧਰਤੀ ਉਪਰ ਹੋਏ ਵਿਕਾਸ ਦੇ ਨਮੂਨੇ ਪਏ ਹਨ। ਅੰਦਰ ਵੜ੍ਹਦਿਆਂ ਹੀ ਸਾਡੇ ਮੱਥੇ 14 ਫੁੱਟ ਉੱਚਾ ਅਫਰੀਕਨ ਹਾਥੀ ਲੱਗਿਆ। ਜਿਊਂਦਾ ਨਹੀਂ? ਮਸਾਲੇ ਨਾਲ ਭਰਿਆ ਹੋਇਆ। ਇਸ ਹਾਥੀ ਨੂੰ 1959 ਵਿਚ ਏਥੇ ਸਥਾਪਤ ਕੀਤਾ ਗਿਆ ਹੈ। ਏਸ ਦਾ ਵਜ਼ਨ 8 ਟਨ ਹੈ। ਮਿਊਜ਼ੀਅਮ ਦੀ ਪਹਿਲੀ ਮੰਜ਼ਲ ਵਿਚ ਜੋ 500 ਦੇ ਕਰੀਬ ਵਾਸ਼ਿੰਗਟਨ ਡੀ. ਸੀ. ਜ਼ਿਲ੍ਹੇ ਵਿਚ ਪੰਛੀ ਮਿਲਦੇ ਹਨ, ਉਨ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਤਸਵੀਰਾਂ ਵਿਚ ਇਕ ਤਸਵੀਰ ਤਿੰਨ ਇੰਚ ਲੰਮੀ ਸੁਨਹਿਰੀ ਤਾਜ਼ ਵਾਲੇ ਛੋਟੇ ਪੰਛੀ ਦੀ ਹੈ।

ਅਗਲਾ ਹਾਲ 25 ਹਜ਼ਾਰ ਫੁੱਟ ਦਾ ਹੈ। ਇਸ ਹਾਲ ਵਿਚ 274 ਦੁੱਧ ਦੇਣ ਵਾਲੇ ਪਸ਼ੂਆਂ ਦੀਆਂ ਖੱਲਾਂ ਨੂੰ ਬਹੁਤ ਹੀ ਹੁਨਰ ਨਾਲ ਮਸਾਲੇ ਨਾਲ ਭਰ ਕੇ ਰੱਖਿਆ ਹੋਇਆ ਹੈ। ਇਸ ਹਾਲ ਵਿਚ ਇਕ ਦਰਜ਼ਨ ਦੇ ਕਰੀਬ ਫੌਸਿਲ ਵੀ ਹਨ। ਇਸ ਤਰ੍ਹਾਂ ਇਹ ਹਾਲ ਦੁੱਧ ਦੇਣ ਵਾਲੇ ਪਸ਼ੂ ਦੇ ਵਿਕਾਸ ਦੀ ਗਾਥਾ ਦੱਸਦਾ ਹੈ। ਇਹ ਪਸ਼ੂ ਅਤਿ ਦੀ ਗਰਮੀ ਤੇ ਅਤਿ ਦੀ ਸ਼ਰਦੀ ਵਾਲੇ ਮੌਸਮ ਨਾਲ ਸਬੰਧ ਰੱਖਦੇ ਹਨ। ਹਾਲ ਵਿਚ ਪਏ ਪਸ਼ੂਆਂ ਦੇ ਫੋਸਿਲਾਂ ਨੂੰ ਵੇਖ ਕੇ ਕੁਦਰਤ ਦੀ ਕਾਰੀਗਰੀ ਦੇ ਵਾਰੇ ਵਾਰੇ ਜਾਣ ਨੂੰ ਜੀਅ ਕਰਦਾ ਹੈ।

ਅੱਗੇ ਡਾਇਨੋਸੋਰ ਹਾਲ ਹੈ। ਇਸ ਵਿਚ ਡਾਇਨੋਸੋਰ ਪਏ ਹਨ। ਇਹ ਧਰਤੀ ਤੇ ਰੀਂਗਕੇ ਚੱਲਣ ਵਾਲੇ ਬੜੇ ਜੰਗਲੀ ਜਾਨਵਰ ਹਨ। 210 ਮਿਲੀਅਨ ਸਾਲ ਪੁਰਾਣੇ ਹਨ। ਹਾਲ ਦੇ ਵਿਚਾਲੇ ਪਿਆ ਡਾਇਨੋਸੋਰ 90 ਫੁੱਟ ਲੰਮਾ ਹੈ। ਇਹ ਸਾਲ 1923 ਵਿਚ ਲੱਭਿਆ ਸੀ। ਇਹਨੂੰ ਵੇਖ ਕੇ ਡਰ ਲੱਗਦਾ ਹੈ। ਏਸ ਹਾਲ ਦੇ ਨਾਲ ਵਾਲੇ ਹਾਲ ਨੂੰ "ਲਾਈਫ ਇਨ ਦੀ ਏਂਨਸੈਂਟ ਸੀਜ਼" ਦਾ ਨਾਂ ਦਿੱਤਾ ਗਿਆ ਹੈ। ਇਸ ਵਿਚ ਸਮੁੰਦਰ ਵਿਚ ਦੇ ਜੀਵਾਂ ਦੇ ਵਿਕਾਸ ਨਾਲ ਸਬੰਧਿਤ ਫੌਸਿਲ ਰੱਖੇ ਹੋਏ ਹਨ। ਇਨ੍ਹਾਂ ਵਿਚ ਇਕ ਇਕਥਿਓਸਰ (Ichthyosaur) ਮੱਛੀ ਵਰਗਾ ਇਕ ਰੀਂਗਨ ਵਾਲਾ ਸਮੁੰਦਰੀ ਜੰਤੂ ਵੀ ਹੈ, ਜਿਹੜਾ ਡਾਇਨੋਸੋਰ ਦੇ ਸਮਿਆਂ ਦਾ ਹੈ। 38 ਮਿਲੀਅਨ ਸਾਲ ਪੁਰਾਣੀ ਵੇਲ੍ਹ ਮੱਛੀ ਵੀ ਪਈ ਹੈ।

ਏਸ ਹਾਲ ਦੇ ਨਾਲ ਹੀ "ਅਰਲੀ ਲਾਈਫ ਹਾਲ" ਹੈ। ਉਸ ਦੇ ਨਾਲ "ਫੋਸਿਲ ਪਲਾਂਟਸ ਹਾਲ" ਹੈ। ਇਸ ਹਾਲ ਵਿਚ ਧਰਤੀ ਉਪਰ ਬੀਜ਼ ਤੋਂ ਬਨਸਪਤੀ ਦੇ ਹੋਏ ਵਿਕਾਸ ਬਾਰੇ ਦਰਸਾਇਆ ਗਿਆ ਹੈ। ਅਗਲਾ ਹਾਲ "ਆਈਸ ਏਜ਼ ਹਾਲ" ਹੈ। ਇਹ ਹਾਲ 35

ਹਜ਼ਾਰ ਸਾਲ ਪਹਿਲ ਦੇ ਸਾਡੇ ਮਨੁੱਖੀ ਵਡੇਰਿਆਂ ਦੀ ਕਹਾਣੀ ਦੱਸਦਾ ਹੈ। ਏਸ ਹਾਲ ਵਿਚ ਹੀ ਪੁਰਾਣੇ ਦੁੱਧ ਦੇਣ ਵਾਲੇ ਪਸ਼ੂਆਂ ਦੇ ਪਿੰਜਰ ਪਏ ਹਨ।

ਹੁਣ ਤੁਹਾਨੂੰ ਮਿਊਜੀਅਮ ਦੀ ਦੂਜੀ ਮੰਜ਼ਲ ਦੀ ਸੈਰ ਕਰਵਾਉਂਦੇ ਹਾਂ। ਏਸ ਮੰਜ਼ਲ ਉਪਰ ਸਭ ਤੋਂ ਵੱਧ ਆਕਰਸ਼ਿਤ ਵੇਖਣ ਵਾਲੀ ਚੀਜ਼ ਏਥੇ ਰੱਖੇ ਕੀਮਤੀ ਪੱਥਰ , ਹੀਰੇ, ਰਤਨ ਤੇ ਖਨਿਜ ਪਦਾਰਥ ਹਨ। ਬਹੁਤੇ ਹਾਲਾਂ ਵਿਚ ਇਹ ਹੀ ਰੱਖੇ ਹੋਏ ਹਨ। ਏਥੇ ਹੀ ਦੁਨੀਆਂ ਦਾ ਸਭ ਤੋਂ ਵੱਡਾ 45.52 ਕੈਰਟ ਦਾ ਹੀਰਾ ਰੱਖਿਆ ਹੋਇਆ ਹੈ। ਏਸ ਹੀਰੇ ਦਾ ਨਾਂ "ਹੋਪ ਡਾਇਮੰਡ" (Hope Diamond) ਹੈ। ਇਸ ਦਾ ਰੰਗ ਗੂੜਾ ਨੀਲਾ ਹੈ। ਇਹ ਇਕ ਅਤਿ ਦਿਲਕਸ਼ ਹੀਰਾ ਹੈ। ਵੇਖਣ ਯੋਗ ਹੈ। ਇਸ ਦੀ ਖ਼ੂਬਸੂਰਤੀ ਸ਼ਬਦਾਂ ਵਿਚ ਵਰਨਣ ਕਰਨੀ ਮੁਸ਼ਕਲ ਹੈ। ਏਥੇ ਹੀ 40.10 ਕੈਰਟ ਦਾ ਹੀਰਾ ਤੇ ਹੋਰ ਬਹੁਤ ਸਾਰੇ ਹੀਰੇ ਪਏ ਪਏ ਹਨ। ਏਥੇ ਸਕਿਊਰਟੀ ਵੀ ਕਾਫੀ ਰੱਖੀ ਹੋਈ ਹੈ।

ਦੂਜੀ ਮੰਜ਼ਲ ਉਪਰ ਹੀ "Plate Tectonics Gallery" ਬਣੀ ਹੋਈ ਹੈ। ਉਹ ਵੇਖੀ। "ਹਾਲ ਆਫ ਵੈਸਟਰਨ ਕਲਚਰਜ਼" ਬਣਿਆ ਹੋਇਆ ਹੈ। ਉਹ ਵੇਖਿਆ। ਏਸ ਮੰਜ਼ਲ ਉਪਰ ਹੀ ਕੀੜੇ, ਮਕੌੜੇ, ਤਿਤਲੀਆਂ ਦਾ ਚਿੜੀਆਂ ਘਰ ਹੈ। ਏਥੇ ਹੀ ਕੋਰੀਆਂ ਗੈਲਰੀ ਹੈ, ਜਿਸ ਵਿਚ 6ਵੀ ਸਦੀ ਤੋਂ ਲੈ ਕੇ 21ਵੀਂ ਸਦੀ ਤੱਕ ਦੀਆਂ ਪੇਂਟਿੰਗ, ਕੱਪੜੇ, ਮਿੱਟੀ ਦੇ ਭਾਂਡੇ ਆਦਿ ਰੱਖੇ ਹੋਏ ਹਨ, ਉਹ ਵੇਖੇ। ਇਹ ਗੈਲਰੀ ਕੋਰੀਆ ਦੇ ਸਭਿਆਚਾਰ ਦੀ ਤਸਵੀਰ ਪੇਸ਼ ਕਰਦੀ ਹੈ। ਮਿਊਜੀਅਮ ਵਿਚ ਖਰੀਦਦਾਰੀ ਲਈ ਗਿਫਟ ਸੈਂਟਰ ਵੀ ਬਣੇ ਹੋਏ ਹਨ। ਜਿਥੋਂ ਤੁਸੀਂ ਕੱਪੜੇ, ਗਹਿਣੇ, ਖਿਡੌਣੇ, ਵਸਤਰ ਆਦਿ ਖਰੀਦ ਸਕਦੇ ਹੋ। ਦੂਜੀ ਮੰਜ਼ਲ ਵਿਚ ਕਈ ਥੀਏਟਰ ਵੀ ਬਣੇ ਹੋਏ ਹਨ, ਜਿਥੇ ਲਗਾਤਾਰ ਥੋੜੇ ਥੋੜੇ ਸਮੇਂ ਦੀਆਂ ਡਾਕੂਮੈਂਟਰੀਆਂ ਫਿਲਮਾਂ ਵੀ ਵਿਖਾਈਆਂ ਜਾਂਦੀਆਂ ਹਨ।

ਇਸ ਮਿਊਜੀਅਮ ਨੂੰ ਵੇਖਣ ਤੋਂ ਪਿਛੋਂ ਅਸੀਂ ਨੈਸ਼ਨਲ ਏਅਰ ਐਂਡ ਸਪੇਸ ਮਿਊਜੀਅਮ ਵੇਖਣ ਗਏ। ਮਿਊਜੀਅਮ ਦੇ ਅੰਦਰ ਵੜ੍ਹਦਿਆਂ ਹੀ ਅਪੋਲੋ-2 ਦਾ ਮਾਡਲ ਪਿਆ ਹੈ। ਇਸ ਰਾਹੀਂ ਹੀ ਜੁਲਾਈ 1969 ਵਿਚ ਤਿੰਨ ਪੁਲਾੜ ਯਾਤਰੀਆਂ ਨੇ ਸਫਰ ਕੀਤਾ ਸੀ। ਏਸ ਮਿਊਜੀਅਮ ਨੂੰ ਸਭ ਤੋਂ ਵੱਧ ਟੂਰਿਸਟ ਵੇਖਣ ਆਉਂਦੇ ਹਨ। ਇਸ ਵਿਚ ਹਵਾ ਵਿਚ ਉੱਡਣ ਦਾ ਇਤਿਹਾਸ, ਸਪੇਸ ਦੀ ਖੋਜ ਸੰਬੰਧੀ, ਹਵਾਈ ਜਹਾਜ਼, ਰਾਕਟ ਤੇ ਹੋਰ ਸਾਜ਼ੋ ਸਮਾਨ ਰੱਖਿਆ ਹੋਇਆ ਹੈ। ਮੁੱਢਲੇ ਸਮੇਂ ਦੇ ਪਹਿਲੇ 7 ਹਵਾਈ ਜਹਾਜ਼ ਵੀ ਏਥੇ ਰੱਖੇ ਹੋਏ ਹਨ। ਬੋਇੰਗ 747 ਦਾ ਨੋਜ ਸੈਕਸ਼ਨ ਵੀ ਏਥੇ ਪਿਆ ਹੈ। ਏਥੇ ਹੀ ਪਹਿਲੀ ਸਪੇਸ ਸਟਲ ਪਈ ਹੈ। ਮਿਊਜੀਅਮ ਨੂੰ ਵਿਖਾਉਣ ਲਈ ਗਾਈਡ ਵੀ ਹਨ। ਇਹ ਤੁਹਾਨੂੰ ਬਹੁਤ ਚੰਗੀ ਤਰ੍ਹਾਂ ਸਾਰੇ ਮਿਊਜੀਅਮ ਵਿਚ ਰੱਖੇ ਹਰ ਜਹਾਜ਼, ਸਪੇਸ ਸਟਲ ਦੀ ਜਾਣਕਾਰੀ ਦਿੰਦੇ ਹਨ। ਏਥੇ ਹੀ ਕੋਲੰਬੀਆ ਸਟਲ ਦਾ ਮਾਡਲ ਪਿਆ ਹੈ, ਜਿਹੜੀ ਪਹਿਲੀ ਵੇਰ ਚੰਦ ਤੇ ਉਤਾਰੀ ਗਈ ਸੀ।

ਦੂਜੀ ਸੰਸਾਰ ਜੰਗ ਵਿਚ ਜਾਪਾਨ, ਜਰਮਨ, ਬ੍ਰਿਟਿਸ਼ ਤੇ ਇਟਲੀ ਨੇ ਜੋ ਹਵਾਈ ਜਹਾਜ਼ ਵਰਤੇ ਸਨ, ਉਹ ਵੀ ਏਥੇ ਰੱਖੇ ਹੋਏ ਹਨ। ਰਾਈਟ ਬ੍ਰਦਰਜ਼ ਵਲੋਂ ਜਿਹੜਾ ਪਹਿਲਾਂ ਹਵਾਈ ਜਹਾਜ਼ ਬਣਾਇਆ ਗਿਆ ਸੀ, ਉਹ ਵੀ ਏਥੇ ਰੱਖਿਆ ਹੋਇਆ ਹੈ। "ਅਪੋਲੋ ਟੂ ਮੂਨ" ਨਾਂ ਦੀ ਗੈਲਰੀ ਵਿਚ ਪੁਲਾੜ ਯਾਤਰੀ ਨੀਲ ਆਰਮਸਟਰੌਂਗ, ਬੱਜ ਅਲਡਰੀਨ ਤੇ ਜੀਨੀ ਸਰਨਣ ਨੇ ਜੋ ਪੁਲਾੜ ਯਾਤਰਾ ਸਮੇਂ ਸੂਟ ਪਹਿਨੇ ਸਨ, ਸਰਵਾਈਵਲ ਇਕੁਪਮੈਂਟ

ਸੀ, ਉਹ ਵੀ ਏਥੇ ਰੱਖੇ ਹੋਏ ਹਨ। "Treasures of American History" ਵਾਲੀ ਗੈਲਰੀ ਵਿਚ ਅਮਰੀਕਾ ਦੀਆਂ 150 ਦੇ ਕਰੀਬ ਮਸ਼ਹੂਰ ਵਸਤਾਂ ਰੱਖੀਆਂ ਹੋਈਆਂ ਹਨ। ਇਨ੍ਹਾਂ ਵਿਚ ਅਬਰਾਹਮ ਲਿੰਕਨ ਦੀ ਸਿਰ ਵਾਲੀ ਟੋਪੀ ਤੇ ਥਾਮਸ ਐਡੀਸ਼ਨ ਦਾ ਬਿਜ਼ਲੀ ਵਾਲਾ ਬਲਬ ਵੀ ਪਿਆ ਹੈ।

ਇਕ ਪੁਰਾਣੀ ਕਹਾਵਤ ਹੈ "ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਅਜੇ ਜੰਮਿਆਂ ਵਿਚ ਸ਼ਾਮਲ ਨਹੀਂ ਹੈ।" ਏਸੇ ਤਰ੍ਹਾਂ ਜਿਸ ਟੂਰਿਸਟ ਨੇ ਨੈਸ਼ਨਲ ਏਅਰ ਐਂਡ ਸਪੇਸ ਮਿਊਜ਼ੀਅਮ ਤਾਂ ਵੇਖ ਲਿਆ ਹੋਵੇ, ਪਰ ਉਥੇ ਚਲਦੇ ਤਿੰਨ ਸ਼ੋਅ Cosmic Collision ਨਾ ਵੇਖੇ ਹੋਣ, ਉਸ ਟੂਰਿਸਟ ਨੂੰ ਵੀ ਸਪੇਸ ਮਿਊਜ਼ੀਅਮ ਵੇਖੇ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਇਹ ਤਿੰਨ ਸ਼ੋਅ ਵੇਖਣ ਯੋਗ ਹਨ। Cosmic Collision ਵਿਚ ਸਿਤਾਰਿਆਂ ਦਾ ਆਪਸ ਵਿਚ ਟਕਰਾ ਵਿਖਾਇਆ ਗਿਆ ਹੈ। ਇਹ ਸ਼ੋ ਜਿਸ ਸਾਇੰਸਦਾਨ ਨੇ ਇਨ੍ਹਾਂ ਸੋਹਣਾ ਬਿਉਤਿਆ ਹੈ, ਉਸ ਦੀ ਦਾਦ ਦੇਣੀ ਬਣਦੀ ਹੈ। ਇਹ ਸ਼ੋ ਵੇਖ ਕੇ ਪੁਲਾੜ ਵਿਚ ਹੋ ਰਹੀ ਕੁਦਰਤੀ ਟੁੱਟ ਭੱਜ ਦੇ ਕੁਦਰਤੀ ਕ੍ਰਿਸ਼ਮੇ ਨੂੰ ਵੇਖ ਕੇ ਕੁਦਰਤ ਦੀ ਲੀਲਾ ਦਾ ਪਤਾ ਲੱਗਦਾ ਹੈ। ਦੂਜਾ Fighter Pilot ਵਾਲਾ ਸ਼ੋਅ ਅਮਰੀਕਾ ਦੇ ਏਅਰ ਫੋਰਸ ਕੈਪਟਨ John stratton ਦਾ ਅਸਲ ਵਿਚ ਕੀਤੀ ਲੜਾਈ ਵਾਲਾ ਸ਼ੋ ਐ। ਤੀਜਾ ਸ਼ੋ ਪੁਲਾੜ ਵਿਚ ਸਪੇਸ਼ ਸਟੇਸ਼ਨ ਬਣਾਉਣ ਸਬੰਧੀ ਹੈ। ਇਹ ਤਿੰਨੇ ਸ਼ੋਅ ਟਿਕਟਾਂ ਤੇ ਵਿਖਾਏ ਜਾਂਦੇ ਹਨ। ਅਸੀਂ ਇਹ ਤਿੰਨੇ ਸ਼ੋ ਵੇਖੇ।

ਮਿਊਜ਼ੀਅਮ ਦੇ ਪੂਰਬ ਵਾਲੇ ਪਾਸੇ ਮੈਕਡਾਨਲ ਬਣਿਆ ਹੋਇਆ ਹੈ। ਬਹੁਤ ਖੁੱਲ੍ਹੀ ਥਾਂ ਹੈ। ਦੋ ਛੱਤਾਂ ਹੈ। ਭੋਜਨ ਲੈਣ ਲਈ 6/7 ਲਾਈਨਾਂ ਲੱਗੀਆਂ ਹੋਈਆਂ ਸਨ। ਅਸੀਂ ਵੀ ਇਕ ਲਾਈਨ ਵਿਚ ਲੱਗ ਗਏ। ਸਭ ਨੇ ਆਪਣੀ ਆਪਣੀ ਪਸੰਦ ਦਾ ਫਾਸਟ ਫੂਡ ਤੇ ਡਰਿੰਕ ਲਈਆਂ। ਦੂਜੀ ਮੰਜ਼ਲ ਤੇ ਲੱਗੀਆਂ ਕੁਰਸੀਆਂ ਤੇ ਬੈਠ ਕੇ ਖਾਦੀ। ਫੇਰ ਮੇਰੇ ਦੋਹਤਿਆਂ ਨੇ ਸਿਮਿਊਲੇਟਰ ਰਾਈਡਜ਼ (Simulator Rides) ਲਈਆਂ। ਕਿਉਂ ਜੋ ਮੇਰਾ ਇਕ ਦੋਹਤਾ ਛੋਟੀ ਉਮਰ ਦਾ ਹੈ। ਏਸ ਲਈ ਰਾਈਡਜ਼ ਸਮੇਂ ਮੇਰੇ ਜੁਆਈ ਨੂੰ ਉਸ ਨਾਲ ਬੈਠਦਾ ਪਿਆ। ਮਿਊਜ਼ੀਅਮ ਵਿਚ ਗਿਫਟ ਸ਼ਾਪ ਬਣੀ ਹੋਈ ਹੈ। ਏਥੋਂ ਕਿਤਾਬਾਂ, ਖਿਡੌਣੇ, ਸਾਇੰਸ ਦੀਆਂ ਕਿੱਟਾਂ, ਵਸਤਰ ਆਦਿ ਮਿਲਦੇ ਹਨ। ਉਸ ਤੋਂ ਪਿਛੋਂ ਅਸੀਂ ਨੈਸ਼ਨਲ ਗੈਲਰੀ ਆਫ ਆਰਟ ਵੇਖੀ। ਇਸ ਵਿਚ ਕਈ ਹਾਲ ਹਨ। ਆਰਟ ਦੀਆਂ ਵਸਤਾਂ ਬਹੁਤ ਸੋਹਣੇ ਢੰਗ ਨਾਲ ਸਜਾ ਕੇ ਰੱਖੀਆਂ ਹੋਈਆਂ ਹਨ। ਮਿਊਜ਼ੀਅਮ 5.30 ਵਜੇ ਬੰਦ ਹੋ ਗਿਆ। ਫੇਰ ਅਸੀਂ ਥੋੜੀ ਦੇਰ ਮਾਲ ਤੇ ਘੁੰਮੇ। ਰੌਣਕ ਵੇਖੀ। ਪਾਰਕਿੰਗ ਵਿੱਚੋਂ ਗੱਡੀ ਲਈ। ਬਾਜ਼ਾਰ ਪਹੁੰਚ ਗਏ। ਲੋਕੀ ਦਫਤਰਾਂ ਵਿਚੋਂ ਵਿਹਲੇ ਹੋ ਕੇ ਬਾਜ਼ਾਰ ਵਿਚੋਂ ਖਰੀਦਦਾਰੀ ਕਰ ਰਹੇ ਸਨ। ਬਾਜ਼ਾਰ ਵਿਚ ਗਹਿਮਾ ਗਹਿਮੀ ਹੋ ਰਹੀ ਸੀ। ਅਸੀਂ ਇਕ ਇੰਡੀਅਨ ਹੋਟਲ ਤੋਂ ਖਾਣਾ ਖਾਦਾ। ਰਾਤੀ 10 ਵਜੇ ਹੋਟਲ ਪਹੁੰਚ ਗਏ।

21 ਮਾਰਚ ਨੂੰ ਸਵੇਰੇ ਤਿਆਰ ਹੋਏ। ਹੋਟਲ ਦੇ ਕਮਰੇ ਅੰਦਰ ਹੀ ਸਭ ਨੇ ਲੋੜ ਅਨੁਸਾਰ ਦੁੱਧ/ਚਾਹ ਨਾਲ ਸੀਰੀਅਲ ਖਾਦਾ। 9 ਵਜੇ ਹੋਟਲ ਵਿਚੋਂ ਚੈਕ ਆਊਟ ਕੀਤਾ। ਅਟੈਚੀ ਗੱਡੀ ਵਿਚ ਰੱਖੇ। ਨੈਸ਼ਨਲ ਮਾਲ ਤੇ ਆ ਕੇ ਗੱਡੀ ਪਾਰਕ ਕੀਤੀ। ਸਭ ਤੋਂ ਪਹਿਲਾਂ ਵਾਸ਼ਿੰਗਟਨ ਮੌਨੂਮੈਂਟ ਵੇਖਣ ਲਈ ਗਏ। ਇਹ ਅਮਰੀਕਾ ਦੇ ਪਹਿਲੇ ਪ੍ਰੈਜੀਡੈਂਟ ਜਾਰਜ ਵਾਸ਼ਿੰਗਟਨ ਦੀ ਯਾਦਗਰ ਹੈ। ਇਹ ਯਾਦਗਾਰ ਵਾਸ਼ਿੰਗਟਨ ਵਿਚ ਸਭ ਤੋਂ ਉੱਚੀ ਬਿਲਡਿੰਗ

ਹੈ। ਇਸ ਦੀ ਉਚਾਈ 555 ਫੁੱਟ ਤੋਂ ਥੋੜੇ ਜਿਹੇ ਇੰਚ ਉਪਰ ਹੈ। ਏਸ ਦੇ ਦੁਆਲੇ 50 ਝੰਡੇ ਲੱਗੇ ਹੋਏ ਹਨ। ਇਹ 50 ਝੰਡੇ ਅਮਰੀਕਾ ਦੀਆਂ 50 ਸਟੇਟ ਦੇ ਸੂਚਕ ਹਨ। ਇਸ ਯਾਦਗਾਰ ਨੂੰ 1848 ਵਿਚ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਪਰ ਦੂਜੀ ਸੰਸਾਰ ਜੰਗ ਦੇ ਲੱਗਣ ਕਾਰਨ ਤੇ ਫੰਡ ਦੀ ਕਮੀ ਕਾਰਨ ਇਸ ਯਾਦਗਾਰ ਨੂੰ 1884 ਵਿਚ ਮੁਕੰਮਲ ਕੀਤਾ ਗਿਆ। ਇਹ ਯਾਦਗਾਰ ਅਮਰੀਕਾ ਦੀ ਸਭ ਤੋਂ ਵੱਧ ਪ੍ਰਮਾਨਤ ਯਾਦਗਾਰ ਹੈ। ਇਸ ਯਾਦਗਾਰ ਦੀ ਸਿਖਰ ਤੋਂ ਵ੍ਹਾਇਟ ਹਾਊਸ, ਲਿੰਕਨ ਯਾਦਗਾਰ, ਕੈਪੀਟਲ ਬਿਲਡਿੰਗ ਤੇ ਵਾਸ਼ਿੰਗਟਨ ਸ਼ਹਿਰ ਦਾ ਵਧੀਆ ਨਜ਼ਾਰਾ ਦਿਸਦਾ ਹੈ। ਇਹ ਯਾਦਗਾਰ ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ ਦੇ 4.45 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।

ਉਸ ਤੋਂ ਪਿਛੋਂ ਦੂਜੀ ਸੰਸਾਰ ਜੰਗ ਦੀ ਬਣੀ ਯਾਦਗਾਰ ਦੇਖੀ। ਇਹ ਯਾਦਗਾਰ ਲਿੰਕਨ ਯਾਦਗਾਰ ਤੇ ਵਾਸ਼ਿੰਗਟਨ ਯਾਦਗਾਰ ਦੇ ਵਿਚਕਾਰ ਜਿਹੇ ਸਥਿਤ ਹੈ। ਦੂਜੀ ਸੰਸਾਰ ਜੰਗ ਵਿਚ ਮਾਰੇ ਗਏ 4 ਲੱਖ ਫੌਜੀਆਂ ਦੀ ਯਾਦ ਵਜੋਂ ਬਣਾਈ ਗਈ ਹੈ। ਇਸ ਨੂੰ ਸਾਲ 2001 ਵਿਚ ਬਣਾਉਣਾ ਸ਼ੁਰੂ ਕੀਤਾ ਗਿਆ ਸੀ ਤੇ ਸਾਲ 2004 ਵਿਚ ਮੁਕੰਮਲ ਹੋਈ ਹੈ। ਇਹ 7.4 ਏਕੜ ਜਗਾ ਵਿਚ ਬਣੀ ਹੋਈ ਹੈ। ਏਸ ਯਾਦਗਾਰ ਨੂੰ ਬਣਾਉਣ ਲਈ ਕਈ ਵਾਦ ਵਿਵਾਦ ਹੋਣ ਕਰਕੇ ਇਹ ਯਾਦਗਾਰ ਲੇਟ ਬਣੀ ਹੈ। ਏਸ ਯਾਦਗਾਰ ਦੇ ਨੇੜੇ ਹੀ ਕੋਰੀਆ ਵਿਚ ਮਾਰੇ ਗਏ ਫੌਜੀਆਂ ਦੀ ਯਾਦਗਾਰ ਹੈ।

ਫੇਰ ਅਸੀਂ ਲਿੰਕਨ ਦੀ ਯਾਦਗਾਰ ਦੇਖਣ ਲਈ ਪਹੁੰਚੇ। ਉਥੇ ਟੂਰਿਸਟਾਂ ਦਾ ਪੂਰਾ ਇਕੱਠ ਸੀ। ਕਾਫੀ ਉੱਚੀ ਕਰਕੇ ਬਣਾਈ ਹੋਈ ਹੈ। ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ। ਐਰਬਰਾਹਮ ਲਿੰਕਨ ਅਮਰੀਕਾ ਦਾ 16ਵਾਂ ਪ੍ਰੈਜੀਡੈਂਟ ਸੀ। ਬੁੱਤ ਦੀ ਉਚਾਈ 6 ਮੀਟਰ ਹੈ। ਚੌੜਾਈ ਵੀ 6 ਮੀਟਰ ਹੈ। ਚਿੱਟੇ ਪੱਥਰ ਦਾ ਬਣਿਆ ਹੋਇਆ ਹੈ। ਬੁੱਤ ਦੇ ਦੱਖਣ ਦੇ ਪਾਸੇ ਵਾਲੀ ਦੀਵਾਰ ਉਪਰ ਲਿੰਕਨ ਦਾ ਉਹ ਭਾਸ਼ਨ ਅੰਕਿਤ ਹੈ ਜੋ ਉਸ ਨੇ ਸਾਲ 1863 ਵਿਚ ਗੇਟੀਜ਼ਵਰਗ ਦੇ ਜੰਗ ਦੇ ਮੈਦਾਨ ਵਾਲੀ ਜਗਾ ਵਿਚ ਦਿੱਤਾ ਸੀ। ਯਾਦਗਾਰ ਦੇ ਉੱਤਰ ਵਾਲੇ ਪਾਸੇ ਲਿੰਕਨ ਦਾ 1865 ਦਾ ਉਹ ਭਾਸ਼ਨ ਲਿਖਿਆ ਹੋਇਆ ਹੈ ਜੋ ਉਸ ਨੇ ਦੂਜੀ ਵਾਰ ਪ੍ਰੈਜੀਡੈਂਟ ਬਣਲ ਤੇ ਦਿੱਤਾ ਸੀ। ਯਾਦਗਾਰ ਵਾਲੀ ਥਾਂ ਤੇ 28 ਅਗਸਤ 1963 ਨੂੰ ਅਮਰੀਕਾ ਦੇ ਇਤਿਹਾਸ ਦੀ ਪਹਿਲਾ ਬੜੀ ਸਿਆਸੀ ਰੈਲੀ ਆਜ਼ਾਦੀ ਅਤੇ ਰੁਜ਼ਗਾਰ ਦੇਣ ਸਬੰਧੀ ਹੋਈ ਸੀ। ਏਸ ਰੈਲੀ ਵਿਚ 2 ਲੱਖ 50 ਹਜ਼ਾਰ ਲੋਕਾਂ ਨੇ ਭਾਗ ਲਿਆ ਸੀ। ਰੈਲੀ ਨੂੰ ਜੂਨੀਅਰ ਮਾਰਟਨ ਲੂਥਰ ਕਿੰਗ ਨੇ ਸੰਬੋਧਨ ਕੀਤਾ ਸੀ। ਇਹ ਠੈਲੀ ਅਮਰੀਕਾ ਦੀ ਸਿਵਲ ਰਾਈਟਸ ਮੂਵਮੈਂਟ ਲਈ ਇਕ ਯਾਦਗਾਰ ਬਣੀ ਹੈ।

ਏਸੇ ਥਾਂ ਤੇ ਹੀ 9 ਮਈ 1970 ਨੂੰ ਪ੍ਰੈਜ਼ੀਡੈਂਟ ਰਿਚਾਰਡ ਨਿੱਕਸ਼ਨ ਅੱਧੀ ਰਾਤ ਨੂੰ ਵੀਅਤਨਾਮ ਜੰਗ ਦੇ ਖਿਲਾਫ ਰੋਸ਼ ਪ੍ਰਗਟ ਕਰਨ ਵਾਲਿਆਂ ਨੂੰ ਮਿਲੇ ਸਨ। ਲਿੰਕਨ ਦੀ ਯਾਦਗਾਰ ਦਾ ਚਿੰਨ/ਨਿਸ਼ਾਨੀ ਅਮਰੀਕਾ ਦੇ 5 ਡਾਲਰ ਕੇ ਨੋਟ ਦੇ ਪਿਛਲੇ ਪਾਸੇ ਬਣੀ ਹੋਈ ਹੈ। ਏਸ ਨੋਟ ਦੇ ਅਗਲੇ ਪਾਸੇ ਲਿੰਕਨ ਦੀ ਤਸਵੀਰ ਹੈ। ਏਸੇ ਤਰ੍ਹਾਂ ਹੀ ਇਕ ਸੈਂਟ ਦੇ ਸਿੱਕੇ ਦੇ ਪਿਛਲੇ ਪਾਸੇ ਲਿੰਕਨ ਯਾਦਗਾਰ ਬਣੀ ਹੋਈ ਹੈ। ਸਿੱਕੇ ਦੇ ਅਗਲੇ ਪਾਸੇ ਲਿੰਕਨ ਦੀ ਤਸਵੀਰ ਹੈ। ਏਸ ਯਾਦਗਾਰ ਨੂੰ ਸਾਲ 2005 ਵਿਚ 36 ਲੱਖ 39 ਹਜ਼ਾਰ ਟੂਰਿਸ਼ਟਾਂ ਨੇ ਵੇਖਿਆ ਸੀ। ਏਸ ਦੀ ਸੰਭਾਲ ਨੈਸ਼ਨਲ ਪਾਰਕ ਸਰਵਸ ਕਰਦੀ ਹੈ। ਏਸ ਯਾਦਗਾਰ ਤੋਂ

ਪਿਛੋਂ ਅਸੀਂ ਨੈਸ਼ਨਲ ਆਰਕਾਇਵਜ਼ (ਪੁਰਾਣੇ ਰੀਕਾਰਡ ਰੱਖਣ ਦੀ ਥਾਂ) ਵੇਖਣ ਲਈ ਗਏ। ਉਥੇ ਲੰਮੀ ਲਾਈਨ ਲੱਗੀ ਹੋਈ ਸੀ। ਸਾਨੂੰ ਕੋਈ ਅੱਧੇ ਘੰਟੇ ਤੋਂ ਜ਼ਿਆਦਾ ਸਮਾਂ ਲਾਈਨ ਵਿਚ ਖੜਨਾ ਪਿਆ। ਮੈਂ ਤਾਂ ਇਕ ਪਾਸੇ ਬਣੀਆਂ ਪੌੜੀਆਂ ਤੇ ਬੈਠ ਗਿਆ। ਬੱਚੇ ਲਾਈਨ ਵਿਚ ਲੱਗੇ ਰਹੇ। ਪੁਰਾਣੇ ਵੱਡਮੁੱਲੇ ਇਤਿਹਾਸ ਨੂੰ ਸੰਭਾਲ ਕੇ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਇਤਿਹਾਸ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸ਼੍ਰੋਤ ਬਣਦਾ ਹੈ। ਸਾਡੀ ਪੰਜਾਬੀਆਂ ਦੀ ਬਦਕਿਸਮਤੀ ਹੈ ਕਿ ਅਸੀਂ ਇਤਿਹਾਸ ਤਾਂ ਸਿਰਜ਼ ਲੈਂਦੇ ਹਾਂ ਪਰ ਸੰਭਾਲ ਕੇ ਨਹੀਂ ਰੱਖਦੇ। ਵਾਰੀ ਆਉਣ ਤੇ ਅਸੀਂ ਬਿਲਡਿੰਗ ਦੇ ਅੰਦਰ ਦਾਖਲ ਹੋਏ। ਪਹਿਲਾਂ ਸਾਡੀ ਸ਼ਕਰੀਨਿੰਗ ਕੀਤੀ ਗਈ। ਫੇਰ ਹੌਲੀ ਹੌਲੀ ਗੈਲਰੀ ਵਿਚ ਦੀ ਹੁੰਦੇ ਹੋਏ ਅਸੀਂ ਬਿਲਡਿੰਗ ਦੇ ਉਸ ਗੋਲ ਹਾਲ ਵਿਚ ਪਹੁੰਚੇ ਜਿਥੇ ਡਿਕਲੇਰੇਸ਼ਨ ਆਫ ਇੰਡੀਪੈਂਡੈਨਸ (Declaration of Independence) ਕੌਨਸਟਿਚਿਊਸ਼ਨ ਤੇ ਬਿਲ ਆਫ ਰਾਈਟਸ ਦੇ ਅਸਲ ਦਸਤਾਵੇਜ਼ ਰੱਖੇ ਹੋਏ ਹਨ। ਇਨ੍ਹਾਂ ਨੂੰ ਸ਼ੀਸ਼ੇ ਜੜੇ 14 ਫਰੇਮਾਂ ਵਿਚ ਰੱਖਿਆ ਹੋਇਆ ਹੈ। ਏਸ ਆਰਕਾਇਵਜ਼ ਵਿਚ ਉਨ੍ਹਾਂ ਬਹਾਦਰ ਪੁਰਸ਼ਾਂ ਤੇ ਇਸਤ੍ਰੀਆਂ ਦਾ ਮਿਲਟਰੀ ਰੀਕਾਰਡ ਵੀ ਰੱਖਿਆ ਹੋਇਆ ਹੈ, ਜਿਨ੍ਹਾਂ ਨੇ ਦੇਸ਼ ਖਾਤਰ ਲੜਾਈਆਂ ਲੜੀਆਂ ਹਨ। ਸਾਲ 1934 ਵਿਚ ਏਸ ਆਰਕਾਇਵਜ਼ ਨੂੰ ਪ੍ਰੈਜ਼ੀਡੈਂਟ ਰੂਜਵੈਲਟ ਨੇ ਸਥਾਪਤ ਕੀਤਾ ਸੀ। ਇਸ ਵਿਚ 9 ਵਿਲੀਅਨ ਸਫਿਆਂ ਦਾ ਰੀਕਾਰਡ ਤਾਂ ਪਾਠ ਪੁਸਤਕਾਂ ਦਾ ਹੈ। 7.2 ਮਿਲੀਅਨ ਨਕਸ਼ੇ, ਚਾਰਟ ਤੇ ਘਰ ਬਣਾਉਣ ਸੰਬੰਧੀ ਡਰਾਇੰਗਾਂ ਹਨ। 20 ਮਿਲੀਅਨ ਤੋਂ ਉਪਰ ਫੋਟੋਆਂ ਹਨ। 3 ਲੱਖ 65 ਹਜ਼ਾਰ ਤੋਂ ਉਪਰ ਫਿਲਮਾਂ ਅਤੇ ਇਕ ਲੱਖ ਦਸ ਹਜ਼ਾਰ ਵੀਡੀਓ ਟੇਪਸ ਪਈਆਂ ਹਨ। ਬਿਲੀਅਨਾਂ ਦੀ ਗਿਣਤੀ ਵਿਚ ਹੋਰ ਡਾਟਾ ਹੈ। ਇਸ ਵਿਚ ਲੰਮੇ ਸਮੇਂ ਤੱਕ ਦੀ ਮਹੱਤਤਾ ਰੱਖਣ ਵਾਲੇ ਸਾਰੇ ਰੀਕਾਰਡ ਰੱਖੇ ਹੋਏ ਹਨ।

ਸਾਨੂੰ ਇਨ੍ਹਾਂ ਮਿਊਜੀਅਮਾਂ ਨੂੰ ਵੇਖਦਿਆਂ 3 ਵੱਜ ਗਏ। ਫੇਰ ਅਸੀਂ ਨੈਸ਼ਨਲ ਆਰਕਾਇਵਜ ਦੇ ਨੇੜੇ ਹੀ ਪੈਂਦੇ ਇਕ ਫਾਸਟ ਫੂਡ ਦੀ ਦੁਕਾਨ ਤੋਂ ਫਾਸਟ ਫੂਡ ਖਾਦਾ। ਕਾਰ ਦੀ ਮੁਹਾਰ ਨਿਊ ਯਾਰਕ ਸ਼ਹਿਰ ਨੂੰ ਜਾਂਦੀ ਸੜਕ ਵੱਲ ਮੋੜ ਲਈ। ਕਈ ਸੜਕਾਂ ਤੇ ਸੜਕਾਂ ਉਪਰ ਬਣੇ ਪੁਲਾਂ ਦੇ ਹੇਠ ਉਪਰ ਦੀ ਹੁੰਦੇ ਹੋਏ ਅਸੀਂ 4 ਵਜੇ ਵਾਸ਼ਿੰਗਟਨ ਨੂੰ ਅਲਵਿਦਾ ਕਹਿ ਦਿੱਤਾ। ਟੂਵੇਅ ਸੜਕ, ਆਲੇ-ਦੁਆਲੇ ਹਰੇ ਤੇ ਫੁੱਲਾਂ ਭਰੇ ਜੰਗਲ ਵਿਚੋਂ ਦੀ ਸਾਡੀ ਗੱਡੀ ਸੂਟਾਂ ਵੱਟਦੀ ਜਾ ਰਹੀ ਸੀ। ਵਾਸ਼ਿੰਗਟਨ ਤੋਂ ਨਿਊਯਾਰਕ ਪਹੁੰਚਣ ਲਈ ਸਾਨੂੰ ਚਾਰ ਸਟੇਟਸ ਵਿਚੋਂ ਦੀ ਲੰਘਣਾ ਪਿਆ। ਪਰ ਕਿਸੇ ਵੀ ਸਟੇਟ ਦਾ ਸੜਕ ਉਪਰ ਕੋਈ ਵੈਰੀਅਰ ਨਹੀਂ ਲੱਗਿਆ ਹੋਇਆ ਸੀ। ਰਸਤੇ ਵਿਚ ਪੈਂਦੇ ਇਕ ਦਰਿਆ ਦੇ ਹੇਠਾਂ ਬਣੀ ਬੜੀ ਲੰਮੀ ਸਾਰੀ ਸੁਰੰਗ ਵਿਚ ਦੀ ਵੀ ਲੰਘੇ। ਸੁਰੰਗ ਲਾਈਟਾਂ ਨਾਲ ਜਗ ਮਗ ਕਰ ਰਹੀ ਸੀ। ਹਰਜਿੰਦਰ ਸਿੰਘ ਦਾ ਨਿਊ ਯਾਰਕ ਤੋਂ ਸਾਡੇ ਨਿਊ ਯਾਰਕ ਦੇ ਪਹੁੰਚਣ ਦੇ ਟਾਈਮ ਦੇ ਪਤਾ ਕਰਨ ਬਾਰੇ ਵਾਰ ਵਾਰ ਟੈਲੀਫੂਨ ਆ ਰਿਹਾ ਸੀ। ਅਸੀਂ ਰਾਤ ਦੇ 9.30 ਵਜੇ ਉਨ੍ਹਾਂ ਕੋਲ ਪਹੁੰਚ ਗਏ। ਭੁੱਖ ਬਹੁਤ ਲੱਗੀ ਹੋਈ ਸੀ। ਸਬਜ਼ੀਆਂ ਉਨ੍ਹਾਂ ਦੀਆਂ ਬਣਾਈਆਂ ਪਈਆਂ ਸਨ। ਜਾਂਦੇ ਸਾਰ ਰੋਟੀ ਦਾ ਕੰਮ ਨਬੇੜਿਆ। ਰੋਟੀ ਬਹੁਤ ਸੁਆਦ ਲੱਗੀ। ਵੈਸੇ ਵੀ ਸਿਆਣੇ ਕਹਿੰਦੇ ਹਨ, "ਭੁੱਖ ਸਮੇਂ ਛੋਲਿਆਂ ਦੇ ਦਾਣੇ ਵੀ ਬਦਾਮਾਂ ਦੀ ਤਰ੍ਹਾਂ ਲੱਗਦੇ ਹਨ।" ਪਰ ਏਥੇ ਤਾਂ ਬੀਬੀ ਰਛਪਾਲ ਕੌਰ ਖਾਣਾ ਬਣਾਉਂਦੀ ਹੀ ਬਹੁਤ ਸੁਆਦਲਾ ਸੀ।

ਰੋਟੀ ਖਾਂਦਿਆਂ 11 ਵੱਜ ਗਏ। ਮੈਂ ਤਾਂ ਰੋਟੀ ਖਾ ਕੇ ਝੱਟ ਸੌਂ ਗਿਆ ਪਰ ਮੇਰਾ ਜੁਆਈ ਤੇ ਧੀ ਉਨ੍ਹਾਂ ਨਾਲ ਗੱਲੀਂ ਲੱਗੇ ਰਹੇ।

22 ਮਾਰਚ ਦੀ ਸਾਡੀ ਸਵੇਰ ਦੀ 7.30 ਵਜੇ ਦੀ ਫਲਾਈਟ ਸੀ। ਸਵੇਰੇ 4 ਵਜੇ ਉੱਠੇ। ਤਿਆਰ ਹੋਏ। ਚਾਹ ਪਾਣੀ ਪੀਤਾ। ਹਰਜਿੰਦਰ ਸਿੰਘ ਹੋਰਾਂ ਦੇ ਪਰਿਵਾਰ ਤੋਂ ਵਦਾਇਗੀ ਲਈ। ਰੈਂਨਟਲ ਕਾਰ ਵਿਚ ਸਵਾਰ ਹੋ ਕੇ ਕਾਰ ਕੈਨੇਡੀ ਇੰਟਰਨੈਸ਼ਨਲ ਏਅਰ ਪੋਰਟ ਨੂੰ ਸਿੱਧੀ ਕਰ ਲਈ। ਰੈਂਨਟਲ ਕਾਰ ਨੂੰ ਰੈਂਨਟਲ ਕਾਰਾਂ ਵਾਲਿਆਂ ਦੇ ਹਵਾਲੇ ਕੀਤਾ। ਮੈਟਰੋ ਤੇ ਚੜ੍ਹ ਕੇ ਸਹੀ 6 ਵਜੇ ਏਅਰ ਪੋਰਟ ਦੇ ਐਂਟਰੀ ਗੇਟ ਤੇ ਪਹੁੰਚ ਗਏ। ਗੇਟ ਦੇ ਨਾਲ ਲੱਗੀ ਮਸ਼ੀਨ ਵਿਚੋਂ ਬੋਰਡਿੰਗ ਪਾਸ ਕੱਢੇ। ਫੇਰ ਐਂਟਰੀ ਗੇਟ ਦੇ ਅੰਦਰ ਲੱਗੀਆਂ ਸ਼ਕਰੀਨਿੰਗ ਮਸ਼ੀਨਾਂ ਨੇ ਸਾਡੇ ਸਾਰਿਆਂ ਦੀ ਸ਼ਕਰੀਨਿੰਗ ਕੀਤੀ। ਉਸ ਤੋਂ ਪਿਛੋਂ ਅਸੀਂ ਏਅਰ ਪੋਰਟ ਦੇ ਉਸ ਗੇਟ ਦੇ ਨੇੜੇ ਜਾ ਕੇ ਬੈਠ ਗਏ, ਜਿਥੋਂ ਅਸੀਂ ਯੂਨਾਈਟਿਡ ਏਅਰ ਲਾਈਨਜ਼ ਦੇ ਸ਼ਾਨ ਫਰਾਂਸ਼ਿਸ਼ਕੋ ਨੂੰ ਜਾਣ ਵਾਲੇ ਜਹਾਜ਼ ਵਿਚ ਸਵਾਰ ਹੋਣਾ ਸੀ। ਘੰਟੇ ਕੁ ਪਿੱਛੋਂ ਘੋਸ਼ਣਾ ਹੋਣ ਤੇ ਅਸੀਂ ਜਹਾਜ਼ ਵਿਚ ਆਪਣੀਆਂ ਸੀਟਾਂ ਤੇ ਜਾ ਕਬਜ਼ਾ ਕੀਤਾ।

ਨੀਯਤ ਸਮੇਂ ਤੇ ਜਹਾਜ਼ ਉੱਡਿਆ। ਸਾਡੇ ਤੋਂ ਪਿਛਲੀਆਂ 5/6 ਲਾਈਨਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਸੀਟਾਂ ਖਾਲੀ ਪਈਆਂ ਸਨ। ਸਾਡੀਆਂ ਤਾਂ ਮੌਜਾਂ ਬਣ ਗਈਆਂ। ਅਸੀਂ ਆਪਣੀਆਂ ਸੀਟਾਂ ਤੋਂ ਉੱਠੇ, ਖਾਲੀ ਸੀਟਾਂ ਦੀਆਂ ਕੁਰਸੀਆਂ ਦੀਆਂ ਬਾਹਾਂ ਨੂੰ ਉਪਰ ਚੁੱਕਆ, ਸੀਟਾਂ ਦੇ ਬੈਡ ਬਣਾ ਲਏ। ਸੌਂ ਕੇ ਰਾਤ ਦਾ ਉਨੀਂਦਾ ਲਾਹਿਆ। ਜਾਗ ਉਸ ਸਮੇਂ ਆਈ, ਜਦੋਂ ਜਹਾਜ਼ ਦੀ ਸ਼ਾਨਫਰਾਂਸ਼ਿਸ਼ਕੋ ਦੇ ਅੱਡੇ ਤੇ ਉਤਰਨ ਦੀ ਅਨਾਊਸਮੇਂਟ ਹੋਈ। 20 ਮਿੰਟਾਂ ਪਿਛੋਂ ਜਹਾਜ਼ ਨੇ ਧਰਤੀ ਨੂੰ ਆ ਛੁਹਿਆ। ਏਅਰ ਪੋਰਟ ਤੋਂ ਬਾਹਰ ਆਏ। ਬੱਸ ਲੈ ਕੇ ਲਾਂਗਟਰਮ ਪਾਰਕਿੰਗ ਵਿਚ ਪਹੁੰਚੇ। ਆਪਣੀ ਗੱਡੀ ਵਿਚ ਅਟੈਚੀ ਰੱਖੇ। ਆਪਣੇ ਸ਼ਹਿਰ ਫਰਿਜ਼ਨੋ ਨੂੰ ਚੱਲ ਪਏ। ਨਿਊ ਯਾਰਕ ਤੇ ਸ਼ਾਨ ਫਰਾਂਸ਼ਿਸ਼ਕੋ ਦੇ ਟਾਈਮ ਵਿਚ ਤਿੰਨ ਘੰਟੇ ਦਾ ਫਰਕ ਹੈ। ਏਸ ਤਰ੍ਹਾਂ ਅਸੀਂ 11 ਵਜੇ ਸ਼ਾਨ ਫਰਾਂਸ਼ਿਸ਼ਕੋ ਪਹੁੰਚ ਗਏ। ਫਰਿਜ਼ਨੋ ਦੇ ਰਸਤੇ ਵਿਚ ਪੈਂਦੇ ਕਸਬੇ ਹੇਵਰਡ ਦੇ ਟਾਕੋ ਬੈਲ ਤੋਂ ਫਾਸਟ ਫੂਡ ਲੈ ਕੇ ਖਾਦੀ। ਫੇਰ ਮੇਰੇ ਜੁਆਈ ਨੇ ਗੱਡੀ ਦੀ ਅਜੇਹੀ ਚੱਕਰੀ ਘੁਮਾਈ ਕਿ ਤਿੰਨ ਘੰਟੇ ਵਿਚ ਫਰਿਜ਼ਨੋ ਪਹੁੰਚ ਗਏ। ਘਰ ਦਾ ਮੋਹ ਜੋ ਹੋਇਆ ?

ਜਿਹੜਾ ਸੁਖ ਛੱਜੂ ਦੇ ਚੁਬਾਰੇ,
ਨਾ ਬਲਖ ਨਾ ਬੁਖਾਰ।

# ਇੰਡੋ ਅਮਰੀਕਨ ਹੈਰੀਟੇਜ ਫੋਰਮ ਫਰਿਜ਼ਨੋ

ਹੁਣ ਤਾਂ ਪੰਜਾਬੀ ਇੰਗਲੈਂਡ, ਕੈਨੇਡਾ, ਅਮਰੀਕਾ ’ਤੇ ਆਸਟ੍ਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਇਟਲੀ, ਜਰਮਨ, ਦੁਬਾਈ ਆਦਿ ਦੇਸ਼ਾਂ ਵਿਚ ਕਾਫੀ ਗਿਣਤੀ ਵਿਚ ਪਹੁੰਚੇ

ਹੋਏ ਹਨ।ਹੈ ਤਾਂ ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿਚ, ਪਰ ਉਨ੍ਹਾਂ ਦੇਸ਼ਾਂ ਵਿਚ ਅਜੇ ਪੰਜਾਬੀਆਂ ਦੀ ਹੋਂਦ ਦਾ ਉਥੋਂ ਦੇ ਸਮਾਜਿਕ ਢਾਂਚੇ ਵਿਚ ਝਲਕਾਰਾ ਨਹੀਂ ਪੈਂਦਾ। ਬਹੁਤੇ ਦੇਸ਼ਾਂ ਵਿਚ ਪੰਜਾਬੀਆਂ ਨੇ ਮਿਨੀ ਪੰਜਾਬ ਸਿਰਜ ਲਏ ਹਨ। ਇਨ੍ਹਾਂ ਦੇਸ਼ਾਂ ਵਿਚ ਪੰਜਾਬੀ ਆਪਣੇ ਰਸਮੋ ਰਿਵਾਜ਼, ਧਾਰਮਿਕ ਤਿਉਹਾਰ, ਮੇਲੇ, ਧਾਰਮਿਕ ਤੇ ਸਿਆਸੀ ਸਮਾਗਮ ਵੀ ਬੜੇ ਧੂਮ ਧਾਮ ਨਾਲ ਮਨਾਉਂਦੇ ਹਨ। ਅਜੇਹੀ ਹੀ ਇੰਡੋ ਅਮਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ (ਕੈਲੇਫੋਰਨੀਆਂ) ਦੇ 8ਵੇਂ ਸਮਾਗਮ ਵਿਚ, ਜਿਹੜਾ 6 ਅਪ੍ਰੈਲ 2008 ਨੂੰ ਫਰਿਜ਼ਨੋ ਦੇ ਰੀਜੈਂਸੀ ਪੈਲੇਸ ਵਿਚ ਹੋਇਆ ਸੀ, ਮੈਨੂੰ ਸ਼ਾਮਲ ਹੋਣ ਦਾ ਮੌਕਾ ਮਿਲਿਆ। ਇਹ ਸਮਾਗਮ 1857 ਦੇ ਗਦਰ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸੀ। ਏਸ ਫੰਕਸ਼ਨ ਵਿਚ ਇਸ ਸੰਸਥਾ ਨੇ ਮੈਨੂੰ ਵੀ ਮੇਰੀਆਂ ਲੋਕ ਸਾਹਿਤ ਤੇ ਸਭਿਆਚਾਰ ਤੇ ਲਿਖੀਆਂ ਪੁਸਤਕਾਂ ਸਬੰਧੀ ਸਨਮਾਨਿਤ ਕੀਤਾ ਸੀ।

ਇਸ ਫੋਰਮ ਦੀ ਸਥਾਪਨਾ ਸਾਲ 2001 ਵਿਚ ਗਦਰੀ ਬਾਬਿਆਂ ਦੀ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਪਾਏ ਯੋਗਦਾਨ ਨੂੰ ਯਾਦ ਕਰਨ ਤੇ ਅੱਜ ਦੀ ਪੀੜ੍ਹੀ ਨੂੰ ਦੱਸਣ ਲਈ ਕੀਤੀ ਹੋਈ ਹੈ। ਇਹ ਫੋਰਮ ਹਰ ਸਾਲ ਆਪਦਾ ਸਮਾਗਮ ਕਰਦਾ ਹੈ। ਇਹ ਅੱਠਵਾਂ ਸਮਾਗਮ 1857 ਦੇ ਗਦਰ ਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸੀ। ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਸਨ। ਇਹ ਲਹਿਰ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦੇ ਨਾਲ ਨਾਲ ਵਿਦੇਸੀ ਸਾਮਾਨ ਦਾ ਬਾਈਕਾਟ ਕਰਨ, ਅੰਗਰੇਜ਼ਾਂ ਦੀਆਂ ਨੌਕਰੀਆਂ ਨਾ ਕਰਨ ਤੇ ਸਿਆਸੀ ਆਜ਼ਾਦੀ ਪ੍ਰਾਪਤੀ ਲਈ ਸੀ। ਤੁਸੀਂ ਆਜ਼ਾਦੀ ਦੀ ਪ੍ਰਾਪਤੀ ਦੇ ਇਤਿਹਾਸ ਤੇ ਨਜ਼ਰ ਮਾਰੋ। ਆਜ਼ਾਦੀ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਕੀਤੀਆਂ ਹਨ। ਕਾਰਨ ਇਹ ਹੈ, ਪੰਜਾਬੀ ਇਕ ਗੈਰਤਮੰਦ ਕੌਮ ਹੈ। ਪੰਜਾਬੀ ਕਿਸੇ ਦੀ ਧੌਂਸ ਨਹੀਂ ਮੰਨਦੇ। ਈਨ ਨਹੀਂ ਮੰਨਦੇ। ਅਣਖ ਨਾਲ ਜਿਊਂਦੇ ਹਨ। ਏਸ ਲਈ ਤਾਂ ਪ੍ਰੋਫੈਸਰ ਪੂਰਨ ਸਿੰਘ ਕਹਿੰਦੇ ਹਨ—

ਇਹ ਬੇਪ੍ਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦੇਂਦੇ,
ਪਰ ਟੈਂ ਨਾ ਮੰਨਣ ਕਿਸੇ ਦੀ।
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ,
ਮੰਨਣ ਬਸ ਇਹ ਆਪਣੀ ਜਵਾਨੀ ਦੇ ਜ਼ੋਰ ਨੂੰ।

ਪਰ ਅਫਸੋਸ ਹੈ ਆਜ਼ਾਦੀ ਦੀ ਪ੍ਰਾਪਤੀ ਵਿਚ 80 ਪ੍ਰਤੀਸ਼ਤ ਤੋਂ ਵੱਧ ਪੰਜਾਬੀਆਂ ਦੇ ਪਾਏ ਯੋਗਦਾਨ ਨੂੰ ਉਸ ਸਮੇਂ ਦੇ ਅੰਗਰੇਜ਼ ਇਤਿਹਾਸਕਾਰਾਂ, ਅੰਗਰੇਜ਼ਾਂ ਦੇ ਪਿਠੂ ਇਤਿਹਾਸਕਾਰਾਂ, ਸਰਮਾਏਦਾਰੀ ਇਤਿਹਾਸਕਾਰਾਂ ਤੇ ਭਾਰਤ ਦੀ ਬਹੁ ਸੰਮਤੀ ਜਾਤੀ ਦੇ ਇਤਿਹਾਸਕਾਰਾਂ ਨੇ ਅੱਖੋਂ ਉਹਲੇ ਕਰ ਕੇ ਰੱਖਿਆ ਹੈ। ਕੈਲੇਫੋਰਨੀਆਂ ਦੀ ਧਰਤੀ ਤੋਂ ਜਾਕੇ ਹੀ ਪੰਜਾਬੀ ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਦੀ ਚਿਣਗ ਨੂੰ ਭਾਂਬੜ ਦੀ ਤਰ੍ਹਾਂ ਬਾਲਿਆ ਸੀ। ਸ਼ਹੀਦੀਆਂ ਦਿੱਤੀਆਂ ਸਨ। ਪਰ ਪੰਜਾਬੀ ਸ਼ੇਰਾ ਦੀ ਆਜ਼ਾਦੀ ਦੀ ਪ੍ਰਾਪਤੀ

ਵਿਚ ਪਾਈ ਆਹੂਤੀ ਨੂੰ ਭਾਰਤ ਸਰਕਾਰ ਨੇ ਉਹ ਮਾਣ ਸਤਿਕਾਰ ਨਹੀਂ ਦਿੱਤਾ ਜੋ ਉਨ੍ਹਾਂ ਦਾ ਹੱਕ ਬਣਦਾ ਸੀ। ਜੇ ਗਦਰੀ ਬਾਬੇ, ਕਰਤਾਰ ਸਿੰਘ ਸਰਾਭਾ, ਸ਼ਹੀਦੇ ਆਜਮ ਭਗਤ ਸਿੰਘ , ਊਧਮ ਸਿੰਘ, ਮਦਨ ਲਾਲ ਧੀਂਗਰ ਵਰਗੇ ਆਪਣੀਆਂ ਜਾਂਨਾਂ ਦੀਆਂ ਕੁਰਬਾਨੀਆਂ ਨਾ ਦਿੰਦੇ ਤਾਂ ਸਾਨੂੰ ਇਹ ਆਜ਼ਾਦੀ ਐਨੀ ਛੇਤੀ ਪ੍ਰਾਪਤ ਨਹੀਂ ਹੋਣੀ ਸੀ। ਆਜ਼ਾਦੀ ਤਾਂ ਸਾਨੂੰ ਇਨ੍ਹਾਂ ਪੰਜਾਬੀ ਸ਼ੇਰਾਂ ਅਤੇ ਹੋਰ ਅਨੇਕਾਂ ਪੰਜਾਬੀ ਸ਼ੇਰਾਂ ਦੀਆਂ ਸ਼ਹੀਦੀਆਂ ਨੇ ਲੈ ਕੇ ਦਿੱਤੀ ਹੈ। ਪਰ ਦੁੱਖ ਦੀ ਗੱਲ ਹੈ, ਏਸ ਆਜ਼ਾਦੀ ਦਾ ਫਾਇਦਾ ਜ਼ਿਆਦਾ ਉਨ੍ਹਾਂ ਗਿੱਦੜਾਂ ਨੇ ਉਠਾਇਆ ਹੈ, ਜਿਨ੍ਹਾਂ ਦਾ ਆਜ਼ਾਦੀ ਦੀ ਪ੍ਰਾਪਤੀ ਵਿਚ ਪੰਜਾਬੀਆਂ ਦੇ ਯੋਗਦਾਨ ਨਾਲੋਂ ਕਿਤੇ ਘੱਟ ਯੋਗਦਾਨ ਹੈ।

ਪੰਜਾਬੀਆਂ ਨੂੰ ਤਾਂ ਬੋਲੀ ਦੇ ਆਧਾਰ ਤੇ ਆਪਣਾ ਸੂਬਾ ਬਣਾਉਣ ਲਈ ਵੀ 19 ਸਾਲ ਮੋਰਚੇ ਲਾਉਣੇ ਪਏ। ਜਦ ਕਿ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਬੋਲੀ ਦੇ ਆਧਾਰ ਤੇ ਸੂਬੇ ਆਜ਼ਾਦੀ ਮਿਲਣ ਤੋਂ ਥੋੜੇ ਸਾਲ ਬਾਅਦ ਹੀ ਬਣਾ ਦਿੱਤੇ ਸਨ। 19 ਸਾਲਾਂ ਦੇ ਮੋਰਚਿਆਂ ਪਿਛੋਂ ਜੋ ਪੰਜਾਬੀ ਸੂਬਾ ਬਣਾਇਆ ਵੀ, ਉਹ ਵੀ ਅਧੂਰਾ, ਲੰਗੜਾ, ਧੜਹੀਨ। ਕਈ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਨੂੰ ਦੇ ਦਿੱਤੇ। ਬਾਂਦਰ ਵੰਡ ਕਰਦੇ ਹੋਏ ਸੈਂਟਰ ਨੇ ਸੂਬੇ ਦੀ ਰਾਜਧਾਨੀ ਆਪਣੇ ਕੋਲ ਰੱਖ ਲਈ ਜਦ ਕਿ ਹੁਣ ਤੱਕ ਬੋਲੀ ਦੇ ਆਧਾਰ ਤੇ ਜੋ ਸੂਬੇ ਬਣਾਏ ਗਏ ਹਨ, ਉਨ੍ਹਾਂ ਸੂਬਿਆਂ ਦੀ ਰਾਜਧਾਨੀ ਉਸ ਸੂਬੇ ਨੂੰ ਹੀ ਦਿੱਤੀ ਗਈ ਹੈ। ਪਾਣੀਆਂ ਦੀ ਕਾਣੀ ਵੰਡ ਕਰ ਦਿੱਤੀ। ਦਰਅਸਲ ਪੰਜਾਬੀਆਂ ਵਿਚੋਂ ਪੰਜਾਬੀ ਹੀ ਪੰਜਾਬ ਦੇ ਦੁਸ਼ਮਣ ਰਹੇ ਹਨ। ਜਿਸ ਕਿਸੇ ਨੂੰ ਕੁਰਸੀ ਮਿਲ ਜਾਂਦੀ ਸੀ ਜਾਂ ਕੁਰਸੀ ਦੇਣ ਦਾ ਲਾਲਚ ਦੇ ਦਿੱਤਾ ਜਾਂਦਾ ਸੀ, ਉਹ ਹੀ ਪੰਜਾਬ ਦਾ ਦੁਸ਼ਮਣ ਬਣ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬੀਆਂ ਦਾ ਰਾਜ ਭਾਗ ਪੰਜਾਬ ਦੇ ਦੁਸ਼ਮਣ ਪਹਾੜਾ ਸਿੰਘ ਵਰਗੇ ਪੰਜਾਬੀਆਂ ਦੀ ਮਿਲੀ ਭਗਤ ਨਾਲ ਖੁੱਸਿਆ। ਪੰਜਾਬ ਨੂੰ ਪੰਜਾਬੀ ਸੂਬਾ ਪ੍ਰਾਪਤ ਕਰਨ ਲਈ 19 ਸਾਲ ਵੀ ਪੰਜਾਬ ਦੇ ਦੁਸ਼ਮਣ ਪੰਜਾਬੀਆਂ ਕਰ ਕੇ ਲੱਗੇ। ਹੁਣ ਹਰ ਰੋਜ਼ ਪੰਜਾਬ ਨਾਲ ਜੋ ਵਿਤਕਰਾ ਸੈਂਟਰ ਸਰਕਾਰ ਕਰ ਰਬਹੀ ਹੈ, ਉਹ ਵੀ ਪੰਜਾਬ ਤੇ ਪੰਜਾਬੀ ਦੁਸ਼ਮਣਾਂ ਦੀ ਸਹਿ ਤੇ ਕਰ ਰਹੀ ਹੈ। ਇਸ ਦੀ ਤਾਜਾ ਮਸ਼ਾਲ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਬੁੱਤ ਪਾਰਲੀਮੈਂਟ ਹਾਊਸ ਵਿਚ ਦੇਸ਼ ਦੀ ਆਜ਼ਾਦੀ ਪ੍ਰਾਪਤੀ ਤੋਂ 60 ਸਾਲ ਬਾਅਦ ਲਾਇਆ ਜਾ ਰਿਹਾ ਹੈ, ਜਦ ਕਿ ਪਹਿਲੇ ਬੁੱਤ ਦੇਸ਼ ਦੀ ਆਜ਼ਾਦੀ ਦੇ ਤੁਰੰਤ ਪਿਛੋਂ ਲਾ ਦਿੱਤੇ ਸਨ।

ਅਸਲ ਵਿਚ ਮਸਲਾ ਪੰਜਾਬੀ ਦੀ ਗੈਰਤ, ਅਣਖ, ਸਵੈਮਾਨ ਨੂੰ ਮਾਰਨ ਦਾ ਹੈ। ਪੰਜਾਬੀਆਂ ਦੀ ਟੈਂ ਭੰਨਣ ਦਾ ਹੈ। ਮੇਰੇ ਦਾਦਾ ਜੀ ਇਕ ਕਹਾਣੀ ਸੁਣਾਉਂਦੇ ਹੁੰਦੇ ਸੀ। ਲਓ ! ਤੁਸੀਂ ਵੀ ਸੁਣੋ ! ਕਿਸੇ ਮਰਾਸੀ ਨੇ ਜੱਟ ਤੋਂ ਜ਼ਮੀਨ ਠੇਕੇ ਤੇ ਲੈ ਕੇ ਛੋਲੇ ਬੀਜ਼ ਲਏ। ਉਨ੍ਹਾਂ ਸਮਿਆਂ ਵਿਚ ਫਸਲਾਂ ਬਾਰਸ਼ਾਂ ਤੇ ਨਿਰਭਰ ਹੁੰਦੀਆਂ ਸਨ। ਛੋਲਿਆਂ ਨੂੰ ਫੱਗਣ ਮਹੀਨੇ ਵਿਚ ਚਾਨਣੀ (ਫਸਲ ਦੀ ਇਕ ਬੀਮਾਰੀ ਹੁੰਦੀ ਹੈ) ਦੀ ਬੀਮਾਰ ਲੱਗ ਗਈ। ਫੱਗਣ ਮਹੀਨੇ ਵਿਚ ਛੋਲਿਆਂ ਨੂੰ ਫਲ ਲੱਗ ਜਾਂਦਾ ਹੈ। ਛੋਲਿਆਂ ਦੇ ਲੱਗੇ ਫਲ ਨੂੰ ਟਾਂਟਾਂ ਕਹਿੰਦੇ ਹਨ। ਫੱਗਣ ਮਹੀਨੇ ਵਿਚ ਬਾਰਸ਼ ਦੀ ਝੜੀ ਲੱਗ ਗਈ। ਰਾਤ ਨੂੰ ਮੀਂਹ ਪੈ ਰਿਹਾ ਸੀ। ਬਿਜਲੀ ਲਿਸ਼ਕ ਰਹੀ ਸੀ। ਮਰਾਸਣ ਆਪਣੇ ਘਰ ਵਾਲੇ ਨੂੰ ਪੁੱਛ ਰਹੀ ਸੀ "ਪਰਬਾ/

ਸੁਆਮੀ ਜੀ ! ਆਪਣੇ ਛੋਲਿਆਂ ਦੇ ਬਹੁਤੇ ਫਲ (ਟਾਂਟਾਂ) ਤੇ ਚਾਨਣੀ ਦੀ ਬੀਮਾਰੀ ਕਰਕੇ ਮਰ ਗਏ ਹਨ, ਰੱਬ ਹੁਣ ਬੈਟਰੀਆਂ ਮਾਰ ਕੇ (ਬਿਜਲੀ ਲਿਸ਼ਕਣ ਨਾਲ ਬੈਟਰੀ ਦੀ ਤਰ੍ਹਾਂ ਚਾਨਣ ਹੁੰਦਾ ਹੈ) ਕੀ ਦੇਖਦਾ ਹੈ ?" ਅੱਗੋਂ ਮਰਾਸੀ ਆਪਣੀ ਘਰ ਵਾਲੀ ਨੂੰ ਜਵਾਬ ਦਿੰਦਾ ਹੈ, "ਭਾਗਵਾਨੇ ! ਆਪਣੇ ਛੋਲਿਆਂ ਦੀ ਬੀਮਾਰੀ ਤੋਂ ਜਿਹੜੀਆਂ ਟਾਂਟਾਂ ਬਚ ਰਹੀਆਂ ਹਨ, ਰੱਬ ਉਨ੍ਹਾਂ ਟਾਂਟਾਂ ਨੂੰ ਬਿਜਲੀ ਲਿਸ਼ਕਣ ਤੇ ਵੇਖਦਾ ਹੈ ਤਾਂ ਜੋ ਰਹਿੰਦੀਆਂ ਟਾਂਟਾਂ (ਫਲ) ਨੂੰ ਵੀ ਮਾਰਿਆ ਜਾ ਸਕੇ।" ਦੋਸਤੋ ! ਅਸਲ ਮਸਲਾ ਤਾਂ ਮਰਾਸੀ ਦੇ ਬੀਜੇ ਛੋਲਿਆਂ ਦੀ ਤਰ੍ਹਾਂ ਪੰਜਾਬੀਆਂ ਦੀ ਰਹਿੰਦੀ ਟੈਂ ਭੰਨਣ ਦਾ ਹੈ। ਅਣਖ ਨੂੰ ਮਾਰਨ ਦਾ ਹੈ। ਪੰਜਾਬੀਆਂ ਦੇ ਸਵੈਮਾਨ ਨੂੰ ਖੋਰਾ ਲਾਉਣ ਦਾ ਹੈ। ਵੇਖੋ ! ਅੱਗੇ ਅੱਗੇ ਹੁੰਦਾ ਕੀ ਹੈ ?

ਪਹਿਲਾਂ ਡਾਕੂਆਂ/ਧਾੜਵੀਆਂ ਦਾ ਰਾਜ ਹੁੰਦਾ ਸੀ। ਸਮੇਂ ਦੇ ਗੁਜ਼ਰਨ ਨਾਲ ਇਹ ਡਾਕੂ/ਧਾੜਵੀ ਰਾਜੇ, ਮਹਾਰਾਜੇ, ਨਵਾਬ ਅਖਵਾਉਣ ਲੱਗ ਪਏ। ਹੁਣ ਬਹੁ-ਸੰਮਤੀ ਦਾ ਰਾਜ ਹੈ। ਬਹੁ-ਸੰਮਤੀ ਉਨ੍ਹਾਂ ਕੋਲ ਹੈ ਜਿਹੜੇ ਭਾਰਤ ਦੀ ਆਬਾਦੀ ਵਿਚ ਬਹੁ-ਸੰਮਤੀ ਵਿਚ ਹਨ। ਆਬਾਦੀ ਵਿਚ ਬਹੁ-ਸੰਮਤੀ ਵਾਲੇ ਹੀ ਸਿਆਸਤ ਵਿਚ ਬਹੁ-ਸੰਮਤੀ ਵਿਚ ਹਨ। ਰੰਗ, ਰੂਪ, ਭੇਖ ਚਾਹੇ ਉਨ੍ਹਾਂ ਦੇ ਵੱਖ-ਵੱਖ ਹਨ। ਪੰਜਾਬੀ ਘੱਟ ਗਿਣਤੀ ਵਿਚ ਹਨ। ਘੱਟ ਸੰਮਤੀ ਵਿਚ ਹਨ। ਘੱਟ ਗਿਣਤੀ ਵਾਲਿਆਂ ਦਾ ਤਾਂ ਅੱਲਾਹ ਬੇਲੀ ਹੁੰਦਾ ਹੈ ? ਰੱਬ ਬੇਲੀ ਹੁੰਦੀ ਹੈ ? ਏਸ ਲਈ ਪੰਜਾਬੀਆਂ ਦੀਆਂ ਤਾਂ ਰੱਬ ਤੇ ਹੀ ਡੋਰੀਆਂ ਹਨ ? ਜੋ ਭਾਵੇ ਕਰਤਾਰ ?

ਮੈਂ ਵਿਸ਼ੇ ਤੋਂ ਥੋੜਾ ਲਾਂਭੇ ਚਲਿਆ ਗਿਆ ਹੈ। ਮੁੜ ਅਸਲ ਵਿਸ਼ੇ ਇੰਡੋ ਅਮਰੀਕਨ ਹੈਰੀਟੇਜ਼ ਫੋਰਮ ਦੇ ਫੰਕਸ਼ਨ ਵੱਲ ਆਉਂਦਾ ਹਾਂ। ਹਾਲ ਦੇ ਬਾਹਰ ਆਜ਼ਾਦੀ ਦੀ ਪ੍ਰਾਪਤੀ ਲਈ ਹੋਏ ਸ਼ਹੀਦਾਂ ਦੀ ਫੋਟੋ ਪ੍ਰਦਰਸ਼ਨੀ ਲਾਈ ਹੋਈ ਸੀ। ਸ਼ਹੀਦਾਂ ਸੰਬੰਧੀ ਲਿਟਰੇਚਰ ਰੱਖਿਆ ਹੋਇਆ ਸੀ। ਸਮਾਗਮ ਦੇ ਮੁੱਖ ਮਹਿਮਾਨ ਡਾ. ਸਵਰਾਜ ਸਿੰਘ ਸਿਆਟਲ ਵਾਲੇ ਸਨ। ਕੈਲੇਫੋਰਨੀਆਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਨਾਲ ਹੀ ਕਵੀਆਂ, ਗੀਤਕਾਰਾਂ, ਬੁੱਧੀ ਜੀਵੀਆਂ, ਗਾਇਕ ਕਲਾਕਾਰਾਂ, ਨਾਟਕ ਕਲਾਕਾਰਾਂ, ਗਿੱਧੇ ਤੇ ਭੰਗੜੇ ਦੀਆਂ ਟੀਮਾਂ ਨੇ ਵੀ ਸਮਾਗਮ ਵਿਚ ਹਿੱਸਾ ਲਿਆ। ਕੈਲੇਫੋਰਨੀਆਂ ਵਿਚ ਰਹਿੰਦੇ ਨਾਮਧਾਰੀ ਲਹਿਰ ਦੇ ਪੈਰੋਕਾਰ ਬੜੀ ਗਿਣਤੀ ਵਿਚ ਹਾਜ਼ਰ ਸਨ। ਫੋਰਮ ਦੇ ਅਹੁਦੇਦਾਰਾਂ ਨੇ ਗਦਰ ਲਹਿਰ ਤੇ ਕੂਕਾ ਲਹਿਰ ਦੇ ਆਜ਼ਾਦੀ ਦੀ ਪ੍ਰਾਪਤੀ ਵਿਚ ਪਾਏ ਯੋਗਦਾਨ ਸਬੰਧੀ ਵਿਚਾਰ ਪੇਸ਼ ਕੀਤੇ। ਮੁੱਖ ਮਹਿਮਾਨ ਤੇ ਹੋਰ ਮਹੱਤਵਪੂਰਣ ਸ਼ਖਸੀਅਤਾਂ ਨੇ 1857 ਦੇ ਗਦਰ ਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸੋਵਿਨੀਅਰ ਰੀਲੀਜ਼ ਕੀਤਾ। ਗਿਆਨੀ ਗੁਰਦੇਵ ਸਿੰਘ, ਜਿਹੜੇ ਨਾਮਧਾਰੀ ਹੈਰੀਟੇਜ਼ ਸੋਸਾਇਟੀ ਕੈਲੇਫੋਰਨੀਆਂ ਦੇ ਪ੍ਰਧਾਨ ਹਨ, ਉਨ੍ਹਾਂ ਨੇ ਬਹੁਤ ਹੀ ਵਿਸਥਾਰ ਨਾਲ ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਸਮਾਜਿਕ ਕੁਰੋਤੀਆਂ ਨੂੰ ਦੂਰ ਕਰਨ ਤੇ ਆਜ਼ਾਦੀ ਦੀ ਪ੍ਰਾਪਤੀ ਵਿਚ ਪਾਏ ਹਿੱਸੇ ਨੂੰ ਪੇਸ਼ ਕੀਤਾ। ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ।

"ਕੂਲ ਪੰਜਾਬੀ ਵਿਰਸ਼ਾ ਗਰੁੱਪ ਸਟਾਕਟਨ" ਵਲੋਂ ਨਾਟਕ ਅਰਮਾਨ ਖੇਡਿਆ ਗਿਆ। ਇਸ ਵਿਚ ਸਮਾਜਿਕ ਬੁਰਾਈਆਂ ਨੂੰ ਪੇਸ਼ ਕੀਤਾ ਗਿਆ। ਨਾਟਕ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਉਸ ਤੋਂ ਪਿਛੋਂ ਸਮਾਗਮ ਦੀ ਸਟੇਜ਼ ਸਭਿਆਚਾਰਕ ਮੇਲਿਆਂ ਦੀ

ਪਹਿਲੀ ਲੇਡੀ ਸੰਚਾਲਕਾ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਈ ਹੋਈ ਬੀਬੀ ਆਸ਼ਾ ਸ਼ਰਮਾ ਨੇ ਸੰਭਾਲੀ। ਉਸ ਨੇ ਵਾਰੀ ਵਾਰੀ ਸਟੇਜ਼ ਤੇ ਕਲਾਕਾਰਾਂ ਤੇ ਪੰਜਾਬ ਦੇ ਹਰਮਨ ਪਿਆਰੇ ਲੋਕ ਨਾਚ ਭੰਗੜੇ ਦੀਆਂ ਟੀਮਾਂ ਨੂੰ ਪੇਸ਼ ਕੀਤਾ। ਭੰਗੜੇ ਵਾਲਿਆਂ ਨੇ ਆਪਣੇ ਪੂਰਾ ਰੰਗ ਬੰਨ੍ਹਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਸਵਰਾਜ ਸਿੰਘ ਨੇ ਜਿੱਥੇ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਪੇਸ਼ ਕੀਤੀ, ਉਥੇ ਨਾਲ ਦੀ ਨਾਲ ਹੋ ਰਹੇ ਸੰਸਾਰੀਕਰਨ ਦੀਆਂ ਊਣਤਾਈਆਂ ਵੀ ਦੱਸੀਆਂ। ਪੰਜਾਬੀ ਸਭਿਆਚਾਰ ਨੂੰ ਲੱਗ ਰਹੇ ਖੋਰੇ ਤੇ ਵੀ ਆਪਣੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ। ਸਮਾਗਮ ਦੇ ਅਖੀਰ ਤੇ ਪੰਜਾਬ ਤੋਂ ਆਏ ਲੋਕ ਗਾਇਕ ਗਿਲ ਹਰਦੀਪ ਨੇ ਆਪਣੇ ਗੀਤਾਂ ਨਾਲ ਦਰਸ਼ਕਾਂ ਨੂੰ ਅਖੀਰ ਤੱਕ ਕੀਲ ਕੇ ਰੱਖਿਆ।

## ਕਰੱਦਰਜ਼ ਦਾ ਵਸਾਖੀ ਮੇਲਾ

ਕੋਈ ਸਮਾਂ ਸੀ ਜਦੋਂ ਹੁਣ ਵਾਲਾ ਪਾਕਿਸਤਾਨ, ਹੁਣ ਵਾਲਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਸਮੇਤ ਦਿੱਲੀ ਪੰਜਾਬ ਦਾ ਹਿੱਸਾ ਹੁੰਦਾ ਸੀ। ਸਮੇਂ ਨੇ ਕਈ ਰੰਗ ਬਦਲੇ। ਸਮੇਂ ਸਮੇਂ ਦੀਆਂ ਰਾਜ ਕਰਦੀਆਂ ਸਰਕਾਰਾਂ ਨੇ ਆਪਣੀ ਮਾੜੀ ਮੰਦ ਭਾਵਨਾ ਦੀ ਨੀਤੀ

ਤਹਿਤ ਪੰਜਾਬੀਆਂ ਦੀ ਅਣਖ ਤੇ ਸਵੈਮਾਣ ਨੂੰ ਸੱਟ ਮਾਰਦਿਆਂ ਪੰਜਾਬ ਦੇ ਕਈ ਟੋਟੇ ਕੀਤੇ ਗਏ। ਪਰ ਸਦਕੇ ਜਾਈਏ ਪੰਜਾਬੀਆਂ ਦੀ ਹਿੰਮਤ ਦੇ। ਅੱਜ ਚਾਹੇ ਭਾਰਤ ਦੀ ਬਹੁ-ਸੰਮਤੀ ਵਾਲੀ ਜਾਤੀ ਨੇ, ਚਾਹੇ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਰੱਖਦੀ ਹੋਵੇ, ਆਪਣੀ ਪੰਜਾਬੀਆਂ ਪ੍ਰਤੀ ਮੰਦੀ ਨੀਅਤ ਨਾਲ ਭਾਰਤ ਦੇ ਪੰਜਾਬੀ ਸੂਬੇ ਨੂੰ ਇਕ ਛੋਟੀ ਜਿਹੀ ਸੂਬੀ ਬਣਾ ਦਿੱਤਾ ਹੈ, ਪਰ ਉਹ ਪੰਜਾਬੀਆਂ ਦੇ ਹੌਸਲੇ, ਹਿੰਮਤ ਤੇ ਸਵੈਮਾਣ ਨੂੰ ਢਾਅ ਨਹੀਂ ਲਾ ਸਕੇ।ਅੱਜ ਪੰਜਾਬੀਆਂ ਨੇ ਸਿੰਗਾਪੁਰ, ਮਲੇਸੀਆ, ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇਟਲੀ, ਜਰਮਨ, ਨਿਊਜ਼ੀਲੈਂਡ ਤੇ ਦੁਬਾਈ ਆਦਿ ਦੇਸ਼ਾਂ ਵਿਚ ਜਾ ਕੇ ਮਿੰਨੀ ਪੰਜਾਬ ਵਸਾ ਲਏ ਹਨ।

ਪੰਜਾਬੀ ਇਕ ਜਿੰਦਾ ਕੌਮ ਹੈ। ਮੇਲੇ ਏਸ ਦੀ ਜਿੰਦ ਜਾਨ ਹਨ। ਮੇਲੇ ਮੇਲੀਆਂ ਨਾਲ ਮਨਾਏ ਜਾਂਦੇ ਹਨ। ਪੰਜਾਬੀ ਜਿਥੇ ਵੀ ਜਾਂਦੇ ਹਨ, ਉਥੇ ਆਪਣੇ ਧਾਰਮਿਕ ਤਿਉਹਾਰ, ਮੇਲੇ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਉਂਦੇ ਹਨ। ਹੁਣ ਵਸਾਖੀ ਦਾ ਮੇਲਾ ਪੰਜਾਬੀ ਸਾਰੇ ਸੰਸਾਰ ਵਿਚ ਬੜੀ ਸਜ ਧੱਜ ਨਾਲ ਮਨਾਉਂਦੇ ਹਨ। ਮੈਨੂੰ ਆਪਣੇ ਸਾਲ 2005 ਤੋਂ ਸਾਲ 2008 ਦੇ ਅਮਰੀਕਾ ਤੇ ਕੈਨੇਡਾ ਦੇ ਟੂਰਾਂ ਸਮੇਂ ਕਈ ਸ਼ਹਿਰਾਂ ਦੇ ਵਸਾਖੀ ਮੇਲਿਆਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਪੰਜਾਬ ਵਿਚ ਵਸਾਖੀ ਦਾ ਮੇਲਾ 13 ਅਪ੍ਰੈਲ ਨੂੰ ਇਕ ਦਿਨ ਹੀ ਲੱਗਦਾ ਹੈ। ਪਰ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਦੇ ਮਿੰਨੀ ਪੰਜਾਬਾਂ ਵਿਚ ਵਸਾਖੀ ਮੇਲਾ 13 ਅਪ੍ਰੈਲ ਤੋਂ ਸ਼ੁਰੂ ਹੋ ਕੇ ਸਾਰੇ ਮਈ ਦੇ ਮਹੀਨੇ ਤੱਕ ਚਲਦੇ ਰਹਿੰਦੇ ਹਨ।

ਹੁਣ ਮੈਂ ਤੁਹਾਨੂੰ ਵਸਾਖੀ ਮੇਲੇ ਦੇ ਬਹੁ-ਪੱਖੀ ਮਹੱਤਤਾ ਬਾਰੇ ਥੋੜੀ ਜਿਹੀ ਜਾਣਕਾਰੀ ਦਿੰਦਾ ਹਾਂ। ਵਸਾਖੀ ਮੁੱਢਲੇ ਤੌਰ ਤੇ ਪੰਜਾਬ ਦਾ ਫਸਲਾਂ ਦੀ ਵਾਢੀ ਦਾ ਬਹੁਤ ਪੁਰਾਣਾ ਤਿਉਹਾਰ ਹੈ। ਪਹਿਲੇ/ਮੁੱਢਲੇ ਸਮਿਆਂ ਵਿਚ ਪੰਜਾਬ ਦੇ ਬਹੁਤੇ ਹਿੱਸੇ ਵਿਚ ਜੰਗਲ ਹੁੰਦਾ ਸੀ। ਵੈਸੇ ਵੀ ਜਿਹੜੀਆਂ ਜ਼ਮੀਨਾਂ ਗੈਰ ਆਬਾਦ ਹੁੰਦੀਆਂ ਸਨ/ਹਨ, ਉਨ੍ਹਾਂ ਜ਼ਮੀਨਾਂ ਵਿਚ ਰੁੱਖ, ਝਾੜੀਆਂ, ਘਾਹ ਫੂਸ ਪੈਦਾ ਹੋ ਕੇ ਜੰਗਲ ਹੀ ਬਣ ਜਾਂਦੇ ਹਨ। ਉਨ੍ਹਾਂ ਸਮਿਆਂ ਵਿਚ ਥੋੜੀ ਜਿਹੀ ਆਬਾਦੀ ਹੁੰਦੀ ਸੀ। ਲੋਕਾਂ ਨੇ ਹੌਲੀ-ਹੌਲੀ ਥੋੜੇ ਥੋੜੇ ਜੰਗਲਾਂ ਨੂੰ ਆਬਾਦ ਕਰਨਾ ਸ਼ੁਰੂ ਕੀਤਾ। ਫਸਲਾਂ ਬੀਜਣ ਲੱਗੇ। ਉਨ੍ਹਾਂ ਫਸਲਾਂ ਦੀ, ਜਿਨ੍ਹੇ ਸਮੇਂ ਤੱਕ ਫਸਲਾਂ ਪੱਕ ਕੇ ਵੱਢ ਨਹੀਂ ਲਈਆਂ ਜਾਂਦੀਆਂ ਸਨ, ਜੰਗਲੀ ਪਸ਼ੂ, ਪੰਛੀਆਂ ਦੇ ਉਜਾੜੇ ਤੋਂ ਰਾਖੀ ਕੀਤੀ ਜਾਂਦੀ ਸੀ। ਏਸ ਕਰਕੇ ਤਾਂ ਵਸਾਖੀ ਸਮੇਂ ਇਹ ਬੋਲ ਕਹੇ ਜਾਂਦੇ ਸਨ/ਹਨ—

ਫਸਲਾਂ ਦੀ ਮੁੱਕ ਗਈ ਰਾਖੀ,
ਓ ਜੱਟਾ! ਆਈ ਵਸਾਖੀ।

ਫਸਲਾਂ ਨੂੰ ਵੱਢ ਕੇ ਕੱਢ ਕੇ ਜਦ ਦਾਣੇ ਘਰ ਆ ਜਾਂਦੇ ਸਨ ਤਾਂ ਲੋਕੀ ਖੁਸ਼ੀ ਮਨਾਉਂਦੇ ਸਨ। ਨੱਚਦੇ ਸਨ। ਭੰਗੜਾ ਪਾਉਂਦੇ ਸਨ। ਗਾਉਂਦੇ ਸਨ। ਏਸ ਲਈ ਤਾਂ ਸਾਡੇ ਪੁਰਾਣੇ ਕਵੀ ਧਨੀ ਰਾਮ ਚਾਤ੍ਰਿਕ ਨੇ ਵਸਾਖੀ ਤੇ ਮਨਾਈਆਂ ਜਾਂਦੀਆਂ ਖੁਸ਼ੀਆਂ ਬਾਰੇ ਲਿਖਿਆ ਹੈ—

ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਢ ਕੇ,

ਕੱਛੇ ਮਾਰ ਵੰਝਲੀ, ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਹੁਣ ਪੰਜਾਬ ਦੀ ਸਾਰੀ ਧਰਤੀ ਆਬਾਦ ਹੋ ਗਈ ਹੈ। ਹੁਣ ਫਸਲਾਂ ਦੀ ਰਾਖੀ ਜੰਗਲੀ ਪਸ਼ੂ, ਪੰਛੀਆਂ ਤੋਂ ਕਰਨ ਦੀ ਲੋੜ ਨਹੀਂ ਪੈਂਦੀ। ਹਣ ਤਾਂ ਫਸਲਾਂ ਦੀ ਰਾਖੀ ਫਸਲਾਂ ਨੂੰ ਲੱਗੀਆਂ ਬੀਮਾਰੀਆਂ ਤੋਂ ਕਰਨੀ ਪੈਂਦੀ ਹੈ।

ਵਸਾਖੀ ਮੇਲੇ ਦਾ ਸਿੱਖਾਂ ਲਈ ਧਾਰਮਿਕ ਮਹੱਤਵ ਹੈ। ਵਸਾਖੀ ਵਾਲੇ ਦਿਨ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਵਿਖੇ ਸਿੱਖ ਪੰਥ ਦੀ ਸਾਜਨਾ ਕੀਤੀ ਸੀ। ਵਸਾਖੀ ਵਸਾਖ ਮਹੀਨੇ ਦੀ ਪਹਿਲੀ ਤਾਰੀਖ ਨੂੰ ਮਨਾਈ ਜਾਂਦੀ ਹੈ। ਵਸਾਖ ਮਹੀਨੇ ਦੀ ਪਹਿਲੀ ਤਾਰੀਖ ਤੋਂ ਹੀ ਨਾਨਕ ਸ਼ਾਹੀ ਸੰਮਤ ਸ਼ੁਰੂ ਹੁੰਦੀ ਹੈ। ਵਸਾਖੀ ਵਾਲੇ ਦਿਨ ਹੀ ਗੁਰੂਦਵਾਰਾ ਸਾਹਿਬ ਦੇ ਨਿਸ਼ਾਨ ਸਾਹਿਬ ਤੇ ਨਵਾਂ ਚੋਲਾ ਚੜ੍ਹਾਇਆ ਜਾਂਦਾ ਹੈ। ਨਗਰ ਕੀਰਤਨ ਕੀਤੇ ਜਾਂਦੇ ਹਨ। ਵਸਾਖ ਮਹੀਨੇ ਦੀ ਪਹਿਲੀ ਤਾਰੀਖ ਤੋਂ ਹੀ ਬੰਗਾਲ, ਕੇਰਲਾ ਤੇ ਤਾਮਿਲਨਾਡੋ ਦੇ ਸੂਬਿਆਂ ਦੇ ਨਵੇਂ ਸਾਲ ਸ਼ੁਰੂ ਹੁੰਦੇ ਹਨ। ਮਹਾਰਾਜਾ ਬਿਕ੍ਰਮਜੀਤ ਨੇ ਬਿਕਰਮੀ ਸੰਮਤ ਵੀ ਪਹਿਲੀ ਵਸਾਖੀ ਤੋਂ ਚਲਾਇਆ ਸੀ। ਹਿਮਾਚਲ ਪ੍ਰਦੇਸ਼ ਵਿਚ ਵਸਾਖੀ ਵਾਲੇ ਦਿਨ ਜੁਆਲਾ ਮੁਖੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਬਿਹਾਰ ਸੂਬੇ ਵਿਚ ਵਸਾਖੀ ਵਾਲੇ ਦਿਨ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ। ਵਸਾਖੀ ਵਾਲੇ ਦਿਨ ਹੀ ਜਨਰਲ ਡਾਇਰ ਨੇ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਨਿਹੱਥੇ ਤੇ ਸ਼ਾਤਮਈ ਪੰਜਾਬੀਆਂ ਨੂੰ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਮੌਤ ਦੀ ਨੀਂਦ ਸੁਆ ਦਿੱਤਾ ਸੀ। ਉਨ੍ਹਾਂ ਸ਼ਹੀਦਾਂ ਦੀ ਪਵਿੱਤਰ ਯਾਦ ਵੀ ਵਸਾਖੀ ਵਾਲੇ ਦਿਨ ਜ਼ਿਲ੍ਹਿਆਂ ਵਾਲੇ ਬਾਗ ਵਿਚ ਮਨਾਈ ਜਾਂਦੀ ਹੈ। ਏਸ ਤਰ੍ਹਾਂ ਵਸਾਖੀ ਇਕ ਬਹੁ-ਮੰਤਵੀ ਤਿਹਾਰ ਹੈ। ਮੇਲਾ ਹੈ।

ਇੰਗਲੈਂਡ, ਅਮਰੀਕਾ, ਕੈਨੇਡਾ ਭਾਵ ਸਾਰੇ ਹੀ ਵਿਦੇਸ਼ਾਂ ਵਿਚ ਸਾਰੇ ਧਾਰਮਿਕ, ਇਤਿਹਾਸਕ ਤੇ ਸਭਿਆਚਾਰਕ ਸਮਾਗਮ ਛੁੱਟੀਆਂ ਵਾਲੇ ਦਿਨ ਸ਼ਨਿਚਰਵਾਰ ਤੇ ਐਤਵਾਰ ਨੂੰ ਮਨਾਏ ਜਾਂਦੇ ਹਨ। ਮੈਂ ਸਾਲ 2008 ਦੀ ਵਸਾਖੀ ਦਾ ਮੇਲਾ ਕਰੱਦਰਜ਼ ਵਿਚ 20 ਅਪ੍ਰੈਲ ਦਿਨ ਐਤਵਾਰ ਨੂੰ ਵੇਖਿਆ। ਕਰੱਦਰਜ਼ ਇਕ ਛੋਟਾ ਜਿਹਾ ਕਸਬਾ ਹੈ। ਕੈਲੇਫੋਰਨੀਆਂ ਸੂਬੇ ਦੇ ਸ਼ਹਿਰ ਫਰਿਜ਼ਨੋ ਦੇ ਨੇੜੇ ਪੈਂਦਾ ਹੈ। ਇਹ ਮੇਲਾ ਕਰੱਦਰਜ਼ ਦੇ ਗੁਰੂਦਵਾਰਾ ਸਾਹਿਬ ਦੇ ਨਾਲ ਲੱਗਦੇ ਗਰਾਊਂਡ ਵਿਚ ਹੋਇਆ ਸੀ। ਕਰੱਦਰਜ਼ ਵਿਖੇ ਹੀ ਚਰਨਜੀਤ ਸਿੰਘ ਬਾਠ, ਜਿਹੜੇ ਸਾਊਗੀ ਕਿੰਗ ਕਰਕੇ ਮਸ਼ਹੂਰ ਹਨ, ਰਹਿੰਦੇ ਹਨ। ਜਦ ਮੈਂ ਆਪਣੀ ਲੜਕੀ ਦੇ ਪਰਿਵਾਰ ਨਾਲ ਮੇਲੇ ਵਾਲੀ ਥਾਂ ਪਹੁੰਚਿਆ ਤਾਂ ਬੱਚੇ, ਜੁਆਨ ਮੁੰਡੇ, ਮੁਟਿਆਰਾਂ ਤੇ ਬੁੱਢਿਆਂ ਨਾਲ ਗਰਾਊਂਡ ਭਰਿਆ ਪਿਆ ਸੀ। ਕਾਰ ਪਾਰਕਿੰਗ ਕਰਨ ਲਈ ਸਾਨੂੰ ਕਾਫੀ ਦੂਰ ਜਾਣਾ ਪਿਆ। ਏਥੇ ਅਮਰੀਕਾ ਵਿਚ ਸਫਰ ਕਰਨ ਲਈ ਘੱਟ ਤੋਂ ਘੱਟ ਸਵਾਰੀ ਕਾਰ ਹੈ। ਏਥੇ ਹਰ ਘਰ ਕੋਲ ਦੋ ਕਾਰਾਂ ਤਾਂ ਆਮ ਹਨ। 16 ਸਾਲ ਦੇ ਬੱਚੇ ਕਾਰ ਚਲਾ ਸਕਦੇ ਹਨ।

ਗਰਾਊਂਡ ਦੇ ਇਕ ਪਾਸੇ ਬੱਚਿਆਂ ਦੀਆਂ ਖੇਡਾਂ ਦਾ ਟੂਰਨਾਮੈਂਟ ਚੱਲ ਰਿਹਾ ਸੀ। ਕੁਝ ਸਮੇਂ ਪਿੱਛੋਂ ਬੁੱਢਿਆਂ ਦੀਆਂ ਦੌੜਾਂ ਤੇ ਰੱਸਾਕਸੀ ਦੇ ਮੁਕਾਬਲੇ ਹੋਏ। ਇਕ ਪਾਸੇ ਬੜੇ ਸਾਰੇ ਤੰਬੂ ਵਿਚ ਰੰਗਾ ਰੰਗ ਪ੍ਰੋਗਰਾਮ ਚੱਲ ਰਿਹਾ ਸੀ। ਤੰਬੂ ਵਿਚ ਬੈਠਣ ਲਈ ਦਰੀਆਂ

ਵਿਛਾਈਆਂ ਹੋਈਆਂ ਸਨ। ਬੁੱਢਿਆਂ ਤੇ ਪ੍ਰਮੁੱਖ ਵਿਅਕਤੀਆਂ ਦੇ ਬੈਠਣ ਲਈ ਸਾਈਡਾਂ ਤੇ ਕੁਰਸੀਆਂ ਲੱਗੀਆਂ ਹੋਈਆਂ ਸਨ। ਪੰਡਾਲ ਇਕੱਠ ਨਾਲ ਨੱਕੋ ਨੱਕ ਭਰਿਆ ਹੋਇਆ ਸੀ। ਤਿਲ ਸੁੱਟਣ ਜੋਗੀ ਵੀ ਥਾਂ ਨਹੀਂ ਸੀ। ਮੇਲੇ ਵਿਚ ਪੰਜਾਬੀਆਂ ਦਾ ਇਕੱਠ ਵੇਖ ਕੇ ਏਸ ਤਰ੍ਹਾਂ ਲੱਗਦਾ ਸੀ ਜਿਵੇਂ ਇਹ ਮੇਲਾ ਪੰਜਾਬ ਦੇ ਕਿਸੇ ਸ਼ਹਿਰ ਵਿਚ ਹੋ ਰਿਹਾ ਹੋਵੇ।

ਗਰਾਊਂਡ ਦੇ ਆਸੇ ਪਾਸੇ ਵਪਾਰਕ ਅਦਾਰਿਆਂ ਵੱਲੋਂ ਆਪਣੀ ਵਿਕਰੀ ਲਈ ਸਟਾਲ ਲਾਏ ਹੋਏ ਸਨ। ਸਭ ਤੋਂ ਜ਼ਿਆਦਾ ਇਕੱਠ ਖਾਣ ਪੀਣ ਵਾਲੀਆਂ ਦੁਕਾਨਾਂ ਤੇ ਸੀ। ਇਕ ਪਾਸੇ ਡਾ. ਗੁਰਦੀਪ ਸਿੰਘ ਰਾਣੂੰ ਦੀ ਦੇਖ ਰੇਖ ਹੇਠ ਸਿਹਤ ਕੈਂਪ ਲਾਇਆ ਹੋਇਆ ਸੀ। ਡਾ. ਰਾਣੂੰ ਮੇਰੇ ਗੁਆਂਢੀ ਪਿੰਡ ਮਾਣਕੀ ਦਾ ਰਹਿਣ ਵਾਲਾ ਹੈ। ਬਹੁਤ ਮਿਲਣਸਾਰ ਹੈ। ਡਾਇਮੰਡ ਕਲੱਬ ਕੈਲੇਫੋਰਨੀਆਂ ਫਰਿਜ਼ਨੋ ਦੇ ਸਹਿਯੋਗ ਨਾਲ ਖ਼ੂਨ ਦਾਨ ਕੈਂਪ ਚੱਲ ਰਿਹਾ ਸੀ। ਇਕ ਪਾਸੇ ਸਟੇਟ ਬੈਂਕ ਆਫ ਇੰਡੀਆ ਫਰਿਜ਼ਨੋ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਸੀ। ਇਕ ਸਟਾਲ ਤੇ ਪੰਜਾਬੀ ਬੋਲੀ ਨੂੰ ਯੂਨੀਵਰਸਿਟੀ ਪੱਧਰ ਤੱਕ ਲਿਜਾਣ ਲਈ ਸ਼ੈਨਹੋਜ਼ੇ ਸਟੇਟ ਯੂਨੀਵਰਸਿਟੀ ਲਈ ਫੰਡ ਇਕੱਠਾ ਕਰਨ ਦਾ ਕੈਂਪ ਲਾਇਆ ਹੋਇਆ ਸੀ। 5 ਲੱਖ ਡਾਲਰ ਫੰਡ ਇਕੱਠਾ ਕਰਨ ਦਾ ਟੀਚਾ ਹੈ। ਜਿਸ ਵਿਚ 2 ਲੱਖ ਫੰਡ ਇਕੱਠਾ ਹੋ ਚੁੱਕਿਆ ਹੈ। ਬਾਕੀ ਰਹਿੰਦਾ ਫੰਡ ਵੀ ਛੇਤੀ ਇਕੱਠਾ ਹੋਣ ਦੀ ਆਸ ਹੈ। ਪਰ ਸਾਡੇ ਪੰਜਾਬ ਦੀ ਬਦ-ਕਿਸਮਤੀ ਵੇਖੋ ! ਸਾਡੇ ਅਕਾਲੀ ਲੀਡਰਾਂ ਨੇ, ਜਿਨ੍ਹਾਂ ਨੇ ਪੰਜਾਬੀ ਨੂੰ ਆਧਾਰ ਬਣਾਕੇ ਪੰਜਾਬੀ ਸੂਬਾ ਬਣਵਾਇਆ, ਉਨ੍ਹਾਂ ਅਕਾਲੀ ਲੀਡਰਾਂ ਦੀ ਸਰਕਾਰਾਂ ਨੇ ਹੀ ਨਾ ਤਾਂ ਅਜੇ ਤੱਕ ਯੂਨੀਵਰਸਿਟੀ ਪੱਧਰ ਤੱਕ ਦੀ ਵਿੱਦਿਆ ਪ੍ਰਾਪਤੀ ਵਿਚ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਣਾਇਆ ਹੈ ਨਾ ਹੀ ਦਫਤਰਾਂ ਵਿਚ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਹੈ। ਇਹ ਹਨ ਸਾਡੇ ਲੀਡਰਾਂ ਦੇ ਕਿਰਦਾਰ ?

ਮੇਲੇ ਦਾ ਅਸਲ ਰੰਗ ਉਗੜਿਆ ਦੁਪਹਿਰ ਤੋਂ ਪਿਛੋਂ, ਜਦ ਮੁਟਿਆਰਾਂ ਦਾ ਸਟੇਜ਼ ਤੇ ਗਿੱਧਾ ਗੂੰਜਿਆ। ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦੇ ਮੁਕਾਬਲੇ ਹੋਏ। ਇਨ੍ਹਾਂ ਮੁਕਾਬਲਿਆਂ ਵਿਚ 19 ਟੀਮਾਂ ਨੇ ਭਾਗ ਲਿਆ। ਜਿਸ ਵਿਚ ਵਿਸ਼ੇਸ਼ ਤੌਰ ਤੇ ਲੌਂਗ ਦਾ ਲਿਸ਼ਕਾਰਾ, ਗੱਭਰੂ ਸ਼ੌਕੀਨ, ਢੋਲ ਪੰਜਾਬੀਆਂ ਦਾ, ਨੱਚਦੇ ਪੰਜਾਬੀ, ਵਤਨੋ ਦੂਰ ਲੱਗਦੇ ਨੇ ਮੇਲੇ, ਪੰਜਾਬੀ ਜੰਕਸ਼ਨ, ਭਰੰਗੜਾ ਐਕਸਪਲੋਜ਼ਰ, ਪੰਜਾਬੀ ਸ਼ੌਕੀਨ ਕੁੜੀਆਂ, ਫਰਿਜ਼ਨੋ ਦੀ ਸ਼ਾਨ, ਕਰੱਦਰਜ਼ ਗਿੱਧਾ, ਕੁੜੀਆਂ ਦਾ ਨਾਚ ਟੀਮਾਂ ਦੇ ਨਾਂ ਵਰਨਣ ਯੋਗ ਹਨ। ਅਣਜੰਮੀਆਂ ਧੀਆਂ ਦੀ ਸਕਿਟ ਦੀ ਪੇਸ਼ਕਾਰੀ ਨੇ ਪੰਡਾਲ ਨੂੰ ਸੁਸਰੀ ਵਾਂਗ ਸੁਆ ਦਿੱਤਾ। ਸੁੰਨ ਹੀ ਕਰ ਦਿੱਤਾ। ਸਟੇਜ਼ ਦੀ ਜ਼ੁੰਮੇਵਾਰੀ ਬਲਬੀਰ ਸਿੰਘ ਢਿਲੋਂ ਤੇ ਸਟੇਜ ਦੀ ਮਲਕਾ ਬੀਬੀ ਆਸ਼ਾ ਸ਼ਰਮਾ ਨੇ ਬਹੁਤ ਹੀ ਰੌਚਕ ਢੰਗ ਨਾਲ ਨਿਭਾਈ। ਇਹ ਹੈ ਕਰੱਦਰਜ਼ ਦੇ ਵਸਾਖੀ ਮੇਲੇ ਦਾ ਸੰਖੇਪ ਜਿਹਾ ਵਰਨਣ।

ਅਮਰੀਕਾ ਵਿਚ ਪੰਜਾਬੀ ਦੇ ਬਹੁਤ ਸਾਰੇ ਹਫਤਾਵਰੀ ਅਖਬਾਰ ਛੱਪਦੇ ਹਨ। ਇਹ ਅਖਬਾਰ ਇੰਡੀਅਨ ਸਟੋਰਾਂ ਉਪਰ ਰੱਖੇ ਹੁੰਦੇ ਹਨ। ਫਰੀ ਵੰਡੇ ਜਾਂਦੇ ਹਨ। ਸਟੋਰਾਂ ਤੋਂ ਖਰੀਦਦਾਰੀ ਕਰਦੇ ਸਮੇਂ ਪੰਜਾਬੀ ਉਥੋਂ ਚੱਕ ਲਿਆਉਂਦੇ ਹਨ। ਅਪ੍ਰੈਲ ਤੇ ਮਈ ਦੇ ਅਖਬਾਰਾਂ ਵਿਚ ਵਸਾਖੀ ਦੇ ਥਾਂ ਥਾਂ ਲੱਗਦੇ ਮੇਲਿਆਂ ਦੇ ਵੱਡੇ ਵੱਡੇ ਇਸ਼ਤਿਹਾਰ ਛਪੇ ਹੁੰਦੇ ਹਨ। ਵਸਾਖੀ ਮੇਲੇ ਕੈਲੇਫੋਰਨੀਆਂ ਸੂਬੇ ਦੇ ਸ਼ਾਨ ਫਰਾਂਸ਼ਿਸ਼ਕੋ, ਲਾਸ ਏਂਜਲਸ, ਬੇਕਰਜ਼ਫੀਲਡ,

ਸੈਕਰਾਮੈਂਟੋ, ਫਰੀਮਾਂਟ, ਸੈਨਹੋਜ਼ੇ, ਯੂਬਾ ਸਿਟੀ, ਸਟਾਕਟਨ, ਸੈਂਟਾ ਕਲਾਰਾ, ਗੱਲ ਕੀ ਹਰ ਛੋਟੇ ਵੱਡੇ ਸ਼ਹਿਰਾਂ ਵਿਚ ਲੱਗਦੇ ਹਨ। ਪੰਜਾਬੀ ਇਨ੍ਹਾਂ ਵਸਾਖੀ ਮੇਲਿਆਂ ਨੂੰ ਹੁੰਮਾ ਹੁਮਾ ਕੇ, ਵਹੀਰਾਂ ਘੱਤ ਕੇ ਵੇਖਣ ਆਉਂਦੇ ਹਨ। ਇਨ੍ਹਾਂ ਵਸਾਖੀ ਮੇਲਿਆਂ ਉਪਰ ਪੰਜਾਬ ਦੇ ਸਾਰੇ ਚੋਟੀ ਦੇ ਲੋਕ ਗਾਇਕ ਆ ਕੇ ਆਪਣੀ ਗਾਇਕੀ ਦਾ ਜੌਹਰ ਵਿਖਾਉਂਦੇ ਹਨ। ਏਸੇ ਤਰ੍ਹਾਂ ਅਮਰੀਕਾ ਦੇ ਦੂਜੇ ਸੂਬਿਆਂ ਦੇ ਸ਼ਹਿਰਾਂ ਨਿਊਯਾਰਕ, ਨਿਊ ਜਰਸੀ, ਸਿਆਟਲ, ਡੱਲਸ, ਹੋਸਟਨ, ਫਿਲਾਡਲਫੀਆ ਆਦਿ ਵਿਚ ਵੀ ਵਸਾਖੀ ਮੇਲੇ ਲੱਗਦੇ ਹਨ।

ਮੈਂ ਬਾਹਰਲੇ ਦੇਸ਼ਾਂ ਵਿਚ ਲੱਗਦੇ ਵਸਾਖੀ ਮੇਲਿਆਂ ਬਾਰੇ ਅਖਬਾਰਾਂ ਵਿਚ ਆਮ ਹੀ ਪੜ੍ਹਦਾ ਰਹਿੰਦਾ ਹਾਂ। ਮੇਰੀ ਅਖਬਾਰੀ ਜਾਣਕਾਰੀ ਅਨੁਸਾਰ ਸਭ ਤੋਂ ਪਹਿਲਾਂ ਵਸਾਖੀ ਮੇਲੇ ਇੰਗਲੈਂਡ ਵਿਚ ਬੜੀ ਧੂਮ ਧਾਮ ਨਾਲ ਮਨਾਉਣੇ ਸ਼ੁਰੂ ਹੋਏ ਹਨ। ਕਿਉਂ ਜੋ ਇੰਗਲੈਂਡ ਵਿਚ ਹੀ ਪੰਜਾਬੀਆਂ ਦਾ ਸਭ ਤੋਂ ਪਹਿਲਾਂ ਸਭ ਤੋਂ ਜ਼ਿਆਦਾ ਪਰਵਾਸ ਹੋਇਆ ਸੀ। ਉਨ੍ਹਾਂ ਮੇਲਿਆਂ ਵਿਚ ਬੰਬਈ ਦੇ ਪੰਜਾਬੀ ਫਿਲਮ ਸਟਾਰ ਜਿਵੇਂ ਧਰਮਿੰਦਰ, ਮਨੋਹਰ ਦੀਪਕ ਅਤੇ ਹੋਰ ਬਹੁਤ ਸਾਰੇ ਪੰਜਾਬੀ ਫਿਲਮ ਸਟਾਰ ਹਿੱਸਾ ਲੈਂਦੇ ਰਹੇ ਹਨ। ਪਿਛੇ ਜਿਹੇ ਮੈਂ ਸਾਲ 2007 ਦੀ ਇੰਗਲੇਂਡ ਦੀ ਸਿੱਖ ਗੁਰੂਦਵਾਰਾ ਕੌਂਸਲ ਬਰਮਿੰਗਮ ਵਲੋਂ ਬਰਮਿੰਗਮ ਵਿਚ ਲਾਏ ਵਸਾਖੀ ਮੇਲੇ ਦੀ ਰੀਪੋਰਟ ਪੜ੍ਹੀ ਸੀ। ਵਸਾਖੀ ਦੇ ਉਸ ਮੇਲੇ ਵਿਚ ਵੱਖ-ਵੱਖ ਧਰਮਾਂ ਦੇ 65 ਹਜ਼ਾਰ ਲੋਕਾਂ ਨੇ ਭਾਗ ਲਿਆ ਸੀ। ਭਾਰਤ ਤੋਂ ਬਾਹਰਲੇ ਕਿਸੇ ਦੇਸ਼ ਵਿਚ ਵਸਾਖੀ ਮੇਲੇ ਦਾ ਇਹ ਸਭ ਤੋਂ ਵੱਡਾ ਇਕੱਠ ਮੰਨਿਆ ਗਿਆ ਹੈ। ਇਹ ਹੈ ਪੰਜਾਬੀਆਂ ਦੇ ਆਪਣੇ ਧਾਰਮਿਕ ਤੇ ਸਭਿਆਚਾਰਕ ਤਿਉਹਾਰ ਮਨਾਉਣ ਵਿਚ ਨਿਸਚਾ। ਹੁਣ ਤਾਂ ਸਾਰੀ ਦੁਨੀਆਂ ਵਿਚ ਜਿਥੇ ਵੀ ਪੰਜਾਬੀ ਬੈਠੇ ਹਨ, ਉਥੇ ਹੀ ਹਰ ਤਿਉਹਾਰ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਉਂਦੇ ਹਨ। ਪੰਜਾਬੀਆਂ ਦੀ ਤਾਂ ਸ਼ਾਨ ਹੀ ਵੱਖਰੀ ਹੈ!

# ਮੱਦਰਜ਼ ਡੇ

ਮਾਂ ਜਨਮ ਦਾਤੀ ਹੈ। ਮਾਂ ਨਾਲ ਸਾਡਾ ਖ਼ੂਨ ਦਾ ਰਿਸ਼ਤਾ ਹੈ। ਮਾਂ ਸ਼ਬਦ ਬੋਲਣ ਨਾਲ ਮੂੰਹ ਮਿਠਾਸ ਨਾਲ ਭਰ ਜਾਂਦਾ ਹੈ। ਮਾਂ ਪਿਆਰ ਦਾ ਸਾਗਰ ਹੈ। ਮਾਂ ਠੰਡੀ ਛਾਂ ਹੈ। ਮਾਂ ਆਪਣੇ ਬੱਚੇ ਦਾ ਪਹਿਲਾ ਗੁਰੂ ਹੈ। ਮਾਂ ਰੱਬ ਵੀ ਹੈ। ਮਾਂ ਦਾ ਕੋਈ ਦੇਣ ਨਹੀਂ ਦੇ ਸਕਦਾ। ਏਸ ਲਈ ਮਾਂ ਦੇ ਦੇਣ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਮੱਦਰਜ਼ ਡੇ (ਮਾਂ ਦੇ ਸਤਿਕਾਰ ਦਾ ਦਿਨ) ਤਕਰੀਬਨ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਅਮਰੀਕਾ ਵਿਚ

ਮੱਦਰਜ਼ ਡੇ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਮੈਂ ਇਸ ਵਾਰ ਮੱਦਰਜ਼ ਡੇ ਤੇ 11 ਮਈ 2008 ਨੂੰ ਆਪਣੀ ਲੜਕੀ ਕੋਲ ਅਮਰੀਕਾ ਸੀ। ਭਾਰਤ ਵਿਚ ਵੀ ਮੱਦਰਜ਼ ਡੇ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਹੀ ਮਨਾਇਆ ਜਾਂਦਾ ਹੈ। ਸੰਸਾਰ ਦੇ ਬਹੁਤੇ ਦੇਸ਼ਾਂ ਵਿਚ ਮਈ ਮਹੀਨੇ ਵਿਚ ਮਨਾਇਆ ਜਾਂਦਾ ਹੈ। ਮਈ ਮਹੀਨੇ ਤੋਂ ਬਾਅਦ ਦੂਜੇ ਨੰਬਰ ਤੇ ਕੁਝ ਦੇਸ਼ਾਂ ਵਿਚ ਮਾਰਚ ਦੇ ਮਹੀਨੇ ਵਿਚ ਮਨਾਉਣ ਦੀ ਰੀਤ ਹੈ। ਕੁਝ ਗਿਣਤੀ ਦੇ ਦੇਸ਼ਾਂ ਵਿਚ ਸਾਲ ਦੇ ਦੂਜੇ ਮਹੀਨਿਆਂ ਵਿਚ ਵੀ ਮਨਾਇਆ ਜਾਂਦਾ ਹੈ।

ਮੱਦਰਜ਼ ਡੇ. ਮਨਾਉਣ ਦੇ ਵੱਖਰੇ ਵੱਖਰੇ ਦੇਸ਼ਾਂ ਦੇ ਵੱਖਰੇ ਵੱਖਰੇ ਕਾਰਨ, ਦਲੀਲਾਂ ਤੇ ਤਰਕ ਹਨ। ਗਰੀਸ ਵਾਲੇ ਮੱਦਰਜ਼ ਡੇ ਮਨਾਉਣ ਦਾ ਸਬੰਧ ਪੁਰਾਣੇ ਗਰੀਸ ਵਿਚ ਹੁੰਦੀ ਮਾਂ ਦੀ ਪੂਜਾ ਨਾਲ ਜੋੜਦੇ ਹਨ। ਜਾਪਾਨ ਵਾਲੇ ਮੱਦਰਜ਼ ਡੇ. ਨੂੰ ਜਾਪਾਨ ਦੇ ਸ਼ਹਿਨਸ਼ਾਹ ਅਖੀਤੋ ਦੀ ਮਾਂ ਦੇ ਜਨਮ ਦਿਨ ਵਜੋਂ ਮਨਾਉਂਦੇ ਹਨ। ਏਸੇ ਤਰ੍ਹਾਂ ਚੀਨ, ਈਰਾਨ, ਇੰਗਲੈਂਡ, ਆਇਰਲੈਂਡ ਆਦਿ ਵਿਚ ਮੱਦਰਜ਼ ਡੇ ਮਨਾਉਣ ਦੇ ਆਪਣੇ ਤਰਕ ਤੇ ਦਲੀਲਾਂ ਹਨ। ਅਮਰੀਕਾ ਦੇ ਮੱਦਰਜ਼ ਡੇ ਮਨਾਉਣ ਦੇ ਆਪਣੇ ਤਰਕ ਹਨ। ਦਲੀਲਾਂ, ਤਰਕ ਚਾਹੇ ਕੋਈ ਵੀ ਹੋਣ, ਮੱਦਰਜ਼ ਡੇ ਮਨਾਉਣ ਦਾ ਅਸਲ ਮੰਤਵ ਤਾਂ ਮਾਂ ਦੀ ਮਹਾਨਤਾ ਨੂੰ ਸਤਿਕਾਰ ਦੇਣਾ ਹੈ। ਪਿਆਰ ਦੇਣਾ ਹੈ। ਮਾਂ ਨੂੰ ਯਾਦ ਰੱਖਣਾ ਹੈ।

ਅਮਰੀਕਾ ਵਿਚ ਜਿਸ ਚਰਚ ਵਿਚ ਪਹਿਲੀ ਵੇਰ ਮੱਦਰਜ਼ ਮਨਾਇਆ ਗਿਆ ਸੀ, ਹੁਣ ਚਰਚ ਦੀ ਉਸ ਬਿਲਡਿੰਗ ਨੂੰ ਇੰਟਰਨੈਸ਼ਨਲ ਮਦੱਰਜ਼ ਡੇ. ਸ਼ਰਾਈਨ ਦਾ ਨਾਂ ਦੇ ਕੇ ਅਮਰੀਕਾ ਦਾ ਨੈਸ਼ਨਲ ਇਤਿਹਾਸਕ ਚਿੰਨ੍ਹ ਬਣਾਇਆ ਗਿਆ ਹੈ। ਅਮਰੀਕਾ ਵਿਚ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਦੱਰਜ਼ ਡੇ ਮਨਾਉਣ ਦਾ ਬਿਲ 8 ਮਈ 1914 ਨੂੰ ਅਮਰੀਕਨ ਕਾਂਗਰਸ ਨੇ ਪਾਸ ਕੀਤਾ ਸੀ। ਇਸ ਮਨਜ਼ੂਰੀ ਪ੍ਰੈਜ਼ੀਡੈਂਟ ਨੇ 9 ਮਈ 1914 ਨੂੰ ਬਤੌਰ ਪਹਿਲੇ ਨੈਸ਼ਨਲ ਮੱਦਰਜ਼ ਡੇ ਵਜੋਂ ਦਿੱਤੀ ਸੀ। ਜਿਸ ਬੱਚੇ ਦੀ ਮਾਂ ਜਿਉਂਦੀ ਹੋਵੇ, ਉਸ ਮਾਂ ਨੂੰ ਉਸ ਦੇ ਬੱਚੇ ਮੱਦਰਜ਼ ਡੇ. ਤੇ ਆਮ ਤੌਰ ਤੇ ਲਾਲ ਫੁੱਲ ਭੇਂਟ ਕਰਦੇ ਹਨ। ਚਿੱਟਾ ਫੁੱਲ ਮਰੀ ਮਾਂ ਦੀ ਨਿਸ਼ਾਨੀ ਹੈ। ਅਮਰੀਕਾ ਵਿਚ ਮੱਦਰਜ਼ ਡੇ ਤੇ ਮਾਵਾਂ ਨੂੰ ਫੁੱਲ ਭੇਂਟ ਕੀਤੇ ਜਾਂਦੇ ਹਨ। ਗਰੀਟਿੰਗ ਕਾਰਡ ਦਿੱਤੇ ਜਾਂਦੇ ਹਨ। ਗਿਫਟ ਦਿੱਤੇ ਜਾਂਦੇ ਹਨ। ਰੈਸਟੋਰੈਂਟਾਂ ਵਿਚ ਖਾਣਾ ਖਵਾਇਆ ਜਾਂਦਾ ਹੈ। ਇਕ ਮੋਟੇ ਅੰਦਾਜ਼ੇ ਮੁਤਾਬਕ ਸਾਲ 2008 ਦੇ ਮੱਦਰਜ਼ ਡੇ ਤੇ 8.32 ਬਿਲੀਅਨ ਡਾਲਰ ਅਮਰੀਕਾ ਵਿਚ ਖਰਚ ਆਉਣ ਦਾ ਅਨੁਮਾਨ ਹੈ। ਮਾਂ ਦੀ ਮਮਤਾ ਮਾਂ ਹੀ ਜਾਣੇ ? ਮਾਂ ਆਪਣੀ ਔਲਾਦ ਦੇ ਸੁੱਖ ਵੇਖ ਕੇ ਸੁਖੀ ਹੁੰਦੀ ਹੈ। ਦੁੱਖ ਵੇਖ ਕੇ ਦੁਖੀ ਹੁੰਦੀ ਹੈ। ਮਾਂ ਦੀ ਮਹਾਨਤਾ ਤੇ ਪਿਆਰ ਬਾਰੇ ਸਾਡਾ ਮਹਾਨ ਕਵੀ ਪ੍ਰੋਫੈਸਰ ਮੋਹਨ ਸਿੰਘ ਆਪਣੀ ਕਵਿਤਾ ਮਾਂ ਵਿਚ ਲਿਖਦਾ ਹੈ—

"ਮਾਂ ਜਿਹਾ ਘਣ ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁੱਕਿਆ ਮੁਰਝਾਂਦੇ।

ਐਪਰ ਫੁੱਲਾਂ ਦਾ ਮੁਰਝਾਇਆ,
ਇਹ ਬੂਟਾ ਸੁੱਕ ਜਾਵੇ।

ਮਦੱਰਜ਼ ਡੇ ਤੇ ਅੱਜ ਮੈਨੂੰ ਅਮਰੀਕਾ ਵਿਚ ਬੈਠੇ ਨੂੰ ਆਪਣੀ ਸਵਰਗਵਾਸੀ ਮਾਂ ਸਰਦਾਰਨੀ ਹਰਨਾਮ ਕੌਰ ਕਹਿਲ ਦੀ ਬਹੁਤ ਯਾਦ ਆਈ ਹੈ। ਉਹ ਇਕ ਆਦਰਸ਼ਕ ਮਾਂ ਸੀ। ਉਨ੍ਹਾਂ ਦਾ ਜਨਮ ਸਾਲ 1916 ਵਿਚ ਪਿੰਡ ਬਰਹਮਪੁਰ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਪੰਜ ਭਰਾਵਾਂ ਦੀ ਕੱਲੀ ਹੀ ਭੈਣ ਸੀ। ਬੜੇ ਲਾਡ ਪਿਆਰ ਨਾਲ ਪਲੀ ਸੀ। ਉਸ ਸਮੇਂ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ਼ ਸੀ। ਇਸ ਲਈ 16 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ ਸੀ। ਬੇਬੇ ਜੀ ਵਿਚ ਦੂਜਿਆਂ ਦੇ ਕੰਮ ਆਉਣ ਦਾ ਬਹੁਤ ਵੱਡਾ ਗੁਣ ਸੀ। ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਨਾਲ ਉਨ੍ਹਾਂ ਦਾ ਬਹੁਤ ਮੇਲ ਮਿਲਾਪ ਸੀ। ਜਦ ਸਾਡੀ ਚੱਕ ਭਾਈਕੇ ਵਾਲੀ ਭੂਆ ਜੀ ਦੀ ਬੱਚੇ ਦੀ ਪੈਦਾਇਸ਼ ਤੋਂ ਕੁਝ ਹਫ਼ਤਿਆਂ ਪਿਛੋਂ ਮੌਤ ਹੋ ਗਈ ਤਾਂ ਉਹ ਭੂਆ ਜੀ ਦੇ ਉਸ ਲੜਕੇ ਨੂੰ ਤੇ ਦੂਸਰੇ ਦੋ ਲੜਕਿਆਂ ਨੂੰ, ਜਿਨ੍ਹਾਂ ਵਿਚੋਂ ਇਕ ਦੀ ਉਮਰ ਦੋ ਸਾਲ ਦੀ ਸੀ ਤੇ ਦੂਜੇ ਦੀ ਉਮਰ 3µ ਸਾਲ ਸੀ, ਪਿੰਡ ਲੈ ਆਏ। ਛੋਟੇ ਬੱਚੇ ਨੂੰ 8/9 ਮਹੀਨੇ ਆਪ ਪਾਲਿਆ। ਪਰ ਫੇਰ ਉਸ ਦੀ ਮੌਤ ਹੋ ਗਈ। ਦੂਸਰੇ ਦੋਵੇਂ ਲੜਕਿਆਂ ਨੂੰ ਆਪਣੇ ਕੋਲ ਰੱਖ ਕੇ ਪੰਜ ਪੰਜ ਜਮਾਤਾਂ ਪੜ੍ਹਾਈਆਂ। ਫੇਰ ਉਹ ਆਪਣੇ ਪਿੰਡ ਚੱਕ ਭਾਈਕੇ ਗਏ। ਏਸੇ ਤਰ੍ਹਾਂ ਮੇਰੇ ਵਧਾਤਿਆਂ ਵਾਲੀ ਭੂਆ ਜੀ ਦੇ ਲੜਕੇ ਨੂੰ ਗਿਆਰਵੀਂ ਤੇ ਬਾਰਵੀਂ ਜਮਾਤ ਦੀ ਪੜ੍ਹਾਈ ਆਪਣੇ ਕੋਲ ਰੱਖ ਕੇ ਕਰਵਾਈ। ਬੇਬੇ ਦਾ ਭਤੀਜਾ ਵੀ ਬੜੇ ਸਾਲ ਉਨ੍ਹਾਂ ਕੋਲ ਰਿਹਾ।

ਉਨ੍ਹਾਂ ਦੀ ਸਿਹਤ ਬਹੁਤ ਚੰਗੀ ਸੀ। ਹਰ ਵਕਤ ਘਰ ਵਿਚ ਤਿੰਨ ਚਾਰ ਲਵੇਰੇ ਹਮੇਸ਼ਾ ਰਹਿੰਦੇ ਸਨ। ਦੁੱਧ, ਘਿਉ ਦੀਆਂ ਲਹਿਰਾਂ ਬਹਿਰਾਂ ਸਨ। ਸਾਡਾ ਪਰਿਵਾਰ ਵੈਸ਼ਨੂੰ ਸੀ। ਏਸ ਲਈ ਤਕਰੀਬਨ ਸਾਰਾ ਸਾਲ ਹੀ ਪੰਜ਼ੀਰੀ, ਖੋਆ, ਗਾਜ਼ਰਪਾਕ (ਗਜ਼ਰੇਲਾ) ਘਰ ਵਿਚ ਬਣਿਆ ਹੀ ਰਹਿੰਦਾ ਸੀ। ਬੇਬੇ ਜੀ ਆਪ ਹੀ ਤਿਆਰ ਕਰ ਲੈਂਦੇ ਸਨ। ਕਿਹੜਾ ਇਨ੍ਹਾਂ ਤੇ ਮੁੱਲ ਲੱਗਦਾ ਸੀ। ਘਰ ਦਾ ਘਿਉ ਹੁੰਦਾ ਸੀ। ਘਰ ਦਾ ਦੁੱਧ ਹੁੰਦਾ ਸੀ। ਘਰ ਦੀਆਂ ਗਾਜਰਾਂ ਹੁੰਦੀਆਂ ਸਨ। ਘਰ ਵਾਲੇ ਹੀ ਬਣਾਉਣ ਵਾਲੇ ਹੁੰਦੇ ਸਨ। ਸਿਰਫ ਚੀਨੀ ਹੀ ਖਰੀਦਣੀ ਪੈਂਦੀ ਸੀ। ਉਨ੍ਹਾਂ ਸਮਿਆਂ ਅਨੁਸਾਰ ਉਹ ਚੱਕੀ ਤੇ ਆਟਾ ਤੇ ਦਾਣਾ ਆਪ ਪੀਂਹਦੇ ਸਨ। ਦੁੱਧ ਆਪ ਰਿੜਕਦੇ ਸਨ। ਖੇਤ ਰੋਟੀ ਲੈ ਕੇ ਜਾਂਦੇ ਸਨ। ਕੰਮ ਕਰਨ ਨੂੰ ਤਾਂ ਨ੍ਹੇਰੀ ਸਨ।

ਮੈਂ ਨੌਕਰੀ ਦੇ ਸਿਲਸਿਲੇ ਵਿਚ ਪਹਿਲਾਂ ਰਾਮਪੁਰਾ ਫੂਲ, ਫੇਰ ਲੁਧਿਆਣੇ ਬੱਚਿਆਂ ਸਮੇਤ ਰਹਿਣ ਲੱਗ ਪਿਆ। ਮੇਰੇ ਨਾਲੋਂ ਛੋਟਾ ਭਰਾ ਆਸਟ੍ਰੇਲੀਆ ਚਲਿਆ ਗਿਆ। ਪਿੰਡ ਸਭ ਤੋਂ ਛੋਟਾ ਰਹਿੰਦਾ ਹੈ। ਬੇਬੇ ਜੀ ਉਨ੍ਹਾਂ ਕੋਲ ਰਹਿੰਦੇ ਸਨ। ਮਹੀਨੇ ਬੀਹਾਂ ਦਿਨਾਂ ਪਿਛੋਂ ਪਿੰਡ ਉਨ੍ਹਾਂ ਨੂੰ ਮਿਲਣ ਆਉਣਾ। ਉਸ ਨੇ ਬੜਾ ਖੁਸ਼ ਹੋਣਾ। ਹੌਂਸਲਾ ਤੇ ਆਤਮ ਵਿਸ਼ਵਾਸ ਉਨ੍ਹਾਂ ਵਿਚ ਬਹੁਤ ਸੀ। ਜਦ ਸਾਲ 1982 ਵਿਚ ਬਾਪੂ ਜੀ ਦੀ ਅਚਨਚੇਤ ਮੌਤ ਹੋਈ ਤਾਂ ਉਨ੍ਹਾਂ ਨੇ ਬਾਪੂ ਜੀ ਦੀ ਮੌਤ ਨੂੰ ਬਹੁਤ ਹੀ ਹੌਂਸਲੇ ਤੇ ਦਲੇਰੀ ਨਾਲ ਬਰਦਾਸ਼ਤ ਕੀਤਾ। ਨਾ ਆਪ ਡੋਲੇ ਅਤੇ ਨਾ ਹੀ ਸਾਨੂੰ ਡੋਲਣ ਦਿੱਤਾ। ਅਸੀਂ ਸਾਰੇ ਭੈਣ ਭਰਾ ਵਿਆਹੇ ਹੋਏ ਸੀ। ਆਪਣੇ ਪਰਿਵਾਰਾਂ ਵਿਚ ਚੰਗੀ ਤਰ੍ਹਾਂ ਸੈਟ ਸੀ। ਬੇਬੇ ਜੀ ਦੀ ਛੱਤਰ ਛਾਇਆ ਹੇਠ ਅਸੀਂ

ਬਾਪੂ ਜੀ ਦੀ ਮੌਤ ਤੋਂ ਪਿਛੋਂ ਵੀ ਤਿੰਨੇ ਭਰਾ 14 ਸਾਲ ਕੱਠੇ ਰਹੇ। ਹੱਥ ਦੇ ਉਹ ਬੜੇ ਖੁੱਲ੍ਹੇ ਸਨ। ਸਖੀ ਸਨ। ਹਰ ਲੋੜਵੰਦ ਦੀ ਮੱਦਦ ਕਰਦੇ ਸਨ। ਹਰ ਆਏ ਰਿਸ਼ਤੇਦਾਰ ਦਾ ਆਦਰ ਸਤਿਕਾਰ ਕਰਦੇ ਸਨ। ਜਾਣ ਵੇਲੇ ਹਰ ਰਿਸ਼ਤੇਦਾਰ ਦੀ ਮੁੱਠੀ ਵਿਚ ਕੁਝ ਨਾ ਕੁਝ ਦੇ ਕੇ ਤੋਰਦੇ ਸਨ।

ਬੇਬੇ ਜੀ ਗੀਤਾਂ ਦਾ ਤਾਂ ਖਜ਼ਾਨਾ ਸਨ। ਹਰ ਉਮਰ ਤੇ ਹਰ ਤਿੱਥ ਤਿਉਹਾਰ ਬਾਰੇ ਉਨ੍ਹਾਂ ਨੂੰ ਅਨੇਕਾਂ ਗੀਤ ਆਉਂਦੇ ਸਨ।ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਘੱਟ ਹੀ ਪੜ੍ਹਾਇਆ ਜਾਂਦਾ ਸੀ। ਕੁੜੀਆਂ ਚਰਖੇ ਕੱਤਦੀਆਂ, ਦਰੀਆਂ ਬੁਣਦੀਆਂ ਤੇ ਫੁਲਕਾਰੀਆਂ ਕੱਢਦੀਆਂ ਗੀਤ ਸਿੱਖਦੀਆਂ ਰਹਿੰਦੀਆਂ ਸਨ। ਉਨ੍ਹਾਂ ਸਮਿਆਂ ਵਿਚ ਵਿਆਹ ਤੋਂ ਦੋ ਦੋ ਮਹੀਨੇ ਪਹਿਲਾਂ ਗੀਤ ਗਾਉਣ ਦਾ ਰਿਵਾਜ਼ ਹੁੰਦਾ ਸੀ। ਉਸ ਸਮੇਂ ਵੀ ਕੁੜੀਆਂ ਨੂੰ ਗੀਤ ਯਾਦ ਹੋ ਜਾਂਦੇ ਸਨ।

ਮੇਰੇ ਬਾਪੂ ਜੀ ਆਪਣੇ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਮੇਰੇ ਵੱਡੇ ਚਾਚੀ ਜੀ ਤੇ ਚਾਚਾ ਜੀ ਦੀ ਮੌਤ ਹੋ ਚੁੱਕੀ ਹੈ। ਮੇਰੇ ਦੂਸਰੇ ਚਾਚੀ ਜੀ ਦੀ 15 ਦਸੰਬਰ 2001 ਨੂੰ ਮੌਤ ਹੋ ਗਈ। ਮੈਂ ਉਨ੍ਹਾਂ ਦੇ ਸੱਸਕਾਰ ਤੇ ਪਿੰਡ ਗਿਆ ਸੀ। ਸੱਸਕਾਰ ਤੋਂ ਬਾਅਦ ਬੇਬੇ ਜੀ ਨੂੰ ਮੈਂ ਘਰ ਮਿਲਿਆ। ਬੇਬੇ ਜੀ ਸੱਸਕਾਰ ਤੇ ਨਹੀਂ ਆਏ ਸਨ। ਉਨ੍ਹਾਂ ਦੀ ਉਮਰ ਉਸ ਸਮੇਂ 86 ਸਾਲ ਦੇ ਕਰੀਬ ਸੀ। ਬਾਹਰ ਅੰਦਰ ਘੱਟ ਜਾਂਦੇ ਸਨ। ਜ਼ਿਆਦਾ ਘਰੇ ਹੀ ਰਹਿੰਦੇ ਸਨ। ਦੁਪਹਿਰ ਦੀ ਰੋਟੀ ਮੈਂ ਉਨ੍ਹਾਂ ਨਾਲ ਖਾਦੀ। ਸੋਹਣੀਆਂ ਗੱਲਾਂ ਕਰਦੇ ਰਹੇ। ਕਹਿੰਦੇ, "ਮੈਂ ਸਭ ਤੋਂ ਵੱਡੀ ਹਾਂ। ਮੈਥੋਂ ਛੋਟੀਆਂ ਮੈਥੋਂ ਪਹਿਲਾਂ ਤੁਰ (ਮਰ) ਗਈਆਂ।" ਮੈਂ ਕੋਈ ਦੋ ਘੰਟੇ ਉਨ੍ਹਾਂ ਕੋਲ ਰਿਹਾ। ਜਦ ਮੈਂ ਲੁਧਿਆਣੇ ਆਉਣ ਦੀ ਅਜਾਜ਼ਤ ਮੰਗੀ ਤਾਂ ਕਹਿਣ ਲੱਗੇ, "ਛੇਤੀ ਛੇਤੀ ਮਿਲ ਜਾਇਆ ਕਰ। ਮੇਰੀ ਅੱਖ ਦੀ ਦਵਾਈ ਖ਼ਤਮ ਹੋਣ ਵਾਲੀ ਹੈ, ਕੱਲ ਨੂੰ ਆਉਂਦਾ ਹੋਇਆ ਦੁਆਈ ਲੈ ਆਉਣਾ।" ਉਨ੍ਹਾਂ ਦੀ ਦੂਜੀ ਅੱਖ ਦਾ ਉਪਰੇਸ਼ਨ ਮੈਂ ਲੁਧਿਆਣੇ ਤੋਂ ਕਰਵਾਇਆ ਸੀ।

ਮੈਂ ਸ਼ਾਮ ਨੂੰ ਲੁਧਿਆਣੇ ਆ ਗਿਆ।16 ਦਸੰਬਰ ਦੀ ਸਵੇਰ ਨੂੰ 6.30 ਵਜੇ ਮੇਰੀ ਭੈਣ ਪਰਮਜੀਤ ਦਾ ਬੇਬੇ ਜੀ ਦੇ ਪੂਰੇ (ਮੌਤ) ਹੋਣ ਬਾਰੇ ਟੈਲੀਫੂਨ ਆ ਗਿਆ। ਸੁਣ ਕੇ ਵਿਸ਼ਵਾਸ ਜਿਹਾ ਨਾ ਆਵੇ। ਅਜੇ ਮੈਂ ਪਹਿਲੀ ਸ਼ਾਮ ਨੂੰ ਉਨ੍ਹਾਂ ਨੂੰ ਚੰਗੀ ਭਲੀ, ਖਾਂਦੀ ਪੀਂਦੀ, ਗੱਲਾਂ ਕਰਦੀ, ਨਸੀਹਤਾਂ ਦਿੰਦੀ ਨੂੰ ਛੱਡ ਕੇ ਆਇਆ ਸੀ। ਉਨ੍ਹਾਂ ਨੂੰ ਕੀ ਹੋਇਆ ਸੀ, ਇਹ ਤਾਂ ਡਾਕਟਰ ਹੀ ਦੱਸ ਸਕਦੇ ਹਨ ? ਪਰ ਇਹੋ ਜਿਹੀ ਮੌਤ ਕਰਮਾਂ ਵਾਲਿਆਂ ਨੂੰ ਹੀ ਮਿਲਦੀ ਹੈ। ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਹਨ। ਮਾਵਾਂ ਤੋਂ ਬਿਨਾਂ ਛਾਵਾਂ ਕੌਣ ਕਰਦਾ ਹੈ—

ਮੈਂ ਸੌ ਸੌ ਰੁੱਖ ਪਈ ਲਾਵਾਂ,
ਰੁੱਖ ਤਾਂ ਹਰੇ ਭਰੇ।
ਮਾਵਾਂ ਠੰਡੀਆਂ ਛਾਵਾਂ,
ਛਾਵਾਂ ਕੌਣ ਕਰੇ ?

ਜਿਸ ਘਰ ਵਿਚ ਮਾਂ ਬਾਪ ਦੀ ਸੇਵਾ ਹੈ। ਸੰਭਾਲ ਹੈ। ਉਸ ਘਰ ਵਿਚ ਸ਼ਾਂਤੀ ਹੈ। ਪਿਆਰ ਹੈ। ਸੰਤੁਸ਼ਟਤਾ ਹੈ। ਨਿੱਘ ਹੈ। ਨਿਰਮਾਨਤਾ ਹੈ। ਉਹ ਘਰ ਹੀ ਸਵਰਗ ਹੈ।

# ਫਰੀਮਾਂਟ ਸ਼ਹਿਰ

ਮੈਂ ਪਿਛਲੇ ਚਾਰ ਮਹੀਨਿਆਂ ਤੋਂ ਕੈਲੀਫੋਰਨੀਆਂ ਸਟੇਟ ਦੇ ਪੰਜਾਬੀ ਦੇ ਨਿਕਲਦੇ ਹਰ ਅਖਬਾਰ ਵਿਚ ਫਰੀਮਾਂਟ ਗੁਰੂਦਵਾਰੇ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀਆਂ ਧੂੰਆਂਧਾਰ ਖਬਰਾਂ ਪੜ੍ਹ ਰਿਹਾ ਹਾਂ। ਗੁਰੂਦਵਾਰੇ ਦੀ ਮੌਜੂਦਾ ਕਮੇਟੀ ਦੇ ਕੀਤੇ ਗਲਤ ਕੰਮਾਂ ਦਾ ਅਖਬਾਰਾਂ ਰਾਹੀਂ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਗੁਰੂਦਵਾਰੇ ਵਲੋਂ ਖਰੀਦੀ 100 ਏਕੜ ਦੇ

ਲਗਭਗ ਪਹਾੜੀ ਜ਼ਮੀਨ ਅਤੇ ਉਸ ਜ਼ਮੀਨ ਨੂੰ ਠੀਕ ਕਰਨ ਤੇ ਕੀਤੇ ਖਰਚੇ ਨੂੰ ਨਜਾਇਜ਼ ਦੱਸਿਆ ਜਾ ਰਿਹਾ ਹੈ। ਇਹ ਵੀ ਲੋਕਾਂ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਫਰੀਮਾਂਟ ਸ਼ਹਿਰ ਦੀ ਕੌਂਸ਼ਲ ਨੇ ਗੁਰੂਦਵਾਰੇ ਵਲੋਂ ਖਰੀਦੀ ਜ਼ਮੀਨ ਉਪਰ ਗੁਰੂਦਵਾਰਾ ਸਾਹਿਬ ਦੀ ਬਿਲਡਿੰਗ ਦੀ ਉਸਾਰੀ ਅਤੇ ਹੋਰ ਕਿਸੇ ਕਿਸਮ ਦੀ ਬਿਲਡਿੰਗ ਬਣਾਉਣ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਏਸੇ ਕਿਸਮ ਦਾ ਹੋਰ ਵੀ ਕਈ ਨਾ ਪੱਖੀ ਪ੍ਰਚਾਰ ਕੀਤਾ ਜਾ ਰਿਹਾ ਹੈ।

ਫਰੀਮਾਂਟ ਵਿਚ ਪੰਜਾਬੀਆਂ ਦੀ ਕਾਫੀ ਆਬਾਦੀ ਹੈ। ਜਿਸ ਤਰ੍ਹਾਂ ਭਾਰਤ ਵਿਚ ਚੋਣ ਲੜਨ ਲਈ ਵੱਖ-ਵੱਖ ਪਾਰਟੀਆਂ ਹਨ, ਉਸੇ ਤਰ੍ਹਾਂ ਫਰੀਮਾਂਟ ਦੇ ਗੁਰੂਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਕਬਜ਼ਾ ਕਰਨ ਲਈ ਕਈ ਪਾਰਟੀਆਂ ਬਣੀਆਂ ਹੋਈਆਂ ਹਨ। ਏਥੇ ਗੁਰੂਦਵਾਰੇ ਦੀਆਂ ਚੋਣਾਂ ਲੜ ਰਹੀਆਂ ਪਾਰਟੀਆਂ ਨੂੰ ਸਲੇਟਾਂ ਦਾ ਨਾਂ ਦਿੱਤਾ ਗਿਆ ਹੈ। ਸਿਆਣੇ ਕਹਿੰਦੇ ਹਨ ਜਿਸ ਤਰ੍ਹਾਂ ਦੀ ਕਿਸੇ ਬੰਦੇ ਦੀ ਆਦਤ, ਸੁਭਾਅ ਬਣ ਜਾਵੇ, ਉਹ ਬੰਦਾ ਜਿਥੇ ਮਰਜ਼ੀ ਚਲਿਆ ਜਾਵੇ, ਉਸ ਦੀਆਂ ਆਦਤਾਂ, ਸੁਭਾਅ ਉਸ ਦੇ ਨਾਲ ਹੀ ਜਾਂਦਾ ਹੈ। ਏਸੇ ਤਰ੍ਹਾਂ ਹੀ ਕਈ ਆਦਤਾਂ, ਸੁਭਾਅ ਕਿਸੇ ਕੌਮ, ਜਾਤੀ ਤੇ ਸ਼੍ਰੇਣੀ ਦੀਆਂ ਬਣ ਜਾਂਦੀਆਂ ਹਨ। ਉਹ ਆਦਤਾਂ, ਸੁਭਾਅ ਵੀ ਉਸ ਕੌਮ, ਜਾਤੀ ਤੇ ਸ਼੍ਰੇਣੀ ਦੇ ਲੋਕ ਜਿਥੇ ਵੀ ਜਾਂਦੇ ਹਨ, ਉਹ ਉਨ੍ਹਾਂ ਦੇ ਨਾਲ ਹੀ ਜਾਂਦੀਆਂ ਹਨ। ਏਸ ਕਰਕੇ ਤਾਂ ਵਾਰਸ ਸ਼ਾਹ ਕਹਿੰਦਾ ਹੈ—

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

ਸਾਡੇ ਪੰਜਾਬੀ ਭਰਾ ਦੁਨੀਆਂ ਦੇ ਜਿਸ ਹਿੱਸੇ ਵਿਚ ਗਏ ਹਨ, ਉਥੇ ਉਨ੍ਹਾਂ ਦੀਆਂ ਆਦਤਾਂ ਤੇ ਸੁਭਾਅ ਵੀ ਨਾਲ ਹੀ ਗਏ ਹਨ। ਇਨ੍ਹਾਂ ਆਦਤਾਂ ਤੇ ਸੁਭਾਅ ਵਿਚ ਇਕ ਭੈੜੀ ਆਦਤ ਐਵੇਂ ਹੀ, ਖਾਹ ਮੁਖਾਹ ਹੀ ਚੌਧਰ ਲਈ ਲੜਾਈ ਦੀ ਹੈ। ਇਨ੍ਹਾਂ ਲੜਾਈਆਂ ਵਿਚੋਂ ਇਕ ਮਸ਼ਹੂਰ ਲੜਾਈ ਗੁਰੂਦਵਾਰਿਆਂ ਤੇ ਕਬਜ਼ਾ ਕਰਨ ਦੀ ਲੜਾਈ ਹੈ। ਮੇਰੇ ਮਨ ਵਿਚ ਇਛਾ ਜਾਗੀ ਕਿ ਜਿਸ ਫਰੀਮਾਂਟ ਗੁਰਦੂਵਾਰੇ ਤੇ ਕਬਜ਼ਾ ਕਰਨ ਲਈ ਚਾਰ ਪਾਰਟੀਆਂ ਦਾ ਘਮਸ਼ਾਨ ਦਾ ਯੁੱਧ ਹੋ ਰਿਹਾ ਹੈ, ਉਸ ਗੁਰੁਦਵਾਰਾ ਸਾਹਿਬ ਨੇ ਦਰਸ਼ਨ ਕੀਤੇ ਜਾਣ। ਮੇਰੀ ਇਹ ਇੱਛਾ ਛੇਤੀ ਹੀ ਪੂਰੀ ਹੋ ਗਈ, ਜਦ ਅਸੀਂ ਮਈ 2008 ਵਿਚ ਇਕ ਦਿਨ ਸ਼ਾਨ ਫਰਾਂਸ਼ਿਸ਼ਕੋ ਨੂੰ ਜਾਂਦੇ ਹੋਏ ਫਰੀਮਾਂਟ ਗੁਰੂਦਵਾਰਾ ਸਾਹਿਬ ਦੇ ਦਰਸ਼ਨ ਕੀਤੇ। ਮਨ ਨੂੰ ਬਹੁਤ ਸ਼ਾਂਤੀ ਮਿਲੀ। ਇਹ ਗੁਰੂਦਵਾਰਾ ਸਾਹਿਬ ਨਾਈਲਜ਼ ਏਰੀਏ ਵਿਚ ਬਣਿਆ ਹੋਇਆ ਹੈ।

ਹੁਣ ਮੈਂ ਥੋੜੀ ਜਿਹੀ ਜਾਣਕਾਰੀ ਤੁਹਾਨੂੰ ਫਰੀਮਾਂਟ ਸ਼ਹਿਰ ਬਾਰੇ ਦਿੰਦਾ ਹਾਂ। ਫਰੀਮਾਂਟ ਸ਼ਹਿਰ ਪੰਜ ਛੋਟੇ ਸ਼ਹਿਰਾਂ ਸੈਂਟਰਵਿਲੀ, ਇਰਵਿੰਗਟਨ, ਮਿਸ਼ਨ ਸੇਨ ਹੋਜੇ, ਨਾਈਲਜ਼ ਤੇ ਵਾਰਮ ਸਪਰਿੰਗਜ਼ ਨੂੰ ਮਿਲਾ ਕੇ ਸਾਲ 1956 ਵਿਚ ਬਣਾਇਆ ਗਿਆ ਹੈ। ਇਹ ਕੈਲੀਫੋਰਨੀਆਂ ਸਟੇਟ ਦਾ ਸ਼ਹਿਰ ਹੈ। ਸ਼ਾਨ ਫਰਾਂਸ਼ਿਸਕੋ ਬੇਅ ਏਰੀਏ ਦੇ ਦੱਖਣ ਪੂਰਬ ਵਿਚ ਸਥਿਤ ਹੈ। ਬੇਅ-ਏਰੀਏ ਦਾ ਚੌਥਾ ਵੱਡਾ ਸ਼ਹਿਰ ਹੈ। ਸ਼ਹਿਰ ਦਾ ਨਾਂ ਜੌਹਨ ਚਾਰਲਿਸ ਫਰੀਮਾਂਟ ਦੇ ਨਾਂ ਤੇ ਰੱਖਿਆ ਗਿਆ ਹੈ। ਉਹ ਇਕ ਮਹਾਨ ਖੋਜ਼ੀ ਸੀ।

ਇਹ ਸ਼ਹਿਰ 226 ਕਿਲੋਮੀਟਰ ਦੇ ਘੇਰੇ ਵਿਚ ਵਸਿਆ ਹੋਇਆ ਹੈ। ਸਾਲ 2005

ਵਿਚ ਇਸ ਦੀ ਆਬਾਦੀ 2 ਲੱਖ 10 ਹਜ਼ਾਰ ਸੀ। ਏਸ ਆਬਾਦੀ ਵਿਚ ਅਫਗਾਨਸਤਾਨ ਦੇ ਰਿਊਜ਼ੀਆਂ ਦੀ ਕਾਫੀ ਗਿਣਤੀ ਹੈ। ਸਾਲ 2001 ਦੀ ਰੀਪੋਰਟ ਅਨੁਸਾਰ ਸਾਰੇ ਅਮਰੀਕਾ ਵਿਚੋਂ ਅਫਗਾਨਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਫਰੀਮਾਂਟ ਸ਼ਹਿਰ ਦੇ ਏਰੀਏ ਸੈਂਟਰਵਿਲੀ ਵਿਚ ਹੈ। ਸੈਂਟਰਵਿਲੀ ਏਰੀਏ ਨੂੰ ਤਾਂ ਕਈ ਲੋਕ "ਲਿਟਲ ਕਾਬਲ" ਵੀ ਕਹਿੰਦੇ ਹਨ। ਫਰੀਮਾਂਟ ਵਿਚ ਬੋਲਿਆਂ ਦਾ ਸਕੂਲ ਹੋਣ ਕਰਕੇ ਏਥੇ ਬੋਲਿਆਂ ਦੀ ਵੀ ਕਾਫੀ ਵਸੋਂ ਹੈ।

ਯੂਨੀਵਰਸਿਟੀ ਆਫ ਕੈਲੀਫੋਰਨੀਆਂ ਬਰਕਲੇ ਦਾ ਫਰੀਮਾਂਟ ਵਿਚ ਐਕਸ਼ਟੈਂਨਸਨ ਕੈਂਪਸ ਹੈ। ਯੂਨੀਵਰਸਿਟੀ ਆਫ ਫੋਨਿਕਸ ਬੇਅ ਏਰੀਆ ਦਾ ਕੈਂਪਸ ਵੀ ਹੈ। ਏਥੋਂ ਦੀ ਆਮਦਨ ਦੇ ਮੁੱਖ ਸੋਮੇ ਫਲਾਂ ਦੇ ਬਾਗ, ਵਿਸ਼ੇਸ਼ ਤੌਰ ਤੇ ਅੰਗੂਰ, ਫਲਾਂ ਦੀਆਂ ਨਰਸ਼ਰੀਆਂ ਤੇ ਜੈਤੂਨ ਹਨ। ਮੋਟਰ ਗੱਡੀਆਂ ਬਣਾਉਣ ਵਾਲੀ ਜਗਤ ਪ੍ਰਸਿੱਧ ਜਨਰਲ ਮੋਟਰਜ਼ (G.M.) ਫਰੀਮਾਂਟ ਵਿਚ ਸਭ ਤੋਂ ਜ਼ਿਆਦਾ ਰੁਜ਼ਗਾਰ ਦੇਣ ਵਾਲੀ ਇੰਡਸਟਰੀ ਹੈ। ਸਾਲ 1980 ਵਿਚ ਜੀ. ਐਮ. ਦੀ ਟੋਇਟਾ ਨਾਲ ਸਾਂਝ ਪਾਉਣ ਕਰਕੇ ਤਕਨੀਕੀ ਰੁਜ਼ਗਾਰ ਵਿਚ ਬਹੁਤ ਵਾਧਾ ਹੋਇਆ ਹੈ। ਏਸੇ ਵਾਧੇ ਨੇ ਸ਼ਹਿਰ ਦੀ ਤਰੱਕੀ ਵਿਚ ਹੋਰ ਹਿੱਸਾ ਪਾਇਆ ਹੈ।

ਏਥੋਂ ਦੀ ਨਾਈਲਜ਼ ਕੈਨੀਅਨ ਰੇਲਵੇ ਅਲਾਮੀਦਾ ਖਾੜੀ ਦੁਆਲੇ ਚਲਦੀ ਹੈ। ਏਸ ਰੇਲ ਵਿਚ ਹਫਤੇ ਦੇ ਅੰਤ ਦੇ ਦਿਨੀ ਤੇ ਛੁੱਟੀਆਂ ਵਾਲੇ ਦਿਨ ਲੋਕੀ ਸੈਰ ਸਪਾਟਾ ਕਰਨ ਲਈ ਜਾਂਦੇ ਹਨ। ਇਸ ਟ੍ਰੇਨ ਦੀ ਸੈਰ ਐਨੀ ਹਰਮਨ ਪਿਆਰੀ ਹੈ ਕਿ ਇਸ ਦੀਆਂ ਟਿਕਟਾਂ ਐਡਵਾਂਸ ਵਿਚ ਵਿਕ ਜਾਂਦੀਆਂ ਹਨ। ਏਥੋਂ ਦਾ ਵਾਰਮ ਸਪਰਿੰਗਜ਼ ਏਰੀਆ ਸਿਲੀਕੋਨ ਵੈਲੀ ਦੇ ਨੇੜੇ ਪੈਂਦਾ ਹੋਣ ਕਰਕੇ ਏਥੇ ਬਹੁਤ ਸਾਰੀਆਂ ਹਾਈ-ਟੈਕ ਕੰਪਨੀਆਂ ਦੇ ਹੈੱਡ ਕੁਆਟਰ ਹਨ। ਏਸ ਏਰੀਏ ਵਿਚ ਹੀ G. M. ਤੇ Toyota ਮੋਟਰ ਗੱਡੀਆਂ ਬਣਾਉਣ ਦਾ ਪਲਾਂਟ ਲੱਗਿਆ ਹੋਇਆ ਹੈ।

# ਸਨ ਹੋਜ਼ੇ—ਕੈਪੀਟਲ ਆਫ ਸਿਲੀਕੋਨ ਵੈਲੀ

ਮਨ ਵਿਚ ਬਹੁਤ ਦੇਰ ਦੀ ਉਸ ਸ਼ਹਿਰ ਨੂੰ ਵੇਖਣ ਦੀ ਇੱਛਾ ਸੀ, ਜਿਹੜਾ ਸ਼ਹਿਰ ਉਸ ਯੰਤਰ ਨੂੰ ਤਿਆਰ ਕਰਨ ਦਾ ਗੜ੍ਹ ਮੰਨਿਆ ਜਾਂਦਾ ਹੈ, ਜਿਸ ਦੀ ਵਰਤੋਂ ਨੇ ਸਾਰੇ ਸੰਸਾਰ ਨੂੰ ਆਪਣੀ ਮੁੱਠੀ ਵਿਚ ਲਿਆ ਹੋਇਆ ਹੈ। ਜਿਸ ਦੀ ਵਰਤੋਂ ਸਿੱਧੇ ਅਸਿੱਧੇ ਢੰਗ ਨਾਲ ਸਾਰੇ ਸੰਸਾਰ ਵਿਚ ਹੁੰਦੀ ਹੈ। ਜਿਸ ਸ਼ਹਿਰ ਦੇ ਨਾ ਦਾ ਡੰਕਾ ਸਾਰੇ ਸੰਸਾਰ ਵਿਚ ਵੱਜਿਆ ਹੋਇਆ ਹੈ। ਜਿਸ ਸ਼ਹਿਰ ਨੂੰ ਸਿਲੀਕੋਨ ਵੈਲੀ ਦੀ ਰਾਜਧਾਨੀ ਕਿਹਾ ਜਾਂਦਾ ਹੈ।

ਇਸ ਸ਼ਹਿਰ ਦਾ ਨਾਂ ਹੈ ਸਨ ਹੋਜ਼ੇ ਤੇ ਇਸ ਯੰਤਰ ਦਾ ਨਾਂ ਹੈ ਕੰਪਿਊਟਰ। ਇਸ ਕੰਪਿਊਟਰ ਇੰਡਸਟਰੀ ਵਿਚ 30 ਪ੍ਰਤੀਸ਼ਤ ਦੇ ਨੇੜੇ ਤੇੜੇ ਤੇ ਭਾਰਤੀ ਹੀ ਕੰਮ ਕਰਦੇ ਹਨ। ਕੰਪਿਊਟਰ ਦੇ ਕਈ ਹਿੱਸਿਆਂ ਦੀਆਂ ਕਾਢਾਂ ਦੇ ਤਾਂ ਜਨਮ ਦਾਤਾ ਵੀ ਭਾਰਤੀ ਹਨ।

ਮੈਨੂੰ ਇਸ ਸ਼ਹਿਰ ਨੂੰ ਜੂਨ 2008 ਵਿਚ ਵੇਖਣ ਦਾ ਮੌਕਾ ਮਿਲਿਆ। ਅਸੀਂ ਇਸ ਸ਼ਹਿਰ ਵਿਚ ਇਕ ਸਮਾਜਿਕ ਫੰਕਸ਼ਨ ਅਟੈਂਡ ਕੀਤਾ। ਫੰਕਸ਼ਨ ਤੋਂ ਵਿਹਲੇ ਹੋ ਕੇ ਪਹਿਲਾਂ ਅਸੀਂ ਮਸ਼ਹੂਰ ਕੰਪਿਊਟਰ ਕੰਪਨੀਆਂ ਦੇ ਹੈਡਕੁਆਟਰਾਂ ਤੇ ਝਾਤ ਮਾਰੀ। ਫੇਰ ਅਸੀਂ ਏਥੋਂ ਦੇ ਸਭ ਤੋਂ ਵੱਡੇ ਗੁਰੂਦਵਾਰਾ ਸਾਹਿਬ ਦੇ ਦਰਸ਼ਨ ਕੀਤੇ। ਸਨਹੋਜ਼ੇ ਦੀਆਂ ਪ੍ਰਸਿੱਧ ਥਾਵਾਂ ਵਿਚੋਂ ਇਕ ਥਾਂ ਮਾਰਟਨ ਲੂਥਰ ਕਿੰਗ ਜੂਨੀਅਰ ਲਾਇਬ੍ਰੇਰੀ ਵੇਖੀ। ਇਕ ਪੰਛੀ ਝਾਤ ਏਥੋਂ ਦੇ ਡਾਊਨ ਟਾਊਨ ਦੀ ਮਾਰੀ।

ਸਨ ਹੋਜੇ, ਕੈਲੀਫੋਰਨੀਆਂ ਸਟੇਟ ਦਾ ਤੀਜਾ ਵੱਡਾ ਸ਼ਹਿਰ ਹੈ। ਅਮਰੀਕਾ ਦਾ ਦਸਵਾਂ ਵੱਡਾ ਸ਼ਹਿਰ ਬਣਦਾ ਹੈ। ਸ਼ਾਂਟਾ ਕਲਾਰਾ ਵੈਲੀ ਵਿਚ ਸਥਿਤ ਹੈ। ਕਾਊਂਟੀ ਵੀ ਸ਼ਾਂਟਾ ਕਲਾਰਾ ਪੈਂਦੀ ਹੈ। ਸਨ ਹੋਜ਼ੇ, ਸਨ ਫਰਾਂਸ਼ਿਸ਼ਕੋ ਬੇਅ ਏਰੀਏ ਦੇ ਧੁਰ ਦੱਖਣ ਵਿਚ ਪੈਂਦਾ ਹੈ। ਏਸ ਖਿੱਤੇ ਨੂੰ ਹੀ ਸਿਲੀਕੋਨ ਵੈਲੀ ਕਹਿੰਦੇ ਹਨ। ਕਿਸੇ ਸਮੇਂ ਸਨ ਹੋਜ਼ੇ ਇਕ ਛੋਟਾ ਜਿਹਾ ਖੇਤੀਬਾੜੀ ਕਰਨ ਵਾਲਾ ਸ਼ਹਿਰ ਸੀ। ਏਥੇ ਫਲਾਂ ਦੇ ਬਗੀਚੇ ਹੁੰਦੇ ਸਨ। ਸਾਲ 1960 ਤੋਂ 1990 ਦੇ ਵਿਚਕਾਰ ਦੇ ਸਮੇਂ ਵਿਚ ਸਨ ਹੋਜ਼ੇ ਨਵੇਂ ਸ਼ਹਿਰੀ ਵਸਨੀਕਾਂ ਦਾ ਖਿੱਚ ਦਾ ਕੇਂਦਰ ਬਣਿਆ ਰਿਹਾ। ਜਿਸ ਕਰਕੇ ਆਬਾਦੀ ਵਿਚ ਬਹੁਤ ਵਾਧਾ ਹੋਇਆ। ਜਨਵਰੀ 2008 ਵਿਚ ਸਨ ਹੋਜ਼ੇ ਦੀ ਆਬਾਦੀ 9 ਲੱਖ 90 ਹਜ਼ਾਰ ਹੋ ਗਈ। ਇਹ ਸ਼ਹਿਰ ਹੁਣ 462 ਵਰਗ ਕਿਲੋਮੀਟਰ ਘੇਰੇ ਵਿਚ ਵਸਿਆ ਹੋਇਆ ਹੈ।

29 ਨਵੰਬਰ 1777 ਵਿਚ ਸਨ ਹੋਜ਼ੇ ਨੂੰ ਆਬਾਦ ਕਰਨ ਦੀ ਨੀਂਹ ਰੱਖੀ ਗਈ। ਸਾਲ 1850 ਵਿਚ ਕੈਲੀਫੋਰਨੀਆਂ ਨੂੰ ਸਟੇਟ ਬਣਾਇਆ ਗਿਆ। ਉਸ ਸਮੇਂ ਸਨ ਹੋਜ਼ੇ ਨੂੰ ਕੈਲੀਫੋਰਨੀਆਂ ਦੀ ਪਹਿਲੀ ਰਾਜਧਾਨੀ ਬਣਾਇਆ ਗਿਆ। ਹੁਣ ਤਾਂ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਨਟੋ ਹੈ। ਸਾਲ 1990 ਦੇ ਅਖੀਰ ਵਿਚ ਹੀ ਸ਼ਨ ਹੋਜ਼ੇ ਕੰਪਿਊਟਰ ਇੰਡਸਟਰੀ ਦਾ ਕੇਂਦਰ ਬਣ ਗਿਆ ਸੀ। ਏਸੇ ਕਰਕੇ ਇਸ ਨੂੰ "ਕੈਪੀਟਲ ਆਫ ਸਿਲੀਕੋਨ ਵੈਲੀ" ਕਹਿੰਦੇ ਹਨ। ਜਿਸ ਤਰ੍ਹਾਂ ਹੁਣ ਕੰਪਿਊਟਰ ਇੰਡਸਟਰੀ ਦਾ ਕੇਂਦਰ ਸਨ ਹੋਜ਼ੇ ਮਸ਼ਹੂਰ ਹੈ, ਏਸੇ ਤਰ੍ਹਾਂ ਹੀ ਕਿਸੇ ਸਮੇਂ ਬੀਕਾਨੇਰ ਦੇ ਊਠ, ਸ਼ਹਿਣੇ ਦੀ ਝਾਂਜਰ, ਮੁਕਤਸਰ ਦੀ ਕਾਠੀ, ਭਾਈ ਖਬਤੌਰ ਦੇ ਟਾਕੂਏ, ਰਾਈਏ ਦੀ ਗੰਡਾਸੀ, ਰੋੜੇ ਦੇ ਕੂੰਡੇ, ਭਦੌੜ ਦੀ ਚਾਟੀ, ਹਿੰਮਤ ਪੁਰੇ ਦੀਆਂ ਕਹੀਆਂ, ਕਾਸਾਪੁਰ ਦੀਆਂ ਦਾਤੀਆਂ ਦੀ ਮਸ਼ਹੂਰੀ ਬਾਰੇ ਬੋਲੀ ਪਾਈ ਜਾਂਦੀ ਸੀ—

ਬੀਕਾਨੇਰ ਤੋਂ ਊਠ ਲਿਆਂਦਾ,
ਦੇ ਕੇ ਰੋਕ ਪਚਾਸੀ।
ਸ਼ਹਿਣੇ ਦੇ ਵਿਚ ਝਾਂਜਰ ਬਣਦੀ,
ਮੁਕਤਸਰ ਬਣਦੀ ਕਾਠੀ।
ਭਾਈ ਬਖਤੌਰੇ ਬਣਦੇ ਟਾਕੂਏ,
ਰਾਈਏ ਬਣੇ ਗੰਡਾਸੀ।

ਰੋਂਤੇ ਦੇ ਵਿਚ ਬਣਦੇ ਕੂੰਡੇ,
ਸ਼ਹਿਰ ਭਦੌੜ ਦੀ ਚਾਟੀ।
ਹਿੰਮਤ ਪੁਰੇ ਬਣਦੀਆਂ ਕਹੀਆਂ,
ਕਾਸਾ ਪੁਰ ਦੀ ਦਾਤੀ।
ਚੜ੍ਹ ਜਾ ਬੋਤੇ ਤੇ,
ਮੰਨ ਲੈ ਭੌਰ ਦੀ ਆਖੀ।

ਸਨ ਹੋਜ਼ੇ ਵਿਚ 25 ਕੰਪਨੀਆਂ ਤਾਂ ਅਜੇਹੀਆਂ ਹਨ ਜਿਨ੍ਹਾਂ ਵਿਚ ਇਕ ਹਜ਼ਾਰ ਜਾਂ ਇਕ ਹਜ਼ਾਰ ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ। ਬਹੁਤ ਸਾਰੀਆਂ ਸੰਸਾਰ ਪੱਧਰ ਦੀਆਂ ਕੰਪਨੀਆਂ ਦੇ ਹੈਡ ਕੁਆਟਰ ਵੀ ਸਨਹੋਜ਼ੇ ਵਿਚ ਹਨ। ਇਸ ਕਰਕੇ ਕੇ ਏਥੇ ਘਰਾਂ ਦੀ ਕੀਮਤ ਬਹੁਤ ਜ਼ਿਆਦਾ ਹੈ। ਰਹਿਣ ਸਹਿਣ ਦਾ ਖਰਚਾ ਵੀ ਜ਼ਿਆਦਾ ਹੈ। ਇਹ ਹੀ ਕਾਰਨ ਹੈ ਕਿ ਸਨ ਹੋਜ਼ੇ ਵਿਚ ਕੰਮ ਕਰਦੇ ਹੁਣ ਕਾਫੀ ਲੋਕ ਨੇੜੇ ਤੇੜੇ ਦੇ ਸ਼ਹਿਰਾਂ ਵਿਚ ਰਹਿਣ ਲੱਗ ਪਏ ਹਨ।

ਸਨ ਹੋਜ਼ੇ ਵਿਚ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ। ਸਾਰੇ ਅਮਰੀਕਾ ਨਾਲੋਂ ਵੱਧ ਵੀਅਤਨਾਮੀ ਸਨ ਹੋਜ਼ੇ ਵਿਚ ਰਹਿੰਦੇ ਹਨ। ਸਾਰੇ ਧਰਮਾਂ ਦੇ ਲੋਕਾਂ ਨੇ ਆਪਣੇ ਆਪਣੇ ਧਰਮ ਸਥਾਨ ਸਨ ਹੋਜ਼ੇ ਵਿਚ ਬਣਾਏ ਹੋਏ ਹਨ। ਇਨ੍ਹਾਂ ਧਰਮ ਸਥਾਨਾਂ ਵਿਚ ਕਈ ਕਿਸਮ ਦੇ ਚਰਚ, ਮਸੀਤਾਂ, ਮੰਦਰ, ਬੁੱਧ ਮੰਦਰ ਤੇ ਗੁਰੂਦਵਾਰੇ ਸ਼ਾਮਲ ਹਨ। ਸਨ ਹੋਜ਼ੇ ਦਾ ਇਕ ਗੁਰੂਦਵਾਰਾ ਅਮਰੀਕਾ ਵਿਚੋਂ ਸਭ ਤੋਂ ਵੱਡਾ ਗੁਰੂਦਵਾਰਾ ਹੈ।

ਸਨ ਹੋਜ਼ੇ ਦੀ ਸਭ ਤੋਂ ਮਸ਼ਹੂਰ ਯੂਨੀਵਰਸਿਟੀ ਸਨ ਹੋਜ਼ੇ ਸਟੇਟ ਯੂਨੀਵਰਸਿਟੀ ਹੈ। ਇਹ 1870 ਵਿਚ ਸਥਾਪਤ ਕੀਤੀ ਗਈ ਸੀ। ਇਸ ਵਿਚ 30 ਹਜ਼ਾਰ ਬੈਚਲਰ ਤੇ ਮਾਸਟਰ ਡਿਗਰੀ ਦੇ ਵਿਦਿਆਰਥੀ ਪੜ੍ਹਦੇ ਹਨ। ਏਥੇ National Hispanic ਯੂਨੀਵਰਸਿਟੀ ਹੈ। ਗੋਲਡਨ ਗੇਟ ਯੂਨੀਵਰਸਿਟੀ ਦਾ ਏਥੇ ਕੈਪਸ ਹੈ। ਸ਼ਾਂਟਾ ਕਲਾਰਾ ਯੂਨੀਵਰਸਿਟੀ, ਸਟੇਟ ਫੋਰਡ ਯੂਨੀਵਰਸਿਟੀ, ਯੂਨੀਵਰਸਿਟੀ ਆਫ ਕੈਲੀਫੋਰਨੀਆਂ ਬਰਕਲੇ ਆਦਿ ਹੋਰ ਯੂਨੀਵਰਸਿਟੀਆਂ ਹਨ। ਏਥੇ ਬਹੁਤ ਸਾਰੇ ਕਾਲਜ ਹਨ। ਏਥੋਂ ਦੇ ਸਾਰੇ ਪ੍ਰਾਈਵੇਟ ਸਕੂਲ ਧਾਰਮਿਕ ਗਰੁੱਪ ਚਲਾਉਂਦੇ ਹਨ। ਡਾਕਟਰ ਮਾਰਟਨ ਲੂਥਰ ਕਿੰਗ ਜੂਨੀਅਰ ਲਾਇਬ੍ਰੇਰੀ ਏਥੋਂ ਦੀ ਇਕ ਆਪਣੀ ਕਿਸਮ ਦੀ ਲਾਇਬ੍ਰੇਰੀ ਹੈ। ਇਸ ਵਿਚ 15 ਲੱਖ ਕਿਤਾਬਾਂ ਹਨ। ਅੱਠ ਮੰਜ਼ਲਾਂ ਹਨ। ਜਿਨ੍ਹਾਂ ਦਾ ਆਕਾਰ 4 ਲੱਖ 75 ਹਜ਼ਾਰ ਵਰਗ ਫੁੱਟ ਬਣਦਾ ਹੈ।

ਸਨ ਹੋਜ਼ੇ ਦਾ Almaden Quicksilver ਕਾਊਂਟੀ ਪਾਰਕ 4147 ਏਕੜ ਵਿਚ ਫੈਲਿਆ ਹੋਇਆ ਹੈ। ਏਥੋਂ ਦਾ ਸਭ ਤੋਂ ਵੱਡਾ ਪਾਰਕ ਹੈ। Alum Rock Park 718 ਏਕੜ ਵਿਚ ਹੈ। ਇਹ ਕੈਲੀਫੋਰਨੀਆਂ ਸਟੇਟ ਦਾ ਸਭ ਤੋਂ ਪੁਰਾਣਾ ਮਿਊਂਸਪਲ ਪਾਰਕ ਹੈ। ਇਸ ਤੋਂ ਬਿਨਾਂ Emma Prusch farm ਪਾਰਕ ਸਨਹੋਜ਼ੇ ਦਾ ਸਭ ਤੋਂ ਲੰਮਾ ਪਾਰਕ ਹੈ। ਇਸ ਪਾਰਕ ਵਿਚ ਫਲਾਂ ਦਾ ਨਿਰਾਲਾ ਬਗੀਚਾ ਹੈ। ਪਿਕਨਿਕ ਸਥਾਨ ਹਨ। ਵੱਡੇ ਵੱਡੇ ਲਾਨ ਹਨ। ਪ੍ਰਦਰਸ਼ਨੀ ਥਾਂ ਹਨ। ਏਥੇ ਚੀਨੀ ਸਭਿਆਚਾਰਕ ਬਾਗ ਵੀ ਹੈ। ਹੋਰ ਅਨੇਕਾਂ ਪਾਰਕ, ਸੈਰ ਸਪਾਟਾ ਸਥਾਨ ਤੇ ਬਾਗ ਹਨ। ਏਥੇ ਵਾਟਰ ਪਾਰਕ ਹੈ। ਸਨ ਹੋਜ਼ੇ ਵਿਚ 80 ਕਿਲੋਮੀਟਰ ਲੰਮੀਆਂ ਮਨੋਰੰਜਕ ਟ੍ਰੇਲਾਂ ਹਨ। ਇਹ ਟ੍ਰੇਲਾਂ ਜ਼ਿਆਦਾ ਨਦੀਆਂ ਅਤੇ ਦਰਿਆ

ਦੇ ਕਿਨਾਰਿਆਂ ਤੇ ਹਨ।

ਸਨ ਹੋਜ਼ੇ ਦਾ ਚਿਲਡਰਨ ਡਿਸਕਵਰੀ ਮਿਊਜੀਅਮ, ਹਿਸਟਰੀ ਪਾਰਕ, ਮੈਕਸੀਕਨ ਹੈਰੀਟੇਜ਼ ਪਲਾਜ਼ਾ, ਪੁਰਤਗੇਜ਼ੀ ਹਿਸਟੋਰੀਕਲ ਮਿਊਜੀਅਮ, ਸਨ ਹੋਜ਼ੇ ਮਿਊਜ਼ੀਅਮ ਆਫ ਆਰਟ ਆਦਿ ਬਹੁਤ ਮਸ਼ਹੂਰ ਹਨ। ਸਨ ਹੋਜ਼ੇ ਦੀ ਤਾਰਾ ਨਿਰੀਖਣ ਸ਼ਾਲਾ ਵਿਚ ਲੱਗੀ ਦੂਰਬੀਨ ਕਿਸੇ ਸਮੇਂ ਸੰਸਾਰ ਦੀ ਸਭ ਤੋਂ ਵੱਡੀ ਦੂਰਬੀਨ ਸੀ। ਸਨ ਹੋਜ਼ੇ ਵਿਚ ਅੰਤਰ ਰਾਸ਼ਟਰੀ ਹਵਾਈ ਅੱਡਾ ਹੈ। ਸਨ ਹੋਜ਼ੇ ਵਿਚ ਰੇਲ ਸਰਵਸ, ਸਟਰੀਟਕਾਰ ਸਵਰਸ ਤੇ ਬਸ ਸਰਵਸ ਵੀ ਬਹੁਤ ਹੈ।

ਸਨ ਹੋਜ਼ੇ ਵਿਚ ਭਾਰਤੀਆਂ ਦੀ ਕਾਫੀ ਵਸੋਂ ਹੈ। ਇਸ ਵਸੋਂ ਵਿਚ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਹੈ। ਅਮਰੀਕਾ ਦਾ ਮਸ਼ਹੂਰ ਹਫਤਾਵਰੀ ਅਖਬਾਰ "ਅਮ੍ਰਿਤਸਰ ਟਾਈਮਜ਼" ਵੀ ਸਨ ਹੋਜ਼ੇ ਵਿਚੋਂ ਛਪਦਾ ਹੈ। ਇਹ ਅਖਬਾਰ ਕੈਲੀਫੋਰਨੀਆਂ, ਨਿਊਯਾਰਕ, ਨਿਊਜਰਸੀ, ਸ਼ਿਕਾਗੋ, ਮਸ਼ੀਗਨ, ਮਿਲਵਾਂਕੀ, ਫੀਨਿਕਸ, ਡੱਲਸ, ਹਉਸਟਨ, ਸਿਆਟਲ, ਪੋਰਟਲੈਂਡ ਸ਼ਹਿਰਾਂ ਵਿਚ ਵੰਡਿਆ ਜਾਂਦਾ ਹੈ। ਪੰਜਾਬ ਟਾਈਮਜ਼ ਅਤੇ ਹੋਰ ਵੀ ਅਖਬਾਰ ਸਨਹੋਜ਼ੇ ਵਿਚੋਂ ਛਪਦੇ ਹਨ।

## ਫਾਦਰਜ਼ ਡੇ

ਸਾਲ 2008 ਦੇ ਆਪਣੇ ਅਮਰੀਕਾ ਟੂਰ ਸਮੇਂ ਫਾਦਰਜ਼ ਡੇ (ਬਾਪੂ/ਪਿਤਾ ਨੂੰ ਸਤਿਕਾਰ ਦੇਣ ਦਾ ਦਿਨ) ਨੂੰ ਮੈਂ ਅਮਰੀਕਾ ਵਿਚ ਆਪਣੀ ਲੜਕੀ ਕੋਲ ਸੀ। ਅਮਰੀਕਾ ਵਿਚ ਅਤੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਫਾਦਰਜ਼ਡੇ 15 ਜੂਨ ਨੂੰ ਮਨਾਇਆ ਗਿਆ। ਅਮਰੀਕਾ ਵਿਚ ਅਤੇ ਸੰਸਾਰ ਦੇ ਬਹੁਤੇ ਦੇਸ਼ਾਂ ਵਿਚ ਫਾਦਰਜ਼ ਡੇ ਨੂੰ ਮਨਾਉਣ ਲਈ ਜੂਨ ਮਹੀਨੇ ਦੇ ਤੀਜੇ ਐਤਵਾਰ ਦਾ ਦਿਨ ਨਿਰਧਾਰਤ ਕੀਤਾ ਹੋਇਆ ਹੈ। ਕੁਝ ਦੇਸ਼ਾਂ ਵਿਚ ਫਾਦਰਜ਼ ਡੇ ਜੂਨ ਮਹੀਨੇ ਦੇ ਪਹਿਲੇ, ਦੂਜੇ, ਤੀਜੇ ਜਾਂ ਚੌਥੇ ਐਤਵਾਰ ਨੂੰ ਮਨਾਉਂਦੇ ਹਨ। ਕੁਝ ਦੇਸ਼ਾਂ ਵਿਚ ਜੁਲਾਈ ਤੋਂ ਦਸੰਬਰ ਤੱਕ ਦੇ ਐਤਵਾਰਾਂ ਨੂੰ ਮਨਾਇਆ ਜਾਂਦਾ ਹੈ।

ਭਾਰਤ ਵਿਚ ਫਾਦਰਜ਼ ਡੇ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਹਰ ਜੀਵ ਦਾ ਇਕ ਹੀ ਬਾਪੂ/ਪਿਤਾ ਹੁੰਦਾ ਹੈ। ਕਥਨ ਹੈ—

ਸੌ ਚਾਚਾ, ਇਕ ਪਿਉ।
ਸੌ ਦਾਰੂ, ਇਕ ਘਿਉ।

ਪਰ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦੀ ਦਿਵਾਉਣ ਵਿਚ ਹੋਰ ਆਜ਼ਾਦੀ ਘੁਲਾਟੀਆਂ ਦੇ ਨਾਲ ਮਹਾਤਮਾ ਗਾਂਧੀ ਦੇ ਪਾਏ ਯੋਗਦਾਨ ਕਰਕੇ ਸਾਡੀ ਭਾਰਤ ਦੀ ਬਹੁ-ਜਾਤੀ ਦੀ ਬਹੁ ਸਮਾਂ ਰਾਜ ਕਰਦੀ ਰਹੀ ਪਾਰਟੀ ਨੇ ਸਾਰੇ ਭਾਰਤ ਵਾਸੀਆਂ ਦਾ ਹੀ ਮਹਾਤਮਾ ਗਾਂਧੀ ਨੂੰ ਬਾਪੂ ਐਲਾਨਿਆਂ ਹੋਇਆ ਹੈ ?

ਫਾਦਰਜ਼ ਡੇ ਮਨਾਉਣ ਦਾ ਵਿਚਾਰ ਵਾਸ਼ਿੰਗਟਨ ਦੀ ਮਿਸ ਡੋਡ ਦੇ ਮਨ ਵਿਚ ਚਰਚ ਵਿਚ ਮਦਰਜ਼ ਡੇ ਦੇ ਪ੍ਰਵਚਨ ਸੁਣਦੇ ਸਮੇਂ ਆਇਆ ਸੀ। ਜਾਹਨ ਬੀ ਡੋਡ ਦੀ ਮਾਂ ਜਨਮ ਦੇਣ ਤੋਂ ਬਾਅਦ ਮਰ ਗਈ ਸੀ। ਉਸ ਦੀ ਸਾਰੀ ਪਾਲਣ ਪੋਸ਼ਣ, ਪੜ੍ਹਾਈ ਤੇ ਦੇਖ ਰੇਖ ਉਸ ਦੇ ਪਿਤਾ ਨੇ ਕੀਤੀ ਸੀ। ਇਸ ਲਈ ਡੋਡ ਨੇ ਆਪਣੇ ਬਾਪੂ ਦੀ ਕੁਰਬਾਨੀ ਤੇ ਮਿਹਨਤ ਦਾ ਧੰਨਵਾਦ ਕਰਨ ਲਈ ਲੋਕਲ ਪੱਧਰ ਤੇ ਪਹਿਲੀ ਵੇਰ ਫਾਦਰਜ਼ ਡੇ ਗਰੀਟਿੰਗ ਕਾਰਡ ਤੇ ਫੁੱਲਾਂ ਦਾ ਗੁੱਲਦਸਤਾ ਦੇ ਕੇ ਮਨਾਇਆ। ਇਸ ਤਰ੍ਹਾਂ ਫਾਦਰਜ਼ ਡੇ ਮਨਾਉਣ ਦੀ ਰੀਤ ਦਾ ਮੁੱਢ ਅਮਰੀਕਾ ਤੋਂ ਸ਼ੁਰੂ ਹੋਇਆ ਹੈ। ਅਮਰੀਕਾ ਵਿਚ ਪਹਿਲਾ ਫਾਦਰਜ਼ ਡੇ West Virginia ਸਟੇਟ ਦੇ ਫੇਅਰਮਾਂਟ ਦੇ ਸੈਂਟਰਲ ਚਰਚ ਵਿਚ 5 ਜੁਲਾਈ 1908 ਨੂੰ ਮਨਾਇਆ ਗਿਆ। ਫਾਦਰਜ਼ ਡੇ ਉਪਰ ਬਾਪੂਆਂ ਨੂੰ ਗਿਫਟ ਦਿੱਤੇ ਜਾਂਦੇ ਹਨ। ਗਰੀਟਿੰਗ ਕਾਰਡ ਦਿੱਤੇ ਜਾਂਦੇ ਹਨ। ਸਪੈਸ਼ਲ ਡਿਨਰ ਖਵਾਇਆ ਜਾਂਦਾ ਹੈ। ਇਕ ਮੋਟੇ ਜਿਹੇ ਅੰਦਾਜ਼ੇ ਮੁਤਾਬਕ ਕੱਲੇ ਅਮਰੀਕਾ ਵਿਚ ਸਾਲ 2008 ਦੇ ਫਾਦਰਜ਼ ਡੇ ਤੇ 1100 ਕਰੋੜ ਡਾਲਰ ਦੇ ਕਰੀਬ ਖਰਚ ਹੋਇਆ ਹੈ।

ਅੱਜ ਸਾਰੀ ਦੁਨੀਆਂ ਇਕ ਵਿਸ਼ਾਲ ਪਿੰਡ ਬਣ ਗਈ ਹੈ। ਆਵਾਜਾਈ ਦੇ ਸਾਧਨ ਬਹੁਤ ਵੱਧ ਗਏ ਹਨ। ਇਸ ਲਈ ਕਈ ਰੀਤੀਆਂ, ਰਸਮਾਂ, ਰਿਵਾਜ਼ ਹੁਣ ਸੰਸਾਰ ਦੇ ਬਹੁਤ ਸਾਰੇ ਦੇਸਾਂ ਵਿਚ ਮਿਲਾਏ ਜਾਣ ਲੱਗੇ ਹਨ। ਵੈਸੇ ਵੀ ਮਨੁੱਖ ਦੀ ਨਕਲ ਦੀ ਆਦਤ ਹੈ। ਜੇਕਰ ਕੋਈ ਰੀਤੀ, ਰਸਮ, ਰਿਵਾਜ਼ ਸੰਸਾਰ ਦੇ ਸਭ ਤੋਂ ਅਮੀਰ ਦੇਸ਼ ਅਮਰੀਕਾ ਦਾ ਹੋਵੇ ਤਾਂ ਬਹੁਤ ਸਾਰੇ ਦੇਸ਼ ਉਸ ਰੀਤੀ, ਰਸ਼ਮ, ਰਿਵਾਜ਼ ਦੀ ਨਿਕਲ ਕਰਨਾ ਤਾਂ ਆਪਣੀ ਇਕ ਖੂਬੀ, ਯੋਗਤਾ ਸਮਝਦ ਲੱਗ ਜਾਂਦੇ ਹਨ। ਇਸ ਲਈ ਅਮਰੀਕਾ ਵਿਚੋਂ ਸ਼ੁਰੂ ਹੋਇਆ ਫਾਦਰਜ਼ ਡੇ ਹੁਣ ਦੁਨੀਆਂ ਦੇ 90 ਦੇਸ਼ਾਂ ਵਿਚ ਮਨਾਇਆ ਜਾਂਦਾ ਹੈ।

ਜਿਹੜੇ ਬੱਚਿਆਂ ਦੇ ਬਾਪੂ/ਪਿਤਾ ਦੀ ਮੌਤ ਹੋਈ ਹੁੰਦੀ ਹੈ, ਉਹ ਬੱਚੇ ਵੀ ਫਾਦਰਜ਼ ਡੇ ਤੇ ਆਪਣੇ ਬਾਪੂ ਨੂੰ ਯਾਦ ਕਰਦੇ ਹਨ। ਮੈਨੂੰ ਵੀ ਅੱਜ ਆਪਣੇ ਪਿਤਾ ਸਰਦਾਰ ਹਰਕ੍ਰਿਸ਼ਨ ਸਿੰਘ ਕਹਿਲ ਦੀ ਬਹੁਤ ਯਾਦ ਆਈ ਹੈ। ਉਨ੍ਹਾਂ ਦੀ 9 ਅਕਤੂਬਰ 1982 ਨੂੰ ਮੌਤ ਹੋ ਗਈ ਸੀ। ਉਨ੍ਹਾਂ ਦਾ ਜਨਮ 15 ਅਪ੍ਰੈਲ 1916 ਨੂੰ ਪਿੰਡ ਤੇ ਡਾਕਘਰ ਸੰਦੌੜ ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਸੰਗਰੂ ਵਿਚ ਹੋਇਆ ਸੀ। ਉਸ ਸਮੇਂ ਪਿੰਡ ਵਿਚ ਸਕੂਲ ਨਹੀਂ ਸੀ। ਨਾਲ ਲੱਗਦੇ ਪਿੰਡ ਮਾਣਕੀ ਦੇ ਸਕੂਲ ਵਿਚ ਉਨ੍ਹਾਂ ਨੂੰ ਪੜ੍ਹਨ ਲਾਇਆ ਗਿਆ। ਉਸ ਸਮੇਂ ਮਾਣਕੀ ਵਿਚ 6 ਜਮਾਤਾਂ ਤੱਕ ਦਾ ਹੀ ਸਕੂਲ ਸੀ। ਇਸ ਲਈ ਸਾਲ 1929 ਵਿਚ ਮਾਣਕੀ ਦੇ ਸਕੂਲ ਵਿਚੋਂ ਉਨ੍ਹਾਂ ਨੂੰ ਛੇਵੀ ਕਲਾਸ ਵਿਚੋਂ ਹਟਾ ਕੇ ਗੁੱਜਰਵਾਲ ਦੇ ਹਾਈ ਸਕੂਨ ਵਿਚ ਪੜ੍ਹਨ ਲਾ ਦਿੱਤਾ।

ਪਿਤਾ ਜੀ ਪਰਿਵਾਰ ਦੇ ਵੱਡੇ ਬੱਚੇ ਸਨ। ਜ਼ਮੀਨ ਜਾਇਦਾਦ ਬਹੁਤ ਸੀ। ਖੇਤੀ ਸੰਭਾਲਣੀ ਔਖੀ ਹੋਣ ਕਰਕੇ ਪਿਤਾ ਜੀ ਨੂੰ ਪੜ੍ਹਨੋ ਹਟਾ ਲਿਆ। ਵਿਆਹ ਕਰ ਦਿੱਤਾ। ਪਰਿਵਾਰ ਕੋਲ ਨੰਬਰਦਾਰੀ ਸੀ। ਜਦ ਪੰਜਾਬ ਵਿਚ ਪੰਚਾਇਤੀ ਸਿਸਟਮ ਚਾਲੂ ਹੋਇਆ ਤਾਂ ਉਹ ਪਿੰਡ ਦੇ ਸਰਪੰਚ ਚੁਣੇ ਗਏ। ਉਨ੍ਹਾਂ ਨੇ 22 ਸਾਲ ਦੇ ਕਰੀਬ ਪਿੰਡ ਦੀ ਸਰਪੰਚੀ ਕੀਤੀ। ਪਿੰਡ ਵਿਚ ਪਹਿਲਾਂ ਮਿਡਲ ਸਕੂਲ ਸੀ। ਜਦ ਹਾਈ ਦੀ ਕਲਾਸਾਂ ਪ੍ਰਾਈਵੇਟ ਤੌਰ ਤੇ ਸ਼ੁਰੂ ਕੀਤੀਆਂ ਗਈਆਂ ਤਾਂ ਉਹ ਸਕੂਲ ਨੂੰ ਚਲਾਉਣ ਵਾਲੀ ਪ੍ਰਬੰਧਕ ਕਮੇਟੀ ਦੇ ਖਜ਼ਾਨਚੀ ਬਣੇ। ਹੁਣ ਤਾਂ ਪਿੰਡ ਵਿਚ ਸਰਕਾਰੀ ਹਾਇਰ ਸੈਕੰਡਰੀ ਸਕੂਲ ਹੈ। ਜਦ ਪਿੰਡ ਵਿਚ ਸੰਤ ਬਾਬਾ ਅੰਤਰ ਸਿੰਘ ਖਾਲਸਾ ਕਾਲਜ ਦੀ ਪਹਿਲੀ ਪ੍ਰਬੰਧਕ ਕਮੇਟੀ ਸਾਲ 1974 ਵਿਚ ਬਣੀ ਤਾਂ ਪਿਤਾ ਜੀ ਉਸ ਕਮੇਟੀ ਦੇ ਖਜ਼ਾਨਚੀ ਬਣੇ। ਮਰਦੇ ਦਮ ਤੱਕ ਭਾਵ 1982 ਤੱਕ ਉਹ ਕਾਲਜ ਕਮੇਟੀ ਦੇ ਖਜ਼ਾਨਚੀ ਰਹੇ। ਪਿੰਡ ਦੀ ਪੰਚਾਇਤ ਦੇ ਸਰਪੰਚ ਵੀ ਰਹੇ।

ਕੰਮ ਹੀ ਉਨ੍ਹਾਂ ਦਾ ਧਰਮ ਸੀ। ਉਹ ਸਵੇਰੇ ਸਾਝਰੇ ਉਠਦੇ। ਸਾਰਾ ਦਿਨ ਖੇਤੀ ਤੇ ਘਰ ਦੇ ਕੰਮਾਂ ਵਿਚ ਰੁੱਝੇ ਰਹਿੰਦੇ। ਸਿਰੜੀ ਬਹੁਤ ਸਨ। ਸੁਭਾਅ ਬਹੁਤ ਸ਼ਾਂਤ ਸੀ। ਕਦੇ ਵੀ ਦਰਵਾਜ਼ੇ, ਹਥਾਈ ਤੇ ਸੱਥ ਵਿਚ ਨਹੀਂ ਜਾਂਦੇ ਸਨ। ਚੁਗਲੀ, ਨਿੰਦਿਆ ਤੋਂ ਕੋਹਾਂ ਦੂਰ ਸਨ। ਮੌਤ ਪਿਤਾ ਜੀ ਨਾਲ ਅੱਖ ਮਚੋਲੀ ਖੇਡਦੀ ਰਹੀ ਸੀ। ਇਕ ਵਾਰ ਉਹ ਘਰ ਦੇ ਇਕ ਵਰਾਂਡੇ ਦੇ ਇਕ ਖਣ ਦੀ ਛੱਤ ਡਿੱਗੀ ਤੋਂ ਬਾਲ ਬਾਲ ਬਚ ਗਏ। ਪਰ ਕਿਸਮਤ ਦੀ ਖ਼ੂਬੀ ਵੇਖੋ ਕਿ 18/20 ਸਾਲ ਪਿਛੋਂ 9 ਅਕਤੂਬਰ 1982 ਨੂੰ ਉਨ੍ਹਾਂ ਦੀ ਮੌਤ ਵੀ ਵਰਾਂਡੇ ਦੇ ਇਕ ਖਣ ਦੀ ਛੱਤ ਉਨ੍ਹਾਂ ਉਪਰ ਡਿਗਣ ਕਰਕੇ ਹੋਈ, ਜਿਹੜੇ ਖਣ ਥੱਲੇ ਉਹ ਸੁੱਤੇ ਪਏ ਸਨ।

ਮੈਂ ਜਦ ਤੋਂ ਸੁਰਤ ਸੰਭਾਲੀ ਹੈ ਮੈਨੂੰ ਕਦੇ ਵੀ ਮੇਰੇ ਬਾਪੂ ਜੀ ਨੇ ਨਾ ਉੱਚਾ ਬੋਲਿਆ ਸੀ ਨਾ ਘੂਰਿਆ ਸੀ। ਮਾਰਨਾ ਤਾਂ ਦੂਰ ਦੀ ਗੱਲ ਸੀ। ਉਹ ਸਤਿਜੁਗੀ ਪਿਤਾ ਸਨ। ਮੇਰੀ ਉਸ ਨੇਕ, ਦਰਵੇਸ਼ ਰੂਹ ਨੂੰ ਫਾਦਰਜ਼ ਡੇ ਤੇ ਵਾਰਮ ਵਾਰ ਪ੍ਰਣਾਮ।

# ਨਾਪਾ ਕਾਊਂਟੀ

ਅਮਰੀਕਾ ਵਿਚ ਜ਼ਿਲ੍ਹੇ ਨੂੰ ਕਾਊਂਟੀ ਕਹਿੰਦੇ ਹਨ। ਨਾਪਾ ਕਾਊਂਟੀ ਦੇ ਪੂਰਬ ਵਿਚ ਸੋਨੋਮਾ ਕਾਊਂਟੀ ਹੈ। ਦੱਖਣੀ ਪਾਸੇ ਸੈਂਟਾ ਬਾਰਬਰਾ ਕਾਊਂਟੀ ਹੈ। ਏਸ ਦੇ ਉਤਰ ਦੇ ਸਿਰੇ ਤੇ ਸੇਂਟ ਹੀਲੀਨਾ ਪਹਾੜੀ ਹੈ। ਇਹ ਬੇਅ ਏਰੀਏ ਦੀ ਦੂਜੀ ਸਭ ਤੋਂ ਉੱਚੀ ਪਹਾੜੀ ਹੈ। ਏਸ ਪਹਾੜੀ ਉਪਰ ਹੀ ਰਾਬਰਟ ਲਊਸ ਸਟੀਵਨਸ਼ਨ ਸਟੇਟ ਪਾਰਕ ਬਣਿਆ ਹੋਇਆ ਹੈ। ਨਾਪਾ ਕਾਊਂਟੀ ਵਿਚ ਭਾਂਤ ਭਾਂਤ ਦੇ ਫੁੱਲ ਬੂਟੇ ਤੇ ਜੀਵ ਜੰਤੂ ਹਨ, ਜਿਸ ਕਰਕੇ ਨਾਪਾ ਕਾਊਟੀ ਇਕ ਬਹੁਤ ਹੀ ਸੁੰਦਰ ਵਾਦੀ ਹੈ। ਇਕ ਦਿਨ ਮੈਨੂੰ ਆਪਣੀ ਲੜਕੀ ਦੇ ਪਰਿਵਾਰ ਨਾਲ ਏਸ ਸੁੰਦਰ ਵਾਦੀ ਵਿਚੋਂ ਦੀ ਸਫਰ ਕਰਨ ਦਾ ਮੌਕਾ ਮਿਲਿਆ।

ਕਿਸੇ ਸਮੇਂ ਨਾਪਾ ਕਾਊਂਟੀ ਵਿਚ ਕਈ ਕਿਸਮ ਦੀਆਂ ਫਸਲਾਂ ਹੁੰਦੀਆਂ ਸਨ। ਪਰ ਹੁਣ ਏਥੇ ਸਿਰਫ ਸ਼ਰਾਬ ਕੱਢਣ ਵਾਲੇ ਅੰਗੂਰਾਂ ਦੇ ਬਾਗ ਹੀ ਹਨ। ਵਾਦੀ ਦੀ 34 ਹਜ਼ਾਰ

ਏਕੜ ਭੂਮੀ ਵਿਚ ਇਹ ਬਾਗ ਲੱਗੇ ਹੋਏ ਹਨ। ਨਾਪਾ ਕਾਊਂਟੀ ਅਮਰੀਕਾ ਦਾ ਸ਼ਰਾਬ ਪੈਦਾ ਕਰਨ ਵਾਲਾ ਖਿੱਤਾ ਹੈ। ਸੰਸਾਰ ਦੀਆਂ ਕੁਝ ਵਧੀਆਂ ਸ਼ਰਾਬਾਂ ਏਥੋਂ ਦੀਆਂ ਫੈਕਟਰੀਆਂ ਕੱਢਦੀਆਂ ਹਨ। ਇਥੋਂ ਦੀਆਂ ਕੱਢੀਆਂ ਸ਼ਰਾਬਾਂ ਫਰਾਂਸ ਤੇ ਇਟਲੀ ਦੀਆਂ ਕੱਢੀਆਂ ਸ਼ਰਾਬਾਂ ਦਾ ਮੁਕਾਬਲਾ ਕਰਦੀਆਂ ਹਨ। ਸਾਲ 2003 ਦੀ ਜਨ ਗਣਨਾ ਅਨੁਸਾਰ ਨਾਪਾ ਕਾਊਂਟੀ ਦੀ ਆਬਾਦੀ 1 ਲੱਖ 28 ਹਜ਼ਾਰ ਹੈ।

ਨਾਪਾ ਕਾਊਂਟੀ ਵਿਚ ਨਾਪਾ ਨਾਂ ਦਾ ਇਕ ਪੁਰਾਣਾ ਸ਼ਹਿਰ ਹੈ। ਸਾਲ 1847 ਵਿਚ ਇਹ ਸ਼ਹਿਰ ਹੋਂਦ ਵਿਚ ਆਇਆ ਸੀ। ਇਸ ਸ਼ਹਿਰ ਦੇ ਨੇੜੇ ਹੀ ਸੰਸਾਰ ਪ੍ਰਸਿੱਧੀ ਵਾਲੇ ਅੰਗੂਰਾਂ ਦੇ ਬਾਗ ਹਨ। ਜਨਵਰੀ 2005 ਵਿਚ ਇਸ ਸ਼ਹਿਰ ਦੀ ਆਬਾਦੀ 76 ਹਜ਼ਾਰ ਸੀ। ਇਹ ਸ਼ਹਿਰ ਸਾਫ ਹਵਾ ਪਾਣੀ, ਵਧੀਆ ਮੌਸਮ, ਉੱਚ ਪੱਧਰ ਦੇ ਰਹਿਣ ਸਹਿਣ ਤੇ ਘੱਟ ਅਪਰਾਧਾਂ ਲਈ ਮਸ਼ਹੂਰ ਹੈ। ਸ਼ਹਿਰ ਵਿਚ ਕਈ ਸੰਸਾਰ ਪੱਧਰ ਦੇ ਰੈਸਟੋਰੈਂਟ ਹਨ। ਮੌਜ਼ ਮਸਤੀ ਕਰਨ ਲਈ ਵੀ ਏਥੇ ਸਥਾਨ ਹਨ।

ਕਿਸੇ ਸਮੇਂ ਏਸ ਘਾਟੀ ਵਿਚ ਅਸਲੀ ਅਮਰੀਕਨ ਕਬੀਲੇ ਰਹਿੰਦੇ ਹਨ। ਜਿਵੇਂ ਕਿ ਸੰਸਾਰ ਦੀ ਮੁੱਢਲੀ ਆਬਾਦੀ ਸਮੁੰਦਰਾਂ, ਦਰਿਅਵਾਂ, ਨਦੀ, ਨਾਲਿਆਂ ਦੇ ਕੰਢਿਆਂ ਤੇ ਵਸੀ ਸੀ, ਉਸੇ ਤਰ੍ਹਾਂ ਹੀ ਨਾਪਾ ਕਾਊਂਟੀ ਦੇ ਅਸਲੀ ਵਸਨੀਕ ਏਥੋਂ ਦੇ ਵਗਦੇ ਨਦੀ ਨਾਲਿਆਂ ਦੇ ਕੰਢਿਆਂ ਤੇ ਰਹਿੰਦੇ ਸਨ। ਇਨ੍ਹਾਂ ਵਸਨੀਕਾਂ ਨੂੰ ਧਰਤੀ ਨੂੰ ਪੁੱਟਣ ਵਾਲੇ (Diggers) ਕਹਿੰਦੇ ਹਨ। ਇਨ੍ਹਾਂ ਦੀ ਖੁਰਾਕ ਜੰਗਲੀ ਪੌਦਿਆਂ ਦੀਆਂ ਜੜ੍ਹਾਂ, ਬਲੂਤ ਦੇ ਰੁੱਖਾਂ ਦੇ ਫਲ, ਛੋਟੇ ਜੰਗਲੀ ਜੀਵ, ਗੰਡੋਏ, ਟਿੱਡੇ ਆਦਿ ਹੁੰਦੀ ਸੀ। ਸਰਦੀ ਦੇ ਮੌਸਮ ਵਿਚ ਇਹ ਲੋਕ ਦਰਖਤਾਂ ਦੀਆਂ ਟਾਹਣੀਆਂ ਨਾਲ ਬਣਾਈਆਂ ਹੋਈਆਂ ਝੁੱਗੀਆਂ ਵਿਚ ਰਹਿੰਦੇ ਸਨ। ਆਪਣੇ ਸਰੀਰ ਉਪਰ ਜੰਗਲੀ ਜਾਨਵਰਾਂ ਦੀਆਂ ਖੱਲਾਂ ਪਹਿਨਦੇ ਸਨ। ਗਰਮੀ ਦੇ ਮੌਸਮ ਵਿਚ ਨਦੀ ਨਾਲਿਆਂ ਦੇ ਕਿਨਾਰਿਆਂ ਦੇ ਨੇੜੇ ਰਹਿੰਦੇ ਹਨ। ਇਨ੍ਹਾਂ ਦੀ ਆਬਾਦੀ 5 ਕੁ ਹਜ਼ਾਰ ਹੀ ਸੀ।

ਸਾਲ 1776 ਵਿਚ ਸਪੇਨ ਦੇ ਗਵਰਨਰ ਨੇ ਨਾਪਾ ਘਾਟੀ ਦੇ ਉੱਤਰ ਪੂਰਬ ਦੀ ਇਕ ਚੋਟੀ ਤੇ ਇਕ ਛੋਟਾ ਕਿਲਾ ਬਣਾਇਆ। ਸਾਲ 1821 ਤੇ 1846 ਦੇ ਵਿਚਕਾਰ ਜਦੋਂ ਕੈਲੀਫੋਰਨੀਆਂ ਮੈਕਸੀਕੋ ਦੇਸ਼ ਦਾ ਇਕ ਸੂਬਾ ਹੁੰਦਾ ਸੀ, ਉਸ ਸਮੇਂ ਏਥੇ 12 ਫਾਰਮ ਸਨ। ਸਾਲ 1823 ਵਿਚ ਨਾਪਾ ਵੈਲੀ ਵਿਚ ਪਹਿਲੇ ਯੂਰਪੀਅਨ ਆਏ। ਸਾਲ 1830 ਵਿਚ ਜਦ ਪਹਿਲੇ ਆਬਾਦਕਾਰ ਏਥੇ ਆ ਕੇ ਵਸੇ ਤਾਂ ਉਸ ਸਮੇਂ ਏਥੋਂ ਦੇ ਅਸਲੀ ਅਮਰੀਕਨ ਕਬੀਲੇ ਆਪਸ ਵਿਚ ਦੀਆਂ ਲੜਾਈਆਂ ਵਿਚ ਰੁਝੇ ਹੋਏ ਸਨ। ਸਾਲ 1838 ਵਿਚ ਪਈ ਚੇਚਕ ਦੀ ਮਹਾਂਮਾਰੀ ਨਾਲ ਬਹੁਤ ਸਾਰੇ ਅਸਲੀ ਅਮਰੀਕਨ ਮਰ ਗਏ। ਕਈਆਂ ਨੂੰ ਨਵੇਂ ਚਿੱਟੇ ਆਬਾਦਕਾਰਾਂ ਨੇ ਮਾਰ ਦਿੱਤਾ। ਏਥੇ ਪਹਿਲਾ ਅੰਗੂਰਾਂ ਦਾ ਬਾਗ 1836 ਵਿਚ ਲੱਗਿਆ। ਸਾਲ 1849 ਵਿਚ ਕੈਲੀਫੋਰਨੀਆਂ ਅਮਰੀਕਾ ਦਾ ਹਿੱਸਾ ਬਣ ਗਿਆ। ਉਸ ਸਮੇਂ ਹੀ ਨਾਪਾ ਕਾਊਂਟੀ ਹੋਂਦ ਵਿਚ ਆਈ।

ਕਾਊਂਟੀ ਦੇ ਬਣਨ ਪਿਛੋਂ ਹੀ ਆਬਾਦੀ ਵਿਚ ਵਾਧਾ ਹੋਣਾ ਸ਼ੁਰੂ ਹੋਇਆ। ਪਹਿਲੇ ਆਬਾਦਕਾਰ ਜ਼ਿਆਦਾ ਪਸ਼ੂ ਪਾਲਣ, ਫਸਲਾਂ ਪੈਦਾ ਕਰਨ ਤੇ ਫਲ ਪੈਦਾ ਕਰਨ ਵਾਲੇ ਸਨ। ਫੇਰ ਕਾਊਂਟੀ ਦੀ ਆਰਥਿਕਤਾ ਵਿਚ ਖਣਿਜ਼ ਪਦਾਰਥਾਂ ਦੀ ਲੱਭਤ ਨੇ ਆਪਣਾ

ਹਿੱਸਾ ਪਾਇਆ। ਕਾਊਂਟੀ ਵਿਚ ਸਭ ਤੋਂ ਜ਼ਿਆਦਾ ਚਾਂਦੀ ਦੀਆਂ ਖਾਣਾ ਸਨ। ਫੇਰ ਕਾਊਂਟੀ ਵਿਚ ਸਭ ਤੋਂ ਜ਼ਿਆਦਾ ਸ਼ਰਾਬ ਕੱਢਣ ਵਾਲੇ ਅੰਗੂਰਾਂ ਦੇ ਬਾਗ ਲੱਗੇ। ਅੰਗੂਰਾਂ ਦੇ ਬਾਗ ਲੱਗਣ ਨਾਲ 19ਵੀਂ ਸਦੀ ਦੇ ਅਖੀਰ ਵਿਚ ਏਥੇ 140 ਤੋਂ ਉਪਰ ਸ਼ਰਾਬ ਕੱਢਣ ਵਾਲੇ ਕਾਰਖਾਨੇ ਲੱਗ ਗਏ। ਜਦ ਸਾਲ 1920 ਵਿਚ ਕਾਊਂਟੀ ਵਿਚ ਸ਼ਰਾਬ-ਬੰਦੀ ਲਾਗੂ ਹੋਈ, ਉਸ ਸਮੇਂ ਸ਼ਰਾਬ ਇੰਡਸਟਰੀ ਵਿਚ ਬਹੁਤ ਮੰਦਾ ਆਇਆ। ਉਸ ਸਮੇਂ ਹੀ ਅੰਗੂਰਾਂ ਦੇ ਬਾਗਾਂ ਨੂੰ ਇਕ ਬੀਮਾਰੀ ਨੇ ਆਪਣੀ ਲਪੇਟ ਵਿਚ ਲੈ ਲਿਆ। ਇਨ੍ਹਾਂ ਦੋਵਾਂ ਕਾਰਨਾਂ ਕਰਕੇ ਸ਼ਰਾਬ ਦੇ ਬਹੁਤ ਸਾਰੇ ਕਾਰਖਾਨੇ ਬੰਦ ਹੋ ਗਏ।

ਦੂਜੀ ਸੰਸਾਰ ਜੰਗ ਤੋਂ ਬਾਅਦ ਸ਼ਰਾਬ ਦੀ ਇੰਡਸਟਰੀ ਮੁੜ ਵਧਣੀ ਸ਼ੁਰੂ ਹੋਈ। ਹੁਣ ਨਾਪਾ ਕਾਊਂਟੀ ਵਿਚ 400 ਦੇ ਕਰੀਬ ਸ਼ਰਾਬ ਦੇ ਕਾਰਖਾਨੇ ਹਨ। ਹੁਣ ਭਾਂਤ ਭਾਂਤ ਕਿਸਮਾਂ ਦੇ ਅੰਗੂਰ ਪੈਦਾ ਕੀਤੇ ਜਾਂਦੇ ਹਨ। ਹਰ ਸਾਲ ਨਾਪਾ ਵੈਲੀ ਵਿਚ 50 ਲੱਖ ਤੋਂ ਉਪਰ ਟੂਰਿਸਟ ਆਉਂਦੇ ਹਨ। ਟੂਰਿਸਟਾਂ ਦੀ ਇਹ ਗਿਣਤੀ ਕੈਲੀਫੋਰਨੀਆਂ ਸੂਬੇ ਵਿਚ ਦੂਜੇ ਨੰਬਰ ਤੇ ਆਉਂਦੀ ਹੈ। ਪਹਿਲੇ ਨੰਬਰ ਤੇ ਡਿਜ਼ਨੀਲੈਂਡ ਆਉਂਦਾ ਹੈ। ਇਹ ਹੈ ਨਾਪਾ ਕਾਊਂਟੀ ਦੀ ਮੁੱਖ ਜਾਣਕਾਰੀ।

## ਸਟਾਕਟਨ—ਅਮਰੀਕਾ ਦਾ ਪਹਿਲਾ ਗੁਰੂਦਵਾਰਾ

ਸਟਾਕਟਨ ਸ਼ਹਿਰ ਨੂੰ ਅਮਰੀਕਾ ਦਾ ਪਹਿਲਾ ਗੁਰਦਵਾਰਾ ਹੋਣ ਦਾ ਮਾਨ ਪ੍ਰਾਪਤ ਹੈ। ਇਹ ਗੁਰੂਦਵਾਰਾ ਸਾਲ 1912 ਵਿਚ ਗਦਰੀ ਬਾਬਿਆਂ ਵੱਲੋਂ ਸਥਾਪਕ ਕੀਤਾ ਗਿਆ ਸੀ। ਇਸ ਲਈ ਇਸ ਨੂੰ ਗਦਰੀ ਬਾਬਿਆਂ ਦਾ ਗੁਰੂਦਵਾਰਾ ਵੀ ਕਹਿੰਦੇ ਹਨ। ਸਟਾਕਟਨ ਵਿਚ ਹੀ ਗਦਰੀ ਲਹਿਰ ਨੇ ਜਨਮ ਲਿਆ ਸੀ। ਇਸ ਗਦਰੀ ਲਹਿਰ ਦੇ ਸੂਰਮਿਆਂ ਨੇ ਹੀ ਭਾਰਤ ਦੀ ਜੰਗ ਦੀ ਆਜ਼ਾਦੀ ਵਿਚ ਸਭ ਤੋਂ ਜ਼ਿਆਦਾ ਹਿੱਸਾ ਪਾਇਆ ਸੀ। ਪਰ ਭਾਰਤ ਦੀ ਹਿੰਦੂਤਵ ਤੇ ਸ਼ਰਮਾਏਦਾਰ ਲਾਵੀ ਨੇ ਇਨ੍ਹਾਂ ਗਦਰੀ ਬਾਬਿਆਂ ਨੂੰ ਬਣਦਾ ਯੋਗ ਥਾਂ ਨਹੀਂ ਦਿੱਤਾ। ਮੇਰੀ ਸਟਾਕਟਨ ਦੇ ਗੁਰੂਦਵਾਰਾ ਸਾਹਿਬ ਨੂੰ ਵੇਖਣ ਦੀ ਚਿਰੋਕਣੀ ਇੱਛਾ ਸੀ। ਇਹ ਉਸ ਦਿਨ ਪੂਰੀ ਹੋ ਗਈ, ਜਦ ਅਸੀਂ ਜੁਲਾਈ 2008 ਦੇ ਦੂਸਰੇ ਵੀਕਐਂਡ ਇਕ ਰਿਸ਼ਤੇਦਾਰ ਦੇ ਅਖੰਡ ਪਾਠ ਦੇ ਭੋਗ ਤੇ ਬਰਿੰਟਵੁੱਡ ਨੂੰ ਸਟਾਕਟਨ ਵਿਚੋਂ ਦੀ ਲੰਘ ਕੇ ਗਏ।

ਪਹਿਲਾਂ ਅਸੀਂ ਗੁਰੂਦਵਾਰਾ ਸਾਹਿਬ ਦੇ ਦਰਸ਼ਨ ਕੀਤੇ। ਫੇਰ ਅੱਗੇ ਚੱਲੇ। ਹੁਣ ਤਾਂ ਅਮਰੀਕਾ ਵਿਚ ਜਿਥੇ ਵੀ ਪੰਜਾਬੀ ਬੈਠੇ ਹਨ, ਉਥੇ ਗੁਰੂਦਵਾਰਾ ਸਾਹਿਬ ਹੈ। ਵੱਡੇ ਵੱਡੇ

ਸ਼ਹਿਰਾਂ ਵਿਚ ਤਾਂ ਤਿੰਨ ਤਿੰਨ ਚਾਰ ਚਾਰ ਗੁਰੂਦਵਾਰੇ ਹਨ। ਅਸੀਂ ਇਕ ਗੇੜਾ ਸਟਾਕਟਨ ਦੇ ਡਾਊਨ ਟਾਊਨ ਦਾ ਵੀ ਲਾਇਆ। ਵੈਸੇ ਸਟਾਕਟਨ ਵਿਚ ਸਟੇਟ ਤੇ ਨੈਸ਼ਨਲ ਪੱਧਰ ਦੇ ਬਹੁਤ ਸਾਰੇ ਇਤਿਹਾਸਕ ਨਿਸ਼ਾਨ ਤੇ ਘਟਣਾ ਸਥਾਨ ਵੇਖਣ ਵਾਲੇ ਹਨ। ਇਨ੍ਹਾਂ ਵਿਚੋਂ ਹੀ ਇਕ ਗੁਰੂਦਾਵਰਾ ਸਾਹਿਬ ਹੈ। ਇਹ ਸਿੱਖਾਂ ਲਈ ਵਿਸ਼ੇਸ਼ ਸਥਾਨ ਰੱਖਦਾ ਹੈ।

ਸਟਾਕਟਨ ਕੈਲੀਫੋਰਨੀਆਂ ਸਟੇਟ ਦਾ ਪੰਜਵਾਂ ਬੜਾ ਇਨਲੈਂਡ (Inland) ਸ਼ਹਿਰ ਹੈ। ਇਸ ਤੋਂ ਬੜੇ ਹੋਰ ਇਨਲੈਂਡ ਸ਼ਹਿਰ ਫਰਿਜ਼ਨੋ, ਸੈਕਰਾਮੈਂਨਟੋ, ਬੇਕਰਜ਼ਫੀਲਡ ਤੇ ਰਿਵਰਸਾਈਡ ਹਨ। ਸਾਲ 2008 ਦੇ ਅਨੁਮਾਨ ਅਨੁਸਾਰ ਇਸ ਦੀ ਆਬਾਦੀ 2 ਲੱਖ 90 ਹਜ਼ਾਰ ਹੋਵੇਗੀ। ਇਹ 151 ਵਰਗ ਕਿਲੋਮੀਟਰ ਘੇਰੇ ਵਿਚ ਵਸਿਆ ਹੋਇਆ ਹੈ। ਇਸ ਦੇ ਆਲੇ ਦੁਆਲੇ ਦੀ ਜ਼ਮੀਨ ਬਹੁਤ ਉਪਜਾਊ ਹੈ। ਸਟਾਕਟਨ ਦੇ ਚਾਰੇ ਪਾਸੇ ਹਜ਼ਾਰਾਂ ਮੀਲ ਜਲਮਾਰਗ ਤੇ ਦਰਿਆ ਹੈ, ਜਿਹੜਾ ਇਸ ਨੂੰ ਇਕ ਡੈਲਟਾ ਬਣਾ ਦਿੰਦਾ ਹੈ।

ਪਿਛਲੇ ਇਕ ਦਹਾਕੇ ਤੋਂ ਸਟਾਕਟਨ ਦੀ ਆਬਾਦੀ ਵਿਚ ਬਹੁਤ ਵਾਧਾ ਹੋ ਰਿਹਾ ਹੈ। ਇਸ ਦਾ ਇਕ ਕਾਰਨ ਸ਼ਾਨ ਫਰਾਂਸ਼ਿਸ਼ਕੋ ਬੇਅ ਏਰੀਏ ਵਿਚ ਘਰਾਂ ਦੀਆਂ ਕੀਮਤਾਂ ਦਾ ਜ਼ਿਆਦਾ ਹੋਣਾ ਅਤੇ ਰਹਿਣ ਸਹਿਣ ਮਹਿੰਗਾ ਹੋਣਾ ਹੈ। ਜਿਹੜੇ ਲੋਕ ਪਹਿਲਾਂ ਬੇਅ ਏਰੀਏ ਵਿਚ ਰਹਿੰਦੇ ਸਨ, ਉਹ ਹੁਣ ਸਟਾਕਟਨ ਸ਼ਹਿਰ ਤੇ ਹੋਰ ਨੇੜੇ ਦੇ ਸ਼ਹਿਰਾਂ ਵਿਚ ਰਹਿਣ ਲੱਗ ਪਏ ਹਨ। ਸਟਾਕਟਨ ਵਿਚ ਘਰਾਂ ਦੀਆਂ ਕੀਮਤਾਂ ਵੀ ਘੱਟ ਹਨ। ਰਹਿਣ ਸਹਿਣ ਦਾ ਖਰਚਾ ਵੀ ਬੇਅਏਰੀਏ ਨਾਲੋਂ ਘੱਟ ਹੈ। ਲੋਕ ਕੰਮ ਬੇਅ ਏਰੀਏ ਵਿਚ ਕਰਦੇ ਹਨ ਤੇ ਰਹਿੰਦੇ ਸਟਾਕਟਨ ਵਿਚ ਹਨ।

ਸਟਾਕਟਨ ਵਿਚ ਪਹਿਲਾਂ ਮੁੱਢਲੇ ਅਮਰੀਕਨ ਰਹਿੰਦੇ ਸਨ। ਜਦ ਏਸ ਏਰੀਏ ਵਿਚ ਸਾਲ 1848 ਵਿਚ ਸੋਨਾ ਲੱਭਿਆ, ਉਸ ਸਮੇਂ ਏਥੇ ਕੈਪਟਨ ਚਾਰਲਸ ਮਾਰੀਆ ਵੈਂਬਰ ਇਕ ਜਰਮਨ ਪਰਵਾਸੀ ਆਇਆ। ਉਸ ਨੇ ਏਥੇ 49 ਹਜ਼ਾਰ ਏਕੜ ਜ਼ਮੀਨ ਖਰੀਦੀ ਤੇ ਸਟਾਕਟਨ ਦੀ ਸਾਲ 1849 ਵਿਚ ਸਥਾਪਨਾ ਕੀਤੀ। ਸਟਾਕਟਨ ਵਿਚ ਪਹਿਲਾਂ ਜ਼ਿਆਦਾ ਵਸੋਂ ਸੋਨੇ ਦੀਆਂ ਖਾਣਾਂ ਵਿਚ ਕੰਮ ਕਰਨ ਵਾਲਿਆਂ ਦੀ ਸੀ। ਫੇਰ ਤਾਂ ਜਿਵੇਂ ਜਿਵੇਂ ਕੰਮ ਵਿਚ ਵਭਿੰਨਤਾ ਆਉਂਦੀ ਗਈ, ਉਵੇਂ ਹੀ ਆਬਾਦੀ ਵੀ ਵਭਿੰਨ ਵਭਿੰਨ ਕਿੱਤਿਆਂ ਦੇ ਵਸਨੀਕਾਂ ਦੀ ਬਣ ਗਈ।

ਸਟਾਕਟਨ ਦੀ ਯੂਨੀਵਰਸਿਟੀ ਆਫ ਦੀ ਪੈਸੀਫਿਕ ਇਕ ਬੜੀ ਯੂਨੀਵਰਸਿਟੀ ਹੈ। ਇਸ ਯੂਨੀਵਰਸਿਟੀ ਵਿਚ ਕਈ ਹਾਲੀਵੁੱਡ ਦੀਆਂ ਫਿਲਮਾਂ ਦੀ ਸੂਟਿੰਗ ਵੀ ਹੋਈ ਹੈ। ਏਥੇ ਨੈਸ਼ਨਲ ਯੂਨੀਵਰਸਿਟੀ ਨਾਂ ਦੀ ਇਕ ਹੋਰ ਬੜੀ ਪ੍ਰਾਈਵੇਟ ਯੂਨੀਵਰਸਿਟੀ ਵੀ ਹੈ। ਇਹ ਕੈਲੀਫੋਰਨੀਆਂ ਸਟੇਟ ਦੀ ਦੂਜੀ ਬੜੀ ਪ੍ਰਾਈਵੇਟ ਯੂਨੀਵਰਸਿਟੀ ਹੈ। ਏਥੇ ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਦਾ ਕੈਂਪਸ ਵੀ ਹੈ।

ਸਟਾਕਟਨ ਇਕ ਕੁਦਰਤੀ ਇਨਲੈਂਡ ਸਮੁੰਦਰੀ ਬੰਦਰਗਾਹ ਹੈ। ਪਹਿਲਾਂ ਏਥੇ ਖੇਤੀ ਬਾੜੀ ਦੀਆਂ ਵਸਤਾਂ ਦੀ ਢੋਅ ਢੁਆਈ ਹੁੰਦੀ ਸੀ। ਫੇਰ ਜਦ ਏਸ ਬੰਦਰਗਾਹ ਦਾ ਨਵੀਨੀਕਰਨ ਕੀਤਾ ਗਿਆ ਤਾਂ ਫੇਰ ਏਥੇ ਹਰ ਕਿਸਮ ਦੇ ਵਪਾਰ ਦੀਆਂ ਵਸਤਾਂ ਦੀ ਢੋਅ ਢੁਆਈ ਹੋਣ ਲੱਗ ਪਈ। ਇਸ ਨਾਲ ਵੀ ਸਟਾਕਟਨ ਦੀ ਆਬਾਦੀ ਵਿਚ ਵਾਧਾ ਹੋਇਆ।

ਸਟਾਕਟਨ ਵਿਚ ਬਹੁਤ ਸਾਰੇ ਮਿਊਜ਼ੀਅਮ ਹਨ। ਇਨ੍ਹਾਂ ਵਿਚੋਂ ਹਾਗਨ ਮਿਊਜ਼ੀਅਮ

ਬਹੁਤ ਮਸ਼ਹੂਰ ਹੈ। ਇਸ ਵਿਚ ਸਟਾਕਟਨ ਦਾ ਲੋਕਲ ਇਤਿਹਾਸ, ਕੈਲੀਫੋਰਨੀਆਂ ਸਟੇਟ ਦਾ ਇਤਿਹਾਸ ਦਰਸਾਇਆ ਗਿਆ ਹੈ। ਇਸ ਤੋਂ ਬਿਨਾਂ ਇਸ ਵਿਚ 19ਵੀਂ ਤੇ 20ਵੀਂ ਸਦੀ ਦੇ ਮਸ਼ਹੂਰ ਆਰਟਿਸਟਾਂ ਦੀਆਂ ਕਲਾ ਕ੍ਰਿਤੀਆਂ ਰੱਖੀਆਂ ਹੋਈਆਂ ਹਨ। ਏਥੇ ਬਹੁਤ ਸਾਰੀਆਂ ਆਰਟ ਗੈਲਰੀਆਂ ਹਨ।

# ਬਰਕਲੇ ਯੂਨੀਵਰਸਿਟੀ-ਸ਼ਹਿਰ

ਮੈਂ ਆਪਣੀ ਲੜਕੀ ਦੇ ਪਰਿਵਾਰ ਨਾਲ ਜੁਲਾਈ 2008 ਦੇ ਤੀਸਰੇ ਹਫਤੇ ਦੇ ਵੀਕ ਐਂਡ ਹਰਕੁਲੀਸ ਸ਼ਹਿਰ ਵਿਚ ਇਕ ਰਿਸ਼ਤੇਦਾਰ ਦੇ ਖ਼ੁਸ਼ੀ ਦੇ ਅਖੰਡ ਪਾਠ ਦੇ ਭੋਗ ਵਿਚ ਸ਼ਾਮਲ ਹੋਇਆ ਸੀ। ਰਸਤੇ ਵਿਚ ਸਾਨੂੰ ਬਰਕਲੇ ਸ਼ਹਿਰ ਆਇਆ। ਬਰਕਲੇ ਸ਼ਹਿਰ ਵਿਚੋਂ ਦੀ ਲੰਘਦਿਆਂ ਮੇਰੀ ਯਾਦ ਵਿਚ ਬਰਕਲੇ ਯੂਨੀਵਰਸਿਟੀਆਂ ਆ ਗਈ। ਇਸ ਯੂਨੀਵਰਸਿਟੀ ਬਾਰੇ ਮੈਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸਵੈਜੀਵਨੀ ਵਿਚ ਪੜ੍ਹਿਆ ਸੀ। ਗੁਰਬਖਸ਼ ਸਿੰਘ ਨੇ ਆਪਣੀ ਇੰਜੀਨੀਅਰਿੰਗ ਦੀ ਡਿਗਰੀ ਬਰਕਲੇ ਯੂਨੀਵਰਸਿਟੀ ਵਿਚੋਂ ਕੀਤੀ ਸੀ। ਉਸ ਨੇ ਆਪਣੀ ਸੈਵਜੀਵਨੀ ਵਿਚ ਇਹ ਵੀ ਲਿਖਿਆ ਸੀ ਕਿ "ਬਰਕਲੇ ਵਿਚ ਜਿਸ ਅਮਰੀਕਨ ਲੇਡੀ ਦੇ ਘਰ ਉਹ ਕਰਾਏ ਤੇ ਰਹਿੰਦਾ ਸੀ, ਉਸ ਨੂੰ ਆਪਣੇ ਉਸ ਮਕਾਨ ਮਾਲਕ ਲੇਡੀ ਦੇ ਘਰ ਦੀ ਅੰਗੀਠੀ ਦੀ ਸੁਆਹ ਵੀ ਹਰ ਰੋਜ਼ ਕੱਢਦੀ ਪੈਂਦੀ ਸੀ।" ਬਰਕਲੇ ਯੂਨੀਵਰਸਿਟੀ ਵਿਚ ਹੀ ਕਿਸੇ ਸਮੇਂ ਲਾਲਾ ਹਰਦਿਆਲ ਭਾਰਤ ਦਰਸ਼ਨ ਸ਼ਾਸਤਰ ਦੇ ਪ੍ਰੋਫੈਸਰ ਰਹੇ ਸਨ। ਇਸ ਲਈ ਏਸ ਮੌਕੇ ਦਾ ਲਾਹਾ ਲੈਂਦੇ ਹੋਏ ਫੰਕਸ਼ਨ ਤੋਂ ਵਾਪਸੀ ਸਮੇਂ ਅਸੀਂ ਬਰਕਲੇ ਯੂਨੀਵਰਸਿਟੀ ਵੇਖੀ। ਯੂਨੀਵਰਸਿਟੀ ਦਾ ਨਾਂ ਯੂਨੀਵਰਸਿਟੀ ਆਫ

ਕੈਲੀਫੋਰਨੀਆਂ ਬਰਕਲੇ ਹੈ। ਏਸ ਦਾ ਛੋਟਾ ਨਾਂ ਯੂ ਸੀ ਬਰਕਲੇ ਹੈ। ਇਹ ਅਮਰੀਕਾ ਦੀ ਇਕ ਬੜੀ ਪੁਰਾਣੀ ਰੀਸਰਚ ਯੂਨੀਵਰਸਿਟੀ ਹੈ।ਸਾਲ 1868 ਵਿਚ ਸਥਾਪਤ ਕੀਤੀ ਗਈ ਸੀ। ਇਕ ਛੋਟੀ ਪਹਾੜੀ ਉਪਰ ਹੈ। ਯੂਨੀਵਰਸਿਟੀ ਕੋਲ 6651 ਏਕੜ ਜ਼ਮੀਨ ਹੈ। ਇਸ ਦਾ ਕੇਂਦਰੀ ਕੈਂਪਸ ਲਗਭਗ 200 ਏਕੜ ਵਿਚ ਹੈ। ਯੂਨੀਵਰਸਿਟੀ ਵਿਚ ਹੁਣ 61 ਮੰਨੇ ਪ੍ਰਮੰਨੇ ਖੋਜੀ ਕੰਮ ਕਰਦੇ ਹਨ। ਇਸ ਵਿਚ 14 ਬੇ-ਮਸਾਲ ਕਾਲਜ ਹਨ। ਏਥੋਂ ਹਰ ਸਾਲ 5500 ਬੈਚਲਰ ਡਿਗਰੀਆਂ, 2 ਹਜ਼ਾਰ ਮਾਸਟਰ ਡਿਗਰੀਆਂ, 900 ਡਾਕਟਰੇਟ ਡਿਗਰੀਆਂ ਤੇ 200 ਲਾਅ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਵਿਚ 32 ਲਾਇਬ੍ਰੇਰੀਆਂ ਹਨ। ਜੇਕਰ ਇਨ੍ਹਾਂ ਸਾਰੀਆਂ ਲਾਇਬ੍ਰੇਰੀਆਂ ਨੂੰ ਇਕ ਲਾਇਬ੍ਰੇਰੀ ਮੰਨ ਲਈ ਜਾਵੇ ਤਾਂ ਇਹ ਅਮਰੀਕਾ ਦੀ ਚੌਥੀ ਬੜੀ ਲਾਇਬ੍ਰੇਰੀ ਬਣ ਜਾਂਦੀ ਹੈ। ਇਨ੍ਹਾਂ ਲਾਇਬ੍ਰੇਰੀਆਂ ਦੀਆਂ ਬਿਲਡਿੰਗਾਂ 12 ਏਕੜ ਜਗਾ ਵਿਚ ਹਨ।ਸਾਲ 2006 ਵਿਚ ਇਨ੍ਹਾਂ ਲਾਇਬ੍ਰੇਰੀਆਂ ਵਿਚ ਇਕ ਕਰੋੜ ਤੋਂ ਉਪਰ ਕਿਤਾਬਾਂ ਸਨ।ਲਾਇਬ੍ਰੇਰੀਆਂ ਹੀ ਵਿਦਿਆ ਤੇ ਰੀਸਰਚ ਦਾ ਮੁੱਖ ਸੋਮਾ ਹੁੰਦੀਆਂ ਹਨ।ਯੂਨੀਵਰਸਿਟੀ ਦੀ ਲਾਰੈਂਸ ਨੈਸ਼ਨਲ ਲਬਾਰਟਰੀ, ਲਾਰੈਂਸ ਹਾਲ ਆਫ ਸਾਇੰਸ, ਸਪੇਸ ਸਾਇੰਸ ਲਬਾਰਟਰੀ ਜਗਤ ਪ੍ਰਸਿੱਧ ਹਨ। ਦੂਜੀ ਸੰਸਾਰ ਜੰਗ ਸਮੇਂ ਏਥੋਂ ਦੇ ਸਾਇੰਸਦਾਨਾਂ ਨੇ ਹੀ ਐਟਮ ਬੰਬ ਬਣਾਇਆ ਸੀ।ਬਾਅਦ ਵਿਚ ਹਾਈਡਰੋਜ਼ਨ ਬੰਬ ਵੀ ਏਸੇ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਤਿਆਰ ਕੀਤਾ ਸੀ।

ਸਾਰੀ ਯੂਨੀਵਰਸਿਟੀ ਹੀ ਕੁਦਰਤੀ ਮਾਹੌਲ ਵਿਚ ਹੈ। ਯੂਨੀਵਰਸਿਟੀ ਦੇ ਬਹੁਤ ਸਾਰੇ ਰੁੱਖਾਂ ਦੇ ਝੁੰਡ ਯੂਨੀਵਰਸਿਟੀ ਦੇ ਸਥਾਪਨਾ ਦੇ ਸਮੇਂ ਦੇ ਹੀ ਹਨ। ਇਨ੍ਹਾਂ ਵਿਚੋਂ ਫਾਊਂਡਰਜ਼ ਰੋਕ, ਫੈਕਲਟੀ ਗਲੇਡ ਤੇ ਯੂਕਲਿਪਟਸ ਗ੍ਰੋਵ ਆਉਂਦੇ ਹਨ। ਯੂਕਲਿਪਟਸ ਗ੍ਰੋਵ ਦੇ ਰੁੱਖਾਂ ਦੀ ਲੰਬਾਈ ਸੰਸਾਰ ਦੇ ਰੁੱਖਾਂ ਵਿਚੋਂ ਸਭ ਤੋਂ ਜ਼ਿਆਦਾ ਹੈ। ਬਹੁਤ ਘਾਅ ਦੇ ਮੈਦਾਨ ਹਨ।ਇਕ ਨਦੀ/ਨਾਲੇ ਦੀਆਂ ਦੋ ਬਰਾਂਚਾਂ ਕੈਂਪਸ ਵਿਚੋਂ ਦੀ ਅੱਠਖੇਲੀਆਂ ਕਰਦੀਆਂ ਖਾੜੀ ਵਿਚ ਜਾ ਡਿਗਦੀਆਂ ਹਨ।

ਇਸ ਯੂਨੀਵਰਸਿਟੀ ਦੀਆਂ ਫੁੱਟਬਾਲ, ਬਾਸਕਟਬਾਲ, ਬੇਸਬਾਲ, ਸਾਫਟਬਾਲ, ਵਾਟਰ ਪੋਲੋ ਤੇ ਰਘਵੀ ਟੀਮਾਂ ਨੇ ਨੈਸ਼ਨਲ ਪੱਧਰ ਤੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਕ ਸੌ ਤੋਂ ਉਪਰ ਉਲੰਪਿਕ ਮੈਡਲ ਜਿੱਤੇ ਹਨ।

ਅਸੀਂ ਯੂਨੀਵਰਸਿਟੀ ਦਾ ਹਰ ਕੋਨਾ ਘੁੰਮ ਕੇ ਵੇਖਿਆ।ਯੂਨੀਵਰਸਿਟੀ ਦੀ ਪਹਾੜੀ ਦੀ ਟੀਸੀ ਤੇ ਬਣੇ ਨਿਰੀਖਣ ਸਥਾਨ ਤੇ ਖੜ੍ਹਕੇ ਗੋਲਡਨ ਗੇਟ ਬ੍ਰਿੱਜ਼ ਤੇ ਬੇਅਬ੍ਰਿੱਜ਼ ਵੇਖੇ। ਖਾੜੀ ਦੀ ਵਿਸ਼ਾਲਤਾ ਨੂੰ ਵੇਖਿਆ। ਮੈਂ ਐਡੀ ਵੱਡੀ ਖਾੜੀ ਨੂੰ ਪੁਲਾਂ ਰਾਹੀਂ ਨੱਥ ਪਾਉਣ ਦੀ ਮਨੁੱਖੀ ਸੂਝ ਦੀ ਪ੍ਰਸੰਸਾ ਕੀਤੀ।

ਹੁਣ ਥੋੜੀ ਜਾਣਕਾਰੀ ਬਰਕਲੇ ਸ਼ਹਿਰ ਦੀ।ਬਰਕਲੇ ਸ਼ਾਨ ਫਰਾਂਸ਼ਿਸ਼ਕੋ ਬੇਅਏਰੀਏ ਦੇ ਪੂਰਬੀ ਕੰਢੇ ਤੇ ਸਥਿਤ ਹੈ। ਏਥੇ ਪਹਿਲਾਂ ਅਮਰੀਕਨ ਮੁੱਢਲੇ ਵਾਸੀ ਰਹਿੰਦੇ ਸਨ। ਸਾਲ 1776 ਵਿਚ ਏਥੇ ਯੂਰਪੀਅਨ ਆਏ। ਹੌਲੀ ਹੌਲੀ ਆਬਾਦੀ ਵਧਣ ਲੱਗੀ। ਆਬਾਦੀ ਵਿਚ ਵਾਧਾ ਦੂਜੀ ਸੰਸਾਰ ਜੰਗ ਲੱਗਣ ਸਮੇਂ ਹੋਇਆ, ਜਦ ਏਥੇ ਜੰਗੀ ਸਾਮਾਨ ਤਿਆਰ ਕਰਨ ਵਾਲੀਆਂ ਇੰਡਸਟਰੀਆਂ ਲੱਗੀਆਂ। ਹੁਣ ਇਹ ਸ਼ਹਿਰ 46 ਵਰਗ ਕਿਲੋਮੀਟਰ

ਏਰੀਏ ਵਿਚ ਵਸਿਆ ਹੋਇਆ ਹੈ। ਸਾਲ 2000 ਵਿਚ ਸ਼ਹਿਰ ਦੀ ਆਬਾਦੀ ਇਕ ਲੱਖ ਤਿੰਨ ਹਜ਼ਾਰ ਸੀ।

ਬਰਕਲੇ ਦੀਆਂ ਪ੍ਰਸਿੱਧ ਥਾਵਾਂ ਵਿਚ ਬਰਕਲੇ ਆਰਟ ਮਿਊਜ਼ੀਅਮ ਐਂਡ ਪੈਸੀਫਿਕ ਫਿਲਮ ਆਰਕਾਇਵਜ਼, ਬਰਕਲੇ ਮਾਰੀਨਾ, ਬਰਕਲੇ ਰੋਜ਼ ਗਰਡਨ, ਹਰਸਟ ਕਰੀਕ ਥੀਏਟਰ, ਯੂ. ਸੀ. ਬਟਾਨੀਕਲ ਗਾਰਡਲ ਤੇ ਟੈਲੀਗ੍ਰਾਫ ਐਵੇਨਿਊ ਹੈ। ਯੂ ਸੀ ਦਾ ਸਾਥਰ ਟਾਵਰ ਵੀ ਪ੍ਰਸਿੱਧ ਹੈ। ਬਰਕਲੇ ਵਿਚ 49 ਨੈਸ਼ਨਲ ਪੱਧਰ ਦੇ ਇਤਿਹਾਸਿਕ ਸਥਾਨ/ਬਿਲਡਿੰਗਾਂ ਹਨ। ਏਥੋਂ ਦੇ ਸਾਲਾਨਾ ਜੂਇਸ ਮਿਊਜ਼ਿਕ ਫੈਸਟੀਵਲ, ਹਿਮਾਲੀਅਨ ਫੇਅਰ ਤੇ ਕਾਈਟ ਫੈਸਟੀਵਲ (ਪਤੰਗਬਾਜ਼ੀ) ਬਹੁਤ ਮਸ਼ਹੂਰ ਹਨ।

ਬਰਕਲੇ ਵਿਚ ਯੂਨੀਵਰਸਿਟੀ ਹੋਣ ਕਰਕੇ ਆਵਾਜਾਈ ਲਈ ਹਜ਼ਾਰਾਂ ਦੀ ਗਿਣਤੀ ਵਿਚ ਕਾਰਾਂ ਹਨ। ਸਾਈਕਲਾਂ ਦੀ ਵੀ ਵਰਤੋਂ ਹੁੰਦੀ ਹੈ। ਲੋਕ ਪੈਦਲ ਸਫਰ ਵੀ ਕਰਦੇ ਹਨ। ਰੇਲ ਸਰਵਿਸ ਵੀ ਹੈ। ਬਰਕਲੇ ਦੀਆਂ ਦੋ ਮਸ਼ਹੂਰ ਸਟਰੀਟਾਂ ਹਨ। ਇਕ ਯੂਨੀਵਰਸਿਟੀ ਐਵੇਨਿਊ ਹੈ ਜਿਹੜੀ ਖਾੜੀ ਦੇ ਕਿਨਾਰੇ ਤੋਂ ਯੂਨੀਵਰਸਿਟੀ ਨੂੰ ਜਾਂਦੀ ਹੈ। ਦੂਜੀ ਸੋਨਾਲੋ ਐਵੇਨਿਊ ਹੈ ਜਿਹੜੀ ਰੈਸਟੋਰੈਂਟਾਂ ਤੇ ਸਾਪਿੰਗ ਲਈ ਪ੍ਰਸਿੱਧ ਹੈ।

## ਓਕਲੈਂਡ ਸ਼ਹਿਰ

ਮੈਨੂੰ ਆਪਣੀ ਲੜਕੀ ਦੇ ਪਰਿਵਾਰ ਨਾਲ ਜੁਲਾਈ 2008 ਦੇ ਆਖਰੀ ਹਫਤੇ ਓਕਲੈਂਡ ਸ਼ਹਿਰ ਵਿਚ ਇਕ ਸਮਾਜਿਕ ਸਮਾਗਮ ਵਿਚ ਜਾਣ ਦਾ ਮੌਕਾ ਮਿਲਿਆ। ਇਹ ਮੌਕਾ ਹੀ ਮੇਰਾ ਓਕਲੈਂਡ ਸ਼ਹਿਰ ਦੀਆਂ ਕੁਝ ਦਿਲਚਸਪੀ ਵਾਲੀਆਂ ਥਾਵਾਂ ਨੂੰ ਵੇਖਣ ਦਾ ਸਬੱਬ ਬਣਿਆ। ਸਮਾਗਮ ਤੋਂ ਵਿਹਲੇ ਹੋ ਕੇ ਪਹਿਲਾਂ ਅਸੀਂ Chabot Space and Science Center ਵੇਖਣ ਗਏ। ਇਹ ਸੈਂਟਰ ਓਕਲੈਂਡ ਦੀ 13 ਏਕੜ ਪਹਾੜੀ ਥਾਂ ਤੇ ਬਣਿਆ ਹੋਇਆ ਹੈ। ਸੈਂਟਰ ਦੀ ਮੌਜੂਦਾ ਬਿਲਡਿੰਗ 86 ਹਜ਼ਾਰ ਵਰਗ ਫੁੱਟ ਏਰੀਆ ਵਿਚ ਬਣੀ ਹੋਈ ਹੈ। ਇਸ ਨੂੰ ਅਗਸਤ 2000 ਵਿਚ ਚਾਲੂ ਕੀਤਾ ਗਿਆ ਹੈ।

ਇਸ ਸੈਂਟਰ ਦਾ ਪਹਿਲਾ ਨਾਂ ਓਕਲੈਂਡ ਅਬਜਰਵੇਟਰੀ ਸੀ। ਇਸ ਦੀ ਸ਼ੁਰੂਆਤ ਸਾਲ 1983 ਵਿਚ ਸਕੂਲਾਂ ਤੇ ਨਾਗਰਿਕਾਂ ਨੂੰ ਤਾਰਾ ਵਿਗਿਆਨ ਤੇ ਸਾਇੰਸ ਦੀ ਵਿਦਿਆ ਦੇਣ ਵਜੋਂ ਕੀਤੀ ਗਈ ਸੀ। ਪਹਿਲਾਂ ਇਹ ਓਕਲੈਂਡ ਡਾਊਨ ਟਾਊਨ ਵਿਚ ਸਥਿਤ ਸੀ। ਹੁਣ ਮੌਜੂਦ ਥਾਂ ਵਿਚ ਆਈ ਹੈ। ਪਹਿਲੇ ਨਾਂ ਤੋਂ ਬਦਲ ਕੇ ਫੇਰ ਇਸ ਦਾ ਨਾਂ Chabot Observatory and Science Center ਰੱਖਿਆ ਗਿਆ। ਜਨਵਰੀ 2000 ਵਿਚ ਫੇਰ ਇਸ ਦਾ ਮੌਜੂਦਾ ਨਾਂ ਰੱਖਿਆ ਗਿਆ ਹੈ। ਇਸ ਵਿਚ ਤਿੰਨ ਤਾਰਾ ਵਿਗਿਆਨ ਲਈ ਦੂਰਬੀਨਾਂ ਲੱਗੀਆਂ ਹੋਈਆਂ ਹਨ। ਪਹਿਲੀ 1883 ਵਿਚ ਲੱਗੀ ਸੀ। ਦੂਜੀ 1915 ਵਿਚ ਤੇ ਤੀਜੀ ਜੂਨ 2000 ਵਿਚ। ਮੇਰੇ ਦੋਹਤਿਆਂ ਨੇ ਤਾਂ, ਜਿਨ੍ਹਾਂ ਵਿਚੋਂ ਇਕ ਦਸਵੀਂ ਵਿਚ

ਪੜ੍ਹਦਾ ਹੈ ਤੇ ਦੂਜੇ ਪ੍ਰਾਇਮਰੀ ਵਿਚ ਪੜ੍ਹਦੇ ਹਨ, ਜਿਨ੍ਹਾਂ ਕੁ ਸਮਾਂ ਸਾਡੇ ਕੋਲ ਸੀ, ਵਾਰੀ ਵਾਰੀ ਤਿੰਨ ਦੂਰਬੀਨਾਂ ਦੀ ਵਰਤੋਂ ਕਰਦਿਆਂ ਲੰਘਾ ਦਿੱਤਾ। ਅਸੀਂ ਸੈਂਟਰ ਦੇ ਹੋਰ ਉਪਕਰਨਾਂ ਨੂੰ ਘੁੰਮ ਕੇ ਵੇਖਦੇ ਰਹੇ। ਏਥੇ ਬਣੇ Planetorium ਤੇ ਅਸੀਂ ਉੱਡਦੀ ਝਾਤ ਮਾਰੀ। ਇਸ ਵਿਚ ਹਰ ਰੋਜ਼ ਸ਼ੋਅ ਵਿਖਾਏ ਜਾਂਦੇ ਹਨ। ਹਫਤੇਵਾਰ ਲਾਈਵ ਸ਼ੋ ਵੀ ਹੁੰਦੇ ਹਨ। ਸਾਇੰਸ ਸੈਂਟਰ ਤੋਂ ਪਿਛੋਂ ਫੇਰ ਅਸੀਂ ਮਿਊਜ਼ੀਅਮ ਵੇਖਿਆ। ਸਾਡੇ ਕੋਲ ਸਮਾਂ ਥੋੜਾ ਸੀ। ਏਸ ਲਈ ਅਸੀਂ ਅਜਾਇਬ ਘਰ ਤੇ ਪੰਛੀ ਝਾਤ ਹੀ ਮਾਰ ਸਕੇ। ਇਸ ਮਿਊਜ਼ੀਅਮ ਵਿਚ ਆਰਟ, ਇਤਿਹਾਸ, ਸਭਿਆਚਾਰ ਤੇ ਕੈਲੀਫੋਰਨੀਆਂ ਸਟੇਟ ਦਾ ਕੁਦਰਤੀ ਵਾਤਾਵਰਣ ਵਿਖਾਇਆ ਗਿਆ ਹੈ। ਇਹ ਸਾਲ 1969 ਵਿਚ ਬਣਾਇਆ ਗਿਆ ਹੈ।

ਓਕਲੈਂਡ ਸ਼ਹਿਰ ਦਾ ਨਾਂ ਏਸ ਏਰੀਏ ਵਿਚ ਬਲੂਤ ਦੇ ਰੁੱਖਾਂ ਦੇ ਝੁੰਡਾਂ ਦੇ ਝੁੰਡ/ਛੋਟਾ ਜੰਗਲ ਹੋਣ ਕਰਕੇ ਪਿਆ ਹੈ। ਅਮਰੀਕਾ ਵਿਚ ਰੁੱਖਾਂ ਦੀ ਪ੍ਰਧਾਨਤਾ ਹੈ। ਜੰਗਲਾਂ ਦੇ ਜੰਗਲ ਹਨ। ਸਾਰੇ ਘਰ, ਬਿਲਡਿੰਗਾਂ ਰੁੱਖਾਂ/ਲੱਕੜ ਦੀਆਂ ਹੀ ਬਣਾਈਆਂ ਜਾਂਦੀਆਂ ਹਨ। ਹੋਰ ਬਹੁਤ ਹੀ ਥਾਵਾਂ ਤੇ ਲੱਕੜ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾਂ ਪੰਜਾਬ ਵਿਚ ਵੀ ਥਾਂ ਥਾਂ ਜੰਗਲ ਹੁੰਦੇ ਸਨ। ਰੁੱਖਾਂ ਦੇ ਝੁੰਡ ਹੁੰਦੇ ਸਨ। ਰੁੱਖਾਂ ਦੀ ਸਾਡੀ ਨਿੱਤ ਦੀ ਜ਼ਿੰਦਗੀ ਵਿਚ ਅਹਿਮ ਥਾਂ ਹੁੰਦੀ ਸੀ। ਰੁੱਖ ਮਾਵਾਂ ਦੀ ਤਰ੍ਹਾਂ ਛਾਵਾਂ ਦਿੰਦੇ ਹਨ। ਏਸ ਕਰਕੇ ਡਾ. ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਇਕ ਕਵਿਤਾ ਵਿਚ ਲਿਖਿਆ ਹੈ—

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ।

ਹੁਣ ਤਾਂ ਪੰਜਾਬ ਦੇ ਖੇਤਾਂ ਵਿਚ ਕਿਤੇ ਹੀ ਤੁਹਾਨੂੰ ਰੁੱਖ ਮਿਲਣਗੇ ?

ਓਕਲੈਂਡ ਸ਼ਹਿਰ ਦੀ ਸਾਲ 1852 ਵਿਚ ਸਥਾਪਨਾ ਕੀਤੀ ਗਈ ਹੈ। ਇਹ ਕੈਲੀਫੋਰਨੀਆਂ ਦੇ ਸ਼ਾਨ ਫਰਾਂਸ਼ਿਸਕੋ ਬੇਅਏਰੀਏ ਵਿਚ ਪੈਂਦਾ ਹੈ। ਅਮਰੀਕਾ ਦਾ ਇਹ 6ਵਾਂ ਘਣੀ ਆਬਾਦੀ ਵਾਲਾ ਸ਼ਹਿਰ ਹੈ। ਪਹਿਲੀ ਜਨਵਰੀ 2008 ਨੂੰ ਓਕਲੈਂਡ ਦੀ ਆਬਾਦੀ 4 ਲੱਖ 20 ਹਜ਼ਾਰ ਸੀ। ਇਹ ਸ਼ਹਿਰ 202 ਵਰਗ ਕਿਲੋਮੀਟਰ ਏਰੀਏ ਵਿਚ ਵਸਿਆ ਹੋਇਆ ਹੈ। ਓਕਲੈਂਡ ਪੱਛਮੀ ਸਮੁੰਦਰ ਕੰਢੇ ਦੀ ਬੜੀ ਬੰਦਰਗਾਹ ਹੈ। ਕਈ ਬੜੀਆਂ ਕਾਰਪੋਰੇਸ਼ਨਾਂ ਏਥੇ ਹਨ। ਕਈ ਨੈਸ਼ਨਲ ਪੱਧਰ ਦੇ ਵਪਾਰਕ ਅਦਾਰਿਆਂ ਦੇ ਕਾਰਪੋਰੇਟ ਹੈਡਕੁਆਰਟਰ ਓਕਲੈਂਡ ਵਿਚ ਹਨ। ਓਕਲੈਂਡ ਦਾ ਮੌਸਮ ਸਾਰੇ ਅਮਰੀਕਾ ਵਿਚੋਂ ਵਧੀਆ ਮੰਨਿਆ ਗਿਆ ਹੈ। ਸਾਲ 2000 ਦੀ ਮਰਦਮ ਸ਼ੁਮਾਰੀ ਅਨੁਸਾਰ ਓਕਲੈਂਡ ਤੇ ਲਾਂਗ ਬੀਚ ਦੇ ਭਿੰਨ ਭਿੰਨ ਜਾਤੀਆਂ ਦੀ ਵਸੋਂ ਵਾਲੇ ਅਜੇਹੇ ਸ਼ਹਿਰ ਹਨ, ਜਿਥੇ 150 ਬੋਲੀਆਂ ਬੋਲੀਆਂ ਜਾਂਦੀਆਂ ਹਨ।

ਓਕਲੈਂਡ ਏਰੀਆ ਪਹਿਲਾਂ ਸਪੇਨ ਦੇ ਕਬਜ਼ੇ ਵਿਚ ਸੀ। ਫੇਰ ਏਸ ਉਪਰ ਮੈਕਸੀਕੋ ਵਾਲਿਆਂ ਦਾ ਕਬਜ਼ਾ ਹੋ ਗਿਆ। ਮੈਕਸ਼ੀਕਨ ਤੇ ਅਮਰੀਕਨ ਜੰਗ ਪਿਛੋਂ ਓਕਲੈਂਡ ਏਰੀਆ ਅਮਰੀਕਾ ਦੇ ਅਧੀਨ ਆ ਗਿਆ। ਸਾਲ 1860 ਤੋਂ 1870 ਵਿਚਕਾਰ ਓਕਲੈਂਡ ਰੇਲਵੇ ਦਾ ਟਰਮੀਨਲ ਬਣਨ ਕਰਕੇ ਤੇ ਰੇਲਵੇ ਯਾਰਡ ਬਣਨ ਕਰਕੇ ਆਬਾਦੀ ਦੇ ਵਾਧੇ ਦਾ ਕਾਰਨ ਬਣਿਆ। ਬਹੁਤ ਲੋਕਾਂ ਨੂੰ ਰੁਜ਼ਗਾਰ ਮਿਲਿਆ। ਇੰਡਸਟਰੀ ਲੱਗੀ। ਸਮੁੰਦਰੀ ਬੰਦਰਗਾਹ ਬਣੀ। ਜਦ ਸ਼ਾਨ ਫਰਾਂਸ਼ਿਸ਼ਕੋ ਵਿਚ ਭੂਚਾਲ ਆਇਆ ਤਾਂ ਭੁਚਾਲ ਦੇ ਬਹੁਤ

ਸਾਰੇ ਉਜਾੜੇ ਹੋਏ ਰੀਫਿਊਜ਼ੀ ਓਕਲੈਂਡ ਆ ਵਸੇ। ਇਸ ਨਾਲ ਓਕਲੈਂਡ ਦੀ ਆਬਾਦੀ ਇਕ ਦਮ ਦੁੱਗਣੀ ਹੋ ਗਈ।

ਦੂਜੀ ਸੰਸਾਰ ਜੰਗ ਸਮੇਂ ਓਕਲੈਂਡ ਏਰੀਏ ਵਿਚ ਬਹੁਤ ਸਾਰੀਆਂ ਜੰਗ ਦੇ ਸਾਮਾਨ ਤਿਆਰ ਕਰਨ ਵਾਲੀਆਂ ਇੰਡਸਟਰੀਆਂ ਲੱਗੀਆਂ। ਓਕਲੈਂਡ ਦੀ ਲੇਕ ਮੈਰਿਟ ਬਹੁਤ ਮਸ਼ਹੂਰ ਹੈ। ਇਹ ਅਮਰੀਕਾ ਦੀ ਸਭ ਤੋਂ ਵੱਡੀ ਸ਼ਹਿਰੀ ਸਾਲਟ ਵਾਟਰ ਲੇਕ ਹੈ। ਓਕਲੈਂਡ ਸ਼ਹਿਰ ਨੂੰ ਮੁੱਖ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਮੈਦਾਨੀ ਏਰੀਆ ਤੇ ਪਹਾੜੀ ਏਰੀਏ ਵਿਚ। ਮੈਦਾਨੀ ਏਰੀਏ ਵਿਚ ਜ਼ਿਆਦਾ ਵਰਕਿੰਗ ਕਲਾਸ ਰਹਿੰਦੀ ਹੈ। ਪਹਾੜੀ ਏਰੀਏ ਵਿਚ ਉਪਰਲੇ ਮੱਧ ਸ਼੍ਰੇਣੀ ਤੇ ਉਪਰਲੀ ਸ਼੍ਰੇਣੀ ਦੇ ਲੋਕ ਰਹਿੰਦੇ ਹਨ। ਏਥੇ ਚਾਈਨਾ ਟਾਊਨ ਵੀ ਹੈ। ਏਥੇ ਬਹੁਤ ਸਾਰੇ ਕਾਲਜ ਤੇ ਕਈ ਯੂਨੀਵਰਸਿਟੀਆਂ ਹਨ। ਲਿੰਕਨ ਯੂਨੀਵਰਸਿਟੀ, ਪੈਟਨ ਯੂਨੀਵਰਸਿਟੀ, ਹੋਲੀ ਨੇਮਜ਼ ਯੂਨੀਵਰਸਿਟੀ ਤੇ ਯੂ ਸੀ. ਬਰਕਲੇ ਦਾ ਕੈਂਪਸ ਵੀ ਓਕਲੈਂਡ ਵਿਚ ਹੈ।

# ਰਿਵਰਸਾਈਡ–ਦੀ ਸਿਟੀ ਆਫ ਟ੍ਰੀਜ਼

ਅਮਰੀਕਾ ਅਤੇ ਕੈਨੇਡਾ ਦੇ ਟੂਰ ਸਮੇਂ ਮੈਂ ਵੇਖਿਆ ਹੈ ਕਿ ਕਿਸੇ ਵੀ ਕੰਮ ਕਰਨ ਵਾਲੇ ਇਸਤਰੀ ਪੁਰਸ਼ ਨੂੰ ਸੋਮਵਾਰ ਤੋਂ ਸੁਕਰਵਾਰ ਤੱਕ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ। ਜੇਕਰ ਤੁਹਾਡੇ ਕੋਲ ਛੋਟੀ ਨੌਕਰੀ ਹੈ, ਤੁਸੀਂ ਘਰ ਖਰੀਦਣਾ ਹੈ, ਘਰ ਲਈ ਯੰਤਰ ਖਰੀਦਣੇ ਹਨ ਤਾਂ ਤੁਹਾਨੂੰ ਪਤੀ ਪਤਨੀ ਦੋਵਾਂ ਨੂੰ ਨੌਕਰੀ ਕਰਨੀ ਪੈਂਦੀ ਹੈ। ਪਤਨੀ ਦਿਨੇ ਨੌਕਰੀ ਕਰੇਗੀ ਤੇ ਪਤੀ ਰਾਤ ਨੂੰ। ਜੇਕਰ ਬੱਚੇ ਛੋਟੇ ਹਨ ਤਾਂ ਪਤਨੀ ਦੀ ਨੌਕਰੀ ਸਮੇਂ ਪਤੀ ਘਰ ਬੱਚੇ ਸੰਭਾਲੇਗਾ। ਜੇ ਬੱਚੇ ਸਕੂਲ ਜਾਣ ਜੋਗੇ ਹਨ ਤੇ ਬੱਚਿਆਂ ਨੂੰ ਸਕੂਲ, ਸਕੂਲ ਦੀ ਬੱਸ ਤੇ ਨਹੀਂ ਭੇਜਿਆ ਜਾਂਦਾ, ਬੱਚਿਆਂ ਨੂੰ ਕਾਰ ਤੇ ਸਕੂਲ ਛੱਡਣ ਤੇ ਲਿਆਉਣ ਦੀ ਜ਼ੁੰਮੇਵਾਰੀ ਪਤੀ ਦੀ ਹੁੰਦੀ ਹੈ। ਜੇਕਰ ਪਤੀ ਦੀ ਚੰਗੀ ਨੌਕਰੀ ਹੈ ਜਾਂ ਚੰਗਾ ਵਪਾਰ ਹੈ ਤੇ ਪਤਨੀ ਕੋਈ ਕੰਮ ਨਹੀਂ ਕਰਦੀ ਤਾਂ ਕਬੀਲਦਾਰੀ ਥੋੜ੍ਹੀ ਸੌਖੀ ਹੋ ਜਾਂਦੀ ਹੈ। ਏਸੇ ਤਰ੍ਹਾਂ ਜੇ ਘਰ ਵਿਚ ਦਾਦਾ ਦਾਦੀ ਹਨ ਜਾਂ ਨਾਨਾ ਨਾਨੀ ਹਨ ਤਾਂ ਵੀ ਸੌਖ ਹੋ ਜਾਂਦੀ ਹੈ। ਇਨ੍ਹਾਂ ਦੇਸ਼ਾਂ ਵਿਚ ਕਰੜੀ ਮਿਹਨਤ ਕਰਨ ਤੇ ਡਾਲੇ (ਡਾਲਰ) ਬਣਦੇ ਹਨ। ਸਹੂਲਤਾਂ ਮਿਲਦੀਆਂ ਹਨ। ਪਰ ਬਹੁਤੇ ਪੰਜਾਬੀਆਂ ਨੂੰ ਭੁਲੇਖਾ ਹੈ ਕਿ ਏਥੇ ਡਾਲੇ ਸੌਖੇ ਬਣਦੇ ਹਨ ? ਮੁਫਤੋਂ ਮੁਫਤੀ ਬਣਦੇ ਹਨ ?

ਅਮਰੀਕਾ, ਕੈਨੇਡਾ ਵਿਚ ਪੰਜ ਦਿਨਾਂ ਦਾ ਹਫਤਾ ਹੈ। ਇਸ ਲਈ ਹਰ ਸਮਾਜਿਕ ਸਮਾਗਮ ਸਨਿਚਰਵਾਰ ਜਾਂ ਐਤਵਾਰ ਨੂੰ ਹੁੰਦੇ ਹਨ। ਮੈਨੂੰ ਆਪਣੀ ਲੜਕੀ ਦੇ ਪਰਿਵਾਰ ਨਾਲ ਅਗਸਤ 2008 ਦੇ ਦੂਜੇ ਵੀਕਐਂਡ ਵਿਚ ਰਿਵਰਸਾਈਡ ਸ਼ਹਿਰ ਵਿਚ ਇਕ ਖੁਸ਼ੀ ਦੇ ਅਖੰਡ ਪਾਠ ਦੇ ਭੋਗ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਫੰਕਸ਼ਨ ਤੋਂ ਵਿਹਲੇ ਹੋ ਕੇ

ਅਸੀਂ ਸ਼ਹਿਰ ਦਾ ਇਕ ਗੇੜਾ ਲਾਇਆ। ਯੂਨੀਵਰਸਿਟੀ ਆਫ ਕੈਲੀਫੋਰਨੀਆਂ ਰਿਵਰਸਾਈਡ, ਜਿਸਦਾ ਛੋਟਾ ਨਾਂ ਯੂ ਸੀ ਆਰ ਹੈ, ਦਾ ਬੋਟਾਨਿਕ ਗਾਰਡਨ ਵੇਖਿਆ। ਇਸ ਵਿਚ ਕਈ ਅਸਾਧਾਰਨ ਪੌਦੇ, ਰੁੱਖ ਵੇਖੇ। ਫਰਿਜ਼ਨੋ ਤੋਂ ਰਿਵਰਸਾਈਡ ਬਹੁਤ ਦੂਰ ਪੈਂਦਾ ਹੈ। ਵਾਪਸ ਮੁੜਨ ਦੀ ਕਾਹਲ ਸੀ। ਇਸ ਲਈ ਹੋਰ ਕੁਝ ਵੇਖਣ ਦਾ ਸਮਾਂ ਹੀ ਨਹੀਂ ਰਿਹਾ ਸੀ। ਫੇਰ ਵੀ ਸਾਨੂੰ ਵਾਪਸ ਆਉਂਦਿਆਂ ਰਾਤ ਦੇ 2 ਵੱਜ ਗਏ।

ਰਿਵਰਸਾਈਡ ਸ਼ਹਿਰ ਦਾ ਨਾਂ ਸ਼ਹਿਰ ਦੇ ਨਾਲ ਵੱਗਦੇ ਸ਼ਾਟਾਂ ਐਨਾ ਰਿਵਰ ਕਰਕੇ ਰੱਖਿਆ ਹੋਇਆ ਹੈ। ਰਿਵਰਸਾਈਡ ਦਾ ਸ਼ਬਦੀ ਅਰਥ ਦਰਿਆ/ਨਦੀ ਦਾ ਕਿਨਾਰਾ ਹੈ। ਸੰਸਾਰ ਦੀ ਸਾਰੀ ਪਹਿਲੀ ਵਸੋਂ ਦਰਿਆਵਾਂ, ਨਦੀਆਂ, ਨਾਲਿਆਂ ਦੇ ਕਿਨਾਰੇ ਤੇ ਵਸੀ ਸੀ। ਕਿਉਂ ਜੋ ਜਿਉਣ ਲਈ ਪਾਣੀ ਸਭ ਤੋਂ ਅਹਿਮ ਲੋੜ ਹੈ। ਏਸ ਕਰਕੇ ਹੀ ਸਾਡੇ ਪਹਿਲੇ ਆਸ਼ਕਾਂ ਦੇ ਮਿਲਣ ਸਥਾਨ ਦਰਿਆ, ਨਦੀਆਂ, ਨਾਲੇ ਰਹੇ ਹਨ। ਇਸ ਦਾ ਵਰਨਣ ਸਾਡੇ ਬਹੁਤ ਸਾਰੇ ਲੋਕ ਗੀਤਾਂ ਵਿਚ ਮਿਲਦਾ ਹੈ—

ਲੁਕ ਲੁਕ ਲਾਈਆਂ ਪ੍ਰਗਟ ਹੋਈਆਂ,<br>
ਵੱਜ ਗਏ ਢੋਲ ਨਿਗਾਰੇ।<br>
ਚੱਲ ਕਿਧਰੇ ਦੋ ਗੱਲਾਂ ਕਰੀਏ,<br>
ਵਹਿ ਕੇ ਨਦੀ ਕਿਨਾਰੇ।

ਰਿਵਰਸਾਈਡ ਕੈਲੀਫੋਰਨੀਆਂ ਸਟੇਟ ਦਾ ਸਭ ਤੋਂ ਵੱਡਾ ਇਨਲੈਂਡ-ਸਿਟੀ ਹੈ। ਇਹ 203 ਵਰਗ ਕਿਲੋਮੀਟਰ ਏਰੀਏ ਵਿਚ ਵਸਿਆ ਹੋਇਆ ਹੈ। ਸਾਲ 2006 ਵਿਚ ਇਸ ਦੀ ਆਬਾਦੀ 3 ਲੱਖ 5 ਹਜ਼ਾਰ ਸੀ। ਇਸ ਸ਼ਹਿਰ ਵਿਚ ਅਮਰੀਕਾ ਦੇ ਸਾਰੇ ਇਨਲੈਂਡ ਸ਼ਹਿਰਾਂ ਨਾਲੋਂ ਮੈਕਸ਼ੀਕਨਾਂ ਦੀ ਆਬਾਦੀ ਸਭ ਤੋਂ ਵੱਧ ਹੈ। ਇਹ ਸ਼ਹਿਰ ਕੈਲੀਫੋਰਨੀਆਂ ਸਟੇਟ ਦੀ ਸਿਟਰਸ (ਸੰਗਤੇ, ਗਲਗਲ, ਨਿੰਬੂ) ਇੰਡਸਟਰੀ ਦਾ ਜਨਮ ਦਾਤਾ ਹੈ। ਏਸੇ ਕਰਕੇ ਹੀ ਰਿਵਰਸਾਈਡ ਦਾ ਨਿਕਲੇਮ "ਦੀ ਸਿਟੀ ਆਫ ਟ੍ਰੀਜ਼" ਹੈ। ਦੱਖਣੀ ਕੈਲੀਫੋਰਨੀਆਂ ਦੇ ਮੁਕਾਬਲੇ ਕਿਸੇ ਸਮੇਂ ਰਿਵਰਸਾਈਡ ਵਿਚ ਰੀਅਲ ਐਸਟੇਟ ਦੀਆਂ ਕੀਮਤਾਂ ਬਹੁਤ ਘੱਟ ਸਨ। ਜਿਸ ਕਰਕੇ ਏਥੋਂ ਦੀ ਆਬਾਦੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। ਲੋਕ ਰਹਿੰਦੇ ਏਥੇ ਸਨ। ਨੌਕਰੀ ਬਾਹਰਲੇ ਸ਼ਹਿਰਾਂ ਵਿਚ ਕਰਦੇ ਹਨ। ਆਬਾਦੀ ਦੇ ਏਸ ਜ਼ਿਆਦਾ ਵਾਧੇ ਕਰਕੇ ਹੀ ਹੁਣ ਰਿਵਰਸਾਈਡ ਸ਼ਹਿਰ ਦੀ ਹਵਾ ਅਮਰੀਕਾ ਵਿਚੋਂ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਹਵਾ ਵਿਚ ਗਿਣੀ ਜਾਂਦੀ ਹੈ।

ਰਿਵਰਸਾਈਡ ਸ਼ਹਿਰ ਦੀ ਸਥਾਪਨਾ ਸਾਲ 1870 ਵਿਚ ਕੀਤੀ ਗਈ ਸੀ। ਕੁਝ ਸਾਲ ਪਿਛੋਂ ਏਥੇ ਨੇਵਲ ਔਰਿੰਜ਼ (Naval Orange) ਦੇ ਪੌਦੇ ਲਾਏ ਗਏ। ਇਹ ਏਥੋਂ ਦੇ ਮੌਸਮ ਵਿਚ ਐਨੇ ਕਾਮਿਆਬ ਹੋਏ ਕਿ ਲੋਕਾਂ ਨੇ ਧੜਾ ਧੜ ਇਨ੍ਹਾਂ ਦੇ ਬਾਗ ਲਾਉਣੇ ਸ਼ੁਰੂ ਕਰ ਦਿੱਤੇ। ਸਾਲ 1882 ਵਿਚ ਸਾਰੀ ਕੈਲੀਫੋਰਨੀਆਂ ਸਟੇਟ ਵਿਚ 5 ਲੱਖ ਤੋਂ ਉਪਰ ਨਿਬੂ ਵੰਸ ਦੇ ਰੁੱਖ ਸਿਟਰਸ ਟ੍ਰੀਜ਼ ਸਨ, ਜਿਨ੍ਹਾਂ ਵਿਚੋਂ ਕੱਲੇ ਅੱਧੇ ਰਿਵਰਸਾਈਡ ਵਿਚ ਸਨ। ਏਸੇ ਕਰਕੇ ਏਥੇ ਸਿਟਰਸ ਇੰਡਸਟਰੀ ਸਥਾਪਤ ਹੋਈ।

ਰਿਵਰਸਾਈਡ ਦਾ ਮਿਸ਼ਨ ਇਨ ਹੋਟਲ ਸੰਸਾਰ ਪ੍ਰਸਿੱਧੀ ਵਾਲਾ ਹੈ। ਰਿਵਰਸਾਈਡ ਵਿਚ ਉਹ ਤਿੰਨ ਪੈਰੈਂਟ ਨੇਵਲ ਔਰਿੰਜ਼ ਟ੍ਰੀਜ਼ ਅਜੇ ਵੀ ਹਨ ਜਿਹੜੇ ਸਾਲ 1873 ਵਿਚ

ਬਰਾਜ਼ੀਲ ਦੇਸ਼ ਵਿਚੋਂ ਲਿਆ ਕੇ ਏਥੇ ਲਾਏ ਗਏ ਸਨ। ਅਮਰੀਕਾ ਦੇ ਪੱਛਮੀ ਕੰਢੇ ਦੇ ਨੇਵਲ ਔਰਿੰਜ਼ ਟ੍ਰੀਜ਼ ਇਨ੍ਹਾਂ 1873 ਵਾਲੇ ਰੁੱਖਾਂ ਦੀ ਹੀ ਸੰਤਾਨ/ਵੰਸ ਵਿਚੋਂ ਹਨ। ਰਿਵਰਸਾਈਡ ਦੇ ਆਰਲਿੰਗਟਨ ਤੇ ਲਾ ਸੀਅਰਾ ਏਰੀਏ ਵਿਚ ਸਭ ਤੋਂ ਵੱਧ ਚੀਨੀ ਤੇ ਕੋਰੀਅਨ ਰਹਿੰਦੇ ਹਨ। ਕੋਰੀਅਨ ਅਮਰੀਕਨਾਂ ਦਾ ਵੱਡਾ ਚਰਚ ਵੀ ਆਰਲਿੰਗਟਨ ਨੇੜੇ ਹੈ। ਏਥੋਂ ਦੀਆਂ ਯੂਨੀਵਰਸਿਟੀ ਆਫ ਕੈਲੀਫੋਰਨੀਆਂ ਰਿਵਰਸਾਈਡ, ਕੈਲੀਫੋਰਨੀਆਂ ਬੈਪਟਿਸਟ ਯੂਨੀਵਰਸਿਟੀ ਤੇ ਲਾ ਸੀਅਰਾ ਯੂਨੀਵਰਸਿਟੀ ਮਸ਼ਹੂਰ ਹਨ। ਏਥੇ ਕਾਲਜ ਹਨ। ਲਾਇਬ੍ਰੇਰੀਆਂ ਹਨ। ਹਸਪਤਾਲ ਹਨ। ਏਥੋਂ ਦੀ ਲੇਕ ਮੈਥਿਊਜ਼ ਬਹੁਤ ਪ੍ਰਸਿੱਧ ਹੈ। ਰਿਵਰਸਾਈਡ ਦਾ ਫੈਸਟੀਵਲ ਆਫ ਲਾਈਟਸ ਬਹੁਤ ਉੱਘਾ ਹੈ।

# ਅਮਰੀਕਾ ਦੀ ਨਿਆਂ ਪਾਲਿਕਾ

ਇਕ ਦਿਨ ਮੈਨੂੰ ਬੇਕਰਫੀਲਡ ਸ਼ਹਿਰ ਦੀ ਕੋਰਟ ਵਿਚ ਇਕ ਵਿਆਹ ਦੇ ਅੰਤ/ਖਾਤਮੇ (ਅਨੱਲਮੈਂਟ) ਦੇ ਕੇਸ਼ ਦੀ ਸੁਣਵਾਈ ਸੁਣਨ ਦਾ ਸਬੱਬੀਂ ਮੌਕਾ ਮਿਲ ਗਿਆ। ਅਮਰੀਕਾ ਦੇ ਸਾਰੇ ਸ਼ਹਿਰ ਤੇ ਬਿਲਡਿੰਗਾਂ ਵਿਉਂਤਬੰਦੀ ਨਾਲ ਉਸਾਰੇ ਜਾਂਦੇ ਹਨ। ਕੋਰਟ ਦੀ ਬਿਲਡਿੰਗ ਬਹੁਤ ਸੋਹਣੀ ਉਸਾਰੀ ਹੋਈ ਸੀ। ਬਿਲਡਿੰਗ ਦੇ ਅੰਦਰ ਸਾਨੂੰ ਪੂਰੀ ਸਕਿਊਰਟੀ ਚੈਕ ਤੋਂ ਬਾਅਦ ਦਾਖਲ ਕੀਤਾ ਗਿਆ। ਸਹੀ ਟਾਈਮ ਤੇ ਕੇਸ ਦੀ ਸੁਣਵਾਈ ਸ਼ੁਰੂ ਹੋਈ। ਪਹਿਲਾਂ ਕੋਰਟ ਦੇ ਨੀਯਮ ਅਨੁਸਾਰ ਲੜਕੀ ਨੂੰ ਸਹੁੰ ਚੁਕਾਈ ਗਈ। ਫੇਰ ਲੜਕੀ ਨੂੰ ਕਟਹਿਰੇ ਵਿਚ ਖੜਾ ਕਰਕੇ 20/25 ਕੁ ਮਿੰਟ ਲੜਕੇ ਧਿਰ ਦੇ ਵਕੀਲ ਨੇ ਸਵਾਲ ਪੁੱਛੇ। ਉਸ ਤੋਂ ਪਿਛੋਂ 15 ਮਿੰਟ ਦੀ ਬਰੇਕ ਦਿੱਤੀ ਗਈ। ਦੋਵੇਂ ਧਿਰਾਂ ਕੋਰਟ ਦੇ ਕਮਰੇ ਤੋਂ ਬਾਹਰ ਆ ਕੇ ਬਰਾਂਡੇ ਵਿਚ ਲੱਗੀਆਂ ਕੁਰਸੀਆਂ ਤੇ ਬੈਠ ਗਈਆਂ।

ਫੇਰ ਲੜਕੇ ਦੀ ਵਾਰੀ ਆਈ। ਪਹਿਲਾਂ ਉਸ ਨੂੰ ਸਹੁੰ ਚੁਕਾਈ ਗਈ। ਫੇਰ ਲੜਕੇ ਨੂੰ ਕਟਹਿਰੇ ਵਿਚ ਖੜਾ ਕਰਕੇ ਲੜਕੀ ਧਿਰ ਦੇ ਵਕੀਲ ਨੇ ਸਵਾਲ ਪੁੱਛੇ। ਕਈ ਸਵਾਲਾਂ ਉਪਰ ਲੜਕੀ ਅਤੇ ਲੜਕੇ ਦੇ ਵਕੀਲਾਂ ਨੇ ਇਤਰਾਜ਼ ਕੀਤਾ। ਇਤਰਾਜ਼ ਵਾਲੇ ਸਵਾਲ ਫੇਰ ਜੱਜ ਨੇ ਆਪ ਲੜਕੇ ਅਤੇ ਲੜਕੀ ਤੋਂ ਪੁੱਛੇ। ਲੜਕੇ ਤੋਂ ਸਵਾਲ ਪੁੱਛਣ ਤੋਂ ਪਿਛੋਂ ਫੇਰ ਦੋਵੇਂ ਧਿਰਾਂ ਦੇ ਵਕੀਲਾਂ ਨੇ ਆਪਣੀਆਂ ਆਪਣੀਆਂ ਸਾਮੀਆਂ ਦੇ ਪੱਖ ਵਿਚ ਆਪਣਾ ਆਪਣਾ ਪੱਖ ਪੇਸ਼ ਕੀਤਾ। ਉਸ ਤੋਂ ਪਿਛੋਂ ਜੱਜ ਨੇ ਫੇਰ 25 ਕੁ ਮਿੰਟ ਦੀ ਬਰੇਕ ਦਿੱਤੀ। ਦੋਵੇਂ ਧਿਰਾਂ ਫੇਰ ਕੋਰਟ ਦੇ ਕਮਰੇ ਵਿਚੋਂ ਬਾਹਰ ਆ ਗਈਆਂ। ਜਦ ਦੋਵਾਰਾ ਕੋਰਟ ਲੱਗੀ ਤਾਂ ਜੱਜ ਨੇ ਆਪਦਾ ਫੈਸਲਾ ਸੁਣਾ ਦਿੱਤਾ। ਇਸ ਨੂੰ ਕਹਿੰਦੇ ਹਨ, ਤੁਰਤ ਫੁਰਤ ਇਨਸਾਫ

ਦੇਣਾ। ਮੈਨੂੰ ਵਕੀਲ ਤੋਂ ਇਹ ਵੀ ਪਤਾ ਲੱਗਿਆ ਕਿ ਵਿਆਹਾਂ ਦੇ ਖਾਤਮੇ, ਤਲਾਕ ਤੇ ਵਿਆਹ ਸਬੰਧੀ ਹੋਰ ਫੇਸਲੇ ਜੱਜਾਂ ਨੇ 6 ਮਹੀਨੇ ਦੇ ਅੰਦਰ ਅੰਦਰ ਦੇਣੇ ਹੁੰਦੇ ਹਨ। ਇਸ ਕੇਸ਼ ਵਿਚ ਵੀ ਕੇਸ਼ ਦੀ ਪਹਿਲੀ ਪੇਸ਼ੀ ਤੇ ਲੜਕੀ ਧਿਰ ਦੇ ਵਕੀਲ ਨੇ ਕਿਸੇ ਮਜਬੂਰੀ ਵਸ ਅੱਜ ਦੀ ਤਾਰੀਖ ਲੈ ਲਈ ਸੀ। ਅੱਜ ਕੇਸ਼ ਦਾ ਫੈਸਲਾ ਹੋ ਗਿਆ।

ਹੁਣ ਮੈਂ ਤੁਹਾਨੂੰ ਆਪਣੇ ਭਾਰਤ ਦੇਸ਼ ਮਹਾਨ ਦੀ ਕੋਰਟ ਦੇ ਇਕ ਜੱਜ ਦੇ ਇਕ ਕੇਸ਼ ਬਾਰੇ ਦੱਸਦਾ ਹਾਂ। ਇਹ ਕੇਸ਼ ਮੇਰੇ ਨਾਲ ਸਬੰਧਿਤ ਸੀ। ਮੈਂ ਉਸ ਸਮੇਂ ਡਿਪਟੀ ਰਜਿਸਟਰਾਰ ਕੋਆਪਰੇਟਿਵ ਸੋਸਾਈਟਜ਼ ਸੰਗਰੂਰ ਲੱਗਿਆ ਹੋਇਆ ਸੀ। ਡਿਪਟੀ ਰਜਿਸਟਰਾਰ ਕੋਲ ਅਦਾਲਤੀ ਤਾਕਤਾਂ ਹੁੰਦੀਆਂ ਹਨ। ਇਨ੍ਹਾਂ ਤਾਕਤਾਂ ਤਹਿਤ ਉਹ ਕੋਆਪਰੇਟਿਵ ਸੰਸਥਾਵਾਂ ਦੇ ਅਦਾਲਤੀ ਫੈਸਲੇ ਕਰਦੇ ਹਨ। ਮੈਂ ਇਕ ਕੇਸ਼ ਦਾ ਅਦਾਲਤੀ ਫੈਸਲਾ ਕਰਦੇ ਹੋਏ ਇਕ ਸੰਸਥਾ ਦੀ ਬਿਲਡਿੰਗ ਤੇ ਗੈਰ ਕਾਨੂੰਨੀ ਢੰਗ ਨਾਲ ਕਾਬਜ਼ ਹੋਏ ਠੇਕੇਦਾਰ ਨੂੰ ਉਸ ਸੰਸਥਾ ਦੀ ਬਿਲਡਿੰਗ ਵਿਚੋਂ ਕੱਢਿਆ ਸੀ। ਉਹ ਠੇਕੇਦਾਰ ਸਿਆਸੀ ਲੀਡਰ ਵੀ ਸੀ। ਸਿਆਸੀ ਬੰਦੇ ਆਪਣੇ ਆਪ ਨੂੰ ਹਰ ਕਾਨੂੰਨ ਤੋਂ ਉਪਰ ਸਮਝਦੇ ਹਨ। ਜੇਕਰ ਸਿਆਸੀ ਬੰਦਿਆਂ ਦੇ ਖਿਲਾਫ ਕੋਈ ਫੈਸਲਾ ਹੋ ਜਾਵੇ ਤਾਂ ਉਹ ਆਪਣੀ ਬੇਇਜ਼ਤੀ ਸਮਝਦੇ ਹਨ। ਹੋਏ ਫੈਸਲੇ ਨੂੰ ਆਪਣੀ ਹਉਮੈਂ ਤੇ ਸੱਟ ਸਮਝਦੇ ਹਨ। ਉਸ ਠੇਕੇਦਾਰ ਨੇ ਫੇਰ ਮੇਰੇ, ਮੇਰੇ ਮਹਿਕਮੇ ਦੇ ਹੇਠਲੇ ਅਫਸਰਾਂ, ਸੰਸਥਾ ਦੇ ਕਰਮਚਾਰੀਆਂ ਤੈ ਮੈਨੇਜ਼ਮੈਂਟ ਦੇ ਖਿਲਾਫ਼ ਇਕ ਨਿਰਮੂਲ ਜਿਹੇ ਬਹਾਨੇ ਦੇ ਆਧਾਰ ਤੇ ਅਦਾਲਤ ਦਾ ਅਪਮਾਨ ਦਾ ਕੇਸ਼ ਕੋਰਟ ਵਿਚ ਕਰ ਦਿੱਤਾ।

ਕੇਸ ਦੀ ਸੁਣਵਾਈ 4 ਸਾਲ ਚਲਦੀ ਰਹੀ। ਜੱਜ ਨੇ ਫੇਰ ਫੈਸਲੇ ਦੀ ਤਾਰੀਖ ਰੱਖ ਦਿੱਤੀ। ਫੈਸਲੇ ਦੀ ਤਾਰੀਖ ਰੱਖਣ ਤੋਂ ਬਾਅਦ ਵੀ 5/6 ਪੇਸ਼ੀਆਂ ਪਾ ਦਿੱਤੀਆਂ। ਪਰ ਫੈਸਲਾ ਫੇਰ ਵੀ ਨਾ ਸੁਣਾਇਆ। ਜੱਜ ਸਾਹਿਬ ਕੋਈ ਆਸ ਰੱਖੀ ਬੈਠੇ ਹੋਣਗੇ ? ਜਦ ਉਨ੍ਹਾਂ ਦੀ ਆਸ ਪੂਰੀ ਨਾ ਹੋਈ ਤਾਂ ਮਜਬੂਰਨ ਉਨ੍ਹਾਂ ਨੂੰ ਫੈਸਲਾ ਸੁਣਾਵੁਣਾ ਪਿਆ। ਇਹ ਹੈ ਸਾਡੀਆਂ ਭਾਰਤੀ ਅਦਾਲਤਾਂ ਦਾ ਹਾਲ। 10 ਸਾਲ ਤੋਂ 25 ਕੁ ਸਾਲ ਤੱਕ ਤਾਂ ਹੇਠਲੀ ਅਦਾਲਤ ਤੋਂ ਲੈ ਕੇ ਉਪਰਲੀਆਂ ਅਦਾਲਤਾਂ ਤੱਕ ਕੇਸ਼ ਆਮ ਚਲਦੇ ਹਨ। ਏਸੇ ਕਰਕੇ ਤਾਂ ਸਿਆਣੇ ਕਹਿੰਦੇ ਹਨ "ਦੇਰ ਨਾਲ ਕੀਤਾ ਇਨਸਾਫ, ਇਨਸਾਫ ਨਾ ਦੇਣ ਦੇ ਬਰਾਬਰ ਹੁੰਦਾ।" ਅਜੇਹੀਆਂ ਅਦਾਲਤਾਂ ਸਬੰਧੀ ਹੀ ਇਕ ਲੋਕ ਗੀਤ ਹੈ—

ਨਾ ਤਾਂ ਮੇਰੀ ਲਈ ਗਵਾਹੀ,
ਨਾ ਸਭ ਬਾਤ ਪਛਾਣੀ।
ਕੰਨੋ ਬੋਲ੍ਹੀ ਦਿਸੇ ਅਦਾਲਤ,
ਅੱਖੋਂ ਵੀ ਹੈ ਕਾਣੀ।
ਸੱਚੇ ਫੈਸਲੇ ਕਿਵੇਂ ਕਰੇ ?
ਜੀਹਨੇ ਵੱਢੀ ਹੋਵੇ ਖਾਣੀ।
ਨਰਕਾਂ 'ਚ ਪਏ ਜ਼ਿੰਦੜੀ,
ਮਿਲੇ ਨਾ ਤਿਹਾਏ ਨੂੰ ਪਾਣੀ।

ਹੁਣ ਥੋੜੀ ਜਿਹੀ ਜਾਣਕਾਰੀ ਬੇਕਰਫੀਲਡ ਸ਼ਹਿਰ ਬਾਰੇ ਦਿੰਦਾ ਹਾਂ। ਇਹ ਕੈਲੀਫੋਰਨੀਆਂ ਸਟੇਟ ਦਾ ਬੜਾ ਤੇਜ਼ੀ ਨਾਲ ਵਧ ਰਿਹਾ ਸ਼ਹਿਰ ਹੈ। ਇਹ ਲਾਸ ਏਂਜ਼ਲਸ

ਸ਼ਹਿਰ ਤੇ ਫਰਿਜ਼ਨੋ ਸ਼ਹਿਰ ਦੇ ਸੈਂਟਰ ਵਿਚ ਪੈਂਦਾ ਹੈ। ਦੋਨਾਂ ਸ਼ਹਿਰਾਂ ਤੋਂ ਹੀ 180 ਕੁ ਕਿਲੋਮੀਟਰ ਦੀ ਦੂਰੀ ਤੇ ਹੈ। ਸਾਲ 2008 ਦੀ ਰੀਪੋਰਟ ਅਨੁਸਾਰ ਸ਼ਹਿਰ ਦੀ ਆਬਾਦੀ 3 ਲੱਖ 29 ਹਜ਼ਾਰ ਹੈ। ਆਬਾਦੀ ਪੱਖੋਂ ਇਹ ਕੈਲੀਫੋਰਨੀਆਂ ਸਟੇਟ ਦਾ 11 ਵਾਂ ਵੱਡਾ ਸ਼ਹਿਰ ਹੈ। ਏਥੋਂ ਦੀ ਆਰਥਿਕਤਾ ਖੇਤੀਬਾੜੀ, ਪਟਰੋਲ ਦੇ ਉਤਪਾਦਨ ਤੇ ਪਟਰੋਲ ਤੋਂ ਤਿਆਰ ਵਸਤਾਂ ਤੇ ਆਧਾਰਤ ਹੈ।

ਅੱਜ ਤੋਂ ਕੋਈ 8 ਹਜ਼ਾਰ ਪਹਿਲਾਂ ਸੈਨਵਾਕੀਨ ਘਾਟੀ ਵਿਚ Yokuts Indians ਰਹਿੰਦੇ ਸਨ। ਏਸ ਘਾਟੀ ਵਿਚ ਹੀ ਬੇਕਰਫੀਲਡ ਸਥਿਤ ਹੈ। ਸਾਲ 1776 ਵਿਚ ਏਥੇ ਪਹਿਲੇ ਯੂਰਪੀਅਨ ਧਰਮ ਪ੍ਰਚਾਰਕ ਆਏ। ਸਾਲ 1851 ਵਿਚ ਏਸ ਘਾਟੀ ਵਿਚੋਂ ਸੋਨੇ ਦੀ ਲੱਭਤ ਹੋਈ। ਫੇਰ 1865 ਵਿਚ ਏਥੋਂ ਤੇਲ ਲੱਭਿਆ। ਬੇਕਰਫੀਲਡ ਏਰੀਏ ਨੂੰ ਆਬਾਦ ਕਰਨ ਵਿਚ ਕਰਨਲ ਥਾਮਸ ਬੇਕਰ ਦਾ ਵਿਸ਼ੇਸ਼ ਯੋਗਦਾਨ ਹੈ। ਏਸੇ ਕਰਕੇ ਹੀ ਜਦ ਸਾਲ 1869 ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਤਾਂ ਉਸ ਸਮੇਂ ਕਰਨਲ ਥਾਮਸ ਬੇਕਰ ਦੇ ਨਾਂ ਤੇ ਸ਼ਹਿਰ ਦਾ ਨਾਂ ਬੇਕਰਫੀਲਡ ਰੱਖਿਆ ਗਿਆ।

ਸ਼ਹਿਰ ਦੀ ਆਬਾਦੀ ਹੌਲੀ ਹੌਲੀ ਵਧੀ। ਸਾਲ 1880 ਵਿਚ ਸ਼ਹਿਰ ਦੀ ਆਬਾਦੀ ਸਿਰਫ 800 ਸੀ। ਅਗਲੇ 100 ਸਾਲਾਂ ਵਿਚ ਭਾਵ ਸਾਲ 1980 ਵਿਚ ਸ਼ਹਿਰ ਦੀ ਆਬਾਦੀ ਇਕ ਲੱਖ ਤੋਂ ਥੋੜੀ ਜਿਹੀ ਉਪਰ ਸੀ। ਉਸ ਤੋਂ ਪਿਛੋਂ ਤੇਲ ਪਦਾਰਥਾਂ ਵਿਚ ਹੋਏ ਵਾਧੇ ਤੇ ਖੇਤੀਬਾੜੀ ਵਿਚ ਹੋਈ ਤਰੱਕੀ ਨੇ ਸ਼ਹਿਰ ਦੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਕੀਤਾ। ਹੁਣ ਬੇਕਰਫੀਲਡ ਇਕ ਅਜੇਹਾ ਸ਼ਹਿਰ ਹੈ, ਜਿਥੇ ਸਾਰੇ ਸੰਸਾਰ ਨਾਲੋਂ ਜ਼ਿਆਦਾ ਗਾਜ਼ਰ ਪੈਦਾ ਹੁੰਦੀ ਹੈ। ਏਥੇ ਅੰਗੂਰ, ਬਦਾਮ, ਪਿਸ਼ਤਾ, ਸੰਗਤਰਾ, ਕਣਕ, ਆਲੂ ਤੇ ਲੱਸਣ ਬਹੁਤ ਪੈਦਾ ਹੁੰਦਾ ਹੈ। ਬੇਕਰਫੀਲਫ ਨੂੰ ਅਮਰੀਕਾ ਦੇ ਧੁੱਪ ਵਾਲੇ ਸ਼ਹਿਰਾਂ ਵਿਚ ਗਿਣਿਆ ਜਾਂਦਾ ਹੈ। ਹਵਾ ਦੇ ਪ੍ਰਦੂਸ਼ਨ ਵਿਚ ਵੀ ਬੇਕਰਫੀਲਡ ਦਾ ਅਮਰੀਕਾ ਵਿਚ ਦੂਜਾ ਨੰਬਰ ਹੈ।

ਏਥੇ ਪੰਜਾਬੀਆਂ ਦੀ ਕਾਫੀ ਆਬਾਦੀ ਹੈ। ਬਹੁਤੇ ਪੰਜਾਬੀ ਗਾਜ਼ਰਾਂ ਦੀਆਂ ਫੈਕਟਰੀਆਂ ਵਿਚ ਕੰਮ ਕਰਦੇ ਹਨ। ਚਾਰ ਗੁਰੂਦਵਾਰੇ ਏਥੇ ਪੂਰੀ ਰੌਣਕ ਵਾਲੇ ਹਨ। ਏਥੋਂ ਦੀਆਂ ਮਸ਼ਹੂਰ ਵੇਖਣ ਵਾਲੀਆਂ ਥਾਵਾਂ ਕਿਰਨ ਕਾਊਂਟੀ ਮਿਊਜ਼ੀਅਮ, ਫੌਕਸ ਥੀਏਟਰ, Mc Mutrey Aquatic Center, Crystal Palace Night Club, Sam Lynn Ball Park, Truxtun Lake, Kern River Parkway, Stockdale Tower ਆਦਿ ਹਨ। ਕਈ ਕਾਲਜ਼ ਹਨ। ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਹੈ। ਏਥੋਂ ਦਾ ਸਾਲਾਨਾ ਗਰੀਕ ਫੈਸਟੀਵਲ ਬਹੁਤ ਮਸ਼ਹੂਰ ਹੈ। ਇਹ ਸੇਂਟ ਜਾਰਜ਼ ਗਰੀਕ ਅਰਥੋਡੋਕਸ ਚਰਚ ਵਲੋਂ ਮਨਾਇਆ ਜਾਂਦਾ ਹੈ। ਸਾਰੇ ਅਮਰੀਕਾ ਵਿਚੋਂ ਧਰਤੀ ਵਿਚੋਂ ਸਭ ਤੋਂ ਜ਼ਿਆਦਾ ਤੇਲ ਬੇਕਰਫੀਲਡ ਕਾਊਂਟੀ ਵਿਚੋਂ ਨਿਕਲਦਾ ਹੈ। ਅਮਰੀਕਾ ਦੀ ਸਭ ਤੋਂ ਪੁਰਾਣੀ ਤੇ ਵੱਡੀ ਸਹਿਕਾਰੀ ਸੰਸਥਾ, ਦੀ ਕੈਲੇਫੋਰਨੀਆਂ ਕਾਟਨ ਕੋਆਪ੍ਰੇਟਿਵ ਐਸੋਸੀਏਸ਼ਨ ਸਾਲ 1927 ਵਿਚ ਬਕੇਰਫੀਲਡ ਵਿਚ ਹੀ ਸਥਾਪਤ ਕੀਤੀ ਗਈ ਸੀ।

# ਅਮਰੀਕਨ ਫਿਊਨਰਲ ਸਿਸਟਮ

ਮੈਨੂੰ ਏਥੇ ਮੇਰੇ ਜੁਆਈ ਦੇ ਇਕ ਰਿਸ਼ਤੇਦਾਰ ਦੇ ਅੰਤਮ ਸੰਸਕਾਰ (Funeral) ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਮਰਨ ਵਾਲੇ ਰਿਸ਼ਤੇਦਾਰ ਦੀ ਉਪਰ 80 ਸਾਲ ਤੋਂ ਉਪਰ ਸੀ। ਇਹ ਪਰਿਵਾਰ ਐਲਮੋ (ALamo) ਸ਼ਹਿਰ ਵਿਚ ਰਹਿੰਦਾ ਹੈ। ਅਮਰੀਕਾ ਵਿਚ ਹਰ ਕੰਮ ਨਿਰਧਾਰਿਤ ਕਾਨੂੰਨ, ਨੀਯਮ ਵਿਚ ਰਹਿ ਕੇ ਕਰਨਾ ਪੈਂਦਾ ਹੈ। ਜਿਹੜਾ ਏਥੇ ਕਾਨੂੰਨ ਦੀ ਉਲੰਘਣਾ ਕਰਣਾ ਹੈ, ਚਾਹੇ ਉਹ ਅਮਰੀਕਾ ਦਾ ਕਿੱਡਾ ਈ ਵੱਡਾ ਵੀ ਆਈ ਪੀ. ਹੋਵੇ, ਉਸ ਨੂੰ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਸਜ਼ਾ ਮਿਲਦੀ ਹੈ। ਏਥੇ ਸਾਡੇ ਭਾਰਤ ਦੇਸ਼ ਮਹਾਨ ਵਰਗਾ ਭੁੱਦੂ ਰਾਜ ਨਹੀਂ ਹੈ, ਜਿਥੇ ਕਾਨੂੰਨ ਵੀ. ਆਈ. ਪੀ. ਲਈ ਹੋਰ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਤੇ ਉਹ ਹੀ ਕਾਨੂੰਨ ਆਮ ਆਦਮੀ ਲਈ ਹੋਰ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ।

ਮੈਂ ਤੁਹਾਨੂੰ ਛੋਟੀ ਜਿਹੀ ਇਕ ਮਸਾਲ ਦਿੰਦਾ ਹਾਂ। ਪੰਜਾਬ ਦੀਆਂ ਸੜਕਾਂ ਤੇ ਲੱਗੀਆਂ ਰੈਡ ਲਾਈਟਾਂ ਵਿਚੋਂ ਦੀ, ਰੈਡ ਲਾਈਟਾਂ ਲੱਗੇ ਸਮੇਂ ਸਾਡੇ ਕਾਨੂੰਨ ਬਣਾਉਣ ਵਾਲੇ ਐਮ. ਐਲ. ਏ., ਵਜ਼ੀਰ ਤੇ ਕਾਨੂੰਨ ਨੂੰ ਲਾਗੂ ਕਰਨ ਵਾਲੇ ਪੁਲਸ ਅਫਸਰ ਆਪਣੀਆਂ ਗੱਡੀਆਂ ਲੰਘਾਉਣੀਆਂ ਆਪਣੀ ਟੌਹਰ ਤੇ ਸ਼ਾਨ ਸਮਝਦੇ ਹਨ। ਜਦੋਂ ਕਿ ਜੇ ਆਮ ਆਦਮੀ ਰੈਡ ਲਾਈਟ ਹੁੰਦੀ ਵਿਚੋਂ ਦੀ ਗੱਡੀ ਲੰਘਾਵੇ ਤਾਂ ਪੁਲਸ ਵਾਲੇ ਉਸ ਦਾ ਝੱਟ ਚਲਾਣ ਕਰ ਦਿੰਦੇ ਹਨ। ਏਥੇ ਅਮਰੀਕਾ ਵਿਚ ਰੈਡ ਲਾਈਟ ਹੋਵੇ ਤੋਂ ਗੱਡੀ ਲੰਘਾਉਣ ਦਾ ਕੋਈ ਹੌਸਲਾ ਹੀ ਨਹੀਂ ਕਰ ਸਕਦਾ। ਚਾਹੇ ਉਹ ਐਮ. ਪੀ. ਹੋਵੇ। ਚਾਹੇ ਵਜ਼ੀਰ ਹੋਵੇ। ਰੈਡ ਲਾਈਟ ਤੋਂ ਲੋਕ ਏਸ ਤਰ੍ਹਾਂ ਡਰਦੇ ਹਨ ਜਿਵੇਂ ਸ਼ੇਰ ਤੋਂ ਬੰਦਾ ਡਰਦਾ ਹੈ। ਰੈਡ ਲਾਈਟ ਇਕ ਹਊਆ ਹੈ।

ਹੁਣ ਅਸਲ ਵਿਸ਼ੇ ਵੱਲ ਆਉਂਦੇ ਹਾਂ। ਭਾਰਤ ਵਾਂਗ ਏਥੇ ਅਮਰੀਕਾ ਵਿਚ ਵੀ ਮੁਰਦੇ ਨੂੰ ਜਲਾਇਆ ਜਾਂਦਾ ਹੈ। ਜਾਂ ਧਰਤੀ ਵਿਚ ਦੱਬ ਦਿੱਤਾ ਜਾਂਦਾ ਹੈ। ਮੁਰਦੇ ਨੂੰ ਏਥੇ

ਬਿਜ਼ਲੀ ਦੀ ਭੱਠੀ ਵਿਚ ਜਲਾਇਆ ਜਾਂਦਾ ਹੈ। ਲੱਕੜ ਨਾਲ ਮੁਰਦੇ ਨੂੰ ਜਲਾਉਣਾ ਏਥੇ ਮਨਾਹੀ ਹੈ। ਕਿਉਂ ਜੋ ਧੂਏਂ ਤੇ ਅੱਗ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਅਮਰੀਕਾ ਵਿਚ ਸਿੱਖ ਤੇ ਹਿੰਦੂ ਮੁਰਦੇ ਨੂੰ ਜਲਾਉਂਦੇ ਹਨ। ਏਥੇ ਮਨੁੱਖੀ ਜੀਵਨ ਦੀ ਪੂਰੀ ਕਦਰ ਹੈ। ਏਥੇ ਤਾਂ ਪਸ਼ੂ, ਪੰਛੀਆਂ, ਕੁੱਤਿਆਂ, ਬਿੱਲੀਆਂ ਦੀ ਕਦਰ ਵੀ ਭਾਰਤ ਦੀ ਮਨੁੱਖ ਜਾਤੀ ਦੀ ਕਦਰ ਨਾਲੋਂ ਕਿਤੇ ਜ਼ਿਆਦਾ ਕਦਰ ਹੈ ?

ਅਮਰੀਕਾ ਵਿਚ ਹਰ ਮਨੁੱਖ, ਇਸਤਰੀ, ਪੁਰਸ, ਬੱਚਿਆਂ ਨੂੰ ਪੂਰੀਆਂ ਸਿਹਤ ਸਹੂਲਤਾਂ ਪ੍ਰਾਪਤ ਹਨ। ਆਮ ਤੌਰ ਤੇ ਹਰ ਵਿਅਕਤੀ ਦੀ ਮੌਤ ਹਸਪਤਾਲ ਵਿਚ ਹੁੰਦੀ ਹੈ। ਮੁਰਦਾ ਸਰੀਰ ਨੂੰ ਹਸਪਤਾਲਾਂ ਵਿਚ ਬਣੇ ਮੁਰਦਾ ਘਰਾਂ (Morgue) ਵਿਚ ਰੱਖਿਆ ਜਾਂਦਾ ਹੈ। ਮ੍ਰਿਤਕ ਪਰਿਵਾਰ ਵਾਲਿਆਂ ਨੇ ਜਿਥੇ ਸੱਸਕਾਰ ਕਰਨਾ ਹੁੰਦਾ ਹੈ, ਉਸ ਫਿਊਨਰਲ ਹੋਮ ਨਾਲ ਸੰਪਰਕ ਕਰਦੇ ਹਨ। ਫਿਊਨਰਲ ਹੋਮ ਦਾ ਫੈਸਲਾ ਹੋਣ ਤੇ ਫੇਰ ਪਰਿਵਾਰ ਵਾਲੇ ਫਿਊਨਰਲ ਹੋਮ ਦੀ ਸੂਚਲਾ ਹਸਪਤਾਲ ਨੂੰ ਦਿੰਦੇ ਹਨ। ਹਸਪਤਾਲ ਵਾਲੇ ਫੇਰ ਫਿਊਨਰਲ ਹੋਮ ਵਾਲਿਆਂ ਨੂੰ ਲਾਸ਼ ਲੈ ਕੇ ਜਾਣ ਦੀ ਸੂਚਨਾ ਦਿੰਦੇ ਹਨ। ਫਿਊਰਲ ਹੋਮ ਨੂੰ ਲਾਸ਼ ਦੇਣ ਤੋਂ ਪਹਿਲਾਂ ਹਸਪਤਾਲ ਵਾਲੇ ਲਾਸ਼ ਵਿਚੋਂ ਇਕ ਤਾਂ ਗਲ ਦੇ ਕੋਲ ਛੋਟਾ ਜਿਹਾ ਚੀਰਾ ਦੇ ਕੇ ਸਾਰਾ ਖੂਨ ਕੱਢ ਲੈਂਦੇ ਹਨ। ਖੂਨ ਦੀ ਥਾਂ ਫੇਰ ਲਾਸ਼ ਨੂੰ ਸਹੀ ਰੱਖਣ ਲਈ ਬਣਿਆ ਇਕ ਸੈਲਿਊਸ਼ਨ ਨਾੜਾਂ ਵਿਚ ਭਰ ਦਿੰਦੇ ਹਨ। ਇਕ ਛੋਟਾ ਜਿਹਾ ਚੀਰਾ ਪੇਟ ਵਿਚ ਦੇ ਕੇ ਪੇਟ ਦਾ ਸਾਰਾ ਪਾਣੀ ਕੱਢ ਦਿੰਦੇ ਹਨ। ਲਾਸ਼ ਵਿਚੋਂ ਖੂਨ ਤੇ ਪਾਣੀ ਏਸ ਲਈ ਕੱਢਿਆ ਜਾਂਣਾ ਹੈ ਤਾਂ ਜੋ ਲਾਸ਼ ਸੜੇ ਨਾ। ਗਲੇ ਨਾ। ਮੁਰਦਾ ਲਾਸ਼ ਨੂੰ ਗਲਣ, ਸੜਨ ਤੋਂ ਬਚਾਉਣ ਲਈ ਮਸਾਲੇ ਤੇ ਖੁਸ਼ਬੂ ਲਾ ਕੇ ਰੱਖਿਆ ਜਾਂਦਾ ਹੈ। ਏਸ ਕਾਰਵਾਈ ਨੂੰ ਐਮਬਾਮ (Embalm) ਕਹਿੰਦੇ ਹਨ।

ਪਰਿਵਾਰ ਵਾਲੇ ਫੇਰ ਫਿਊਨਰਲ ਹੋਮ ਦੀ ਉਪੱਲਬਧਤਾ ਨੂੰ ਮੁੱਖ ਰੱਖਕੇ ਸੱਸਕਾਰ ਕਰਨ ਦੀ ਤਾਰੀਖ ਮਿਥਦੇ ਹਨ। ਫਿਊਨਰਲ ਹੋਮ ਬੜੇ ਖੁਲ੍ਹੇ ਬਣੇ ਹੁੰਦੇ ਹਨ। ਸੜਕਾਂ, ਘਾਹ ਦੇ ਮੈਦਾਨ ਬੜੇ ਸਾਫ ਸੁਥਰੇ ਹੁੰਦੇ ਹਨ। ਫੁੱਲ ਬੂਟੇ ਲੱਗੇ ਹੁੰਦੇ ਹਨ। ਮਿਥੀ ਤਾਰੀਖ ਤੋਂ ਇਕ ਦਿਨ ਪਹਿਲਾਂ ਪਰਿਵਾਰ ਵਾਲੇ ਮ੍ਰਿਤਕ ਦੇਹ ਦਾ ਅਸ਼ਨਾਨ ਕਰਵਾਉਂਦੇ ਹਨ। ਨਵੇਂ ਕੱਪੜੇ ਪਹਿਨਾਉਂਦੇ ਹਨ। ਮ੍ਰਿਤਕ ਦੇਹ ਨੂੰ ਬਕਸੇ ਵਿਚ ਰੱਖ ਕੇ ਫਿਊਨਰਲ ਹੋਮ ਨੂੰ ਵਾਪਸ ਦੇ ਦਿੰਦੇ ਹਨ।

ਅਗਲੇ ਦਿਨੇ/ਸੱਸਕਾਰ ਵਾਲੇ ਦਿਨ ਮ੍ਰਿਤਕ ਦੇਹ ਵਾਲੇ ਬਕਸੇ ਨੂੰ ਇਕ ਹਾਲ ਵਿਚ ਲਿਆ ਕੇ ਰੱਖਿਆ ਜਾਂਦਾ ਹੈ। ਲੋਕਾਂ ਦੇ ਬੈਠਣ ਲਈ ਹਾਲ ਵਿਚ ਕੁਰਸੀਆਂ, ਬੈਂਚ ਲੱਗੇ ਹੁੰਦੇ ਹਨ। ਬਕਸੇ ਦਾ ਉਪਰਾਲਾ ਢੱਕਣ ਖੋਲ੍ਹ ਦਿੱਤਾ ਜਾਂਦਾ ਹੈ। ਪਰਿਵਾਰ ਵਾਲੇ, ਰਿਸ਼ਤੇਦਾਰ, ਦੋਸਤ ਮਿੱਤਰ ਆਈ ਜਾਂਦੇ ਹਨ। ਮ੍ਰਿਤਕ ਵਿਅਕਤੀ ਦਾ ਮੂੰਹ ਵੇਖ ਕੇ, ਸਤਿਕਾਰ ਦੇ ਕੇ ਕੁਰਸੀਆਂ, ਬੈਚਾਂ ਤੇ ਬੈਠੀ ਜਾਂਦੇ ਹਨ। ਫੇਰ ਸੁਖਮਣੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਤੋਂ ਪਿਛੋਂ ਜਿਸ ਕਿਸੇ ਨੇ ਸ਼ਰਧਾਂਜਲੀ ਦੇਣੀ ਹੁੰਦੀ ਹੈ, ਉਹ ਸ਼ਰਧਾਂਜਲੀ ਦਿੰਦੇ ਹਨ।

ਉਸ ਤੋਂ ਪਿਛੋਂ ਹਾਲ ਵਿਚੋਂ ਸਾਰੇ ਵਿਅਕਤੀ ਮ੍ਰਿਤਕ ਦੇਹ ਨੂੰ ਸਤਿਕਾਰ ਦਿੰਦੇ ਹੋਏ ਬਾਹਰ ਆ ਜਾਂਦੇ ਹਨ। ਮ੍ਰਿਤਕ ਦੇਹ ਵਾਲੇ ਬਕਸੇ ਨੂੰ ਪਰਿਵਾਰ ਦੇ ਮੈਂਬਰ ਸੱਸਕਾਰ ਵਾਲੀ

ਥਾਂ ਦੇ ਨਜ਼ਦੀਕ ਲੈ ਜਾਂਦੇ ਹਨ। ਹਾਜ਼ਰ ਲੋਕ ਵੀ ਨਾਲ ਦੀ ਨਾਲ ਉਥੇ ਪਹੁੰਚ ਜਾਂਦੇ ਹਨ। ਉਥੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ ਹੈ। ਅਰਦਾਸ ਕੀਤੀ ਜਾਂਦੀ ਹੈ। ਉਸ ਤੋਂ ਪਿਛੋਂ ਮ੍ਰਿਤਕ ਦੇਹ ਵਾਲੇ ਬਕਸੇ ਨੂੰ ਸੱਸਕਾਰ ਵਾਲੀ ਬਿਜਲੀ ਭੱਠੀ ਅੰਦਰ ਕਰ ਦਿੱਤਾ ਜਾਂਦਾ ਹੈ। ਮਰਨ ਵਾਲੇ ਵਿਅਕਤੀ ਦਾ ਨਜ਼ਦੀਕੀ ਰਿਸ਼ਤੇ ਵਾਲਾ (ਲੜਕਾ, ਭਰਾ, ਭੈਣ, ਪਤੀ, ਪਤਨੀ, ਧੀ) ਬਿਜਲੀ ਦਾ ਬਟਨ ਦਵਾ ਦਿੰਦਾ ਹੈ, ਜਿਸ ਨਾਲ ਮ੍ਰਿਤਕ ਦਾ ਸੱਸਕਾਰ ਹੋ ਜਾਂਦਾ ਹੈ।

ਉਸ ਤੋਂ ਪਿਛੋਂ ਸੱਸਕਾਰ ਵਿਚ ਸ਼ਾਮਲ ਹੋਏ ਸਾਰੇ ਵਿਅਕਤੀ ਉਸ ਗੁਰੂਦਵਾਰਾ ਸਾਹਿਬ ਵਿਚ ਪਹੁੰਚ ਜਾਂਦੇ ਹਨ, ਜਿਥੇ ਅਖੰਡ ਪਾਠ/ਸਹਿਜ ਪਾਠ ਰੱਖਆ ਹੁੰਦਾ ਹੈ। ਕੀਰਤਨ ਕੀਤਾ ਜਾਂਦਾ ਹੈ। ਮ੍ਰਿਤਕ ਸਬੰਧੀ ਅੰਤਮ ਅਰਦਾਸ ਕੀਤੀ ਜਾਂਦੀ ਹੈ। ਜਿਸ ਕਿਸੇ ਨੇ ਸ਼ਰਧਾਂਜਲੀ ਭੇਂਟ ਕਰਨੀ ਹੁੰਦੀ ਹੈ, ਉਹ ਸ਼ਰਧਾਂਜਲੀ ਭੇਂਟ ਕਰਦਾ ਹੈ। ਪਾਠ ਦਾ ਭੋਗ ਪਾਇਆ ਜਾਂਦਾ ਹੈ। ਗੁਰੂਦਵਾਰਾ ਸਾਹਿਬ ਵਿਚ ਹੀ ਲੰਗਰ/ਚਾਹ ਦਾ ਪ੍ਰਬੰਧ ਕੀਤਾ ਹੁੰਦਾ ਹੈ। ਹਾਜ਼ਰ ਵਿਅਕਤੀ ਲੰਗਰ/ਚਾਹ ਪੀ ਕੇ ਵਾਪਸ ਆਪਣੇ ਟਿਕਾਣਿਆਂ ਨੂੰ ਚਲੇ ਜਾਂਦੇ ਹਨ।

ਪਰਿਵਾਰਿਕ ਮੈਂਬਰ ਤੇ ਨਜ਼ਦੀਕੀ ਰਿਸ਼ਤੇਦਾਰ ਫੇਰ ਫਿਊਨਰਲ ਹੋਮ ਵਿਚ ਜਾ ਕੇ ਮ੍ਰਿਤਕ ਦੇ ਫੁੱਲ ਤੇ ਰਾਖ, ਜਿਹੜੀ ਇਕ ਲੱਕੜੀ ਦੇ ਛੋਟੇ ਬਕਸੇ ਵਿਚ ਪਾਈ ਹੁੰਦੀ ਹੈ, ਉਹ ਪ੍ਰਾਪਤ ਕਰਕੇ ਆਪਣੇ ਘਰ ਲੈ ਜਾਂਦੇ ਹਨ। ਉਹ ਫੁੱਲ ਫੇਰ ਪਰਿਵਾਰ ਵਾਲੇ ਆਪਣੇ ਫੈਸਲੇ ਅਨੁਸਾਰ ਪੰਜਾਬ ਵਿਚ ਆ ਕੇ ਕੀਰਤਪੁਰ ਸਾਹਿਬ ਜਾਂ ਹਰਦੁਆਰਾ ਪਾ ਆਉਂਦੇ ਹਨ। ਕਈ ਪਰਿਵਾਰ ਏਥੇ ਅਮਰੀਕਾ ਵਿਚ ਹੀ ਕਿਸੇ ਵਗਦੇ ਦਰਿਆ ਜਾਂ ਨਦੀ ਵਿਚ ਜਲ ਪ੍ਰਵਾਹ ਕਰ ਦਿੰਦੇ ਹਨ। ਇਹ ਹੈ ਅਮਰੀਕਾ ਦਾ ਫਿਊਨਰਲ ਸਿਸਟਮ।

ਹੁਣ ਮੈਂ ਤੁਹਾਨੂੰ ਥੋੜੀ ਜਿਹੀ ਵਾਕਫੀਅਤ ਐਲਮੋ ਸ਼ਹਿਰ ਬਾਰੇ ਦਿੰਦਾ ਹਾਂ। ਇਹ ਕੈਲੀਫੋਰਨੀਆਂ ਸੂਬੇ ਦਾ ਛੋਟਾ ਜਿਹਾ ਸ਼ਹਿਰ ਹੈ। ਛੋਟੀਆਂ ਛੋਟੀਆਂ ਪਹਾੜੀਆਂ ਤੇ ਵਸਿਆ ਹੋਇਆ ਹੈ। ਇਸ ਦੀ ਕਾਊਂਟੀ ਕੰਟਰਾ ਕੋਸਟਾ ਹੈ। ਇਹ ਬੇਅ-ਏਰੀਏ ਦਾ ਸ਼ਹਿਰ ਹੈ। ਬੇਅ-ਏਰੀਏ ਦੇ ਸ਼ਹਿਰਾਂ ਦੀ ਸਥਿਤੀ ਅਜੇਹੀ ਹੈ ਕਿ ਇਕ ਸ਼ਹਿਰ ਦੀ ਹੱਦ ਖਤਮ ਹੁੰਦੀ ਹੈ। ਤੇ ਉਸੇ ਥਾਂ ਤੋਂ ਹੀ ਦੂਸਰਾ ਸ਼ਹਿਰ ਸ਼ੁਰੂ ਹੋ ਜਾਂਦਾ ਹੈ। ਇਹ ਇਕ ਕਿਸਮ ਦੇ ਜੁੜਮੇ ਸ਼ਹਿਰਾਂ ਦੀ ਲੜੀ ਬਣ ਜਾਂਦੀ ਹੈ। ਸਾਲ 2000 ਵਿਚ ਐਲਮੋ ਦੀ ਆਬਾਦੀ ਸਿਰਫ 16 ਹਜ਼ਾਰ ਦੇ ਕਰੀਬ ਸੀ। ਏਥੋਂ ਦਾ ਪੌਣ ਪਾਣੀ ਦਰਮਿਆਨਾ ਹੈ ਜਿਸ ਕਰਕੇ ਏਥੇ ਬਾਦਾਮ, ਅਖਰੋਟ, ਅੰਗੂਰ, ਨਾਸ਼ਪਾਤੀਆਂ ਦੇ ਬਾਗ ਹਨ। ਏਥੋਂ ਦੇ ਪਾਰਕ ਵੀ ਬਹਤੁ ਵਧੀਆ ਹਨ।

# ਪਿੰਡ ਦਾ ਮੋਹ

ਸੰਸਾਰ ਦਾ ਇਤਿਹਾਸ ਦੱਸਦਾ ਹੈ, ਪਹਿਲਾਂ ਸਾਰਾ ਪਿੰਡ ਇਕ ਹੀ ਬਜ਼ੁਰਗ ਦੀ ਸੰਤਾਨ ਹੁੰਦਾ ਸੀ। ਏਸ ਤਰ੍ਹਾਂ ਹਰ ਪਿੰਡ ਦੀ ਖ਼ੂਨ ਦੀ ਸਾਂਝ ਹੁੰਦੀ ਸੀ। ਪਿੰਡ ਵਿਚ ਗਿਣਤੀ ਦੇ ਹੀ ਘਰ ਹੁੰਦੇ ਸੀ। ਥੋੜੀ ਜਿਹੀ ਆਬਾਦੀ ਹੁੰਦੀ ਸੀ। ਸਾਂਝਾ ਖ਼ੂਨ ਹੋਣ ਕਰਕੇ ਇਕ ਦੂਜੇ ਨਾਲ ਮੋਹ ਹੁੰਦਾ ਸੀ। ਪਿਆਰ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਲੋਕਾਂ ਕੋਲ ਪੈਸਾ ਥੋੜਾ ਹੁੰਦਾ ਸੀ ਪਰ ਪਿਆਰ ਦਾ ਕੋਈ ਤੋੜਾ ਨਹੀਂ ਹੁੰਦਾ ਸੀ। ਹੁਣ ਜਦ ਤੋਂ ਲੋਕਾਂ ਕੋਲ ਪੈਸਾ ਜ਼ਿਆਦਾ ਹੋਣ ਲੱਗ ਪਿਆ ਹੈ, ਪਿਆਰ ਘੱਟਣਾ ਸ਼ੁਰੂ ਹੋ ਗਿਆ ਹੈ। ਹੁਣ ਤਾਂ ਅਜੇਹੀ ਵਾਅ ਵੱਗੀ ਹੈ ਕਿ ਨਾ ਭਰਾ ਭਰਾ ਦਾ ਪਿਆਰ ਰਿਹਾ ਹੈ। ਨਾ ਭੈਣ ਭਾਈ ਦਾ ਪਿਆਰ ਰਿਹਾ ਹੈ। ਹੁਣ ਤਾਂ ਮਾਂ ਬਾਪ ਨਾਲ ਵੀ ਪਹਿਲੇ ਜਿਹਾ ਪਿਆਰ ਨਹੀਂ ਰਿਹਾ। ਹੁਣ ਸਾਰੇ ਰਿਸ਼ਤੇ ਮਤਲਬੀ ਹੋ ਗਏ ਹਨ। ਹੁਣ ਸਭ ਦਾ ਪੈਸੇ ਨਾਲ ਪਿਆਰ ਹੈ।

ਹੁਣ ਪਿੰਡ ਵੀ ਬਹੁਤ ਬੜੇ ਹੋ ਗਏ ਹਨ। ਆਬਾਦੀ ਬਹੁਤ ਵਧ ਗਈ ਹੈ। ਰੁਜ਼ਗਾਰ ਦੀ ਭਾਲ ਵਿਚ ਦੂਜੇ ਪਿੰਡਾਂ ਦੇ ਵਸਨੀਕ ਹੁਣ ਦੂਜੇ ਪਿੰਡਾਂ ਵਿਚ ਵਸ ਗਏ ਹਨ। ਜਿਥੇ ਪਹਿਲਾਂ ਛੋਟਾ ਪਿੰਡ ਇਕ ਬਜ਼ੁਰਗ ਦੀ ਔਲਾਦ ਹੋਣ ਕਰ ਕੇ ਇਕ ਹੀ ਗੋਤ ਦਾ ਹੁੰਦਾ ਸੀ, ਉਥੇ ਹੁਣ ਬਾਹਰਲੇ ਪਿੰਡਾਂ ਦੇ ਵਸਨੀਕ ਆ ਕੇ ਵਸੇ ਹੋਣ ਕਰ ਕੇ ਪਿੰਡਾਂ ਵਿਚ ਕਈ ਕਈ ਗੋਤਾਂ ਦੇ ਵਾਸੀ ਹਨ। ਪੰਚਾਇਤ ਚੋਣਾਂ ਤੇ ਸਿਆਸਤ ਨੇ ਪਿੰਡਾਂ ਨੂੰ ਹੁਣ ਲੜਾਈਆਂ ਦਾ ਅਖਾੜਾ ਬਣਾ ਦਿੱਤਾ ਹੈ। ਏਸ ਨੇ ਪਿੰਡਾਂ ਦੇ ਭਾਈਚਾਰੇ ਤੇ ਪਿਆਰ ਨੂੰ ਬਹੁਤ ਹੀ ਸੱਟ ਮਾਰੀ ਹੈ।

ਹਾਂ, ਜੇਕਰ ਤੁਹਾਨੂੰ ਆਪਣੇ ਪਿੰਡ ਦਾ ਕੋਈ ਵਾਸੀ ਪਰਦੇਸ ਵਿਚ ਮਿਲ ਜਾਵੇ ਤਾਂ ਉਹ ਜ਼ਰੁਰ ਪਿਆਰ ਨਾਲ ਤੁਹਾਨੂੰ ਉੱਡ ਕੇ ਮਿਲਦਾ ਹੈ। ਮੈਨੂੰ ਅਜੇਹੇ ਹੀ ਕਈ ਮੌਕੇ

ਆਪਣੇ ਅਮਰੀਕਾ ਅਤੇ ਕੈਨੇਡਾ ਦੇ ਦੋਵੇਂ ਦੌਰਿਆਂ/ਟੂਰ ਸਮੇਂ ਆਪਣੇ ਪਿੰਡ ਦੇ ਵਸਨੀਕਾਂ ਨੂੰ ਮਿਲਣ ਦੇ ਮਿਲੇ ਹਨ। ਹੋਇਆ ਏਸ ਤਰ੍ਹਾਂ ਮੇਰੀ "ਅਲੋਪ ਹੋ ਰਿਹਾ ਪੰਜਾਬੀ ਵਿਰਸਾ" ਕਿਤਾਬ ਹਫਤਾਵਾਰੀ ਅਖਬਾਰ "ਅਮ੍ਰਿਤਸਰ ਟਾਈਮਜ਼" ਵਿਚ ਮਾਰਚ 2008 ਦੇ ਅਖੀਰਲੇ ਹਫਤੇ ਤੋਂ ਲੜੀਵਾਰ ਛੱਪਣੀ ਸ਼ੁਰੂ ਹੋਈ ਹੈ। ਇਹ ਅਖਬਾਰ ਕੈਲੇਫੋਨੀਆਂ ਸੂਬੇ ਦੇ ਸ਼ਹਿਰ ਸੈਨ ਹੋਜ਼ੇ ਤੋਂ ਛੱਪਦੀ ਹੈ। ਅਮਰੀਕਾ ਦੇ ਕੈਲੇਫੋਰਨੀਆਂ, ਨਿਊ ਯਾਰਕ, ਨਿਊਜਰਸੀ, ਸਿਆਟਲ, ਪੋਰਟਲੈਂਡ, ਸ਼ਿਕਾਗੋ, ਮਸ਼ੀਗਨ, ਮਿਲਵਾਕੀ, ਫੋਨਿਕਸ, ਡੱਲਸ ਤੇ ਹੋਸਟਨ ਵਿਚ ਵੰਡੀ ਜਾਂਦੀ ਹੈ।

ਪਹਿਲੇ ਆਰਟੀਕਲ ਦੇ ਛਪਣ ਨਾਲ ਹੀ ਮੈਨੂੰ ਮੇਰੇ ਪਿੰਡ ਦੇ ਇੱਕ ਲੜਕੇ ਦਰਸ਼ਨ ਸਿੰਘ ਦਾ ਕੈਲੇਫੋਰਲੀਆਂ ਸੂਬੇ ਦੇ ਸ਼ਹਿਰ ਫਰੀਮਾਂਟ ਤੋਂ ਟੈਲੀਫੂਨ ਆਇਆ। ਕਿਉਂ ਜੋ ਪਹਿਲੇ ਆਰਟੀਕਲ ਦੇ ਨਾਲ ਸੰਪਾਦਕ ਨੇ ਮੇਰੇ ਬਾਰੇ ਤੋਂ ਮੇਰੇ ਪਿੰਡ ਬਾਰੇ ਵੇਰਵਾ ਦਿੱਤਾ ਹੋਇਆ ਸੀ। ਦਰਸ਼ਨ ਸਿੰਘ ਨੇ ਮੈਨੂੰ ਦੱਸਿਆ, "ਮੈਨੂੰ ਮੇਰੇ ਇਕ ਮਿੱਤਰ ਦਾ ਫਰਿਜ਼ਨੋ ਤੋਂ ਟੈਲੀਫੋਨ ਆਇਆ ਸੀ। ਉਸ ਨੇ ਕਿਹਾ ਕਿ ਤੇਰੇ ਪਿੰਡ ਦੇ ਇਕ ਲੇਖਕ ਦੀ ਕਿਤਾਬ ਲੜੀਵਾਰ "ਅੰਮ੍ਰਿਤਸਰ ਟਾਈਮਜ਼" ਵਿਚ ਛਪਣੀ ਸ਼ੁਰੂ ਹੋਈ ਹੈ, ਤੈਨੂੰ ਪਤਾ ? ਮੈਂ ਕਿਹਾ, ਮੈਨੂੰ ਤਾਂ ਪਤਾ ਨਹੀਂ ਹੈ। ਉਸ ਨੇ ਮੈਨੂੰ ਤੁਹਾਡਾ ਨਾ ਦੱਸਿਆ। ਫੇਰ ਮੈਂ ਇੰਡੀਅਨ ਸਟੋਰ ਤੋਂ ਅਖਬਾਰ ਲਿਆਂਦਾ। ਫੇਰ ਮੈਂ ਅਖਬਾਰ ਦੇ ਦਫਤਰ ਤੋਂ ਤੁਹਾਡੇ ਟੈਲੀਫੂਨ ਨੰਬਰ ਬਾਰੇ ਪੁੱਛਿਆ। ਪਰ ਉਨ੍ਹਾਂ ਨੇ ਮੈਨੂੰ ਨੰਬਰ ਨਹੀਂ ਦਿੱਤਾ। ਫੇਰ ਮੈਂ ਪਿੰਡ ਸੰਦੌੜ ਟੈਲੀਫੂਨ ਕੀਤਾ। ਪਿੰਡੋਂ ਤੁਹਾਡਾ ਨੰਬਰ ਲੈ ਕੇ ਮੈਂ ਹੁਣ ਤੁਹਾਨੂੰ ਟੈਲੀਫੂਨ ਕਰ ਰਿਹਾ ਹਾਂ। ਮੇਰੀ ਉਮਰ 45 ਸਾਲ ਹੈ। ਮੈਂ ਦਸਵੀਂ ਕਰ ਕੇ ਫੌਜ ਵਿਚ ਭਰਤੀ ਹੋ ਗਿਆ ਸੀ। ਰੀਟਾਇਰਮੈਂਟ ਤੋਂ ਪਿਛੋਂ ਮੈਂ ਅਮਰੀਕਾ ਆ ਗਿਆ ਸੀ। ਸਾਡਾ ਘਰ ਤਾਂ ਤੁਹਾਡੇ ਘਰ ਦੇ ਨੇੜੇ ਜਿਹੇ ਹੀ ਹੁੰਦਾ ਸੀ। ਮੈਂ ਛੋਟਾ ਜਿਹਾ ਹੁੰਦਾ ਸੀ, ਉਸ ਸਮੇਂ ਹੀ ਮੈਂ ਥੋੜਾ ਜਿਹਾ ਤੁਹਾਨੂੰ ਵੇਖਿਆ ਹੋਇਆ ਹੈ।" ਮੈਂ ਸਾਲ 1960 ਵਿਚ ਸਰਵਿਸ ਵਿਚ ਆਉਣ ਕਰਕੇ ਬੱਚਿਆਂ ਸਮੇਤ ਪਿੰਡੋਂ ਬਾਹਰ ਰਾਮਪੁਰਾਫੂਲ, ਜ਼ਿਲ੍ਹਾ ਬਠਿੰਡਾ ਵਿਚ ਰਹਿਣ ਲੱਗ ਪਿਆ ਸੀ। ਫੇਰ ਵਿਆਹਾਂ ਤੇ ਪਰਿਵਾਰ ਦੇ ਹੋਰ ਫੰਕਸ਼ਨਾਂ ਸਮੇਂ ਹੀ ਮੇਰਾ ਪਿੰਡ ਗੇੜਾ ਲੱਗਦਾ ਹੁੰਦਾ ਸੀ। ਹੁਣ ਮੈਂ ਪੱਕੇ ਤੌਰ ਤੇ ਲੁਧਿਆਣੇ ਰਹਿੰਦਾ ਹਾਂ। ਏਸ ਲਈ ਨਾ ਮੈਂ ਨਵੀਂ ਪੜ੍ਹੀ ਨੂੰ ਜਾਣਦਾ ਹਾਂ ਅਤੇ ਨਾ ਹੀ ਨਵੀਂ ਪੀੜ੍ਹੀ ਮੈਨੂੰ ਜਾਣਦੀ ਹੈ। ਜਦ ਦਰਸ਼ਨ ਸਿੰਘ ਨੇ ਮੈਨੂੰ ਆਪਣੇ ਪਿਤਾ ਦਾ ਨਾਂ ਦੱਸਿਆ ਤਾਂ ਮੈਨੂੰ ਝੱਟ ਉਸ ਪਰਿਵਾਰ ਦੀ ਪਛਾਣ ਹੋ ਗਈ। ਏਸ ਤਰ੍ਹਾਂ ਮੇਰੀ ਕਿਤਾਬ ਦੇ ਪਹਿਲੇ ਲੇਖ ਨੇ ਹੀ ਮੈਨੂੰ ਮੇਰੇ ਪਿੰਡ ਦੇ ਇਕ ਅਣਜਾਣ ਵਾਸੀ ਨਾਲ ਜਾਣੂੰ ਕਰਵਾ ਦਿੱਤਾ। ਹੈ ਨਾ ਲੇਖਣੀ ਦਾ ਕਮਾਲ ? ਪਿੰਡ ਦੇ ਮੋਹ ਦੀ ਮਿਸ਼ਾਲ ?

ਹੁਣ ਮੈਂ ਤੁਹਾਨੂੰ ਆਪਣੇ ਪਿੰਡ ਦੇ ਉਸ ਨੌਜੁਆਨ ਨਾਲ ਜਾਣ ਪਛਾਣ ਕਰਵਾਉਂਦਾ ਹਾਂ ਜਿਸ ਨੇ ਕਿਤਾਬ ਦੀ ਲੇਖ ਲੜੀ ਦਾ ਤੀਜਾ ਲੇਖ ਅਖਬਾਰ ਵਿਚੋਂ ਪੜ੍ਹਕੇ ਮੇਰੇ ਨਾਲ ਸੰਪਰਕ ਕਰਨ ਲਈ ਪਹਿਲਾਂ ਅਖਬਾਰ ਦੇ ਦਫਤਰੋਂ ਮੇਰਾ ਟੈਲੀਫੂਨ ਨੰਬਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਅਖਬਾਰ ਦੇ ਦਫਤਰ ਵਾਲਿਆਂ ਨੇ ਉਸ ਨੂੰ ਇਹ ਕਹਿ ਕੇ ਟਰਕਾ ਦਿੱਤਾ ਕਿ "ਅਸੀਂ ਲੇਖਕ ਦੀ ਮਨਜ਼ੂਰੀ ਤੋਂ ਬਿਨਾਂ ਟੈਲੀਫੂਨ ਨੰਬਰ ਨਹੀਂ ਦੇ ਸਕਦੇ।" ਫੇਰ ਉਸ ਨੌਜੁਆਨ ਨੇ ਫਰਿਜ਼ਨੋ ਰਹਿੰਦੇ ਆਪਣੇ ਦੋਸਤ ਤੋਂ ਮੇਰੇ ਟੈਲੀਫੂਨ ਨੰਬਰ ਦਾ ਪਤਾ

ਕੀਤਾ। ਮੈਨੂੰ 19 ਅਪ੍ਰੈਲ ਨੂੰ ਨਿਊ ਜਰਸੀ ਤੋਂ ਏਸ ਨੌਜੁਆਨ ਦਾ ਟੈਲੀਫੂਨ ਆਇਆ। ਇਹ ਨਿਊਜਰਸੀ ਵਿਚ ਪਿਛਲੇ 9 ਸਾਲਾਂ ਤੋਂ ਰਹਿ ਰਿਹਾ ਹੈ। ਉਸ ਨੇ ਮੈਨੂੰ ਦੱਸਿਆ "ਮੇਰਾ ਨਾਂ ਸੁਖਪਿੰਦਰ ਸਿੰਘ ਹੈ। ਮੈਂ ਮਾਸਟਰ ਰੌਣਕ ਸਿੰਘ ਦਾ ਲੜਕਾ ਹਾਂ। ਮੈਂ ਤੁਹਾਨੂੰ ਨਹੀਂ ਵੇਖਿਆ। ਪਰ ਜਦ ਮੈਂ ਸਾਲ 2003 ਵਿਚ ਪਿੰਡ ਗਿਆ ਸੀ ਤਾਂ ਪਿੰਡ ਤੇ ਲਿਖੀ ਤੁਹਾਡੀ ਕਿਤਾਬ "ਇਕ ਪਿੰਡ ਦੀ ਕਹਾਣੀ ਸੰਦੌੜ" ਮੈਂ ਲੁਧਿਆਣੇ ਤੋਂ ਖਰੀਦ ਕੇ ਲਿਆਂਦੀ ਸੀ।" ਰੌਣਕ ਸਿੰਘ ਮਾਸਟਰ ਜੀ ਹੋਰਾਂ ਦਾ ਘਰ ਸਾਡੀ ਗਲੀ ਵਿਚ ਹੀ ਪੈਂਦਾ ਸੀ। ਸਾਡੀ ਹਵੇਲੀ ਤੋਂ ਇਕ ਘਰ ਛੱਡ ਕੇ ਹੀ ਸੀ। ਸਾਲ 2003 ਵਿਚ ਇਨ੍ਹਾਂ ਦੀ ਮੌਤ ਹੋ ਗਈ ਹੈ।

ਰੌਣਕ ਸਿੰਘ ਦਾ ਛੋਟਾ ਭਰਾ ਕਰਨਲ ਅਜਮੇਰ ਸਿੰਘ ਕਾਲਜ ਦੀ ਪੜ੍ਹਾਈ ਤੱਕ ਮੇਰੇ ਨਾਲ ਪੜ੍ਹਿਆ ਸੀ। ਰੀਟਾਇਰਮੈਂਟ ਤੋਂ ਪਿਛੋਂ ਉਸ ਨੇ ਲੁਧਿਆਣੇ ਪੱਕੀ ਰਹਾਇਸ਼ ਕਰ ਲਈ ਸੀ। ਲੁਧਿਆਣੇ ਹੀ ਮੇਰੀ ਰਹਾਇਸ਼ ਹੋਣ ਕਰਕੇ ਸਾਡਾ ਘ੍ਰੇਲੂ ਵਰਤ ਵਰਤਾਰਾ ਸੀ ਤੇ ਹੋਰ ਸਮਾਗਮਾਂ ਵਿਚ ਦੋਵੇਂ ਪਰਿਵਾਰ ਇਕੱਠੇ ਹੁੰਦੇ ਸੀ। ਪਰ ਬਦ-ਕਿਸਮਤੀ ਨਾਲ ਸਾਲ 1999 ਵਿਚ ਅਜਮੇਰ ਸਿੰਘ ਦੀ ਵੀ ਇਕ ਸੜਕ ਦੁਰਘਟਨਾ ਵਿਚ ਮੌਤ ਹੋ ਗਈ ਹੈ। ਮੈਂ ਆਪਣੇ ਪਿੰਡ ਤੇ ਲਿਖੀ ਕਿਤਾਬ ਵਿਚ ਕਰਨਲ ਅਜਮੇਰ ਸਿੰਘ ਦਾ ਜੀਵਨ ਬਿਉਰਾ ਦਿੱਤਾ ਹੋਇਆ ਹੈ। ਏਸ ਤਰ੍ਹਾਂ ਮੇਰੀ ਛਪ ਰਹੀ ਕਿਤਾਬ ਦੀ ਲੇਖ ਲੜੀ ਮੈਨੂੰ ਮੇਰੇ ਪਿੰਡ ਦੇ ਏਸ ਦੂਜੇ ਨੌਜੁਆਨ ਨਾਲ ਮਿਲਾਣ ਦਾ ਸਾਧਨ ਬਣੀ।

ਏਸੇ ਤਰ੍ਹਾਂ ਲੜੀਵਾਰ ਛਪ ਰਹੀ ਕਿਤਾਬ ਕਾਰਨ ਇਕ ਹਫਤੇ ਮੈਨੂੰ ਪ੍ਰੋਫੈਸਰ ਐਚ. ਐਸ. ਗਿੱਲ ਦਾ ਹੈਵਰਡ (ਕੈਲੀਫੋਰਨੀਆ) ਤੋਂ ਟੈਲੀਫੂਨ ਆਇਆ। ਉਨ੍ਹਾਂ ਨੇ ਦੱਸਿਆ ਕਿ "ਉਹ ਸੰਦੌੜ ਦੇ ਕਾਲਜ ਵਿਚ ਤਿੰਨ ਸਾਲ ਪੜ੍ਹਾਉਂਦੇ ਰਹੇ ਹਨ। ਸਾਡੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦੇ ਹਨ।" ਇਕ ਹਫਤੇ ਮੈਨੂੰ ਸਨਹੋਜ਼ੇ ਤੋਂ ਇਕ ਡਾਕਟਰ ਦਾ ਟੈਲੀਫੂਨ ਆਇਆ। ਉਸ ਦੱਸਿਆ ਕਿ "ਸੰਦੌੜ ਪਿੰਡ ਦਾ ਇਕ ਡਾਕਟਰ ਉਸ ਦੇ ਡਾਕਟਰੀ ਦੇ ਕੋਰਸ ਸਮੇਂ ਦਾ ਮਿੱਤਰ ਹੈ। ਵੈਸੇ ਵੀ ਮੈਨੂੰ ਪੰਜਾਬੀ ਸਾਹਿਤ ਪੜ੍ਹਣ ਦਾ ਬਹੁਤ ਸ਼ੌਕ ਹੈ।" ਲੜੀਵਾਰ ਛਪ ਰਹੀ ਮੇਰੀ ਏਸ ਕਿਤਾਬ ਨੇ ਅਮਰੀਕਾ ਵਿਚ ਰਹਿੰਦੇ ਹੋਰ ਵੀ ਮੇਰੇ ਪਿੰਡ ਨਾਲ ਸਿੱਧੇ ਤੇ ਅਸਿੱਧ ਢੰਗ ਨਾਲ ਜੁੜੇ ਪ੍ਰਵਾਸੀਆਂ ਨਾਲ ਮੇਰਾ ਮੇਲ ਕਰਵਾਇਆ ਹੈ। ਹਰ ਹਫਤੇ ਕਿਤਾਬ ਦੇ ਛਪੇ ਪ੍ਰਸੰਗ ਤੋਂ ਪਿਛੋਂ ਮੈਨੂੰ ਅਮਰੀਕਾ ਦੇ ਦੂਰ ਦੁਰਾਡੇ ਥਾਵਾਂ ਤੋਂ ਇਕ ਦੋ ਟੈਲੀਫੂਨ ਜ਼ਰੂਰ ਆ ਜਾਂਦੇ ਹਨ। ਜੇਕਰ ਇਨ੍ਹਾਂ ਸਾਰੇ ਟੈਲੀਫੂਨ ਕਰਨ ਵਾਲਿਆਂ ਦਾ ਵੇਰਵਾ ਲਿਖਣ ਲੱਗਾਂ ਤਾਂ ਇੱਕ ਛੋਟੀ ਕਿਤਾਬ ਬਣ ਸਕਦੀ ਹੈ। ਏਸ ਲਈ ਪਿੰਡ ਦੇ ਮੋਹ, ਪਿੰਡ ਦੀ ਮਿੱਟੀ ਦੇ ਮੋਹ ਨਾਲ ਸਬੰਧਿਤ ਏਸ ਲੇਖ ਨੂੰ ਮੈਂ ਏਥੇ ਹੀ ਸਮਾਪਤ ਕਰਦਾ ਹਾਂ।

# ਕੁਝ ਕੈਨੇਡਾ ਬਾਰੇ

ਕੈਨੇਡਾ ਦੀਆਂ 7 ਸਟੇਟਾਂ ਹਨ ਤੇ 2 ਕੇਂਦਰ ਸ਼ਾਸਤ ਪ੍ਰਦੇਸ਼ ਹਨ। ਰਾਜਧਾਨੀ ਓਟਵਾ ਹੈ। ਸਾਲ 2006 ਵਿਚ ਕੈਨੇਡਾ ਦੀ ਆਬਾਦੀ 3 ਕਰੋੜ 16 ਲੱਖ ਸੀ। ਕੈਨੇਡਾ ਦਾ ਏਰੀਆ 90 ਲੱਖ 93 ਹਜ਼ਾਰ ਵਰਗ ਕਿਲੋਮੀਟਰ ਹੈ। ਭਾਰਤ ਦੇ ਏਰੀਏ ਨਾਲੋਂ ਲੱਗਭਗ ਤਿੰਨ ਗੁਣਾ ਵੱਡਾ ਹੈ। ਪਰ ਆਬਾਦੀ ਭਾਰਤ ਦੀ ਆਬਾਦੀ ਨਾਲੋਂ 37 ਗੁਣਾਂ ਘੱਟ ਹੈ। ਲੱਗਦਾ ਇਉਂ ਹੈ ਜਿਵੇਂ ਭਾਰਤੀਆਂ ਦਾ ਮੁੱਖ ਕੰਮ ਆਬਾਦੀ ਵਧਾਉਣਾ ਹੀ ਹੋ ਗਿਆ ਹੈ? ਕੈਨੇਡਾ ਦੀ ਆਬਾਦੀ ਵਿਚ ਭਾਰਤੀਆਂ ਦੀ ਆਬਾਦੀ 9 ਲੱਖ 63 ਹਜ਼ਾਰ ਸੀ। ਇਹ ਕੈਨੇਡਾ ਦੀ ਆਬਾਦੀ ਦੀ 3 ਪ੍ਰਤੀਸ਼ਤ ਦੇ ਨੇੜੇ ਬਣਦੀ ਹੈ। ਭਾਰਤੀਆਂ ਦੀ ਆਬਾਦੀ ਵਿਚੋਂ ਇਕ ਅਨ ਅਧਿਕਾਰਤ ਰੀਪੋਰਟ ਅਨੁਸਾਰ ਅੱਧੀ ਆਬਾਦੀ ਸਿੱਖਾਂ ਦੀ ਸੀ। ਸਾਲ 1907 ਵਿਚ ਕੈਲੇਡਾ ਵਿਚ 5 ਹਜ਼ਾਰ ਭਾਰਤੀ ਸਨ, ਜਿਨ੍ਹਾਂ ਵਿਚੋਂ 98 ਪ੍ਰਤੀਸ਼ਤ ਸਿੱਖ ਸਨ। ਸਿੱਖਾਂ ਵਿਚੋਂ ਬਹੁਤੇ ਫੌਜ ਵਿਚੋਂ ਰੀਟਾਇਰ ਹੋਏ ਫੌਜੀ ਸਿੱਖ ਸਨ। ਜ਼ਿਆਦਾ ਭਾਰਤੀ ਬ੍ਰਿਟਿਸ ਕੋਲੰਬੀਆ ਅਲਬਰਟਾ, ਉਨਟਾਰੀਓ, ਕਿਊਬਿਕ ਤੇ ਮੈਨੀਟੋਬਾ ਸਟੇਟਾਂ ਵਿਚ ਰਹਿੰਦੇ ਹਨ। ਕੈਨੇਡਾ ਵਿਚ ਭਾਰਤੀ 20ਵੀ ਸਦੀ ਦੇ ਸ਼ੁਰੂ ਵਿਚ ਆਉਣੇ ਸ਼ੁਰੂ ਹੋਏ। ਪਹਿਲੇ ਆਉਣ ਵਾਲੇ ਭਾਰਤੀ ਪੰਜਾਬੀ ਸਿੱਖ ਸਨ, ਜੋ ਭਾਰਤ ਦੀ ਬ੍ਰਿਟਿਸ਼ ਆਰਮੀ ਵਿਚੋਂ ਰੀਟਾਇਰਡ ਸਨ।

ਦਰਅਸਲ ਸਾਲ 1897 ਵਿਚ ਸਿਖ ਫੌਜ ਦੀ ਇਕ ਟੋਲੀ ਕਵੀਨ ਵਿਕਟੋਰੀਆ ਦੀ ਡਾਇਮੰਡ ਜੁਬਲੀ ਮਨਾਉਣ ਵਾਲੀ ਪੇਰੇਡ ਵਿਚ ਭਾਗ ਲੈਣ ਲਈ ਲੰਡਨ ਆਈ ਸੀ। ਫੌਜੀਆਂ ਦੀ ਇਸ ਟੋਲੀ ਨੇ ਵਾਪਸੀ ਸਮੇਂ ਬ੍ਰਿਟਿਸ਼ ਕੋਲੰਬੀਆ ਸਟੇਟ ਦੇ ਪੱਛਮੀ ਸਮੁੰਦਰੀ ਕੰਢੇ ਨੂੰ ਵੇਖਿਆ ਸੀ ਜਿਥੇ ਬਹੁਤ ਹੀ ਥੋੜੀ ਆਬਾਦੀ ਸੀ। ਜਦ ਇਹ ਫੌਜੀ ਫੌਜ ਵਿਚੋਂ ਰੀਟਾਇਰ ਹੋਏ ਤਾਂ ਇਨ੍ਹਾਂ ਫੌਜੀਆਂ ਵਿਚੋਂ ਕਾਫੀ ਫੌਜੀ ਜਿਨ੍ਹਾਂ ਦੇ ਪਰਿਵਾਰਾਂ ਕੋਲ ਜ਼ਮੀਨਾਂ

ਘੱਟ ਸਨ, ਸ਼ਾਹੂਕਾਰਾਂ ਦੇ ਕਰਜੇ ਥੱਲੇ ਸਨ, ਪੈਨਸ਼ਨ ਵੀ ਥੋੜੀ ਸੀ, ਉਹ ਫੌਜੀ ਬ੍ਰਿਟਿਸ਼ ਕੋਲੰਬੀਆ ਆ ਗਏ। ਕੁਝ ਰਾਤ ਦੀ ਚੌਕੀਦਾਰੀ ਕਰਨ ਲੱਗ ਪਏ। ਕਈ ਟੈਕਸੀਆਂ ਚਲਾਉਣ ਲੱਗ ਪਏ। ਕਈ ਛੋਟੇ ਛੋਟੇ ਵਪਾਰਾਂ ਵਿਚ ਪੈ ਗਏ। ਕੁਝ ਪੁਲਸ ਵਿਚ ਭਰਤੀ ਹੋ ਗਏ। ਕਈਆਂ ਨੂੰ ਰੇਲਵੇ ਲਾਈਨਾਂ ਵਛਾਉਣ ਵਿਚ ਰੁਜ਼ਗਾਰ ਮਿਲ ਗਿਆ।

ਸ਼ੁਰੂ ਸ਼ੁਰੂ ਵਿਚ ਸਿੱਖ ਪ੍ਰਵਾਸੀਆਂ ਨੂੰ ਚਿੱਟੇ ਕੈਨੇਡੀਅਨ ਵਾਸੀਆਂ ਵਲੋਂ ਬਹੁਤ ਨਸਲੀ ਵਿਤਰਕੇ ਸਹਿਣੇ ਪਏ। ਸਿੱਖਾਂ ਨੂੰ ਕੁੱਟਿਆ ਜਾਂਦਾ ਰਿਹਾ। ਚਿੱਟੇ ਕੈਨੇਡੀਅਨਾਂ ਨੂੰ ਡਰ ਹੋ ਗਿਆ ਸੀ ਕਿ ਇਹ ਪ੍ਰਵਾਸੀ ਘੱਟ ਤਨਖਾਹਾਂ ਦੇ ਕੰਮ ਕਰਕੇ ਸਾਡਾ ਰੁਜ਼ਗਾਰ ਖੋਹ ਰਹੇ ਹਨ। ਏਸ ਤਰ੍ਹਾਂ ਹੋਰ ਪ੍ਰਵਾਸੀ ਵੀ ਆਉਣਗੇ। ਏਸ ਖਤਰੇ ਨੂੰ ਵੇਖ ਕੇ ਨਸਲੀ ਦੰਗੇ ਹੁੰਦੇ ਰਹੇ। ਜਿਸ ਕਰਕੇ ਕੁਝ ਸਿੱਖ ਵਾਪਸ ਭਾਰਤ ਪਰਤ ਗਏ। ਕੁਝ ਕੈਨੇਡਾ ਵਿਚ ਡਟੇ ਰਹੇ। ਸਾਲ 1919 ਤੱਕ ਭਾਰਤੀਆਂ ਨੂੰ ਆਪਣੀਆਂ ਪਤਨੀਆਂ ਤੇ ਬੱਚੇ ਕੈਨੇਡਾ ਵਿਚ ਮੰਗਾਉਣ ਦੀ ਅਜ਼ਾਜ਼ਤ ਵੀ ਨਹੀਂ ਸੀ, ਜਿਸ ਕਰਕੇ ਵੀ ਕਾਫੀ ਸਿੱਖ ਵਾਪਸ ਭਾਰਤ ਚਲੇ ਗਏ।

ਭਾਰਤੀ ਪ੍ਰਵਾਸੀਆਂ ਤੇ ਹੋਰ ਸਖਤੀਆਂ ਵਧਦੀਆਂ ਗਈਆਂ। ਉਨ੍ਹਾਂ ਤੋਂ ਵੋਟ ਦੇਣ ਦਾ ਹੱਕ ਵੀ ਖੋਹ ਲਿਆ। ਭਾਰਤ ਵਿਚੋਂ ਪ੍ਰਵਾਸੀ ਲੈਣ ਦਾ ਕੋਟਾ ਵੀ ਘਟਾ ਦਿੱਤਾ। ਸਾਲ 1914 ਵਿਚ ਕਾਮਾ ਗਾਟਾ ਮਾਰੂ ਜਹਾਜ਼ ਰਾਹੀਂ ਆਏ ਪੰਜਾਬੀਆਂ ਨੂੰ ਵੈਨਕੋਵਰ ਦੀ ਬੰਦਰਗਾਹ ਤੇ ਉਤਰਨ ਨਾ ਦਿੱਤਾ। ਵਾਪਸ ਭਾਰਤ ਭੇਜ ਦਿੱਤਾ। ਭਾਰਤ ਵਾਪਸੀ ਤੇ ਜਦ ਕਾਮਾ ਗਾਟਾ ਮਾਰੂ ਜਹਾਜ਼ ਦੇ ਯਾਤਰੀਆਂ ਨੇ ਆਪਣਾ ਸ਼ਾਂਤੀਪੂਰਨ ਵਿਰੋਧ ਕੀਤਾ ਤਾਂ ਉਸ ਸਮੇਂ ਦੀ ਭਾਰਤ ਤੇ ਰਾਜ ਕਰਦੀ ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਨਿੱਹਥਿਆਂ ਤੇ ਗੋਲੀਆਂ ਚਲਾ ਕੇ ਬਹੁਤ ਸਾਰਿਆਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ। ਇਹ ਘਟਨਾ ਭਾਰਤ ਵਾਸੀਆਂ ਨਾਲ ਨਸਲੀ ਵਿਤਕਰੇ ਦੀ ਇਕ ਬਦਨਾਮ ਸਾਜ਼ਸ ਸੀ।

20ਵੀਂ ਸਦੀ ਦੇ ਦੂਜੇ ਅੱਧ ਵਿਚ ਕੈਨੇਡਾ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਨੂੰ ਵੋਟ ਦੇਣ ਦਾ ਹੱਕ ਦਿੱਤਾ। ਉਸ ਸਮੇਂ ਯੂਰਪ ਦੇ ਦੇਸ਼ਾਂ ਵਿਚੋਂ ਪ੍ਰਵਾਸੀ ਆਉਣੇ ਘੱਟ ਗਏ ਸਨ। ਜਿਸ ਕਰਕੇ ਸਾਲ 1967 ਵਿਚ ਵੱਖਰੇ ਵੱਖਰੇ ਜਾਤੀਆਂ ਦੇ ਪ੍ਰਵਾਸ ਲਈ ਨੀਯਤ ਕੀਤੇ ਕੋਟੇ ਵੀ ਕੈਨੇਡਾ ਸਰਦਾਰ ਨੂੰ ਮਜਬੂਰਨ ਖਤਮ ਕਰਨੇ ਪਏ। ਕੈਨੇਡਾ ਨੇ ਫੇਰ ਪੁਆਂਟ ਸਿਸਟਮ ਤੇ ਪ੍ਰਵਾਸੀਆਂ ਨੂੰ ਲੈਣ ਦੀ ਪੋਲੀਸੀ ਚਾਲੂ ਕੀਤੀ। ਜਿਸ ਕਰਕੇ 1970 ਤੋਂ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਕੈਨੇਡਾ ਵਿਚ ਆਉਣ ਲੱਗ ਪਏ। ਇਨ੍ਹਾਂ ਪ੍ਰਵਾਸੀਆਂ ਵਿਚੋਂ ਬਹੁਤੇ ਵੈਨਕੋਵਰ ਤੇ ਟਰਾਂਟੋ ਵਿਚ ਆ ਕੇ ਵਸੇ। ਹੁਣ ਸਾਲ 1990 ਤੋਂ 25 ਹਜ਼ਾਰ ਤੋਂ ਲੈ ਕੇ 30 ਹਜ਼ਾਰ ਤੱਕ ਭਾਰਤੀ ਹਰ ਸਾਲ ਕੈਨੇਡਾ ਵਿਚ ਆ ਰਹੇ ਹਨ। ਭਾਰਤੀਆਂ ਦੀ ਕੈਨੇਡਾ ਵਿਚ ਆਉਣ ਦੀ ਇਹ ਦੂਜੀ ਵੱਡੀ ਸੰਖਿਆ ਹੈ, ਪਹਿਲੇ ਨੰਬਰ ਤੇ ਚੀਨ ਆਉਂਦਾ ਹੈ। ਬਹੁਤ ਸਾਰੇ ਭਾਰਤੀ ਵੰਸ ਦੇ ਲੋਕ ਜਿਹੜੇ ਯੂਗੰਡਾ, ਕੀਨੀਆਂ, ਤਨਜਾਨੀਆਂ, ਜਾਂਬੀਆਂ, ਘਾਣਾ, ਤਰਿਨੀਦਾਦ,, ਟੋ ਬਾਗੋ, ਜਿਮੀਕਾ, ਸੁਰੀਨੇਮ, ਫਿੱਜ਼ੀ ਤੇ ਸਾਊਥ ਅਫਰੀਕਾ ਦੇ ਦੇਸ਼ਾਂ ਵਿਚ ਰਹਿੰਦੇ ਸਨ, ਉਨ੍ਹਾਂ ਦੇਸ਼ਾਂ ਦੇ ਘਰੇਲੂ ਤੇ ਰਾਜਸੀ ਹਾਲਤਾਂ ਕਰਕੇ ਵੀ ਕੈਨੇਡਾ ਵਿਚ ਆ ਕੇ ਵਸ ਗਏ ਹਨ।

ਪੁਆਂਟ ਸਿਸਟਮ ਤੇ ਆਏ ਭਾਰਤੀ ਪ੍ਰਵਾਸੀ ਤੇ ਹੋਰ ਪ੍ਰਵਾਸੀ ਜ਼ਿਆਦਾ ਹੁਣ

ਟਰਾਂਟੋ ਤੇ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਹਨ। ਬੀ. ਸੀ. ਸਟੇਟ ਦੇ ਸ਼ਹਿਰ ਐਬਸਟਫੋਰਡ, ਬਰਨਬਾਈ, ਸਰੀ ਤੇ ਪੰਜਾਬੀ ਮਾਰਕਿਟ ਤਾਂ ਭਾਰਤੀ ਪ੍ਰਵਾਸੀਆਂ ਦੇ ਗੜ੍ਹ ਹਨ। ਪੰਜਾਬੀ ਮਾਰਕਿਟ ਨੂੰ ਤਾਂ ਵੈਨਕੋਵਰ ਦੀ "ਲਿਟਲ ਇੰਡੀਆ" ਕਿਹਾ ਜਾਂਦਾ ਹੈ। ਏਥੇ ਹਰ ਕਿਸਮ ਦੀਆਂ ਦੁਕਾਨਾਂ ਹਨ। ਹੋਟਲ ਤੇ ਰੈਸਟੋਰੈਂਟ ਹਨ। ਭਾਰਤੀ ਪ੍ਰਵਾਸੀਆਂ ਦੇ ਦੂਜੇ ਵੱਡੇ ਸ਼ਹਿਰ ਕੈਲਗਰੀ, ਐਡਮਿੰਟਨ ਤੇ ਮਾਂਟਰੀਅਲ ਹਨ। ਕੈਨੇਡਾ ਵਿਚ ਰਹਿੰਦੇ ਭਾਰਤੀ ਪ੍ਰਵਾਸੀਆਂ ਵਿਚ 33.5% ਸਿੱਖ, 27% ਹਿੰਦੂ, 17.5% ਮੁਸਲਮਾਨ ਤੇ 16% ਈਸਾਈ ਹਨ। ਸਾਰੇ ਭਾਰਤੀ ਪ੍ਰਵਾਸੀਆਂ ਦੇ ਆਪਣੇ ਆਪਣੇ ਧਰਮ ਸਥਾਨ ਹਨ। 100 ਤੋਂ ਉਪਰ ਗੁਰੂਦਵਾਰੇ ਹਨ। ਸਭ ਤੋਂ ਵੱਡਾ ਗੁਰਦੁਆਰਾ ਡਿਕਸੀ ਗੁਰੂਦਵਾਰਾ ਹੈ। ਇਹ ਮਸੀਸਾਗਾ (ਟਰਾਂਟੋ) ਵਿਚ ਹੈ। 100 ਦੇ ਕਰੀਬ ਹੀ ਮੰਦਰ ਹਨ। ਸਭ ਤੋਂ ਵੱਡਾ ਮੰਦਰ ਹਿੰਦੂ ਸਭਾ ਮੰਦਰ ਹੈ, ਜਿਹੜਾ ਬਰਾਮਟਨ (ਟਰਾਂਟੋ) ਵਿਚ ਹੈ। ਬਹੁਤ ਸਾਰੀਆਂ ਮਸੀਤਾਂ ਤੇ ਚਰਚ ਹਨ।

ਭਾਰਤੀ ਪ੍ਰਵਾਸੀ ਬਹੁਤ ਸਾਰੀਆਂ ਬੋਲੀਆਂ ਬੋਲਦੇ ਹਨ। ਸਭ ਤੋਂ ਜ਼ਿਆਦਾ ਪੰਜਾਬੀ ਬੋਲੀ ਜਾਂਦੀ ਹੈ। ਫੇਰ ਹਿੰਦੀ ਦੀ ਵਾਰੀ ਆਉਂਦੀ ਹੈ। ਗੁਜਰਾਤੀ, ਬੰਗਾਲੀ, ਉਰਦੂ ਤੇ ਤਾਮਲ ਵੀ ਬੋਲੀਆਂ ਜਾਂਦੀਆਂ ਹਨ। ਪੰਜਾਬੀ ਬੋਲੀ ਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਏਥੇ ਦੇ ਰੇਡਿਓ ਤੇ ਟੈਲੀਵੀਜ਼ਨ ਬਹੁਤ ਯੋਗਦਾਨ ਪਾ ਰਹੇ ਹਨ। ਕੈਨੇਡਾ ਵਿਚ ਪੰਜਾਬੀ ਬੋਲੀ ਨੂੰ ਹੁਣ ਚੌਥਾ ਸਥਾਨ ਪ੍ਰਾਪਤ ਹੈ।

ਕੈਨੇਡਾ ਵਿਚ ਭਾਰਤੀਆਂ ਨੇ ਵਿਸ਼ੇਸ਼ ਤੌਰ ਤੇ ਸਿੱਖਾਂ ਨੇ ਹਰ ਪਾਸੇ ਤਰੱਕੀ ਕੀਤੀ ਹੈ। ਬੌਬ ਸਿੰਘ ਢਿੱਲੋਂ ਇੰਡੀਅਨ ਕੈਨੇਡੀਅਨ ਸਿੱਖ ਇਕ ਬਿਲੀਅਨਏਅਰ ਵਪਾਰੀ ਹੈ। ਮਿਨਹਾਸ ਕਰਾਫਟ ਬ੍ਰਿਊਵਰੀ ਦੇ ਮਾਲਕ ਪੰਜਾਬੀ ਇੰਡੀਅਨ ਕੈਨੇਡੀਅਨ ਸਿੱਖ ਹਨ। ਇਨ੍ਹਾਂ ਦਾ ਸ਼ਰਾਬ ਦਾ ਕਾਰਖਾਨਾ ਪੁਰਾਣੇ ਕੈਨੇਡਾ ਦੇ ਕਾਰਖਾਨਿਆਂ ਵਿਚੋਂ ਇਕ ਹੈ। ਵੱਡੇ ਸ਼ਰਾਬ ਦੇ ਕਾਰਖਾਨਿਆਂ ਵਿਚ ਇਸ ਦਾ 15ਵਾਂ ਨੰਬਰ ਆਉਂਦਾ ਹੈ। ਇਹ ਕੈਲਗਰੀ ਵਿਚ ਰਹਿੰਦੇ ਹਨ। ਹਰਭਜਨ ਸਿੰਘ ਬਰਾੜ ਬ੍ਰਿਟਿਸ਼ ਕੋਲੰਬੀਆ ਦੀ ਓਕਾਨਾਗਨ ਵੈਲੀ ਦੇ ਇਕ ਵੱਡੇ ਫਲਾਂ ਦੇ ਬਗੀਚਿਆਂ ਦੇ ਮਾਲਕ ਹਨ। ਇਹ ਵੀ ਪੰਜਾਬੀ ਇੰਡੀਅਨ ਕੈਨੇਡੀਅਨ ਸਿੱਖ ਹਨ। ਪਰਉਪਕਾਰੀ ਸੱਜਣ ਹਨ।

ਏਸੇ ਤਰ੍ਹਾਂ ਹੋਰ ਬਹੁਤ ਸਾਰੇ ਪੰਜਾਬੀ ਇੰਡੀਅਨ ਕੈਨੇਡੀਅਨ ਸਿੱਖ ਹਨ, ਜਿਨ੍ਹਾਂ ਨੇ ਕੈਨੇਡਾ ਦੇ ਹੋਰ ਪੱਖਾਂ ਵਿਚ ਵਰਨਣ ਯੋਗ ਮੱਲਾਂ ਮਾਰੀਆਂ ਹਨ। ਕਈ ਉਘੇ ਟ੍ਰਾਂਸਪੋਰਟਰ ਹਨ। ਵਪਾਰੀ ਹਨ। ਲਿਖਾਰੀ ਹਨ। ਪਰਉਪਰਕਾਰੀ ਹਨ। ਉੱਜਲ ਸਿੰਘ ਦੁਸਾਂਝ ਬੀ. ਸੀ. ਦੇ. ਸਾਬਕਾ ਪ੍ਰਧਾਨ ਮੰਤਰੀ ਰਹਿ ਚੁਕੇ ਹਨ। ਏਸੇ ਤਰ੍ਹਾਂ ਕੈਨੇਡਾ ਵਿਚ ਹੁਣ ਪੰਜ ਮੈਂਬਰ ਪਾਰਲੀਮੈਂਟ ਤੇ ਕਈ ਐਮ. ਐਲ. ਏ. ਕੈਨੇਡੀਅਨ ਸਿੱਖ ਹਨ। ਡਾਕਟਰ ਰਘਬੀਰ ਸਿੰਘ ਬੈਂਸ ਪ੍ਰਸਿੱਧ ਕੈਨੇਡੀਅਨ ਸਿੱਖ ਸਕਾਲਰ ਹਨ। ਇਨ੍ਹਾਂ ਨੂੰ "Order of B C" ਦੀ ਉਪਾਧੀ ਮਿਲੀ ਹੋਈ ਹੈ। ਹੋਰ ਵੀ ਬਹੁਤ ਸਾਰੇ ਪ੍ਰਾਪਤੀਆਂ ਵਾਲੇ ਕੈਨੇਡੀਅਨ ਸਿੱਖ ਹਨ। ਹੁਣ ਤਾਂ ਕੈਨੇਡਾ ਵਿਚ ਕੈਨੇਡੀਅਨ ਸਿੱਖਾਂ ਦੀ ਹਰ ਪਾਸੇ ਬੱਲੇ ਬੱਲੇ ਹੈ।

# ਵੈਨਕੋਵਰ ਦਾ ਟੂਰ

ਕੈਲੀਫੋਰਨੀਆਂ ਸੂਬੇ ਦੇ ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਜੂਨ ਦੇ ਦੂਜੇ ਹਫਤੇ ਤੋਂ ਅਗਸਤ ਦੇ ਤੀਜੇ ਹਫਤੇ ਤੱਕ ਹੁੰਦੀਆਂ ਹਨ। ਏਥੋਂ ਦੇ ਬੱਚਿਆਂ ਤੇ ਪਰਿਵਾਰਾਂ ਦੀ ਗਰਮੀ ਦੀਆਂ ਛੁੱਟੀਆਂ ਵਿਚ ਕਿਤੇ ਨਾ ਕਿਤੇ ਬਾਹਰ ਘੁੰਮਣ ਜਾਣ ਦੀ ਇੱਛਾ ਹੁੰਦੀ ਹੈ। ਮੇਰੀ ਪਤਨੀ ਦੇ ਮਾਮਾ ਜੀ ਦਾ ਪਰਿਵਾਰ ਵੈਨਕੋਵਰ ਵਿਚ ਰਹਿੰਦਾ ਹੈ। ਮੇਰੀ ਪਤਨੀ ਦੀ ਮੌਤ ਦਸੰਬਰ 2001 ਵਿਚ ਹੋ ਗਈ ਸੀ। ਮਾਮਾ ਜੀ ਦੀ ਮੌਤ ਵੀ ਹੋ ਚੁੱਕੀ ਹੈ। ਮਾਮਾ ਜੀ ਲੁਧਿਆਣੇ ਟੀਚਰ ਹੁੰਦੇ ਸਨ। ਰੀਟਾਇਰ ਹੋਣ ਤੋਂ ਬਾਅਦ ਉਹ ਵੈਨਕੋਵਰ ਆ ਗਏ ਸਨ। ਮਾਮੀ ਜੀ ਤੇ ਉਨ੍ਹਾਂ ਦਾ ਇਕੋ ਇਕ ਲੜਕਾ ਤੇ ਇਕ ਲੜਕੀ ਵੈਨਕੋਵਰ ਰਹਿੰਦੇ ਹਨ। ਇਕ ਲੜਕੀ ਵੈਨਕੋਵਰ ਤੋਂ ਚਾਰ ਕੁ ਘੰਟੇ ਸਫਰ ਦੀ ਦੂਰੀ ਤੇ ਪੈਂਦੇ ਸ਼ਹਿਰ ਕਿਲੋਨਾ ਵਿਚ ਰਹਿੰਦੀ ਹੈ। ਇਨ੍ਹਾਂ ਦੀ ਤੀਜੀ ਲੜਕੀ ਮੁਹਾਲੀ ਵਿਚ ਰਹਿੰਦੀ ਹੈ। ਇਹ ਸਾਰਾ ਪਰਿਵਾਰ ਹੀ ਬਹੁਤ ਨਿੱਘੇ ਸੁਭਾਅ ਵਾਲਾ ਹੈ। ਮਿਲਾਪੜਾ ਹੈ।

ਅਸੀਂ ਸਾਰੇ ਪਰਿਵਾਰ ਨੇ ਗਰਮੀ ਦੀਆਂ ਛੁੱਟੀਆਂ ਵਿਚ ਵੈਨਕੋਵਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮਾਮੀ ਜੀ ਦੇ ਪਰਿਵਾਰ ਨੂੰ ਟੈਲੀਫੂਨ ਤੇ ਸੂਚਿਤ ਕਰ ਦਿੱਤਾ। ਮੇਰੇ ਜੁਆਈ ਦੀ ਇੱਛਾ ਸੀ ਕਿ ਸਫਰ ਹਵਾਈ ਜਹਾਜ਼ ਰਾਹੀਂ ਕੀਤਾ ਜਾਵੇ। ਮੈਂ ਸਾਰਾ ਏਰੀਆ ਚੰਗੀ ਤਰ੍ਹਾਂ ਵੇਖਣਾ ਚਾਹੁੰਦਾ ਸੀ। ਏਸ ਲਈ ਮੇਰੀ ਇੱਛਾ ਸੀ ਕਿ ਸਫਰ ਕਾਰ ਰਾਹੀਂ ਕੀਤਾ ਜਾਵੇ। ਮੇਰੀ ਜੁਆਨੀ ਦੀ ਉਮਰ ਤੋਂ ਹੀ ਹਰ ਏਰੀਏ ਨੂੰ ਸਾਈਕਲ ਰਾਹੀਂ, ਸਕੂਟਰ ਰਾਹੀਂ, ਕਾਰ ਰਾਹੀਂ ਘੁੰਮ ਕੇ ਵੇਖਣ ਦੀ ਇੱਛਾ ਰਹੀ ਹੈ। ਕਾਰ ਰਾਹੀਂ ਵੈਨਕੋਵਰ ਪਹੁੰਚਣ ਲਈ 15/16 ਘੰਟੇ ਲਗਣੇ ਸਨ। ਪਰਿਵਾਰ ਨੇ ਮੇਰੀ ਇੱਛਾ ਨਾਲ ਸਹਿਮਤ ਹੁੰਦੇ ਹੋਏ ਕਾਰ ਤੇ ਜਾਣ ਦਾ ਫੈਸਲਾ ਕਰ ਲਿਆ। ਨਾਲ ਹੀ ਨਿਰਣਾ ਕਰ ਲਿਆ ਕਿ ਰਸਤੇ ਵਿਚ ਪੈਂਦੇ ਸ਼ਹਿਰ ਵੀ ਵੇਖੇ ਜਾਣ। ਰਾਤ ਰਸਤੇ ਵਿਚ ਪੈਂਦੇ ਸ਼ਹਿਰ ਪੋਰਟਲੈਂਡ ਵਿਚ ਕੱਟੀ ਜਾਵੇ।

ਅਮਰੀਕਾ, ਕੈਨੇਡਾ ਵਿਚ ਜੇਕਰ ਤੁਸੀਂ ਹੋਟਲ ਪਹਿਲਾਂ ਬੁੱਕ ਕਰਵਾ ਲਵੋ ਤਾਂ

ਸਸਤੇ ਰੇਟ ਤੇ ਕਮਰੇ ਮਿਲ ਜਾਂਦੇ ਹਨ। ਜੇਕਰ ਮੌਕੇ ਤੇ ਜਾ ਕੇ ਕਮਰੇ ਲੈਣੇ ਹੋਣ ਤਾਂ ਮਹਿੰਗੇ ਪੈਂਦੇ ਹਨ। ਏਸ ਲਈ ਮੇਰੇ ਜੁਆਈ ਨੇ 24 ਜੁਲਾਈ 2005 ਲਈ ਪੋਰਟਲੈਂਡ ਦੇ ਹੋਟਲ ਹੋਲੀ ਡੇ ਇਨ ਵਿਚ ਦੋ ਕਮਰੇ ਬੁੱਕ ਕਰਵਾ ਲਏ। ਅਸੀਂ 24 ਜੁਲਾਈ ਨੂੰ ਸਵੇਰੇ 7 ਵਜੇ ਸਾਰੇ ਪਰਿਵਾਰ ਨੇ ਫਰਿਜ਼ਨੋ ਤੋਂ ਵੈਨਕੋਵਰ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਵਰਤੋਂ ਲਈ ਦੁੱਧ, ਲੱਸੀ, ਪਾਣੀ, ਬਿਸਕੁਟ ਆਦਿ ਨਾਲ ਲੈ ਲਏ। ਗੱਡੀ 70 ਮੀਲ ਦੀ ਸਪੀਡ ਤੇ ਜਾ ਰਹੀ ਸੀ। ਅਮਰੀਕਾ ਵਿਚ ਅਜੇ ਮੀਲ ਹੀ ਚਲਦੇ ਹਨ। ਕਿਲੋਮੀਟਰ ਅਜੇ ਲਾਗੂ ਨਹੀਂ ਕੀਤੇ ਗਏ। 2 ਕੁ ਵਜੇ ਰਸਤੇ ਵਿਚ ਪੈਂਦੇ ਇਕ ਫਾਸਟ ਫੂਡ ਸੈਂਟਰ ਤੇ ਪੀਜ਼ਾ ਖਾਦਾ ਤੇ ਅੱਗੇ ਚੱਲ ਪਏ।

ਹਨੇਰ ਪੈਂਦੇ ਨੂੰ ਪੋਰਟ ਲੈਂਡ ਸ਼ਹਿਰ ਦੇ ਹੋਟਲ ਹੋਲੀ ਡੇ ਇਨ ਵਿਚ ਪਹੁੰਚ ਗਏ, ਜਿਸ ਵਿੱਚ ਪਹਿਲਾਂ ਹੀ ਬੁਕਿੰਗ ਕੀਤੀ ਹੋਈ ਸੀ। ਪੋਰਟ ਲੈਂਡ ਬਾਰੇ ਮੈਂ ਵੱਖਰੇ ਤੌਰ ਤੇ ਆਰਟੀਕਲ ਲਿਖਿਆ ਹੈ। 25 ਜੁਲਾਈ ਨੂੰ ਸਵੇਰੇ ਪੋਰਟਲੈਂਡ ਤੋਂ ਚੱਲ ਕੇ ਸਿਆਟਲ ਸ਼ਹਿਰ ਦੁਪਹਿਰ ਨੂੰ ਪਹੁੰਚੇ। ਸਿਆਟਲ ਸ਼ਹਿਰ ਤੇ ਸਿਆਟਲ ਦੀ ਸਪੇਸ ਨੀਡਲ ਵੇਖੀ, ਜਿਸ ਬਾਰੇ ਮੈਂ ਵਖਰੇ ਤੌਰ ਤੇ ਲੇਖ ਲਿਖਿਆ ਹੈ। ਸਿਆਟਲ ਤੋਂ ਚੱਲ ਕੇ ਸ਼ਾਮ ਦੇ 7.30 ਵਜੇ ਕੈਨੇਡਾ ਦੇ ਬਾਡਰ ਤੇ ਬਣੇ ਬੈਰਿਅਰ ਤੇ ਪਹੁੰਚ ਗਏ। ਪੋਰਟ ਲੈਂਡ ਤੋਂ ਵੈਨਕੋਵਰ ਤੱਕ ਦਾ ਸੜਕ ਦਾ ਰਸਤਾ ਛੋਟੀਆਂ ਛੋਟੀਆਂ ਪਹਾੜੀਆਂ ਵਿਚੋਂ ਦੀ ਲੰਘਦਾ ਹੈ। ਸੜਕ ਦਾ ਆਲਾ ਦੁਆਲਾ ਰੁੱਖਾਂ ਦੀ ਭਰਮਾਰ ਵਾਲਾ, ਬਹੁਤਾ ਹੀ ਵਧੀਆ ਤੇ ਰਮਨੀਕ ਹੈ। ਆਲੇ ਦੁਆਲੇ ਜੰਗਲ ਹੀ ਜੰਗਲ ਹੈ।

ਬੈਰਿਅਰ ਤੇ ਖੜੇ ਕਰਮਚਾਰੀ ਨੇ ਸਾਡੇ ਪਾਸ ਪੋਰਟ ਵੇਖੇ। ਗੱਡੀ ਅੰਦਰ ਥੋੜੀ ਜਿਹੀ ਝਾਤੀ ਮਾਰੀ। ਪਾਸ ਪੋਰਟ ਸਾਨੂੰ ਵਾਪਸ ਕਰ ਦਿੱਤੇ। ਜਾਣ ਦੀ ਆਗਿਆ ਦੇ ਦਿੱਤੀ। ਬਾਡਰ ਲੰਘ ਕੇ ਵੈਨਕੋਵਰ ਦੀ ਪਹਿਲੀ ਬਸਤੀ 'ਸਰੀ' ਆਉਂਦੀ ਹੈ। ਸਰੀ ਵਿਚ ਬਹੁ ਗਿਣਤੀ ਵਿਚ ਪੰਜਾਬੀ ਰਹਿੰਦੇ ਹਨ। ਸਰੀ ਇਕ ਕਿਸਮ ਦਾ ਛੋਟਾ ਪੰਜਾਬ ਹੈ। ਮਾਮਾ ਜੀ ਦਾ ਪਰਿਵਾਰ ਸਰੀ ਵਿਚ ਹੀ ਰਹਿੰਦਾ ਹੈ। ਅਮਰੀਕਾ ਤੇ ਕੈਨੇਡਾ ਦੀਆਂ ਸੜਕਾਂ ਉਪਰ ਥਾਂ ਥਾਂ ਸਾਈਨਬੋਰਡ ਲੱਗੇ ਹੁੰਦੇ ਹਨ। ਤੁਹਾਨੂੰ ਇਹ ਸਾਈਨਬੋਰਡ ਆਪਣੇ ਆਪ ਹੀ ਰਸਤਾ ਦੱਸੀ ਜਾਂਦੇ ਹਨ। ਜੇਕਰ ਇਹ ਸਾਈਨ ਬੋਰਡ ਨਾ ਹੋਣ ਤਾਂ ਤੁਸੀਂ ਨਾ ਕੋਈ ਸੜਕ ਭਾਲ ਸਕਦੇ ਹੋ। ਨਾ ਕੋਈ ਬਾਜ਼ਾਰ ਭਾਲ ਸਕਦੇ ਹੋ। ਨਾ ਕੋਈ ਘਰ ਭਾਲ ਸਕਦੇ ਹੋ। ਕਿਉਂ ਜੋ ਤੁਹਾਨੂੰ ਸੜਕ ਉਪਰ ਕੋਈ ਵੀ ਬੰਦਾ ਰਾਹ ਦੱਸਣ ਵਾਲਾ ਨਹੀਂ ਮਿਲੇਗਾ। ਏਥੇ ਤੁਹਾਨੂੰ ਸੜਕਾਂ ਉਪਰ ਕਾਰਾਂ ਹੀ ਮਿਲਦੀਆਂ ਹਨ। ਬੰਦੇ ਨਹੀਂ ਮਿਲਦੇ।

ਅਸੀਂ 8 ਵਜੇ ਦੇ ਕਰੀਬ ਘਰ ਪਹੁੰਚ ਗਏ। ਮਾਮੀ ਜੀ, ਮਾਮੀ ਜੀ ਦਾ ਲੜਕਾ ਬਲਜੀਤ, ਉਸ ਦੀ ਪਤਨੀ ਤੇ ਬੱਚੇ ਸਾਰੇ ਘਰ ਸਨ। ਮਿਲ ਕੇ ਬਹੁਤ ਖੁਸ਼ ਹੋਏ। ਥੋੜੇ ਚਿਰ ਪਿਛੋਂ ਮਾਮੀ ਜੀ ਦਾ ਬੜਾ ਜੁਆਈ ਕੁਲਵੰਤ ਸਿੰਘ ਤੇ ਮਾਮੀ ਜੀ ਦੀ ਲੜਕੀ ਪਰਮਜੀਤ, ਜਿਸ ਦਾ ਛੋਟਾ ਨਾ ਪੰਮੀ ਹੈ, ਪਹੁੰਚ ਗਏ। ਕੁਲਵੰਤ ਬਹੁਤ ਹੀ ਹੱਸਮੁੱਖ ਤੇ ਮਖੌਲੀਏ ਸੁਭਾਅ ਦਾ ਹੈ। ਸਾਰਿਆਂ ਦਾ ਜੀਅ ਲਵਾ ਦਿੰਦਾ ਹੈ। ਰੋਟੀ ਪਾਣੀ ਖਾ ਕੇ ਗੱਲਾਂ ਦਾ ਅਜੇਹਾ ਸਿਲਸਲਾ ਚੱਲਿਆ ਕਿ 25 ਜੁਲਾਈ ਵਿਚ ਸ਼ੁਰੂ ਕੀਤੀਆਂ ਗੱਲਾਂ 26 ਜੁਲਾਈ ਚੜ੍ਹਦੇ ਨੂੰ ਖਤਮ ਹੋਈਆਂ। ਕੁਲਵੰਤ ਹੋਰੀਂ ਵੀ ਸਰੀ ਵਿਚ ਰਹਿੰਦੇ ਹਨ। ਉਹ ਆਪਣੇ ਘਰ ਚਲੇ ਗਏ।

ਅਸੀਂ ਆਪਣੇ ਕਮਰਿਆਂ ਵਿਚ ਜਾ ਸੁੱਤੇ।

ਹੁਣ ਮੈਂ ਥੋੜਾ ਜਿਹਾ ਵੈਨਕੋਵਰ ਸ਼ਹਿਰ ਬਾਰੇ ਦੱਸਦਾ ਹਾਂ। ਵੈਨਕੋਵਰ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦਾ ਇਕ ਪੁਰਾਣਾ ਸ਼ਹਿਰ ਹੈ। ਇਹ ਫਰੇਜ਼ਰ ਦਰਿਆ ਦੇ ਕੰਢੇ ਤੇ ਵਸਿਆ ਹੋਇਆ ਹੈ। ਵੈਨਕੋਵਰ ਦੇ ਇਲਾਕੇ ਵਿਚ ਪਹਿਲਾਂ ਕੈਨੇਡਾ ਦੇ ਮੁੱਢਲੇ ਬਸਿੰਦੇ ਰਹਿੰਦੇ ਸਨ। ਸਾਲ 1791 ਵਿਚ ਸਪੇਨੀ ਕੈਪਟਨ Jose Maria Narvaez ਪਹਿਲਾ ਯੂਰਪੀਅਨ ਸੀ, ਜਿਹੜਾ Strait of Georgia ਦੀ ਖੋਜ਼ ਵਿਚ ਆਇਆ। ਦੋ ਸਮੁੰਦਰਾਂ ਵਿਚ ਤੰਗ ਰਸਤੇ ਨੂੰ ਸਟ੍ਰੇਟ ਕਹਿੰਦੇ ਹਨ। ਅਗਲੇ ਸਾਲ 1792 ਵਿਚ ਬ੍ਰਿਟਿਸ਼ ਨੇਵਲ ਕੈਪਟਨ ਜਾਰਜ਼ ਵੈਨਕੋਵਰ  Strait of Georgia ਦੀ ਤਲਾਸ਼ ਵਿਚ ਆਇਆ। ਉਹ ਸਪੇਨੀ ਕੈਪਟਨ ਦੀ ਟੋਲੀ ਨੂੰ ਵੀ ਮਿਲਿਆ। ਵੈਨਕੋਵਰ ਵਿਚ ਪਹਿਲੀ ਵਿਦੇਸ਼ੀ ਕਲੋਨੀ ਸਾਲ 1862 ਵਿਚ ਸਾਊਥਲੈਂਡ ਇਲਾਕੇ ਵਿਚ ਵਸੀ।

ਵੈਨਕੋਵਰ ਦੇ ਆਲੇ ਦੁਆਲੇ ਜੰਗਲ ਹੀ ਜੰਗਲ ਸਨ। ਵੱਡੇ ਵੱਡੇ ਰੁੱਖ ਸਨ। ਏਸ ਲਈ ਏਸ ਇਲਾਕੇ ਵਿਚ ਪਹਿਲੀ ਲੱਕੜ ਮਿਲ 1863 ਵਿਚ ਇਕ ਅਮਰੀਕਨ ਨੇ ਲਾਈ। ਵੈਨਕੋਵਰ ਸਮੁੰਦਰੀ ਬੰਦਰਗਾਹ ਬਣੀ। ਲੱਕੜ ਪਹਿਲੀ ਵਾਰ 1865 ਵਿਚ ਸਮੁੰਦਰੀ ਜਹਾਜ਼ ਰਾਹੀਂ ਆਸਟ੍ਰੇਲੀਆ ਨੂੰ ਭੇਜੀ ਗਈ। ਫੇਰ ਲੱਕੜ ਮਿਲਾਂ ਲੱਗੀਆਂ। ਚੀਨ ਦੇ ਰਾਜੇ ਨੂੰ ਬੀਜਿੰਗ ਸ਼ਹਿਰ The Gate of Heavenly Peace ਬਣਾਉਣ ਲਈ ਲੱਕੜ ਵੈਨਕੋਵਰ ਤੋਂ ਹੀ ਭੇਜੀ ਗਈ ਸੀ। ਬੰਦਰਗਾਹ ਹੌਲੀ ਹੌਲੀ ਆਬਾਦ ਹੁੰਦੀ ਗਈ। ਬੰਦਰਗਾਹ ਦੇ ਨੇੜੇ ਹੀ ਕੈਨੇਡੀਅ ਪੈਸੀਫਿਕ ਰੇਲਵੇ ਜੰਕਸ਼ਨ ਬਣਾਇਆ ਗਿਆ।

ਸਾਲ 1887 ਵਿਚ ਵੈਨਕੋਵਰ ਦੀ ਆਬਾਦੀ ਸਿਰਫ 5 ਹਜ਼ਾਰ ਸੀ, ਜਿਹੜੀ 1892 ਵਿੱਚ 15 ਹਜ਼ਾਰ ਹੋ ਗਈ। ਸਾਲ 1900 ਤੱਕ ਪਹੁੰਚਦਿਆਂ ਵੈਨਕੋਵਰ ਦੀ ਆਬਾਦੀ ਇੱਕ ਲੱਖ ਤੱਕ ਪਹੁੰਚ ਗਈ। ਸਾਲ 1914 ਵਿਚ ਪਾਨਾਮਾ ਕੈਨਾਲ ਦੇ ਖੁੱਲ੍ਹਣ ਨਾਲ ਵੈਨਕੋਵਰ ਦੀ ਬੰਦਰਗਾਹ ਦੁਨੀਆਂ ਦੀਆਂ ਦੂਸਰੀਆਂ ਬੰਦਰਗਾਹਾਂ ਦੇ ਮੁਕਾਬਲੇ ਤੇ ਆ ਗਈ। ਸਾਲ 1930 ਤੱਕ ਬੰਦਰਗਾਹ ਤੋਂ ਵੈਨਕੋਵਰ ਨੂੰ ਕਾਫੀ ਆਮਦਨ ਹੋਣ ਲੱਗ ਪਈ।

ਵੈਨਕੋਵਰ ਵਿੱਚ ਚਿੱਟੀ ਵਸੋਂ (White Racism) ਵਲੋਂ ਦੂਸਰੀ ਕੌਮਾਂ ਨਾਲ ਨਸਲੀ ਵਿਤਕਰੇ ਕਾਰਨ ਬਹੁਤ ਮੁਸ਼ਕਲਾਂ ਆਉਂਦੀਆਂ ਰਹੀਆਂ ਹਨ। ਸਿੱਖਾਂ ਨਾਲ ਵੀ ਏਥੇ ਘੋਰ ਬੇ-ਇਨਸਾਫੀ ਹੁੰਦੀ ਰਹੀ ਹੈ। ਇਸ ਦਾ ਨਤੀਜਾ 1914 ਵਿਚ ਕਾਮਾਗਾਟਾ ਮਾਰੂ ਹਾਦਸੇ ਰਾਹੀਂ ਸਾਡੇ ਸਾਹਮਣੇ ਹੈ। ਪਹਿਲੀ ਸੰਸਾਰ ਜੰਗ ਤੋਂ ਬਾਅਦ ਵੈਨਕੋਵਰ ਤੇ ਆਰਥਿਕ ਤੌਰ ਤੇ ਬਹੁਤ ਮੰਦਹਾਲੀ ਆਈ। ਬੇ-ਰੁਜ਼ਗਾਰੀ ਬਹੁਤ ਵਧੀ। ਵੈਨਕੋਵਰ ਨੂੰ "ਬੇ-ਰੁਜ਼ਗਾਰੀ ਦਾ ਮੱਕਾ" ਦੀ ਉਪਾਧੀ ਦਿੱਤੀ ਗਈ। ਦੂਜੀ ਸੰਸਾਰ ਜੰਗਲ ਲੱਗਣ ਕਾਰਨ ਵੈਨਕੋਵਰ ਦੀ ਮੰਦਹਾਲੀ ਦੀ ਹਾਲਤ ਸੁਧਰਨ ਲੱਗੀ। ਮੰਦਹਾਲੀ ਵਿਚ ਸੁਧਾਰ ਏਥੋਂ ਦੇ ਸਮੁੰਦਰੀ ਜਹਾਜ਼ਾਂ ਤੇ ਹਵਾਈ ਜਹਾਜ਼ਾਂ ਦੇ ਕਾਰਖਾਨਿਆਂ ਨੂੰ ਕੰਮ ਦੇ ਮਿਲਣ ਕਰ ਕੇ ਹੋਇਆ।

ਪਹਿਲੀ ਸੰਸਾਰ ਜੰਗ ਦੇ ਲੱਗਣ ਕਰ ਕੇ ਮੰਦਹਾਲੀ ਆਉਣ ਬਾਰੇ ਤੇ ਦੂਜੀ ਸੰਸਾਰ ਜੰਗ ਦੇ ਲੱਗਣ ਕਾਰਨ ਤੇਜੀ ਆਉਣ ਬਾਰੇ ਮੈਨੂੰ ਸਿਆਨਿਆਂ ਦਾ ਦੱਸਿਆ ਹੋਇਆ ਇਕ ਅਖਾਣ ਯਾਦ ਆਇਆ ਹੈ। ਸਿਆਣੇ ਕਹਿੰਦੇ ਹਨ ਕਿ ਜੇਕਰ ਭੱਠੇ ਨੂੰ ਪਕਾਉਣ ਸਮੇਂ

ਭੱਠੇ ਵਿਚ ਪਾਈਆਂ ਕੱਚੀਆਂ ਇੱਟਾਂ ਸਮੇਂ ਬਾਰਸ਼ ਆ ਜਾਵੇ ਤਾਂ ਬਾਰਸ਼ ਨਾਲ ਕੱਚੀਆਂ ਇੱਟਾਂ ਖਰਾਬ ਹੋ ਜਾਂਦੀਆਂ ਹਨ। ਭੱਠੇ ਦੇ ਮਾਲਕ ਦਾ, ਵਪਾਰੀ ਦਾ ਆਰਥਿਕ ਤੌਰ ਤੇ ਭੱਠਾ ਬੈਠ ਜਾਂਦਾ ਹੈ। ਪੂਰਾ ਘਾਟਾ ਪੈ ਜਾਂਦਾ ਹੈ। ਜੇਕਰ ਭੱਠੇ ਵਿੱਚ ਪਾਈਆਂ ਕੱਚੀਆਂ ਇੱਟਾਂ ਸਮੇਂ ਬਾਰਸ਼ ਨਾ ਪਵੇ। ਭੱਠੇ ਦੀਆਂ ਇੱਟਾਂ ਪੱਕ ਜਾਣ ਤਾਂ ਪੱਕੀਆਂ ਇੱਟਾਂ ਦੀ ਵਿਕਰੀ ਨਾਲ ਭੱਠੇ ਦੇ ਮਾਲਕ, ਵਪਾਰੀ ਦਾ ਪਹਿਲਾ ਹੋਇਆ ਨੁਕਸਾਨ ਵੀ ਪੂਰਾ ਹੋ ਜਾਂਦਾ ਹੈ। ਹੋਰ ਲਾਭ ਵੀ ਹੋ ਜਾਂਦਾ ਹੈ। ਏਸ ਤਰ੍ਹਾਂ "ਭੱਠੇ ਵਾਲੇ ਦਾ ਭੱਠਾ ਬੈਠਿਆ ਹੋਇਆ, ਭੱਠਾ ਹੀ ਠੀਕ ਕਰਦਾ ਹੈ।" ਬਿਲਕੁਲ ਏਸੇ ਤਰ੍ਹਾਂ ਹੀ ਜਿਥੇ ਪਹਿਲੀ ਸੰਸਾਰ ਜੰਗ ਨੇ ਵੈਨਕੋਵਰ ਦੀ ਆਰਥਿਕਤਾ ਦਾ ਭੱਠਾ ਬਿਠਾਇਆ ਸੀ, ਉਸੇ ਤਰ੍ਹਾਂ ਹੀ ਦੂਜੀ ਸੰਸਾਰ ਜੰਗ ਨੇ ਵੈਨਕੋਵਰ ਦੀ ਆਰਥਿਕਤਾ ਦੇ ਬੈਠੇ ਭੱਠੇ ਨੂੰ ਠੀਕ ਕੀਤਾ ਸੀ।

ਸਾਲ 1957 ਵਿਚ ਫਰੈਸ਼ਰ ਦਰਿਆ ਉਪਰ ਵੈਨਕੋਵਰ ਨੂੰ ਰਿਚਮਾਂਡ ਨਾਲ ਜੋੜਨ ਵਾਲਾ ਓਕਸਟਰੀਟ ਪੁਲ ਬਣਾਇਆ ਗਿਆ। ਫਰੈਸ਼ਰ ਦਰਿਆ ਉਪਰ ਪੋਰਟ ਮਾਨ ਨੂੰ ਸਰੀ ਨਾਲ ਜੋੜਨ ਵਾਲਾ ਦੂਜਾ ਵੱਡਾ ਪੁਲ ਸਾਲ 1964 ਵਿਚ ਬਣਿਆ। ਆਬਾਦੀ ਦੇ ਵਾਧੇ ਨੂੰ ਵੇਖਦਿਆਂ ਹੋਇਆਂ ਫਰੈਸ਼ਰ ਦਰਿਆ ਉਪਰ ਆਰਥਰ ਲੈਂਅਗ ਨਾਂ ਦਾ ਤੀਜਾ ਪੁਲ ਸਾਲ 1976 ਵਿਚ ਬਣਾਇਆ ਗਿਆ। ਕੈਨੇਡਾ ਦਾ ਪਹਿਲਾ ਗੋਲ ਛੱਤ ਵਾਲਾ ਸਟੇਡੀਅਮ ਵੈਨਕੋਵਰ ਵਿਚ 1983 ਵਿਚ ਬਣਿਆ। ਏਸ ਤਰ੍ਹਾਂ ਸਕਾਈ ਟ੍ਰੇਨ 1885 ਵਿਚ ਬਣਾਈ ਗਈ।

ਇਕ ਦਿਨ ਅਸੀਂ Grouse Mountain ਵੇਖਣ ਗਏ। ਗਰਾਊਜ਼ ਮਾਊਨਟੇਨ ਦਾ ਸ਼ਬਦੀ ਅਰਥ ਹੈ, ਜੰਗਲੀ ਕੁੱਕੜਾ ਵਾਲੀ ਪਹਾੜੀ। ਇਹ 4100 ਫੁੱਟ ਉੱਚੀ ਹੈ। ਏਸ ਪਹਾੜੀ ਉਪਰ ਸਕਾਈ-ਰਾਈਡ ਕਰ ਕੇ ਜਾਇਆ ਜਾ ਸਕਦਾ ਹੈ। ਸਵੇਰੇ 9 ਵਜੇ ਤੋਂ ਰਾਤ ਦੇ 10 ਵਜੇ ਤੱਕ ਹਰ 15 ਮਿੰਟ ਪਿਛੋਂ ਇਹ ਚਲਦੀ ਹੈ। ਪਹਾੜੀ ਦੀ ਟੀਸੀ ਉਪਰ ਗਿਫਟ ਸ਼ਾਪਸ ਹਨ। ਖਾਣ ਪੀਣ ਦਾ ਸਾਮਾਨ ਮਿਲਦਾ ਹੈ। ਗਰਮੀ ਦੇ ਮੌਸਮ ਵਿਚ ਏਥੇ ਸੰਸਾਰ ਪ੍ਰਸਿੱਧ Lumberjack ਸ਼ੋਅ ਹੁੰਦੇ ਹਨ। ਸਰਦੀ ਵਿਚ ਏਥੇ ਬਰਫ ਦੀਆਂ ਖੇਡਾਂ ਹੁੰਦੀਆਂ ਹਨ। ਹੋਰ ਬਹੁਤ ਸਾਰੇ ਸ਼ੋਅ ਹੁੰਦੇ ਹਨ।

ਫੇਰ ਵੈਨਕੋਵਰ ਅਕੂਰੀਅਮ ਵੇਖਿਆ। ਇਹ ਸਾਰਾ ਸਾਲ ਖੁਲ੍ਹਾ ਰਹਿੰਦਾ ਹੈ। ਏਸ ਵਿਚ ਭਾਂਤ ਭਾਂਤ ਦੀਆਂ ਮੱਛੀਆਂ, ਡੌਲਫਿਨ, ਵੇਲ੍ਹ, ਸੀ ਲਾਇਨਜ਼, Octopus, Damselfish, ਸੀ ਹਾਰਸ, ਮਗਰਮੱਛ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਸਮੁੰਦਰੀ ਜੀਵ ਵੇਖੇ। ਵੈਨਕੋਵਰ ਦਾ ਇਹ ਐਕੂਰੀਅਮ ਨਾਰਥ ਅਮਰੀਕਾ ਦੇ ਚੰਗੇ ਐਕੂਰੀਅਮਾਂ ਵਿਚੋਂ ਇਕ ਹੈ।

# ਵਿਕਟੋਰੀਆ—ਬੀ. ਸੀ. ਦੀ ਰਾਜਧਾਨੀ

ਬ੍ਰਿਟਿਸ਼ ਕੋਲੰਬੀਆ ਦਾ ਛੋਟਾ ਨਾਂ ਬੀ. ਸੀ. ਹੈ। 27 ਜੁਲਾਈ ਨੂੰ ਅਸੀਂ ਵਿਕਟੋਰੀਆ ਸ਼ਹਿਰ ਵੇਖਣ ਗਏ। ਵਿਕਟੋਰੀਆ ਬੀ. ਸੀ. ਸੂਬੇ ਦੀ ਰਾਜਧਾਨੀ ਹੈ। ਸਾਡੇ ਨਾਲ ਕੁਲਵੰਤ ਸਿੰਘ ਤੇ ਉਸਦੀ ਪਤਨੀ ਪਰਮਜੀਤ (ਪੰਮੀ) ਤੇ ਬਲਜੀਤ ਸਿੰਘ ਦੀਆਂ ਦੋਵੇਂ ਵੱਡੀਆਂ ਲੜਕੀਆਂ ਦੀਪਕਾ ਤੇ ਜੀਵਨ ਵੀ ਨਾਲ ਸਨ। ਗੱਡੀ ਦਾ ਰਥਵਾਨ/ਚਾਲਕ ਕੁਲਵੰਤ ਸਿੰਘ ਸੀ। ਕੁਲਵੰਤ ਸਿੰਘ ਦਾ ਪਿੰਡ ਬਤਾਲਾ ਹੈ। ਜੇਕਰ ਰਾਈਏ ਤੋਂ ਬਟਾਲੇ ਨੂੰ ਜਾਈਏ ਤਾਂ ਉਸ ਸੜਕ ਉਪਰ ਇਕ ਵੱਡਾ ਪਿੰਡ ਸਠਿਆਲਾ ਆਉਂਦਾ ਹੈ। ਸਠਿਆਲੇ ਤੋਂ ਇਕ ਸੜਕ ਬਤਾਲੇ ਨੂੰ ਜਾਂਦੀ ਹੈ। ਬਤਾਲਾ ਕਾਫੀ ਵੱਡਾ ਪਿੰਡ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦਾ ਹੈ। ਕੁਲਵੰਤ ਸਿੰਘ 1976 ਵਿਚ ਕੈਨੇਡਾ ਆ ਗਿਆ ਸੀ। ਕਈ ਕੰਮ ਕਰਦਿਆਂ ਹੁਣ ਕੁਲਵੰਤ ਸਿੰਘ ਰੀਅਲ ਐਸਟੇਟ ਦਾ ਕੰਮ ਕਰਦਾ ਹੈ। ਬੜੀ ਚੰਗੀ ਕਮਾਈ ਹੈ। ਸਾਬਤ ਸੂਰਤ ਹੈ। ਕਈ ਸਾਲ ਰੌਸ ਸਟਰੀਟ ਸਿਖ ਟੈਮਪਲ (ਗੁਰੂਦਵਾਰਾ) ਦਾ ਸੈਕਟਰੀ ਰਹਿ ਚੁੱਕਾ ਹੈ। ਇਨ੍ਹਾਂ ਦੀ ਸ਼ਾਦੀ 1977 ਵਿਚ ਹੋਈ ਸੀ। ਪੰਮੀ ਐਮ. ਏ. ਹੈ। ਦੋ ਲੜਕੇ ਹਨ। ਪੜ੍ਹ ਰਹੇ ਹਨ।

ਕੁਲਵੰਤ ਸਿੰਘ ਦਾ ਸੁਭਾਅ ਬਹੁਤ ਹੀ ਟਿੱਚਰੀ, ਮਖੌਲੀਆ ਤੇ ਮਿੱਠੀ ਛੇੜ ਛਾੜ ਵਾਲਾ ਹੈ। ਜਿਨ੍ਹਾਂ ਚਿਰ ਉਹ ਗੱਡੀ ਚਲਾਉਂਦਾ ਰਿਹਾ, ਉਹ ਕੋਈ ਨਾ ਕੋਈ ਸੁਰਲੀ (ਮਖੌਲ) ਛੱਡਦਾ ਰਿਹਾ। ਮੈਨੂੰ ਉਸ ਦੀ ਮਿੱਠੀ ਛੇੜ ਛਾੜ ਸਬੰਧੀ ਇਕ ਲੋਕ ਗੀਤ ਯਾਦ ਆ ਗਿਆ ਹੈ। ਲਓ ! ਤੁਸੀਂ ਵੀ ਸੁਣ ਲਵੋ—

ਗੱਡੀ ਵਿਚ ਨਾ ਪ੍ਰਾਹੁਣਿਆ ਛੇੜੀ,
ਘਰ ਜਾ ਕੇ ਨੈਣ ਦੱਸ ਦੂ।

ਰਥ ਨੂੰ ਪਹਿਲੇ ਸਮਿਆਂ ਵਿਚ ਰਥ ਗੱਡੀ ਕਹਿੰਦੇ ਸਨ। ਪਹਿਲੇ ਸਮਿਆਂ ਦੇ ਵਿਆਹਾਂ ਵਿਚ ਵਹੁਟੀ ਨੂੰ ਵਿਆਹ ਕੇ ਰਥ ਵਿੱਚ ਬਿਠਾ ਕੇ ਲੈ ਜਾਂਦੇ ਸਨ। ਵਹੁਟੀ ਦੇ ਨਾਲ ਵਿਆਹ ਸਮੇਂ ਪਿੰਡ ਦੀ ਨੈਣ ਵੀ ਜਾਂਦੀ ਸੀ। ਨਵੀਂ ਵਿਆਹੀ ਵਹੁਟੀ ਇਕ ਜਾਂ ਦੋ ਦਿਨ ਸਹੁਰੀ ਫੇਰਾ ਪਾ ਕੇ ਪੇਕੀਂ ਆ ਜਾਂਦੀ ਸੀ। ਕਈ ਕਾਹਲੇ ਪ੍ਰਾਹੁਣਿਆ ਨੂੰ ਰਥ ਵਿਚ ਬੈਠੀ

ਵਿਆਹੁਲੀ ਵਰਜ਼ਦੀ ਹੋਈ ਇਹ ਟੱਪਾ ਕਹਿੰਦੀ ਹੁੰਦੀ ਸੀ।

ਵੈਨਕੋਵਰ ਤੋਂ ਵਿਕੋਟਰੀਆ ਲਈ ਹਰ ਅੱਧੇ ਅੱਧੇ ਘੰਟੇ ਬਾਅਦ ਬੇੜੀਆਂ (Ferry) ਚਲਦੀਆਂ ਹਨ। ਪਹਿਲੀ ਬੇੜੀ 8 ਵਜੇ ਚਲਦੀ ਸੀ। ਅਸੀਂ ਪਹਿਲੀ ਬੇੜੀ ਤੇ ਸਵਾਰ ਹੋ ਕੇ ਜਾਣਾ ਸੀ ਤਾਂ ਜੋ ਸਾਰਾ ਦਿਨ ਵਿਕਟੋਰੀਆ ਦੀ ਹਰ ਵੇਖਣ ਵਾਲੀ ਥਾਂ, ਮਿਊਜੀਅਮ, ਬਾਗ ਵੇਖੇ ਜਾ ਸਕਣ। ਘਰੋਂ ਅਸੀਂ 7 ਵਜੇ ਚੱਲੇ। ਬੇੜੀਆਂ ਦੇ ਸਟੇਸ਼ਨ ਤੱਕ ਪਹੁੰਚਣ ਲਈ ਸਾਨੂੰ ਅੱਧਾ ਘੰਟਾ ਲੱਗਿਆ। ਟਿਕਟਾਂ ਲਈ ਲੱਗੀ ਲਾਈਨ ਦੇ ਪਿਛੇ ਜਾ ਲੱਗੇ। ਟਿਕਟਾਂ ਲਈਆਂ। ਗੱਡੀ ਨੂੰ ਬੇੜੀ ਵਿਚ ਚਾੜ੍ਹਿਆ। ਅਸੀਂ ਵੀ ਬੇੜੀ ਵਿਚ ਸਵਾਰ ਹੋ ਗਏ। ਇਹ ਬੇੜੀ ਕਾਹਦੀ ਸੀ, ਇਹ ਤਾਂ ਬੇੜਾ ਸੀ। ਟਰੱਕ, ਬੱਸਾਂ, ਜੀਪਾਂ, ਕਾਰਾਂ ਵਿੱਚ ਖੜ੍ਹੀਆਂ ਸਨ। ਅਸੀਂ ਥੇੜੀ ਦੀ ਦੂਜੀ ਮੰਜ਼ਲ ਵਿਚ ਸਵਾਰ ਹੋ ਗਏ। ਬੇੜੀ ਵਿਚ ਖਾਣ ਪੀਣ ਦਾ ਸਾਮਾਨ ਵੀ ਮਿਲਦਾ ਸੀ। ਬੇੜੀ ਦੀ ਸਿਖਰਲੀ ਮੰਜ਼ਲ ਤੇ ਖੜ੍ਹ ਕੇ ਆਲੇ ਦੁਆਲੇ ਫੈਲੇ ਦਰਿਆ ਦਾ ਅਨੰਦ ਮਾਨਿਆ। ਬੇੜੀ ਡੇਢ ਘੰਟੇ ਦੇ ਸਫਰ ਪਿਛੋਂ ਵਿਕਟੋਰੀਆ ਦੇ ਕਿਨਾਰੇ ਜਾ ਲੱਗੀ।

ਬੇੜੀ ਵਿੱਚੋਂ ਗੱਡੀ ਕੱਢੀ। ਸਵਾਰ ਹੋ ਕੇ ਸਭ ਤੋਂ ਪਹਿਲਾਂ ਵਿਕਟੋਰੀਆ ਦਾ ਪਾਰਲੀਮੈਂਟ ਹਾਊਸ ਵੇਖਿਆ। ਇਹ ਡਾਊਨ ਟਾਊਨ ਦੇ ਵਿਚਾਲੇ ਬਣਿਆ ਹੋਇਆ ਹੈ। ਭਾਰਤ ਦੇ ਪਾਰਲੀਮੈਂਟ ਹਾਊਸ ਨਾਲੋਂ ਛੋਟਾ ਹੈ। ਏਥੇ ਮੈਂਬਰਾਂ ਦੇ ਬੈਠਣ ਲਈ ਸੀਟਾਂ ਦੋ ਸਾਹੀਡਾਂ ਤੇ ਸਿੱਧੀਆਂ ਲੱਗੀਆਂ ਹੋਈਆਂ ਹਨ। ਜਦ ਕਿ ਭਾਰਤ ਦੇ ਪਾਰਲੀਮੈਂਟ ਵਿਚ ਮੈਂਬਰਾਂ ਦੇ ਬੈਠਣ ਲਈ ਸੀਟਾਂ ਗੁਲਾਈ ਵਿਚ ਲੱਗੀਆਂ ਹੋਈਆਂ ਹਨ। ਬਿਲਡਿੰਗ ਸਲੇਟੀ ਜਿਹੇ ਪੱਥਰਾਂ ਦੀ ਬਣੀ ਹੋਈ ਹੈ। ਬਹੁਤ ਸੋਹਣੀ ਹੈ। ਆਲੇ ਦੁਆਲੇ ਫੁੱਲ ਹੀ ਫੁੱਲ ਹੀ ਸਨ। ਕੋਈ ਖਾਸ ਸਕਿਊਰਟੀ ਵੀ ਨਹੀਂ ਸੀ। ਅਸੀਂ ਪਾਰਲੀਮੈਂਟ ਹਾਊਸ ਦੇ ਸਾਹਮਣੇ ਬਣੇ ਪਾਰਕ ਵਿਚ ਬੈਠ ਕੇ ਸਵੇਰ ਦਾ ਨਾਸ਼ਤਾ ਕੀਤਾ ਜੋ ਅਸੀਂ ਘਰੋਂ ਤਿਆਰ ਕਰਵਾ ਕੇ ਨਾਲ ਲਿਆਂਦਾ ਸੀ। ਕੁਝ ਫੋਟੋਆਂ ਵੀ ਖਿੱਚੀਆਂ।

ਉਸ ਤੋਂ ਪਿਛੋਂ ਨੇੜੇ ਹੀ ਬਣਿਆ ਅਜਾਇਬ ਘਰ ਵੇਖਿਆ। ਏਸ ਅਜਾਇਬ ਘਰ ਵਿੱਚ ਇਥੋਂ ਦੇ ਮੁੱਢਲੇ ਬਸ਼ਿੰਦਿਆਂ ਦੇ ਜੀਵਨ ਸਬੰਧੀ ਬਹੁਤ ਕੁਝ ਰੱਖਿਆ ਹੋਇਆ ਹੈ। ਮੌਜੂਦਾ ਇਤਿਹਾਸ ਦੀ ਬਹੁਤ ਜਾਣਕਾਰੀ ਵੀ ਇਹ ਅਜਾਇਬ ਘਰ ਦਿੰਦਾ ਹੈ। ਮੋਮ ਦਾ ਬਣਿਆ ਅਜਾਇਬ ਘਰ ਵੀ ਵੇਖਿਆ। ਸਮੁੰਦਰ ਦੇ ਹੇਠਾਂ ਬਣਿਆ ਮਿਊਜ਼ੀਅਮ, ਜਿਸ ਵਿਚ ਸਾਰੀ ਸਮੁੰਦਰੀ ਜ਼ਿੰਦਗੀ ਵਿਖਾਈ ਹੈ, ਉਹ ਵੀ ਵੇਖਿਆ। ਕੈਨੇਡਾ ਦਾ ਸਭ ਤੋਂ ਪੁਰਾਣਾ ਚਾਈਨਾ ਟਾਊਨ ਏਥੇ ਹੈ, ਉਹ ਵੇਖਿਆ। ਸ਼ਹਿਰ ਦਾ ਬਾਹਰੀ ਹਿੱਸਾ ਘੁੰਮ ਕੇ ਵੇਖਿਆ। ਦੁਪਹਿਰ ਨੂੰ ਅਸੀਂ ਇਕ ਸਬ ਥੇਅ ਤੇ ਫਾਸਟ ਫੂਡ ਖਾਦਾ।

ਦੁਪਹਿਰ ਤੋਂ ਬਅਦ ਅਸੀਂ ਬੁਚਾਰਟ ਗਾਰਡਨ ਵੇਖਣ ਗਏ। ਫੁੱਲਾਂ ਨੂੰ ਵੇਖਣਾ, ਫੁੱਲਾਂ ਨੂੰ ਉਗਾਉਣਾ ਮੇਰਾ ਮਨ ਭਾਉਂਦਾ ਸ਼ੌਕ ਹੈ। ਇਹ ਬਾਗ ਦਰਿਆ ਦੇ ਨੇੜੇ ਹੀ ਬਣਿਆ ਹੋਇਆ ਹੈ। ਬਾਗ ਪੱਧਰੀ ਧਰਤੀ ਤੋਂ ਸ਼ੁਰੂ ਹੋ ਕੇ ਛੋਟੀ ਛੋਟੀ ਪਹਾੜੀਆਂ ਤੱਕ ਵੱਧਦਾ ਜਾਂਦਾ ਹੈ। ਦੁਨੀਆਂ ਦੇ ਹਰ ਕਿਸਮ ਦੇ ਫੁੱਲ ਏਥੇ ਮਿਲਦੇ ਹਨ। ਇਹ ਇਕ ਵੇਖਣਯੋਗ ਬਾਗ ਹੈ। ਏਸ ਦੇ ਸਹੁਪਣ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਜਿਹੜਾ ਵੈਨਕੋਵਰ ਆਵੇ ਤੇ ਵਿਕਟੋਰੀਆ ਦਾ ਬੁਚਾਰਟ ਬਾਗ ਨਾ ਵੇਖੇ, ਉਸ ਦਾ ਟੂਰ ਸਫਲ ਨਹੀਂ ਮੰਨਿਆ ਜਾ ਸਕਦਾ। ਅਸੀਂ ਤਿੰਨ ਘੰਟੇ ਤੋਂ ਉਪਰ ਦਾ ਸਮਾਂ ਏਸ ਬਾਗ ਨੂੰ ਵੇਖਣ ਵਿਚ ਬਿਤਾਇਆ।

ਬਹੁਤ ਸਾਰੀਆਂ ਫੋਟੋਆਂ ਖਿੱਚੀਆਂ।

ਇਹ ਬਾਗ 1904 ਵਿਚ ਸਥਾਪਤ ਕੀਤਾ ਗਿਆ ਸੀ। ਬਾਗ 55 ਏਕੜ ਵਿਚ ਬਣਿਆ ਹੋਇਆ ਹੈ। ਦਸ ਲੱਖ ਤੋਂ ਉਪਰ ਟੂਰਿਸ਼ਟ ਹਰ ਸਾਲ ਇਸ ਨੂੰ ਵੇਖਣ ਆਉਂਦੇ ਹਨ। ਸਾਲ 2004 ਵਿੱਚ ਬਾਗ ਦੀ 100 ਵੀ ਵਰ੍ਹੇ ਗੰਢ ਮਨਾਈ ਗਈ ਹੈ। ਗਰਮੀ ਦੇ ਮੌਸਮ ਵ੍ਿਚ ਬਾਗ ਦੀ ਸ਼ਾਨੋ-ਸ਼ੌਕਤ, ਜਲਵਾ ਵੇਖਣ ਵਾਲਾ ਹੁੰਦਾ ਹੈ। ਹਰ ਸ਼ਾਮ ਨੂੰ ਗਰਮੀ ਦੇ ਮੌਸਮ ਵਿੱਚ ਬਾਗ਼ ਵਿੱਚ ਦੀਪਮਾਲਾ ਕੀਤੀ ਜਾਂਦਾ ਹੈ। ਜੁਲਾਈ ਤੋਂ ਸਤੰਬਰ ਤੱਕ ਦੇ ਲਾਂਗ ਵੀਕ ਐਂਡ ਸਮੇਂ ਬਾਗ ਵਿਚ ਗੀਤ ਸੰਗੀਤ ਨਾਲ ਮਨੋਰੰਜਨ ਕੀਤਾ ਜਾਂਦਾ ਹੈ। ਕ੍ਰਿਸ਼ਮਿਸ਼ ਦੇ ਸਮੇਂ ਏਥੇ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਂਦੀ ਹਨ। ਬਾਗ ਵੇਖਣ ਤੋਂ ਬਾਅਦ ਅਸੀਂ ਸ਼ਾਮ ਦੇ 8 ਵਜੇ ਦੀ ਬੇੜੀ ਵਿਚ ਸਵਾਰ ਹੋ ਕੇ ਦਰਿਆ ਪਾਰ ਕੀਤਾ। ਰਾਤੀਂ 10 ਵਜੇ ਦੇ ਕਰੀਬ ਵਾਪਸ ਘਰ ਪਹੁੰਚੇ। ਅੱਜ ਦੇ ਸਾਰੇ ਟੂਰ ਵਿਚ ਕੁਲਵੰਤ ਸਿੰਘ ਨੇ ਆਪਣੇ ਛੋਟੇ ਛੋਟੇ ਛੱਡੇ ਹਾਸੇ ਦੇ ਬਾਣਾਂ ਨਾਲ ਸਭ ਦਾ ਜੀਅ ਲਵਾ ਕੇ ਰੱਖਿਆ।

ਵਿਕਟੋਰੀਆ ਵੈਨਕੋਵਰ ਟਾਪੂ ਦੇ ਦੱਖਣ ਵਾਲੇ ਪਾਸੇ ਸਥਿਤ ਹੈ। ਇਹ ਦੁਨੀਆਂ ਦਾ ਮਸ਼ਹੂਰ ਟੂਰਿਸ਼ਟ ਕੇਂਦਰ ਹੈ। ਇਹ ਇਕ ਛੋਟਾ ਜਿਹਾ ਸ਼ਹਿਰ ਹੈ। ਸਿਰਫ 20 ਵਰਗ ਕਿਲੋਮੀਟਰ ਵਿਚ ਵਸਿਆ ਹੋਇਆ ਹੈ। ਇਸ ਦੀ ਆਬਾਦੀ ਸਾਲ 2006 ਦੀ ਰੀਪੋਰਟ ਅਨੁਸਾਰ ਸਿਰਫ 79 ਹਜ਼ਾਰ ਹੈ। ਪਰ ਹਰ ਸਾਲ ਏਥੇ 37 ਲੱਖ ਦੇ ਕਰੀਬ ਟੂਰਿਸ਼ਟ ਆਉਂਦੇ ਹਨ। ਵਿਕਟੋਰੀਆ ਦੀ ਆਮਦਨ ਦਾ ਮੁੱਖ ਸਾਧਨ ਟੂਰਿਜ਼ਮ ਹੈ। ਵਿਕਟੋਰੀਆ ਕਰੂਇਜ਼ ਸ਼ਿਪ ਪੋਰਟ ਹੈ। ਏਥੋਂ ਦੇ ਡਾਊਨ ਟਾਊਨ ਵਿਚ ਹੀ ਥੀਏਟਰ, ਰੈਸਟੋਰੈਂਟ, ਪੱਬਾਂ, ਨਾਈਟ ਕਲੱਬਾਂ ਹਨ। ਏਥੇ ਹੀ ਜ਼ਿਆਦਾ ਪਬਲਿਕ ਫੰਕਸ਼ਨ ਹੁੰਦੇ ਹਨ। ਕੈਨੇਡਾ ਦਿਨ ਮਨਾਉਣ ਦੀ ਆਤਿਸਬਾਜ਼ੀ ਵੀ ਏਥੇ ਹੁੰਦੀ ਹੈ। ਸਾਲ 1994 ਦੀਆਂ ਕਾਮਨਵੈਲਥ ਗੇਮਜ਼ ਏਥੇ ਹੋਈਆਂ ਸਨ।

ਹੋਰ ਤਾਂ ਹੋਰ ਸਾਲ 2005 ਵਿਚ ਫੋਰਡ ਦੀ ਸੰਸਾਰ ਦੀ ਪੁਰਸ਼ਾ ਦੇ ਸਿਰ ਤੇ ਵਾਲਾਂ ਵਿੱਚ ਕੁੰਡਲ ਪਾਉਣ ਵਾਲੀ ਚੈਂਪਿਆਨਸ਼ਿੱਪ ਵੀ ਵਿਕਟੋਰੀਆ ਵਿੱਚ ਹੋਈ ਸੀ। ਸਪੋਰਟਸ ਸਬੰਧੀ ਵੀ ਏਥੇ ਬਹੁਤ ਫੰਕਸ਼ਨ ਹੁੰਦੇ ਰਹਿੰਦੇ ਹਨ। ਹਰ ਸਾਲ ਏਥੇ ਸਾਈਕਲਾਂ ਦੀਆਂ ਦੌੜਾਂ ਹੁੰਦੀਆਂ ਹਨ। ਬਹੁਤ ਸਾਰੀਆਂ ਕਾਨਫਰੰਸਾਂ ਤੇ ਸਮਾਗਮ ਏਥੇ ਹੁੰਦੇ ਹਨ। ਇਨ੍ਹਾਂ ਸਾਰੇ ਫੰਕਸ਼ਨਾਂ ਦੇ ਕਾਰਨ ਕਰਕੇ ਹੀ ਵਿਕਟੋਰੀਆ ਦੀ ਆਮਦਨ ਦਾ ਮੁੱਖ ਸੋਮਾ ਟੂਰਿਜ਼ਮ ਹੈ।

ਵਿਕਟੋਰੀਆ ਦੇ ਵਧੀਆ ਮੌਸਮ, ਵਧੀਆ ਸੀਨਰੀ, ਵਧੀਆ ਆਲਾ ਦੁਆਲਾ, ਸ਼ਾਂਤੀ ਪੂਰਬਕ ਏਰੀਆ ਹੋਣ ਕਰਕੇ ਸਾਰੇ ਕੈਨੇਡਾ ਵਿਚੋਂ ਆਬਾਦੀ ਦੇ ਹਿਸਾਬ ਨਾਲ ਰੀਟਾਇਰਡ ਇਸਤਰੀ ਪੁਰਸ਼ ਸਭ ਤੋਂ ਜ਼ਿਆਦਾ ਏਥੇ ਰਹਿੰਦੇ ਹਨ। ਏਥੋਂ ਦੇ ਬਹੁਤੇ ਵਸਨੀਕਾਂ ਦੀ ਉਮਰ 65 ਸਾਲ ਤੋਂ ਉਪਰ ਹੈ, ਜਿਹੜੀ ਕਿ ਸਾਰੇ ਕੈਨੇਡਾ ਦੇ ਸ਼ਹਿਰਾਂ ਦੀ ਆਬਾਦੀ ਦੀ ਅਨੁਪਾਤ ਵਿਚੋਂ ਤੀਜੇ ਨੰਬਰ ਤੇ ਆਉਂਦੀ ਹੈ। ਏਥੋਂ ਦੀ 6.4 ਪ੍ਰਤੀਸ਼ਤ ਆਬਾਦੀ ਦੀ ਉਮਰ ਤਾਂ 80 ਸਾਲ ਤੋਂ ਵੱਧ ਹੈ। ਵਿਕਟੋਰੀਆ ਵਿੱਚ ਮਿਲਟਰੀ ਦੀ ਟਾਊਨਸ਼ਿਪ ਹੈ। ਯੂਨੀਵਰਸਿਟੀ ਹੈ। ਛੋਟੇ ਹਵਾਈ ਜਹਾਜ਼ ਬਣਦੇ ਹਨ। ਖੁਰਾਕ ਬਣਾਉਣ ਦੇ ਕਾਰਖਾਨੇ ਹਨ। ਦਵਾਈਆਂ ਬਣਾਉਣ ਵਾਲੀਆਂ ਫੈਕਟਰੀਆਂ ਹਨ। ਕੰਪਿਊਟਰ, ਇੰਜਨੀਅਰਿੰਗ,

ਸੰਚਾਰ ਸਬੰਧੀ ਕਾਰਖਾਨਿਆਂ ਆਦਿ ਦੀ ਆਮਦਨ ਵੀ ਹੁਣ ਟੂਰਿਜ਼ਮ ਦੀ ਆਮਦਨ ਦਾ ਮੁਕਾਬਲਾ ਕਰ ਰਹੀ ਹੈ।

ਸਾਲ 1858 ਵਿਚ ਜਦ ਬੀ. ਸੀ. ਵਿੱਚ ਸੋਨੇ ਦੀਆਂ ਖਾਣਾਂ ਦੀ ਲੱਭਤ ਹੋਈ, ਉਸ ਸਮੇਂ ਵਿਕਟੋਰੀਆ ਵਿਚ ਸਮੁੰਦਰੀ ਬੰਦਰਗਾਹ ਬਣੀ। ਬੰਦਰਗਾਹ ਬਣਨ ਕਰਕੇ ਹੀ ਵਿਕਟੋਰੀਆ ਦੀ ਆਬਾਦੀ ਵਧਣੀ ਸ਼ੁਰੂ ਹੋਈ। ਸਾਲ 1862 ਵਿਚ ਇਸ ਨੂੰ ਸ਼ਹਿਰ ਦੀ ਪਦਵੀ ਦਿੱਤੀ ਗਈ।ਸਾਲ 1871 ਵਿਚ ਇਸ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਬਣਾ ਦਿੱਤਾ ਗਿਆ। 1904 ਵਿਚ ਏਥੇ ਬਣੇ ਬੁਚਾਰਟ ਬਾਗ ਨੇ ਵਿਕਟੋਰੀਆਂ ਦੀ ਦੂਰ ਦੂਰ ਤੱਕ ਮਸ਼ਹੂਰੀ ਕਰ ਦਿੱਤੀ। ਦੂਰ ਦੂਰ ਤੋਂ ਟੂਰਿਸ਼ਟ ਏਸ ਨੂੰ ਵੇਖਣ ਆਉਂਦੇ ਹਨ। ਏਥੋਂ ਦੇ ਜਾਣ ਆਉਣ ਦੇ ਸਾਧਨ ਬਹੁਤ ਵਿਕਸਤ ਹਨ। ਬੇੜੀ (Ferry) ਸਰਵਿਸ ਬਹੁਤ ਹੈ। ਏਥੇ ਅੰਤਰ- ਰਾਸ਼ਟਰੀ ਹਵਾਈ ਅੱਡਾ ਹੈ, ਜਿਥੋਂ ਟਰਾਂਟੋ, ਸਿਆਟਲ, ਸਾਲਟ ਲੇਕ ਸਿੱਟੀ ਤੇ ਪੂਰਬੀ ਕੈਨੇਡਾ ਦੇ ਸਾਰੇ ਸ਼ਹਿਰਾਂ ਨੂੰ ਸਿੱਧੀਆਂ ਫਲਾਈਟਾਂ ਜਾਂਦੀਆਂ ਹਨ ਤੇ ਆਉਂਦੀਆਂ ਹਨ।ਹਰ ਰੋਜ਼ ਹੈਲੀਕਾਪਟਰ ਵੀ ਚਲਦੇ ਹਨ। ਵਿਕਟੋਰੀਆ ਤੋਂ ਹਰ ਰੋਜ਼ ਸਮੁੰਦਰੀ ਜਹਾਜ਼ ਵੈਨਕੋਵਰ ਤੇ ਸਿਆਟਲ ਦੀਆਂ ਸਮੁੰਦਰੀ ਬੰਦਰਗਾਹਾਂ ਨੂੰ ਵੀ ਚਲਦੇ ਹਨ।

# ਕੈਪਲੇਨੋ ਝੂਲਾ ਪੁਲ

Capilano Suspension Bridge ਇਕ ਸਾਧਾਰਨ ਝੂਲਾ ਪੁਲ ਹੈ। ਇਹ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕਲੰਬੀਆ ਦੇ ਨਾਰਥ ਵੈਨਕੋਵਰ ਜ਼ਿਲ੍ਹੇ ਵਿਚ ਵਗਦੇ ਕੈਪਲੇਨੋ ਦਰਿਆ ਉਪਰ ਬਨਿਆ ਹੋਇਆ ਹੈ। ਪੁਲ 136 ਮੀਟਰ ਲੰਬਾ ਹੈ। ਸਮੁੰਦਰ ਦੀ ਪੱਧਰ ਤੋਂ 70 ਮੀਟਰ ਉੱਚਾ ਹੈ। ਇਹ ਪੁਲ ਪ੍ਰਾਈਵੇਟ ਪ੍ਰਾਪਰਟੀ ਹੈ। ਇਸ ਨੂੰ ਵੇਖਣ ਲਈ ਫੀਸ ਲੱਗਦੀ ਹੈ। ਕੋਈ 8 ਲੱਖ ਤੋਂ ਉਪਰ ਟੂਰਿਸ਼ਟ ਏਸ ਪੁਲ ਨੂੰ ਹਰ ਸਾਲ ਵੇਖਦੇ ਹਨ। ਅਸੀਂ ਏਸ ਪੁਲ ਨੂੰ ਵੇਖਣ ਲਈ 28 ਜੁਲਾਈ ਦਿਨ ਵੀਰਵਾਰ ਨੂੰ ਗਏ। ਅਮਰੀਕਾ ਤੇ ਕੈਨੇਡਾ ਵਿਚ ਸੋਮਵਾਰ ਤੋਂ ਸ਼ੁਕਰਵਾਰ ਤੱਕ ਕੰਮ ਕਰਨ ਦੇ ਦਿਨ ਹਨ। ਏਥੇ ਕੰਮ ਕਰਨ ਵਾਲੇ ਦਿਨ ਵਿਚ ਕਿਸੇ ਨੂੰ ਬਿਲਕੁਲ ਹੀ ਵਿਹਲ ਨਹੀਂ ਹੁੰਦੀ। ਸਨਿਚਰਵਾਰ ਤੇ ਐਤਵਾਰ ਨੂੰ ਛੁੱਟੀਆਂ ਹੁੰਦੀਆਂ ਹਨ। ਲੋਕ ਸਾਰੇ ਕੰਮ ਛੁੱਟੀਆਂ ਵਾਲੇ ਦਿਨਾਂ ਵਿੱਚ ਕਰਦੇ ਹਨ। ਛੁੱਟੀਆਂ ਦਾ ਪੂਰਾ ਅਨੰਦ ਮਾਨਦੇ ਹਨ। ਬਲਜੀਤ ਸਿੰਘ, ਜੋ ਮੇਰੀ ਪਤਨੀ ਦੇ ਮਾਮੇ ਦਾ ਲੜਕਾ ਹੈ, ਦੀ ਆਪਣੀ ਟੈਕਸੀ ਹੈ। ਆਪਣਾ ਕੰਮ ਹੈ। ਆਪਣੇ ਕੰਮ ਵਾਲੇ ਵਿਅਕਤੀ ਦੀ ਆਪਣੀ ਇੱਛਾ ਹੁੰਦੀ ਹੈ, ਉਹ ਕਿਸੇ ਦਿਨ ਕੰਮ ਕਰੇ, ਕਿਸੇ ਦਿਨ ਨਾ ਕਰੇ। ਸ਼ਨਿਚਰਵਾਰ, ਐਤਵਾਰ ਜਾਂ ਹੋਰ ਕਿਸੇ ਦਿਨ ਦੀ ਛੁੱਟੀ ਦੀ ਉਸ ਨੂੰ ਉਡੀਕ ਕਰਨ ਦੀ ਲੋੜ ਨਹੀਂ ਪੈਂਦੀ। ਏਸ ਲਈ 28 ਜੁਲਾਈ ਨੂੰ ਝੂਲਾ ਪੁਲ ਵਿਖਾਉਣ ਲਈ ਬਲਜੀਤ ਸਿੰਘ ਸਾਡੇ ਨਾਲ ਗਿਆ।

ਬਲਜੀਤ ਸਿੰਘ ਨੇ ਬੀ. ਐਸ. ਸੀ. ਐਗਰੀਕਲਚਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਤੋਂ ਸਾਲ 1984 ਵਿਚ ਕੀਤੀ ਹੈ। ਉਨ੍ਹਾਂ ਦੇ ਪਿਤਾ ਦਾ ਪਿੰਡ ਤਾਂ ਜਗਰਾਂਉਂ ਦੇ ਨੇੜੇ ਸਿਵੀਆਂ ਸੀ, ਪਰ ਉਨ੍ਹਾਂ ਦੀ ਜ਼ਿਆਦਾ ਪੋਸਟਿੰਗ ਲੁਧਿਆਣੇ ਸ਼ਹਿਰ ਦੇ ਨੇੜੇ ਹੋਣ ਕਰਕੇ ਹੀ ਤੇ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਆਪਣਾ ਘਰ ਲੁਧਿਆਣੇ ਬਣਾ ਲਿਆ ਸੀ। ਬਲਜੀਤ ਸਿੰਘ 1989 ਵਿਚ ਕੈਨੇਡਾ ਆ ਗਿਆ। ਬਲਜੀਤ ਦੀ ਪਤਨੀ ਇੰਦਰਜੀਤ ਕੌਰ ਐਮ. ਏ. ਬੀ. ਐਡ. ਹੈ। ਲੁਧਿਆਣੇ ਦੀ ਹੀ ਪੜ੍ਹੀ ਹੋਈ ਹੈ। ਇੰਦਰਜੀਤ ਕੌਰ ਦਾ ਪੇਕਾ ਪਿੰਡ ਫਰਵਾਲੀ ਹੈ। ਜੋ ਮੇਰੇ ਪਿੰਡ ਸੰਦੌੜ ਦੇ ਬਿਲਕੁਲ ਨਾਲ ਲੱਗਦਾ ਹੈ। ਫਰਵਾਲੀ ਦਾ ਅੱਧਾ ਪਿੰਡ ਤਾਂ ਮੇਰਾ ਗੋਤੀ ਹੈ। ਇਹ ਅੱਧਾ ਪਿੰਡ ਮੇਰਾ ਗੋਤੀ ਕਿਵੇਂ ਬਨਿਆ ? ਲਓ ! ਇਹ ਕਹਾਣੀ ਵੀ ਸੁਣ ਲਵੋ !

ਮੇਰੇ ਪਿੰਡ ਦਾ ਇਕ ਗਭਰੂ ਫਰਵਾਲੀ ਪਿੰਡ ਵਿਚ ਵਿਆਹਿਆ ਹੋਇਆ ਸੀ। ਉਸ ਦੀ ਜ਼ਮੀਨ ਫਰਵਾਲੀ ਪਿੰਡ ਦੇ ਨਾਲ ਜਾ ਲੱਗਦੀ ਸੀ। ਪਹਿਲੇ ਸਮਿਆਂ ਵਿੱਚ ਖੇਤੀ ਸਾਰੀ ਦੀ ਸਾਰੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਏਸ ਲਈ ਲੋਕਾਂ ਕੋਲ ਵਿਹਲਾ ਸਮਾਂ ਬਹੁਤ ਹੁੰਦਾ ਸੀ। ਉਨ੍ਹਾਂ ਸਮਿਆਂ ਵਿੱਚ ਲੋਕ ਤਿੱਥ ਤਿਉਹਾਰ ਵੀ ਬਹੁਤ ਮਨਾਉਂਦੇ ਹੁੰਦੇ ਸਨ। ਕੁੜੀਆਂ ਦਾ ਮੁੱਖ ਤਿਉਹਾਰ ਤੀਆਂ ਹੁੰਦਾ ਸੀ। ਤੀਆਂ ਦਾ ਤਿਉਹਾਰ ਦੋ ਹਫਤਿਆਂ ਦੇ ਕਰੀਬ ਚਲਦਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿੱਚ ਨਵੇਂ ਪ੍ਰਾਹੁਣੇ ਤੀਆਂ ਵੇਖਣ ਸਹੁਰੀਂ ਜਾਂਦੇ ਹੁੰਦੇ ਸਨ। ਜੁਆਨੀ ਸਮੇਂ ਤੀਆਂ ਵੇਖਣ ਉਹ ਆਪਣੇ ਸਹੁਰੀਂ ਗਿਆ। ਕਹਿੰਦੇ ਹਨ, ਫਰਵਾਲੀ ਪਿੰਡ ਵਿਚ ਤੀਆਂ ਲਾਉਣ ਲਈ ਕੋਈ ਸਾਂਝੀ ਥਾਂ ਨਹੀਂ ਸੀ। ਏਸ ਲਈ ਉਸ ਦੀਆਂ ਸਾਲੀਆਂ ਤੀਆਂ ਲਾਉਣ ਲਈ ਜ਼ਮੀਨ ਦੀ ਮੰਗ ਆਪਣੇ ਜੀਜੇ ਤੋਂ ਕਰਨ ਲੱਗੀਆਂ ਕਿਉਂ ਜੋ ਜੀਜੇ ਦੀ ਜ਼ਮੀਨ ਫਰਵਾਲੀ ਪਿੰਡ ਦੇ ਨਾਲ ਲੱਗਦੀ ਸੀ।

ਸਾਲੀ ਤਾਂ ਕਹਿੰਦੇ ਹਨ, ਅੱਧੇ ਘਰ ਵਾਲੀ ਹੁੰਦੀ ਹੈ। ਫੇਰ ਜੱਟ ਦੀ ਸਾਲੀ ? ਜੱਟ ਦੀ ਕੋਈ ਵਡਿਆਈ ਕਰੇ ? ਉਹ ਤਾਂ ਉਂਜ ਮਾਨ ਨੀ ਹੁੰਦਾ ? ਜੇ ਵਡਿਆਈ ਹੀ ਸਾਲੀ ਕਰੇ ? ਫੇਰ ਤਾਂ ਜੱਟ ਫੁੱਲ ਕੇ ਕੁੱਪਾ ਬਣ ਜਾਂਦਾ ਹੈ ? ਕਹਿੰਦੇ ਹਨ, ਵਡਿਆਈ, ਫੂਕ ਵਿਚ ਆ ਕੇ ਉਸ ਗਭਰੂ ਨੇ ਆਪਣੇ ਹਿੱਸੇ ਦੀ ਕਾਫੀ ਜ਼ਮੀਨ, ਜਿਹੜੀ ਫਰਵਾਲੀ ਪਿੰਡ ਨਾਲ ਲੱਗਦੀ ਸੀ ਸੀ, ਤੀਆਂ ਲਾਉਣ ਲਈ ਦੇ ਦਿੱਤੀ। ਜਦ ਉਹ ਤੀਆਂ ਵੇਖ ਕੇ ਆਪਣੇ ਪਿੰਡ ਸੰਦੌੜ ਵਾਪਸ ਆਇਆ ਤਾਂ ਉਸ ਦੇ ਪਰਿਵਾਰ ਨੂੰ, ਭਾਈਆਂ ਨੂੰ ਪਤਾ ਲੱਗਿਆ। ਉਸ ਦੇ ਪਰਿਵਾਰ ਵਾਲੇ ਉਸ ਨਾਲ ਝਗੜਾ ਕਰਨ ਲੱਗੇ। ਗਲ ਪੈ ਗਏ। ਕਹਿੰਦੇ "ਜਿੱਥੇ ਜ਼ਮੀਨ ਦੇ ਕੇ ਆਇਆ, ਉਥੇ ਹੀ ਚਲਿਆ ਜਾ" ਫੇਰ ਉਹ ਗਭਰੂ ਆਪਣੇ ਸਹੁਰੀਂ ਫਰਵਾਲੀ ਹੀ ਰਹਿਣ ਲੱਗ ਪਿਆ। ਹੁਣ ਉਸ ਦੀ ਔਲਾਦ ਦੀ ਫਰਵਾਲੀ ਵਿੱਚ ਅੱਧੀ ਆਬਾਦੀ ਹੈ। ਬਾਕੀ ਪਿੰਡ ਦੀ ਅੱਧੀ ਆਬਾਦੀ ਹੋਰ ਵੱਖ-ਵੱਖ ਗੋਤਾਂ ਦੀ ਹੈ।

ਮੈਂ ਵਿਸ਼ੇ ਤੋਂ ਥੋੜਾ ਪਾਸੇ ਚਲਿਆ ਗਿਆ ਹਾਂ। ਹੁਣ ਝੂਲਾ ਪੁਲ ਵੱਲ ਆਉਂਦੇ ਹਾਂ। ਪੁਲ ਦੇ ਏਰੀਏ ਦੇ ਸ਼ੁਰੂ ਵਾਲੇ ਪਾਸੇ ਬਹੁਤ ਹੀ ਸੋਹਣਾ ਬਾਗ ਹੈ। ਅਸੀਂ ਗੱਡੀ ਪਾਰਕ ਕੀਤੀ। ਪੁਲ ਵੇਖਣ ਲਈ ਟਿਕਟਾਂ ਖਰੀਦੀਆਂ। ਪੁਲ ਨੂੰ ਵੇਖਣ ਤੇ ਪੁਲ ਨੂੰ ਲੰਘ ਕੇ ਦੂਜੇ ਪਾਸੇ ਜਾਣ ਲਈ ਪੁਲ ਦੇ ਸ਼ੁਰੂ ਹੋਣ ਵਾਲੇ ਹਿੱਸੇ ਤੇ ਪਹੁੰਚ ਗਏ। ਪੁਲ ਹਵਾ ਦੇ ਝੋਕਿਆਂ ਨਾਲ ਝੂਲ ਰਿਹਾ ਸੀ। ਮੇਰੀ ਲੜਕੀ, ਜੁਆਈ, ਬੱਚੇ ਤੇ ਬਲਜੀਤ ਤਾਂ ਛੇਤੀ ਛੇਤੀ ਪੁਲ ਲੰਘਣ ਲੱਗੇ। ਮੈਂ ਹੌਲੀ ਹੌਲੀ ਪੁਲ ਲੰਘ ਰਿਹਾ ਸੀ। ਉਹ ਸਾਰੇ ਪੁਲ ਪਾਰ ਕਰਕੇ ਦੂਸਰੇ ਪਾਸੇ ਪਹੁੰਚ ਗਏ। ਮੇਰਾ ਅਜੇ ਪੁਲ ਦਾ ਚੌਥਾ ਹਿੱਸਾ ਪਾਰ ਕਰਨਾ ਰਹਿੰਦਾ ਸੀ। ਮੈਂ ਧੀਰੇ ਧੀਰੇ ਪੁਲ ਪਾਰ ਕੀਤਾ।

ਪੁਲ ਦੇ ਪਾਰਲੇ ਪਾਸੇ ਉੱਚੀਆਂ ਪਹਾੜੀਆਂ ਹਨ। ਪੁਲ ਲੰਘ ਕੇ ਬੈਠਣ ਲਈ ਜਗਾ ਬਣਾਈ ਹੋਈ ਹੈ। ਉਪਰਲੇ ਪਹਾੜੀ ਜੰਗਲ ਵਿਚ ਪੈਦਲ ਤੁਰਨ ਲਈ ਥੋੜੀ ਜਿਹੀ ਚੌੜੀ ਭੁਲ ਭਲਾਈ ਵਾਲੀ ਸੜਕ ਬਣਾਈ ਹੋਈ ਹੈ। ਕਈ ਥਾਂ ਰੁੱਖਾਂ ਨਾਲ ਫੱਟੇ ਜੋੜ ਕੇ ਉੱਚੇ ਨੀਵੇਂ ਰਸਤੇ ਬਣਾਏ ਹੋਏ ਹਨ। ਅਸੀਂ ਇਹ ਸਾਰੇ ਰਸਤੇ ਹੌਲੀ ਹੌਲੀ ਘੁੰਮੇ। ਪੰਜਾਬੀਆਂ ਦੀ ਵੈਨਕੋਵਰ ਵਿਚ ਕਾਫੀ ਵਸੋਂ ਹੈ। ਸਾਨੂੰ ਦੋ ਨਵੇਂ ਵਿਆਹੇ ਪੰਜਾਬੀ ਜੋੜੇ ਵੀ ਇਨ੍ਹਾਂ ਭੁੱਲ ਭੁਲਾਈਆਂ ਵਾਲੀ ਛੋਟੀ ਸੜਕ ਤੇ ਘੁੰਮਦੇ ਮਿਲੇ। ਫੇਰ ਪੁਲ ਤੋਂ ਵਾਪਸੀ ਕੀਤੀ। ਪੁਲ ਦੇ

ਵਿਚਕਾਰ ਖੜ੍ਹ ਕੇ ਫੋਟੋਆਂ ਖਿੱਚੀਆਂ। ਪੁਲ ਤੋਂ ਵਾਪਸੀ ਦੇ ਰਸਤੇ ਵਿਚ ਪੈਂਦੇ ਕਿਊਨ ਇਲੈਂਜ਼ਵਿਥ ਗਾਰਡਨ ਵੇਖਿਆ। ਬੜਾ ਸੋਹਣਾ ਬਾਗ ਹੈ। ਏਸ ਬਾਗ ਦੀ ਬਣਤਰ ਪਹਾੜੀ ਤੋਂ ਸ਼ੁਰੂ ਹੋ ਕੇ ਹੇਠਾਂ ਨੂੰ ਜਾਂਦੀ ਹੈ। ਆਮ ਤੌਰ ਤੇ ਨਵੇਂ ਵਿਆਹੇ ਜੋੜੇ ਏਥੇ ਫੋਟੋ ਗ੍ਰਾਫੀ ਕਰਨ ਆਉਂਦੇ ਹਨ। ਅਸੀਂ ਵੀ ਏਸ ਬਾਗ ਵਿਚ ਕੁਝ ਫੋਟੋਆਂ ਖਿੱਚੀਆਂ। ਉਸ ਤੋਂ ਪਿੱਛੋਂ ਡਾਊਨ ਟਾਊਨ ਵਿਚ ਦੀ ਘੁੰਮਦੇ ਹੋਏ ਰਾਤੀ 10 ਵਜੇ ਘਰ ਪਹੁੰਚ ਗਏ।

ਹੁਣ ਮੈਂ ਤੁਹਾਨੂੰ ਪੁਲ ਦਾ ਥੋੜਾ ਜਿਹਾ ਇਤਿਹਾਸ ਦੱਸਦਾ ਹਾਂ। ਸਾਲ 1888 ਵਿਚ ਜਾਰਜ਼ ਗਰਾਂਟ ਮੈਕੇ (George Grant Mackay) ਵੈਨਕੋਵਰ ਸ਼ਹਿਰ ਦਾ ਬਾਗਾਂ ਦਾ ਕਮਿਸ਼ਨਰ ਸੀ। ਉਹ ਜ਼ਮੀਨਾਂ ਖਰੀਦਨ ਤੇ ਵੇਚਨ ਦਾ ਕੰਮ ਵੀ ਕਰਦਾ ਸੀ। ਉਸ ਨੇ ਵਰਨਣ (Vernon) ਸ਼ਹਿਰ ਵੀ ਵਸਾਇਆ ਸੀ। ਮੈਕੇ ਨੇ ਕੈਪਲੇਨੋ ਦਰਿਆ ਦੇ ਦੋਵੇਂ ਪਾਸੇ 24 ਵਰਗ ਕਿਲੋਮੀਟਰ ਸੰਘਣੇ ਜੰਗਲ ਖਰੀਦੇ। ਦਰਿਆ ਦੇ ਇਕ ਕਿਨਾਰੇ ਤੇ ਇਕ ਛੋਟਾ ਜਿਹਾ ਕਮਰਾ ਬਣਾਇਆ। ਫੇਰ ਉਸ ਨੇ ਦਰਿਆ ਉਪਰ ਦਿਆਰ ਰੁੱਖ ਦੇ ਫੱਟਿਆਂ ਨੂੰ ਪਟਸ਼ਨ ਦੇ ਰੱਸਿਆਂ ਨਾਲ ਬੰਨ੍ਹ ਕੇ ਲਟਕਦਾ ਪੁਲ ਬਣਾਇਆ। ਏਸ ਘਾਟੀ ਵਿਚ ਦੀ ਹਵਾ ਬਹੁਤ ਤੇਜ਼ ਵਗਦੀ ਸੀ। ਤੇਜ਼ ਵੱਗਦੀ ਹਵਾ ਸ਼ੋਰ, ਰੌਲਾ ਪਾਉਂਦੀ ਸੀ। ਏਸ ਲਈ ਉਥੋਂ ਦੇ ਵਾਸੀ ਏਸ ਪੁਲ ਨੂੰ ਲਾਫਿੰਗ ਬ੍ਰਿੱਜ਼ (Laughing Bridge) ਕਹਿਣ ਲੱਗ ਪਏ। ਏਸ ਪੁਲ ਤੇ ਉਥੇ ਬਣੇ ਕਮਰੇ ਨੂੰ ਲੋਕ ਵੇਖਣ ਆਉਣ ਲੱਗ ਪਏ। ਏਸ ਤਰ੍ਹਾਂ ਏਸ ਪੁਲ ਦੀ ਮਸ਼ਹੂਰੀ ਹੋ ਗਈ।

ਮੈਕੇ ਦੀ ਮੌਤ ਤੋਂ ਬਾਅਦ ਸਾਲ 1903 ਵਿੱਚ ਰੱਸੇ ਦੀ ਥਾਂ ਤਾਰਾਂ ਨਾਲ ਬੰਨ੍ਹ ਕੇ ਪੁਲ ਬਣਾਇਆ ਗਿਆ। ਉਸ ਤੋਂ ਪਿਛੋਂ ਏਸ ਪੁਲ ਤੇ ਜਗਾ ਨੂੰ ਕਈਆਂ ਨੇ ਖਰੀਦਿਆ ਤੇ ਕਈਆਂ ਨੇ ਵੇਚਿਆ। ਸਾਲ 1953 ਵਿਚ ਏਸ ਪੁਲ ਤੇ ਜਾਇਦਾਦ ਨੂੰ ਰਾਏ ਮਿਚਲ (Rae Mitchell) ਨਾਂ ਦੇ ਇਕ ਵਪਾਰੀ ਨੇ ਖਰੀਦਿਆ। 1956 ਵਿਚ ਉਸ ਨੇ ਏਸ ਪੁਲ ਨੂੰ ਦੁਵਾਰਾ ਪੂਰੀ ਮਜ਼ਬੂਤੀ ਨਾਲ ਬਣਾਵਇਆ। ਪੁਲ ਦੀ ਸਾਰੇ ਸੰਸਾਰ ਵਿਚ ਮਸ਼ਹੂਰੀ ਕੀਤੀ। ਪੁਲ ਤੇ ਗਿਫਟ ਸਟੋਰ ਖੋਲਿਆ। ਸਾਲ 1983 ਵਿਚ ਏਸ ਪੁਲ ਨੂੰ Nancy Stibbard ਨੇ ਖ਼ਰੀਦ ਲਿਆ। ਹੁਣ ਵੀ ਏਸ ਪੁਲ ਦਾ ਮਾਲਕ ਇਹ ਹੀ ਹੈ। ਹੁਣ ਏਥੇ Treetops Adventures ਖੋਲ੍ਹੇ ਗਏ ਹਨ। ਇਹ ਸਤ ਪੈਂਦਲ ਲੰਘਣ ਵਾਲੇ ਲਟਕਦੇ ਪੁਲ ਹਨ। ਇਹ ਖਾੜੀ ਦੇ ਪੱਛਮ ਵਾਲੇ ਪਾਸੇ ਹਨ। ਏਸ ਝੂਲੇ ਪੁਲ ਨੂੰ ਟੈਲੀਵੀਜ਼ਨ ਤੇ ਚਲਦੇ ਬਹੁਤ ਸਾਰੇ ਸੀਰੀਅਲਾਂ ਵਿਚ ਵੀ ਵਿਖਾਇਆ ਜਾਂਦਾ ਹੈ।

# ਕਿਲੋਨਾ ਦੀ ਸੈਰ

ਕਿਲੋਨਾ ਜਾਣ ਲਈ ਅਸੀਂ 29 ਜੁਲਾਈ 2005 ਨੂੰ ਸ਼ਾਮ ਦੇ 3 ਵਜੇ ਵੈਨਕੋਵਰ ਤੋਂ ਚੱਲੇ। ਸਾਡੇ ਨਾਲ ਮੇਰੀ ਪਤਨੀ ਦੀ ਮਾਮੀ ਜੀ ਤੇ ਉਨ੍ਹਾਂ ਦਾ ਲੜਕਾ ਬਲਜੀਤ ਸਿੰਘ ਸੀ। ਮਾਮੀ ਜੀ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਨਾਗਰਾ ਵਿਚ ਹੋਇਆ ਸੀ। ਲਾਇਲਪੁਰ ਦਾ ਨਾਂ ਬਦਲ ਕੇ ਹੁਣ ਫੈਸਲਾਬਾਦ ਰੱਖਿਆ ਹੋਇਆ ਹੈ। ਜਦ ਪਾਕਿਸਤਾਨ ਬਣਿਆ ਤਾਂ ਮਾਮੀ ਜੀ ਨੂੰ ਪੂਰੀ ਸੋਝੀ ਸੀ। ਇਸ ਕਾਰਨ ਹੀ ਉਨ੍ਹਾਂ ਨੂੰ ਆਪਣੇ ਪਿੰਡ ਦੀ ਮਿੱਟੀ ਦਾ ਮੋਹ ਸਾਲ 2003 ਵਿਚ ਪਾਕਿਸਤਾਨ ਖਿੱਚ ਕੇ ਲੈ ਗਿਆ। ਉਹ ਆਪਣੇ ਪਿੰਡ, ਆਪਣੇ ਘਰ, ਆਪਦੇ ਪਿੰਡ ਦੀਆਂ ਗਲੀਆਂ ਨੂੰ ਫੇਰ ਵੇਖ ਕੇ ਆਏ ਹਨ। ਹੁਣ ਮਾਮੀ ਜੀ ਦਾ ਪੇਕਾ ਪਰਿਵਾਰ ਸਮਰਾਲੇ ਦੇ ਨੇੜੇ ਪਿੰਡ ਕੁਟਾਲੇ ਵਿਚ ਰਹਿੰਦਾ ਹੈ।

ਕਿਲੋਨਾ ਵਿਚ ਮਾਮੀ ਜੀ ਦੀ ਲੜਕੀ ਰਾਣੀ ਕਹਿੰਦੀ ਹੈ। ਉਹ ਐਮ. ਏ. ਹੈ। ਉਨ੍ਹਾਂ ਦਾ ਪਤੀ ਪਰਮਜੀਤ ਸਿੰਘ ਸਟੈਟਿਸਟਿਕ੍ਰਸ ਵਿਚ ਪੀ. ਐਚ. ਡੀ. ਹੈ। ਕਿਲੋਨਾ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ। ਪਰਮਜੀਤ ਸਿੰਘ ਦਾ ਪਿੰਡ ਰੂਮੀ ਹੈ। ਇਹ ਰਾਏਕੋਟ ਤੋਂ ਜਗਰਉਂ ਨੂੰ ਜਾਂਦੀ ਸੜਕ ਉਪਰ ਹੈ। ਪਰਮਜੀਤ ਸਿੰਘ ਪੜ੍ਹਾਉਂਦਾ ਸਟੈਟਿਸਟਿਕ੍ਰਸ ਹੈ, ਪਰ ਰਸੀਆਂ ਉਹ ਪੰਜਾਬੀ ਸਾਹਿਤ ਦਾ ਹੈ। ਪੰਜਾਬੀ ਸਾਹਿਤ ਦੀ ਉਸ ਦੀ ਆਪਣੀ ਕਾਫੀ ਵੱਡੀ ਨਿਜ਼ੀ ਲਾਇਬ੍ਰੇਰੀ ਹੈ।

ਵੈਨਕੋਵਰ ਤੋਂ ਕਿਲੋਨਾ 425 ਕਿਲੋਮੀਟਰ ਦੂਰ ਹੈ। ਸਾਰੀ ਸੜਕ ਹੀ ਹਰਿਆਵਲੀ ਵਾਲੀ, ਕਿਤੇ ਪੱਧਰੀ ਧਰਤੀ ਤੋਂ ਦੀ, ਕਿਤੇ ਛੋਟੀਆਂ ਛੋਟੀਆਂ ਪਹਾੜੀਆਂ ਵਾਲੇ ਜੰਗਲ ਵਿਚੋਂ ਦੀ ਜਾਂਦੀ ਹੈ। ਰਸਤੇ ਵਿਚ ਅਸੀਂ ਇਕ ਪਟਰੋਲ ਪੰਪ ਤੇ ਰੁਕੇ। ਸਾਰਿਆਂ ਨੂੰ ਥੋੜਾ ਥੋੜਾ ਖਾਣ ਪੀਣ ਕੀਤਾ। ਏਥੇ ਹਰ ਪਟਰੋਲ ਪੰਪ ਤੇ ਖਾਣ ਪੀਣ ਦੀਆਂ ਸਹੂਲਤਾਂ ਤੇ ਵਾਸ਼ ਰੂਮ ਹੁੰਦੇ ਹਨ। ਅਸੀਂ 8 ਵਜੇ ਦੇ ਕਰੀਬ ਕਿਲੋਨਾ ਪਹੁੰਚ ਗਏ। ਪਰਮਜੀਤ ਸਿੰਘ ਹੋਰਾਂ ਨੇ ਹੁਣ ਨਵਾਂ ਘਰ ਬਣਾਇਆ ਹੈ। ਘਰ ਦੀ ਪਿੱਠ ਪਹਾੜੀ ਜੰਗਲ ਨਾਲ ਲੱਗਦੀ ਹੈ। ਪਰਮਜੀਤ ਸਿੰਘ ਦੇ ਮਾਤਾ ਤੇ ਪਿਤਾ ਜੀ ਵੀ ਉਨ੍ਹਾਂ ਦੇ ਨਾਲ ਰਹਿੰਦੇ ਹਨ। ਸਾਰਿਆਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਚਾਹ ਪਾਣੀ ਪੀਤਾ। ਫੇਰ ਖਾਣਾ ਖਾਦਾ। ਖਾਣੇ ਤੋਂ ਬਾਅਦ ਅਗਲੀਆਂ ਪਿੱਛਲੀਆਂ ਗੱਲਾਂ ਦਾ ਦੌਰ ਰਾਤ ਦੇ 11.30 ਵਜੇ ਤੱਕ ਚਲਦਾ ਰਿਹਾ।

30 ਜੁਲਾਈ ਨੂੰ ਸਵੇਰੇ ਥੋੜ੍ਹਾ ਲੇਟ ਉੱਠੇ। ਤਿਆਰ ਹੋ ਕੇ 11 ਵਜੇ (Okanagan

Lake) ਓਕਾਨਾਗਨ ਝੀਲ ਦੀ ਬੀਚ ਤੇ ਪਹੁੰਚ ਗਏ। ਘਰ ਤੋਂ ਬੀਚ ਕੋਈ 15 ਕੁ ਮਿੰਟ ਦੀ ਦੂਰੀ ਤੇ ਹੈ। ਇਹ ਝੀਲ 300 ਕਿਲੋਮੀਟਰ ਲੰਮੀ ਹੈ। ਸਨਿਚਰਵਾਰ ਛੁੱਟੀ ਦਾ ਦਿਨ ਹੋਣ ਕਰਕੇ ਬੀਚ ਉਪਰ ਪੂਰੀ ਗਹਿਮਾ ਗਹਿਮੀ ਸੀ। ਮੌਸਮ ਵੀ ਵਧੀਆ ਸੀ। ਅਸੀਂ ਸਭ ਤੋਂ ਪਹਿਲਾਂ ਮੋਟਰ ਬੋਟ ਵਿਚ ਇਕ ਘੰਟਾ ਸੈਰ ਕੀਤੀ। ਬੋਟ ਤੇ ਸਵਾਰ ਹੋਣ ਤੋਂ ਪਹਿਲਾਂ ਸਭ ਨੂੰ ਲਾਈਫ ਸੇਵਿੰਗ ਜੈਕਟਸ ਪਵਾਈਆਂ ਗਈਆਂ। ਬੋਟ ਪਹਿਲਾਂ ਪਰਮਜੀਤ ਸਿੰਘ ਨੇ ਚਲਾਈ। ਫੇਰ ਮੇਰੇ ਜੁਆਈ ਸੁਰਿੰਦਰ ਸਿੰਘ ਨੇ ਚਲਾਈ। ਇਹ ਤੁਹਾਡੀ ਇੱਛਾ ਹੁੰਦੀ ਹੈ, ਬੋਟ ਤੁਸੀਂ ਆਪ ਚਲਾ ਲਵੋ ਜਾਂ ਬੋਟਮੈਨ ਆਪ ਬੋਟ ਚਲਾਉਣ। ਗਰਮੀ ਦਾ ਮੌਸਮ ਹੋਣ ਕਰਕੇ ਟੂਰਿਸ਼ਟਾਂ ਨੇ ਘੱਟ ਤੋਂ ਘੱਟ ਕੱਪੜੇ ਪਾਏ ਹੋਏ ਸਨ। ਅਸੀਂ 4 ਘੰਟੇ ਬੀਚ ਤੇ ਸਮਾ ਬਿਤਾਇਆ। ਫੇਰ ਵਾਪਸ ਘਰ ਆ ਕੇ ਚਾਹ ਪੀਤੀ। ਰਾਤ ਦਾ ਖਾਣਾ ਇਕ ਇੰਡੀਅਨ ਹੋਟਲ ਤੇ ਖਾਦਾ। ਹੋਟਲ ਦਾ ਨਾਂ ਚੱਟਣੀ ਸੀ।

31 ਜੁਲਾਈ ਨੂੰ ਚਲਦਿਆਂ ਚਲਦਿਆਂ ਨੂੰ ਦੁਪਹਿਰਾ ਆ ਗਿਆ। ਰਸਤੇ ਵਿਚ ਬ੍ਰਾਇਡਲ ਫਾਲ (Bridal Fall) ਨਾਂ ਦੀ ਇਕ ਥਾਂ ਤੇ ਰੁਕੇ। ਏਥੇ ਨਵੇਂ ਵਿਆਹੇ ਜੋੜੇ ਆ ਕੇ ਫੇਰਾ ਪਾਉਂਦੇ ਹਨ। ਜਦ ਅਸੀਂ ਉਥੇ ਪਹੁੰਚੇ ਤਾਂ ਉਸ ਸਮੇਂ ਵੀ ਇਕ ਨਵਾਂ ਵਿਆਹਿਆ ਜੋੜਾ ਉਥੇ ਫਿਰ ਰਿਹਾ ਸੀ। ਕਿਲੋਨੇ ਨੂੰ ਜਾਂਦੇ ਜਾਂ ਆਉਂਦੇ ਟੂਰਿਸ਼ਟ ਵੀ ਏਸੇ ਥਾਂ ਨੂੰ ਵੇਖ ਕੇ ਜਾਂਦੇ ਹਨ। ਸਾਡੀ ਸਾਰੀ ਟੋਲੀ ਬ੍ਰਾਇਡਲ ਫਾਲ ਤੱਕ ਪਹੁੰਚ ਗਈ। ਮੈਂ ਵੀ ਹੌਲੀ ਹੌਲੀ ਝਰਨੇ ਦੇ ਨੇੜੇ ਪਹੁੰਚ ਗਿਆ ਪਰ ਉਤਰਨ ਵੇਲੇ ਮੇਰੀਆਂ ਹੀਲਾਂ ਹੋ ਗਈਆਂ। ਗੋਡੇ ਝਰਨ ਝਰਨ ਕਰਨ ਲੱਗੇ। ਬਲਜੀਤ ਸਿੰਘ ਦੀ ਮਦਦ ਨਾਲ ਹੌਲੀ ਹੌਲੀ ਉਤਰਿਆ। ਬਹੁਤ ਔਖੀ ਘੜੀ ਸੀ। ਹੇਠਾਂ ਉੱਤਰ ਕੇ ਕੰਨਾਂ ਨੂੰ ਹੱਥ ਲਾਏ। ਮੁੜ ਕੇ ਅਜੇਹਾ ਪੰਗਾ ਨਹੀਂ ਲਵਾਂਗਾ। ਮਾਮੀ ਜੀ ਚੰਗੇ ਰਹੇ। ਉਹ ਝਰਨੇ ਤੇ ਗਏ ਹੀ ਨਹੀਂ ਸੀ। ਸ਼ਾਮ ਦੇ 7 ਵਜੇ ਵਾਪਸ ਵੈਨਕੋਵਰ ਘਰ ਪਹੁੰਚ ਗਏ।

ਕਿਲੋਨਾ ਸ਼ਹਿਰ ਦਾ ਨਾਂ ਉੱਤਰੀ ਅਮਰੀਕਾ ਵਿਚ ਮਿਲਦੀਆਂ ਦੇਸੀ ਭੂਰੇ ਰੰਗ ਦੀਆਂ ਭਿਅੰਕਰ ਰਿੱਛਨੀਆਂ ਦੇ ਨਾਂ ਤੇ ਰੱਖਿਆ ਹੋਇਆ ਹੈ। ਛੋਟੇ ਹੁੰਦਿਆਂ ਪਿੰਡ ਵਿਚ ਰਿੱਛ ਰਿੱਛਨੀਆਂ ਨਾਲ ਪੈਂਦੇ ਖੇਡੇ ਮੈਂ ਕਈ ਵੇਰ ਵੇਖੇ ਹਨ। ਇਹ ਪਹਾੜੀ ਲੋਕਾਂ ਦਾ ਰੁਜ਼ਗਾਰ ਹੁੰਦਾ ਸੀ। ਰਿੱਛ ਬਾਰੇ ਮੈਨੂੰ ਲੋਕ ਗੀਤ ਯਾਦ ਆ ਗਿਆ ਹੈ—

ਮੇਰੇ ਸਰਹਾਣੇ ਰਿੱਛ ਬੰਨ੍ਹ ਕੇ,
ਮਾਪਿਆਂ ਭਰਾ ਲੀ ਬਾਂਸਲੀ।

ਇਸ ਲੋਕ ਗੀਤ ਵਿਚ ਲੜਕੀ ਨੇ ਆਪਣੇ ਹੋਏ ਅਨਜੋੜ ਵਿਆਹ ਸਬੰਧੀ ਆਪਦੇ ਦੁਖੀ ਮਨ ਦਾ ਵਰਲਾਪ ਕੀਤਾ ਹੈ। ਪਹਿਲੇ ਸਮਿਆਂ ਵਿਚ ਕਈ ਮਾਪੇ ਪੈਸੇ ਲੈ ਕੇ ਆਪਣੀ ਧੀ ਦਾ ਵਿਆਹ ਕਿਸੇ ਵੱਡੀ ਉਮਰ ਵਾਲੇ, ਅਪੰਗ ਜਾਂ ਅਮਲੀ ਨਾਲ ਕਰ ਦਿੰਦੇ ਸਨ। ਉਨ੍ਹਾਂ ਸਮਿਆਂ ਵਿਚ ਚਾਂਦੀ ਦੇ ਰੁਪੈ ਹੁੰਦੇ ਸਨ। ਇਨ੍ਹਾਂ ਰੁਪਇਆਂ ਨੂੰ ਲੋਹੇ ਦੀਆਂ ਬਣੀਆਂ ਗੋਲ ਤੇ ਲੰਮੀਆਂ ਬਾਂਸਲੀਆਂ ਵਿੱਚ ਰੱਖਿਆ ਜਾਂਦਾ ਸੀ। ਉਸ ਸਮੇਂ ਕਾਗਜ਼ੀ ਨੋਟਾਂ ਦੀ ਕਰੰਸੀ ਨਹੀਂ ਹੁੰਦੀ ਸੀ।

ਕਿਲੋਨਾ ਸ਼ਹਿਰ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਆਬਾਦੀ ਪੱਖੋਂ ਤੀਜਾ ਵੱਡਾ ਸ਼ਹਿਰ ਹੈ। ਇਸ ਦੀ ਸਾਲ 2007 ਵਿਚ ਆਬਾਦੀ ਇਕ ਲੱਖ 23 ਹਜ਼ਾਰ ਸੀ। ਇਹ 82

ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਇਹ ਸ਼ਹਿਰ ਬ੍ਰਿਟਿਸ਼ ਕੋਲੰਬੀਆ ਦੀ ਓਕਾਨਾਗਨ ਘਾਟੀ (Okanagan Valley) ਦੇ ਓਕਾਨਾਗਨ ਝੀਲ ਕਿਨਾਰੇ ਵਸਿਆ ਹੋਇਆ ਹੈ। ਸਾਲ 1983 ਦੀ ਸਰਦੀ ਰੁੱਤ ਵਿਚ ਇਹ ਝੀਲ ਬਿਲਕੁਲ ਜੰਮ ਗਈ ਸੀ। ਏਥੋਂ ਦੇ ਵਧੀਆ ਪੌਣ ਪਾਣੀ ਤੇ ਝੀਲ ਕਿਨਾਰੇ ਰੁੱਖਾਂ ਦੀਆਂ ਲੰਮੀਆਂ ਕਿਤਾਰਾਂ ਦੇ ਦੂਰਾਂ ਤੱਕ ਦਿਸਦੇ ਚਮਤਕਾਰੀ ਦ੍ਰਿਸ਼ਾਂ ਕਾਰਨ ਇਹ ਸ਼ਹਿਰ ਉਤਰੀ ਅਮਰੀਕਾ ਦਾ ਤੇਜ਼ੀ ਨਾਲ ਵੱਧ ਰਹੇ ਸ਼ਹਿਰਾਂ ਵਿੱਚੋਂ ਇੱਕ ਸ਼ਹਿਰ ਹੈ। ਏਸ ਕਰਕੇ ਹੀ ਵੈਨਕੋਵਰ ਤੋਂ ਪਿਛੋਂ ਸਭ ਤੋਂ ਮਹਿੰਗੇ ਘਰ ਏਥੇ ਹਨ। ਸਾਲ 2005 ਵਿਚ ਕਿਲੋਨਾ ਨੇ ਆਪਣਾ ਸੌ ਸਾਲਾ ਹੋਂਦ ਦਿਵਸ ਮਨਾਇਆ।

ਕਿਲੋਨਾ ਦੇ ਆਲੇ ਦੁਆਲੇ ਅੰਗੂਰਾਂ ਦੇ ਬਾਗ ਹੀ ਬਾਗ ਹਨ। ਏਥੋਂ ਦੀ ਬਣੀ ਸ਼ਰਾਬ ਸਾਰੇ ਸੰਸਾਰ ਵਿਚ ਮਸ਼ਹੂਰ ਹੈ। ਏਥੋਂ ਦੀ ਮਿਸ਼ਨ ਹਿੱਲ ਐਸਟੇਟ ਵਾਈਨਰੀ ਬਹੁਤ ਪ੍ਰਸਿੱਧ ਹੈ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਅ ਓਕਾਨਾਗਨ ਕੈਂਪਸ ਇਥੋਂ ਦੀ ਮਸ਼ਹੂਰ ਯੂਨੀਵਰਸਿਟੀ ਹੈ। ਕਾਲਜਾਂ ਵਿਚੋਂ ਓਕਾਨਾਗਨ ਕਾਲਜ਼ ਬਹੁਤ ਪ੍ਰਸਿੱਧੀ ਵਾਲਾ ਕਾਲਜ਼ ਹੈ। ਏਥੇ 5000 ਵਿਦਿਆਰਥੀ ਬਕਾਇਦਾ ਤੌਰ ਤੇ ਪੜ੍ਹਦੇ ਹਨ। ਏਥੇ ਹੋਰ ਕਾਲਜ, ਸਰਕਾਰੀ ਤੇ ਪ੍ਰਾਈਵੇਟ ਸਕੂਲ ਹਨ। ਏਥੇ ਅੰਤਰ-ਰਾਸ਼ਟਰੀ ਹਵਾਈ ਅੱਡਾ ਹੈ, ਜਿਥੋਂ ਟਰਾਂਟੋ, ਲਾਸ ਬੇਗਸ, ਸਿਆਟਲ, ਹੋਨੋਲੂਲੂ, ਵੈਨਕੋਵਰ, ਐਡਮਿੰਟਨ, ਮੈਕਸੀਕੋ ਆਦਿ ਨੂੰ ਹਵਾਈ ਉਡਾਨਾਂ ਜਾਂਦੀਆਂ ਹਨ।

ਓਕਾਨਾਗਨ ਘਾਟੀ ਵਿਚ ਸਭ ਤੋਂ ਜ਼ਿਆਦਾ ਟੂਰਿਸ਼ਟ ਕਿਲੋਨਾ ਸ਼ਹਿਰ ਵਿਚ ਆਉਂਦੇ ਹਨ। ਗਰਮੀ ਦੇ ਮੌਸਮ ਵਿਚ ਓਕਾਨਾਗਨ ਝੀਲ ਵਿਚ ਬੋਟਿੰਗ ਕਰਨਾ ਟੂਰਿਸ਼ਟਾਂ ਦਾ ਮਨ ਭਾਉਂਦਾ ਸ਼ੌਂਕ ਹੈ। ਸਰਦੀ ਵਿਚ ਏਥੇ ਸਕੀਇੰਗ (Sking) ਕੀਤੀ ਜਾਂਦੀ ਹੈ। ਸਭ ਤੋਂ ਜ਼ਿਆਦਾ ਰੁਜ਼ਗਾਰ ਏਥੇ ਟੂਰਿਸ਼ਟ ਇੰਡਸਟਰੀ ਵਿਚ ਹੈ। ਏਥੋਂ ਦੀਆਂ ਹੋਰ ਦੇਖਣ ਵਾਲੀਆਂ ਥਾਵਾਂ ਵਿੱਚ ਅਜਾਇਬ ਘਰ, ਆਰਟ ਗੈਲਰੀ, ਸਟੈਡੀਅਮ, ਕਮਿਊਨਿਟੀ ਥੀਏਟਰ ਆਦਿ ਹਨ।

ਕਿਲੋਨਾ ਦਾ Father pandosy Mission ਏਥੋਂ ਦਾ ਮੋਢੀ ਅਜਾਇਬ ਘਰ ਹੈ। ਇਥੋਂ ਦੀਆਂ ਮੁੱਖ ਵੇਖਣ ਵਾਲੀਆਂ ਥਾਵਾਂ ਵਿਚੋਂ ਇਕ ਹੈ। ਫਾਦਰ ਚਾਰਲਸ ਪੈਨਡੋਸੀ ਤੇ ਫਾਦਰ ਪਿਆਰੇ ਰਿਚਰਡ ਧਰਮ ਪ੍ਰਚਾਰਕਾਂ ਨੇ ਸਾਲ 1860 ਵਿਚ ਕਿਲੋਨਾ ਵਿਚ ਪਹਿਲਾ ਮਿਸ਼ਨ ਸਥਾਪਤ ਕੀਤਾ। 30 ਸਾਲਾਂ ਦੇ ਸਮੇਂ ਵਿਚ ਇਨ੍ਹਾਂ ਦੋਵੇਂ ਧਰਮ ਪ੍ਰਚਾਰਕਾਂ ਨੇ ਕਿਲੋਨਾ ਮਿਸ਼ਨ ਨੂੰ ਇਕ ਮੁੱਖ ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਕੇਂਦਰ ਬਣਾ ਦਿੱਤਾ। ਇਸ ਮਿਸ਼ਨ ਕੋਲ ਪਹਿਲਾਂ 2000 ਏਕੜ ਜ਼ਮੀਨ ਹੁੰਦੀ ਸੀ। ਇਸ ਵਿਚ ਇਕ ਬਹੁਤ ਵੱਡਾ ਪਸ਼ੂ ਫਾਰਮ ਤੇ ਖੇਤੀ ਬਾੜੀ ਹੁੰਦੀ ਸੀ। ਫਲਾਂ ਦੇ ਬਾਗ ਸਨ। ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਸਨ। ਸੇਬਾਂ ਦਾ ਪਹਿਲਾ ਬਾਗ ਏਥੇ ਹੀ ਲਾਇਆ ਗਿਆ ਸੀ। ਹੁਣ ਤਾਂ ਕਿਲੋਨਾ ਵਿਚ ਸੇਬਾਂ ਦੇ ਨਾਲ ਚੈਰੀ, ਅੰਗੂਰ, ਨਾਖਾਂ ਤੇ ਆੜੂਆਂ ਦੇ ਬਹੁਤ ਬਾਗ ਹਨ।

ਓਕਾਨਾਗਨ ਘਾਟੀ ਦਾ ਪਹਿਲਾ ਚਰਚ ਵੀ ਏਸੇ ਥਾਂ ਬਣਾਇਆ ਗਿਆ ਸੀ। ਪਹਿਲਾ ਸਕੂਲ ਵੀ ਏਥੇ ਖੋਲਿਆ ਗਿਆ ਸੀ। ਫਾਦਰ ਪੈਨਡੋਸੀ ਦੀ ਮੌਤ 67 ਸਾਲ ਦੀ ਉਮਰ ਵਿਚ ਸਾਲ 1891 ਵਿਚ ਹੋ ਗਈ। ਸਾਲ 1902 ਵਿਚ ਇਹ ਮਿਸ਼ਨ ਬੰਦ ਹੋ ਗਿਆ। ਫੇਰ ਮਿਸ਼ਨ ਵਾਲੀਆਂ 4 ਮੁੱਢਲੀਆਂ ਬਿਲਡਿੰਗਾਂ ਤੇ ਹੋਰ ਜ਼ਰੂਰੀ ਵਿਰਾਸਤੀ

ਬਿਲਡਿੰਗਾਂ ਨੂੰ ਛੱਡ ਕੇ ਮਿਸ਼ਨ ਦੀ ਬਾਕੀ ਜ਼ਮੀਨ ਨੂੰ ਟੁਕੜਿਆਂ ਵਿਚ ਵੰਡ ਕੇ ਵੇਚ ਦਿੱਤਾ ਗਿਆ। ਸਮੇਂ ਦੇ ਗੁਜ਼ਰਨ ਨਾਲ ਮਿਸ਼ਨ ਦੀਆਂ ਬਿਲਡਿੰਗਾਂ ਦੀ ਹਾਲਤ ਖਰਾਬ ਹੁੰਦੀ ਗਈ। ਸਾਲ 1954 ਵਿਚ ਇਨ੍ਹਾਂ ਬਿਲਡਿੰਗਾਂ ਨੂੰ ਦੁਵਾਰਾ ਸੰਭਾਲਿਆ ਗਿਆ। ਹੁਣ ਇਨ੍ਹਾਂ ਬਿਲਡਿੰਗਾਂ ਦੀ ਸੰਭਾਲ ਓਕਾਨਾਗਨ ਹਿਸਟੋਰੀਕਲ ਸੋਸਾਇਟੀ ਕਰਦੀ ਹੈ। ਏਸ ਮਿਸ਼ਨ ਦੀਆਂ ਬਿਲਡਿੰਗਾਂ ਨੂੰ ਹੁਣ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਨੇ ਸੂਬਾਈ ਵਿਰਾਸਤ ਦੀ ਥਾਂ (Provincial Heritage Site) ਨਾਮਜਦ ਕੀਤਾ ਹੈ। ਹੁਣ ਮੈਂ ਤੁਹਾਨੂੰ ਇਨ੍ਹਾਂ ਮੁੱਖ ਬਿਲਡਿੰਗਾਂ ਬਾਰੇ ਤੇ ਉਨ੍ਹਾਂ ਬਿਲਡਿੰਗਾਂ ਵਿੱਚ ਪਏ ਸਾਮਾਨ ਬਾਰੇ ਥੋੜ੍ਹਾ ਜਿਹਾ ਵੇਰਵਾ ਦੱਸਦਾ ਹਾਂ।

ਇਕ ਬਿਲਡਿੰਗ ਦਾ ਨਾਂ "Wagon Shed" ਹੈ। ਇਸ ਵਿਚ ਮੁੱਢਲੀ ਘੋੜਿਆਂ ਨਾਲ ਚੱਲਣ ਵਾਲੀ ਸਵਾਰੀ ਮਸ਼ੀਨਰੀ ਪਈ ਹੈ। ਇਕ ਸ਼ੈਡ ਦਾ ਨਾਂ Farm Machinery ਹੈ। ਇਸ ਵਿਚ ਮੁੱਢਲੇ ਸਮਿਆਂ ਦੀ ਖੇਤੀ ਕਰਨ ਵਾਲੀ ਮਸ਼ੀਨਰੀ ਰੱਖੀ ਹੋਈ ਹੈ। ਅਗਲੀ ਬਿਲਡਿੰਗ Brother's House ਹੈ। ਇਹ ਮਿਸ਼ਨ ਦੀ ਮੁੱਢਲੀ ਅਸਲ ਬਿਲਡਿੰਗ ਹੈ। ਕਿਸੇ ਸਮੇਂ ਏਸ ਬਿਲਡਿੰਗ ਨੂੰ ਬਤੌਰ ਸਕੂਲ ਬਿਲਡਿੰਗ ਵੀ ਵਰਤਿਆ ਜਾਂਦਾ ਸੀ। ਇਕ Blacksmith shop ਹੈ। ਇਸ ਸਾਲ 1900 ਵਿਚ ਬਣਾਈ ਗਈ ਸੀ। ਹੁਣ ਏਸ ਬਿਲਡਿੰਗ ਦੇ ਮੈਟੀਰੀਅਲ ਨੂੰ ਉਦੇੜ ਕੇ ਦੁਵਾਰਾ 1974 ਵਿਚ ਏਸ ਮਿਸ਼ਨ ਵਾਲੀ ਥਾਂ ਤੇ ਬਣਾਇਆ ਗਿਆ ਹੈ। ਇਕ ਏਥੇ Root House ਹੈ। ਏਸ ਵਿਚ ਫਾਰਮ ਵਿਚ ਉਗਾਏ ਗਏ ਫਲ ਤੇ ਸਬਜ਼ੀਆਂ ਰੱਖੀਆਂ ਜਾਂਦੀਆਂ ਸਨ। ਇਕ John Mcdougall House ਹੈ। ਇਹ ਮੁੱਢਲਾ ਘਰ ਸਾਲ 1860 ਵਿਚ John Mcdougall ਵਲੋਂ ਬਣਾਇਆ ਗਿਆ ਸੀ, ਜਿਹੜਾ ਪਸ਼ਮ ਦਾ ਇਕ ਬਿਉਪਾਰੀ (Fur Trader) ਸੀ। ਏਸ ਘਰ ਨੂੰ ਵੀ ਹੁਣ ਵਾਲੀ ਥਾਂ ਤੇ 1968 ਵਿਚ ਲਿਆਂਦਾ ਗਿਆ ਹੈ। ਏਸੇ ਤਰ੍ਹਾਂ ਦੋ ਕੁ ਹੋਰ ਬਿਲਡਿੰਗਾਂ ਹਨ। ਇਹ ਸਾਰੇ ਘਰ ਕਿਲੋਨਾ ਏਰੀਏ ਦਾ ਪੁਰਾਣਾ ਵਿਰਸਾ ਹੈ। ਏਥੇ ਦਾ B. C. Orchard Industry Museum ਤੇ B. C. Wine Museum ਤੇ Okanagan Military Museum ਵੀ ਵੇਖਣ ਯੋਗ ਹਨ।

ਕਿਲੋਨਾ ਹੁਣ ਤਾਂ ਬਾਗਾਂ ਦਾ ਘਰ ਹੈ। ਪਰ ਕਿਸੇ ਸਮੇਂ ਕਿਲੋਨਾ ਤਬਾਕੂ ਦੀ ਪੈਦਾਵਾਰ ਲਈ ਮਸ਼ਹੂਰ ਰਿਹਾ ਹੈ। ਏਥੋਂ ਦੀ ਸ਼ਿਗਾਰ (Cigar) ਇੰਡਸਟਰੀ ਨੇ ਕਿਸੇ ਸਮੇਂ ਕਿਲੋਨਾ ਦਾ ਨਾਂ ਕਿਲੋਨਾ ਪਰਾਈਡ (Kelowna Pride) ਕਰ ਕੇ ਮਸ਼ਹੂਰ ਕੀਤਾ ਹੋਇਆ ਸੀ। ਕਿਲੋਨਾ ਸ਼ਹਿਰ ਦੇ ਵਾਧੇ ਲਈ ਸਭ ਤੋਂ ਵੱਧ ਹਿੱਸਾ Okanagan Lake Floating Bridge ਨੇ ਪਾਇਆ। ਇਹ ਪੁਲ 1958 ਵਿਚ ਚਾਲੂ ਹੋਇਆ ਸੀ। ਏਸ ਪੁਲ ਦੇ ਬਣਨ ਨਾਲ ਟੂਰਿਸਟਾਂ ਦੀ ਆਮਦ ਵਿਚ ਬਹੁਤ ਵਾਧਾ ਹੋਇਆ।

ਬ੍ਰਿਟ੍ਰਿਸ਼ ਕੋਲੰਬੀਆ ਦਾ ਸਾਬਕਾ ਪ੍ਰਾਈਮ ਮਨਿਸਟਰ WA.C Bennet ਕਿਲੋਨੇ ਸ਼ਹਿਰ ਦਾ ਰਹਿਣ ਵਾਲਾ ਸੀ। Bennet ਦੇ ਪੁੱਤਰ William R. Bennet ਦਾ ਜਨਮ ਸਥਾਨ ਵੀ ਕਿਲੋਨਾ ਹੈ। ਇਹ ਵੀ ਬੀ. ਸੀ. ਦਾ ਪ੍ਰਾਈਮ ਮਨਿਸਟਰ ਰਹਿ ਚੁੱਕਿਆ ਹੈ। ਏਥੋਂ ਦੇ Jeff Zimmerman ਉਸ ਦਾ ਭਰਾJordan Zimmerman ਤੇ Paul Spoljaric ਬੇਸਬਾਲ ਦੇ ਮਸ਼ਹੂਰ ਖਿਡਾਰੀ ਏਥੋਂ ਦੇ ਜਨਮੇ ਹੋਏ ਹਨ। ਏਥੋਂ ਦਾ Rock Band ਵੀ

ਪ੍ਰਸਿੱਧ ਰਿਹਾ ਹੈ।

ਕਿਲੋਨੇ ਵਿਚ ਪੰਜਾਬੀ ਸਾਲ 1930 ਦੇ ਨੇੜੇ ਆਏ। ਪਹਿਲੇ ਪੰਜਾਬੀਆਂ ਵਿਚ ਲੱਖਾ ਸਿੰਘ ਨਾਂ ਦਾ ਇੱਕ ਪੰਜਾਬੀ ਸੀ, ਜਿਹੜਾ ਦੁਆਬੇ ਦਾ ਰਹਿਣ ਵਾਲਾ ਸੀ। ਉਸ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ। ਲੱਖਾ ਸਿੰਘ ਦੇ ਨਾਂ ਤੇ ਕਿਲੋਨੇ ਦੀ ਇਕ ਸੜਕ ਦਾ ਨਾਂ ਲੱਖਾ ਰੋਡ ਰੱਖਿਆ ਹੋਇਆ ਹੈ। ਲੱਖਾ ਸਿੰਘ ਦੀ ਇਕੋ ਇਕ ਸੰਤਾਨ ਲੜਕੀ ਸੀ, ਜਿਸ ਦਾ ਨਾਂ ਲਤਾ ਸੀ। ਲਤਾ ਦੇ ਨਾਂ ਤੇ ਵੀ ਕਿਲੋਨੇ ਦੀ ਇਕ ਸੜਕ ਦਾ ਨਾਂ ਲਤਾ ਰੋਡ ਹੈ। ਹੁਣ ਤਾਂ ਕਿਲੋਨੇ ਵਿਚ ਪੰਜਾਬੀਆਂ ਦੇ 400 ਦੇ ਕਰੀਬ ਪਰਿਵਾਰ ਰਹਿੰਦੇ ਹਨ। ਪੰਜਾਬੀ ਫਲਾਂ ਦੇ ਬਾਗਾਂ ਦੇ ਮਾਲਕ ਹਨ। ਸਬਜੀਆਂ ਪੈਦਾ ਕਰਦੇ ਹਨ। ਬਾਗਾਂ ਵਿਚ ਤੇ ਨਰਸਰੀਆਂ ਵਿਚ ਲੇਬਰ ਦੇ ਤੌਰ ਤੇ ਕੰਮ ਕਰਦੇ ਹਨ। ਕੁਝ ਪੰਜਾਬੀ ਡਾਕਟਰ, ਇੰਜਨੀਅਰ, ਪ੍ਰੋਫੈਸਰ ਅਤੇ ਹੋਰ ਕਿੱਤਿਆਂ ਵਿਚ ਵੀ ਹਨ। ਪੰਜਾਬੀਆਂ ਨੇ ਕਿਲੋਨੇ ਵਿਚ ਬਹੁਤ ਹੀ ਸੋਹਣਾ ਗੁਰੂਦਵਾਰਾ ਸਾਹਿਬ ਬਣਾਇਆ ਹੋਇਆ ਹੈ, ਜਿਥੇ ਸਾਰੇ ਧਾਰਮਿਕ ਸਮਾਗਮ ਹੁੰਦੇ ਹਨ। ਹਰ ਸਨਿਚਰਵਾਰ ਤੇ ਐਤਵਾਰ ਨੂੰ ਕੋਈ ਨਾ ਕੋਈ ਫੰਕਸ਼ਨ ਗੁਰੂਦਵਾਰੇ ਵਿਚ ਹੁੰਦਾ ਹੀ ਰਹਿੰਦਾ ਹੈ। ਵਿਆਹ ਵੀ ਗੁਰੂਦਵਾਰੇ ਵਿਚ ਹੀ ਕੀਤੇ ਜਾਂਦੇ ਹਨ।

# ਵਿੱਸਲਰ ਵਿਲੇਜ

ਜੇ ਕਿਸੇ ਦੇਸ਼ ਦੇ ਲੋਕ ਸਿਆਣੇ ਹੋਣ, ਝੋਲੀ ਪੈਸਿਆਂ ਨਾਲ ਭਰੀ ਹੋਈ ਹੋਵੇ, ਫੇਰ ਤਾਂ ਉਸ ਦੇਸ਼ ਦੇ ਕਹਿਣੇ ਹੀ ਕੀ ? ਫੇਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਜਿਵੇਂ ਜੇਕਰ ਕਿਸੇ ਮੁਟਿਆਰ ਕੋਲ ਰੰਗ ਰੂਪ ਹੋਵੇ, ਕੱਦ ਕਾਠ ਹੋਵੇ, ਉਪਰ ਜੁਆਨੀ ਦੀ ਸਿਖਰ ਦੁਪਹਿਰ ਹੋਵੇ, ਉਸ ਮੁਟਿਆਰ ਦੀਆਂ ਅੱਖਾਂ ਲੋਹੜੇਮਾਰ ਹੋਣ, ਉਪਰੋਂ ਸੁਰਮਾ ਪਾ ਦਿੱਤਾ ਜਾਵੇ। ਪਾਏ ਸੁਰਮੇ ਨੂੰ ਮੁਟਿਆਰ ਮਟਕਾਉਣ ਵੀ ਜਾਣਦੀ ਹੋਵੇ, ਉਹ ਮੁਟਿਆਰ ਤਾਂ ਕਹਿਰ ਵਰਪਾ ਦਿੰਦੀ ਹੈ। ਇਹ ਕਹਿਰ ਕੈਨੇਡਾ ਦੇਸ਼ ਨੇ ਆਪਣੇ ਥਾਂ-ਥਾਂ ਬਣਾਏ ਵੇਖਣ ਯੋਗ ਥਾਵਾਂ ਤੇ ਵਰਪਾਏ ਹੋਏ ਹਨ।

ਕੈਨੇਡਾ ਦਾ ਖੇਤਰਫਲ ਭਾਰਤ ਨਾਲੋਂ ਤਿਗਣਾ ਹੈ। ਆਬਾਦੀ 3 ਕਰੋੜ ਤੋਂ ਥੋੜੀ ਉਪਰ ਹੈ। ਕੈਨੇਡਾ ਕੋਲ ਪੈਸੇ ਦੀ ਕਮੀ ਨਹੀਂ। ਕੈਨੇਡੀਅਨ ਇਕ ਵਪਾਰੀ ਕੌਮ ਹੈ। ਵਪਾਰੀ ਹੁੰਦਾ ਹੀ ਉਹ ਹੈ ਜਿਸ ਨੂੰ ਪੈਸੇ ਦੀ ਸਹੀ ਵਰਤੋਂ ਕਰਨੀ ਆਉਂਦੀ ਹੋਵੇ। ਕੈਨੇਡਾ ਵਾਲੇ ਪੈਸੇ ਦੀ ਅਜੇਹੀ ਜੁਗਤ ਨਾਲ ਵਰਤੋਂ ਕਰਦੇ ਹਨ ਜਿਥੇ ਇਨ੍ਹਾਂ ਦੇ ਵਸਨੀਕਾਂ ਨੂੰ, ਕੈਨੇਡਾ ਵਿਚ ਆਏ ਸੈਲਾਨੀਆਂ ਨੂੰ ਪੈਸੇ ਖਰਚ ਕੇ ਖੁਸ਼ੀ ਵੀ ਮਿਲੇ, ਮਨੋਰੰਜਨ ਵੀ ਮਿਲੇ ਤੇ ਪੈਸੇ ਖਰਚੇ ਵੀ ਨਾ ਚੁਬਣ।

ਵੈਨਕੋਵਰ ਵਿਚ ਮੇਰੇ ਕਈ ਰਿਸ਼ਤੇਦਾਰ ਰਹਿੰਦੇ ਹਨ। ਰਹਿੰਦੇ ਵੀ ਸਰੀ ਇਲਾਕੇ ਵਿਚ ਹਨ, ਜਿਹੜਾ ਪੰਜਾਬੀਆਂ ਦਾ ਗੜ੍ਹ ਹੈ। ਵੈਨਕੋਵਰ ਦੇ ਆਲੇ ਦੁਆਲੇ ਬਹੁਤ ਹੀ ਵੇਖਣ ਯੋਗ ਥਾਵਾਂ ਹਨ। 30 ਜੁਲਾਈ 2005 ਨੂੰ ਅਸੀਂ ਵਿੱਸਲਰ ਵਿੱਲੇਜ਼ ਵੇਖਣ ਗਏ, ਜਿਹੜਾ ਵੈਨਕੋਵਰ ਤੋਂ 110 ਕਿਲੋਮੀਟਰ ਦੂਰ ਪੈਂਦਾ ਹੈ। ਜਿਥੇ ਵਿੱਲੇਜ਼ (ਪਿੰਡ) ਦਾ ਜ਼ਿਕਰ ਆ ਜਾਵੇ, ਉਥੇ ਹਰ ਬੰਦੇ ਦੇ ਮਨ ਵਿਚ ਇਹ ਗੱਲ ਸੁਭਾਵਕ ਆ ਜਾਂਦੀ ਹੈ, ਕਿ ਉਥੇ ਬਹੁਤੀ ਆਬਾਦੀ ਨਹੀਂ ਹੋਵੇਗੀ। ਲੋਕਾਂ ਦੇ ਜੀਵਨ ਵਿਚ ਬਹੁਤ ਭੱਜ ਨੱਠ ਨਹੀਂ ਹੋਵੇਗੀ। ਸ਼ੋਰ ਸ਼ਰਾਬਾ ਨਹੀਂ ਹੋਵੇਗਾ। ਚਾਰ ਚੁਫੇਰੇ ਸ਼ਾਂਤੀ ਹੋਵੇਗੀ। ਜ਼ਿੰਦਗੀ ਮੱਠੀ ਤੋਰ ਤੁਰਦੀ ਹੋਵੇਗੀ। ਕੈਨੇਡਾ ਜੰਗਲਾਂ ਦਾ ਦੇਸ਼ ਹੈ। ਵਿੱਸਲਰ ਵਿੱਲੇਜ਼ ਵੀ ਜੰਗਲ ਵਿਚ ਵਸਾਇਆ ਹੋਇਆ ਹੈ। ਬਹੁਤੀ ਆਬਾਦੀ ਵੀ ਨਹੀਂ ਹੈ। ਤੁਸੀਂ ਇਸ ਨੂੰ ਪੈਦਲ ਤੁਰ ਕੇ ਆਸਾਨੀ ਨਾਲ ਵੇਖ ਸਕਦੇ ਹੋ। ਸੈਲਾਨੀਆਂ ਦੀਆਂ ਭੀੜਾਂ ਜ਼ਰੂਰ ਹਨ।

ਵਿੱਲਸਰ ਵਿੱਲੇਜ਼ ਵਿਚ ਸਭ ਤੋਂ ਮਨ-ਮੋਹਕ ਮੌਨਟੇਨ ਟਾਪ ਟਰੇਲ ਹੈ। ਮੈਂ ਜ਼ਿੰਦਗੀ ਵਿਚ ਪਹਿਲੀ ਵੇਰ ਟਰੇਲ ਤੇ ਇਥੇ ਹੀ ਚੜ੍ਹਿਆ ਹਾਂ। ਇਹ ਪਹਾੜ ਦੀ ਟੀਸੀ ਤੇ ਲੈ ਕੇ ਜਾਂਦੀ ਹੈ। ਖੁੱਲ੍ਹੇ ਬੈਂਚ ਤੇ ਬੈਠੇ ਸੀ। ਜਦ ਵੀ ਮੈਂ ਹੇਠਾਂ ਨੂੰ ਵੇਖਦਾ ਸੀ, ਦਿਲ ਘਾਊਂ ਮਾਊਂ ਕਰਨ ਲੱਗ ਜਾਂਦਾ ਸੀ। ਏਸ ਕਰ ਕੇ ਮੈਂ ਹੇਠਾਂ ਨੂੰ ਵੇਖਣਾ ਹੀ ਬੰਦ ਕਰ ਦਿੱਤਾ। ਪਹਾੜੀ ਦੀ

ਚੋਟੀ ਤੇ ਉਤਰ ਕੇ ਸੁੱਖ ਦਾ ਸਾਹ ਆਇਆ। ਚੋਟੀ ਨੂੰ ਘੁੰਮ ਫਿਰ ਕੇ ਵੇਖਿਆ। ਕੋਈ ਅੱਧੇ ਘੰਟੇ ਦੇ ਕਰੀਬ ਉਥੇ ਸਮਾਂ ਬਿਤਾਇਆ। ਫੋਟੋਆਂ ਖਿੱਚਆਂ। ਫਿਰ ਵਾਪਸ ਪਰਤੇ।

ਦੂਜੀ ਦਿਲਚਸਪ ਥਾਂ ਮੌਨਟੇਨ ਬਾਈਕ ਪਾਰਕ (ਸਾਈਕਲ ਪਾਰਕ) ਹੈ। ਏਥੇ ਸਾਈਕਲ ਚਲਾਉਣ ਲੱਗਦਾ ਤਾਂ ਬਹੁਤ ਚੰਗਾ ਹੈ, ਪਰ ਲੱਗਦਾ ਵੀ ਖਰਤਨਾਕ ਹੈ। ਬਹੁਤ ਸਾਰੇ ਨੌਜੁਆਨ ਮੁੰਡੇ ਸਾਈਕਲ ਚਲਾ ਰਹੇ ਹਨ। ਏਥੇ ਨੌਜੁਆਨ ਮੁੰਡੇ ਰਿਸ਼ਕ ਲੈਣ ਨੂੰ ਬਹੁਤ ਤੱਤਪਰ ਰਹਿੰਦੇ ਹਨ। ਹੋਰ ਵੀ ਬਹੁਤ ਸਾਰੀਆਂ ਗੇਮਾਂ ਹਨ। ਖਰੀਦਦਾਰੀ ਲਈ ਕਈ ਸਟੋਰ ਹਨ। ਖਾਣ ਪੀਣ ਲਈ ਰੈਸਟੋਰੈਂਟ ਹਨ। ਠਹਿਰਨ ਲਈ ਵਧੀਆ ਹੋਟਲ ਹਨ। ਪਹਾੜੀਆਂ ਦੀ ਟੀਸੀ ਤੇ ਵੀ ਰੈਸਟੋਰੈਂਟ ਹੈ।

ਵਿੱਲਸਰ ਵਿੱਲੇਜ਼ ਨੇ ਜੰਗਲ ਵਿਚ ਮੰਗਲ ਲਾਇਆ ਹੋਇਆ ਹੈ। ਬਰਫ ਦੀਆਂ ਖੇਡਾਂ ਲਈ ਨਾਰਥ ਅਮਰੀਕਾ ਦੇ ਤਿੰਨ ਮਸ਼ਹੂਰ ਖੇਡ ਸਥਾਨਾਂ ਵਿਚੋਂ ਵਿੱਸਲਰ ਇਕ ਹੈ। ਸਾਲ 2010 ਦੀਆਂ ਸਿਆਲ ਰੁੱਤ ਦੀਆਂ ਓਲੰਪਿਕ ਖੇਡਾਂ ਜਿਹੜੀਆਂ ਵੈਨਕੋਵਰ ਵਿਚ ਹੋ ਰਹੀਆਂ ਹਨ, ਵਿਚੋਂ ਬਰਫ ਦੀਆਂ ਸਾਰੀਆਂ ਖੇਡਾਂ ਏਥੇ ਹੀ ਹੋਣੀਆਂ ਹਨ। ਵੈਨਕੋਵਰ ਤੋਂ ਵਿੱਸਲਰ ਨੂੰ ਜਾਣ ਲਈ ਸਮੁੰਦਰ ਦੇ ਕੰਢੇ ਬਣੀ ਸੜਕ ਉਪਰ ਦੀ ਜਾਣਾ ਪੈਂਦਾ ਹੈ। ਸੜਕ ਦਾ ਇਹ ਨਜ਼ਾਰਾ ਬਹੁਤ ਹੀ ਮਨਮੋਹਕ ਹੈ। ਰਸਤੇ ਵਿਚ ਸੁਕੈਮਿਸ ਸ਼ਹਿਰ ਆਉਂਦਾ ਹੈ। ਤੁਸੀਂ ਘੋੜੇ ਤੇ ਬੈਠ ਕੇ ਏਥੋਂ ਦੇ ਜੰਗਲ ਦੀ ਸੈਰ ਵੀ ਕਰ ਸਕਦੇ ਹੋ। ਏਥੇ ਬੀਚ ਹੈ। ਏਥੇ ਰੈਫਟਿੰਗ ਵੀ ਹੁੰਦੀ ਹੈ। ਗਰਮੀ ਦੇ ਮੌਸਮ ਦੇ ਮੌਜ਼ ਮਸਤੀ ਵਾਲੇ ਤੇ ਦਲੇਰਾਨਾ ਸਰਗਰਮੀਆਂ ਵਾਲੇ ਵਿੱਸਲਰ ਜਿਹੇ ਸਥਾਨ ਕੈਨੇਡਾ ਵਿਚ ਕੁਝ ਗਿਣਤੀ ਦੇ ਹੀ ਹਨ।

# ਸੀ. ਐਨ. ਟਾਵਰ ਟਰਾਂਟੋ

ਸੀ. ਐਨ. ਟਾਵਰ ਦਾ ਪੂਰਾ ਨਾਂ ਕੈਨੇਡੀਅਨ ਨੈਸ਼ਨਲ ਟਾਵਰ ਹੈ। ਇਹ ਕੈਨੇਡਾ ਦੇ ਸੂਬੇ ਉਨਟਾਰੀਓ ਦੇ ਸ਼ਹਿਰ ਟਰਾਂਟੋ ਦੇ ਡਾਊਨ ਟਾਊਨ ਵਿਚ ਹੈ। ਇਸ ਨੂੰ 1973 ਤੋਂ 1976 ਦੇ ਚਾਰ ਸਾਲਾਂ ਵਿਚ ਕੈਨੇਡੀਅਨ ਨੈਸ਼ਨਲ ਰੇਲਵੇ ਨੇ ਟਰਾਂਟੋ ਏਰੀਏ ਦੇ ਟੀ. ਵੀ. ਤੇ ਰੇਡਿਉ ਦੇ ਪ੍ਰਸ਼ਾਰਨ ਦੀ ਵਰਤੋਂ ਲਈ ਬਣਾਇਆ ਸੀ। ਇਸ ਦੀ ਉਚਾਈ 553.33 ਮੀਟਰ ਹੈ। ਇਸ ਦੀਆਂ 47 ਮੰਜ਼ਲਾਂ ਹਨ। ਸੀ. ਐਨ. ਟਾਵਰ ਨੂੰ ਹਰ ਸਾਲ 20 ਲੱਖ ਵਿਦੇਸ਼ੀ ਟੂਰਿਸ਼ਟ ਵੇਖਣ ਆਉਂਦੇ ਹਨ। 32 ਸਾਲ ਤੱਕ ਇਹ ਦੁਨੀਆਂ ਦੀ ਸਭ ਤੋਂ ਉੱਚੀ ਬਿਲਡਿੰਗ ਰਹੀ ਹੈ। ਪਰ ਹੁਣ ਡੁਬਈ ਵਿਚ ਬਣੀ ਬੁਰਜ ਡੁਬਈ ਬਿਲਡਿੰਗ ਏਸ ਨਾਲੋਂ ਉੱਚੀ ਹੈ। ਰੇਲਵੇ ਨੇ ਸੀ. ਐਨ. ਟਾਵਰ ਨੂੰ ਕੈਨੇਡਾ ਲੈਂਡ ਕੰਪਨੀ ਨੂੰ ਵੇਚ ਦਿੱਤਾ ਹੈ। ਹੁਣ ਕੈਨੇਡੀਅਨ ਨੈਸ਼ਨਲ ਟਾਵਰ ਦਾ ਨਾਂ ਕੈਨੇਡਾਜ਼ ਨੈਸ਼ਨਲ ਟਾਵਰ ਰੱਖਿਆ ਹੋਇਆ ਹੈ। ਛੋਟਾ ਨਾਂ ਹੁਣ ਵੀ ਸੀ. ਐਨ. ਟਾਵਰ ਹੈ।

ਇਥੇ ਮੈਨੂੰ ਮੇਰੇ ਪਿੰਡ ਸੰਦੌੜ ਦੇ ਸਾਡੇ ਗੁਆਂਢ ਵਿਚ ਰਹਿੰਦੇ ਇਕ ਬੁੱਢੇ ਦੀ ਕਹੀ ਹੋਈ ਗੱਲ ਯਾਦ ਆਉਂਦੀ ਹੈ। ਜੇ ਕਰ ਕਦੇ ਭੁੱਲ ਭੁਲੇਖੇ ਨਾਲ ਉਹ ਮੰਜੇ ਦੇ ਸਿਰਾਹਣੇ ਵਾਲੇ ਪਾਸੇ ਪੈਣ ਦੀ ਥਾਂ ਪੈਂਦ ਵਾਲੇ ਪਾਸੇ (ਦੌਣ ਵਾਲੇ ਪਾਸੇ) ਪਏ ਨੂੰ ਕੋਈ ਆ ਕੇ ਟੋਕਦਾ ਸੀ ਤਾਂ ਉਸ ਦਾ ਘੜਿਆ ਘੜਾਇਆ ਜਵਾਬ ਹੁੰਦਾ ਸੀ "ਸਿਰਹਾਣੇ ਵਾਲੇ ਪਾਸੇ ਪੈ ਜਾਂ, ਜਾਂ ਪੈਂਦ ਵਾਲੇ ਪਾਸੇ ਪੈ ਜਾਂ, ਚਿੱਤੜ ਤਾਂ ਵਿਚਾਲੇ ਹੀ ਆਉਣੇ ਹਨ। ਕੋਈ ਫਰਕ ਨਹੀਂ ਪੈਂਦਾ।" ਏਸ ਲਈ ਸੀ. ਐਨ. ਟਾਵਰ ਦਾ ਵਿਸਥਾਰਤ ਨਾ ਚਾਹੇ ਕੋਈ ਹੋਵੇ, ਛੋਟਾ ਨਾਂ ਤਾਂ ਪਹਿਲਾਂ ਵੀ ਸੀ. ਐਨ. ਟਾਵਰ ਸੀ ਤੇ ਹੁਣ ਵੀ ਸੀ. ਐਨ. ਟਾਵਰ ਹੈ। ਕੋਈ ਫਰਕ ਨਹੀਂ ਪੈਂਦਾ।

ਸੀ. ਐਨ ਟਾਵਰ ਦੇ ਉਪਰਲੇ ਹਿੱਸੇ ਵਿਚ 102 ਮੀਟਰ ਉੱਚਾ ਟੀ. ਵੀ. ਤੇ ਰੇਡਿਉ ਪ੍ਰਸਾਰਨ ਲਈ ਐਨਟੀਨਾ ਲੱਗਿਆ ਹੋਇਆ ਹੈ। ਸੀ. ਐਨ. ਟਾਵਰ ਦੁਨੀਆਂ ਦੇ ਸੱਤ ਵੱਡੇ ਅਜੂਬਿਆਂ ਵਿਚ (Wonders) ਆਉਂਦਾ ਹੈ।

ਮੈਂ ਸਾਲ 2005 ਵਿਚ ਆਪਣੀ ਲੜਕੀ ਕੋਲ ਅਮਰੀਕਾ ਆਇਆ ਹੋਇਆ ਸੀ। ਮੇਰੀ ਦੂਸਰੀ ਲੜਕੀ ਨੰਬਰਾਂ ਦੇ ਆਧਾਰ ਤੇ ਪਰਿਵਾਰ ਸਮੇਤ ਜੂਨ 2005 ਵਿਚ ਟਰਾਂਟੋ ਆ ਗਈ। ਏਸ ਲਈ ਮੈਂ ਅਮਰੀਕਾ ਤੋਂ ਸਤੰਬਰ ਮਹੀਨੇ 2005 ਵਿਚ ਆਪਣੀ ਲੜਕੀ ਨੂੰ ਮਿਲਣ ਟਰਾਂਟੋ ਚਲਿਆ ਗਿਆ। ਅਮਰੀਕਾ ਤੋਂ ਕੈਨੇਡਾ ਜਾਣ ਲਈ ਅਮਰੀਕਨ ਵਾਸੀਆਂ ਨੂੰ ਬੀਜ਼ਾ ਲੈਣ ਦੀ ਲੋੜ ਨਹੀਂ ਹੈ। ਜਦ ਕਿ ਕੈਨੇਡਾ ਦੇ ਰਹਿਣ ਵਾਲੀਆਂ ਨੂੰ ਅਮਰੀਕਾ ਆਉਣ ਲਈ ਬੀਜ਼ਾ ਲੈਣਾ ਪੈਂਦਾ ਹੈ। ਟਰਾਂਟੋ ਹਵਾਈ ਅੱਡੇ ਉਪਰ ਮੈਂ ਆਪਣਾ ਗਰੀਨ ਕਾਰਡ ਵਿਖਾ ਕੇ ਬਾਹਰ ਆ ਗਿਆ। ਮੇਰਾ ਜੁਆਈ ਆਪਣੇ ਇਕ ਰਿਸ਼ਤੇਦਾਰ ਸਮੇਤ ਮੈਨੂੰ ਲੈਣ ਲਈ ਪਹਿਲਾਂ ਹੀ ਵੇਟਿੰਗ ਹਾਲ ਵਿਚ ਖੜਾ ਸੀ। ਅਸੀਂ ਕਾਰ ਵਿਚ ਸਵਾਰ ਹੋ ਕੇ ਘਰ

ਪਹੁੰਚੇ। ਆਪਣੀ ਲੜਕੀ ਤੇ ਦੋਹਤਾ ਦੋਹਤੀ ਨੂੰ ਪਿਆਰ ਦਿੱਤਾ। ਮੈਂ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਫ਼ਰਿਜ਼ਨੋ ਵਿਚੋਂ ਗਿਆ ਸੀ। ਉਸ ਸਮੇਂ ਉੱਥੇ ਮੌਸਮ ਥੋੜਾ ਜਿਹਾ ਗਰਮ ਸੀ। ਜਦ ਕਿ ਟਰਾਂਟੋ ਵਿਚ ਪੰਜਾਬ ਦੇ ਮਹੀਨੇ ਨਵੰਬਰ ਵਰਗੀ ਠੰਡ ਸੀ।

ਮੈਂ ਸੀ. ਐਨ. ਟਾਵਰ ਵੇਖੇ ਦੇ ਵੇਰਵੇ ਦੇਣ ਤੋਂ ਪਹਿਲਾਂ ਤੁਹਾਨੂੰ ਟਰਾਂਟੋ ਸ਼ਹਿਰ ਬਾਰੇ ਥੋੜਾ ਜਿਹਾ ਦੱਸਣਾ ਚਾਹੁੰਦਾ ਹਾਂ। ਟਰਾਂਟੋ ਕੈਨੇਡਾ ਦੀ ਆਰਥਿਕ ਰਾਜਧਾਨੀ ਹੈ। ਟਰਾਂਟੋ ਸ਼ਹਿਰ ਲੇਕ ਉਨਟਾਰੀਓ ਦੇ ਉੱਤਰੀ ਕੰਢੇ ਤੇ ਵਸਿਆ ਹੋਇਆ ਹੈ। ਟਰਾਂਟੋ ਕੈਨੇਡਾ ਵਿਚ ਆਉਣ ਵਾਲੇ ਪ੍ਰਵਾਸੀਆਂ ਦਾ ਮੁੱਖ ਕੇਂਦਰ ਹੈ। ਵੀਹਵੀ ਸਦੀ ਦੇ ਦੂਜੇ ਅੱਧ ਤੱਕ ਪਹੁੰਚਦਿਆਂ ਟਰਾਂਟੋ ਕੈਨੇਡਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਬਣ ਗਿਆ ਸੀ। ਸਾਲ 1845-1849 ਦੇ ਆਇਰਲੈਂਡ ਵਿਚ ਪਏ ਕਾਲ ਕਾਰਨ ਬਹੁਤ ਸਾਰੇ ਆਇਰਲੈਂਡ ਦੇ ਵਾਸੀ ਟਰਾਂਟੋ ਵਿਚ ਆ ਕੇ ਵਸ ਗਏ। ਸਾਲ 1851 ਵਿਚ ਟਰਾਂਟੋ ਵਿਚ ਸਭ ਤੋਂ ਵੱਧ ਆਬਾਦੀ ਆਇਰਲੈਂਡੀਆਂ ਦੀ ਹੋ ਗਈ ਸੀ। ਹੁਣ ਤਾਂ ਬਹੁਤ ਸਾਰੇ ਦੇਸ਼ਾਂ ਦੇ ਪ੍ਰਵਾਸੀ ਏਥੋਂ ਦੇ ਵਸਨੀਕ ਹਨ।

ਜਨਵਰੀ 1999 ਵਿਚ ਏਥੇ ਸਾਰੇ ਸਾਲਾਂ ਨਾਲੋਂ ਵੱਧ ਬਰਫ ਪਈ ਸੀ। ਘਰਾਂ ਦੀ ਦੂਜੀ ਮੰਜ਼ਲ ਦੀਆਂ ਖਿੜਕੀਆਂ ਤੱਕ ਬਰਫ ਪਹੁੰਚ ਗਈ ਸੀ। ਜਿਸ ਕਰਕੇ ਫੌਜਾਂ ਨੂੰ ਸੜਕਾਂ ਤੋਂ ਬਰਫ ਨੂੰ ਹਟਾਉਣ ਲਈ ਬੁਲਾਇਆ ਗਿਆ ਸੀ। ਸਾਲ 2002 ਵਿਚ ਟਰਾਂਟੋ ਵਿਚ ਵਰਲਡ ਯੂਥ ਡੇ ਮਨਾਇਆ ਗਿਆ। ਯੂ. ਐਨ. ਓ. ਦੀ ਰੀਪੋਰਟ ਅਨੁਸਾਰ ਟਰਾਂਟੋ ਵਿਚ ਅਨੁਪਾਤ ਅਨੁਸਾਰ ਦੁਨੀਆਂ ਵਿਚੋਂ ਦੂਜੇ ਨੰਬਰ ਤੇ ਪ੍ਰਵਾਸੀ ਰਹਿੰਦੇ ਹਨ। ਪ੍ਰਵਾਸੀਆਂ ਦੀ ਗਿਣਤੀ ਵਿਚ ਪਹਿਲੇ ਨੰਬਰ ਤੇ ਅਮਰੀਕਾ ਦੇ ਸੂਬੇ ਫਲੋਰੀਡਾ ਦਾ ਸ਼ਹਿਰ ਮਿਆਮੀ ਆਉਂਦਾ ਹੈ। ਟਰਾਂਟੋ ਦੀ ਅੱਧੀ ਆਬਾਦੀ ਤਾਂ ਕੈਨੇਡਾ ਤੋਂ ਬਾਹਰ ਦੀ ਜੰਮੀ ਹੋਈ ਹੈ। ਜਿਸ ਕਰ ਕੇ ਟਰਾਂਟੋ ਦੀ ਆਬਾਦੀ ਤੇ ਪੰਜਾਬੀ ਦਾ ਅਖਾਣ "ਥਾਂ ਥਾਂ ਦੀ ਠੀਕਰੀ ਕੱਠੀ ਹੋਣਾ" ਬਹੁਤ ਹੀ ਢੁੱਕਦਾ ਹੈ। ਏਸੇ ਕਰਕੇ ਹੀ ਏਥੇ ਵੱਖ ਵੱਖ ਤਰ੍ਹਾਂ ਦੇ ਸਭਿਆਚਾਰ ਹਨ।

ਯੂਨੀਵਰਸਿਟੀ ਆਫ ਟਰਾਂਟੋ ਦੀ ਸਥਾਪਨਾ ਮਾਰਚ 1827 ਵਿਚ ਹੋਈ ਹੈ। ਸਾਲ 1829 ਵਿਚ ਏਥੇ ਯਾਰਕ ਜਨਰਲ ਹਸਪਤਾਲ ਬਣਾਇਆ ਗਿਆ। ਸਾਲ 1834 ਵਿਚ ਟਰਾਂਟੋ ਨੂੰ ਸ਼ਹਿਰ ਦੀ ਪਦਵੀ ਮਿਲੀ ਸੀ।

ਸਤੰਬਰ 2005 ਦੇ ਚੌਥੇ ਹਫਤੇ ਦੇ ਸ਼ਨਿਚਰਵਾਰ ਨੂੰ ਅਸੀਂ ਸੀ. ਐਨ. ਟਾਵਰ ਦੇਖਣ ਗਏ। ਘਰ ਤੋਂ ਥੋੜੀ ਦੂਰ ਤੇ ਮੁਖ ਸੜਕ ਤੇ ਬੱਸ ਦਾ ਸਟਾਪ ਸੀ। ਅਸੀਂ ਬੱਸ ਫੜ ਕੇ ਅੰਡਰ ਗਰਾਊਂਡ ਰੇਲਵੇ ਦੇ ਨੇੜੇ ਦੇ ਸਟੇਸ਼ਨ ਤੇ ਉੱਤਰ ਗਏ। ਟਿਕਟਾਂ ਲੈ ਕੇ ਹਟੇ ਹੀ ਸੀ ਕਿ ਰੇਲ ਗੱਡੀ ਆ ਗਈ। ਰੇਲ ਗੱਡੀ ਦੇ ਦਰਵਾਜ਼ੇ ਆਪਣੇ ਆਪ ਖੁੱਲ੍ਹੇ। ਪਹਿਲਾਂ ਉਤਰਨ ਵਾਲੀਆਂ ਸਵਾਰੀਆਂ ਉਤਰੀਆਂ। ਫੇਰ ਚੜ੍ਹਨ ਵਾਲੀਆਂ ਸਵਾਰੀਆਂ ਚੜ੍ਹੀਆਂ। ਸਾਡੇ ਭਾਰਤ ਦੇਸ਼ ਮਹਾਨ ਦੀ ਤਰ੍ਹਾਂ ਉਤਰਨ ਵਾਲੀਆਂ ਸਵਾਰੀਆਂ ਦੇ ਨਾਲ ਹੀ ਚੜ੍ਹਨ ਵਾਲੀਆਂ ਸਵਾਰੀਆਂ ਦਰਵਾਜ਼ੇ ਵਿਚ ਆਪਸ ਵਿਚ ਗੁੱਥਮ ਗੁੱਥਾ ਨਹੀਂ ਹੋਈਆਂ। ਜਿਨ੍ਹਾਂ ਸਵਾਰੀਆਂ ਨੂੰ ਸੀਟ ਮਿਲ ਗਈ, ਉਹ ਬੈਠ ਗਈਆਂ। ਬਾਕੀ ਆਰਾਮ ਨਾਲ ਖੜ੍ਹੀਆਂ ਰਹੀਆਂ। ਕਈ ਬੈਠੀਆਂ ਸਵਾਰੀਆਂ ਕਿਤਾਬਾਂ ਪੜ੍ਹ ਰਹੀਆਂ ਸਨ। ਰੇਲ ਗੱਡੀ ਬਹੁਤੀ ਧਰਤੀ ਅੰਦਰ ਤੇ ਕਦੇ ਕਦੇ ਧਰਤੀ ਉਪਰ ਦੀ ਚਲਦੀ ਹੋਈ ਆਪਣੀ ਮੰਜ਼ਲ ਵੱਲ ਜਾ ਰਹੀ ਸੀ। ਕੋਈ 15

ਕੁ ਮਿੰਟ ਪਿਛੋਂ ਅਸੀਂ ਸੀ. ਐਨ. ਟਾਵਰ ਦੇ ਨਜ਼ਦੀਕ ਪੈਂਦੇ ਸਟੇਸ਼ਨ ਤੇ ਉੱਤਰ ਗਏ।

ਜਦ ਅੰਡਰ ਗਰਾਊਂਡ ਸਟੇਸ਼ਨ ਤੋਂ ਨਿਕਲ ਕੇ ਉਪਰ ਸੜਕ ਤੇ ਆਏ ਤਾਂ ਠੰਡੀ ਤੇਜ ਹਵਾ ਚੱਲ ਰਹੀ ਸੀ। ਸੀ. ਐਨ. ਟਾਵਰ ਦੇ ਆਲੇ ਦੁਆਲੇ ਦਾ ਸਾਰਾ ਇਲਾਕਾ ਬਹੁ-ਮੰਜ਼ਲੀ ਇਮਾਰਤਾਂ ਦਾ ਇਲਾਕਾ ਹੈ। ਰੇਲਵੇ ਦੇ ਬਹੁਤ ਦਫਤਰ ਏਥੇ ਹਨ। ਕੋਈ 10 ਕੁ ਮਿੰਟ ਚੱਲ ਕੇ ਅਸੀਂ ਸੀ. ਐਨ. ਟਾਵਰ ਦੇ ਅੰਦਰ ਪਹੁੰਚ ਗਏ। ਟਿਕਟਾਂ ਲੈਣ ਲਈ ਟੂਰਿਸ਼ਟਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ।ਅਸੀਂ ਵੀ ਇਕ ਲਾਈਨ ਵਿਚ ਖੜ ਕੇ ਟਿਕਟਾਂ ਲਈਆਂ।ਗੇਟ ਤੇ ਖੜੇ ਕਰਮਚਾਰੀ ਨੂੰ ਟਿਕਟਾਂ ਵਿਖਾ ਕੇ ਅਸੀਂ ਅੰਦਰ ਚਲੇ ਗਏ। ਅੰਦਰ ਵੜਦੇ ਸਾਰ ਹੀ ਸਾਡੀ ਸਾਰਿਆਂ ਦੀ ਗਰੁੱਪ ਫੋਟੋ ਖਿਚੀ ਗਈ। ਫੋਟੋ ਖਿੱਚਣ ਤੋਂ ਬਾਅਦ ਫੋਟੋਗ੍ਰਾਫਰ ਨੇ ਸਾਨੂੰ ਇਕ ਰਸੀਦ ਦੇ ਦਿੱਤੀ।ਅੰਦਰ ਹੀ ਸੂਵਿਨਿਅਰ ਬਾਜ਼ਾਰ ਹੈ। ਜਿਸ ਵਿਚੋਂ ਗਿਫਟਾਂ ਦੀ ਖਰੀਦਦਾਰੀ ਕਰ ਸਕਦੇ ਹੋ। ਪਰ ਇਸ ਬਾਜ਼ਾਰ ਵਿਚੋਂ ਗਿਫਟ ਬਾਕਾਇਦਾ ਬਾਜ਼ਾਰ ਨਾਲੋਂ ਮਹਿੰਗੇ ਮਿਲਦੇ ਹਨ।

ਹੋਰ ਅੰਦਰ ਜਾ ਕੇ ਸੀ. ਐਨ. ਟਾਵਰ ਉਪਰ ਚੜ੍ਹਣ ਲਈ ਲਿਫਟ ਕੋਲ ਲਾਈਨ ਲੱਗੀ ਹੋਈ ਸੀ।ਅਸੀਂ ਵੀ ਲਾਈਨ ਦੇ ਪਿਛੇ ਲੱਗ ਗਏ। ਵਾਰੀ ਆਉਣ ਤੇ ਲਿਫਟ ਵਿਚ ਸਵਾਰ ਹੋ ਕੇ ਉਪਰਲੀ ਮੰਜ਼ਲ ਤੇ ਪਹੁੰਚ ਗਏ। ਉਥੇ ਖੜ੍ਹ ਕੇ ਸਾਰੇ ਟਰਾਂਟੋ ਸ਼ਹਿਰ ਦਾ ਨਜ਼ਾਰਾ ਵੇਖਿਆ। ਟਰਾਂਟੋ ਦੀਆਂ ਸਭ ਤੋਂ ਉੱਚੀਆਂ ਬਿਲਡਿੰਗਾਂ ਛੋਟੀਆਂ ਛੋਟੀਆਂ ਲੱਗਦੀਆਂ ਸਨ।ਸੀ.ਐਨ. ਟਾਵਰ ਵੇਖਣ ਤੋਂ ਪਿਛੋਂ ਗਰੁੱਪ ਫੋਟੋ ਖਿੱਚਣ ਵਾਲੇ ਸਥਾਨ ਤੇ ਆ ਕੇ ਫੋਟੋ ਗ੍ਰਾਫਰ ਨੂੰ ਰਸੀਦ ਵਿਖਾਈ। ਉਸ ਨੇ ਸਾਨੂੰ ਖਿੱਚੀ ਹੋਈ ਫੋਟੋ ਵਿਖਾਈ। ਨਾਲ ਹੀ ਕਹਿ ਦਿੱਤਾ "ਜੇ ਤੁਸੀਂ ਫੋਟੋ ਲੈਣੀ ਹੈ ਤਾਂ ਡਾਲਰ ਜਮਾਂ ਕਰਵਾਓ।" ਮੈਂ ਪਹਿਲਾਂ ਹੀ ਆਪਣੇ ਇਕ ਲੇਖ ਵਿਚ ਲਿਖ ਚੁੱਕਿਆ ਹਾਂ ਕਿ ਅਮਰੀਕਾ, ਕੈਨੇਡਾ ਤੇ ਯੂਰਪ ਦੇ ਦੇਸ਼ ਵਪਾਰੀ ਦੇਸ਼ ਹਨ। ਇਹ ਦੇਸ਼ ਹਰ ਕੰਮ ਵਪਾਰ ਦੇ ਨਜ਼ਰੀਏ ਨੂੰ ਮੁੱਖ ਰੱਖ ਕੇ ਕਰਦੇ ਹਨ। ਰਸ ਵਿਚੋਂ ਕਸ ਕੱਢਦੇ ਹਨ। ਜਿਥੋਂ ਵੀ ਕਿਤੋਂ ਪੈਸਾ ਬਣ ਸਕਦਾ ਹੋਵੇ, ਬਣਾਉਣ ਦਾ ਮੌਕਾ ਨਹੀਂ ਖਿਜ਼ਾਉਂਦੇ।

ਫੋਟੋ ਬਹੁਤ ਵਧੀਆ ਖਿੱਚੀ ਹੋਈ ਸੀ। ਟਾਵਰ ਵੇਖਣ ਦੀ ਯਾਦ ਵਜੋਂ ਅਸੀਂ ਫੋਟੋ ਖਰੀਦ ਲਈ। ਟਾਵਰ ਤੋਂ ਬਾਹਰ ਆ ਕੇ ਹੋਰ ਕਈ ਫੋਟੋਆਂ ਖਿੱਚੀਆਂ। ਵਾਪਸੀ ਲਈ ਫੇਰ ਰੇਲ ਵਿਚ ਸਵਾਰ ਹੋਏ। ਰੇਲ ਤੋਂ ਬਾਅਦ ਬੱਸ ਫੜੀ ਤੇ ਘਰ ਪਹੁੰਚ ਗਏ।

# ਨਿਆਗਰਾ ਫਾਲਜ਼

ਨਿਆਗਰਾ ਫਾਲਜ਼ ਦਾ ਅੱਖੀਂ ਡਿੱਠਾ ਨਜ਼ਾਰਾ ਦੱਸਣ ਤੋਂ ਪਹਿਲਾਂ ਮੈਂ ਤੁਹਾਨੂੰ ਨਿਆਗਰਾ ਫਾਲਜ਼ ਬਾਰੇ ਸੰਖੇਪ ਜਾਣਕਾਰੀ ਦੇਣਾ ਉੱਚਿਤ ਸਮਝਦਾ ਹਾਂ। ਨਿਆਗਰਾ ਫਾਲਜ਼, ਨਿਆਗਰਾ ਦਰਿਆ ਉੱਤੇ ਕੈਨੇਡਾ ਦੇ ਓਨਟਾਰੀਓ ਸੂਬੇ ਤੇ ਅਮਰੀਕਾ ਦੇ ਨਿਊਯਾਰਕ ਸੂਬੇ ਦੇ ਅੰਤਰ-ਰਾਸ਼ਟਰੀ ਬਾਡਰ ਉਪਰ ਹਨ।ਉੱਚੇ ਥਾਂ ਤੋਂ ਨੀਵੇਂ ਥਾਂ ਡਿੱਗਦੇ ਪਾਣੀ ਨੂੰ ਫਾਲਜ਼ ਕਿਹਾ ਜਾਂਦਾ ਹੈ। ਇਨ੍ਹਾਂ ਫਾਲਜ਼ ਦੀ ਗਿਣਤੀ ਤਿੰਨ ਹੈ। ਇਨ੍ਹਾਂ ਵਿਚੋਂ ਦੋ ਬੜੀਆਂ ਹਨ ਤੇ ਇਕ ਛੋਟੀ ਹੈ। ਇਕ ਬੜੀ ਦਾ ਨਾਂ Horse Shoe ਫਾਲਜ਼ ਹੈ। ਇਸ ਦੀ ਬਣਤਰ ਘੋੜੇ ਦੇ ਖੁਰ ਦੀ ਤਰ੍ਹਾਂ ਹੈ। ਇਹ ਕੈਨੇਡਾ ਵਾਲੇ ਪਾਸੇ ਹੈ। ਦੂਜੀ ਬੜੀ ਦਾ ਨਾਂ ਅਮਰੀਕਨ ਫਾਲਜ਼ ਹੈ। ਇਹ ਅਮਰੀਕਾ ਵਾਲੇ ਪਾਸੇ ਹੈ। ਤੀਜੀ ਛੋਟੀ ਫਾਲਜ਼ ਦਾ ਨਾਂ Bridal Veil Falls ਹੈ। ਇਹ ਵੀ ਅਮਰੀਕਾ ਵਾਲੇ ਪਾਸੇ ਹੈ।

ਨਿਆਗਰਾ ਫਾਲਜ਼ ਬਹੁਤੀਆਂ ਉੱਚੀਆਂ ਤਾਂ ਨਹੀਂ ਹਨ, ਪਰ ਚੌੜੀਆਂ ਪੂਰੀਆਂ ਹਨ।ਇਨ੍ਹਾਂ ਫਾਲਜ਼ ਤੋਂ ਔਸਤਨ 40 ਲੱਖ ਕਿਊਬਿਕ ਫੁੱਟ ਪਾਣੀ ਹਰ ਮਿੰਟ ਵਿਚ ਡਿੱਗਦਾ ਹੈ। ਇਹ ਫਾਲਜ਼ ਆਪਣੀ ਸੁੰਦਰਤਾ ਤੇ ਪਣ-ਬਿਜਲੀ ਪੈਦਾ ਕਰਨ ਲਈ ਮਸ਼ਹੂਰ ਹਨ। ਇਹ ਫਾਲਜ਼ ਨਿਊਯਾਰਕ ਸੂਬੇ ਦੇ ਸ਼ਹਿਰ ਬੁਫੈਲੋ ਦੇ ਉੱਤਰ-ਉੱਤਰ ਪੱਛਮ ਦੇ ਪਾਸੇ ਤੋਂ 27 ਕਿਲੋਮੀਟਰ ਦੂਰ ਹਨ।ਕੈਨੇਡਾ ਦੇ ਓਨਟਾਰੀਓ ਸੂਬੇ ਦੇ ਸ਼ਹਿਰ ਟਰਾਂਟੋ ਦੇ ਦੱਖਣ-ਦੱਖਣ ਪੂਰਬ ਤੇ ਪਾਸੇ ਤੋਂ 120 ਕਿਲੋਮੀਟਰ ਦੂਰ ਹਨ। ਨਿਆਗਰਾ ਫਾਲਜ਼ ਦੇ ਦੋਵੇਂ ਪਾਸੇ, ਨਿਆਗਰਾ ਫਾਲਜ਼ ਨਾਂ ਦੇ ਦੋ ਸ਼ਹਿਰ ਵਸੇ ਹੋਏ ਹਨ। ਇਕ ਸ਼ਹਿਰ ਦਾ ਨਾਂ ਨਿਆਗਰਾ ਫਾਲਜ਼ ਓਨਟਾਰੀਓ ਹੈ। ਦੂਜੇ ਦਾ ਨਾਂ ਨਿਆਗਰਾ ਫਾਲਜ਼ ਨਿਊਯਾਰਕ ਹੈ।

ਕੈਨੇਡਾ ਵਾਲੇ ਪਾਸੇ ਵਾਲੀ Horse shoe ਫਾਲਜ਼ 792 ਮੀਟਰ ਚੌੜੀ ਹੈ। ਜਦ ਕਿ ਅਮਰੀਕਾ ਵਾਲੀਆਂ ਫਾਲਜ 323 ਮੀਟਰ ਚੌੜੀਆਂ ਹਨ। ਅਮਰੀਕਾ ਵਾਲੇ ਪਾਸੇ ਤੋਂ ਤੁਹਾਨੂੰ ਫਾਲਜ਼ ਦਾ ਪਿਛਲਾ ਪਾਸਾ ਨਜ਼ਰ ਆਉਂਦਾ ਹੈ। ਫਾਲਜ਼ ਦਾ ਵਧੀਆ ਨਜ਼ਾਰਾ ਕੈਨੇਡਾ ਵਾਲੀ ਸਾਈਡ ਤੋਂ ਵੇਖਣ ਨੂੰ ਮਿਲਦਾ ਹੈ। 18ਵੀਂ ਸਦੀ ਦੇ ਸ਼ੁਰੂ ਵਿਚ ਟੂਰਿਸ਼ਟਾਂ ਨੇ ਨਿਆਗਰਾ ਫਾਲਜ਼ ਤੇ ਆਉਣਾ ਸ਼ੁਰੂ ਕੀਤਾ। 18ਵੀਂ ਅੱਧੀ ਸਦੀ ਗੁਜ਼ਰਦਿਆਂ ਹੀ ਇਹ ਹਰ ਮਨ ਪਿਆਰਾ ਸੈਲਾਨੀ ਕੇਂਦਰ ਤੇ ਏਸ ਏਰੀਏ ਦਾ ਆਮਦਨ ਦਾ ਮੁੱਖ ਸਾਧਨ ਬਣ ਗਿਆ।

ਨਿਆਗਰਾ ਦਰਿਆ ਉਪਰ ਕੈਨੇਡਾ ਤੇ ਅਮਰੀਕਾ ਨੂੰ ਜੋੜਨ ਵਾਲਾ ਪਹਿਲਾ ਪੈਦਲ ਚੱਲਣ ਵਾਲਾ ਪੁਲ (Foot Bridge) 1848 ਵਿਚ ਬਣਿਆ।ਸਾਲ 1855 ਵਿੱਚ ਫੇਰ ਸ਼ਸ਼ਪੈਂਨਸ਼ਨ ਪੁਲ ਬਣਾਇਆ ਗਿਆ। ਨਿਆਗਰਾ ਫਾਲਜ਼ ਤੇ ਸੜਕ ਤੇ ਰੇਲ ਰਾਹੀਂ ਟੂਰਿਸ਼ਟਾਂ ਦੇ ਹੁੰਦੇ ਵਾਧੇ ਨੂੰ ਵੇਖ ਕੇ ਸਾਲ 1886 ਵਿਚ ਨਿਆਗਰਾ ਦਰਿਆ ਉਪਰ ਪੱਕਾ ਲੋਹੇ ਦਾ ਪੁਲ ਬਣਾਇਆ ਗਿਆ, ਜਿਥੋਂ ਦੀ ਰੇਲਾਂ ਦੀ ਹੁਣ ਵੀ ਆਵਾਜਾਈ ਹੁੰਦੀ ਹੈ। ਸਾਲ 1897 ਵਿਚ ਏਥੇ Whirl Pool Rapids ਪੁਲ ਬਣਾਇਆ। ਏਸ ਪੁਲ ਉਪਰ ਦੀ ਰੇਲ ਟ੍ਰੈਫਿਕ, ਸੜਕੀ ਟ੍ਰੈਫਿਕ ਤੇ ਪੈਦਲ, ਅਮਰੀਕਾ ਤੇ ਕੈਨੇਡਾ ਵਾਸੀ ਇਕ ਦੂਜੇ ਦੇਸ਼

ਵਿਚ ਸਫਰ ਕਰਦੇ ਹਨ। ਸਾਲ 1941 ਵਿਚ ਨਿਆਗਰਾ ਫਾਲਜ਼ ਦੇ ਨੇੜੇ ਦਰਿਆ ਉਪਰ Rainbow Bridge ਬਣਾਇਆ ਹੈ। ਇਥੋਂ ਦੀ ਸੜਕੀ ਗੱਡੀਆਂ ਦੀ ਆਵਾਜਾਈ ਤੇ ਪੈਦਲ ਆਵਾਜਾਈ ਦੋਵਾਂ ਦੇਸ਼ਾਂ ਵਿਚ ਹੁੰਦੀ ਹੈ।

ਨਿਆਗਰਾ ਦਰਿਆ ਉਪਰੋਂ ਪਣ-ਬਿਜਲੀ ਕੈਨੇਡਾ ਤੇ ਅਮਰੀਕਾ ਦੋਵੇਂ ਦੇਸ਼ ਪੈਦਾ ਕਰਦੇ ਹਨ। ਨਿਆਗਰਾ ਫਾਲਜ਼ ਦੇ ਕੈਨੇਡਾ ਤੇ ਅਮਰੀਕਾ ਵਾਲੇ ਦੋਵੇਂ ਪਾਸੇ ਬੜੇ ਸੋਹਣੇ ਪਾਰਕ, ਸੜਕਾਂ, ਪੈਦਲ ਚਲਣ ਲਈ ਰਸਤੇ, ਰਸਤਿਆਂ ਵਿਚ ਖੜਣ ਤੇ ਵਿਸ਼ਰਾਮ ਕਰਨ ਲਈ ਛੱਤੀਆਂ ਥਾਵਾਂ ਬਣਾਈਆਂ ਹੋਈਆਂ ਹਨ। ਕੈਨੇਡਾ ਵਾਲੇ ਪਾਸੇ ਦੋ ਜੂਆ ਘਰ ਵੀ ਹਨ। ਕੈਨੇਡੇ ਵਾਲੇ ਪਾਸੇ ਬਣੀਆਂ ਇਹ ਉੱਚੀਆਂ ਬਿਲਡਿੰਗਾਂ ਤੇ ਹੋਟਲਾਂ ਕਾਰਨ ਨਿਆਗਰਾ ਫਾਲਜ਼ ਨੂੰ ਵੇਖਣ ਵਾਲੀਆਂ ਥਾਵਾਂ ਤੇ ਆਮ ਤੌਰ ਤੇ ਨਮੀਂ ਵਾਲੀ ਧੁੰਦ ਛਾਈ ਰਹਿੰਦੀ ਹੈ। ਨਿਆਗਰਾ ਫਾਲਜ਼ ਨੂੰ ਵੇਖਣ ਲਈ ਸ਼ੀਸ਼ੇ ਤੇ ਧਾਤ ਦਾ ਔਬਜ਼ਰਵੇਸ਼ਨ ਟਾਵਰ ਵੀ ਬਣਿਆ ਹੋਇਆ ਹੈ।

ਨਿਆਗਰਾ ਫਾਲਜ਼ ਟੂਰਿਸ਼ਟਾਂ, ਆਰਟਿਸਟਾਂ, ਲਿਖਾਰੀਆਂ ਤੇ ਫਿਲਮਾਂ ਬਣਾਉਣ ਵਾਲਿਆਂ ਦਾ ਖਿਚ ਦਾ ਕੇਂਦਰ ਹੈ। ਸਭ ਤੋਂ ਜ਼ਿਆਦਾ ਟੂਰਿਸਟ ਗਰਮੀਆਂ ਦੇ ਮੌਸਮ ਵਿਚ ਆਉਂਦੇ ਹਨ। ਉਸ ਸਮੇਂ ਮੌਸਮ ਬਹੁਤ ਸੁਹਾਵਣਾ ਹੁੰਦਾ ਹੈ। ਨਿਆਗਰਾ ਫਾਲਜ਼ ਦੇ ਸੈਲਾਨੀਆਂ ਦੀ ਸਭ ਤੋਂ ਵੱਡੀ ਖਿੱਚ ਇਥੋਂ ਦੀ ਕਿਸ਼ਤੀ ਰਾਹੀਂ ਨਿਆਗਰਾ ਫਾਲਜ਼ ਦੀ ਸੈਰ ਹੈ। ਇਹ ਕਿਸ਼ਤੀ ਟੂਰਿਸ਼ਟਾਂ ਨੂੰ ਨਿਆਗਰਾ ਫਾਲਜ਼ ਵਿਚੋਂ ਡਿੱਗਦੇ ਪਾਣੀਆਂ ਦੇ ਨੇੜੇ ਤੱਕ ਲੈ ਕੇ ਜਾਂਦੀ ਹੈ। ਪਾਣੀ ਦੀਆਂ ਪੈਂਦੀਆਂ ਬੁਛਾੜਾਂ ਤੋਂ ਵਚਨ ਲਈ ਟੂਰਿਸਟਾਂ ਨੇ ਆਪਣੇ ਉਪਰ ਪਤਲੇ ਮੋਮਜਾਮੇ ਦੇ ਡਰੈਸ ਪਹਿਨੇ ਹੁੰਦੇ ਹਨ। ਨਿਆਸਰਾ ਫਾਲਜ਼ ਦੇ ਕੈਨੇਡਾ ਵਾਲੇ ਪਾਸੇ ਤੇ ਲੱਗੀਆਂ ਫਲੱਡ ਲਾਈਟਾਂ, ਜੋ ਅੱਧੀ ਰਾਤ ਤੱਕ ਜਗਦੀਆਂ ਰਹਿੰਦੀਆਂ ਹਨ, ਟੂਰਿਸਟਾਂ ਲਈ ਇਕ ਮਨਮੋਹਕ ਨਜ਼ਾਰਾ ਪੇਸ਼ ਕਰਦੀਆਂ ਹਨ। ਕਿਊਨ ਵਿਕਟੋਰੀਆਂ ਪਾਰਕ ਬਹੁਤ ਵਧੀਆਂ ਢੰਗ ਨਾਲ ਬਣਾਇਆ ਹੋਇਆ ਹੈ।

ਨਿਆਗਰਾ ਫਾਲਜ਼ ਨੂੰ ਧਰਤੀ ਹੇਠ ਬਣਾਏ ਗਏ, ਵੇਖਣ ਵਾਲੇ ਕਮਰਿਆਂ ਰਾਹੀਂ ਵੇਖਣ ਦਾ ਇਕ ਆਪਣਾ ਹੀ ਅਨੋਖਾ ਨਜ਼ਾਰਾ ਹੈ। Skylon Tower ਉਪਰ ਵੇਖਣ ਲਈ ਬਣਾਏ ਗਏ ਔਬਜ਼ਰਵੇਸ਼ਨ ਡੈਕ ਤੋਂ ਨਿਆਗਰਾ ਫਾਲਜ਼ ਦਾ ਸਭ ਤੋਂ ਉੱਚਾ ਦ੍ਰਿਸ਼ ਵੇਖਿਆ ਜਾਂਦਾ ਹੈ। ਨਿਆਗਰਾ ਦਰਿਆ ਦੇ ਨਾਲ 35 ਮੀਲ ਲੰਮੀ Fort Fric ਤੋਂ Fort George ਤੱਕ ਨਿਆਗਰਾ River Recreational Trail ਚੱਲਦੀ ਹੈ, ਜਿਹੜੀ ਸਾਲ 1812 ਦੀ ਜੰਗ ਨਾਲ ਸਬੰਧਿਤ ਕਈ ਇਤਿਹਾਸਕ ਥਾਵਾਂ ਉਪਰੋਂ ਦੀ ਲੰਘਦੀ ਹੈ। Whirl Pool Aero Car ਇਕ ਕੇਬਲ ਕਾਰ ਹੈ, ਜਿਹੜੀ ਕੈਨੇਡਾ ਸਾਈਡ ਤੋਂ ਵਿਰ੍ਹਲਪੂਲ ਪੁਲ ਉਪਰ ਯਾਤਰੀਆਂ ਨੂੰ ਲੈ ਕੇ ਜਾਂਦੀ ਹੈ। ਇਹ ਹੈ ਲਿਆਗਰਾ ਫਾਲਜ਼ ਸਬੰਧੀ ਜਾਣਕਾਰੀ।

ਹੁਣ ਮੈਂ ਤੁਹਾਨੂੰ ਨਿਆਗਰਾ ਫਾਲਜ਼ ਦੇ ਕੀਤੇ ਆਪਣੇ ਟੂਰ ਬਾਰੇ ਦੱਸਦਾ ਹਾਂ। ਸਾਲ 2005 ਅਕਤੂਬਰ ਮਹੀਨੇ ਦੇ ਦੂਜੇ ਹਫਤੇ ਵਾਲੇ ਐਤਵਾਰ ਨੂੰ ਮੈਂ, ਮੇਰਾ ਜੁਆਈ, ਮੇਰੀ ਲੜਕੀ ਤੇ ਦੋਵੇਂ ਬੱਚੇ ਨਿਆਗਰਾ ਫਾਲਜ਼ ਨੂੰ ਵੇਖਣ ਲਈ ਸਵੇਰੇ 10 ਵਜੇ ਚੱਲ ਪਏ। ਮੈਨੂੰ ਕਿਉਂਕਿ ਜ਼ਿਆਦਾ ਪੀਜ਼ਾ, ਬਰਗਰ ਤੇ ਹੋਰ ਫਾਸਟ ਫੂਡ ਖਾਣਾ ਪਸੰਦ ਨਹੀਂ ਹੈ, ਏਸ ਲਈ ਮੇਰੇ ਲਾਈ ਮੇਰੀ ਲੜਕੀ ਨੇ ਡਬਲ ਰੋਟੀ ਦੇ ਟੋਸਟ ਤਿਆਰ ਕਰਕੇ ਨਾਲ ਲੈ ਲਏ।

ਕੋਈ ਅੱਧਾ ਕੁ ਘੰਟਾ ਚੱਲਿਆਂ ਨੂੰ ਹੋਇਆ ਸੀ ਕਿ ਬੱਦਲਬਾਈ ਸ਼ੁਰੂ ਹੋ ਗਈ। ਜਦ ਨਿਆਗਰਾ ਫਾਲਜ਼ ਪਹੁੰਚੇ ਤਾਂ ਅੱਗੇ ਛਪਾਰ ਦੇ ਮੇਲੇ ਵਾਂਗ ਨਿਆਗਰਾ ਫਾਲਜ਼ ਨੂੰ ਵੇਖਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਸੀ। ਅਮਰੀਕਾ ਅਤੇ ਕੈਨੇਡਾ ਦੇ ਟੂਰ ਸਮੇਂ ਮੈਂ ਵੇਖਿਆ ਹੈ ਕਿ ਹਫਤੇ ਦੇ ਪੰਜ ਦਿਨ ਲੋਕ ਦੱਬ ਕੇ ਕੰਮ ਕਰਦੇ ਹਨ। ਸ਼ਨਿਚਰਵਾਰ ਤੇ ਐਤਵਾਰ ਦੀਆਂ ਛੁੱਟੀਆਂ ਵਿਚ ਪੂਰੀ ਐਸ਼ ਕਰਦੇ ਹਨ। ਭਾਰਤ ਵਿਚ ਅਸੀਂ ਕੰਮ ਕਰਨ ਵਾਲੇ ਦਿਨਾਂ ਵਿਚ ਨਾਂ ਤਾਂ ਤਨਦੇਹੀ ਨਾਲ ਕੰਮ ਕਰਦੇ ਹਾਂ ਅਤੇ ਨਾਂ ਹੀ ਛੁੱਟੀਆਂ ਵਾਲੇ ਦਿਨ ਨੂੰ ਪੂਰੇ ਦਿਲ ਨਾਲ ਛੁੱਟੀਆਂ ਮਨਾਉਂਦੇ ਹਨ।

ਟੂਰਿਸ਼ਟਾਂ ਦੀ ਭੀੜ ਹੋਣ ਕਰਕੇ ਸਾਨੂੰ ਗੱਡੀ ਨੂੰ ਪਾਰਕਿੰਗ ਕਰਨ ਲਈ ਕੋਈ ਅੱਧਾ ਘੰਟਾ ਘੁੰਮਣਾ ਪਿਆ। ਗੱਡੀ ਪਾਰਕ ਕਰਕੇ ਪਾਰਕਿੰਗ ਲਾਟ ਵਿਚੋਂ ਨਿਕਲੇ ਹੀ ਸੀ ਕਿ ਮੋਟੀਆਂ ਮੋਟੀਆਂ ਕਣੀਆਂ ਪੈਣੀਆਂ ਸ਼ੁਰੂ ਹੋ ਗਈਆਂ। ਭੱਜ ਕੇ ਇਕ ਰੇਨ ਸ਼ੈਡ ਵਿਚ ਪਹੁੰਚੇ। ਬਾਰਸ਼ ਹਟਣ ਦੀ ਉਡੀਕ ਕਰਨ ਲੱਗੇ। ਕੋਈ 20 ਕੁ ਮਿੰਟ ਬਾਰਸ਼ ਪੈ ਕੇ ਹਟ ਗਈ। ਫੇਰ ਅਸੀਂ ਫਾਲਜ਼ ਨੂੰ ਵੇਖਣ ਲਈ ਕਿਨਾਰੇ ਤੇ ਬਣੇ ਹੋਏ ਲੋਹੇ ਦੇ ਜੰਗਲਿਆਂ ਕੋਲ ਖੜ੍ਹ ਕੇ ਫਾਲਜ਼ ਦਾ ਨਜ਼ਾਰਾ ਵੇਖਣ ਲੱਗੇ। ਇਕ ਅਸਮਾਨ ਵਿਚ ਬੱਦਬਾਈ, ਦੂਜੀ ਫਾਲਜ਼ ਦੀ ਧੁੰਦ ਕਰ ਕੇ ਫਾਲਜ਼ ਇਕ ਅਜੂਬਾ ਹੀ ਲੱਗਦੀਆਂ ਸਨ। ਕਿਨਾਰੇ ਤੇ ਖੜ੍ਹ ਕੇ ਫੋਟੋਆਂ ਖਿੱਚੀਆਂ।

ਕਿਣ ਮਿਣ ਕਾਨੀ ਫੇਰ ਸ਼ੁਰੂ ਹੋ ਗਈ। ਫਾਲਜ਼ ਦੇ ਕਿਨਾਰੇ ਤੇ ਹੋਟਲ ਤੇ ਛੋਟਾ ਜਿਹਾ ਮਾਲ ਵੀ ਬਣਿਆ ਹੋਇਆ ਹੈ। ਮਾਲ ਵਿਚੋਂ ਰੇਨਕੋਟ ਖਰੀਦੇ। ਪਹਿਣ ਕੇ ਫੇਰ ਫਾਲਜ਼ ਨੂੰ ਵੇਖਣ ਆ ਗਏ। ਉਂਜ ਫਾਲਜ਼ ਏਰੀਏ ਵਿਚ ਕਈ ਫਾਈਵ ਸਟਾਰ ਹੋਟਲ, ਜੂਆਘਰ ਤੇ ਮਾਲ ਬਣੇ ਹੋਏ ਹਨ। ਫੇਰ ਅਸੀਂ ਲਿਫਟ ਰਾਹੀਂ ਫਾਲਜ਼ ਦੇ ਹੇਠਾਂ ਗਏ। ਉਥੋਂ ਇਕ ਸੁਰੰਗ ਰਾਹੀਂ ਫਾਲਜ਼ ਦੇ ਪਿਛਲੇ ਪਾਸੇ ਪਹੁੰਚ ਗਏ। ਡਿਗਦੀਆਂ ਫਾਲਜ਼ ਨੂੰ ਪਿਛਲੇ ਪਾਸੇ ਤੋਂ ਡਿੱਗਦੀਆਂ ਵੇਖਿਆ। ਏਸ ਨਜ਼ਾਰੇ ਦੇ ਅਨੰਦ ਨੂੰ ਵਰਨਣ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਇਹ ਨਜ਼ਾਰਾ ਤਾਂ ਮਾਣਿਆ ਹੀ ਜਾ ਸਕਦਾ ਹੈ।

ਲਿਫਟ ਰਾਹੀਂ ਫੇਰ ਉਪਰ ਆ ਗਏ। ਬਾਰਸ਼ ਪਹਿਲਾਂ ਨਾਲੋਂ ਤੇਜ਼ ਹੋ ਗਈ। ਏਸ ਲਈ ਫਾਲਜ਼ ਦੀ ਕਿਸ਼ਤੀ ਰਾਹੀਂ ਸੈਰ, ਜਿਹੜੀ ਕਿ ਟੂਰਿਸ਼ਟਾਂ ਦੀ ਸਭ ਤੋਂ ਜ਼ਿਆਦਾ ਖਿੱਚ ਮੰਨੀ ਜਾਂਦੀ ਹੈ, ਸਾਨੂੰ ਮਜ਼ਬੂਰਨ ਛੱਡਣੀ ਪਈ। ਇਕ ਹੋਟਲ ਵਿਚ ਬੈਠ ਕੇ ਪਰਿਵਾਰ ਨੇ ਫਾਸਟ ਫੂਡ ਖਾਂਦਾ ਤੇ ਮੈਂ ਨਾਲ ਲਿਆਂਦੇ ਡਬਲ ਰੋਟੀ ਦੇ ਟੋਸਟ ਖਾਦੇ। ਬਾਰਸ਼ ਲਗਾਤਾਰ ਪੈਂਦੀ ਰਹੀ। ਬੱਦਲ ਪੂਰਾ ਘੁਲਿਆ ਹੋਇਆ ਸੀ। ਬਾਰਸ਼ ਹਟਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਹਨ। ਏਸ ਲਈ ਸਾਨੂੰ ਬਾਰਸ਼ ਵਿਚ ਹੀ ਵਾਪਸ ਮੁੜਨਾ ਪਿਆ। ਰਸਤੇ ਵਿਚ ਵੀ ਬਾਰਸ਼ ਹੁੰਦੀ ਰਹੀ। ਘਰ ਵੀ ਬਾਰਸ਼ ਪੈਂਦੇ ਵਿਚ ਹੀ ਪਹੁੰਚੇ। ਇਹ ਸੀ ਸਾਡੀ ਨਿਆਗਰਾ ਫਾਲਜ਼ ਦੀ ਫੇਰੀ।

# ਫਰਾਂਸੀਸੀ ਸਭਿਆਚਾਰ ਦਾ ਕੇਂਦਰ-ਮਾਂਟਰੀਅਲ ਸ਼ਹਿਰ

ਮੇਰਾ ਇਕ ਭਾਣਜਾ ਬਲਰਾਜ ਸਿੰਘ ਟਰਾਂਟੋ ਸ਼ਹਿਰ ਵਿਚ ਰਹਿੰਦਾ ਹੈ। ਇਹ ਮੇਰੀ ਸਭ ਤੋਂ ਛੋਟੀ ਭੈਣ ਸੁਰਿੰਦਰਜੀਤ ਕੌਰ, ਜਿਹੜੀ ਪਿੰਡ ਮਾਂਗੇਵਾਲ ਵਿਚ ਵਿਆਹੀ ਹੋਈ ਹੈ, ਉਸ ਦਾ ਛੋਟਾ ਲੜਕਾ ਹੈ। ਮੇਰੇ ਮਾਮਾ ਜੀ ਦਾ ਇਕ ਪੋਤਾ ਸੁਖਮਿੰਦਰ ਸਿੰਘ, ਜਿਸ ਨੂੰ ਅਸੀਂ ਪਿਆਰ ਨਾਲ ਸਾਧੂ ਕਹਿੰਦੇ ਹਾਂ, ਉਹ ਵੀ ਟਰਾਂਟੋ ਰਹਿੰਦਾ ਹੈ। ਬਲਰਾਜ ਸਿੰਘ ਤੇ ਸੁਖਮਿੰਦਰ ਸਿੰਘ ਆਪਸ ਵਿਚ ਸਕੇ ਸਾਂਢੂ ਹਨ। ਇਨ੍ਹਾਂ ਦੋਹਾਂ ਪਰਿਵਾਰਾਂ ਦਾ ਆਪਸ ਵਿਚ ਪਿਆਰ ਬਹੁਤ ਹੈ। ਰਹਿੰਦੇ ਵੀ ਇਕੱਠੇ ਇਕੋ ਘਰ ਵਿਚ ਹਨ।

ਮੇਰੀ ਲੜਕੀ ਦੇ ਪਰਿਵਾਰ ਦੀ ਰਹਾਇਸ਼ ਵੀ ਇਨ੍ਹਾਂ ਦੇ ਨੇੜੇ ਹੀ ਸੀ। ਬਲਰਾਜ ਤੇ ਸੁਖਮਿੰਦਰ ਨੇ ਮੈਨੂੰ ਕੈਨੇਡਾ ਦੀ ਰਾਜਧਾਨੀ ਓਟਵਾ ਵਿਖਾਉਣ ਦਾ ਪ੍ਰੋਗਰਾਮ ਬਣਾ ਲਿਆ। ਬਲਰਾਜ਼ ਦੀ ਇਕ ਦਿਨ ਛੁੱਟੀ ਸੀ। ਸੁਖਮਿੰਦਰ ਨੇ ਉਸ ਦਿਨ ਦੀ ਛੁੱਟੀ ਲੈ ਲਈ। ਅੱਗੇ ਸ਼ਨਿਚਰਵਾਰ ਤੇ ਐਤਵਾਰ ਦੀਆਂ ਛੁੱਟੀਆਂ ਸਨ। ਅਸੀਂ ਸਵੇਰੇ 9.30 ਵਜੇ ਓਟਵਾ ਨੂੰ ਚੱਲ ਪਏ। ਖੁਲ੍ਹੀਆਂ ਸੜਕਾਂ, ਆਲੇ ਦੁਆਲੇ ਹਰੇ ਭਰੇ ਜੰਗਲ। ਸਾਡੀ ਕਾਰ 110 ਕਿਲੋਮੀਟਰ ਦੀ ਸਪੀਡ ਤੋਂ ਵੀ ਉਪਰ ਜਾ ਰਹੀ ਸੀ। ਰਸਤੇ ਵਿਚ ਇੱਕ ਪਟਰੋਲ ਪੰਪ ਤੇ ਬਣੇ ਫਾਸਟ ਫੂਡ ਸੈਂਟਰ ਤੋਂ ਪੇਟ ਪੂਜਾ ਕੀਤੀ। ਕੋਈ 2 ਕੁ ਵਜ਼ੇ ਦੇ ਕਰੀਬ ਅਸੀਂ ਓਟਵਾ ਸ਼ਹਿਰ ਦੇ ਬਾਹਰਲੇ ਹਿੱਸੇ ਤੇ ਪਹੁੰਚ ਗਏ।

ਸੁਖਮਿੰਦਰ ਸਿੰਘ ਨੇ ਰਾਏ ਦਿੱਤੀ "ਆਪਣੇ ਕੋਲ ਅਜੇ ਕਾਫੀ ਟਾਈਮ ਹੈ। ਕਿਉਂਕਿ ਨਾ ਮਾਂਟਰੀਅਲ ਸ਼ਹਿਰ ਵੇਖਣ ਚੱਲੀਏ ? ਰਾਤ ਉਥੇ ਰਹਾਂਗੇ। ਕੱਲ੍ਹ ਆ ਕੇ ਓਟਵਾ ਵੇਖ ਕੇ ਵਾਪਸ ਚਲੇ ਚੱਲਾਂਗੇ ?' ਮੈਨੂੰ ਸੁਖਮਿੰਦਰ ਦੀ ਰਾਏ ਚੰਗੀ ਲੱਗੀ। ਮੈਂ ਹਾਂ ਕਰ ਦਿੱਤੀ। ਮੈਂ ਤਾਂ ਵੱਧ ਤੋਂ ਵੱਧ ਕੈਨੇਡਾ ਵੇਖਣਾ ਚਾਹੁੰਦਾ ਸੀ।

ਭਾਰਤ ਦੀ ਤਰ੍ਹਾਂ ਏਥੇ ਤੁਹਾਨੂੰ ਹਾਈਵੇ ਉਪਰ ਰਾਹ ਪੁੱਛਣ ਲਈ ਕੋਈ ਵੀ ਬੰਦਾ ਨਹੀਂ ਮਿਲੇਗਾ। ਏਥੇ ਹਾਈਵੇ ਉਪਰ ਕੋਈ ਰੈਡ ਲਾਈਟ ਨਹੀਂ ਹੁੰਦੀ। ਸੜਕਾਂ ਜਿਥੇ ਕਰਾਸ ਕਰਦੀਆਂ ਹਨ, ਉਨ੍ਹਾਂ ਉਪਰ ਲਾਂਘੇ ਲਈ ਪੁਲ ਬਣੇ ਹੁੰਦੇ ਹਨ। ਸਿਰਫ ਸ਼ਹਿਰ ਦੇ ਅੰਦਰ ਵਾਲੀਆਂ ਸੜਕਾਂ ਉਪਰ ਹੀ ਰੈਡ ਲਾਈਟਾਂ ਲੱਗੀਆਂ ਹੁੰਦੀਆਂ ਹਨ। ਅਸੀਂ ਮਾਂਟਰੀਅਲ ਨੂੰ ਜਾਣ ਵਾਲੀਆਂ ਸੜਕਾਂ ਦੀ ਜਾਣਕਾਰੀ ਲਈ ਨਕਸ਼ਾ ਲੈਣ ਲਈ ਇਕ ਬੁੱਕ ਸਟੋਰ ਤੇ ਗਏ। ਉਥੋਂ ਨਕਸ਼ਾ ਖਰੀਦਿਆ। ਕਾਰ ਮਾਂਟਰੀਅਲ ਨੂੰ ਜਾਣ ਵਾਲੀ ਸੜਕ ਤੇ ਰੇੜ੍ਹ ਦਿੱਤੀ। ਸੜਕ ਜੰਗਲ ਬੀਆਬਾਨ ਵਿਚੋਂ ਦੀ ਜਾ ਰਹੀ ਸੀ। ਸ਼ਾਮ ਦੇ 5.30 ਵਜੇ ਅਸੀਂ ਮਾਂਟਰੀਅਲ ਸ਼ਹਿਰ ਦੀਆਂ ਬਾਹਰਲੀਆਂ ਬਸਤੀਆਂ ਕੋਲ ਪਹੁੰਚ ਗਏ।

ਮਾਂਟਰੀਅਲ ਵਿਚ ਵੇਖਣ ਲਈ ਮੁੱਖ ਥਾਂ ਏਥੋਂ ਦੀ ਬੰਦਰਗਾਹ ਨੂੰ ਰਾਤ ਨੂੰ ਵੇਖਣਾ ਹੈ। ਕੁਝ ਹੋਰ ਥਾਵਾਂ ਤੇ ਬਾਜ਼ਾਰ ਵੀ ਵੇਖਣ ਵਾਲੇ ਹਨ। ਅਸੀਂ ਇਕ ਪਟਰੋਲ ਪੰਪ ਤੋਂ ਪਟਰੋਲ ਪਵਾਇਆ। ਪਟਰੋਲ ਪੰਪ ਵਾਲੇ ਤੋਂ ਬੰਦਰਗਾਹ ਦੇ ਰਾਹ ਦੀ ਵਾਕਫੀਅਤ ਵੀ ਲੈ ਲਈ। ਅਸੀਂ ਚਲਦੇ ਗਏ। ਚਲਦੇ ਗਏ। ਸੜਕ ਦੇ ਇਕ ਮੋੜ ਤੇ ਆ ਕੇ ਮੋੜ ਤੇ ਖੜ੍ਹੇ ਬੰਦਿਆਂ ਤੋਂ ਬੰਦਰਗਾਹ ਨੂੰ ਜਾ ਰਹੀ ਸੜਕ ਦੀ ਤਸੱਲੀ ਕਰਨ ਲਈ ਕਾਰ ਰੋਕੀ। ਖੜ੍ਹੇ ਬੰਦਿਆਂ ਨੇ ਦੱਸਿਆ "ਤੁਸੀਂ ਠੀਕ ਸੜਕ ਤੇ ਜਾ ਰਹੇ ਹੋ ?" ਉਨ੍ਹਾਂ ਵਿਚੋਂ ਖੜੇ ਇਕ ਬੰਦੇ ਨੇ ਬੇਨਤੀ ਕੀਤੀ। "ਮੈਂ ਵੀ ਬੰਦਰਗਾਹ ਦੇ ਨੇੜੇ ਜਾਣਾ ਹੈ। ਜੇ ਤੁਸੀਂ ਮੈਨੂੰ ਨਾਲ ਲਿਜਾ

ਸਕਦੇ ਹੋ, ਮੈਂ ਤੁਹਾਨੂੰ ਰਾਹ ਦੱਸਦਾ ਜਾਵਾਂਗਾ।"

ਅਸੀਂ ਉਸ ਬੰਦੇ ਨੂੰ ਕਾਰ ਦੀ ਅਗਲੀ ਸੀਟ ਤੇ ਬਠਾ ਲਿਆ ਤੇ ਚਲ ਪਏ। ਹੁਣ ਅਸੀਂ ਖੁੱਲ੍ਹੀਆਂ ਸੜਕਾਂ ਦੀ ਥਾਂ ਡਾਊਨ ਟਾਊਨ ਦੀਆਂ ਤੰਗ ਸੜਕਾਂ ਤੇ ਜਾ ਰਹੇ ਸਾਂ ਰਾਤ ਦੀਆਂ ਲਾਈਟਾਂ ਜਲ ਚੁੱਕੀਆਂ ਸਨ। ਆਪਣੇ ਆਏ ਟਿਕਾਣੇ ਤੇ ਉਹ ਬੰਦਾ ਉੱਤਰ ਗਿਆ। ਸਾਨੂੰ ਅਗਲੇ ਰਸਤੇ ਦੀ ਜਾਣਕਾਰੀ ਦੇ ਗਿਆ। ਹੁਣ ਥੋੜੀ ਥੋੜੀ ਦੂਰੀ ਤੇ ਸੜਕ ਉਪਰ ਰੈਡ ਲਾਈਟਾਂ ਸਨ। ਕਾਰ ਬਹੁਤ ਹੌਲੀ ਚਲ ਰਹੀ ਸੀ। ਇਹ ਰਹਾਇਸ਼ੀ ਏਰੀਆ ਸੀ। ਹੇਠਲੀ ਮੰਜ਼ਲ ਤੇ ਦੁਕਾਨਾਂ ਸਨ। ਉਪਰਲੀ ਮੰਜ਼ਲ ਵਿਚ ਲੋਕ ਰਹਿੰਦੇ ਸਨ। ਸਾਨੂੰ ਚਲਦਿਆਂ ਨੂੰ ਹੋਰ ਘੰਟਾ ਲੱਗ ਗਿਆ। ਪਰ ਬੰਦਰਗਾਹ ਤੇ ਪਹੁੰਚਣ ਦਾ ਕੋਈ ਢੋਹ ਨਹੀਂ ਬਨਿਆ ਸੀ।

ਏਰੀਏ ਵਿਚ ਗੱਡੀ ਪਾਰਕ ਕਰਨ ਲਈ ਕੋਈ ਪਾਰਕਿੰਗ ਨਜ਼ਰ ਨਹੀਂ ਆ ਰਹੀ ਸੀ। ਰੈਡ ਲਾਈਟ ਤੇ ਖੜ੍ਹੇ ਇਕ ਕਾਰ ਵਾਲੇ ਤੋਂ ਕਾਰ ਪਾਰਕਿੰਗ ਦਾ ਪਤਾ ਕਰ ਕੇ ਮਸਾਂ ਕਾਰ ਪਾਰਕਿੰਗ ਲੱਭੀ। ਕਾਰ ਪਾਰਕ ਕਰ ਕੇ ਪਾਰਕਿੰਗ ਲਾਟ ਦੇ ਕਰਮਚਾਰੀ ਤੋਂ ਬੰਦਰਗਾਹ ਬਾਰੇ ਪੁੱਛਿਆ। ਉਸ ਨੇ ਦੱਸਿਆ, "ਏਥੋਂ ਕਾਫੀ ਦੂਰ ਹੈ।" ਭੁੱਖ ਲੱਗੀ ਹੋਈ ਸੀ। ਬਾਜ਼ਾਰ ਬੰਦ ਹੋ ਰਹੇ ਸਨ। ਰੋਟੀ ਖਾਣੀ ਸੀ। ਠਹਿਰਨ ਲਈ ਹੋਟਲ ਭਾਲਣਾ ਸੀ। ਏਸੇ ਲਈ ਬੰਦਰਗਾਹ ਨੂੰ ਵੇਖਣ ਦਾ ਵਿਚਾਰ ਛੱਡ ਕੇ ਪਹਿਲਾਂ ਰੋਟੀ ਦੀ ਭਾਲ ਕਰਨੀ ਸ਼ੁਰੂ ਕੀਤੀ—

ਪੇਟ ਨਾ ਪਈਆਂ ਰੋਟੀਆਂ,
ਸਭ ਗੱਲਾਂ ਖੋਟੀਆਂ।

ਤੁਰਦੇ ਤੁਰਦੇ ਇਕ ਸਬ ਵੇਅ ਖੁਲ੍ਹਾਂ ਮਿਲ ਗਿਆ। ਉਥੋਂ ਪੇਟ ਪੂਜਾ ਕੀਤੀ। ਥੋੜੀ ਦੂਰੀ ਤੇ ਜਾ ਕੇ ਇਕ ਚੰਗਾ ਹੋਟਲ ਮਿਲ ਗਿਆ। ਕਮਰੇ ਦੀਆਂ ਚਾਬੀਆਂ ਲਈਆਂ। ਕਮਰਾ ਖੋਲ੍ਹਿਆ ਤੇ ਸੌਣ ਦੀ ਕੀਤੀ। ਸਵੇਰੇ 8 ਵਜੇ ਜਾਗ ਖੁੱਲ੍ਹੀ। ਨ੍ਹਾਹ ਧੋ ਕੇ ਤਿਆਰ ਹੋਏ। ਹੇਠਾਂ ਹੋਟਲ ਵਿਚ ਨਾਸ਼ਤਾ ਕੀਤਾ। ਪਾਰਕਿੰਗ ਲਾਟ ਵਿਚੋਂ ਗੱਡੀ ਲੈ ਕੇ ਬੰਦਰਗਾਹ ਵੇਖਣ ਲਈ ਚੱਲ ਪਏ। 10 ਮਿੰਟਾਂ ਦੇ ਸਫਰ ਪਿਛੋਂ ਬੰਦਰਗਾਹ ਦੇ ਨਜ਼ਦੀਕ ਬਣੀ ਪਾਰਕਿੰਗ ਵਿਚ ਕਾਰ ਖੜ੍ਹੀ ਕੀਤੀ। ਤੁਰ ਕੇ ਬੰਦਰਗਾਹ ਨੂੰ ਵੇਖਣ ਵਾਲੀ ਥਾਂ ਤੇ ਪਹੁੰਚੇ। ਹਵਾ ਠੰਡੀ ਤੇ ਤੇਜ਼ ਚਲ ਰਹੀ ਸੀ। ਸਵੇਰ ਦਾ ਟਾਈਮ ਹੋਣ ਕਰਕੇ ਗਿਣਤੀ ਦੇ ਹੀ ਟੂਰਿਸ਼ਟ ਸਨ। ਘੁੰਮ ਫਿਰ ਕੇ ਜਗਾ ਵੇਖੀ। ਕੁਝ ਫੋਟੋਆਂ ਖਿੱਚੀਆਂ। ਦੋ ਬੜੇ ਮਾਲ ਘੁੰਮ ਕੇ ਵੇਖੇ। ਉਸ ਤੋਂ ਪਿਛੋਂ ਕਾਰ ਵਿਚ ਸਵਾਰ ਹੋ ਕੇ ਓਟਵਾ ਨੂੰ ਚੱਲ ਪਏ।

ਹੁਣ ਮੈਂ ਤੁਹਾਨੂੰ ਮਾਂਟਰੀਅਲ ਸ਼ਹਿਰ ਦਾ ਥੋੜਾ ਜਿਹਾ ਇਤਿਹਾਸ ਦਸਣਾ ਚਾਹੁੰਦਾ ਹਾਂ।

ਮਾਂਟਰੀਅਲ ਸ਼ਹਿਰ ਦਾ ਨਾਂ ਮਾਂਟਰੀਅਲ ਟਾਪੂ ਦੇ ਨਾਂ ਤੇ ਰੱਖਿਆ ਹੋਇਆ ਹੈ। ਇਹ ਕਿਉਂਬਿਕ ਸੂਬੇ ਦਾ ਸ਼ਹਿਰ ਹੈ। ਸਾਲ 1534 ਵਿਚ ਏਥੇ ਪਹਿਲਾ ਯੂਰਪ ਵਾਸੀ ਪਹੁੰਚਿਆ। 1642 ਈਸਵੀ ਵਿਚ ਏਥੇ ਫਰਾਂਸ਼ੀਸ਼ੀ ਬਸਤੀ ਦੀ ਸਥਾਪਨਾ ਕੀਤੀ ਗਈ। ਇਹ ਬਸਤੀ Fur-trade ਦਾ ਕੇਂਦਰ ਬਣ ਗਈ। ਸਾਲ 1832 ਵਿਚ ਇਸ ਨੂੰ ਸ਼ਹਿਰ ਦੀ ਪਦਵੀ ਦਿੱਤੀ ਗਈ। Lachine Canal ਦੇ ਬਣਨ ਨਾਲ ਯੂਨਾਈਟਿਡ ਪਰੋਬਿੰਸ ਆਫ ਕੈਨੇਡਾ ਦੀ 1844 ਤੋਂ 1849 ਤੱਕ ਰਾਜਧਾਨੀ ਰਹਿਣ ਕਰਕੇ ਮਾਂਟਰੀਅਲ ਦੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਸਾਲ 1950 ਵਿਚ 10 ਲੱਖ ਤੋਂ ਉਪਰ ਆਬਾਦੀ ਹੋ

ਗਈ। ਸੇਂਟ ਲਾਰੈਂਸ ਸੀ ਵੇ (Sea Way) ਦੇ ਖੁੱਲ੍ਹਣ, 1967 ਵਿਚ ਦੁਨੀਆਂ ਦੀ ਲੱਗੀ ਨੁਮਾਇਸ਼, ਸਾਲ 1976 ਦੀਆਂ ਗਰਮੀ ਦੀਆਂ ਓਲੰਪਿਕ ਖੇਡਾਂ ਨੇ ਮਾਂਟਰੀਅਲ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਦਿੱਤੀ। ਸਾਲ 2001 ਵਿਚ ਆਬਾਦੀ 18 ਲੱਖ ਤੋਂ ਉਪਰ ਹੋ ਗਈ।

ਸਾਲ 1920 ਤੇ 1930 ਦੇ ਦਰਮਿਆਨ ਜਦ ਅਮਰੀਕਾ ਵਿਚ ਨਸ਼ਾਬੰਦੀ ਕੀਤੀ ਗਈ ਸੀ, ਉਸ ਸਮੇਂ ਮਾਂਟਰੀਅਲ ਅਮਰੀਕਾ ਵਾਸੀਆਂ ਦੇ ਸ਼ਰਾਬੀਆਂ ਲਈ ਸਵਰਗ ਬਣ ਗਿਆ ਸੀ। ਏਥੇ ਹੁੰਦੀ ਜੂਆਬਾਜ਼ੀ ਤੇ ਰੰਡੀਬਾਜ਼ੀ ਨੇ ਮਾਂਟਰੀਅਲ ਸ਼ਹਿਰ ਦਾ ਨਾਂ "ਸ਼ਿਨ ਸ਼ਿਟੀ" ਦੇ ਤੌਰ ਤੇ ਮਸ਼ਹੂਰ ਕਰ ਦਿੱਤਾ ਸੀ। ਸਾਲ 1931 ਵਿਚ ਬਣੀ ਸਨ ਲਾਈਫ ਬਿਲਡਿੰਗ ਉਸ ਸਮੇਂ ਦੀ ਕਾਮਨ ਵੈਲਥ ਦੇਸ਼ਾਂ ਦੀ ਸਭ ਤੋਂ ਉੱਚੀ ਬਿਲਡਿੰਗ ਸੀ। ਏਸ ਬਿਲਡਿੰਗ ਦੇ ਗੁਪਤ ਤਹਿਖਾਨਿਆਂ ਵਿਚ ਹੀ ਦੂਜੀ ਸੰਸਾਰ ਜੰਗ ਸਮੇਂ ਬੈਂਕ ਆਫ ਇੰਗਲੈਂਡ ਤੇ ਬ੍ਰਿਟਿਸ਼ ਕਰਾਊਨ ਜਿਊਲਜ਼ ਦਾ ਸੋਨਾ ਰੱਖਿਆ ਗਿਆ ਸੀ। ਮਾਂਟਰੀਅਲ ਵਿਚ ਮੈਕਗਿਲ ਯੂਨੀਵਰਸਿਟੀ, ਬੈਂਕ ਆਫ ਮਾਂਟਰੀਅਲ, ਰਾਇਲ ਵਿਕਟੋਰੀਆ ਹਸਪਤਾਲ ਮਿਸਟਰ ਸਕਾਟਸ ਦੇ ਬਣਾਏ ਹੋਏ ਹਨ। ਇਹ ਹੈ ਮਾਂਟਰੀਅਲ ਸ਼ਹਿਰ ਦੀ ਮੋਟੀ ਮੋਟੀ ਜਾਣਕਾਰੀ।

ਮੇਰਾ ਗੋਤ "ਕਹਿਲ" ਹੈ। ਮਾਂਟਰੀਅਲ ਵਿਚ ਇਕ "ਕਹਿਲ ਇਸਰਾਈਲ ਮੈਮੋਰੀਅਲ ਪਾਰਕ" ਹੈ। ਇਹ ਸਿਧ ਕਰਦਾ ਹੈ ਕਿ ਮਾਂਟਰੀਅਲ ਵਿਚ "ਕਹਿਲ" ਰਹਿੰਦੇ ਹੋਣਗੇ ਜਾਂ ਰਹੇ ਹੋਣਗੇ। ਇਹ ਖੋਜ਼ ਦਾ ਵਿਸ਼ਾ ਹੈ। ਵੈਸੇ Sir Denzil Ibbetson E. D. Maclagadn ਦੀ ਲਿਖੀ ਪੁਸਤਕ A Glossary of Tribes+Casts of Punjab+North Western Frontier Province, Volume II ਦੇ ਪੰਨਾ 486-88 ਅਨੁਸਾਰ "ਕਹਿਲਾਂ" ਦਾ ਇਕ ਕਬੀਲਾ ਮਛਵਾਰਿਆਂ, ਮਾਹੀਗੀਰਾਂ ਤੇ ਟੱਪਰੀਵਾਸਾਂ ਦਾ ਸੀ। ਇਹ ਇੰਡਸ ਨਦੀ, ਕਾਲਾ ਬਾਗ ਤੇ ਸੱਖਰ ਦਰਮਿਆਨ ਕਿਸ਼ਤੀਆਂ ਚਲਾਉਂਦੇ ਸਨ। ਬਹੁਤ ਹੀ ਘੱਟ ਇਸ ਨਦੀ ਦੀ ਘਾਟੀ ਤੋਂ ਬਾਹਰ ਜਾਂਦੇ ਸਨ।

ਜਦ ਉੱਤਰੀ ਭਾਰਤ ਵਿਚ ਮੁਸਲਮਾਨ ਰਾਜਿਆਂ ਨੇ ਜ਼ਬਦਸਤੀ ਮਜ਼ਹਬ ਪ੍ਰੀਵਰਤਨ ਕਰਕੇ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਇੰਡਸ ਨਦੀ, ਕਾਲਾ ਬਾਗ ਤੇ ਕਰਾਚੀ ਦੇ ਵਿਚਕਾਰ ਰਹਿੰਦੇ "ਕਹਿਲ" ਮੁਸਲਮਾਨ ਬਣ ਗਏ। ਉਨ੍ਹਾਂ ਨੇ ਮੁਸਲਮਾਨੀ ਰਹੁ ਰੀਤਾਂ ਅਪਨਾ ਲਈਆਂ। ਹੁਣ ਵੀ ਪਾਕਿਸਤਾਨ ਦੇ ਇਸ ਏਰੀਏ ਵਿਚ ਬਹੁਤ ਕਹਿਲ ਰਹਿੰਦੇ ਹਨ, ਜਿਸ ਬਾਰੇ ਖੋਜ਼ ਜਾਰੀ ਹੈ।

ਪਾਕਿਸਤਾਨ ਦੇ ਵਾਸ਼ਮ ਬਾਘਾ ਵਲੋਂ ਡੀਵੈਲਪਮੈਂਟ ਆਰਗੇਨਈਜ਼ੇਸਨ ਦੀ ਇਕ ਰੀਪੋਰਟ ਜਾਰੀ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਨੇ ਇੰਡਸ ਘਾਟੀ ਦੇ ਡੇਰਾ ਇਸਮਾਈਲ ਖਾਨ, ਲੋਹ ਤੇ ਡੇਰਾ ਗਾਜ਼ੀ ਖਾਨ ਜ਼ਿਲ੍ਹਿਆਂ ਵਿਚ ਸਰਨੇਮ ਕਹਿਲ ਤੇ ਮੋਰਸੀ ਫਿਰਕੇ ਵਾਲਿਆਂ ਦੀ ਆਬਾਦੀ 40 ਤੋਂ 45 ਹਜ਼ਾਰ ਤੱਕ ਹੋਣ ਬਾਰੇ ਜ਼ਿਕਰ ਕੀਤਾ ਹੈ। ਲੇਖਕਾਂ ਨੇ ਇਹ ਵੀ ਲਿਖਿਆ ਹੈ ਕਿ ਕੁਝ "ਕਹਿਲ" ਜ਼ਿਲ੍ਹਾ ਲੁਧਿਆਣਾ ਤੇ ਹੋਰ ਥਾਵਾਂ ਤੇ ਵੀ ਰਹਿੰਦੇ ਹਨ। ਖੇਤੀ ਕਰਦੇ ਹਨ। ਮੇਰਾ ਪਿੰਡ ਸੰਦੌੜ ਹੈ। ਸਾਰੇ ਦਾ ਸਾਰਾ ਪਿੰਡ ਜੱਟਾਂ ਦਾ ਹੈ। ਗੋਤ "ਕਹਿਲ" ਹੈ। ਪਿੰਡ ਪਹਿਲਾਂ ਲੁਧਿਆਣੇ ਜ਼ਿਲ੍ਹੇ ਵਿਚ ਸੀ। 1947 ਦੀ ਆਜ਼ਾਦੀ ਤੋਂ ਪਿਛੋਂ ਰਿਆਸਤਾਂ ਅਤੇ ਜ਼ਿਲ੍ਹਿਆਂ ਦੇ ਪੁਨਰ ਗਠਨ ਕਰ ਕੇ ਹੁਣ ਮੇਰੇ ਪਿੰਡ ਦਾ ਜ਼ਿਲ੍ਹਾ ਸੰਗਰੂਰ

ਬਣ ਗਿਆ ਹੈ। ਤਹਿਸੀਲ ਮਾਲੇਰਕੋਟਲਾ ਹੈ। ਮੇਰੇ ਪਿੰਡ ਦੇ ਬਿਲਕੁਲ ਨਾਲ ਫਰਵਾਲੀ ਪਿੰਡ ਹੈ, ਜਿਸ ਦੀ ਅੱਧੀ ਆਬਾਦੀ "ਕਹਿਲਾਂ" ਜੱਟਾਂ ਦੀ ਹੈ। ਰਾਏਕੋਟ ਕੋਲ ਪਿੰਡ ਰੂਪਾ ਪੱਤੀ ਹੈ, ਉਥੇ ਵੀ "ਕਹਿਲਾਂ" ਦੇ 40 ਕੁ ਘਰ ਹਨ। ਏਸੇ ਤਰ੍ਹਾਂ ਸੁਨਾਮ ਕੋਲ ਇਕ ਪਿੰਡ ਛਾਜਲੀ ਹੈ, ਜਿਸ ਵਿਚ 200 ਦੇ ਲੱਗਪੱਗ "ਕਹਿਲ" ਜੱਟਾਂ ਦੇ ਘਰ ਹਨ।

ਗੱਲ ਮਾਂਟਰੀਅਲ ਦੇ "ਕਹਿਲ ਇਸਰਾਈਲ ਮੈਮੋਰੀਅਲ ਪਾਰਕ" ਦੀ ਚਲ ਰਹੀ ਸੀ। ਮੈਂ ਵਿਸ਼ੇ ਤੋਂ ਕੁਝ ਲਾਂਭੇ ਚਲਿਆ ਗਿਆ ਸੀ। ਹੁਣ ਅਸਲ ਵਿਸ਼ੇ ਵੱਲ ਆਉਂਦਾ ਹਾਂ। ਜਿਹੜੇ "ਕਹਿਲ" ਮੁਸਲਮਾਨ ਬਣ ਗਏ ਸਨ, ਉਨ੍ਹਾਂ ਵਿਚੋਂ ਕੁਝ ਉਦਮੀ "ਕਹਿਲ" ਪਹਿਲਾਂ ਇਸਰਾਈਲ ਪਹੁੰਚ ਗਏ ਹੋਣਗੇ। ਜਿਨ੍ਹਾਂ ਨੇ ਸਮੇਂ ਤੇ ਹਾਲਾਤ ਅਨੁਸਾਰ ਯਹੂਦੀ ਧਰਮ ਅਪਣਾ ਲਿਆ ਹੋਵੇਗਾ। ਉਨ੍ਹਾਂ ਉਦਮੀਆਂ ਵਿਚੋਂ ਹੀ ਕੁਝ ਉਦਮੀ "ਕਹਿਲ" ਮਾਂਟਰੀਅਲ (ਕਿਊਬਿਕ ਸਟੇਟ ਆਫ ਕੈਨੇਡਾ) ਪਹੁੰਚ ਗਏ ਹੋਣਗੇ, ਜਿਨ੍ਹਾਂ ਵਿਚੋਂ ਕਿਸੇ ਨੇ ਇਹ ਪਾਰਕ ਬਣਾਇਆ ਹੋਵੇਗਾ। ਪਰ ਹੈ ਇਹ ਸਾਰਾ ਖੋਜ਼ ਦਾ ਵਿਸ਼ਾ ?

ਮੈਨੂੰ Jewish Gen Online Worldwide Bruial Registry ਦੇ ਸਰਨੇਮ "ਕਹਿਲ" ਸਾਈਟ ਤੋਂ ਬਹੁਤ ਸਾਰੇ ਯਹੂਦੀ ਸਰਨੇਮ "ਕਹਿਲ" ਵਾਲਿਆਂ ਦਾ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਦਫਨਾਏ ਗਿਆ ਦਾ ਰੀਕਾਰਡ ਮਿਲਿਆ ਹੈ। ਇਸ ਵਿਚ ਕੈਨੇਡਾ ਦੀ ਕਿਊਬਿਕ ਤੇ ਓਨਟਾਰੀਓ ਸਟੇਟ ਵਿਚ 18 ਮੁਰਦਿਆ (ਮਾਂਟਰੀਅਲ ਸ਼ਹਿਰ ਕਿਊਬਿਕ ਸਟੇਟ ਵਿਚ ਪੈਂਦਾ ਹੈ) ਇਸਰਾਈਲ ਵਿਚ 63 ਮੁਰਦਿਆਂ ਦਾ, ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿਚ 91 ਮੁਰਦਿਆਂ ਦਾ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਨਿਊਯਾਰਕ ਸਟੇਟ ਵਿਚ 50 ਮੁਰਦਿਆਂ ਦਾ, ਏਸੇ ਤਰ੍ਹਾਂ ਆਸਟਰੀਆ ਵਿਚ 70, ਇੰਗਲੈਂਡ ਵਿਚ 12, ਜਰਮਨ ਵਿਚ 7, ਪੱਛਮੀ ਤੇ ਪੂਰਬੀ ਯੂਰਪ ਦੇ ਦੇਸ਼ਾਂ ਦੇ ਨਾਲ ਦੂਸਰੇ ਦੇਸ਼ਾਂ ਵਿਚ 30 ਜੁਲਾਈ 2008 ਤੱਕ ਕੁਲ 359 "ਕਹਿਲ" ਯਹੂਦੀਆਂ ਦੇ ਦਫਨਾਉਣ ਦਾ ਵੇਰਵਾ ਮਿਲਿਆ ਹੈ।

ਬਹੁਤ ਸਾਰੇ ਦੇਸ਼ਾਂ ਵਿਚ "ਕਹਿਲ" ਸਰਨੇਮ ਵਾਲੇ ਚੰਗੀਆਂ ਪੋਸਟਾਂ ਤੇ ਕੰਮ ਕਰਦੇ ਹਨ। ਲਾਟਫੀ ਕਹਿਲ ਅਲਜ਼ੀਰੀਆ ਵਿਚ ਇੰਜਨੀਅਰ ਹੈ। ਇਕੀ ਸਿੰਘ ਕਹਿਲ ਗਰੇਟਰ ਸਿਆਟਲ ਏਰੀਏ ਦਾ ਮਾਰਕਟਿੰਗ ਮੈਨੇਜਰ ਹੈ। ਡਾਕਟਰ ਹਰਭਜਨ ਸਿੰਘ ਕਹਿਲ ਆਸਟ੍ਰੇਲੀਆ ਦੀ ਵੈਸਟਰਨ ਸਿਡਨੀ ਯੂਨੀਵਰਸਿਟੀ ਦੇ ਸਕੂਲ ਆਫ ਇਕਨਾਮਿਕਸ ਤੇ ਫਾਈਨਾਸ਼ ਦਾ ਸੀਨੀਅਰ ਲੈਕਚਰਾਰ ਰਿਹਾ ਹੈ। ਡਾਕਟਰ ਮੁਨੀਰ ਕਹਿਲ ਯੂਨੀਵਰਸਿਟੀ ਆਫ ਸਰੀ ਇੰਗਲੈਂਡ ਵਿਚ ਇਨਫਰਮੇਸ਼ਨ ਟੈਕਨਾਲੋਜ਼ੀ ਐਂਡ ਕੰਪਿਊਟਰ ਸਿਸਟਮ ਵਿਚ ਲੈਕਚਰਾਰ ਹੈ। ਪਾਮੀਲਾ ਕਹਿਲ ਬਲਿਯੂ ਕਰਾਸ ਕੈਲੀਫੋਰਨੀਆਂ ਦੀ ਜਨਰਲ ਮੈਨੇਜਰ ਹੈ। ਵਿਲੀਅਮ ਕਹਿਲ ਕਾਰਪੋਰੇਸ਼ਨ ਕੈਲੀਫੋਰਨੀਆ ਦੇ ਵਾਈਸ ਪ੍ਰੈਜ਼ੀਡੈਂਟ ਹਨ। ਨਿਊਯਾਰਕ ਵਿਚ ਸਾਲ 1820 ਤੋਂ 1857 ਦੇ ਵਿਚਕਾਰ ਆਉਣ ਵਾਲੇ ਯਾਤਰੀਆਂ ਵਿਚ ਈਲੀਜ਼ਾ ਕਹਿਲ, ਮਿਚ ਕਹਿਲ ਤੇ ਥਾਮਸ ਕਹਿਲ ਸਰਨੇਮ ਵਾਲਿਆਂ ਦੇ ਆਉਣ ਦਾ ਜ਼ਿਕਰ ਹੈ। ਏਸੇ ਤਰ੍ਹਾਂ ਹੀ ਸਾਲ 1891 ਵਿਚ ਇੰਗਲੈਂਡ ਤੇ ਵੇਲ੍ਹਜ਼ ਰਹਿੰਦਿਆਂ ਦੋ ਕਹਿਲ ਸਰਨੇਮ ਵਾਲੇ ਕਹਿਲ ਪਰਿਵਾਰਾਂ ਦਾ ਵਰਨਣ ਹੈ।

ਖੋਜ਼ ਜਾਰੀ ਹੈ।

# ਓਟਵਾ—ਕੈਨੇਡਾ ਦੀ ਰਾਜਧਾਨੀ

ਮਾਂਟਰੀਅਲ ਸ਼ਹਿਰ ਤੋਂ ਨਿਕਲ ਕੇ ਸਾਡੀ ਕਾਰ ਓਟਵਾ ਨੂੰ ਜਾਂਦੀ ਹਾਈ ਵੇ ਤੇ 120 ਕਿਲੋਮੀਟਰ ਦੀ ਸਪੀਡ ਤੇ ਜਾ ਰਹੀ ਸੀ। ਕਾਰ ਸੁਖਮਿੰਦਰ ਚਲਾ ਰਿਹਾ ਸੀ। ਸੁਖਮਿੰਦਰ ਨੇ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਤੋਂ ਐਮ., ਐਸ. ਸੀ. ਐਗਰੀਕਲਚਰ ਕੀਤੀ

ਹੋਈ ਹੈ।ਕੁਝ ਸਮਾਂ ਉਸ ਨੇ ਏਸ਼ੀਆ ਦੇ ਮਸ਼ਹੂਰ ਸਹਿਕਾਰੀ ਅਦਾਰੇ ਕਰਿਭਕੋ ਵਿਚ ਨੌਕਰੀ ਕੀਤੀ ਹੈ।ਜਦ ਉਸ ਦਾ ਵਿਆਹ ਕੈਨੇਡੀਅਨ ਲੜਕੀ ਨਾਲ ਹੋ ਗਿਆ ਤਾਂ ਉਹ ਕਰਿਭਕੋ ਦੀ ਨੌਕਰੀ ਛੱਡ ਕੇ ਵੈਨਕੋਵਰ ਪਹੁੰਚ ਗਿਆ।ਕੁਝ ਸਾਲ ਉਸ ਨੇ ਵੈਨਕੋਵਰ ਵਿਚ ਨੌਕਰੀ ਕੀਤੀ। ਹੁਣ ਉਹ ਪਿਛਲੇ ਕਈ ਸਾਲਾਂ ਤੋਂ ਟਰਾਂਟੋ ਵਿਚ ਰਹਿ ਰਿਹਾ ਹੈ। ਇਕ ਫੈਕਟਰੀ ਵਿਚ ਸੁਪਰਵਾਈਜ਼ਰੀ ਪੋਸਟ ਤੇ ਕੰਮ ਕਰਦਾ ਹੈ। ਬਹੁਤ ਹੀ ਹੋਣਹਾਰ ਲੜਕਾ ਹੈ।

ਸੁਖਮਿੰਦਰ ਦੇ ਨਾਲ ਹੀ ਅਗਲੀ ਸੀਟ ਤੇ ਬਲਰਾਜ ਬੈਠਾ ਸੀ। ਬਲਰਾਜ ਦਾ ਕਾਲਜ਼ ਪੜ੍ਹਦੇ ਸਮੇਂ ਹੀ ਵਿਆਹ ਹੋ ਗਿਆ ਸੀ।ਲੜਕੀ ਕੈਨੇਡਾ ਦੀ ਵਸਨੀਕ ਹੋਣ ਕਰਕੇ ਵਿਆਹ ਤੋਂ 7/8 ਮਹੀਨੇ ਬਾਅਦ ਹੀ ਬਲਰਾਜ ਕੈਨੇਡਾ ਪਹੁੰਚ ਗਿਆ। ਜਿਸ ਫੈਕਟਰੀ ਵਿਚ ਸੁਖਮਿੰਦਰ ਕੰਮ ਕਰਦਾ ਹੈ, ਉਸ ਫੈਕਟਰੀ ਵਿਚ ਬਲਰਾਜ ਕੰਮ ਕਰਦਾ ਹੈ।ਬਹੁਤ ਹੀ ਸੰਗਾਊ ਸੁਭਾਅ ਦਾ ਹੈ। ਬੀਬਾ ਮੁੰਡਾ ਹੈ।

ਅਸੀਂ 2 ਵਜੇ ਓਟਵਾ ਦੇ ਪਾਰਲੀਮੈਂਟ ਹਾਊਸ ਦੇ ਸਾਹਮਣੇ ਪਹੁੰਚ ਗਏ। ਕਾਰ ਪਾਰਕਿੰਗ ਵਿਚ ਖੜ੍ਹੀ ਕੀਤੀ।ਪਾਰਲੀਮੈਂਟ ਹਾਊਸ ਵਿਚ ਚਲ ਰਹੇ ਸ਼ੈਸ਼ਨ ਨੂੰ ਵੇਖਣ ਲਈ ਸੁਖਮਿੰਦਰ ਨੇ ਆਪਣੇ ਹਲਕੇ ਦੇ ਪਾਰਲੀਮੈਂਟ ਮੈਂਬਰ (ਐਮ.ਪੀ.) ਤੋਂ ਟੈਲੀਫੂਨ ਤੇ ਦੋ ਦਿਨ ਪਹਿਲਾਂ ਤਿੰਨ ਪਾਸਾਂ ਦੀ (ਨਾਂ ਦਸ ਕੇ) ਪ੍ਰਾਪਤੀ ਲਈ ਬੇਨਤੀ ਕੀਤੀ ਸੀ। ਸੁਖਮਿੰਦਰ ਦੇ ਟੈਲੀਫੂਨ ਕਰਨ ਤੋਂ 7/8 ਮਿੰਟ ਬਾਅਦ ਹੀ ਐਮ. ਪੀ. ਦਾ ਟੈਲੀਫੂਨ ਆ ਗਿਆ ਸੀ। "ਤੁਹਾਡੇ ਤਿੰਨਾਂ ਦੇ ਨਾਂ ਮੈਂ ਪਾਰਲੀਮੈਂਟ ਹਾਊਸ ਦੀ ਸਬੰਧਿਤ ਬਰਾਂਚ ਨੂੰ ਦੇ ਦਿੱਤੇ ਹਨ। ਤੁਸੀਂ ਪਾਰਲੀਮੈਂਟ ਹਾਊਸ ਦੀ ਸਬੰਧਿਤ ਬਰਾਂਚ ਵਿਚ ਜਾ ਕੇ ਆਪਣੇ ਨਾਂ ਦੱਸ ਕੇ ਪਾਸ ਪ੍ਰਾਪਤ ਕਰ ਲੈਣਾ ਤੇ ਸੰਸਦ ਵੇਖ ਲੈਣਾ।" ਇਹ ਸੀ ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਦਾ ਟੈਲੀਫੂਨ ਤੇ ਹੀ ਕੰਮ ਕਰਨ ਦਾ ਤਰੀਕਾ।

ਜੇ ਹੁੰਦਾ ਸਾਡੇ ਭਾਰਤ ਦੇਸ਼ ਮਹਾਨ ਦਾ ਐਮ. ਪੀ. ਤਾਂ ਪਹਿਲਾਂ ਤਾਂ ਆਪ ਉਸਨੇ ਟੈਲੀਫੂਨ ਹੀ ਨਹੀਂ ਚੱਕਣਾ ਸੀ। ਉਸ ਦੇ ਪੀ. ਏ. ਨੇ ਚੱਕਣਾ ਸੀ। ਜੇ ਟੈਲੀਫੂਨ ਕਰਨ ਵਾਲਾ ਕੋਈ ਮਹੱਤਵ ਪੂਰਨ ਵਿਅਕਤੀ ਹੁੰਦਾ ਤਾਂ ਹੀ ਪੀ. ਏ. ਨੇ ਐਮ. ਪੀ. ਨਾਲ ਗੱਲ ਕਰਵਾਉਣੀ ਸੀ। ਜੇ ਟੈਲੀ ਫੂਨ ਕਰਨ ਵਾਲਾ ਵੀ. ਆਈ. ਪੀ. ਨਾ ਹੁੰਦਾ ਤਾਂ ਐਮ. ਪੀ. ਦੇ ਘਰ ਹੁੰਦਿਆਂ ਹੋਇਆਂ ਵੀ ਪੀ. ਏ. ਦਾ ਘੜਿਆ ਘੜਾਇਆ ਜਵਾਬ ਹੁੰਦਾ, "ਐਮ. ਪੀ. ਸਾਹਿਬ ਘਰ ਨਹੀਂ ਹਨ। ਰੁੱਝੇ ਹੋਏ ਹਨ। ਬਾਥਰੂਮ ਵਿਚ ਹਨ। ਤੁਸੀਂ ਠਹਿਰ ਕੇ ਟੈਲੀਫੂਨ ਕਰਨਾ। ਜੇ ਕੋਈ ਨਿੱਜੀ ਤੌਰ ਤੇ ਐਮ. ਪੀ. ਨੂੰ ਮਿਲਣ ਜਾਵੇ, ਮਿਲਣ ਵਾਲਾ ਵੀ. ਆਈ. ਪੀ. ਹੋਵੇ, ਉਹ ਤਾਂ ਸਿੱਧਾ ਹੀ ਅੰਦਰ ਜਾ ਕੇ ਐਮ. ਪੀ. ਨੂੰ ਮਿਲ ਲੈਂਦਾ ਹੈ। ਆਮ ਆਦਮੀ ਨੂੰ ਐਮ. ਪੀ. ਨੂੰ ਮਿਲਣ ਲਈ ਘੰਟਿਆਂ ਇੰਤਜ਼ਾਰ ਕਰਨਾ ਪੈਂਦਾ ਹੈ।ਚਲੋ। ਆਪਾਂ ਮੁੜ ਕੈਨੇਡਾ ਵਾਲੇ ਪਾਸੇ ਆਉਂਦੇ ਹਾਂ।

ਪਾਰਲੀਮੈਂਟ ਹਾਊਸ ਓਟਵਾ ਦੀ ਇਕ ਮੁੱਖ ਸੜਕ ਉਪਰ ਹੈ।ਅੱਗੇ ਖੁੱਲ੍ਹਾ ਮੈਦਾਨ ਹੈ।ਏਸ ਮੈਦਾਨ ਵਿਚ ਨਾ ਕੋਈ ਚਾਰ ਦੀਵਾਰੀ ਹੈ।ਨਾ ਹੀ ਮੈਦਾਨ ਵਿਚ ਕੋਈ ਸਕਿਊਰਟੀ ਚੈਕ ਲੱਗੀ ਹੋਈ ਹੈ। ਨਾ ਹੀ ਕੋਈ ਮੈਟਲ ਡੀਟੈਕਟਰ ਲੱਗਿਆ ਹੋਇਆ ਹੈ। ਏਸ ਮੈਦਾਨ ਵਿਚ ਲੋਕ ਅਤੇ ਟੂਰਿਸ਼ਟ ਖੁੱਲ੍ਹੇਆਮ ਘੁੰਮ ਰਹੇ ਸਨ। ਮੈਦਾਨ ਵੀ ਬਹੁਤਾ ਬੜਾ ਨਹੀਂ ਹੈ। ਪਾਰਲੀਮੈਂਟ ਹਾਊਸ ਵੀ ਬਹੁਤਾ ਵੱਡਾ ਨਹੀਂ ਹੈ। ਬਿਲਡਿੰਗ ਅੱਗੇ ਖੜੇ ਲੋਕ ਫੋਟੋਆਂ ਖਿੱਚ

ਰਹੇ ਸਨ। ਅਸੀਂ ਪਾਰਲੀਮੈਂਟ ਹਾਊਸ ਦੇ ਮੇਨ ਗੇਟ ਤੇ ਪਹੁੰਚੇ। ਉਥੇ ਖੜ੍ਹੇ ਕਰਮਚਾਰੀ ਨੇ ਸਾਨੂੰ ਚੈਕ ਕੀਤਾ। ਸਬੰਧਿਤ ਪਾਸ ਜਾਰੀ ਕਰਨ ਵਾਲੀ ਬਰਾਂਚ ਵੱਲ ਭੇਜ ਦਿੱਤਾ। ਅਸੀਂ ਆਪਣੇ ਨਾਂ ਦੱਸ ਕੇ ਤਿੰਨੇ ਪਾਸ ਪ੍ਰਾਪਤ ਕਰ ਲਏ। ਪਾਸ ਪ੍ਰਾਪਤ ਕਰਨ ਉਪਰੰਤ ਸ਼ੈਸ਼ਨ ਵੇਖਣ ਲਈ ਲੱਗੀ ਲਾਈਨ ਦੇ ਪਿਛੇ ਜਾ ਖੜ੍ਹੇ। ਪਾਰਲੀਮੈਂਟ ਦੇ ਹਾਲ ਦੀ ਵਿਜ਼ਟਰ ਗੈਲਰੀ ਵਿਚ ਦਾਖਲ ਹੋਣ ਤੋਂ ਪਹਿਲਾਂ ਇਕ ਵਾਰ ਫੇਰ ਸਾਨੂੰ ਚੈਕ ਕੀਤਾ ਗਿਆ। ਅਸੀਂ ਗੈਲਰੀ ਵਿਚ ਦਾਖਲ ਹੋ ਕੇ ਸੀਟਾਂ ਤੇ ਬੈਠ ਗਏ। ਹਾਲ ਵਿਚ ਸਾਡੇ ਪੱਗਾਂ ਵਾਲੇ ਦੋ ਪੰਜਾਬੀ ਐਮ. ਪੀ. ਬੈਠੇ ਸਨ। ਉਂਜ ਤਾਂ ਪੰਜਾਬੀ ਐਮ. ਪੀ. ਜ਼ਿਆਦਾ ਹਨ। ਕਿਸੇ ਮੁੱਦੇ ਤੇ ਬਹਿਸ ਚਲ ਰਹੀ ਸੀ। ਰਾਜ ਕਰਦੀ ਪਾਰਟੀ ਆਪਣਾ ਪੱਖ ਪੇਸ਼ ਕਰ ਰਹੀ ਸੀ। ਵਿਰੋਧੀ ਪਾਰਟੀ ਆਪਣਾ ਪੱਖ ਪੇਸ਼ ਕਰ ਰਹੀ ਸੀ। ਕੋਈ ਹੱਲਾ ਗੁੱਲਾ ਨਹੀਂ ਸੀ। ਸਿਰਫ ਆਪਣੇ ਪੱਖ ਦੀ ਪ੍ਰੋੜ੍ਹਤਾ ਤੇ ਵਿਰੋਧਤਾ ਤੇ ਡੈਸਕ ਹੀ ਥੱਪ ਥਪਾਏ ਜਾ ਰਹੇ ਹਨ। ਅਸੀਂ ਅੱਧਾ ਘੰਟਾ ਸ਼ੈਸ਼ਨ ਵੇਖਿਆ। ਫੇਰ ਬਾਹਰ ਆ ਕੇ ਪਾਰਲੀਮੈਂਟ ਦੀ ਬਿਲਡਿੰਗ ਦੇ ਅੱਗੇ ਤੇ ਸਾਈਡਾਂ ਤੇ ਖੜ੍ਹ ਕੇ ਫੋਟੋਆਂ ਖਿੱਚੀਆਂ। ਪਾਰਲੀਮੈਂਟ ਬਿਲਡਿੰਗ ਦੇ ਏਰੀਏ ਵਿਚ ਕੁਝ ਵੀ. ਆਈ. ਪੀਜ਼ ਦੇ ਬੁੱਤ ਵੀ ਲੱਗੇ ਹੋਏ ਸਨ। ਪਾਰਲੀਮੈਂਟ ਬਿਲਡਿੰਗ ਦੇ ਪਿਛਲੇ ਪਾਸੇ ਓਟਵਾ ਦਰਿਆ ਦਾ ਕੁਝ ਹਿੱਸਾ ਲੱਗਦਾ ਹੈ। ਇਕ ਅਜਾਇਬ ਘਰ ਵੀ ਵੇਖਿਆ। ਏਸ ਏਰੀਏ ਵਿਚ ਬਹੁਤ ਹੀ ਬਹੁ-ਮੰਜ਼ਲੀਆਂ ਬਿਲਡਿੰਗਾਂ ਹਨ। ਸਭ ਕੁਝ ਵੇਖਦੇ ਹੋਏ ਅਸੀਂ ਓਟਵਾ ਤੋਂ ਵਾਪਸ ਟਰਾਂਟੋ ਨੂੰ ਚਲ ਪਏ। ਰਾਤ ਦੇ 9 ਵਜੇ ਦੇ ਕਰੀਬ ਘਰੀਂ ਪਹੁੰਚ ਗਏ। ਹੁਣ ਮੈਂ ਤੁਹਾਨੂੰ ਓਟਵਾ ਸ਼ਹਿਰ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੰਦਾ ਹਾਂ।

ਓਟਵਾ, ਕੈਨੇਡਾ ਦੀ ਰਾਜਧਾਨੀ ਹੈ। ਇਹ ਓਨਟਾਰੀਓ ਸੂਬੇ ਦਾ ਦੂਜਾ ਵੱਡਾ ਸ਼ਹਿਰ ਹੈ। ਸਾਲ 2006 ਦੀ ਰੀਪੋਰਟ ਅਨੁਸਾਰ ਸ਼ਹਿਰ ਦੀ ਆਬਾਦੀ 8 ਲੱਖ 12 ਹਜ਼ਾਰ ਹੈ। ਓਟਵਾ 19ਵੀਂ ਸਦੀ ਦੇ ਸ਼ੁਰੂ ਵਿਚ ਮਾਂਟਰੀਅਲ ਨੂੰ ਦਰਿਆ ਰਾਹੀਂ ਲੱਕੜ ਭੇਜਣ ਦਾ ਕੇਂਦਰ ਬਣ ਗਿਆ ਸੀ। ਸਾਲ 1832 ਵਿਚ ਜਦ ਏਥੇ ਨਹਿਰ ਬਣੀ ਤਾਂ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋਇਆ। ਏਥੇ 1850 ਵਿਚ Bytown ਨਾਂ ਦੇ ਕਸਬੇ ਨੂੰ ਆਬਾਦ ਕੀਤਾ ਗਿਆ। ਨਹਿਰ ਦੇ ਨਿਕਲਣ ਨਾਲ ਓਟਾਵਾ ਲੱਕੜ ਮਿਲਾਂ ਦਾ ਘਰ ਬਣ ਗਿਆ। ਸਾਲ 1855 ਵਿਚ Bytown ਦਾ ਨਾਂ ਬਦਲ ਕੇ ਓਟਵਾ ਰੱਖਿਆ ਗਿਆ। ਸਾਲ 1857 ਵਿਚ ਓਟਵਾ ਨੂੰ ਕੈਨੇਡਾ ਦੀ ਰਾਜਧਾਨੀ ਬਣਾਇਆ ਗਿਆ।

ਓਟਵਾ ਸ਼ਹਿਰ ਓਟਵਾ ਦਰਿਆ ਦੇ ਦੱਖਣੀ ਕੰਢੇ ਤੇ ਵਸਿਆ ਹੋਇਆ ਹੈ। ਓਟਵਾ ਦਾ ਡਾਊਨ ਟਾਊਨ ਸ਼ਹਿਰ ਦਾ ਵਪਾਰਕ ਤੇ ਵਿੱਤੀ ਕੇਂਦਰ ਹੈ। ਏਸ ਦੇ ਨਜ਼ਦੀਕ ਹੀ ਪਾਰਲੀਮੈਂਟ ਦੀ ਬਿਲਡਿੰਗ ਹੈ। ਦੁਨੀਆਂ ਦੀਆਂ ਠੰਡੀਆਂ ਰਾਜਧਾਨੀਆਂ ਵਿਚ ਓਟਵਾ ਦੀ ਰਾਜਧਾਨੀ ਦਾ 7ਵਾਂ ਨੰਬਰ ਹੈ। ਸਰਦੀ ਦੇ ਮੌਸਮ ਵਿਚ ਏਥੇ ਬਹੁਤ ਬਰਫ ਪੈਂਦੀ ਹੈ। ਸਾਲ ਵਿਚ ਔਸਤਨ 235 ਸੈਂਟੀਮੀਟਰ ਬਰਫ ਪੈ ਜਾਂਦੀ ਹੈ। ਏਥੇ ਸਭ ਤੋਂ ਜ਼ਿਆਦਾ ਬਰਫ ਮਾਰਚ 1947 ਵਿਚ 73 ਸੈਂਟੀਮੀਟਰ ਪਈ ਸੀ। ਆਮ ਤੌਰ ਤੇ ਏਥੇ ਦਸੰਬਰ ਦੇ ਅੱਧ ਤੋਂ ਅਪ੍ਰੈਲ ਦੇ ਸ਼ੁਰੂ ਤੱਕ ਬਰਫ ਪੈਂਦੀ ਹੈ। ਏਥੇ ਬਹੁਤ ਤੇਜ਼ ਹਵਾਵਾਂ ਚਲਦੀਆਂ ਹਨ।

ਓਟਵਾ ਵਿਚ ਜਾਣ ਆਉਣ ਲਈ ਲੋਕ ਜ਼ਿਆਦਾ ਸਾਈਕਲ ਦੀ ਵਰਤੋਂ ਕਰਦੇ ਹਨ। ਏਥੇ ਅੰਤਰ-ਰਾਸ਼ਟਰੀ ਹਵਾਈ ਅੱਡਾ ਹੈ। ਬਹੁਤ ਸਾਰੇ ਅਜਾਇਬ ਘਰ, ਸਰਕਾਰੀ

ਬਿਲਡਿੰਗਾਂ, ਯਾਦਾਗਰੀ ਤੇ ਵਿਰਾਸਤੀ ਬਿਲਡਿੰਗਾਂ ਹਨ। ਸਾਰੇ ਦੇਸ਼ਾਂ ਦੇ ਦੂਤਘਰ ਏਥੇ ਹਨ। ਓਟਵਾ ਦੀਆਂ ਹਾਕੀ, ਫੁੱਟਬਾਲ ਤੇ ਬੇਸਵਾਲ ਦੀਆਂ ਟੀਮਾਂ ਬਹੁਤ ਮਸ਼ਹੂਰ ਹਲ। ਏਥੇ ਬਰਫ ਤੇ ਵੀ ਹਾਕੀ ਖੇਡੀ ਜਾਂਦੀ ਹੈ। ਕੈਨੇਡਾ ਦੀ ਫੈਡਰਲ ਸਰਕਾਰ ਦੇ ਏਥੇ ਦਫਤਰ ਹੋਣ ਕਰਕੇ ਸਭ ਤੋਂ ਜ਼ਿਆਦਾ ਰੁਜ਼ਗਾਰ ਦੇਣ ਲਈ ਫੈਡਰਲ ਸਰਕਾਰ ਦਾ ਹਿੱਸਾ ਹੈ। ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਦੇ ਹੈਡ ਕੁਆਰਟਰ ਵੀ ਏਥੇ ਹੀ ਹਨ। ਏਸ ਲਈ ਓਟਵਾ ਨੂੰ "ਸਿਲੀਕੋਨ ਵੈਲੀ ਆਫ ਨਾਰਥ" ਵੀ ਕਿਹਾ ਜਾਂਦਾ ਹੈ।

ਏਥੋਂ ਦੀ ਕਾਰਲੀਟਨ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਓਟਵਾ ਬਹੁਤ ਮਸ਼ਹੂਰ ਹਨ। ਏਥੇ ਘੋੜ ਦੌੜਾਂ ਵੀ ਕਰਾਈਆਂ ਜਾਂਦੀਆਂ ਸਨ। ਏਥੇ ਬਰਫ ਦੀਆਂ ਖੇਡਾਂ ਵੀ ਹੁੰਦੀਆਂ ਹਨ। ਸਾਈਕਲਿੰਗ ਵੀ ਕਰਵਾਈ ਜਾਂਦੀ ਹੈ। ਕ੍ਰਿਕਟ ਕਲੱਬਾਂ ਵੀ ਹਨ। ਕੈਨੇਡਾ ਵਿਚੋਂ ਸਭ ਤੋਂ ਜ਼ਿਆਦਾ ਪ੍ਰਤੀਸ਼ਤ ਅਨੁਸਾਰ ਇੰਜਨੀਅਰ ਸਾਇੰਸਦਾਨ ਤੇ ਪੀ.ਐਚ.ਡੀ. ਡਿਗਰੀ ਹੋਲਡਰ ਓਟਵਾ ਵਿਚ ਰਹਿੰਦੇ ਹਨ। ਏਥੋਂ ਦੇ ਡਾਂਸ ਫੇਸਟੀਵਲ, ਫੋਕ ਫੈਸਟੀਵਲ, ਡਰੈਗਨ ਬੋਟ ਰੇਸ ਫੈਸਟੀਵਲ, ਇੰਟਰਨੈਸ਼ਨਲ ਚਿਲਡਰਨ ਫੈਸਟੀਵਲ ਤੇ ਇੰਟਰਨੈਸ਼ਨਲ ਹਾਕੀ ਫੈਸਟੀਵਲ ਬਹੁਤ ਮਸ਼ਹੂਰ ਹਨ। Tulip Festival ਓਟਵਾ ਦੇ ਸਾਰੇ ਮੇਲਿਆਂ ਨਾਲੋਂ ਮਸ਼ਹੂਰ ਮੇਲਾ ਹੈ। ਇਹ ਮੇਲਾ ਸ਼ਹਿਰ ਦੇ ਵੱਖ ਵੱਖ ਥਾਵਾਂ ਤੇ ਮਨਾਇਆ ਜਾਂਦਾ ਹੈ। ਕੈਨੇਡਾ ਦਿਨ ਦੀ ਛੁੱਟੀ ਓਟਵਾ ਦੀ ਸਭ ਤੋਂ ਵੱਧ ਮਹੱਤਤਾ ਵਾਲੀ ਛੁੱਟੀ ਹੈ। ਸਾਰੇ ਕੈਨੇਡਾ ਵਿਚੋਂ ਲੋਕ ਕੌਮ ਦੇ ਜਨਮ ਦਿਨ ਨੂੰ ਮਨਾਉਣ ਲਈ ਓਟਵਾ ਵਿਚ ਆਉਂਦੇ ਹਨ।

## ਐਡਮਿੰਟਨ—ਮੇਲਿਆਂ ਦਾ ਸ਼ਹਿਰ

ਅੱਜ 13 ਮਈ 2008 ਹੈ। ਦਿਨ ਮੰਗਲਵਾਰ ਹੈ। ਅੱਜ ਮੈਂ ਫਰਿਜ਼ਨੋ ਤੋਂ ਐਡਮਿੰਟਨ ਨੂੰ ਸ਼ਾਮ ਦੇ 4 ਵਜੇ ਕੇ 17 ਮਿੰਟ ਵਾਲੀ ਯੂ.ਐਸ. ਏਅਰਵੇਜ਼ ਦੀ ਫਲਾਈਟ ਤੇ ਜਾਣਾ ਹੈ। ਮੇਰੇ ਸਾਲ 2005 ਦੇ ਪਹਿਲੇ ਹਵਾਈ ਸਫਰ ਦੀ ਤਰ੍ਹਾਂ ਅੱਜ ਮੇਰੇ ਮਨ ਵਿਚ ਹਵਾਈ ਸਫਰ ਬਾਰੇ ਕੋਈ ਉਤੇਜਨਾ ਨਹੀਂ ਹੈ। ਕਿਉਂ ਜੋ ਹੁਣ ਤੱਕ ਮੈਂ ਕਈ ਹਵਾਈ ਸਫ਼ਰ ਕਰ ਚੁੱਕਿਆ ਹਾਂ। ਏਸ ਲਈ ਰੋਜ਼ ਦੀ ਤਰ੍ਹਾਂ ਮੈਂ ਸਵੇਰੇ 4 ਵਜੇ ਉੱਠਿਆ। ਰੋਜ਼ ਦੀ ਤਰ੍ਹਾਂ ਸੈਰ ਤੇ ਵਰਜ਼ਿਸ

ਕੀਤੀ। 2 ਵਜੇ ਤੱਕ ਦੇ ਸਾਰੇ ਕੰਮ ਨਬੇੜੇ। ਸ਼ਾਮ ਨੂੰ 2.40 ਤੇ ਮੇਰੀ ਲੜਕੀ (ਪਿੰਕੀ) ਮੈਨੂੰ ਫਰਿਜ਼ਨੋ ਏਅਰ ਪੋਰਟ ਤੇ ਛੱਡ ਗਈ। ਯੂ. ਐਸ. ਏਅਰਵੇਜ਼ ਦੇ ਕਾਊਂਟਰ ਤੋਂ ਬੋਰਡਿੰਗ ਪਾਸ ਲਿਆ। ਅਟੈਚੀ ਜਮਾ ਕਰਵਾਇਆ। ਸਕਿਊਰਟੀ ਚੈਕ ਕਰਵਾਈ। ਡੀਪਾਰਚਰ ਗੇਟ 17 ਤੇ ਪਹੁੰਚ ਗਿਆ। ਗੇਟ ਨੇੜੇ 2 ਸਵਾਰੀਆਂ ਹੋਰ ਬੈਠੀਆਂ ਸਨ।

ਐਡਮਿੰਟਨ ਮੇਰੀ ਚੱਕ ਭਾਈਕਾ ਵਾਲੀ ਭੂਆ ਜੀ ਦਾ ਲੜਕਾ ਹਰਦੇਵ ਸਿੰਘ ਸਿਧੂ ਰਹਿੰਦਾ ਹੈ। ਮੇਰੀ ਭੂਆ ਜੀ ਦੀ ਮੌਤ ਤਾਂ 55 ਕੁ ਸਾਲ ਪਹਿਲਾਂ ਹੋ ਗਈ ਸੀ। ਉਸ ਸਮੇਂ ਹਰਦੇਵ ਸਿੰਘ 2/3 ਕੁ ਸਾਲ ਦਾ ਸੀ। ਮੇਰੇ ਮਾਤਾ ਜੀ ਹਰਦੇਵ ਸਿੰਘ ਨੂੰ ਸਾਡੇ ਪਿੰਡ ਲੈ ਆਏ ਸਨ। ਪ੍ਰਾਇਮਰੀ ਤੱਕ ਦੀ ਪੜ੍ਹਾਈ ਵੀ ਪਿੰਡ ਹੀ ਕਰਵਾਈ ਸੀ। ਹਰਦੇਵ ਸਿੰਘ ਦੇ ਦੋ ਲੜਕੇ ਹਨ। ਵੱਡਾ ਲੜਕਾ ਗੁਰਤੇਜ ਸਿੰਘ ਵਿਆਹ ਦੇ ਆਧਾਰ ਤੇ ਐਡਮਿੰਟਨ ਆਇਆ ਸੀ। ਗੁਰਤੇਜ਼ ਸਿੰਘ ਨੇ ਫੇਰ ਆਪਣੇ ਮਾਂ, ਬਾਪ ਦੇ ਭਰਾ ਨੂੰ ਮੰਗਵਾ ਲਿਆ। ਦੂਜੇ ਲੜਕੇ ਦਾ ਨਾਂ ਇਕਬਾਲ ਸਿੰਘ ਹੈ। ਜਿਸ ਨੂੰ ਪਿਆਰ ਨਾਲ ਸਾਰੇ ਕਾਲਾ ਕਹਿੰਦੇ ਹਨ। ਉਹ ਵੀ ਵਿਆਹਿਆ ਹੋਇਆ ਹੈ। ਦੋਨਾਂ ਦੇ ਦੋ ਦੋ ਬੱਚੇ ਹਨ। ਇਨ੍ਹਾਂ ਦਾ ਪੀਜ਼ਾ 73 ਦਾ ਕਾਰੋਬਾਰ ਹੈ। ਚੰਗੀ ਕਮਾਈ ਹੈ।

ਜਹਾਜ਼ ਠੀਕ ਟਾਈਮ ਤੇ ਫਰਿਜ਼ਨੋ ਤੋਂ ਉੱਡਿਆ। ਠੀਕ ਟਾਈਮ ਤੇ ਫਿਨਿਕਸ ਪਹੁੰਚ ਗਿਆ। ਫਿਨਿਕਸ 3 ਘੰਟੇ ਦੀ ਸਟੇਅ ਸੀ। 8.25 ਤੇ ਜਹਾਜ਼ ਐਡਮਿੰਟਨ ਨੂੰ ਚੱਲਿਆ। ਇਸ ਉਡਾਣ ਦਾ ਸਮਾਂ 4 ਘੰਟੇ ਤੋਂ ਕੁਝ ਮਿੰਟ ਉਪਰ ਸੀ। ਮੇਰੇ ਕੋਲ ਜਸਵੰਤ ਸਿੰਘ ਕੰਵਲ ਦਾ ਨਾਵਲ "ਰਾਤ ਬਾਕੀ ਹੈ" ਸੀ। ਮੈਂ ਉਸ ਨੂੰ ਪੜ੍ਹਦਾ ਰਿਹਾ। ਚਾਰ ਘੰਟੇ ਕਿਵੇਂ ਲੰਘ ਗਏ, ਪਤਾ ਉਸ ਸਮੇਂ ਹੀ ਲੱਗਿਆ ਜਦ ਜਹਾਜ਼ ਦਾ ਐਡਮਿੰਟਨ ਦੇ ਹਵਾਈ ਅੱਡੇ ਤੇ ਪਹੁੰਚਣ ਦਾ ਐਲਾਨ ਹੋਇਆ। ਜ਼ਰੂਰੀ ਕਾਗਜ਼ ਤੇ ਪਾਸ ਪੋਰਟ ਚੈਕ ਕਰਵਾਇਆ। ਅਟੈਚੀ ਲੈ ਕੇ ਜਦ ਹਾਲ ਵਿਚ ਪਹੁੰਚਿਆ ਤਾਂ ਅੱਗੇ ਗੁਰਤੇਜ਼ ਸਿੰਘ ਮੇਰੀ ਉਡੀਕ ਕਰ ਰਿਹਾ ਸੀ। ਅਟੈਚੀ ਗੱਡੀ ਵਿਚ ਰੱਖਿਆ। ਘਰ ਨੂੰ ਚਲ ਪਏ। ਜਦ ਘਰ ਪਹੁੰਚੇ ਤਾਂ 14 ਮਈ ਦੀ ਸਵੇਰ ਦੇ 2 ਵੱਜ ਗਏ ਸਨ। ਹਰਦੇਵ ਸਿੰਘ ਤੇ ਉਨ੍ਹਾਂ ਦੀ ਪਤਨੀ ਜਾਗਦੇ ਸਨ। ਮਿਲ ਕੇ ਬੜੇ ਖੁਸ਼ ਹੋਏ। ਗੱਲਾਂ ਬਾਤਾਂ ਕਰਦਿਆਂ ਤੇ ਰੋਟੀ ਖਾਂਦਿਆਂ ਤਿੰਨ ਵੱਜ ਗਏ।

ਰਾਤੀਂ ਲੇਟ ਸੁੱਤੇ ਹੋਣ ਕਰ ਕੇ ਜਾਗ ਸਵੇਰੇ 9 ਵਜੇ ਆਈ। ਫਰਿਜ਼ਨੋ ਨਾਲੋਂ ਐਡਮਿੰਟਨ ਠੰਡਾ ਹੈ। ਏਥੇ ਅਕਤੂਬਰ ਤੋਂ ਬਰਫ ਪੈਣੀ ਸ਼ੁਰੂ ਹੋ ਜਾਂਦੀ ਹੈ ਤੇ ਮਾਰਚ ਤੱਕ ਪੈਂਦੀ ਰਹਿੰਦੀ ਹੈ। ਜਦ ਕਿ ਫਰਿਜ਼ਨੋ/ਕੈਲੀਫੋਰਨੀਆਂ ਦਾ ਮੌਸਮ ਬਿਲਕੁਲ ਹੀ ਪੰਜਾਬ ਵਰਗਾ ਹੈ। ਤਿਆਰ ਹੋ ਕੇ ਖਾ ਪੀ ਕੇ 2 ਵਜੇ ਅਲਬਰਟਾ (ਐਡਮਿੰਟਨ ਅਲਬਰਟਾ ਸੂਬੇ ਦੀ ਰਾਜਧਾਨੀ ਹੈ) ਦੀ ਵਿਧਾਨ ਸਭਾ ਦੀ ਬਿਲਡਿੰਗ (Legislature Buildng) ਵੇਖਣ ਗਏ। ਇਹ ਸਾਲ 1912 ਦੀ ਬਣੀ ਹੋਈ ਹੈ। ਬਿਲਡਿੰਗ ਹਾਲ ਅੰਦਰ ਦਾਖਲ ਹੋਏ। ਹਾਲ ਵਿਚ ਕੁਝ ਹੋਰ ਟੂਰਿਸ਼ਟ ਵੀ ਖੜੇ ਸਨ। ਥੋੜੀ ਦੇਰ ਪਿੱਛੋਂ ਸਾਡੇ ਕੋਲ ਇਕ ਲੇਡੀ ਗਾਈਡ ਆਈ। ਸਾਨੂੰ ਸਾਰੇ ਟੂਰਿਸ਼ਟਾਂ ਨੂੰ ਨਾਲ ਲੈ ਕੇ ਬਿਲਡਿੰਗ ਵਿਖਾਉਣ ਲੈ ਤੁਰੀ।

ਅਸੀਂ ਬਿਲਡਿੰਗ ਦੀ ਦੂਜੀ ਮੰਜ਼ਲ ਤੇ ਪਹੁੰਚ ਗਏ। ਇਸ ਮੰਜ਼ਲ ਦੇ ਉੱਤਰ ਪੱਛਮ ਦੇ ਪਾਸੇ ਕਵੀਨ ਵਿਕਟੋਰੀਆ ਦੀ ਚੌਥੀ ਲੜਕੀ ਸਹਿਜ਼ਾਦੀ Louise Caroline Alberta ਦਾ ਬੁੱਤ ਲੱਗਿਆ ਹੋਇਆ ਹੈ। ਇਸ ਸਹਿਜ਼ਾਦੀ ਦੇ ਨਾਂ ਤੇ ਹੀ ਇਸ ਸਟੇਟ ਦਾ ਨਾਂ ਅਬਲਰਟਾ ਰੱਖਿਆ ਹੋਇਆ ਹੈ। ਇਸ ਦੇ ਉੱਤਰ ਪੂਰਬ ਦੇ ਪਾਸੇ Chief Crowfoot ਦਾ

ਬੁੱਤ ਲੱਗਿਆ ਹੋਇਆ ਹੈ। ਇਹ ਉਹ ਮਹਾਨ ਵਿਅਕਤੀ ਸੀ ਜਿਸ ਨੇ ਸਾਲ 1800 ਵਿਚ ਪੱਛਮੀ ਕੈਨੇਡਾ ਦਾ ਅਮਨ ਅਮਾਨ ਨਾਲ ਸਮਝੌਤਾ ਕਰਵਾਇਆ ਸੀ। ਇਸ ਮੰਜ਼ਲ ਵਿਚ ਹੀ ਇਕ ਫੁਵਾਰਾ ਹੈ। ਜਿਹੜਾ ਕਵੀਨ ਆਲਿਜ਼ਵਿਥ ਦੂਜੀ ਦੇ ਸਾਲ 1959 ਦੇ ਦੌਰੇ ਦੀ ਯਾਦ ਵਜੋਂ ਬਣਾਇਆ ਹੋਇਆ ਹੈ। ਇਸ ਮੰਜ਼ਲ ਵਿਚ ਹੀ ਵਿਧਾਨ ਸਭਾ ਦੀ ਲਾਇਬ੍ਰੇਰੀ ਹੈ।

ਬਿਲਡਿੰਗ ਦੀ ਤੀਜੀ ਮੰਜ਼ਲ ਤੇ ਵਿਧਾਨ ਸਭਾ ਦੇ ਚੈਂਬਰ ਦੇ ਅੰਦਰ ਜਾਣ ਦੇ ਮੁੱਖ ਦਰਵਾਜ਼ੇ ਹਨ। ਇਸ ਮੰਜ਼ਲ ਦੀ ਉੱਤਰ ਪੂਰਬ ਦੀ ਕੰਧ ਉਪਰ ਅਲਬਰਟਾ ਸਟੇਟ ਦੇ ਪਹਿਲਾਂ ਰਹੇ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਉੱਤਰ ਪੱਛਮ ਦੀ ਕੰਧ ਉਪਰ ਪਹਿਲਾਂ ਰਹਿ ਚੁੱਕੇ ਲੈਫਟੀਨੈਂਟ ਗਵਰਨਰਾਂ ਦੀਆਂ ਤਸਵੀਰਾਂ ਹਨ। ਇਸ ਮੰਜ਼ਲ ਵਿਚ ਹੀ ਗੁਰਜ/ਅਧਿਕਾਰ-ਡੰਡਾ (Mace) ਰੱਖਿਆ ਹੋਇਆ ਹੈ। ਇਹ ਅਧਿਕਾਰ ਡੰਡਾ ਵਿਧਾਨ ਸਭਾ ਦੇ ਅਖਤਿਆਰ ਦੀ ਇਕ ਇਤਿਹਾਸਕ ਨਸ਼ਾਨੀ ਹੈ। ਅਖਤਿਆਰ-ਡੰਡੇ ਦੀ ਹਾਜ਼ਰੀ ਤੋਂ ਬਿਨਾਂ ਵਿਧਾਨ ਸਭਾ ਦੀ ਮੀਟਿੰਗ ਨਹੀਂ ਹੋ ਸਕਦੀ। ਇਸ ਲਈ ਵਿਧਾਨ ਸਭਾ ਦੀ ਮੀਟਿੰਗ ਦੇ ਵਿਚ ਮੇਸ (Mace) ਨੂੰ ਹਰ ਰੋਜ਼ ਲਿਜਾਇਆ ਜਾਂਦਾ ਹੈ। ਇਸ ਨੂੰ ਸਪੀਕਰ ਦੀ ਕੁਰਸੀ ਦੇ ਅੱਗੇ ਜਿਹੜਾ ਮੇਜ਼ ਰੱਖਿਆ ਹੁੰਦਾ ਹੈ, ਉਸ ਉਪਰ ਰੱਖਿਆ ਜਾਂਦਾ ਹੈ। ਇਹ ਅਧਿਕਾਰ-ਡੰਡਾ 5-7 ਕਿਲੋਗ੍ਰਾਮ ਚਾਂਦੀ ਦਾ ਬਣਿਆ ਹੋਇਆ ਹੈ। ਇਸ ਉਪਰ ਸੋਨੇ ਦੀ ਝਾਲ ਫੇਰੀ ਹੋਈ ਹੈ।

ਫੇਰ ਅਸੀਂ ਚੌਥੀ ਮੰਜ਼ਲ ਤੇ ਪਹੁੰਚੇ। ਇਸ ਮੰਜ਼ਲ ਦੀ ਦੱਖਣ ਵਾਲੀ ਕੰਧ ਉਪਰ ਕਿੰਗ ਜ਼ਾਰਜ ਪੰਜਵੇਂ ਤੇ ਕਵੀਨ ਮੇਰੀ ਦੀਆਂ ਮੂਰਤਾਂ ਲੱਗੀਆਂ ਹੋਈਆਂ ਹਨ। ਜਿਸ ਸਮੇਂ ਇਹ ਵਿਧਾਨ ਸਭਾ ਦੀ ਬਿਲਡਿੰਗ ਚਾਲੂ ਕੀਤੀ ਗਈ ਸੀ, ਉਸ ਸਮੇਂ ਇਨ੍ਹਾਂ ਦਾ ਰਾਜ ਸੀ। ਇਸ ਮੰਜ਼ਲ ਦੀ ਉਤਰ ਵਾਲੀ ਕੰਧ ਉਪਰ ਵਿਧਾਨ ਸਭਾ ਦੇ ਪਹਿਲੇ ਰਹੇ ਸਪੀਕਰਾਂ ਦੀਆਂ ਮੂਰਤਾਂ ਟੰਗੀਆਂ ਹੋਈਆਂ ਹਨ। ਲੈਜਿਸਲੇਟਿਵ ਚੈਂਬਰ ਵਿਚ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ (ਐਮ. ਐਲ. ਏ.) ਬੈਠਦੇ ਹਨ। ਇਸ ਦੇ ਪੱਛਮ ਵਾਲੇ ਪਾਸੇ ਸਪੀਕਰ ਬੈਠਦਾ ਹੈ।

ਫੇਰ ਵਾਰੀ ਆਈ ਪੰਜਵੀਂ ਮੰਜ਼ਲ ਦੀ। ਏਸ ਮੰਜ਼ਲ ਦੇ ਦਰਵਾਜ਼ੇ ਦੇ ਪੂਰਬ ਵਾਲੇ ਪਾਸੇ ਅਲਬਰਟਾ ਸੂਬੇ ਦੀਆਂ ਉਨ੍ਹਾਂ ਪੰਜ ਮਹਾਨ ਇਸਤਰੀਆਂ ਦੀਆਂ ਤਸਵੀਰਾਂ ਲਾਈਆਂ ਹੋਈਆਂ ਹਨ, ਜਿਨ੍ਹਾਂ ਨੇ ਸਾਲ 1929 ਵਿਚ ਕਾਨੂੰਨਾਂ ਵਿਚ ਸੋਧ ਕਰਵਾਕੇ ਇਸਤਰੀਆਂ ਨੂੰ ਆਪਣੇ ਅਧਿਕਾਰ ਦਵਾਏ ਸਨ। ਬਿਲਡਿੰਗ ਦੇ ਸਿਖਰਲੇ ਗੁੰਬਦ ਵਿਚ ਪਾਮ ਦੇ ਪੰਜ ਰੁੱਖ ਲੱਗੇ ਹੋਏ ਹਨ।

ਵਿਧਾਨ ਸਭਾ ਦੀ ਸਾਰੀ ਬਿਲਡਿੰਗ ਵੇਖ ਕੇ ਅਸੀਂ ਬਾਹਰ ਨਿਕਲ ਆਏ। ਬਿਲਡਿੰਗ ਦੇ ਪ੍ਰਵੇਸ਼ ਦੁਆਰ ਦੇ ਸਾਹਮਣੇ ਇਕ ਲੰਮਾ ਸਾਰਾ ਸਰੋਵਰ ਬਣਿਆ ਹੋਇਆ ਹੈ। ਇਸ ਵਿਚ ਬਹੁਤ ਸਾਰੇ ਬੱਚੇ, ਜੁਆਨ, ਮੁਟਿਆਰਾਂ, ਬੁੱਢੇ ਤੇ ਬੁੱਢੀਆਂ ਨਹਾ ਰਹੀਆਂ ਸਨ। ਪਾਣੀ ਨਾਲ ਅਠਖੇਲੀਆਂ ਕਰ ਰਹੀਆਂ ਸਨ। ਸਰੋਵਰ ਵਿਚ ਸੋਹਣੇ ਫੁਵਾਰੇ ਵੀ ਲੱਗੇ ਹੋਏ ਹਨ। ਬਿਲਡਿੰਗ ਦੇ ਨਾਲ ਤੇ ਆਲੇ ਦੁਆਲੇ ਦੀ 56 ਏਕੜ ਭੂਮੀ ਵਿਚ ਬਹੁਤ ਸੋਹਣੇ ਫੁੱਲ, ਬੂਟੇ ਤੇ ਰੁੱਖ ਲੱਗੇ ਹੋਏ ਹਨ। ਘਾਹ ਦੇ ਮੈਦਾਨ ਹਨ। ਛੁੱਟੀਆਂ ਦੇ ਮੌਸਮ ਵਿਚ ਏਥੇ ਲੱਗੀਆਂ 300 ਝਾੜੀਆਂ ਤੇ ਰੁੱਖਾਂ ਨੂੰ ਸੋਹਣਾ ਲੱਗਣ ਲਈ ਉਨ੍ਹਾਂ ਉਪਰ 1 ਲੱਖ 50 ਹਜ਼ਾਰ ਲਾਈਟਾਂ ਲਾਈਆਂ ਜਾਂਦੀਆਂ ਹਨ। ਬਿਲਡਿੰਗ ਵੇਖਣ ਤੋਂ ਪਿਛੋਂ ਅਸੀਂ ਬਾਜ਼ਾਰ ਘੁੰਮਣ

ਚਲੇ ਗਏ। ਘੁੰਮਦੇ ਘੁੰਮਦੇ ਰਾਤ ਦੇ 9 ਵਜੇ ਦੇ ਕਰੀਬ ਘਰ ਪਹੁੰਚ ਗਏ।

15 ਮਈ ਨੂੰ ਅਸੀਂ ਵੈਸਟ ਐਡਮਿੰਟਨ ਮਾਲ ਵੇਖਣ ਗਏ। ਇਹ ਸਾਲ 1981 ਦੀ ਬਣੀ ਹੋਈ ਹੈ। ਉਸ ਸਮੇਂ ਇਹ ਮਾਲ ਸੰਸਾਰ ਦੀ ਸਭ ਤੋਂ ਵੱਡੀ ਮਾਲ ਸੀ। ਅੱਜ ਵੀ ਇਹ ਮਾਲ ਉੱਤਰੀ ਅਮਰੀਕਾ ਦੀ ਸਭ ਤੋਂ ਵੱਡੀ ਮਾਲ ਹੈ। ਇਸ ਮਾਲ ਵਿਚ ਮਨੋਰੰਜਨ ਪਾਰਕ, ਵਾਟਰ ਪਾਰਕ, ਸਕੇਟਿੰਗ ਰਿੰਕ, ਬਾਰਾਂ, ਹੋਟਲ, ਰੈਸਟੋਰੈਂਟ ਤੇ 800 ਤੋਂ ਉਪਰ ਸ਼ਾਪਸ ਹਨ। ਕਈ ਸੰਸਾਰ ਪ੍ਰਸਿੱਧ ਖਿੱਚ ਵਾਲੀਆਂ ਥਾਵਾਂ ਹਨ। ਟੂਰਿਸ਼ਟਾਂ ਦੀ ਸਭ ਤੋਂ ਜ਼ਿਆਦਾ ਖਿੱਚ ਦਾ ਕੇਂਦਰ ਇਹ ਮਾਲ ਹੀ ਹੈ। ਵਾਰ-ਵਾਰ ਟੂਰਿਸ਼ਟ ਮਾਲ ਨੂੰ ਵੇਖਦੇ ਹਨ।

ਅਸੀਂ ਸਭ ਤੋਂ ਪਹਿਲਾਂ ਗਲੈਸੀਲੈਂਡ ਅਮਿਊਜ਼ਮੈਂਟ ਪਾਰਕ ਵੇਖਿਆ। ਇਹ ਸੰਸਾਰ ਦਾ ਸਭ ਤੋਂ ਵੱਡਾ ਇਨਡੋਰ ਮਨੋਰੰਜਨ ਪਾਰਕ ਹੈ। ਇਸ ਵਿਚ 25 ਪ੍ਰਦਰਸ਼ਨੀ ਰਾਡੀਜ਼ ਹਨ। ਕਈ ਰਾਈਡਜ਼ ਨੂੰ ਵੇਖ ਕੇ ਤਾਂ ਦਿਲ ਘਾਊ ਮਾਊਂ ਕਰਨ ਲੱਗ ਜਾਂਦਾ ਸੀ। ਕਈ ਰਾਈਡਜ਼ ਬਹੁਤ ਹੀ ਖੜਕੇ ਵਾਲੀਆਂ ਸਨ, ਜਿਹੜੀਆਂ ਕੰਨ ਬੋਲ੍ਹੇ ਕਰ ਦਿੰਦੀਆਂ ਸਨ। ਕਈ ਰਾਈਡਾਂ ਤਾਂ ਜਦ ਅੱਧ ਅਸਮਾਨੋਂ ਹੇਠਾਂ ਨੂੰ ਡਿੱਗਦੀਆਂ ਸਨ ਤਾਂ ਇਉਂ ਲੱਗਦਾ ਸੀ ਕਿ ਟੂਰਿਸ਼ਟ ਚਕਨਾ ਚੂਰ ਹੋ ਜਾਵੇਗਾ। ਇਸ ਤੋਂ ਪਿਛੋਂ ਅਸੀਂ ਵਰਲਡ ਵਾਟਰ ਪਾਰਕ ਵੇਖਿਆ। ਇਸ ਵਿਚ ਭਾਂਤ ਭਾਂਤ ਦੀਆਂ ਪਾਣੀ ਦੀਆਂ ਰਾਈਡਜ਼ ਹਨ। ਬੱਚੇ ਸਭ ਤੋਂ ਜ਼ਿਆਦਾ ਇਹ ਰਾਈਡਾਂ ਲੈ ਰਹੇ ਸਨ। ਇਹ ਵਾਟਰ ਪਾਰਕ, ਜਿਵੇਂ ਇਸ ਦਾ ਨਾਂ ਵਰਲਡ ਵਾਟਰ ਪਾਰਕ ਹੈ, ਇਹ ਹੈ ਵੀ ਸੰਸਾਰ ਦਾ ਸਭ ਤੋਂ ਲੰਮਾ ਇੰਨਡੋਰ ਵੇਵ ਪੂਲ। ਇਸ ਦੇ ਨਾਲ ਹੀ ਡੀਪ ਸੀ ਐਡਵੰਚਰ ਹੈ। ਇਹ ਵੀ ਸੰਸਾਰ ਦੀ ਸਭ ਤੋਂ ਲੰਮੀ ਇਨਡੋਰ ਲੇਕ ਹੈ। ਇਹ ਲੇਕ Christopher Columbus Santa Maria ਲੇਕ ਦਾ ਹੀ ਪ੍ਰਤਿਰੂਪ ਹੈ। ਮਾਲ ਦੀ ਸਭ ਤੋਂ ਵੱਧ ਆਕਰਸ਼ਕ ਥਾਂ ਇਹ ਲੇਕ ਹੈ। ਇਸ ਵਿਚ ਛੋਟੇ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਇਸਤਰੀ ਪੁਰਸ਼ਾਂ ਦੇ ਨਹਾਉਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਸੀ। ਕਈ ਸੈਂਕੜਿਆਂ ਦੀ ਗਿਣਤੀ ਵਿਚ ਸਨ। ਬਹੁਤਿਆਂ ਦੇ ਡੁੱਬਣ ਤੋਂ ਬਚਨ ਲਈ ਗਲਾਂ ਵਿਚ ਟਿਊਬਾਂ ਪਾਈਆਂ ਹੋਈਆਂ ਸਨ। ਥੋੜੇ ਥੋੜੇ ਸਮੇਂ ਪਿਛੋਂ ਲੇਕ ਵਿਚੋਂ ਜਦੋਂ ਲਹਿਰਾਂ ਉਠਾਈਆਂ ਜਾਂਦੀਆਂ ਸਨ ਤਾਂ ਨਹਾਉਣ ਵਾਲੇ ਇਕ ਦੂਜੇ ਵਿਚ ਭਿੜ ਜਾਂਦੇ ਸਨ।

ਫੇਰ ਅਸੀਂ Sea Life Caverns ਵੇਖਿਆ। ਇਸ ਵਿਚ 200 ਦੇ ਕਰੀਬ ਕਿਸਮ ਦੇ ਸਮੁੰਦਰੀ ਜੀਵ ਰੱਖੇ ਹੋਏ ਹਨ। ਰੰਗ ਬਰੰਗੀਆਂ ਮੱਛੀਆਂ, ਮੱਗਰਮੱਛ, ਰੈਪਟਾਲਜ਼, ਸਮੁੰਦਰੀ ਪੰਛੀ ਤੇ ਹੋਰ ਜੀਵ ਹਨ। ਉਸ ਤੋਂ ਬਾਅਦ ਸੀ ਲਾਇਨਜ਼ ਰੌਕ ਵੇਖਿਆ। ਇਹ ਇਕ ਛੋਟਾ ਜਿਹਾ ਤਲਾਅ ਹੈ। ਇਸ ਵਿਚ ਸੀਲ ਜਾਤੀ ਦੇ ਤਿੰਨ ਵੱਡੇ ਸਮੁੰਦਰੀ ਜੀਵ ਰੱਖੇ ਹੋਏ ਹਨ। ਤਲਾਅ ਵਿਚ ਤੇ ਕੁਝ ਤਲਾ ਤੋਂ ਬਾਹਰ ਛੋਟੀਆਂ ਜਿਹੀਆਂ ਸਟੇਜ਼ਾਂ ਬਣਾਈਆਂ ਹੋਈਆਂ ਹਨ। ਇਨ੍ਹਾਂ ਜੀਵਾਂ ਦਾ ਸ਼ੋਅ ਵੇਖਣ ਲਈ ਟੂਰਿਸ਼ਟਾਂ ਲਈ ਇਕ ਸਾਈਡ ਤੇ ਸੀਟਾਂ ਲਾਈਆਂ ਹੋਈਆਂ ਹਨ। ਇੱਕ ਕਰਮਚਾਰੀ ਇਨ੍ਹਾਂ ਜੀਵਾਂ ਨੂੰ ਇਨ੍ਹਾਂ ਦੇ ਘੁਰਨਿਆਂ ਵਿਚੋਂ ਬਾਹਰ ਬਲਾਉਂਦਾ ਹੈ। ਫੇਰ ਇਹ ਜੀਵ ਤਲਾ ਵਿਚ ਛਾਲ ਮਾਰਦੇ ਹਨ। ਉਹ ਕਰਮਚਾਰੀ ਇਨ੍ਹਾਂ ਜੀਵਾਂ ਤੋਂ ਕਈ ਕਿਸਮ ਦੇ ਕਰਤਵ ਕਰਵਾਉਂਦਾ ਹੈ। ਬੜਾ ਦਿਲਚਸਪ ਸ਼ੋਅ ਸੀ। ਇਹ ਟਿਕਟਾ ਤੇ ਕੀਤਾ ਜਾਂਦਾ ਹੈ। ਦਿਨ ਵਿਚ ਕਈ ਸ਼ੋਅ ਹੁੰਦੇ ਹਨ।

ਇਸ ਤੋਂ ਪਿਛੋਂ ਅਸੀਂ ਆਈਸ ਪੈਲੇਸ ਵੇਖਿਆ। ਇਹ ਆਂਡੇ ਦੀ ਸ਼ਕਲ ਦਾ ਸਕੇਟਿੰਗ ਲਈ ਬਰਫ ਦਾ ਫਰਸ਼ (Rink) ਬਣਾਇਆ ਹੋਇਆ ਹੈ। ਏਥੇ ਹਰ ਉਮਰ ਦੇ

ਇਸਤਰੀ, ਪੁਰਸ਼, ਜੋੜੇ ਤੇ ਬੱਚੇ ਸਕੇਟਿੰਗ ਕਰ ਰਹੇ ਹਨ। ਉਹ ਬਹੁਤ ਹੀ ਉਤੇਜ਼ਿਕ, ਜੋਸ਼ੀਲੀ ਦੌੜ ਲਾ ਰਹੇ ਸਨ। ਰਿੰਕ ਦੇ ਆਲੇ ਦੁਆਲੇ ਜੰਗਲਾਂ ਲੱਗਿਆ ਹੋਇਆ ਹੈ। ਬਹੁਤ ਸਾਰੇ ਟੂਰਿਸ਼ਟ ਜੰਗਲੇ ਕੋਲ ਖੜੇ ਸਕੇਟਿੰਗ ਕਰ ਰਹੇ ਇਸਤਰੀ ਪੁਰਸ਼ਾਂ ਦਾ ਨਜ਼ਾਰਾ ਵੇਖ ਰਹੇ ਸਨ। ਮਾਲ ਵਿਚ ਹਰ ਕਿਸਮ ਦੇ ਰੈਸਟੋਰੈਂਟ ਹਨ। ਹਰ ਕਿਸਮ ਦੀਆਂ ਫਾਸਟ ਫੂਡਜ਼ ਇਥੋਂ ਮਿਲਦੀਆਂ ਹਨ। ਕਸ਼ੀਨੋ ਹਨ। ਮੂਵੀ ਥੀਏਟਰ ਹਨ। ਸਾਨੂੰ ਮਾਲ ਵਿਚ ਘੁੰਮਦਿਆਂ ਸ਼ਾਮ ਹੋ ਗਈ। ਮਾਲ ਵੇਖਦੇ ਵੇਖਦੇ ਜਦੋਂ ਅਸੀਂ ਥੱਕ ਗਏ ਤਾਂ ਮਾਲ ਵਿਚ ਇਕ ਥਾਂ ਬੈਠਣ ਤੇ ਆਰਾਮ ਕਰਨ ਲਈ ਲੱਗੇ ਸੋਫਿਆਂ ਤੇ ਬੈਠ ਕੇ ਆਰਾਮ ਕੀਤਾ। ਸ਼ਾਮ ਦੇ 8 ਵਜੇ ਘਰ ਪਹੁੰਚ ਗਏ। ਜਿਹੜਾ ਐਡਮਿੰਟਨ ਘੁੰਮਣ ਆਇਆ ਹੋਵੇ, ਪਰ ਉਸ ਨੇ ਐਡਮਿੰਟਨ ਦੀ ਮਾਲ ਨਾ ਵੇਖੀ ਹੋਵੇ, ਸਮਝੋ ਉਸ ਨੇ ਐਡਮਿੰਟਨ ਦਾ ਕੁਝ ਨਹੀਂ ਵੇਖਿਆ।

16 ਜੂਨ ਨੂੰ ਅਸੀਂ Ukrainian Cultural Heritage Village ਵੇਖਣ ਗਏ। ਇਹ ਪਿੰਡ ਯੂਕਰੇਨੀਆਂ ਪ੍ਰਵਾਸੀਆਂ ਦੀ ਅਲਬਰਟਾ ਸੂਬੇ ਦੀ ਪੂਰਬੀ ਸੈਂਟਰਲ ਹਿੱਸੇ ਵਿਚ 1892 ਤੋਂ 1930 ਤੱਕ ਦੇ ਸਮੇਂ ਦੇ ਵਸੇਬੇ ਦੀ ਕਹਾਣੀ ਦੱਸਦਾ ਹੈ। ਇਸ ਵਿਚ 30 ਇਤਿਹਾਸਕ ਬਿਲਡਿੰਗਾਂ ਅਬਲਰਟਾ ਦਾ ਇਤਿਹਾਸ ਦੱਸਦੀਆਂ ਹਨ। ਫੇਰ ਅਸੀਂ Elk Island National Park ਵੇਖਿਆ। ਇਹ ਸਾਲ 1906 ਵਿਚ ਸਥਾਪਤ ਕੀਤਾ ਸੀ। ਕੈਨੇਡਾ ਦੀ ਇਹ ਪਹਿਲੀ ਜੰਗਲੀ ਰੱਖ ਹੈ। ਏਥੇ ਬਾਰਾਂ ਸਿੰਗਿਆਂ, ਜੰਗਲੀ ਸ਼ਾਨ੍ਹਾਂ ਤੇ ਅਮਰੀਕੀ ਬਾਰਾਂ ਸਿੰਗਿਆਂ ਦੇ ਬੱਗਾਂ ਦੇ ਬੱਗ ਫਿਰਦੇ ਸਨ।

ਅਸੀਂ ਫੇਰ Royal Alberta Museum ਵੇਖਣ ਗਏ। ਇਹ ਡਾਊਨ ਟਾਊਨ ਦੇ ਪੱਛਮ ਵਿਚ ਸਥਿਤ ਹੈ। ਅਜਾਇਬ ਘਰ ਦੇ ਇਕ ਹਿੱਸੇ ਵਿਚ ਅਤਿ ਪ੍ਰਾਚੀਨ ਸੱਭਿਆਚਾਰ ਵਿਖਾਇਆ ਹੋਇਆ ਹੈ। ਇਹ ਇਸ ਮਹਾਂਦੀਪ ਦੇ ਪਹਿਲੇ ਲੋਕਾਂ ਦਾ ਇਤਿਹਾਸ ਹੈ। ਇਸ ਹਿੱਸੇ ਵਿਚ ਹੀ ਅਤਿ ਪ੍ਰਾਚੀਨ ਲੋਕਾਂ ਦਾ ਏਥੇ ਆਏ ਯੂਰਪੀਅਨ ਲੋਕਾਂ ਨਾਲ ਲੜਾਈ ਵਿਖਾਈ ਹੋਈ ਹੈ। ਅਜਾਇਬ ਘਰ ਦੇ ਏਸ ਹਿੱਸੇ ਨੂੰ Syncrude Gallery of Aboriginal Culture ਕਹਿੰਦੇ ਹਨ। ਉਸ ਤੋਂ ਅੱਗੇ ਅਸੀਂ “ਨੈਚਰਲ ਹਿਸਟਰੀ ਗੈਲਰੀ” ਵੇਖੀ। ਇਸ ਵਿਚ ਖਨਿਜ ਪਦਾਰਥ, ਕੀਮਤੀ ਪੱਥਰ ਆਦਿ ਰੱਖੇ ਹੋਏ ਹਨ। ਫੇਰ ਅਸੀਂ “ਦੀ ਬੱਗ ਰੂਮ” ਵੇਖਿਆ। ਇਸ ਵਿਚ ਸੰਸਾਰ ਦੇ ਅਸਾਧਾਰਨ/ਵਿਰਲੇ ਕੀੜੇ ਮਕੌੜੇ ਰੱਖੇ ਹੋਏ ਹਨ। ਰੀਂਗਣ ਵਾਲੇ (ਢਿੱਡ ਦੇ ਭਾਰ ਹੌਲੀ ਹੌਲੀ ਚੱਲਣ ਵਾਲੇ) ਕੋਕਰੋਚ, ਡੰਗ ਮਾਰਨ ਵਾਲੇ ਬਿੱਛੂ/ਠੂਹੇਂ ਆਦਿ ਰੱਖੇ ਹੋਏ ਹਨ।

ਅਜਾਇਬ ਘਰ ਦੇ ਅਗਲੇ ਹਿੱਸੇ ਦਾ ਨਾਂ Wild Alberta ਹੈ। ਇਸ ਹਿੱਸੇ ਵਿਚ ਅਲਬਰਟਾ ਸਟੇਟ ਦੇ ਤਿੰਨ ਤਰ੍ਹਾਂ ਦੇ ਕੁਦਰਤੀ ਨਜ਼ਾਰੇ, ਭੂ-ਦ੍ਰਿਸ਼ ਵਿਖਾਏ ਹੋਏ ਹਨ। ਇਕ ਵਿਚ ਅਲਬਰਟਾ ਸਟੇਟ ਦਾ ਚੁਗਿਰਦਾ, ਵਾਤਾਵਰਨ ਸਬੰਧੀ ਵਿਖਾਇਆ ਗਿਆ ਹੈ। ਇਸ ਸਟੇਟ ਦੇ ਸਾਰੇ ਕੁਦਰਤੀ ਖਿੱਤੇ ਵਿਖਾਏ ਹੋਏ ਹਨ। ਏਸ ਹਿੱਸੇ ਵਿਚ ਤੁਸੀਂ ਬਘਿਆੜਾਂ, ਰਿੱਛਾਂ ਦੀਆਂ ਆਵਾਜਾਂ ਵੀ ਸੁਣ ਸਕਦੇ ਹੋ। ਮਿਊਜ਼ੀਅਮ ਦੇ ਅਗਲੇ ਹਿੱਸੇ ਵਿਚ ਧਰਤੀ ਵਿੱਚ ਪੁੱਟ ਕੇ ਕੱਢੇ ਗਏ ਕਰੰਗ (Fossils) ਰੱਖੇ ਹੋਏ ਹਨ। ਇਨ੍ਹਾਂ ਵਿਚ ਬਰਫ ਯੁੱਗ ਦੇ, ਡਾਇਨੋਸਾਰ ਯੁੱਗ ਦੇ ਅਲਬਰਟਾ ਸਟੇਟ ਦੇ ਖੂੰ-ਖਾਰ ਜ਼ਾਲਮ ਪਸ਼ੂਆਂ ਦੇ ਕਰੰਗ ਹਨ।

ਮਿਊਜੀਅਮ ਦੀ ਆਮਦਨ ਵਧਾਉਣ ਲਈ ਮਿਊਜੀਅਮ ਦੇ ਕੁਝ ਹਿੱਸੇ ਨੂੰ ਮੀਟਿੰਗਾਂ, ਵਿਆਹਾਂ, ਸਵਾਗਤ ਸਮਾਗਮਾਂ ਤੇ ਹੋਰ ਸਪੈਸ਼ਲ ਫੰਕਸ਼ਨਾਂ ਲਈ ਕਰਾਏ ਤੇ ਦਿੱਤਾ ਜਾਂਦਾ

ਹੈ। ਮਿਊਜ਼ੀਅਮ ਵਿਚ ਥੀਏਟਰ ਵੀ ਹੈ। ਇਹ ਵੀ ਕਰਾਏ ਤੇ ਦਿੱਤਾ ਜਾਂਦਾ ਹੈ। ਖਾਣ ਪੀਣ ਲਈ ਏਥੇ ਕਾਫੀ ਹਾਊਸ ਹੈ। ਮਿਊਜ਼ੀਅਮ ਵਿਚ ਦੁਕਾਨ ਵੀ ਹੈ ਜਿਸ ਵਿਚ ਪੁਰਾਣੇ ਫੋਸਿਲਜ਼, ਸੀ ਡੀਆਂ, ਕਿਤਾਬਾਂ, ਜਿਊਲਰੀ ਤੇ ਮਿਊਜ਼ਿਕ ਮਿਲਦਾ ਹੈ। ਮਿਊਜ਼ੀਅਮ ਵੇਖਣ ਤੋਂ ਬਾਜ਼ਾਰ ਘੁੰਮਦੇ ਹੋਏ ਰਾਤ ਪੈਂਦੀ ਨੂੰ ਘਰ ਪਹੁੰਚ ਗਏ।

17 ਮਈ ਦੀ ਸਵੇਰ ਨੂੰ ਅਸੀਂ ਵੈਲੀ ਜ਼ੂ ਵੇਖਣ ਗਏ। ਮੇਰੇ ਨਾਲ ਇਕਬਾਲ ਸੀ। ਇਹ ਚਿੜੀਆਂ ਘਰ ਐਡਮਿੰਟਨ ਸ਼ਹਿਰ ਦੇ ਵਿਚਾਲੇ ਪੈਂਦਾ ਹੈ। ਸਾਲ 1959 ਵਿਚ ਖੋਲ੍ਹਿਆ ਗਿਆ ਸੀ। ਕ੍ਰਿਸ਼ਮਿਸ ਵਾਲੇ ਦਿਨ ਨੂੰ ਛੱਡ ਕੇ ਸਾਲ ਦੇ ਬਾਕੀ 364 ਦਿਨ ਖੁਲ੍ਹਾ ਰਹਿੰਦਾ ਹੈ। ਇਸ ਵਿਚ 300 ਤੋਂ ਉਪਰ ਦੁਰਲਭ ਪਸ਼ੂ, ਪੰਛੀ ਹਨ। 100 ਦੇ ਕਰੀਬ ਵੱਖ ਵੱਖ ਜਾਤੀਆਂ ਦੇ ਹਨ। ਇਨ੍ਹਾਂ ਨੂੰ ਰੱਖਣ ਲਈ ਕਈ ਅਹਾਤੇ ਹਨ। ਚਿੜੀਆ ਘਰ ਦੇ ਇਕ ਹਿੱਸੇ ਨੂੰ ਇਨਰ ਜ਼ੂ ਕਹਿੰਦੇ ਹਨ। ਏਸ ਅਹਾਤੇ ਵਿਚ ਚਿੱਟੇ ਅਮਰੀਕਨ ਜਲ ਪੰਛੀ, ਮੁਰਗਾਬੀਆਂ, ਕਾਟੋਆਂ, ਉੱਨ ਦੇਣ ਵਾਲੇ ਪਸ਼ੂ, ਉਤਰੀ ਅਮਰੀਕਾ ਦੇ ਓਟਰ, ਰੈਡ ਪੰਡੇ, ਚੂਹੇ ਵਰਗੇ ਜਾਨਵਰ ਤੇ ਏਸ ਤਰ੍ਹਾਂ ਕਈ ਹੋਰ ਕਿਸਮਾਂ ਦੇ ਜਾਨਵਰ ਹਨ।

ਚਿੜੀਆਂ ਘਰ ਦੇ ਇਕ ਅਹਾਤੇ ਦਾ Makira Outpost ਨਾਂ ਹੈ। ਇਹ ਸਾਲ 2007 ਵਿਚ ਹੀ ਬਣਾਇਆ ਗਿਆ ਹੈ। ਇਸ ਵਿਚ ਬਾਂਦਰ ਵਰਗੇ ਕਿਸਮ ਦੇ ਜਾਨਵਰ (Lemurs) ਰੱਖੇ ਹੋਏ ਹਨ। ਸਾਰੇ ਸੰਸਾਰ ਵਿਚ ਇਸ ਤਰ੍ਹਾਂ ਦੇ Lemurs ਸਿਰਫ ਮੈਡਾਗਾਸਕਰ ਟਾਪੂ ਵਿਚ ਹੀ ਮਿਲਦੇ ਹਲ। Lemurs ਦੀਆਂ ਤਿੰਨ ਕਿਸਮਾਂ ਹਨ। ਇਕ Lemur ਦੀ ਪੂਛ ਮੋਟੀ ਹੁੰਦੀ ਹੈ ਤੇ ਕੱਦ ਬੌਣਾ ਹੁੰਦਾ ਹੈ। ਇਕ Lemur ਦੀ ਬਾਡੀ ਦਾ ਅਗਲਾ ਹਿੱਸਾ ਲਾਲ ਹੁੰਦਾ ਹੈ। ਤੀਜੀ ਕਿਸਮ Ringtailed Lemur ਦੀ ਹੈ। ਏਸ ਲੀਮਰ ਦੀ ਬਾਡੀ 15 ਤੋਂ 18 ਇੰਚ ਵੀ ਹੁੰਦੀ ਹੈ। ਪਰ ਉਸ ਦੀ ਪੂਛ ਦੀ ਲੰਮਾਈ 22 ਤੋਂ 25 ਇੰਚ ਤੱਕ ਦੀ ਹੁੰਦੀ ਹੈ। ਲੀਮਰਜ਼ ਆਮ ਤੌਰ ਤੇ ਆਪਣਾ ਸਮਾਂ ਰੁੱਖਾਂ ਉਮਰ ਹੀ ਗੁਜ਼ਾਰਦੇ ਹਨ। ਇਹ ਪਾਣੀ ਦੇ ਨੇੜੇ ਤਾਂ ਬਿਲਕੁਲ ਹੀ ਨਹੀਂ ਜਾਂਦੇ। ਧਰਤੀ ਉਪਰ ਵੀ ਕਦੇ ਹੀ ਉਤਰਦੇ ਹਨ। ਧੁੱਪ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਲੀਮਰਜ਼ ਲਈ ਏਸ ਅਹਾਤੇ ਵਿਚ ਦੋ ਬੜੇ ਜੰਗਲੀ ਰੁੱਖ (Elmtrees) ਲਾਏ ਹੋਏ ਹਨ।

ਚਿੜੀਆਂ ਘਰ ਦੇ ਇਕ ਅਹਾਤੇ ਵਿਚ ਮਾਸ ਖਾਣ ਵਾਲੇ ਜਾਨਵਰ ਰੱਖੇ ਹੋਏ ਹਨ। ਇਨ੍ਹਾਂ ਵਿਚ ਸ਼ੇਰ, ਚੀਤੇ, ਬਘਿਆੜ, ਅਫਰੀਕਨ ਬਿੱਲੀਆਂ ਅਤੇ ਹੋਰ ਮਾਸ ਖਾਣ ਵਾਲੇ ਜਾਨਵਰ ਹਨ। ਇਕ ਅਹਾਤੇ ਵਿਚ ਹਾਥੀ ਰੱਖੇ ਹੋਏ ਹਨ। ਇਕ ਅਹਾਤਾ ਨਾਜ਼ੁਕ ਤੇ ਛੋਟੇ ਜਾਨਵਰਾਂ ਲਈ ਹੈ। ਇਕ ਅਹਾਤੇ ਵਿਚ ਅਫਰੀਕਾ ਦੇ ਬਾਰਾਂ ਸਿੰਗੇ, ਮੋਰ, ਛੋਟੇ ਸਾਂਡ ਜਾਨਵਰ, ਭੂਰੇ ਰੰਗ ਦੇ ਜੈਬਰੇ ਅਤੇ ਹੋਰ ਜਾਨਵਰ ਹਨ। ਅਗਲੇ ਅਹਾਤੇ ਵਿਚ ਅਸੀਂ ਦੋ ਘੁਆਟਾਂ ਵਾਲਾ ਊਠ/ਬੋਤਾ ਵੇਖਿਆ। ਮੈਂ ਆਪਣੀ ਸਾਰੀ ਉਮਰ ਵਿਚ ਪਹਿਲਾਂ ਕੋਈ ਦੋ ਘੁਆਟਾਂ ਵਾਲਾ ਬੋਤਾ ਨਹੀਂ ਵੇਖਿਆ ਸੀ ਅਤੇ ਨਾ ਹੀ ਸੁਣਿਆ ਸੀ। ਏਸ ਬੋਤੇ ਦਾ ਨਾਂ Bactrian Camel ਲਿਖਿਆ ਹੋਇਆ ਸੀ। ਏਸ ਬੋਤੇ ਦਾ ਕੱਦ ਆਪਣੇ ਬੋਤਿਆਂ ਦੇ ਅੱਧੇ ਕੁ ਕੱਦ ਤੋਂ ਥੋੜਾ ਜਿਹਾ ਵੱਧ ਕੱਦ ਸੀ। ਇਸ ਉਪਰ ਜੱਤ ਬਹੁਤ ਲੰਮੀ ਸੀ। ਇਸ ਦੀਆਂ ਟੰਗਾਂ ਵੀ ਆਪਣਿਆਂ ਬੋਤਿਆਂ ਨਾਲੋਂ ਕਾਫੀ ਪਤਲੀਆਂ ਸਨ। ਇਸ ਦੇ ਪੈਰ ਵੀ ਆਪਣੇ ਬੋਤਿਆਂ ਦੀ ਤਰ੍ਹਾਂ ਪਾਥੀ ਵਰਗੇ ਨਹੀਂ ਸਨ। ਘੋੜੇ ਦੇ ਖੁਰਾਂ ਵਰਗੇ ਪੈਰ ਸਨ। ਸ਼ਾਇਦ ਬਰਫ ਵਾਲੇ ਇਲਾਕੇ ਦਾ ਬੋਤਾ ਹੋਣ ਕਰਕੇ। ਚਿੜੀਆ ਘਰ ਵੇਖਣ ਤੋਂ ਪਿਛੋਂ Muttart Con-

servatory ਵੇਖਣ ਗਏ ਪਰ ਸਾਨੂੰ ਉਥੋਂ ਉਦਾਸ ਮੁੜਨਾ ਪਿਆ ਕਿਉਂ ਜੋ ਉਸ ਨੂੰ ਸੁਧਾਰ ਕਰਨ ਲਈ ਬੰਦ ਕੀਤਾ ਹੋਇਆ ਸੀ।

ਮੇਰੀ ਚੱਕ ਭਾਈਕੇ ਵਾਲੀ ਭੂਆ ਜੀ ਦੀ ਇਕ ਲੜਕੀ ਲੋਪੋ, ਜ਼ਿਲ੍ਹਾ ਮੋਗਾ ਵਿਚ ਵਿਆਹੀ ਹੋਈ ਹੈ। ਉਸ ਦੇ ਦੋ ਬੱਚੇ ਹਨ। ਇਕ ਲੜਕਾ ਤੇ ਇਕ ਲੜਕੀ। ਲੜਕੇ ਦਾ ਨਾਂ ਗੁਰਪ੍ਰੀਤ ਸਿੰਘ ਹੈ ਤੇ ਲੜਕੀ ਦਾ ਛੋਟਾ ਨਾਂ ਪਿੰਕੀ ਹੈ। ਇਹ ਦੋਵੇਂ ਐਡਮਿੰਟਨ ਵਿਚ ਰਹਿੰਦੇ ਹਨ। ਦੋਵੇਂ ਹੀ ਵਿਆਹੇ ਹੋਏ ਹਨ। ਦੋਨਾਂ ਦੇ ਬੱਚੇ ਹਨ। ਇਸ ਲਈ ਚਿੜੀਆ ਘਰ ਤੋਂ ਪਿਛੋਂ ਦੇ ਸਮੇਂ ਵਿਚ ਮੈਂ ਇਨ੍ਹਾਂ ਦੋਵਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਘਰੀਂ ਜਾ ਕੇ ਮਿਲ ਆਇਆ। ਵੈਸੇ ਪਹਿਲਾਂ ਇਹ ਦੋਵੇਂ ਪਰਿਵਾਰ ਮੈਨੂੰ ਹਰਦੇਵ ਸਿੰਘ ਦੇ ਘਰ ਆ ਕੇ ਮਿਲ ਗਏ ਸਨ। ਮੇਰੇ ਇੱਕ ਸਾਲੇ ਦੀ ਲੜਕੀ ਹੈਪੀ ਵੀ ਐਡਮਿੰਟਨ ਵਿਚ ਰਹਿੰਦੀ ਹੈ। ਮੈਂ ਉਸ ਨੂੰ ਵੀ ਘਰ ਜਾ ਕੇ ਮਿਲ ਆਇਆ। ਏਸ ਤਰ੍ਹਾਂ ਮੈਂ 17 ਮਈ ਦੇ ਦੁਪਹਿਰ ਤੋਂ ਬਾਅਦ ਦੇ ਸਮੇਂ ਨੂੰ ਚੰਗੀ ਤਰ੍ਹਾਂ ਵਰਤ ਲਿਆ।

18 ਮਈ ਦਿਨ ਐਤਵਾਰ ਨੂੰ ਸਵੇਰੇ ਥੋੜੀ ਥੋੜੀ ਭੂਰ ਪੈ ਰਹੀ ਸੀ। ਦੁਪਹਿਰ ਤੱਕ ਮੌਸਮ ਸਾਫ ਹੋ ਗਿਆ। ਦੁਪਹਿਰ ਤੋਂ ਬਾਅਦ ਮੈਂ ਤੇ ਇਕਬਾਲ ਵਸਾਖੀ ਨੂੰ ਸਮਰਪਿਤ ਨਗਰ ਕੀਰਤਨ ਵੇਖਣ ਚਲੇ ਗਏ। ਇਹ ਨਗਰ ਕੀਰਤਨ ਗੁਰੂਦਵਾਰਾ ਮਿਲ ਵੁਡਜ਼ ਤੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਿਕਲ ਰਿਹਾ ਸੀ। ਜਦ ਅਸੀਂ ਗੁਰੂਦਵਾਰਾ ਸਿੰਘ ਸਭਾ ਦੇ ਨੇੜੇ ਪਹੁੰਚੇ। ਉਸ ਸਮੇਂ ਨਗਰ ਕੀਰਤਨ ਦੀ ਸੰਗਤ ਵੀ ਗੁਰੂਦਵਾਰਾ ਸਾਹਿਬ ਤੋਂ ਥੋੜੀ ਜਿਹੀ ਦੂਰੀ ਤੇ ਹੀ ਸੀ। ਨਗਰ ਕੀਰਤਨ ਵਿਚ 15/20 ਹਜ਼ਾਰ ਦਾ ਇਕੱਠ ਸੀ। ਜਿੱਥਰ ਵੇਖਦੇ ਸਾਂ, ਲੋਕ ਹੀ ਲੋਕ ਸਨ। ਇਨ੍ਹਾਂ ਇਕੱਠ ਤਾਂ ਮੈਂ ਲੁਧਿਆਣੇ ਸ਼ਹਿਰ ਦੇ ਕਿਸੇ ਵੀ ਨਗਰ ਕੀਰਤਨ ਵਿਚ ਨਹੀਂ ਵੇਖਿਆ ਸੀ। ਜਦ ਕਿ ਲੁਧਿਆਣੇ ਸ਼ਹਿਰ ਵਿਚ ਸਿੱਖਾਂ ਦੀ 4/5 ਲੱਖ ਦੇ ਕਰੀਬ ਆਬਾਦੀ ਹੈ। ਬਹੁਤੇ ਬੰਦਿਆਂ ਦੇ ਸਿਰਾਂ ਤੇ ਨੀਲੀਆਂ ਤੇ ਪੀਲੀਆਂ ਦਸਤਾਰਾਂ ਸਨ। ਬੀਬੀਆਂ ਦੇ ਸਿਰਾਂ ਤੇ ਨੀਲੇ ਤੇ ਪੀਲੇ ਦੁਪੱਟੇ ਸਨ। ਬੀਬੀਆਂ ਦੇ ਚੜ੍ਹਦੇ ਤੋਂ ਚੜ੍ਹਦੇ ਸੂਟ ਪਾਏ ਹੋਏ ਹਨ। ਹਾਰ ਸ਼ਿੰਗਾਰ ਵੀ ਵਥੇਰਾ ਲਾਇਆ ਹੋਇਆ ਸੀ। ਵੈਸੇ ਬੀਬੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਸੂਟ ਪਾਉਣ ਦੇ ਕਦੇ ਕਦੇ ਹੀ ਮੌਕੇ ਮਿਲਦੇ ਹਨ। ਕਿਉਂ ਜੋ ਬਾਹਰਲੇ ਦੇਸ਼ਾਂ ਵਿਚ ਬਹੁਤੀਆਂ ਬੀਬੀਆਂ ਦਾ ਪਹਿਰਾਵਾ ਹੁਣ ਪੈਂਟ ਤੇ ਸ਼ਰਟ ਹੋ ਗਿਆ ਹੈ। ਬੀਬੀਆਂ ਦੇ ਪਾਏ ਸੂਟ ਤੇ ਕੀਤੇ ਹਾਰ ਸ਼ਿੰਗਾਰ ਨੂੰ ਵੇਖ ਕੇ ਮੈਨੂੰ ਮੱਸਿਆ ਦੇ ਮੇਲੇ ਤੇ ਜਾਂਦੀਆਂ ਮੁਟਿਆਰਾਂ ਦੇ ਕੀਤੇ ਹਾਰ ਸ਼ਿੰਗਾਰ ਸਬੰਧੀ ਇਕ ਲੋਕ ਗੀਤ ਯਾਦ ਆ ਗਿਆ ਹੈ—

ਢਾਈਆ ਢਾਈਆ ਢਾਈਆ,
ਮੇਲੇ ਮੱਸਿਆ ਦੇ,
ਹੂਰਾਂ ਪਹਿਨ ਪੱਚਰ ਕੇ ਆਈਆਂ।
ਹੱਥਾਂ ਵਿਚ ਰੁਮਾਲ ਮੁੰਡਿਓ,
ਉਨ੍ਹਾਂ ਪੈਰਾਂ 'ਚ ਪੰਜੇਬਾਂ ਪਾਈਆਂ।
ਬੁੱਲ੍ਹਾਂ ਤੇ ਦੰਦਾਸਾ ਮੱਚਦਾ,
ਗੋਰੀ ਧੌਣ 'ਚ ਤਵੀਤੀਆਂ ਪਾਈਆਂ।
ਮੇਲੇ ਵਿਚ ਫਿਰਨ ਘੁੰਮਦੀਆਂ,

ਵੱਡਿਆਂ ਘਰਾਂ ਦੀਆਂ ਜਾਈਆਂ।

ਕਾਰਾਂ ਖੜੀਆਂ ਕਰਨ ਲਈ ਦੂਰ ਦੂਰ ਵੀ ਕੋਈ ਥਾਂ ਨਜ਼ਰ ਨਹੀਂ ਆ ਰਹੀ ਸੀ। ਨਗਰ ਕੀਰਤਨ ਦੀ ਸਮਾਪਤੀ ਗੁਰੂਦਵਾਰਾ ਸਿੰਘ ਸਭਾ ਵਿਚ ਆ ਕੇ ਹੋਈ। ਫੇਰ ਕੀਰਤਨ ਦੇ ਇਕੱਠ ਨੇ ਦੀਵਾਨ ਦਾ ਰੂਪ ਧਾਰ ਲਿਆ। ਧਾਰਮਿਕ ਸਟੇਜ਼ ਲਾਈ ਗਈ। ਢਾਡੀ ਜੱਥਿਆਂ ਨੇ ਸਿਖ ਇਤਿਹਾਸ ਦੀਆਂ ਵਾਰਾਂ ਗਾਈਆਂ। ਅਲਬਰਟਾ ਦੇ ਇਕ ਵਜ਼ੀਰ ਨੇ ਸਟੇਜ਼ ਤੋਂ ਭਾਸ਼ਨ ਦਿੰਦਿਆਂ ਅਲਬਰਟਾ ਤੇ ਕੈਨੇਡਾ ਦੀ ਉਨਤੀ ਵਿਚ ਸਿੱਖਾਂ ਦੀ ਪਾਏ ਯੋਗਦਾਨ ਦੀ ਭਰਪੂਰ ਪ੍ਰਸੰਸਾ ਕੀਤੀ। ਸਿੱਖਾਂ ਦੀ ਦਾਨ ਦੇਣ ਦੀ ਰੁਚੀ ਦੀ ਰੱਜ ਕੇ ਵਡਿਆਈ ਕੀਤੀ। ਫੇਰ ਗੁਰੂਦਵਾਰਿਆਂ ਦੇ ਪ੍ਰਧਾਨਾਂ, ਕਮੇਟੀ ਮੈਂਬਰਾਂ, ਪੰਜਾਬੀ ਐਮ. ਐਲ. ਏਆਂ ਤੇ ਹੋਰ ਪਤਵੰਤੇ ਸੱਜਣਾਂ ਨੇ ਆਪਣੇ ਆਪਣੇ ਵਿਚਾਰ ਰੱਖੇ। ਗੁਰੂਦਵਾਰੇ ਦੀ ਇਕ ਸਾਈਡ ਤੇ ਸੰਗਤਾਂ ਲਈ ਖਾਣ ਪੀਣ ਦੇ ਸਟਾਲ ਲਾਏ ਹੋਏ ਸਨ। ਇਨ੍ਹਾਂ ਸਟਾਲਾਂ ਉਪਰ ਭਾਂਤ ਭਾਂਤ ਦੇ ਰਸੀਲੇ ਲੰਗਰ ਵਰਤਾਏ ਜਾ ਰਹੇ ਸਨ। ਕੋਈ ਦੋ ਘੰਟੇ ਦਾ ਸਮਾਂ ਅਸੀਂ ਏਥੇ ਬਿਤਾ ਕੇ ਘਰ ਵਾਪਸ ਆ ਗਏ।

ਐਡਮਿੰਟਨ ਸ਼ਹਿਰ ਅਲਬਰਟਾ ਸਟੇਟ ਵਿਚ ਪੈਂਦਾ ਹੈ। ਅਲਬਰਟਾ ਸਟੇਟ ਦਾ ਨਾਂ ਕਵੀਨ ਵਿਕਟੋਰੀਆਂ ਦੀ ਚੌਥੀ ਲੜਕੀ ਦੇ Louise Caroline Alberta ਦੇ ਨਾਂ ਤੇ ਇਕ ਸਤੰਬਰ 1905 ਨੂੰ ਰੱਖਿਆ ਗਿਆ ਸੀ। ਐਡਮਿੰਟਨ ਅਲਬਰਟਾ ਸਟੇਟ ਦੀ ਰਾਜਧਾਨੀ ਹੈ। ਇਹ ਸ਼ਹਿਰ ਸਸਕੈਚਵਨ (Saskatchewan) ਦਰਿਆ ਦੇ ਕੰਢੇ ਤੇ ਵਸਿਆ ਹੋਇਆ ਹੈ। ਅਲਬਰਟਾ ਸਟੇਟ ਦਾ ਦੂਜਾ ਵੱਡਾ ਸ਼ਹਿਰ ਹੈ। 264 ਵਰਗਮੀਲ ਖੇਤਰ ਵਿਚ ਵਸਿਆ ਹੋਇਆ ਹੈ। ਸਾਲ 2006 ਵਿਚ ਇਸ ਦੀ ਆਬਾਦੀ 7 ਲੱਖ 30 ਹਜ਼ਾਰ ਸੀ। ਇਸ ਆਬਾਦੀ ਵਿਚ 17 ਹਜ਼ਾਰ ਆਬਾਦੀ ਭਾਰਤੀਆਂ ਦੀ ਸੀ ਜਿਸ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ।

ਐਡਮਿੰਟਨ ਵਿਚ ਸਾਲ 1754 ਵਿਚ ਯੂਰਪੀਅਨ ਆਏ। ਸਾਲ 1795 ਵਿਚ ਇਹ ਵਪਾਰਕ ਕੇਂਦਰ ਬਣਨਾ ਸ਼ੁਰੂ ਹੋਇਆ। ਏਥੋਂ ਦੀ ਜ਼ਮੀਨ ਉਪਜਾਊ ਹੋਣ ਕਰਕੇ 19ਵੀਂ ਸਦੀ ਦੇ ਅਖੀਰ ਵਿਚ ਏਥੇ ਆਏ ਪ੍ਰਵਾਸੀਆਂ ਨੇ ਐਡਮਿੰਟਨ ਨੂੰ ਇਕ ਵਪਾਰਕ ਤੇ ਖੇਤੀ ਬਾੜੀ ਦਾ ਕੇਂਦਰ ਬਣਾ ਦਿੱਤਾ। ਸਾਲ 1947 ਵਿਚ ਐਡਮਿੰਟਨ ਦੇ ਦੱਖਣ ਵਾਲੇ ਪਾਸੇ ਪਹਿਲੀ ਵੇਰ ਜ਼ਿਆਦਾ ਤੇਲ ਦੀ ਲੱਭਤ ਹੋਈ। ਤੇਲ ਦਾ ਜ਼ਿਆਦਾ ਭੰਡਾਰ ਅਲਬਰਟਾ ਸਟੇਟ ਦੇ ਉਤਰੀ ਤੇ ਕੇਂਦਰੀ ਭਾਗ ਵਿਚ ਹੋਣ ਕਰਕੇ ਐਡਮਿੰਟਨ ਸ਼ਹਿਰ ਤੇਲ ਦੇ ਕਾਰਖਾਨਿਆਂ ਦਾ ਕੇਂਦਰ ਬਣ ਗਿਆ। ਇਸ ਕਰਕੇ ਹੀ ਐਡਮਿਟਨ ਨੂੰ ਤੇਲ ਦੀ ਰਾਜਧਾਨੀ ਕਿਹਾ ਜਾਣ ਲੱਗਿਆ। ਐਡਮਿੰਟਨ ਦੀ ਆਮਦਨ ਦਾ ਮੁੱਖ ਸੋਮਾ ਤੇਲ ਦੇ ਕਾਰਖਾਨੇ ਹੀ ਹਨ। ਸਾਊਦੀ ਅਰੇਬੀਆਂ ਤੋਂ ਪਿਛੋਂ ਸਭ ਤੋਂ ਜ਼ਿਆਦਾ ਤੇਲ ਦੇ ਭੰਡਾਰ ਅਲਬਰਟਾ ਸਟੇਟ ਵਿਚ ਹਨ। ਸਭ ਤੋਂ ਜ਼ਿਆਦਾ ਰੁਜ਼ਗਾਰ ਵੀ ਤੇਲ ਤੇ ਗੈਸ ਨਾਲ ਸਬੰਧਿਤ ਅਦਾਰਿਆਂ ਵਿਚ ਹੈ।

ਐਡਮਿੰਟਨ ਇਕ ਵਿਦਿਅਕ ਕੇਂਦਰ ਹੈ। ਏਥੇ 60 ਹਜ਼ਾਰ ਵਿਦਿਆਰਥੀ ਹਾਇਰ ਸੈਕੰਡਰੀ ਦੀ ਪੜ੍ਹਾਈ ਤੋਂ ਉਪਰਲੀ ਪੜ੍ਹਾਈ ਕਰਦੇ ਹਨ। ਸਕੂਲ ਵਿਚ 1 ਲੱਖ 70 ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਏਥੋਂ ਦੀ ਯੂਨੀਵਰਸਿਟੀ ਆਫ ਅਲਬਰਟਾ ਬਹੁਤ ਪ੍ਰਸਿਧੀ ਵਾਲੀ ਯੂਨੀਵਰਸਿਟੀ ਹੈ। ਏਥੇ 200 ਅੰਡਰ ਗ੍ਰੈਜੂਏਟ ਪ੍ਰੋਗਰਾਮ ਤੇ 170 ਗ੍ਰੈਜੂਏਟ ਪ੍ਰੋਗਰਾਮ

ਚਲਦੇ ਹਨ।ਯੂਨੀਵਰਸਿਟੀ ਦੀ ਰੀਸਰਚ ਲਾਇਬ੍ਰੇਰੀ ਕੈਨੇਡਾ ਦੀ ਦੂਜੀ ਵੱਡੀ ਲਾਇਬ੍ਰੇਰੀ ਹੈ। ਏਥੇ ਹੋਰ ਯੂਨੀਵਰਸਿਟੀਆਂ, ਕਾਲਜ ਤੇ ਸਕੂਲ ਵੀ ਵਿਦਿਆ ਦੇਣ ਵਿਚ ਵਧੀਆ ਯੋਗਦਾਨ ਪਾ ਰਹੇ ਹਨ।

ਐਡਮਿੰਟਨ ਵਿਚ ਸੰਸਾਰ ਪੱਧਰ ਦੇ ਮੇਲੇ ਲੱਗਦੇ ਰਹਿੰਦੇ ਹਨ। ਇਨ੍ਹਾਂ ਮੇਲਿਆਂ ਵਿੱਚ ਐਡਮਿੰਟਨ ਹੈਰੀਟੇਜ਼ ਫੈਸਟੀਵਲ ਆਉਂਦਾ ਹੈ। ਇਹ ਸਾਲ 1974 ਵਿਚ ਲੱਗਣਾ ਸ਼ੁਰੂ ਹੋਇਆ ਸੀ। ਪਹਿਲਾਂ ਇਹ ਇਕ ਦਿਨ ਦਾ ਮੇਲਾ ਹੁੰਦਾ ਸੀ। ਹੁਣ ਇਹ ਤਿੰਨ ਦਿਨ ਮਨਾਇਆ ਜਾਂਦਾ ਹੈ।ਸਾਲ 2006 ਵਿਚ ਇਸ ਮੇਲੇ ਨੂੰ ਵੇਖਣ ਵਾਲਿਆਂ ਦੀ ਗਿਣਤੀ 3 ਲੱਖ 70 ਹਜ਼ਾਰ ਤੇ 4 ਲੱਖ 20 ਹਜ਼ਾਰ ਦੇ ਵਿਚਕਾਰ ਪਹੁੰਚ ਗਈ ਸੀ। ਇਸ ਮੇਲੇ ਦਾ ਮੁੱਖ ਮੰਤਵ ਵੱਖ ਵੱਖ ਸਭਿਆਚਾਰਾਂ ਦੇ ਲੋਕਾਂ ਦੀ ਆਪਸੀ ਸਮਝ ਕਰਵਾਉਣਾ, ਲੋਕਾਂ ਵਿਚ ਇਨ੍ਹਾਂ ਸਭਿਆਚਾਰਾਂ ਦੀ ਜਾਗਰੂਪਤਾ ਲਿਆਉਣਾ, ਪਰਸਪਰ ਮਿਲਵਰਤਣ ਪੈਦਾ ਕਰਨਾ ਤੇ ਵਿਦਿਅਕ ਸਮਾਗਮ ਕਰਨਾ ਹੈ। ਏਸੇ ਮੇਲੇ ਵਿਚ ਕੋਈ ਵੀ ਨਸ਼ੇ ਵਾਲੀ ਵਸਤ ਦਾ ਸੇਵਨ ਨਹੀਂ ਕੀਤਾ ਜਾ ਸਕਦਾ। ਮੇਲੇ ਦੇ ਲੱਗੇ ਮੰਡਪਾਂ ਵਿਚ ਵੱਖ ਵੱਖ ਸਭਿਆਚਾਰਾਂ ਦੀਆਂ ਫੂਡਜ਼, ਆਰਟ ਤੇ ਕਰਾਫਟ, ਮਨੋਰੰਜਨ ਤੇ ਰਸਮੋ ਰਿਵਾਜ਼ ਵਿਖਾਏ ਜਾਂਦੇ ਹਨ।ਏਸ ਮੇਲੇ ਵਿਚ 50 ਹਜ਼ਾਰ ਕਿਲੋਗ੍ਰਾਮ ਦੇ ਕਰੀਬ ਫੂਡ ਇਕੱਠੀ ਹੋ ਜਾਂਦੀ ਹੈ।

ਏਥੋਂ ਦਾ ਇੰਟਰਨੈਸ਼ਨਲ ਫਰਿੰਜ਼ ਥੀਏਟਰ ਫੈਸਟੀਵਲ ਵੀ ਬਹੁਤ ਮਸ਼ਹੂਰ ਹੈ। ਇਹ ਸੰਸਾਰ ਦਾ ਦੂਜਾ ਵੱਡਾ ਫਰਿੰਜ਼ ਫੈਸਟੀਵਲ ਹੈ। ਸਾਲ 1982 ਤੋਂ ਮਨਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਕਲਾਕਾਰ ਤੇ ਦਰਸਕ ਇਕੱਠੇ ਹੋ ਕੇ ਖੁਸ਼ੀਆਂ ਮਨਾਉਂਦੇ ਹਨ। ਮੇਲੇ ਦਾ ਮੁੱਖ ਮੰਤਵ ਸਾਰੇ ਕਲਾਕਾਰਾਂ ਨੂੰ ਆਪਣੇ ਨਾਟਕ ਆਪਣੇ ਢੰਗ ਨਾਲ ਆਪਣੇ ਵਿਸ਼ੇ ਲੈ ਕੇ ਲੋਕਾਂ/ਦਰਸ਼ਕਾਂ ਤੱਕ ਆਸਾਨੀ ਨਾਲ ਪਹੁੰਚਾਣ ਦਾ ਹੈ। ਇਨ੍ਹਾਂ ਨਾਟਕਾਂ ਦੀਆਂ ਦੀ ਵਿਕਰੀ ਦੇ ਪੈਸੇ ਇਨ੍ਹਾਂ ਨਾਟਕਕਾਰਾਂ ਨੂੰ ਹੀ ਦਿੱਤੇ ਜਾਂਦੇ ਹਨ।ਏਸ ਤਰ੍ਹਾਂ ਨਾਟਕਕਾਰਾਂ ਨੂੰ ਨਵੇਂ ਨਵੇਂ ਨਾਟਕ ਤਿਆਰ ਕਰਨ ਲਈ ਹੌਸਲਾ ਮਿਲਦਾ ਰਹਿੰਦਾ ਹੈ। ਏਸ ਮੇਲੇ ਵਿਚ ਸਾਰੇ ਕੈਨੇਡਾ ਵਿਚੋਂ ਹੀ ਨਹੀਂ, ਸਗੋਂ ਸਾਰੀ ਦੁਨੀਆਂ ਦੇ ਕਲਾਕਾਰ ਤੇ ਉਨ੍ਹਾਂ ਦੇ ਸਰਪ੍ਰਸਤ ਹਿੱਸਾ ਲੈਂਦੇ ਹਨ।

ਏਥੋਂ ਦੇ ਹੋਰ ਮਸ਼ਹੂਰ ਮੇਲਿਆਂ ਵਿਚ ਐਡਮਿੰਟਨ ਫੋਕ ਮਿਊਜ਼ਿਕ ਫੈਸਟੀਵਲ, ਐਡਮਿੰਟਨ ਇੰਟਰਨੈਸ਼ਨਲ ਫਿਲਮ ਫੈਸਟੀਵਲ, ਇੰਟਰਨੈਸ਼ਨਲ ਚਿਲਡਰਨ ਫੈਸਟੀਵਲ ਅਤੇ ਹੋਰ ਬਹੁਤ ਸਾਰੇ ਮੇਲੇ ਲੱਗਦੇ ਰਹਿੰਦੇ ਹਨ। ਏਸੇ ਕਰਕੇ ਹੀ ਐਡਮਿੰਟਨ ਨੂੰ ਕੈਨੇਡਾ ਦਾ ਮੇਲਿਆਂ ਦਾ ਸ਼ਹਿਰ (The Festival City of Canada) ਕਿਹਾ ਜਾਂਦਾ ਹੈ।ਐਡਮਿੰਟਨ ਨੂੰ ਸਾਲ 2007 ਦੀ ਕੈਨੇਡਾ ਦੀ ਸਭਿਆਚਾਰਕ ਰਾਜਧਾਨੀ (Cultural Capital) ਐਲਾਨਿਆਂ ਗਿਆ ਸੀ। ਐਡਮਿੰਟਨ ਵਿਚ ਹੀ 1978 ਦੀਆਂ ਕਾਮਨਵੈਲਥ ਗੇਮਜ਼ , 1983 ਦੀਆਂ ਵਰਲਡ ਯੂਨੀਵਰਸਿਟੀ ਗੇਮਜ਼, 2001 ਦੀ ਐਥਲੈਟਿਕਸ ਦੀ ਸੰਸਾਰ ਚੈਂਪਿਆਨਸ਼ਿਪ, ਸਾਲ 2005 ਦੀ ਵਰਲਡ ਮਾਸਟਰ ਗੇਮਜ਼, ਸਾਲ 2006 ਵਿਚ ਇਸਤਰੀਆਂ ਦੀ ਰਘਵੀ ਦੇ ਸੰਸਾਰ ਕੱਪ ਦੀਆਂ ਗੇਮਾਂ ਹੋਈਆਂ ਸਨ।

ਐਡਮਿੰਟਨ ਵਿਚ ਪਾਰਕ ਬਹੁਤ ਹਨ। ਐਡਮਿੰਟਨ ਦੀ ਦਰਿਆ ਦੀ ਘਾਟੀ ਨਿਊਯਾਰਕ ਸ਼ਹਿਰ ਦੇ ਸੈਂਟਰਲ ਪਾਰਕ ਨਾਲੋਂ 22 ਗੁਣਾ ਵੱਡੀ ਹੈ। ਏਥੇ 27400 ਏਕੜ ਪਾਰਕਲੈਂਡ ਹੈ। ਇਸ ਵਿਚੋਂ 18 ਹਜ਼ਾਰ ਏਕੜ ਵਿਚ ਰਿਵਰ ਵੈਲੀ ਪਾਰਕਸ ਹਨ। ਕਈ

ਗੌਲਫ ਖੇਡਣ ਦੇ ਮੈਦਾਨ ਹਨ। ਐਡਮਿੰਟਨ ਦੀਆਂ ਗਲੀਆਂ ਤੇ ਪਾਰਕਾਂ ਵਿਚ ਵੱਖ-ਵੱਖ ਕਿਸਮਾਂ ਦੇ ਰੁੱਖਾਂ ਦੀ ਭਰਮਾਰ ਹੈ। ਐਡਮਿੰਟਨ ਗਰਮੀ ਦੇ ਮੌਸਮ ਦਾ ਕੈਨੇਡਾ ਦਾ ਸਭ ਤੋਂ ਲੰਮਾ ਸਮਾਂ ਰਹਿਣ ਵਾਲੇ ਦਿਨਾਂ ਵਾਲਾ ਸ਼ਹਿਰ ਹੈ। ਗਰਮੀ ਵਿਚ ਏਥੇ 17 ਘੰਟੇ ਦਾ ਦਿਨ ਹੁੰਦਾ ਹੈ।

ਏਥੇ ਦੋ ਹਵਾਈ ਅੱਡੇ ਹਨ। ਇਕ ਘਰੇਲੂ ਅੱਡਾ ਹੈ, ਦੂਜ ਅੰਤਰ-ਰਾਸ਼ਟਰੀ। ਏਥੋਂ ਅਮਰੀਕਾ, ਯੂਰਪ, ਜਾਪਾਨ, ਮੈਕਸੀਕੋ ਦੇਸ਼ਾਂ ਨੂੰ ਉਡਾਣਾਂ ਜਾਂਦੀਆਂ ਹਨ। ਏਥੋਂ ਦੀ ਰੇਲ ਸਰਵਿਸ, ਟਰਾਲੀ ਸਰਵਿਸ ਤੇ ਬੱਸ ਸਰਵਿਸ ਬਹੁਤ ਵਧੀਆ ਹਨ। ਐਡਮਿੰਟਨ ਵਿਚ ਲੋਕੀ ਬਾਈਸਾਈਕਲਾਂ ਦੀ ਵਰਤੋਂ ਵੀ ਕਰਦੇ ਹਨ। ਪੈਦਲ ਵੀ ਚਲਦੇ ਹਨ। ਏਥੇ ਬਹੁਤ ਸਾਰੇ ਬੈਂਕ ਵਿੱਤੀ ਸੰਸਥਾਵਾਂ, ਟੈਕਨੀਕਲ ਅਦਾਰੇ, ਯੂਨੀਵਰਸਿਟੀਆਂ, ਰੀਸਰਚ ਸੰਸਥਾਵਾਂ, ਵੱਡੇ ਹਸਪਤਾਲ, ਅਲਬਰਟਾ ਰੇਲਵੇ ਮਿਊਜ਼ੀਅਮ, ਅਲਬਰਟਾ ਐਵੀਏਸ਼ਨ ਮਿਊਜ਼ੀਅਮ, ਆਰਟ ਗੈਲਰੀਆਂ ਅਤੇ ਹੋਰ ਬਹੁਤ ਸਾਰੇ ਵੱਡੇ ਛੋਟੇ ਮਿਊਜ਼ੀਅਮ, ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਪੱਧਰ ਦੀਆਂ ਕੰਪਨੀਆਂ ਹਨ। ਐਡਮਿੰਟਨ ਵਿਚ ਥੀਏਟਰ, ਨਾਈਟ ਕਲੱਬਾਂ, ਰੈਸਟੋਰੈਂਟਾਂ ਤੇ ਹੋਟਲਾਂ ਦੀ ਭਰਮਾਰ ਹੈ। ਇਸ ਸੂਬੇ ਵਿਚ ਚੀਜ਼ਾਂ ਦੀ ਵਿਕਰੀ ਤੇ ਸੇਲ ਟੈਕਸ ਨਹੀਂ ਲੱਗਦਾ। ਏਸ ਕਰ ਕੇ ਦੂਰ ਦੂਰ ਸ਼ਹਿਰਾਂ ਤੋਂ ਲੋਕੀ ਏਥੇ ਖਰੀਦਦਾਰੀ ਕਰਨ ਆਉਂਦੇ ਹਨ। ਏਥੋਂ ਦੀ ਫੁਟਬਾਲ, ਹਾਕੀ ਤੇ ਬੇਸਵਾਲ ਦੀਆਂ ਗੇਮਾਂ ਬਹੁਤ ਮਸ਼ਹੂਰ ਹਨ।

# ਬੈਂਫ (Banff) ਦੀ ਅਭੁੱਲ ਯਾਤਰਾ

19. ਮਈ 2008 ਦਿਨ ਸੋਮਵਾਰ ਨੂੰ ਮੈਂ ਤੇ ਮੇਰਾ ਭਤੀਜਾ ਗੁਰਤੇਜ ਸਵੇਰ 7 ਵਜੇ ਐਡਮਿੰਟਨ ਤੋਂ ਬੈਂਫ ਨੂੰ ਚੱਲ ਪਏ। ਦਿਨ ਬੜਾ ਸਾਫ ਸੀ। ਸ਼ਹਿਰ ਨਿਕਲਣ ਤੋਂ ਬਾਅਦ ਸਪੀਡ ਲਿਮਟ 110 ਕਿਲੋਮੀਟਰ ਦੀ ਸੀ। ਪਰ ਗੁਰਤੇਜ਼ ਦੀ ਕਾਰ 125/130 ਕਿਲੋਮੀਟਰ ਦੀ ਰਫਤਾਰ ਤੇ ਜਾ ਰਹੀ ਸੀ। ਮੈਂ ਉਸ ਦੇ ਨਾਲ ਹੀ ਅਗਲੀ ਸੀਟ ਤੇ ਬੈਠਾ ਸੀ। ਕੋਈ 300 ਕਿਲੋਮੀਟਰ ਦੀ ਦੂਰੀ ਤੇ ਹੀ ਆਏ ਸੀ ਕਿ ਸਾਹਮਣੇ ਤੋਂ ਆ ਰਹੀ ਪੁਲਸ ਦੀ ਗੱਡੀ ਨੇ ਲਾਈਟ ਦੇ ਕੇ ਸਾਨੂੰ ਰੋਕ ਲਿਆ। ਅਸੀਂ ਗੱਡੀ ਵਿਚ ਬੈਠੇ ਰਹੇ। ਪੁਲਸ ਮੈਨ ਆਪਣੀ ਗੱਡੀ ਤੋਂ ਉਤਰ ਕੇ ਸਾਡੀ ਗੱਡੀ ਕੋਲ ਆਇਆ। ਨਿਮਰਤਾ ਸਹਿਤ ਉਸ ਨੇ ਗੱਡੀ ਦੇ ਕਾਗਜ਼ ਮੰਗੇ। ਕਾਗਜ਼ ਵਿਖਾਏ ਗਏ। ਪੁਲਸਮੈਨ ਨੇ ਕਿਹਾ, "ਤੁਸੀਂ 124 ਕਿਲੋਮੀਟਰ ਦੀ ਸਪੀਡ ਤੇ ਆ ਰਹੇ ਸੀ, ਜਿਹੜੀ ਨਿਰਧਾਰਤ ਸਪੀਂਡ ਨਾਲੋਂ 14 ਕਿਲੋਮੀਟਰ ਵੱਧ ਹੈ।" ਗੁਰਤੇਜ ਨੇ ਖਿਮਾ ਕਰਨ ਦੀ ਬੇਨਤੀ ਵੀ ਕੀਤੀ, ਪਰ ਉਸ ਨੇ ਸੌਰੀ ਕਹਿ ਕੇ 100 ਡਾਲਰ ਦੀ ਟਿਕਟ ਕੱਟ ਕੇ ਗੁਰਤੇਜ ਦੇ ਹੱਥ ਫੜਾਈ। ਨਾਲ ਹੀ ਅਗਲੀ ਯਾਤਰਾ/ਸਫਰ ਲਈ ਸ਼ੁਭ ਇਛਾਵਾਂ ਦੇ ਕੇ ਚਲਿਆ ਗਿਆ। ਜੋ ਹੁੰਦਾ ਸਾਡੇ ਭਾਰਤ ਦੇਸ਼ ਮਹਾਨ ਦੇ ਸੂਬੇ ਪੰਜਾਬ ਦਾ ਪੁਲਸ ਵਾਲਾ ਤਾਂ ਮਾਲਕ/ਡਰਾਈਵਰ ਨੂੰ ਪੁਲਸਮੈਨ ਕੋਲ ਚੱਲ ਕੇ ਜਾਣਾ ਪੈਣਾ ਸੀ।

ਪੁਲਸ ਵਾਲੇ ਨੇ ਪਹਿਲਾਂ ਰੁੱਖਾ ਬੋਲ ਕੇ ਆਪਣੀ ਵਰਦੀ ਦਾ ਰੋਹਬ ਪਾਉਣਾ ਸੀ। ਫੇਰ 50 ਰੁਪੈ ਦੀ ਰਿਸ਼ਵਤ ਲੈ ਕੇ ਛੱਡ ਦੇਣਾ ਸੀ। ਜਾਂਦੇ ਹੋਏ ਤਾੜਨਾ ਕਰ ਕੇ ਵੀ ਜਾਣੀ ਸੀ।

ਕੈਲਗਰੀ ਪਹੁੰਚਦਿਆਂ ਨੂੰ ਸਾਨੂੰ 12 ਵੱਜ ਗਏ। ਇਕ ਪਟਰੋਲ ਪੰਪ ਤੋਂ ਪਟਰੌਲ ਪਵਾਇਆ। ਬੈਂਫ ਨੂੰ ਅੱਗੇ ਚੱਲ ਪਏ। ਦੋ ਵਜੇ ਦੇ ਕਰੀਬ ਅਸੀਂ ਬੈਂਨਫ਼ ਪਹੁੰਚ ਗਏ। ਇਕ ਫਾਸਟ ਫੂਡ ਦੇ ਹੋਟਲ ਤੋਂ ਪੇਟ ਪੂਜਾ ਕੀਤੀ। ਫੇਰ ਕਾਰ ਬੈਂਫ ਗੌਨਡੋਲਾ Gondola (ਪਹਾੜ ਦੀ ਟੀਸੀ ਤੇ ਜਾਣ ਵਾਲੀ, ਸੈਰ ਕਰਨ ਵਾਲੀ ਹਲਕੀ ਬੇੜੀ) ਵਾਲੀ ਸੜਕ ਤੇ ਚਾੜ੍ਹ ਲਈ। ਡਾਊਨ ਟਾਊਨ ਤੋਂ 8/10 ਮਿੰਟ ਵਿਚ ਅਸੀਂ ਗੌਨਡੋਲਾ ਵਾਲੀ ਥਾਂ ਤੇ ਪਹੁੰਚ ਗਏ। ਕਾਰ ਪਾਰਕ ਕੀਤੀ। ਟਿਕਟਾਂ ਖਰੀਦੀਆਂ। ਗੌਨਡੋਲਾ ਵਿਚ ਸਵਾਰ ਹੋ ਗਏ। ਗੌਨਡੋਲਾ ਦੇ ਚਾਰੇ ਪਾਸੇ ਸ਼ੀਸ਼ੇ ਲੱਗੇ ਹੋਏ ਸਨ। ਚਾਰੇ ਪਾਸੇ ਪਹਾੜੀਆਂ ਦਾ ਨਜ਼ਾਰਾ ਵੇਖਣ ਲਈ। ਗੋਨਡੋਲਾ ਆਪਣੇ ਆਪ ਹੀ ਖੁਲ੍ਹਦਾ ਹੈ ਤੇ ਆਪਣੇ ਆਪ ਹੀ ਬੰਦ ਹੁੰਦਾ ਹੈ। 8 ਮਿੰਟ ਵਿਚ ਅਸੀਂ ਪਹਾੜ ਦੀ ਟੀਸੀ ਵਾਲੇ ਟਰਮੀਨਲ ਵਿਚ ਪਹੁੰਚ ਗਏ। ਇਹ ਟਰਮੀਨਲ ਸਮੁੰਦਰ ਦੀ ਪੱਧਰ ਤੋਂ 7486 ਫੁੱਟ ਦੀ ਉਚਾਈ ਦੀ ਹੈ। ਗੌਨਡੋਲਾ ਏਸ ਪਹਾੜੀ ਉਪਰ ਸਾਲ 1959 ਤੋਂ ਚੱਲ ਰਿਹਾ ਹੈ।

ਜਦ ਟਰਮੀਨਲ ਤੋਂ ਬਾਹਰ ਨਿਕਲੇ ਤਾਂ ਪਹਾੜੀ ਦੀ ਚੋਟੀ ਤੇ ਬਰਫ ਹੀ ਬਰਫ ਸੀ। ਏਸ ਚੋਟੀ ਤੋਂ ਬੈਂਫ ਕਸਬਾ, ਬੈਂਫ ਸਪਰਿੰਗਜ਼, ਬੋਅ ਦਰਿਆ ਤੇ ਝੀਲ ਵੇਖਣ ਦਾ ਆਪਣਾ ਹੀ ਅਨੋਖਾ ਅਨੁਭਵ ਹੈ। ਏਸੇ ਕਰ ਕੇ ਤਾਂ ਏਸ ਏਰੀਆ ਨੂੰ ਯੂਨੈਸਕੋ ਨੇ ਵਰਲਡ ਹੈਰੀਟੇਜ਼ ਸਾਈਟ ਐਲਾਨਿਆਂ ਹੋਇਆ ਹੈ। ਏਸ ਟਰਮੀਨਲ ਤੋਂ Cosmic Ray station National Historic Site ਤੇ Norman Sanson's 1903 Weather Observatory ਇਕ ਕਿਲੋਮੀਟਰ ਦਾ ਰਸਤਾ ਹੈ। ਮਜ਼ਬੂਤ ਲੋਹੇ ਦੇ ਫਰੇਮਾਂ ਉਪਰ ਮਜ਼ਬੂਤ ਲੱਕੜਾਂ ਲਾ ਕੇ ਇਹ ਰਸਤਾ ਬਣਾਇਆ ਹੋਇਆ ਹੈ। ਏਸ ਦੇ ਦੋਵੇਂ ਕਿਨਾਰਿਆਂ ਤੇ ਵੀ ਲੋਹੇ ਤੇ ਲਕੜ ਦੇ ਜੰਗਲੇ ਲਾਏ ਹੋਏ ਹਨ ਤਾਂ ਜੋ ਕੋਈ ਟੂਰਿਸਟ ਸਾਈਡਾਂ ਤੇ ਨਾ ਡਿੱਗ ਪਵੇ। ਏਸ ਰਸਤੇ ਵਿਚ ਕਈ ਥਾਂ ਟੂਰਿਸ਼ਟਾਂ ਨੂੰ ਬੈਠਣ ਲਈ ਬੈਂਚ ਵੀ ਰੱਖੇ ਹੋਏ ਹਨ। ਪਹਾੜ ਦੀ ਟੀਸੀ ਦੇ ਏਸ ਰਸਤੇ ਉਪਰ ਦੀ ਥੋੜੀ ਥੋੜੀ ਚੜ੍ਹਾਈ ਚੜ੍ਹਦੇ ਹੋਏ ਅਬਜ਼ਰਵੇਟਰੀ ਕੋਲ ਪਹੁੰਚਣਾ ਇਕ ਨਾਟਕੀ ਦ੍ਰਿਸ਼ ਹੈ। ਏਸ ਇਕ ਕਿਲੋਮੀਟਰ ਦੇ ਰਸਤੇ ਨੂੰ Banff Skywalk ਕਿਹਾ ਜਾਂਦਾ ਹੈ।

ਇਹ ਅਬਜਰਵੇਟਰੀ ਪਹਾੜੀ ਦੀ ਸਭ ਤੋਂ ਉੱਚੀ ਚੋਟੀ ਤੇ ਹੈ। ਸਕਾਈਵਾਕ ਵਾਲਾ ਇਹ ਉਹ ਰਸਤਾ ਹੈ ਜਿਹੜੇ ਰਸਤੇ ਰਾਹੀਂ ਰੁੱਤ ਵਿਗਿਆਨੀ (Metorologist) Norman Sanson 30 ਸਾਲ ਹਰ ਹਫਤੇ ਮੌਸਮੀ ਡਾਟਾ ਰੀਕਾਰਡ ਕਰਨ ਲਈ ਆਪਣੀ ਏਸ ਪੱਥਰਾਂ ਦੀ ਬਣੀ ਹੱਟ ਵਿਚ ਜਾਂਦਾ ਹੁੰਦਾ ਸੀ। ਅਸੀਂ ਅਬਜ਼ਰਵੇਟਰੀ ਵੇਖਣ ਤੋਂ ਪਿਛੋਂ ਜਦ ਸਕਾਈਵਾਕ ਰਾਹੀਂ ਵਾਪਸ ਆ ਰਹੇ ਸੀ ਤਾਂ ਸਾਨੂੰ ਦਿੱਲੀ ਦੇ ਦੋ ਖਾਲਸੇ ਚੜ੍ਹਾਈ ਚੜ੍ਹਦੇ ਰਸਤੇ ਵਿਚ ਮਿਲੇ। ਐਵੇਂ ਤਾਂ ਨੀ ਕਿਹਾ ਜਾਂਦਾ ਕਿ ਪੰਜਾਬੀ ਤੁਹਾਨੂੰ ਦੁਨੀਆਂ ਦੇ ਹਰ ਕੋਨੇ ਵਿਚੋਂ ਮਿਲ ਜਾਣਗੇ ? ਹੁਣ ਤਾਂ ਇਹ ਚੁਟਕਲਾ ਵੀ ਹਵਾ ਵਿਚ ਤਾਰੀ ਹੈ ਕਿ ਜਦ ਕੋਈ ਪੁਲਾੜ ਯਾਤਰੀ ਚੰਦ ਉਪਰ ਉਤਰਿਆ ਤਾਂ ਉਸ ਨੂੰ ਉਥੇ ਵੀ ਪਹਿਲਾਂ ਕੋਈ ਪੰਜਾਬੀ ਹੀ ਟਕਰੇਗਾ ?

ਸਕਾਈਵਾਕ ਦੇ ਆਲੇ ਦੁਆਲੇ ਜੰਗਲੀ ਪਹਾੜੀ ਜੀਵ ਫਿਰ ਰਹੇ ਸਨ। ਵਿਸ਼ੇਸ਼

ਤੌਰ ਤੇ ਕਾਟੂਆਂ ਬਹੁਤ ਸਨ। ਹੌਲੀ ਹੌਲੀ ਤੁਰਦੇ ਤੁਰਦੇ ਅਸੀਂ ਟਰਮੀਨਲ ਵਾਪਸ ਪਹੁੰਚੇ। ਟਰਮੀਨਲ ਦੇ ਨਾਲ ਹੀ ਫਾਸਟ ਫੂਡ ਰੈਸਟੋਰੈਂਟ ਬਣਿਆ ਹੋਇਆ ਹੈ। ਏਥੇ ਬਰੇਕਫਾਸਟ, ਲੰਚ ਤੇ ਡਿਨਰ ਮਿਲਦਾ ਹੈ। ਗਿਫਟ ਸ਼ਾਪ ਵੀ ਹੈ। ਜਦ ਅਸੀਂ ਹੇਠਾਂ ਆਉਣ ਲਈ ਗੋਨਡੋਲਾ ਵਿਚ ਸਵਾਰ ਹੋਣ ਲੱਗੇ ਤਾਂ ਉਥੇ ਇਕ ਫੋਟੋ ਗ੍ਰਾਫਰ ਨੇ ਸਾਡੀ ਫੋਟੋ ਖਿੱਚੀ। ਜਦ ਅਸੀਂ ਹੇਠਲੇ ਟਰਮੀਨਲ ਤੇ ਪਹੁੰਚੇ ਤਾਂ ਸਾਡੀ ਖਿੱਚੀ ਫੋਟੋ ਇਕ ਕਰਮਚਾਰੀ ਲਈ ਖੜਾ ਸੀ। ਕਹਿ ਰਿਹਾ ਸੀ, "ਜੇ ਤੁਸੀਂ ਫੋਟ ਖਰੀਦਣੀ ਹੈ ਤਾਂ.....ਡਾਲਰ ਦੇ ਕੇ ਖਰੀਦ ਸਕਦੇ ਹੋ।" ਹੇਠਲੇ ਟਰਮੀਨਲ ਤੇ ਵੀ ਗਿਫਟ ਸ਼ਾਪ ਤੇ ਰੈਸਟੋਰੈਂਟ ਹੈ। ਤਿੰਨ ਘੰਟੇ ਦਾ ਸਮਾਂ ਸਾਡਾ ਏਥੇ ਬੀਤ ਗਿਆ। ਮੇਰਾ ਵਿਚਾਰ ਹੈ, ਜਿਹੜੇ ਟੂਰਿਸ਼ਟ ਐਡਮਿੰਟਨ ਜਾਂ ਕੈਲਗਰੀ ਆਉਂਦੇ ਹਨ ਪਰ ਉਹ ਬੈਂਫ ਦੀ ਸਾਰੇ ਏਰੀਏ ਦੀ ਸੈਰ ਤੇ ਵਿਸ਼ੇਸ਼ ਤੌਰ ਤੇ ਗੌਨਡੋਲਾ ਰਾਹੀਂ ਪਹਾੜੀ ਦੀ ਸੈਰ ਤੇ ਪਹਾੜੀ ਉਪਰ ਬਣੇ ਸਕਾਈਵਾਕ ਦੀ ਸੈਰ ਨਹੀਂ ਕਰਦੇ, ਉਨ੍ਹਾਂ ਦੀ ਐਡਮਿੰਟਨ ਤੇ ਕੈਲਗਰੀ ਦੀ ਸੈਰ ਅਧੂਰੀ ਹੀ ਰਹੇ ਗੀ।

ਗੋਨਡੋਲਾ ਤੋਂ ਬਾਅਦ ਅਸੀਂ ਬੋਟ ਦੀ ਸਵਾਰੀ ਕਰ ਕੇ ਬੋਅ ਦਰਿਆਂ ਦੀਆਂ ਅੱਠਖੇਲੀਆਂ ਵੇਖੀਆਂ। ਉਸ ਤੋਂ ਪਿਛੋਂ ਬੈਂਫ ਕਸਬੇ ਦੇ ਇਕੋ ਇੱਕ ਮੁੱਖ ਬਾਜ਼ਾਰ ਦੇ ਦੋ ਭਲਵਾਨੀ ਗੇੜੇ ਲਾਏ। ਸੂਰਜ ਦੇ ਛਿਪਾ ਨਾਲ ਅਸੀਂ ਮੈਕਡਾਨਲ ਤੇ ਬੈਠ ਕੇ ਰਾਤ ਦਾ ਖਾਣਾ ਖਾਦਾ। ਰਾਤ ਰਹਿਣ ਲਈ ਹੋਟਲ ਅਸੀਂ ਗੌਨਡੋਲਾ ਜਾਣ ਤੋਂ ਪਹਿਲਾਂ ਹੀ ਬੁੱਕ ਕਰਵਾ ਗਏ ਸੀ।

20 ਮਈ ਨੂੰ ਸਵੇਰੇ ਉੱਠ ਕੇ ਤਿਆਰ ਹੋਏ। ਫੇਰ ਬੈਂਫ ਕਸਬੇ ਦੇ ਵਿਚ ਹੀ ਬਣਿਆ ਬੈਂਫ ਪਾਰਕ ਮਿਊਜ਼ੀਅਮ ਵੇਖਣ ਗਏ। ਇਹ ਅਜਾਇਬ ਘਰ ਪੱਛਮੀ ਕੈਨੇਡਾ ਦਾ ਸਭ ਤੋਂ ਪੁਰਾਣਾ ਨੈਚੁਰਲ ਹਿਸਟਰੀ ਦਾ ਅਜਾਇਬ ਘਰ ਹੈ। ਸਾਲ 1985 ਵਿਚ ਇਹ ਅਜਾਇਬ ਘਰ ਪਹਿਲਾਂ ਬੈਂਫ ਦੇ ਕਿਸੇ ਹੋਰ ਥਾਂ ਬਣਿਆ ਹੋਇਆ ਸੀ। ਹੁਣ ਵਾਲੀ ਥਾਂ ਇਹ 1903 ਵਿਚ ਬਣਿਆ ਹੈ। ਇਸ ਮਿਊਜ਼ੀਅਮ ਵਿਚ 8 ਕੈਨੇਡਾ ਦੇ ਦੁੱਧ ਪਲਾਉਣ ਵਾਲੇ ਪਸ਼ੂ, 259 ਕੈਨੇਡਾ ਦੇ ਪੰਛੀ, 57 ਕਿਸਮਾਂ ਦੀਆਂ ਲੱਕੜਾਂ, 814 ਕਿਸਮਾਂ ਦੀ ਬਨਸਪਤੀ ਤੇ 201 ਕਿਸਮਾਂ ਦੇ ਖਣਿਜ਼ ਪਦਾਰਥ ਰੱਖੇ ਹੋਏ ਹਨ। ਮਿਊਜ਼ੀਅਮ ਵਿਚ ਰੱਖੇ ਗਏ ਬਹੁਤੇ ਨਮੂਨੇ ਸਾਲ 1890 ਤੇ 1930 ਦੇ ਵਿਚਕਾਰ ਦੇ ਸਮੇਂ ਦੀਆਂ ਲੱਭਤਾਂ ਹਨ। ਲਾਲ ਛਾਤੀ ਵਾਲੀ ਬੱਤਖ ਇਸ ਮਿਊਜ਼ੀਅਮ ਦੀ ਸਭ ਤੋਂ ਪੁਰਾਣੀ ਲੱਭਤ ਹੈ।

ਹੁਣ ਮੈਂ ਤੁਹਾਨੂੰ ਬੈਂਫ ਤੇ ਬੈਂਫ ਦੇ ਆਲੇ ਦੁਆਲੇ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਦਾ ਹਾਂ। ਕੈਨੇਡਾ ਦੀ ਇਕ ਸਟੇਟ ਹੈ ਅਲਬਰਟਾ। ਅਲਬਰਟਾ ਸਟੇਟ ਦੀਆਂ ਉੱਚੀਆਂ ਪੱਥਰੀਲੀਆਂ ਪਹਾੜੀਆਂ ਵਾਲਾ ਹੈ ਇਹ ਏਰੀਆ। ਏਸ ਏਰੀਏ ਵਿਚ ਸਥਿਤ ਹੈ ਬੈਂਫ ਨੈਸ਼ਨਲ ਪਾਰਕ। ਏਸ ਨੈਸ਼ਨਲ ਪਾਰਕ ਵਿਚ ਵਸਿਆ ਹੋਇਆ ਹੈ ਮੋਕਲਾ ਤੇ ਖੁਲ੍ਹੇ ਦਿਲ ਵਾਲਾ ਕਸਬਾ ਬੈਂਫ। ਇਨ੍ਹੀਆਂ ਵਿਸ਼ੇਸ਼ਤਾਵਾਂ ਵਾਲੇ ਕਸਬੇ ਨੂੰ ਵੇਖ ਕੇ ਮੈਨੂੰ ਪ੍ਰੋਫੈਸਰ ਮੋਹਨ ਸਿੰਘ ਦੀ ਪੰਜਾਬ ਦੀ ਤਾਰੀਫ ਬਾਰੇ ਲਿਖੀ ਕਵਿਤਾ ਦੀਆਂ ਲਾਈਨਾਂ ਯਾਦ ਆ ਗਈਆਂ ਹਨ—

ਭਾਰਤ ਹੈ ਵਾਂਗ ਮੁੰਦਰੀ,
ਵਿਚ ਨਗ ਪੰਜਾਬ ਦਾ।

ਭਾਰਤ ਹੈ ਜੋ ਸ਼ਰਾਬ,
ਇਹ ਨਸ਼ਾ ਸ਼ਰਾਬ ਦਾ।

ਬੈਂਫ ਕਸਬਾ ਦਰਿਆ ਬੋਅ ਤੇ ਦਰਿਆ ਸਪਰੇਅ ਦੇ ਸੰਗਮ ਨੇੜੇ ਸਥਿਤ ਹੈ। ਸਮੁੰਦਰ ਦੀ ਪੱਧਰ ਤੋਂ 4800 ਫੁੱਟ ਦੀ ਉੱਚਾਈ ਤੇ ਵਸਿਆ ਹੋਇਆ ਹੈ। ਕੈਨੇਡਾ ਵਿਚੋਂ ਸਭ ਤੋਂ ਉੱਚੀ ਥਾਂ ਤੇ। ਏਸ ਦੇ ਚਾਰੇ ਪਾਸੇ ਉੱਚੀਆਂ ਉੱਚੀਆਂ ਪਹਾੜੀਆਂ ਹਨ। ਇਕ ਪਾਸੇ Rundle ਪਹਾੜੀ ਹੈ। ਜਿਹੜੀ 9675 ਫੁੱਟ ਉੱਚੀ ਹੈ। ਇਕ ਪਾਸੇ Norquay ਪਹਾੜੀ ਹੈ, ਜਿਸ ਦੀ ਉਚਾਈ 7001 ਫੁੱਟ ਹੈ। ਇਕ ਸਾਈਡ ਤੇ Cascode ਪਹਾੜੀ ਹੈ, ਜਿਸ ਦੀ ਟੀਸੀ 9836 ਫੁੱਟ ਹੈ। ਚੌਥੇ ਪਾਸੇ Sulphur ਪਹਾੜੀ ਹੈ ਜਿਹੜੀ 7484 ਫੁੱਟ ਉੱਚੀ ਹੈ। ਬੈਂਫ ਦੇ ਪੱਛਮ ਵੱਲ ਕੈਲਗਰੀ ਸ਼ਹਿਰ ਹੈ ਜਿਸ ਦੀ ਦੂਰੀ 126 ਕਿਲੋਮੀਟਰ ਹੈ। ਏਸ ਦੇ ਪੂਰਬ ਵਾਲੇ ਪਾਸੇ Lake Louise ਹੈ ਜਿਹੜੀ 58 ਕਿਲੋਮੀਟਰ ਦੂਰ ਹੈ। ਇਹ ਕੈਨੇਡਾ ਦਾ ਸਭ ਤੋਂ ਵੱਧ ਪ੍ਰਸਿਧੀ ਵਾਲਾ ਸੈਲਾਨੀ ਕੇਂਦਰ ਹੈ। ਪਹਾੜੀ ਨਜ਼ਾਰਿਆਂ ਤੇ ਗਰਮ ਪਾਣੀ ਦੇ ਚਸ਼ਮਿਆਂ ਲਈ ਮਸ਼ਹੂਰ ਹੈ।

ਜਦ ਸਾਲ 1880 ਵਿਚ Bow Vallay ਵਿਚ ਰੇਲਵੇ ਲਾਈਨ ਵਿਛਾਈ ਗਈ, ਉਸ ਸਮੇਂ ਬੈਂਫ ਕਸਬਾ ਵਸਣਾ ਸ਼ੁਰੂ ਹੋਇਆ। ਸਾਲ 1883 ਵਿਚ ਏਥੇ ਗਰਮ ਪਾਣੀ ਦੇ ਚਸ਼ਮੇ ਲੱਭੇ। ਸਾਲ 1885 ਵਿਚ ਨਵੀਂ ਨਿਕਲੀ ਰੇਲਵੇ ਦੀ ਆਰਥਿਕ ਤੌਰ ਤੇ ਸਹਾਇਤਾ ਕਰਨ ਲਈ ਕੈਨੇਡਾ ਨੇ ਗਰਮ ਪਾਣੀ ਦੇ ਚਸ਼ਮਿਆਂ ਦੇ ਆਲੇ ਦੁਆਲੇ ਦੇ 26 ਕਿਲੋਮੀਟਰ ਘੇਰੇ ਨੂੰ ਫੈਡਰਲ ਰੀਜ਼ਰਵ ਐਲਾਨ ਕਰ ਕੇ ਬੈਂਫ ਏਰੀਏ ਨੂੰ ਅੰਤਰ-ਰਾਸ਼ਟਰੀ ਸੈਲਾਨੀ ਕੇਂਦਰ ਵਿਕਸਤ ਕਰਨਾ ਸ਼ੁਰੂ ਕੀਤਾ। ਸਾਲ 1887 ਵਿਚ ਰੀਜ਼ਰਵ ਏਰੀਏ ਨੂੰ ਵਧਾ ਕੇ 673 ਕਿਲੋਮੀਟਰ ਕਰ ਦਿੱਤਾ। ਏਸ ਏਰੀਏ ਦਾ ਨਾਂ ਰੱਖ ਦਿੱਤਾ "ਰੌਕੀ ਮਾਊਨਟੇਨ ਪਾਰਕ।"

ਬੈਂਫ ਕਸਬੇ ਦਾ ਨਾਂ ਲਾਰਡ ਸਟੀਵਨ, ਜਿਹੜਾ ਕੈਨੇਡੀਅਨ ਪੈਸੀਫਿਕ ਰੇਲਵੇ ਦਾ ਸਾਬਕਾ ਡਾਇਰੈਕਟਰ ਸੀ, ਜਿਸ ਦਾ ਜਨਮ ਸਥਾਨ ਬੈਂਫ ਸ਼ਾਇਰ ਸੀ, ਉਸ ਦੇ ਨਾਂ ਤੇ ਰੱਖਿਆ ਗਿਆ। ਕੈਨੇਡੀਅਨ ਪੈਸੀਫਿਕ ਨੇ ਹੀ ਰੇਲਵੇ ਲਾਈਨ ਦੇ ਨਾਲ ਨਾਲ ਬਹੁਤ ਸ਼ਾਨਦਾਰ ਹੋਟਲਾਂ ਦੀ ਲੜੀ ਬਣਾਈ। ਬੈਂਫ ਸੁਪਰਿੰਗਜ਼ ਹੋਟਲ ਨੂੰ ਇੱਕ ਅੰਤਰ-ਰਾਸ਼ਟਰੀ ਟੂਰਿਸਟ ਕੇਂਦਰ ਵਜੋਂ ਪ੍ਰਚਾਰਿਆ। ਏਸ ਤਰ੍ਹਾਂ ਰੇਲਵੇ ਸਟੇਸ਼ਨ ਦੇ ਨੇੜੇ ਬੈਂਫ ਕਸਬਾ ਆ ਰਹੇ ਟੂਰਿਸ਼ਟਾਂ ਲਈ ਇਕ ਸਰਵਿਸ ਸੈਂਟਰ ਦੇ ਤੌਰ ਤੇ ਵਧਣ ਫੁਲਣ ਲੱਗਿਆ। ਸਾਲ 1990 ਵਿਚ ਕੈਨੇਡੀਅਨ ਨੈਸ਼ਨਲ ਪਾਰਕ ਵਿਚ ਬੈਂਫ ਪਹਿਲੀ ਤੇ ਇਕੋ ਇਕ ਮਿਊਸਪਲਟੀ ਬਣਾਈ ਗਈ। ਯੂਨਾਈਟਿਡ ਨੈਸ਼ਨਲ ਨੇ ਸਾਲ 1985 ਵਿਚ ਬੈਂਫ ਨੈਸ਼ਨਲ ਪਾਰਕ ਨੂੰ ਸੰਸਾਰ ਦੀ ਵਿਰਾਸਤੀ ਥਾਂ (World Heritage Site) ਐਲਾਨ ਕਰ ਦਿੱਤਾ। ਹੁਣ ਬੈਂਫ ਕੈਨੇਡਾ ਦੇ ਮਸ਼ਹੂਰ ਸੈਲਾਨੀ ਕੇਂਦਰਾਂ ਵਿਚੋਂ ਇਕ ਹੈ। ਬੈਂਫ ਦੀ ਆਬਾਦੀ ਸਾਲ 2006 ਦੀ ਰੀਪੋਰਟ ਅਨੁਸਾਰ ਸਿਰਫ 6700 ਹੈ। ਪਰ ਏਥੇ ਹਰ ਸਾਲ 30 ਲੱਖ ਤੋਂ ਉਪਰ ਟੂਰਿਸ਼ਟ ਆਉਂਦੇ ਹਨ। ਬੈਂਫ ਨੂੰ ਹਰ ਪੱਖੋਂ ਤੋਂ ਵਿਕਸਤ ਕਰਨ ਤੇ ਸੁੰਦਰ ਬਣਾਉਣ ਲਈ ਸਾਲ 2009 ਵਿਚ 2 ਕਰੋੜ 30 ਡਾਲਰ ਦਾ ਬਜਟ ਬਣਾਇਆ ਹੋਇਆ ਹੈ।

ਬੈਂਫ ਦਾ ਸਾਲਾਨਾ ਸਮਰ ਆਰਟਸ ਫੈਸਟੀਵਲ ਬਹੁਤ ਮਸ਼ਹੂਰ ਮੇਲਾ ਹੈ। ਇਸ ਸਾਲ (2008) ਇਸ ਮੇਲੇ ਦੀ 75 ਵੀ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਏਸ ਮੇਲੇ ਵਿਚ ਨਾਚ,

ਮਿਊਜਿਕ ਥੀਏਟਰ, ਸੰਗੀਤ ਨਾਟਕ, ਪਹਾੜੀਆਂ ਨਾਲ ਸਬੰਧਿਤ ਫਿਲਮਾਂ ਤੇ ਹੋਰ ਬੜਾ ਕੁਝ ਵਿਖਾਇਆ ਜਾਵੇਗਾ। ਬੈਂਫ ਦੀਆਂ ਆਰਟ ਗੈਲਰੀਆਂ ਵੀ ਵੇਖਣ ਯੋਗ ਹਨ। ਇਨ੍ਹਾਂ ਆਰਟ ਗੈਲਰੀਆਂ ਵਿਚ ਲੋਕਲ, ਇਲਾਕੇ ਦੇ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਆਰਟਿਸਟਾਂ ਦੀਆਂ ਕਲਾ ਕ੍ਰਿਤਾਂ ਰੱਖੀਆਂ ਹੋਈਆਂ ਹਨ। ਏਥੋਂ ਦੀ ਕੈਨੇਡਾ ਹਾਊਸ ਗੈਲਰੀ 4500 ਵਰਗ ਫੁੱਟ ਵਿਚ ਹੈ। ਏਥੋਂ ਦੀ ਇਕ ਹੋਰ ਆਰਟ ਗੈਲਰੀ Editions ਵੀ ਉਨ੍ਹੀ ਹੀ ਪ੍ਰਸਿੱਧੀ ਵਾਲੀ ਹੈ।

ਬੈਂਫ ਵਿਚ ਹੋਰ ਵੀ ਕਈ ਮਸ਼ਹੂਰ ਮੇਲੇ ਲੱਗਦੇ ਹਨ। ਇਨ੍ਹਾਂ ਮੇਲਿਆਂ ਵਿਚ ਬੈਂਫ ਵਰਲਡ ਟੈਲੀਵੀਜ਼ਨ ਫੈਸਟੀਵਲ, ਬੈਂਫ ਮਾਊਟੇਨ ਫਿਲਮ ਫੈਸਟੀਵਲ, ਰੌਕੀ ਮਾਊਟੇਨ ਮਿਊਜ਼ਿਕ, ਸਾਲਾਨਾ ਕੈਨੇਡਾ ਦਿਵਸ ਪੈਰੇਡ ਆਦਿ ਸ਼ਾਮਲ ਹਨ। ਏਥੇ ਅਗਸਤ ਦੇ ਦੂਜੇ ਹਫਤੇ ਸ਼ਨਿਚਰਵਾਰ ਤੇ ਐਤਵਾਰ ਦੋ ਦਿਨ ਪੁਰਾਣੇ ਵਿਰਸੇ ਦੀਆਂ ਬਿਲਡਿੰਗਾਂ ਦਾ ਉਤਸਵ ਮਨਾਇਆ ਜਾਂਦਾ ਹੈ। ਬੋਅ ਦਰਿਆ ਵਿਚ ਰੈਫਟ ਟੂਰ ਕਰਵਾਏ ਜਾਂਦੇ ਹਨ। ਜੇ ਤੁਸੀਂ ਬੈਂਫ ਨੂੰ ਸਾਈਕਲ ਤੇ ਘੁੰਮ ਕੇ ਵੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਬਾਈਸਾਈਕਲ ਵੀ ਏਥੇ ਕਰਾਏ ਤੇ ਮਿਲ ਜਾਂਦੇ ਹਨ। ਕਰਾਇਆ ਘੰਟਿਆਂ ਤੇ ਦਿਨਾਂ ਦੇ ਹਿਸਾਬ ਨਾਲ ਵੀ ਲਿਆ ਜਾਂਦਾ ਹੈ।

ਇਥੇ ਟੂਰਿਸ਼ਟ ਹਾਈਕਿੰਗ, Climbing, Riding, Canoeing ਤੇ ਬਰਫ ਦੀਆਂ ਖੇਡਾਂ ਲਈ ਆਉਂਦੇ ਹਨ। ਏਥੋਂ ਦੇ ਨੈਸ਼ਨਲ ਪਾਰਕ ਵਿਚ ਵੱਡੇ ਵੱਡੇ ਸਿੰਗਾਂ ਵਾਲੀਆਂ ਭੇਡਾਂ, ਪਹਾੜੀ ਬੱਕਰੀਆਂ, ਬਾਰਾਂ ਸਿੰਗੇ, ਰਿੱਛ, ਬਘਿਆੜ ਤੇ ਹੋਰ ਕਈ ਕਿਸਮਾਂ ਦੇ ਪਹਾੜੀ ਜੰਗਲੀ ਜੀਵ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਹਨ। ਘੋੜਿਆਂ ਦੀ ਸਵਾਰੀ ਕਰ ਕੇ ਤੁਸੀਂ Sulpur Mountain, Sundance Loop ਵੇਖ ਸਕਦੇ ਹੋ। ਇਹ ਹੈ ਬੈਂਫ ਏਰੀਏ ਦੀ ਮੋਟੀ ਮੋਟੀ ਜਾਣਕਾਰੀ।

ਅਸੀਂ ਬੈਂਫ ਦੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣ ਕੇ 20 ਮਈ ਦੀ ਰਾਤ ਦੇ 10 ਵਜੇ ਵਾਪਸ ਐਡਮਿੰਟਨ ਪਹੁੰਚ ਗਏ।

# ਲੇਕ ਲੁਈਸ—ਵਰਲਡ ਹੈਰੀਟੇਜ ਸਾਈਟ

20 ਮਈ 2008 ਨੂੰ ਦੁਪਹਿਰ ਦੇ ਟਾਈਮ ਅਸੀਂ ਬੈਂਫ ਦੀ ਸੈਰ ਵਿਚੋਂ ਟਾਈਮ ਕੱਢ ਕੇ ਲੇਕ ਲੁਈਸ ਦਾ ਗੇੜਾ ਮਾਰਨ ਚਲੇ ਗਏ। ਗੱਡੀ ਪਾਰਕ ਕਰ ਕੇ ਜਦ ਲੇਕ ਦੇ ਕਿਨਾਰੇ ਪਹੁੰਚੇ ਤਾਂ ਟੂਰਿਸ਼ਟਾਂ ਦੀਆਂ ਟੋਲੀਆਂ ਦੀਆਂ ਟੋਲੀਆਂ ਲੇਕ ਦਾ ਨਜ਼ਾਰਾ ਵੇਖ ਰਹੀਆਂ ਸਨ। 98 ਪ੍ਰਤੀਸ਼ਤ ਯਾਤਰੀ ਗੋਰੇ ਸਨ। ਗੋਰੇ ਲੋਕ ਪੈਸਾ ਜੋੜਨ ਵਿਚ ਨਹੀਂ, ਸਗੋਂ ਪੈਸੇ ਨੂੰ ਖਰਚਣ ਵਿਚ ਵਿਸ਼ਵਾਸ ਰੱਖਦੇ ਹਨ। ਪੰਜਾਬੀ ਅਖਾਣ—

ਜੋੜ ਗਏ ਸੋ ਰੋੜ੍ਹ ਗਏ,
ਖਾ ਗਏ ਰੰਗ ਲਾ ਗਏ।

ਇਨ੍ਹਾਂ ਗੋਰਿਆਂ ਤੇ ਪੂਰਾ ਢੁੱਕਦਾ ਹੈ। ਗੋਰੇ ਲੋਕਾਂ ਦੇ ਸੈਰ ਸਪਾਟੇ ਕਰਨ ਦਾ ਇਕ ਇਹ ਵੀ ਕਾਰਨ ਹੈ ਕਿ ਗੋਰੀਆਂ ਸਰਕਾਰਾਂ ਬੱਚਿਆਂ ਦੇ ਪਾਲ ਪੋਸ਼ਣ ਦਾ ਖਰਚਾ ਦਿੰਦੀਆਂ ਹਨ। ਸਕੂਲ ਪੱਧਰ ਦੀ ਪੜ੍ਹਾਈ ਮੁਫਤ ਕਰਵਾਈ ਜਾਂਦੀ ਹੈ। ਕਿਤਾਬਾਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ। ਰੁਜ਼ਗਾਰ ਹਰ ਇਕ ਨੂੰ ਮਿਲ ਜਾਂਦਾ ਹੈ। ਬੁੱਢੇ ਹੋਣ ਤੇ ਸਰਕਾਰ ਸੰਭਾਲ ਕਰਦੀ ਹੈ। ਏਸ ਕਰਕੇ ਇਹ ਲੋਕ ਖਾਣ ਪੀਣ, ਮੌਜ਼ ਮਸਤੀ ਤੇ ਸੈਰ ਸਪਾਟਾ ਕਰਦੇ ਹਨ। ਰੱਜ ਕੇ ਘੁੰਮਦੇ ਹਨ। ਪਰ ਸਾਡੇ ਭਾਰਤ ਦੇਸ਼ ਮਹਾਨ ਦੀ ਕਾਫੀ ਵਸੋਂ ਨੂੰ ਤਾਂ ਤਿੰਨ ਡੰਗ ਦੀ ਰੋਟੀ ਵੀ ਨਹੀਂ ਮਿਲਦੀ। ਜਦ ਪੇਟ ਹੀ ਖਾਲੀ ਹੋਵੇ ਤਾਂ ਭੁੱਖੇ ਬੰਦੇ ਨੂੰ ਹੋਰ ਕੁਝ ਨਹੀਂ ਸੁੱਝਦਾ—

ਪੇਟ ਨਾ ਪਈਆਂ ਰੋਟੀਆਂ,

ਸੱਭੇ ਗੱਲਾਂ ਖੋਟੀਆਂ।

ਜਿਹੜੇ ਭਾਰਤੀਆਂ ਦਾ ਰੋਟੀ, ਕੱਪੜਾ ਤੇ ਮਕਾਨ ਦਾ ਮਸਲਾ ਹੱਲ ਹੋਇਆ ਹੁੰਦਾ ਹੈ, ਉਨ੍ਹਾਂ ਦਾ ਜ਼ਿਆਦਾ ਜ਼ੋਰ ਆਪਣੀ ਔਲਾਦ ਲਈ ਪੈਸੇ ਜੋੜਨ ਵਿਚ ਲੱਗਿਆ ਹੁੰਦਾ ਹੈ। ਅਸੀਂ ਭਾਰਤੀ ਮੌਜੂਦਾ ਸਮੇਂ ਦਾ ਪੂਰਾ ਫਾਇਦਾ ਨਹੀਂ ਉਠਾਉਂਦੇ। ਆਉਣ ਵਾਲੇ ਸਮੇਂ ਦਾ ਜ਼ਿਆਦਾ ਫਿਕਰ ਰੱਖਦੇ ਹਨ ਹਾਂ। ਬਹੁਤ ਥੋੜ੍ਹੇ ਭਾਰਤੀ ਹਨ ਜਿਹੜੇ ਸੈਰ ਸਪਾਟਾ ਕਰਦੇ ਹਨ।

ਚਲੋ ! ਹੁਣ ਲੇਕ ਦੀ ਸੈਰ ਕਰੀਏ। ਇਹ ਬਰਫਾਨੀ ਲੇਕ ਹੈ। ਅਜੇ ਵੀ ਲੇਕ ਦੀ ਪੂਰੀ ਬਰਫ ਨਹੀਂ ਖੁਰੀ। ਇਸ ਕਰਕੇ ਅਸੀਂ ਬੋਟਿੰਗ ਨਹੀਂ ਕਰ ਸਕੇ। ਕੱਠੀਆਂ ਕੀਤੀਆਂ ਬੋਟਾਂ ਲੇਕ ਦੇ ਖੱਬੇ ਪਾਸੇ ਖੜੀਆਂ ਸਨ।

ਲੇਕ ਦਾ ਚੁਗਿਰਦਾ ਮੰਤਰ ਮੁਗਧ ਕਰਨ ਵਾਲਾ ਹੈ। ਤਿੰਨ ਪਾਸੇ ਦੀਆਂ ਉੱਚੀਆਂ ਪਹਾੜੀਆਂ ਦੀਆਂ ਟੀਸੀਆਂ ਅਜੇ ਵੀ ਬਰਫ ਨਾਲ ਲੱਦੀਆਂ ਪਈਆਂ ਹਨ। ਹੇਠਲੇ ਹਿੱਸੇ ਵਿਚ ਸੰਘਣੇ ਜੰਗਲ ਹਨ। ਇਹ ਇਕ ਅਜੇਹਾ ਮਨ-ਮੋਹਕ ਦ੍ਰਿਸ਼ ਸੀ, ਜਿਹੜਾ ਸ਼ਬਦਾਂ ਵਿਚ ਵਰਨਣ ਕਰਨਾ ਮੁਸ਼ਕਲ ਹੈ। ਅਸੀਂ ਲੇਕ ਦੇ ਦੁਆਲੇ ਬਣੇ ਰਸਤਿਆਂ ਤੇ ਕਾਫੀ ਦੂਰ ਤਾਈਂ ਘੁੰਮ ਕੇ ਆਏ। ਇਨ੍ਹਾਂ ਰਸਤਿਆਂ ਵਿਚੋਂ ਕਈ ਰਸਤੇ ਤਾਂ 9300 ਫੁੱਟ ਦੀ ਉੱਚੀ ਪਹਾੜੀ ਤੱਕ ਜਾਂਦੇ ਹਨ। ਕਈ ਰਸਤਿਆਂ ਉਪਰ ਤੁਸੀਂ ਸਾਈਕਲ ਤੇ ਘੋੜੇ ਦੀ ਸਵਾਰੀ ਕਰਕੇ ਵੀ ਜਾ ਸਕਦੇ ਹੋ। ਲੇਕ ਦੇ ਕੰਢੇ ਉਪਰ ਬਹੁ-ਮੰਜ਼ਲ ਹੋਟਲ ਬਣੇ ਹੋਏ ਹਨ। ਝੀਲ ਤੇ ਅਸੀਂ ਦੋ ਘੰਟੇ ਬਿਤਾਏ। ਕੁਝ ਫੋਟੋਆਂ ਖਿੱਚੀਆਂ ਤੇ ਵਾਪਸ ਆ ਗਏ।

ਲੇਕ ਲੁਈਸ ਕੈਨੇਡਾ ਦੇ ਸੂਬੇ ਅਲਬਰਟਾ ਵਿਚ ਹੈ। ਇਹ ਬਰਫਾਨੀ ਲੇਕ ਹੈ। ਬੈਂਫ ਨੈਸ਼ਨਲ ਪਾਰਕ ਵਿਚ ਸਥਿਤ ਹੈ। ਟਰਾਂਸ ਕੈਨੇਡਾ ਹਾਈਵੇ ਤੋਂ 5 ਕਿਲੋਮੀਟਰ ਦੂਰ ਪੈਂਦੀ ਹੈ। ਲੇਕ ਦਾ ਨਾਂ ਕਵੀਨ ਵਿਕਟੋਰੀਆ ਦੀ ਚੌਥੀ ਲੜਕੀ Princess Louise Carolins Alberta ਦੇ ਨਾਂ ਤੇ ਲੇਕ ਲੁਈਸ ਰੱਖਿਆ ਹੋਇਆ ਹੈ। ਸਹਿਜ਼ਾਦੀ ਲੁਈਸ ਦਾ ਪਤੀ ਸਾਲ 1878 ਤੋਂ 1883 ਤੱਕ ਕੈਨੇਡਾ ਦਾ ਗਵਰਨਰ ਜਨਰਲ ਰਿਹਾ ਹੈ। ਲੇਕ ਵਿਚ ਪਾਣੀ ਆਲੇ ਦੁਆਲੇ  ਦੀਆਂ ਪਹਾੜੀਆਂ ਤੇ ਪਈ ਬਰਫ ਦੇ ਖੁਰਨ ਤੇ ਆਉਂਦਾ ਹੈ। ਲੇਕ ਦੋ ਕਿਲੋਮੀਟਰ ਲੰਮੀ ਹੈ। ਅੱਧਾ ਕਿਲੋਮੀਟਰ ਚੌੜੀ ਹੈ। ਇਸ ਦਾ ਬਾਹਰਲਾ ਧਰਾਤਲ ਭਾਗ 0.8 ਕਿਲੋਮੀਟਰ ਹੈ। ਲੇਕ ਦਾ ਵਾਧੂ ਪਾਣੀ ਲੁਈਸ ਨਾਲੇ ਰਾਹੀਂ ਬੋਅ ਦਰਿਆ ਵਿਚ ਜਾ ਪੈਂਦਾ ਹੈ। ਇਹ ਨਾਲਾ 3 ਕਿਲੋਮੀਟਰ ਲੰਬਾ ਹੈ।

ਲੇਕ ਦੇ ਪੂਰਬੀ ਕਿਨਾਰੇ ਤੇ ਕੈਨੇਡੀਅਨ ਪੈਸੀਫਿਕ ਰੇਲਵੇ ਦੇ 20 ਵੀ ਸਦੀ ਦੇ ਸ਼ੁਰੂ ਦੇ ਸਾਰੀਆਂ ਸਹੂਲਤਾਂ ਵਾਲੇ ਬਹੁ—ਮੰਜ਼ਲੇ ਬੜੇ ਆਲੀਸ਼ਾਨ ਹੋਟਲ ਬਣੇ ਹੋਏ ਹਨ। ਨੇੜੇ ਪੈਂਦੀ ਲੇਕ ਲੁਈਸ ਮਾਊਂਟੇਨ ਰੀਸਾਰਟ ਤੇ ਕਰਾਸ ਕੰਟਰੀ ਸਕੀਇੰਗ, ਹਿੱਲੀ ਸਕੀਇੰਗ ਦੀਆਂ ਸਹੂਲਤਾਂ ਹਨ। ਲੇਕ ਵਿਚ ਸਰਦੀ ਵਿਚ ਆਈਸ ਸਕੇਟਿੰਗ ਹੁੰਦੀ ਹੈ। ਲੇਕ ਦੇ ਆਲੇ ਦੁਆਲੇ ਦੇ ਏਰੀਏ ਵਿਚ Snowmobiling, Dog seledding, Snowshoeing 3 Ice climbing ਦੀਆਂ ਸਹੂਲਤਾਂ ਵੀ ਹਨ। ਲੇਕ ਲੁਈਸ ਵਿਚ ਐਨੀਆਂ ਖੂਬੀਆਂ ਹੋਣ ਕਰ ਕੇ ਹੀ ਯੂਨੈਸਕੋ ਨੇ ਇਸ ਨੂੰ World Heritage Site ਐਲਾਨਿਆਂ ਹੈ।

# ਕੈਰੀਮੀਓਸ—ਫਰੂਟ ਸਟੈਂਡ ਕੈਪੀਟਲ ਆਫ ਕੈਨੇਡਾ

ਮੈਂ ਆਪਣੇ ਕੈਨੇਡਾ ਦੇ ਟੂਰ ਪ੍ਰੋਗਰਾਮ ਬਣਾਉਣ ਸਮੇਂ ਮਿਥਿਆ ਸੀ ਕਿ ਮੈਂ ਐਡਮਿੰਟਨ ਤੋਂ ਕੈਰੀਮੀਓਸ ਸੜਕ ਦੇ ਰਸਤੇ ਜਾਵਾਂਗਾ। ਮੇਰਾ ਸੜਕ ਦੇ ਰਸਤੇ ਜਾਣ ਦਾ ਇਕੋ ਇਕ ਮੰਤਵ ਕੈਨੇਡਾ ਦੇ ਏਸ ਹਿੱਸੇ ਦੇ ਜੰਗਲੀ, ਪਹਾੜੀ ਤੇ ਲੇਕਾਂ ਵਾਲੇ ਇਲਾਕੇ ਨੂੰ ਵੇਖਣਾ ਸੀ। ਮੈਂ ਅਸਥਾਈ ਤੌਰ ਤੇ ਐਡਮਿੰਟਨ ਠਹਿਰਨ ਦਾ ਇਕ ਹਫਤੇ ਦਾ ਪ੍ਰੋਗਰਾਮ ਬਣਾਕੇ ਆਇਆ ਸੀ। ਮੈਂ ਇਸ ਪ੍ਰੋਗਰਾਮ ਦੀ ਇੰਨ-ਬਿੰਨ ਪਾਲਣਾ ਕੀਤੀ। ਏਸ ਲਈ 21 ਮਈ ਨੂੰ ਇਕਬਾਲ ਸਿੰਘ ਮੈਨੂੰ ਸਵੇਰੇ 8 ਵਜੇ ਐਡਮਿੰਟਨ ਤੋਂ ਕੈਰੀਮੀਓਸ ਲਈ ਆਪਣੀ ਕਾਰ ਤੇ ਲੈ ਤੁਰਿਆ। ਐਡਮਿੰਟਨ ਤੋਂ ਕੈਰੀਮੀਓਸ 1012 ਕਿਲੋਮੀਟਰ ਦੂਰ ਹੈ। ਇਹ ਦੂਰੀ ਸਾਨੂੰ ਕਾਰ ਵਿਚ ਲੱਗੇ ਰਾਹ ਦੱਸਣ ਵਾਲੇ ਤੇ ਨਿਸ਼ਚਤ ਟਿਕਾਨੇ (ਮੰਜ਼ਲ) ਦੀ ਦੂਰੀ ਦੱਸਣ ਵਾਲੇ ਯੰਤਰ ਨੇ ਦੱਸੀ। ਏਸ ਯੰਤਰ ਨੇ ਇਹ ਵੀ ਦੱਸਿਆ ਕਿ ਤੁਸੀਂ ਕੈਰੀਮੀਓਸ ਸ਼ਾਮ ਦੇ 8 ਵਜੇ ਪਹੁੰਚੋਗੇ।

ਰਸਤਾ ਲੰਮਾ ਸੀ। ਪਹਾੜੀਆਂ ਵਾਲਾ ਸੀ। ਏਸ ਲਈ ਇਕਬਾਲ ਸਿੰਘ ਨੇ ਆਪਣੇ ਨਾਲ ਆਪਣੇ ਇਕ ਦੋਸਤ ਨੂੰ ਲੈ ਲਿਆ ਤਾਂ ਜੋ ਵਾਪਸੀ ਸਮੇਂ ਉਸ ਨੂੰ ਇਕੱਲਾਪਨ ਮਹਿਸੂਸ ਨਾ ਹੋਵੇ। ਐਡਮਿੰਟਨ ਤੋਂ ਅਸੀਂ ਕੋਈ 25 ਕੁ ਕਿਲੋਮੀਟਰ ਹੀ ਦੂਰ ਆਏ ਸੀ ਕਿ ਧੜੱਲੇਦਾਰ ਬਾਰਸ਼ ਸ਼ੁਰੂ ਹੋ ਗਈ। ਇਹ ਟੂ ਵੇਅ ਸੜਕ ਸੀ। ਬਾਰਸ਼ ਪੈਂਦੀ ਦੇ ਵਿਚ ਵੀ ਇਕਬਾਲ 100 ਕਿਲੋਮੀਟਰ ਦੀ ਸਪੀਡ ਤੇ ਕਾਰ ਚਲਾ ਰਿਹਾ ਸੀ। ਕੈਲਗਰੀ ਤੱਕ ਪੂਰਾ ਮੀਂਹ ਪੈਂਦਾ ਰਿਹਾ। ਕੈਲਗਰੀ ਤੱਕ ਰਸਤਾ ਵੀ ਮੈਦਾਨੀ ਹੈ। ਉਸ ਤੋਂ ਅੱਗੇ ਥੋੜੀਆਂ

ਥੋੜੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ। ਜਦ ਅਸੀਂ ਬੈਂਫ ਕਸਬੇ ਦੇ ਨੇੜੇ ਪਹੁੰਚੇ ਤਾਂ ਧੁੱਪ ਨਿਕਲ ਆਈ। ਬਾਰਸ਼ ਵੀ ਘਟ ਕੇ ਭੂਰ ਬਣ ਗਈ। ਧੁੱਪ ਵਿਚ ਥੋੜੀ ਥੋੜੀ ਕਣੀ ਦੀ ਬਾਰਸ਼ ਹੋਵੇ, ਇਸ ਧੁੱਪ ਬਾਰਸ਼ ਨੂੰ ਪਿੰਡਾਂ ਵਿਚ ਆਮ ਲੋਕੀ ਗਿਦੜੀ ਦਾ ਵਿਆਹ ਹੁੰਦਾ ਕਹਿੰਦੇ ਹਨ।

ਐਡਮਿੰਟਨ ਤੋਂ 560 ਕਿਲੋਮੀਟਰ ਦੀ ਦੂਰੀ ਤੇ ਇਕ ਛੋਟਾ ਜਿਹਾ ਸ਼ਹਿਰ ਗੋਲਡਨ ਆਉਂਦਾ ਹੈ। ਇਹ ਬੀ. ਸੀ. ਸਟੇਟ ਦਾ ਸ਼ਹਿਰ ਹੈ। ਸੜਕ ਇਸ ਸ਼ਹਿਰ ਦੇ ਬਾਹਰੋਂ ਬਾਹਰ ਨਿਕਲ ਜਾਂਦੀ ਹੈ। ਸੜਕ ਪਹਾੜੀ ਦੇ ਨਾਲ ਬਣੀ ਹੋਣ ਕਰਕੇ ਕਾਫੀ ਉੱਚੀ ਹੈ। ਸ਼ਹਿਰ ਕਾਫੀ ਨੀਵੇਂ ਥਾਂ ਵਸਿਆ ਹੋਇਆ ਹੈ। ਸੜਕ ਉਪਰ ਹੀ ਸ਼ਹਿਰ ਨੂੰ ਖੜ੍ਹ ਕੇ ਵੇਖਣ ਲਈ ਇਕ ਥਾਂ ਬਣੀ ਹੋਈ ਹੈ। ਏਸ ਥਾਂ ਤੇ ਇਕ ਬੋਰਡ ਲੱਗਿਆ ਹੋਇਆ ਹੈ, ਜਿਸ ਉਰ ਗੋਲਡਨ ਸ਼ਹਿਰ ਵਿਚ ਪਿਛਲੇ ਸਮੇਂ ਵਿਚ ਰੇਲਵੇ ਲਾਈਨ ਵਛਾਉਂਦੇ ਸਮੇਂ ਪੰਜਾਬੀ ਜੱਟ ਸਿੱਖਾਂ ਦੇ ਰਹੇ ਹੋਣ ਬਾਰੇ ਲਿਖਿਆ ਹੋਇਆ ਹੈ।

ਇਹ ਸ਼ਹਿਰ ਕੋਲੰਬੀਆ ਦਰਿਆ ਤੇ ਕਿੱਕਿੰਗ ਹਾਰਸ ਦਰਿਆ ਦੇ ਸੰਗਮ ਦੇ ਨੇੜੇ ਵਸਿਆ ਹੋਇਆ ਹੈ। ਇਸ ਦੇ ਤਿੰਨ ਪਾਸੇ ਪਹਾੜੀਆਂ ਹਨ। ਪੰਜ ਨੈਸ਼ਨਲ ਪਾਰਕ ਏਸ ਦੇ ਨੇੜੇ ਪੈਂਦੇ ਹਨ। ਏਥੋਂ ਦਾ ਪੈਦਲ ਚੱਲਣ ਵਾਲਾ ਕਿੱਕਿੰਗ ਹਾਰਸ ਪੁਲ ਲੱਕੜ ਦਾ ਕੈਨੇਡਾ ਦਾ ਸਭ ਤੋਂ ਲੰਮਾ ਪੁਲ ਹੈ। ਇਸ ਸ਼ਹਿਰ ਵਿਚ ਸਭ ਤੋਂ ਜ਼ਿਆਦਾ ਕੰਮ ਲੱਕੜ ਦਾ ਹੈ। ਕੈਨੇਡੀਅਨ ਪੈਸੀਫਿਕ ਰੇਲਵੇ ਵੀ ਇਸ ਸ਼ਹਿਰ ਦੀ ਆਮਦਨ ਦਾ ਸੋਮਾ ਹੈ। ਸੈਰ ਸਪਾਟਾ ਵੀ ਹੁਣ ਇਸ ਸ਼ਹਿਰ ਦੀ ਕਮਾਈ ਦਾ ਸਾਧਨ ਬਣਦਾ ਜਾ ਰਿਹਾ ਹੈ।

ਅਸੀਂ ਕੋਈ 650 ਕੁ ਕਿਲੋਮੀਟਰ ਦਾ ਪੈਂਡਾ ਤਹਿ ਕੀਤਾ ਸੀ, ਉਸੀ ਸਮੇਂ ਸੜਕ ਅਜੇਹੇ ਪਹਾੜੀ ਰਸਤੇ ਵਿਚੋਂ ਦੀ ਲੰਘ ਰਹੀ ਸੀ ਜਿਥੇ ਪਹਾੜੀਆਂ ਦੀਆਂ ਟੀਸੀਆਂ ਉਪਰ ਬਰਫ ਪਈ ਹੋਈ ਸੀ। ਸੜਕ ਉੱਚੀਆਂ ਪਹਾੜੀਆਂ ਦੁਆਲੇ ਘੁੰਮ ਰਹੀ ਸੀ। ਕਈ ਥਾਂ ਤਾਂ ਸੜਕ ਦੇ ਨਾਲ ਪਹਾੜੀਆਂ ਏਸ ਤਰ੍ਹਾਂ ਸਿੱਧੀਆਂ ਖੜੀਆਂ ਸਨ ਜਿਵੇਂ ਸਿੱਧੀ ਕੰਧ ਕੱਢੀ ਹੁੰਦੀ ਹੈ। ਕੋਈ 5/6 ਥਾਂ ਸੜਕ ਉਪਰ ਅਜੇਹੇ ਆਏ, ਜਿਥੇ ਸੜਕ ਇਕ ਫਰਲਾਂਗ ਤੋਂ ਲੈ ਕੇ 4 ਫਰਲਾਂਗ ਤੱਕ ਛੱਤੀ ਹੋਈ ਸੀ। ਇਹ ਛੱਤਾਂ ਪਹਾੜਾਂ ਦੇ ਉਪਰ ਆਉਂਦੇ ਪਾਣੀਆਂ ਨੂੰ ਲੰਘਾਉਣ ਲਈ ਬਣਾਈਆਂ ਹੋਈਆਂ ਹਨ। ਸੜਕ ਉਪਰ ਤਾਂ ਕਈ ਨਜ਼ਾਰੇ ਅਜੇਹੇ ਆਏ, ਜਿਨ੍ਹਾਂ ਨੂੰ ਵਰਨਣ ਕਰਨ ਲਈ ਮੈਨੂੰ ਸ਼ਬਦ ਨਹੀਂ ਲੱਭਦੇ। ਇਹ ਥਾਵਾਂ ਦਿਲ ਨੂੰ ਧੂਹ ਪਾਉਂਦੀਆਂ ਸਨ। ਇਨ੍ਹਾਂ ਨੂੰ ਵੇਖ ਵੇਖ ਕੇ ਅੱਖਾਂ ਨਹੀਂ ਰੱਜਦੀਆਂ ਸਨ। ਇਹ ਤਾਂ ਅੱਖਾਂ ਤੇ ਦਿਲ ਨਾਲ ਮਾਣੇ ਜਾਣ ਵਾਲੇ ਹੀ ਦ੍ਰਿਸ਼ ਸਨ।

ਕੈਲਗਰੀ ਤੋਂ ਪਿਛੋਂ ਸਾਨੂੰ ਰਸਤੇ ਵਿਚ ਵੱਡਾ ਸ਼ਹਿਰ ਕਿਲੋਨਾ ਹੀ ਆਇਆ। ਇਹ ਐਡਮਿੰਟਨ ਤੋਂ 900 ਕੁ ਕਿਲੋਮੀਟਰ ਦੂਰ ਪੈਂਦਾ ਹੈ। ਏਥੇ ਅਸੀਂ ਸ਼ਾਮ ਦੇ 7 ਕੁ ਵਜੇ ਪਹੁੰਚ ਗਏ। ਕਿਲੋਨੇ ਤੋਂ ਪਹਿਲਾਂ ਸਾਨੂੰ ਕਿਤੇ ਕਿਤੇ ਪਟਰੋਲ ਪੰਪ ਤੇ ਕਿਤੇ ਗਿਣਤੀ ਦੇ ਘਰਾਂ ਦੀ ਆਬਾਦੀ ਹੀ ਆਈ ਸੀ। ਕਿਲੋਨੇ ਤੋਂ ਪਿਛੋਂ ਤਾਂ ਫਿਰ ਲਗਾਤਾਰ ਛੋਟੇ ਛੋਟੇ ਸ਼ਹਿਰ ਆਉਂਦੇ ਰਹੇ। ਕਾਰ ਵਿਚ ਲੱਗਿਆ ਯੰਤਰ ਸਾਨੂੰ ਸੜਕਾਂ ਦੇ ਹਰ ਮੋੜਾਂ ਘੋੜਾਂ ਬਾਰੇ ਆਪਣੇ ਆਪ ਬੋਲ ਕੇ ਦੱਸ ਵੀ ਰਿਹਾ ਸੀ। ਨਾਲ ਦੀ ਨਾਲ ਯੰਤਰ ਉਪਰ ਸੜਕਾਂ ਤੇ ਮੋੜਾਂ ਦਾ ਨਕਸ਼ਾ ਵੀ ਆ ਰਿਹਾ ਸੀ। ਏਸ ਲਈ ਸਾਨੂੰ ਰਸਤੇ ਵਿਚ ਕਿਸੇ ਤੋਂ ਵੀ ਰਾਹ ਪੁੱਛਣ ਦੀ ਲੋੜ ਨਹੀਂ

ਪਈ। ਅਸੀਂ ਠੀਕ 8 ਵਜੇ ਹੀ ਕੈਰੀਮੀਓਸ ਘਰ ਪਹੁੰਚ ਗਏ।

ਕੈਰੀਮੀਓਸ ਮੇਰੀ ਚੱਕ ਭਾਈਕੇ ਵਾਲੀ ਭੂਆ ਜੀ ਦਾ ਵੱਡਾ ਲੜਕਾ ਦਰਸ਼ਨ ਸਿੰਘ ਰਹਿੰਦਾ ਹੈ। ਦਰਸ਼ਨ ਸਿੰਘ ਦੇ ਦੋ ਲੜਕੇ ਤੇ ਇਕ ਲੜਕੀ ਹੈ। ਵੱਡਾ ਲੜਕਾ ਪਿੰਡ ਰਹਿੰਦਾ ਹੈ। ਵਿਆਹਿਆ ਹੋਇਆ ਹੈ। ਬੱਚੇ ਹਨ। ਲੜਕੀ ਵੀ ਵਿਆਹੀ ਹੋਈ ਹੈ। ਬੱਚੇ ਹਨ। ਪੰਜਾਬ ਹੀ ਰਹਿੰਦੀ ਹੈ। ਦਰਸ਼ਨ ਸਿੰਘ ਦਾ ਛੋਟਾ ਲੜਕਾ ਹਰਪਾਲ ਸਿੰਘ ਆਪਣੇ ਪਰਿਵਾਰ ਨਾਲ ਕੈਰੀਮੀਓਸ ਵਿਚ ਰਹਿੰਦਾ ਹੈ। ਹਰਪਾਲ ਦਾ ਛੋਟਾ ਨਾਂ ਲਾਲੀ ਹੈ। ਇਹ ਵੀ ਵਿਆਹਿਆ ਹੋਇਆ ਹੈ। ਇਸ ਦੇ ਦੋ ਬੱਚੇ ਹਨ। ਇਕ ਲੜਕਾ ਤੇ ਇਕ ਲੜਕੀ। ਜਦ ਲਾਲੀ ਦਾ ਵਿਆਹ ਹੋਇਆ ਸੀ, ਉਸ ਸਮੇਂ ਉਹ ਸੁਧਾਰ ਕਾਲਜ਼ ਵਿਚ ਐਮ. ਏ. ਵਿਚ ਪੜ੍ਹਦਾ ਸੀ। ਵਿਆਹ ਤੋਂ ਥੋੜੀ ਦੇਰ ਬਾਅਦ ਹੀ ਉਹ ਕੈਨੇਡਾ ਪਹੁੰਚ ਗਿਆ। ਏਸ ਤਰ੍ਹਾਂ ਪੜ੍ਹਾਈ ਪੱਖੋਂ ਉਹ ਪੌਣੀ ਐਮ. ਏ. ਪਾਸ ਹੈ।

ਏਥੇ ਇਨ੍ਹਾਂ ਕੋਲ ਆਪਣੇ ਦੋ ਬਾਗ ਹਨ। ਬਾਗਾਂ ਵਿਚ ਸੇਬ, ਆੜੂ, ਚੈਰੀ, ਆਲੂ ਬੁਖਾਰਾ ਤੇ ਖੁਰਮਾਨੀ ਪੈਦਾ ਕਰਦੇ ਹਨ। ਕੁਝ ਸਬਜ਼ੀ ਵੀ ਲਾ ਲੈਂਦੇ ਹਨ। ਛੋਟਾ ਜਿਹਾ ਕੋਲਡ ਸਟੋਰ ਵੀ ਬਣਾਇਆ ਹੋਇਆ ਹੈ। ਬਾਗ ਵਿਚ ਹੀ ਰਹਾਇਸ਼ ਹੈ। ਦਰਸ਼ਨ ਸਿੰਘ ਤੇ ਉਨ੍ਹਾਂ ਦੀ ਪਤਨੀ ਸਾਲ ਦਾ ਕੁਝ ਸਮਾਂ ਕੈਰੀਮੀਓਸ ਆ ਜਾਂਦੇ ਹਨ। ਕੁਝ ਸਮਾਂ ਚੱਕ ਭਾਈਕਾ ਚਲੇ ਜਾਂਦੇ ਹਨ। ਹੁਣ ਦਰਸ਼ਨ ਸਿੰਘ ਤੇ ਉਨ੍ਹਾਂ ਦੀ ਪਤਨੀ ਪੰਜਾਬ ਗਏ ਹੋਏ ਸੀ।

ਇਨ੍ਹਾਂ ਦਾ ਇਕ ਬਾਗ ਘਰ ਤੋਂ ਕੋਈ 3 ਕੁ ਕਿਲੋਮੀਟਰ ਦੂਰ ਹੈ। ਇਹ ਸੇਬਾਂ ਦਾ ਬਾਗ ਹੈ। ਔਰਗੇਨਿਕ ਹੈ। ਜਿਸ ਫਲ/ਸਬਜ਼ੀ ਤੇ ਕੋਈ ਕੀੜੇਮਾਰ ਦਵਾਈ ਨਾ ਛਿੜਕੀ ਜਾਵੇ, ਉਸ ਨੂੰ ਔਰਗੇਨਿਕ ਫਲ/ਸ਼ਬਜ਼ੀ ਕਿਹਾ ਜਾਂਲਾ ਹੈ। ਔਰਗੇਨਿਕ ਫਲ ਹੋਣ ਦਾ ਸਰਟੀਫੀਕੇਟ ਇਕ ਰਾਜਿਸਟਰਡ ਏਜੰਸੀ ਦਿੰਦੀ ਹੈ। ਹਰ ਸੇਬ ਉਪਰ ਔਰਗੇਨਿਕ ਸੇਬ ਹੋਣ ਦਾ ਸਟਿਕਰ ਲਾਇਆ ਜਾਂਦਾ ਹੈ। ਜੇਕਰ ਪੜਤਾਲ ਸਮੇਂ ਫਲ ਔਰਗੇਨਿਕ ਨਾ ਨਿਕਲਣ ਤਾਂ ਸਰਟੀਫੀਕੇਟ ਦੇਣ ਵਾਲੀ ਏਜੰਸੀ ਦੇ ਖਿਲਾਫ਼ ਤੁਰਤ ਫੁਰਤ ਕਾਰਵਾਈ ਹੁੰਦੀ ਹੈ। ਦੋਸ਼ੀ ਨੂੰ ਸਜ਼ਾ ਦਿੱਤੀ ਜਾਂਦੀ ਹੈ। ਏਸ ਕਰਕੇ ਏਥੋਂ ਦੇ ਵਸਨੀਕ ਕਾਨੂੰਨ ਤੋਂ ਡਰਦੇ ਹਨ। ਇਸ ਲਈ ਸਹੀ ਕੰਮ ਕਰਦੇ ਹਨ। ਉਂਜ ਵੀ ਏਥੇ ਕਾਨੂੰਨ ਅਮੀਰਾਂ, ਵੀ. ਆਈ. ਪੀਆਂ, ਸਿਆਸਤਦਾਨਾਂ ਤੇ ਗਰੀਬਾਂ ਤੇ ਇਕਸਾਰ ਲਾਗੂ ਹੁੰਦਾ ਹੈ। ਸਾਡੇ ਭਾਰਤ ਦੇਸ ਮਹਾਨ ਦੀ ਤਰ੍ਹਾਂ ਬੰਦਿਆਂ ਨੂੰ ਵੇਖ ਕੇ ਏਥੇ ਕਾਨੂੰਨ ਲਾਗੂ ਨਹੀਂ ਹੁੰਦੇ ? ਰਿਸ਼ਵਤ ਦੇ ਕੇ ਨਾ ਹੀ ਏਥੇ ਜਾਹਲੀ ਔਰਗੇਨਿਕ ਸਰਟੀਫੀਕੇਟ ਮਿਲਦੇ ਹਨ। ਨਾ ਹੀ ਏਥੇ ਦੀਆਂ ਕੋਰਟਾਂ ਵਿਚ ਦਹਾਕਿਆਂ ਵੱਧੀ ਕੇਸ ਚਲਦੇ ਹਨ। ਏਥੇ ਤਾਂ ਝੱਟ ਮੰਗਣੀ ਤੇ ਪੱਟ ਵਿਆਹ ਦੀ ਤਰ੍ਹਾਂ ਕੇਸ ਨਿਬੜਦੇ ਹਨ। ਸਾਡੇ ਭਾਰਤ ਦੇਸ਼ ਦੀਆਂ ਕੋਰਟਾਂ ਵਿਚ ਤਾਂ ਦਾਦਿਆਂ ਦੇ ਦਾਇਰ ਕੀਤੇ ਕੇਸ ਪੋਤਿਆਂ ਦੀ ਪੀੜ੍ਹੀ ਵਿਚ ਜਾ ਕੇ ਨਿਬੜਦੇ ਹਨ।

ਕੈਰੀਮਿਓਸ ਇਕ ਛੋਟਾ ਜਿਹਾ ਪਿੰਡ ਹੈ। ਸਾਲ 2006 ਦੀ ਰੀਪੋਰਟ ਅਨੁਸਾਰ ਇਸ ਦੀ ਆਬਾਦੀ ਸਿਰਫ 1289 ਹੈ। 50/55 ਪਰਿਵਾਰ ਤਾਂ ਏਥੇ ਪੰਜਾਬੀ ਹਨ। ਸਾਰਿਆਂ ਦੇ ਬਾਗ ਹਨ। ਖੁਸ਼ਹਾਲ ਹਨ। ਪੈਸੇ ਵਾਲੇ ਹਨ। ਬਾਗਾਂ ਵਿਚ ਹੀ ਰਹਿੰਦੇ ਹਨ। ਕੈਰੀਮੀਓਸ ਬੀ. ਸੀ. ਸਟੇਟ ਵਿਚ ਪੈਂਦਾ ਹੈ। ਏਥੋਂ ਦੀ ਦੰਦ ਕਥਾ ਅਨੁਸਾਰ ਪਿੰਡ ਕੈਰੀਮੀਓਸ ਦਾ ਨਾਂ "The Meeting of the winds ਕਰ ਕੇ ਰੱਖਿਆ ਹੋਇਆ ਹੈ। ਕਿਉਂ ਜੋ ਏਥੇ ਤੇਜ਼

ਹਵਾਵਾਂ ਵਗਦੀਆਂ ਹਨ। ਇਹ ਹੈ ਵੀ ਪੱਕੀ ਸਚਾਈ। ਮੈਂ ਏਥੇ ਇਕ ਹਫਤਾ ਰਿਹਾ ਹਾਂ। ਏਸ ਸਾਰੇ ਹਫਤੇ ਵਿਚ ਹਰ ਰੋਜ਼ ਦਿਨ ਦੇ ਕਿਸੇ ਨਾ ਕਿਸੇ ਸਮੇਂ ਤੇਜ ਹਵਾ ਜ਼ਰੂਰ ਵੱਗਦੀ ਰਹੀ ਹੈ। ਏਥੇ ਦਸੰਬਰ ਤੋਂ ਫਰਵਰੀ ਤੱਕ ਥੋੜੀ ਥੋੜੀ ਬਰਫ ਵੀ ਪੈਂਦੀ ਰਹਿੰਦੀ ਹੈ। ਕੈਰੀਮੀਓਸ ਵਿਚ ਸਾਲ 1909 ਵਿਚ ਪੋਸਟ ਮਾਸਟਰ George Kirby ਨੇ ਜ਼ਮੀਨ ਖਰੀਦੀ। ਫੇਰ ਏਥੇ ਰੇਲਵੇ ਆਈ। ਉਸ ਸਮੇਂ ਪਿੰਡ ਦਾ ਮੁੱਢ ਵੱਝਿਆ। ਫੇਰ ਪਿੰਡ ਦੀ ਤਰੱਕੀ ਹੋਣ ਲੱਗੀ। ਹੁਣ ਇਹ ਬੀ. ਸੀ. ਸੂਬੇ ਦਾ ਬੜਾ ਤੇਜ਼ੀ ਨਾਲ ਵਧ ਰਿਹਾ ਪਿੰਡ ਹੈ। ਇਸ ਦੇ ਦੋ ਪਾਸੇ ਉੱਚੀਆਂ ਪਹਾੜੀਆਂ ਹਨ। ਏਸ ਕਰਕੇ ਹੀ ਇਹ ਏਰੀਆ ਬਹੁਤ ਮਨ-ਮੋਹਨਾ ਹੈ।

ਕੈਰੀਮੀਓਸ ਦਾ ਮੁੱਖ ਧੰਦਾ ਬਾਗ, ਫਾਰਮ ਤੇ ਖੇਤੀ ਹੈ। ਏਥੋਂ ਦੀ ਆਰਥਿਕਤਾ ਵਿਚ ਬਾਗਾਂ ਦੇ ਨਾਲ ਏਥੋਂ ਦੀ ਮੁੱਖ ਸੜਕ ਤੇ ਬਣੇ ਫਰੂਟ ਸਟੈਂਡਾਂ ਦਾ ਵਿਸ਼ੇਸ਼ ਥਾਂ ਹੈ। ਏਸ ਕਰਕੇ ਕੈਰੀਮੀਓਸ ਨੂੰ "ਫਰੂਟ ਸਟੈਂਡ ਕੈਪੀਟਲ ਆਫ ਕੈਨੇਡਾ" ਕਿਹਾ ਜਾਂਦਾ ਹੈ। ਏਥੋਂ ਦੀ ਲੰਘਣ ਵਾਲੇ ਸਾਰੇ ਯਾਤਰੀ ਇਨ੍ਹਾਂ ਫਰੂਟ ਸਟੈਂਡਾਂ ਉਪਰੋਂ ਤਾਜ਼ੇ ਫਲ ਤੇ ਤਾਜੀਆਂ ਸ਼ਬਜ਼ੀਆਂ ਜ਼ਰੂਰ ਖਰੀਦ ਕੇ ਲੈ ਕੇ ਜਾਂਦੇ ਹਨ। ਇਨ੍ਹਾਂ ਸਟੈਂਡਾਂ ਦੇ ਫਲ ਤੇ ਸਬਜ਼ੀਆਂ ਰੁੱਖਾਂ ਉਪਰੋਂ ਪੱਕੇ ਤੋੜੇ ਜਾਂਦੇ ਹਨ। ਏਸ ਕਰਕੇ ਇਹ ਏਥੇ ਜ਼ਿਆਦਾ ਵਿਕਦੇ ਹਨ। ਹੁਣ ਏਥੇ ਅੰਗੂਰਾਂ ਦੇ ਵੀ ਕਾਫੀ ਬਾਗ ਲਾਏ ਜਾ ਰਹੇ ਹਨ। ਸ਼ਰਾਬ ਦੇ ਕਾਰਖਾਨੇ ਵੀ ਹੋਰ ਲੱਗ ਰਹੇ ਹਨ।

ਏਥੇ ਵੇਖਣ ਵਾਲੀਆਂ ਥਾਵਾਂ ਵਿਚ ਵੱਡੇ ਗਿਰਜਾਘਰ ਦਾ ਪਾਰਕ ਹੈ। ਇਕ ਏਥੇ ਆਟਾ ਪੀਹਣ ਵਾਲੀ ਪੁਰਾਣੀ ਚੱਕੀ ਹੈ। ਇਹ ਪਾਣੀ ਤੇ ਚੱਲਦੀ ਹੈ। ਖੂਹ ਦੇ ਬੈੜ੍ਹ ਦੀ ਤਰ੍ਹਾਂ ਇਕ ਬੜਾ ਸਾਰਾ ਲੱਕੜ ਦਾ ਬੈੜ੍ਹ ਬਣਿਆ ਹੋਇਆ ਹੈ। ਇਸ ਬੈੜ੍ਹ ਉਪਰ ਪਾਣੀ ਦੀ ਧਾਰ ਪੈਂਦੀ ਹੈ। ਇਹ ਪਾਣੀ ਦੀ ਧਾਰ ਲੱਕੜ ਦੇ ਬੈੜ੍ਹ ਨੂੰ ਘੁਮਾਉਂਦੀ ਹੈ। ਘੁੰਮਦਾ ਬੈੜ੍ਹ ਆਟੇ ਦੀ ਚੱਕੀ ਨੂੰ ਚਲਾਉਂਦਾ ਹੈ। ਚੱਕੀ ਚੱਲ ਕੇ ਆਟਾ ਪੀਂਹਦੀ ਹੈ। ਇਕ ਏਥੇ ਰੈਡ ਬ੍ਰਿੱਜ਼ ਵੇਖਣ ਵਾਲਾ ਹੈ। ਏਥੋਂ ਦੀਆਂ ਝੀਲਾਂ ਵਿਚੋਂ ਮੱਛੀਆਂ ਦਾ ਸ਼ਿਕਾਰ ਵੀ ਕੀਤਾ ਜਾਂਦਾ ਹੈ।

ਕੈਰੀਮੀਓਸ ਦੇ ਨਾਲ ਹੀ ਜੁੜਮਾ ਪਿੰਡ ਕਾਸਟਨ ਹੈ। ਜੂਹ ਨਾਲ ਜੂਹ ਲੱਗਦੀ ਹੈ। ਕਿਥੇ ਕੈਰੀਮੀਓਸ ਖਤਮ ਹੁੰਦਾ ਹੈ ਤੇ ਕਿਥੋਂ ਕਾਸਟਨ ਪਿੰਡ ਸ਼ੁਰੂ ਹੁੰਦਾ ਹੈ, ਨਖੇੜਾ ਕਰਨਾ ਬੜਾ ਮੁਸ਼ਕਲ ਹੈ। ਅਸਲ ਵਿਚ ਇਹ ਦੋਵੇਂ ਪਿੰਡ ਇਕ ਵੱਡਾ ਪਿੰਡ ਹੀ ਲੱਗਦੇ ਹਨ। ਕਾਸਟਨ ਦੀ ਸਾਲ 2006 ਵਿਚ ਇਕ ਹਜ਼ਾਰ ਦੇ ਕਰੀਬ ਆਬਾਦੀ ਸੀ। ਕਾਸਟਨ ਪਿੰਡ ਦਾ ਨਾਂ ਏਥੇ ਵਸੇ ਇਕ ਮੋਢੀ ਫਾਰਮ ਦੇ ਮਾਲਕ ਤੇ ਮੈਜਿਸਟਰੇਟ ਰਹੇ ਮਿਸਟਰ ਆਰ. ਐਲ. ਕਾਸਟਨ ਦੇ ਨਾਂ ਤੇ ਰੱਖਿਆ ਹੋਇਆ ਹੈ। ਏਥੇ ਵੀ ਵੱਖ ਵੱਖ ਫਲਾਂ ਦੇ ਬਾਗ ਹਨ। ਹੁਣ ਏਥੇ ਕਾਫੀ ਏਰੀਏ ਵਿਚ ਅੰਗੂਰ ਲੱਗੇ ਹੋਏ ਹਨ। ਸ਼ਰਾਬ ਦੇ ਕਾਰਖਾਨੇ ਹਨ। ਸ਼ਬਜ਼ੀ ਵੀ ਪੈਦਾ ਕੀਤੀ ਜਾਂਦੀ ਹੈ। ਏਥੋਂ ਦੀ ਸਾਰੀ ਆਰਥਿਕਤਾ ਬਾਗਾਂ ਦੀ ਖੇਤੀ ਤੇ ਨਿਰਭਰ ਹੈ। ਏਥੇ ਫਲਾਂ ਨੂੰ ਪੈਕ ਕਰਨ ਦੇ ਦੋ ਪਲਾਂਟ ਵੀ ਹਨ। ਘੋੜੇ ਪਾਲਣ ਦੇ ਕਈ ਫਾਰਮ ਵੀ ਹਨ।

ਕੈਰੀਮੀਓਸ ਤੋਂ ਵਾਪਸ ਐਡਮਿੰਟਨ ਵੀ ਮੈਂ ਕਾਰ ਰਾਹੀਂ ਹੀ ਆਇਆ। ਕਿਉਂ ਜੋ ਮੇਰੀ ਵਾਪਸੀ ਦੀ ਟਿਕਟ ਐਡਮਿੰਟਨ ਤੋਂ ਸੀ। ਐਡਮਿੰਟਨ ਮੈਨੂੰ ਹਰਪਾਲ ਸਿੰਘ (ਲਾਲੀ) ਛੱਡ ਕੇ ਗਿਆ। ਹਰਪਾਲ ਨਾਲ ਉਸ ਦਾ ਸਾਂਢੂ ਵੀ ਸੀ। ਵਾਪਸੀ ਅਸੀਂ ਜੈਸਪਰ ਰਾਹੀਂ ਗਏ। ਜੈਸਪੁਰ ਇਕ ਛੋਟਾ ਜਿਹਾ ਕਸਬਾ ਹੈ। ਇਸ ਦੇ ਆਲੇ ਦੁਆਲੇ ਕਈ ਲੇਕਾਂ ਹਨ। ਜੈਸਪੁਰ ਕੈਨੇਡੀਅਨ ਰੌਕੀਜ਼ ਵਿਚ ਵਸਿਆ ਹੋਇਆ ਹੈ। ਇਹ ਨੈਸ਼ਨਲ ਪਾਰਕ ਏਰੀਏ ਦਾ

ਵਪਾਰਕ ਕੇਂਦਰ ਹੈ। ਸਾਲ 1813 ਵਿਚ ਇਸ ਦੀ ਨੀਂਹ ਰੱਖੀ ਗਈ ਸੀ। ਜੈਸਪਰ ਨੂੰ ਸਾਲ 2001 ਵਿਚ ਸਪੈਸ਼ਲ ਮਿਊਸਪਲਟੀ ਬਣਾਇਆ ਗਿਆ। ਇਹ ਛੋਟੀ ਜਿਹੀ ਮਿਊਸਪਲਟੀ ਹੈ। ਇਸ ਦੀ ਸਾਲ 2006 ਵਿਚ ਸਿਰਫ 4265 ਹੀ ਆਬਾਦੀ ਸੀ।

ਸਾਲ 1940 ਵਿਚ ਜੈਸਪਰ ਤੋਂ ਬੈਂਫ ਨੂੰ ਸੜਕ ਬਣਾਈ ਗਈ। ਇਸ ਸੜਕ ਨੂੰ Icefields Parkway ਕਿਹਾ ਜਾਂਦਾ ਹੈ। ਦੁਨੀਆਂ ਦੀ ਇਕ ਪ੍ਰਦਰਸ਼ਨੀ ਸੜਕ ਮੰਨਿਆ ਜਾਂਦਾ ਹੈ। ਇਹ ਸੜਕ ਸੌ ਦੇ ਕਰੀਬ ਉੱਚੀਆਂ ਬਰਫ ਦੇ ਤੋਦਿਆਂ ਲੱਦੀਆਂ ਪਹਾੜੀਆਂ ਵਿਚੋਂ ਦੀ ਲੰਘਦੀ ਹੈ। ਏਸ ਸੜਕ ਉਪਰ ਬਾਰਾਂ ਸਿੰਗੇ, ਭੇਡਾਂ, ਪਹਾੜੀ ਬੱਕਰੇ ਅਤੇ ਹੋਰ ਕਈ ਕਿਸਮਾਂ ਦੇ ਜੰਗਲੀ ਜਾਨਵਰ ਵੇਖਣ ਨੂੰ ਮਿਲਦੇ ਹਨ। ਮੇਰਾ ਇਹ ਇਕ ਨਾ ਭੁੱਲਣ ਯੋਗ ਸੜਕੀ ਸਫਰ ਸੀ।

# ਓਸਿਓਸ, ਓਲੀਵਰ ਤੇ ਪੈਂਟਿੰਕਟਨ ਘੁੰਮੇ

22 ਮਈ ਨੂੰ ਅਸੀਂ ਪਹਿਲਾਂ ਓਸਿਓਸ ਸ਼ਹਿਰ ਦੀ ਸੈਰ ਕਰਨ ਗਏ। ਇਹ ਬੀ. ਸੀ. ਸਟੇਟ ਦਾ ਸ਼ਹਿਰ ਹੈ। ਇਸ ਦਾ ਬਾਡਰ ਅਮਰੀਕਾ ਦੀ ਸਟੇਟ ਵਾਸ਼ਿੰਗਟਨ ਨਾਲ ਲੱਗਦਾ ਹੈ। ਇਹ ਬਾਡਰ 24 ਘੰਟੇ ਖੁੱਲ੍ਹਾ ਰਹਿੰਦਾ ਹੈ। ਹਰਪਾਲ ਸਿੰਘ ਗੱਡੀ ਚਲਾ ਰਿਹਾ ਸੀ। ਸਾਡੇ ਨਾਲ ਇਕਬਾਲ ਸਿੰਘ ਤੇ ਉਸ ਦਾ ਮਿੱਤਰ ਵੀ ਸੀ। ਕੈਰੀਮੀਓਸ ਤੋਂ ਓਸਿਓਸ 36 ਕਿਲੋਮੀਟਰ ਦੂਰ ਹੈ। ਐਨੀ ਕੁ ਦੂਰੀ ਨੂੰ ਤਾਂ ਏਥੇ ਦੂਰੀ ਈ ਨੀ ਸਮਝਦੇ। ਵਧੀਆ ਸੜਕਾਂ ਹਨ। ਵਧੀਆ ਗੱਡੀਆਂ ਹਨ। ਗੱਡੀਆਂ ਦੀ ਰਫਤਾਰ ਦਾ ਪਤਾ ਈ ਨੀ ਲੱਗਦਾ। 20 ਮਿੰਟਾਂ ਵਿਚ ਅਸੀਂ ਓਸਿਓਸ ਪਹੁੰਚ ਗਏ। ਇਹ ਸ਼ਹਿਰ ਓਸਿਓਸ ਝੀਲ ਦੇ ਕਿਨਾਰੇ ਵਸਿਆ ਹੋਇਆ ਹੈ। ਬਹੁਤ ਹੀ ਰਮਨੀਕ ਥਾਂ ਹੈ। ਗਰਮੀ ਦੇ ਮੌਸਮ ਦਾ ਇਹ ਸ਼ਹਿਰ ਕੈਨੇਡਾ ਦਾ ਸਭ ਤੋਂ ਗਰਮ ਸ਼ਹਿਰ ਹੈ। ਏਸ ਕਰਕੇ ਗਰਮੀ ਪੱਖੋਂ ਏਸ ਨੂੰ ਕੈਨੇਡਾ ਦਾ ਮਾਰਥੂਲ ਕਿਹਾ ਜਾਂਦਾ ਹੈ। ਏਥੇ 38 ਡਿਗਰੀ ਤੱਕ ਗਰਮੀ ਹੋ ਜਾਂਦੀ ਹੈ। ਪਰ ਪੰਜਾਬ ਦੀ ਗਰਮੀ ਨਾਲੋਂ ਇਹ ਗਰਮੀ ਫੇਰ ਵੀ ਘੱਟ ਹੈ। ਪੰਜਾਬ ਦੀ ਗਰਮੀ ਤਾਂ 45 ਡਿਗਰੀ ਪਹੁੰਚ ਜਾਂਦੀ ਹੈ।

ਏਥੋਂ ਦਾ ਮੁੱਖ ਧੰਦਾ ਫਲਾਂ ਦੇ ਬਾਗ ਹਨ। ਗਰਮੀ ਦਾ ਇਲਾਕਾ ਹੋਣ ਕਰਕੇ ਏਥੇ ਜ਼ਿਆਦਾ ਅੰਗੂਰਾਂ ਦੇ ਬਾਗ ਹਨ। ਸ਼ਰਾਬ ਦੀਆਂ ਫੈਕਟਰੀਆਂ ਹਨ। ਸੇਬ ਤੇ ਆੜੂ ਵੀ ਪੈਦਾ ਕੀਤੇ ਜਾਂਦੇ ਹਨ। ਬਾਗਾਂ ਦੇ 55 ਤੋਂ 60 ਪ੍ਰਤੀਸ਼ਤ ਮਾਲਕ ਪੰਜਾਬੀ ਜੱਟ ਸਿੱਖ ਹਨ। ਉਨ੍ਹਾਂ ਤਾਂ ਏਥੇ ਦੀ ਗਰਮੀ, ਗਰਮੀ ਹੀ ਨਹੀਂ ਲੱਗਦੀ। ਉਹ ਤਾਂ ਪੰਜਾਬ ਵਿਚ ਏਸ ਨਾਲੋਂ ਵੱਧ ਗਰਮੀ ਝੱਲ ਕੇ ਆਏ ਹਨ। ਓਸਿਓਸ ਦੀ ਹਰ ਸੜਕ ਉਪਰ ਪੰਜਾਬੀਆਂ ਦੇ ਨਾਂ ਦੇ ਫੱਟੇ ਲੱਗੇ ਵੇਖ ਕੇ ਮਨ ਨੂੰ ਬਹੁਤ ਖੁਸ਼ੀ ਹੋਈ। ਪੰਜਾਬੀ ਜਿਸ ਕੰਮ ਦੇ ਪਿਛੇ ਪੈ ਜਾਣ, ਉਹਨੂੰ ਸਿਰੇ ਲਾ ਕੇ ਈ ਛੱਡਦੇ ਹਨ। ਹਾਲੇ ਤੱਕ ਤਾਂ ਪੰਜਾਬੀ ਦੋ ਕੰਮਾਂ ਦੇ ਮੋਹਰੀ ਹਨ। ਇਕ ਖੇਤੀ

ਦੇ ਦੂਜੇ ਟਰਾਂਸਪੋਰਟ ਦੇ। ਹੁਣ ਪੰਜਾਬ ਵਿਚ ਵੀ ਤੇ ਬਾਹਰਲੇ ਦੇਸ਼ਾਂ ਵਿਚ ਵੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਵਿਚ ਕੰਮਾਂ ਵਿਚ ਵੰਨ੍ਹ ਸਵੰਨਤਾ ਆ ਰਹੀ ਹੈ। ਹਰ ਕੰਮਾਂ ਵਿਚ ਪੰਜਾਬੀ ਨਜ਼ਰ ਆ ਜਾਂਦੇ ਹਨ।

ਓਸਿਓਸ ਇਕ ਛੋਟਾ ਜਿਹਾ ਸ਼ਹਿਰ ਹੈ। ਸਾਲ 2007 ਵਿਚ ਇਸ ਦੀ ਆਬਾਦੀ ਸਿਰਫ 5 ਹਜ਼ਾਰ ਸੀ। ਇਸ ਦੀ ਪ੍ਰਸਿੱਧੀ ਸੈਰ ਸਪਾਟਾ ਤੇ ਮਨੋਰੰਜਨ ਏਰੀਏ ਕਰਕੇ ਹੈ। ਗਰਮੀਆਂ ਵਿਚ ਏਥੇ ਬੀ. ਸੀ. ਸਟੇਟ ਤੇ ਅਲਬਰਟਾ ਸਟੇਟ ਤੱਕ ਦੇ ਟੂਰਿਸ਼ਟ ਆਉਂਦੇ ਹਨ।

ਝੀਲ ਦੇ ਆਲੇ ਦੁਆਲੇ ਕਈ ਬੀਚਾਂ ਹਨ। ਏਥੇ ਟੂਰਿਸ਼ਟ ਮੌਜ਼ ਮਸਤੀਆਂ ਕਰ ਰਹੇ ਸਨ। ਪਿਕਨਿਕ ਗਰਾਊਂਡ ਹਨ। ਲੇਕ ਦੇ ਕੰਢਿਆਂ ਤੇ ਹੋਟਲਾਂ ਤੇ ਰੈਸਟੋਰੈਂਟਾਂ ਦੀ ਭਰਮਾਰ ਹੈ। ਥਾਂ ਥਾਂ ਆਰ. ਵੀ. ਪਾਰਕ ਬਣੇ ਹੋਏ ਹਨ। ਜਦ ਅਸੀਂ ਝੀਲ ਦੇ ਦੁਆਲੇ ਗੇੜਾ ਮਾਰਿਆ ਤਾਂ ਬਹੁਤ ਸਾਰੀਆਂ ਆਰ. ਵੀ. ਪਾਰਕਾਂ ਫੁੱਲ ਸਨ। ਟਾਇਰਾਂ ਉਪਰ ਬਣੇ ਘਰ ਨੂੰ ਆਰ. ਵੀ. ਘਰ ਕਹਿੰਦੇ ਹਨ। ਆਰ. ਵੀ. ਦਾ ਮਤਲਬ ਹੈ Recreational Vehicle । ਆਰ. ਵੀ. ਘਰ ਨੂੰ ਕਾਰ ਦੇ ਪਿਛੇ ਬੰਨ੍ਹ ਕੇ ਤੁਸੀਂ ਜਿਥੇ ਮਰਜ਼ੀ ਚਾਹੇ, ਲਿਜਾ ਸਕਦਾ ਹੋ। ਏਸ ਘਰ ਵਿਚ ਘਰ ਵਾਲੀਆਂ ਸਾਰੀਆਂ ਸਹੂਲਤਾਂ ਹੁੰਦੀਆਂ ਹਨ। ਵਿਚ ਹੀ ਕਿਚਨ ਹੁੰਦਾ ਹੈ। ਵਿਚ ਹੀ ਬਾਥਰੂਮ ਹੁੰਦਾ ਹੈ। ਵਿਚ ਹੀ ਬੈਡ ਰੂਮ ਹੁੰਦਾ ਹੈ। ਗਲ ਕੀ ਪੂਰਾ ਸੂਰਾ ਘਰ ਹੁੰਦਾ ਹੈ। ਅਮਰੀਕਾ ਵਾਸੀ ਸੈਰ ਸਪਾਟੇ ਦੇ ਪੂਰੇ ਸ਼ੁਕੀਨ ਹਨ। ਏਸ ਲਈ ਬਹੁਤ ਸਾਰੇ ਲੋਕਾਂ ਨੇ ਆਰ. ਵੀ. ਘਰ ਬਣਾ ਕੇ ਰੱਖੇ ਹੋਏ ਹਨ। ਇਹ ਕਰਾਏ ਤੇ ਵੀ ਮਿਲ ਜਾਂਦੇ ਹਨ। ਜਿਸ ਥਾਂ ਤੇ ਇਹ ਘਰ ਖੜੇ ਕੀਤੇ ਜਾਂਦੇ ਹਨ, ਉਨ੍ਹਾਂ ਥਾਵਾਂ ਨੂੰ ਆਰ. ਵੀ. ਪਾਰਕ ਕਹਿੰਦੇ ਹਨ।

ਝੀਲ ਦੇ ਕੰਢਿਆਂ ਤੇ ਬੈਠਣ ਲਈ ਥਾਂ ਥਾਂ ਸਥਾਨ ਬਣੇ ਹੋਏ ਹਨ। ਬੈਂਚ ਲੱਗੇ ਹੋਏ ਹਨ। ਇਕ ਥਾਂ ਲੇਕ ਵਿਚ ਜਾਣ ਲਈ ਦੂਰ ਤੱਕ ਰਸਤਾ ਬਣਾਇਆ ਹੋਇਆ ਸੀ। ਟਾਮੀ ਟਾਮੀਂ ਕਿਸ਼ਤੀ ਵੀ ਚਲ ਰਹੀ ਸੀ। ਜੂਨ, ਜੁਲਾਈ ਤੇ ਅਗਸਤ ਦੀਆਂ ਸਕੂਲਾਂ ਅਤੇ ਕਾਲਜ਼ਾਂ ਦੀਆਂ ਛੁੱਟੀਆਂ ਸਮੇਂ ਏਥੇ ਟੂਰਿਸ਼ਟਾਂ ਦਾ ਹੜ੍ਹ ਆਇਆ ਹੁੰਦਾ ਹੈ। ਸ਼ਹਿਰ ਦੀ ਮੁੱਖ ਆਮਦਨ ਦੇ ਸੋਮੇ ਸੈਰ ਸਪਾਟਾ ਤੇ ਫਲਾਂ ਦੇ ਬਾਗ ਹਨ। ਝੀਲ ਦਾ ਇਕ ਛੋਟਾ ਜਿਹਾ ਤੰਗ ਹਿੱਸਾ ਹੈ, ਜਿਸ ਦੇ ਕਿਨਾਰੇ ਰਹਾਇਸ਼ੀ ਕੋਠੀਆਂ ਬਣੀਆਂ ਹੋਈਆਂ ਹਨ। ਹੁਣ ਤਾਂ ਏਥੇ ਦੂਰ ਦੂਰ ਤੋਂ ਸੇਵਾ ਮੁਕਤ ਵਿਅਕਤੀ ਰਹਿਣ ਲਈ ਆ ਰਹੇ ਹਨ।

ਫੇਰ ਪਹੁੰਚੇ ਅਸੀਂ ਓਲੀਵਰ ਸ਼ਹਿਰ। ਇਹ ਸ਼ਹਿਰ ਬਿਲਕੁਲ ਹੀ ਓਸਿਓਸ ਦੇ ਨਾਲ ਲੱਗਦਾ ਹੈ। ਬੀ. ਸੀ. ਸਟੇਟ ਵਿਚ ਹੀ ਪੈਂਦਾ ਹੈ। ਛੋਟਾ ਜਿਹਾ ਸ਼ਹਿਰ ਹੈ। ਸਾਲ 2006 ਵਿਚ ਇਸ ਦੀ ਆਬਾਦੀ ਸਿਰਫ 4370 ਸੀ। ਪਰ ਇਸ ਸ਼ਹਿਰ ਦੀ ਮਸ਼ਹੂਰੀ "ਵਾਈਨ ਕੈਪੀਟਲ ਆਫ ਕੈਨੇਡਾ" ਕਰਕੇ ਹੈ। ਓਲੀਵਰ ਦਾ ਪੌਣ ਪਾਣੀ ਸ਼ਰਾਬ ਤਿਆਰ ਕਰਨ ਵਾਲੇ ਅੰਗੂਰ ਪੈਦਾ ਕਰਨ ਕਰਕੇ ਪ੍ਰਸਿੱਧ ਹੈ। ਏਸੇ ਕਰਕੇ ਏਥੇ ਬੀ. ਸੀ. ਸਟੇਟ ਵਿਚੋਂ ਸ਼ਰਾਬ ਪੈਦਾ ਕਰਨ ਵਾਲੇ ਅੰਗੂਰਾਂ ਦੇ ਸਭ ਤੋਂ ਜ਼ਿਆਦਾ ਬਾਗ ਹਨ। 30 ਦੇ ਕਰੀਬ ਏਥੇ ਸ਼ਰਾਬ ਦੇ ਕਾਰਖਾਨੇ ਹਨ। ਇਨ੍ਹਾਂ ਵਿਚੋਂ ਬਹੁਤੇ ਕਾਰਖਾਨੇ ਹਾਈਵੇਅ 97 ਉਪਰ ਹਨ।

ਓਲੀਵਰ ਸ਼ਹਿਰ ਦਾ ਨਾਂ ਬ੍ਰਿਟਿਸ਼ ਕੋਲੰਬੀਆ ਦੇ ਸਾਲ 1918 ਤੋਂ 1927 ਤੱਕ ਰਹੇ ਪ੍ਰਾਈਮ ਮਨਿਸਟਰ ਜੋਹਨ ਓਲੀਵਰ ਦੇ ਨਾਂ ਤੇ ਰੱਖਿਆ ਹੋਇਆ ਹੈ। ਪਹਿਲਾਂ ਏਥੇ ਸੋਨੇ

ਦੀਆਂ ਖਾਣਾ ਤੇ ਕੰਮ ਕਰਨ ਵਾਲੇ ਲੋਕੀ ਰਹਿੰਦੇ ਸਨ। ਸਾਲ 1921 ਵਿਚ ਏਥੇ ਨਹਿਰ ਨਿਕਲੀ। ਉਸ ਸਮੇਂ ਹੀ ਏਥੇ ਆਬਾਦੀ ਵਧਣ ਲੱਗੀ। ਅੰਗੂਰਾਂ ਦੇ ਬਾਗ ਲੱਗਣ ਤੋਂ ਪਹਿਲਾਂ ਏਥੇ ਸਾਰੀ ਜ਼ਮੀਨ ਵਿਚ ਹੀ ਦੂਸਰੇ ਫਲਾਂ ਦੇ ਬਾਗ ਸਨ। ਸੇਬ, ਚੈਰੀ ਤੇ ਆੜੂਆਂ ਦੇ। ਹੁਣ ਤਾਂ ਜ਼ਿਆਦਾ ਬਾਗ ਅੰਗੂਰਾਂ ਦੇ ਹੀ ਹਨ। ਓਲੀਵਰ ਵਿਚ ਵੀ 60/65 ਪ੍ਰਤੀਸ਼ਤ ਬਾਗਾਂ ਦੇ ਮਾਲਕ ਪੰਜਾਬੀ ਜੱਟ ਸਿੱਖ ਹਨ। ਪੈਸੇ ਵਾਲੇ ਹਨ। ਏਥੇ ਮੁੱਖ ਸੜਕ ਉਪਰ ਬਹੁਤ ਸੋਹਣਾ ਗੁਰੂਦਵਾਰਾ ਬਣਿਆ ਹੋਇਆ ਹੈ। ਅਸੀਂ ਵੀ ਏਸ ਗੁਰੂਦਵਾਰਾ ਸਾਹਿਬ ਦੇ ਦਰਸ਼ਨ ਕਰ ਕੇ ਹੀ ਅੱਗੇ ਗਏ ਸੀ।

ਅਸੀਂ ਏਸ ਦਿਨ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਫੇਰ ਪੈਂਟਿੰਕਟਨ ਸ਼ਹਿਰ ਪੁੱਜੇ। ਇਹ ਵੀ ਬ੍ਰਿਟਿਸ਼ ਕੋਲੰਬੀਆ ਦਾ ਸ਼ਹਿਰ ਹੈ। ਓਕਾਨਾਗਨ ਵੈਲੀ ਵਿਚ ਵਸ਼ਿਆ ਹੋਇਆ ਹੈ। ਇਸ ਦੀ ਸਾਲ 2006 ਵਿਚ ਆਬਾਦੀ 32 ਹਜ਼ਾਰ ਸੀ। ਇਸ ਦੀ ਆਮਦਨ ਦੇ ਮੁੱਖ ਸਾਧਨ ਫਲਾਂ ਦੇ ਬਾਗ, ਸ਼ਰਾਬ ਦੇ ਕਾਰਖਾਨੇ ਤੇ ਸੈਰ ਸਪਾਟਾ ਹਨ। ਏਥੇ ਇਕ ਬਹੁਤ ਸੋਹਣੀ ਬੀਚ ਹੈ। ਗੌਲਫ ਦੇ ਮੈਦਾਨ ਹਨ। ਓਕਾਨਾਗਨ ਵਾਈਨ ਫੈਸਟੀਵਲ, ਪੈਂਟਿੰਕਟਨ ਪੀਚ ਫੈਸਟੀਵਲ, ਐਲਵਿਸ ਫੈਸਟੀਵਲ ਤੇ ਪੈਨਵਾਸਟਿਕ ਹਾਟ ਜਾਜ ਫੈਸਟੀਵਲ ਏਥੋਂ ਦੇ ਸਾਲਾਨਾ ਮਸ਼ਹੂਰ ਮੇਲੇ ਹਨ। ਏਥੇ ਮਨੋਰੰਜਨ ਦੇ ਹੋਰ ਵੀ ਬਹੁਤ ਸਾਧਨ ਹਨ। ਇਨ੍ਹਾਂ ਵਿਚ ਹਾਈਕਿੰਗ, ਬਾਈਕਿੰਗ, ਸ਼ੁਕੀਇੰਗ, ਬੋਟਿੰਗ ਤੇ ਫਿਸ਼ਿੰਗ ਸ਼ਾਮਲ ਹਨ। ਸਰਦੀ ਵਿਚ ਏਥੇ ਬਰਫ ਦੀਆਂ ਖੇਡਾਂ ਹੁੰਦੀਆਂ ਹਨ।

ਹੁਣ ਗੱਲ ਕਰਦੇ ਹਾਂ ਫਲਾਂ ਦੀ ਵਿਕਰੀ ਦੀ। ਤਕਰੀਬਨ ਫਲਾਂ ਦੇ ਬਾਗਾਂ ਦੇ ਸਾਰੇ ਮਾਲਕ ਕੋਆਪਰੇਟਿਵ ਫਰੂਟ ਗਰੋਅਰਜ਼ ਐਸੋਸੀਏਸ਼ਨ ਦੇ ਮੈਂਬਰ ਹਨ। ਕੁਝ ਵੱਡੇ ਬਾਗਾਂ ਦੇ ਮਾਲਕ ਇਨ੍ਹਾਂ ਦੇ ਮੈਂਬਰ ਨਹੀਂ ਹਨ। ਉਹ ਆਪਣੇ ਫਰੂਟਾਂ ਦੀ ਵਿਕਰੀ ਸਿੱਧੀ ਆਪ ਕਰਦੇ ਹਨ। ਅਜੇਹੇ ਬਾਗਾਂ ਦੇ ਮਾਲਕਾਂ ਕੋਲ ਆਪਣੀ ਸਾਰੀ ਮਸ਼ਨੀਰੀ ਹੁੰਦੀ ਹੈ। ਕੋਲਡ ਸਟੋਰ ਹੁੰਦੇ ਹਨ। ਏਥੇ ਪਹਿਲਾਂ ਹਰ ਸ਼ਹਿਰ ਵਿਚ ਫਰੂਟ ਗਰੋਅਰਜ਼ ਦੀਆਂ ਵੱਖਰੀਆਂ ਵੱਖਰੀਆਂ ਐਸੋਸੀਏਸ਼ਨਾਂ ਸਨ। ਹੁਣ ਇਨ੍ਹਾਂ ਸਾਰੀਆਂ ਨੂੰ ਕੱਠੀਆਂ ਕਰ ਕੇ ਇਕ ਬਣਾ ਲਈ ਹੈ। ਇਕ ਸੰਸਥਾ ਬਣਨ ਕਰ ਕੇ ਖਰਚੇ ਘੱਟ ਹੋ ਗਏ ਹਨ। ਫਰੂਟ ਗਰੋਅਰਜ਼ ਨੂੰ ਪਹਿਲਾਂ ਦੀ ਥਾਂ ਫਰੂਟਸ ਦਾ ਜ਼ਿਆਦਾ ਮੁੱਲ ਮਿਲਣ ਲੱਗ ਗਿਆ ਹੈ।

ਛੋਟੇ ਫਰੂਟ ਗਰੋਅਰਜ਼ ਨੂੰ ਇਨ੍ਹਾਂ ਸੰਸਥਾਵਾਂ ਦਾ ਮੈਂਬਰ ਮਜ਼ਬੂਰੀ ਵਸ ਬਣਨਾ ਪੈਂਦਾ ਹੈ। ਕਿਉਂ ਜੋ ਫਰੂਟ ਦੇ ਸ਼ੀਜਨ ਤੇ ਫਰੂਟ ਵੇਚਣ ਤੇ ਉਨ੍ਹਾਂ ਨੂੰ ਮੁੱਲ ਬਹੁਤ ਘੱਟ ਮਿਲਦਾ ਹੈ। ਫਰੂਟ ਨੂੰ ਸਟੋਰ ਕਰਨ ਖਾਤਰ ਉਨ੍ਹਾਂ ਕੋਲ ਕੋਲਡ ਸਟੋਰ ਨਹੀਂ ਹੁੰਦੇ। ਇਨ੍ਹਾਂ ਸੰਸਥਾਵਾਂ ਦਾ ਮੰਤਵ ਹੀ ਫਲ ਉਤਪਾਦਕਾਂ ਨੂੰ ਫਲਾਂ ਦਾ ਵੱਧ ਤੋਂ ਵੱਧ ਮੁੱਲ ਦਵਾਉਣਾ ਹੈ। ਇਹ ਸੰਸਥਾ ਫਲਾਂ ਦੀ ਫਸਲ ਆਉਣ ਤੇ ਆਪਣੇ ਮੈਂਬਰਾਂ ਦਾ ਸਾਰਾ ਫਲ ਆਪਣੀ ਟਰਾਂਸਪੋਰਟ ਰਾਹੀਂ ਆਪਣੇ ਕੋਲਡ ਸਟੋਰਾਂ ਵਿਚ ਕੱਠਾ ਕਰ ਲੈਂਦੀ ਹੈ। ਫੇਰ ਏਸ ਕੱਠੇ ਕੀਤੇ ਫਰੂਟਸ ਨੂੰ ਬਾਜ਼ਾਰ ਦੀ ਮੰਗ ਅਨੁਸਾਰ ਵੇਚਦੀ ਰਹਿੰਦੀ ਹੈ। ਇਸ ਤਰ੍ਹਾਂ ਫਰੂਟਸ ਦਾ ਚੰਗਾ ਮੁੱਲ ਮਿਲ ਜਾਂਦਾ ਹੈ।

ਆਮ ਕਰ ਕੇ ਮੈਂਬਰਾਂ ਦਾ ਸਾਰਾ ਫਰੂਟ ਅਕਤੂਬਰ ਦੇ ਮਹੀਨੇ ਦੇ ਅਖੀਰ ਤੱਕ ਸੰਸਥਾ ਦੇ ਸਟੋਰਾਂ ਵਿਚ ਪੰਹੁਚ ਜਾਂਦਾ ਹੈ। ਜਦ ਕਿਸੇ ਮੈਂਬਰ ਦਾ ਸਾਰਾ ਫਰੂਟ ਸਟੋਰ ਵਿਚ ਆ ਜਾਂਦਾ ਹੈ ਤਾਂ ਸੰਸਥਾ ਉਸ ਨੂੰ ਆਏ ਫਰੂਟ ਦੀ ਕੀਮਤ ਦਾ 1/8 ਹਿੱਸੇ ਦੀ ਪੇਮੈਂਟ ਉਸ ਸਮੇਂ ਹੀ ਕਰ ਦਿੰਦੀ ਹੈ। ਫਰੂਟ ਦੀ ਬਾਕੀ ਰਹਿੰਦੀ ਪੇਮੈਂਟ ਚਾਰ ਕਿਸਤਾਂ ਵਿਚ ਕੀਤੀ ਜਾਂਦੀ

ਹੈ। ਪਹਿਲੀ ਕਿਸ਼ਤ ਫਰੂਟ ਸੰਸਥਾ ਦੇ ਸਟੋਰ ਵਿਚ ਪਹੁੰਚਣ ਤੋਂ ਤਿੰਨ ਮਹੀਨੇ ਪਿਛੋਂ ਫਰੂਟ ਦੀ ਕੁਲ ਕੀਮਤ ਦੀ 50% ਦੇ ਹਿਸਾਬ ਨਾਲ ਕੀਤੀ ਜਾਂਦੀ ਹੈ। ਇਸ ਪੇਮੈਂਟ ਵਿਚ ਪਹਿਲਾਂ ਦਿੱਤੀ 1/8 ਹਿੱਸਾ ਪੇਮੈਂਟ ਵੀ ਸ਼ਾਮਲ ਹੁੰਦੀ ਹੈ। ਦੂਜੀ ਕਿਸ਼ਤ ਫੇਰ 2 ਮਹੀਨੇ ਪਿਛੋਂ 75% ਦੀ ਦਿੱਤੀ ਜਾਂਦੀ ਹੈ। ਇਸ ਵਿਚ ਵੀ ਪਹਿਲਾ ਦਿੱਤੀ 50% ਪੇਮੈਂਟ ਸ਼ਾਮਲ ਹੁੰਦੀ ਹੈ। ਦੂਜੀ ਕਿਸ਼ਤ ਆਮ ਤੌਰ ਤੇ ਮਾਰਚ ਦੇ ਅਖੀਰ ਵਿਚ ਦਿੱਤੀ ਜਾਂਦੀ ਹੈ। ਤੀਜੀ ਕਿਸ਼ਤ ਮਈ ਦੇ ਅਖੀਰ ਵਿਚ 95% ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਚੌਥੀ ਤੇ ਅਖੀਰਲੀ ਕਿਸ਼ਤ ਵਿਚ ਫਰੂਟ ਦੀ ਰਹਿੰਦੀ ਸਾਰੀ ਕੀਮਤ ਦੇ ਦਿੱਤੀ ਜਾਂਦੀ ਹੈ। ਇਹ ਕਿਸ਼ਤ ਆਮ ਤੌਰ ਤੇ ਜੁਲਾਈ ਦੇ ਅਖੀਰ ਵਿੱਚ ਦਿੱਤੀ ਜਾਂਦੀ ਹੈ।

ਸੰਸਥਾ ਦੇ ਮੈਂਬਰਾਂ ਦੇ ਬਾਗਾਂ ਦੀ ਨਿਗਰਾਨੀ ਲਈ ਫੀਲਡ ਵਰਕਰ ਰੱਖੇ ਹੋਏ ਹਨ। ਇਹ ਸਮੇਂ ਸਮੇਂ ਜਾ ਕੇ ਬਾਗਾਂ ਦੀ ਪੜਤਾਲ ਕਰਦੇ ਰਹਿੰਦੇ ਹਨ। ਸਪਰੇਆਂ ਤੇ ਹੋਰ ਲੋੜੀਦੀਆਂ ਸਲਾਹਾਂ ਦਿੰਦੇ ਹਨ। ਸ਼ੈਲ ਫੂਨਾਂ ਰਾਹੀਂ ਸੰਪਰਕ ਰੱਖਦੇ ਹਨ। ਐਸ. ਐਮ. ਐਸ. ਭੇਜਦੇ ਰਹਿੰਦੇ ਹਨ। ਫਲਾਂ ਦੇ ਬਾਗ ਲਾਉਣ ਲਈ ਸਰਕਾਰ ਕਈ ਕਿਸਮਾਂ ਦੀਆਂ ਸਬਸਿਡੀਆਂ ਦਿੰਦੀ ਹੈ। ਪਰ ਸਬਸਿਡੀ ਲੈਣ ਲਈ ਬਾਗ ਘਟੋ ਘਟ ਇਕ ਏਕੜ ਦਾ ਹੋਣਾ ਚਾਹੀਦਾ ਹੈ। ਏਥੇ ਸਬਸਿਡੀ ਲੈਣ ਲਈ ਸਬਸਿਡੀ (ਰਿਸ਼ਵਤ) ਨਹੀਂ ਦੇਣੀ ਪੈਂਦੀ। ਜਿਸ ਤਰ੍ਹਾਂ ਸਾਡੇ ਭਾਰਤ ਦੇਸ਼ ਮਹਾਨ ਵਿਚ ਦੇਣੀ ਪੈਂਦੀ ਹੈ ? ਹਰ ਬੂਟੇ ਪ੍ਰਤੀ 5 ਡਾਲਰ ਸਬਸਿਡੀ ਮਿਲਦੀ ਹੈ। ਬਾਗ ਦੀ ਸਾਂਭ ਸੰਭਾਲ ਲਈ ਪਹਿਲੇ ਤਿੰਨ ਸਾਲਾਂ ਲਈ 2200 ਡਾਲਰ ਦੀ ਸਬਸਿਡੀ ਮਿਲਦੀ ਹੈ। ਤਿੰਨ ਸਾਲਾਂ ਪਿਛੋਂ ਬਾਗ ਫਰੂਟ ਦੇਣ ਲੱਗ ਪੈਂਦਾ ਹੈ। ਨਵਾਂ ਸਿੰਜਾਈ ਸਿਸਟਮ ਲਾਉਣ ਲਈ, ਸਪਰੇਅ ਮਸ਼ੀਨਰੀ ਖਰੀਦਣ ਲਈ ਵੀ ਸਬਸਿਡੀ ਮਿਲਦੀ ਹੈ। ਗੱਲ ਕੀ, ਫਲ ਪੈਦਾ ਹੋਣ ਤੱਕ ਜਿਮੀਦਾਰ ਨੂੰ ਸਬਸਿਡੀ ਮਿਲਦੀ ਹੈ। ਬਾਗਾਂ ਦਾ ਸਾਰਾ ਕੰਮ ਮਸ਼ੀਨਰੀ ਨਾਲ ਹੁੰਦਾ ਹੈ। ਪਰ ਇਹ ਸਾਰੀਆਂ ਸਬਸਿਡੀਆਂ ਅੰਗੂਰਾਂ ਦੇ ਬਾਗਾਂ ਲਈ ਮਿਲਦੀਆਂ ਹਨ।

# ਸਰੀ ਦੀ ਝਲਕ

ਦੂਜੀ ਵਾਰ ਸਰੀ ਮੈਂ 26 ਮਈ 2008 ਨੂੰ ਗਿਆ। ਏਸ ਵੇਰ ਵੀ ਮੈਂ ਬਲਜੀਤ ਸਿੰਘ ਸਿਵੀਆ ਦੇ ਪਰਿਵਾਰ ਵਿਚ ਠਹਿਰਿਆ। 26 ਮਈ ਦੀ ਸਵੇਰ ਨੂੰ ਹੀ ਬਲਜੀਤ ਸਿੰਘ ਹੋਰਾਂ ਨੇ ਘਰ ਸਹਿਜ ਪਾਠ ਰਖਵਾਇਆ ਸੀ। ਪਾਠ ਬੀਬੀ ਬਲਜਿੰਦਰ ਕੌਰ ਖਾਲਸਾ ਤੇ ਉਨ੍ਹਾਂ ਦੇ ਪਤੀ ਜਸਵੀਰ ਸਿੰਘ ਕਰ ਰਹੇ ਸਨ। ਇਹ ਜੋੜਾ ਪਿਛੋਂ ਜਲੰਧਰ ਦੇ ਨਾਲ ਲੱਗਦੇ ਪਿੰਡ ਦ ਕੋਹੇ ਦਾ ਰਹਿਣ ਵਾਲਾ ਹੈ। ਹਰ ਦੋ ਸਾਲ ਪਿਛੋਂ 6 ਮਹੀਨੇ ਦਾ ਵੀਜ਼ਾ ਲੈ ਕੇ ਪਾਠ ਕਰਨ ਆ ਜਾਂਦਾ ਹੈ। ਲੋਕਾਂ ਦੇ ਘਰੀਂ ਜਾ ਕੇ ਪਾਠ ਕਰਦੇ ਰਹਿੰਦੇ ਹਨ। ਜਸਵੀਰ ਸਿੰਘ ਦੀ ਉਮਰ ਅਜੇ 50 ਕੁ ਸਾਲ ਤੋਂ ਘੱਟ ਹੈ। ਦਾਹੜਾ ਖੁਲ੍ਹਾ ਰੱਖਦੇ ਹਨ। ਏਸ ਲਈ ਸਾਰੇ ਉਸ ਨੂੰ ਬਾਬਾ ਜੀ ਕਹਿੰਦੇ ਹਨ। ਏਥੋਂ ਤੱਕ ਕਿ ਉਨ੍ਹਾਂ ਦੀ ਪਤਨੀ ਬਲਵਿੰਦਰ ਕੌਰ ਤੇ ਉਨ੍ਹਾਂ ਦੇ ਬੱਚੇ ਵੀ ਜਸਵੀਰ ਸਿੰਘ ਨੂੰ ਬਾਬਾ ਜੀ ਹੀ ਕਹਿੰਦੇ ਹਨ। ਜਸਵੀਰ ਸਿੰਘ ਤੋਂ ਬੜੀ ਉਮਰ ਵਾਲੇ, ਚਿੱਟੀਆਂ ਦਾਹੜੀਆਂ ਵਾਲੇ ਬਾਬੇ ਵੀ ਉਸ ਨੂੰ ਬਾਬਾ ਜੀ ਕਹਿੰਦੇ ਹਨ। ਇਕ ਕਿਸਮ ਦੇ ਉਹ ਜਗਤ ਬਾਬਾ ਹਨ। ਵੈਸੇ ਵੀ ਆਮ ਕਰ ਕੇ ਪਾਠ ਕਰਨ ਵਾਲੇ ਸਿੰਘ/ਗ੍ਰੰਥੀਆਂ ਨੂੰ ਬਾਬਾ ਜੀ ਕਹਿਣ ਦਾ ਰਿਵਾਜ਼ ਹੈ। ਜਸਵੀਰ ਸਿੰਘ ਬਹੁਤ ਹੀ ਹਸਮੁਖ ਸੁਭਾਅ ਦਾ ਹੈ। ਬਹੁਤ ਹੀ ਰਲਾਉਟਾ ਹੈ। ਪਾਠ ਕਰਵਾਉਣ ਵਾਲੇ ਪਰਿਵਾਰਾਂ ਦੇ ਘਰ ਹੀ ਇਹ ਜੋੜਾ ਪਰਿਵਾਰ ਦੇ ਮੈਂਬਰ ਬਣ ਕੇ ਰਹਿੰਦੇ ਹਨ। ਕਈ ਸਾਲਾਂ ਤੋਂ ਇਸ ਜੋੜੇ ਦਾ ਇਹ ਪਾਠ ਕਰਨ ਦਾ ਸਿਲਸਿਲਾ ਚਲਦਾ ਆ ਰਿਹਾ ਹੈ। ਐਤਵਾਰ ਨੂੰ ਸਹਿਜ ਪਾਠ ਦਾ ਭੋਗ ਪਿਆ। ਜੋੜੀ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ।

ਮੈਂ ਇਕ ਹਫਤਾ ਬਲਜੀਤ ਹੋਰਾਂ ਦੇ ਪਰਿਵਾਰ ਕੋਲ ਰਿਹਾ। ਇਕ ਦਿਨ ਦਾ ਦੁਪਹਿਰਾ ਮੈਂ Crescent ਬੀਚ ਤੇ ਬਿਤਾਇਆ। ਇਹ ਸਰੀ ਦੀ ਬਹੁਤ ਹੀ ਲੁਭਾਉਣੀ ਬੀਚ ਹੈ। ਇਕ ਦੁਪਹਿਰ ਨੂੰ ਮੈਂ ਸਰੀ ਗੁਰੂਦਵਾਰੇ ਵਿਚ ਬਣੇ ਸੀਨੀਅਰ ਸਿਟੀਜ਼ਨ ਹੋਮ ਵਿਚ ਗਿਆ। ਉਥੇ ਬਾਬਿਆਂ ਦੇ 7/8 ਗਰੁੱਪ ਮੇਜ਼ਾਂ ਦੁਆਲੇ ਬੈਠੇ ਤਾਸ਼ ਖੇਡ ਰਹੇ ਸਨ। ਬਹੁਤੇ ਬਾਬਿਆਂ ਦੇ ਸੂਟ ਪਾਏ ਹੋਏ, ਟਾਈਆਂ ਲਾਈਆਂ ਹੋਈਆਂ, ਦਾਹੜੀਆਂ ਬੰਨ੍ਹੀਆਂ ਹੋਈਆਂ ਤੇ ਪੋਚਵੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਸੀਨੀਅਰ ਸਿਟੀਜ਼ਨ ਹੋਮ ਵਿਚ ਲਾਇਬ੍ਰੇਰੀ ਵੀ ਬਣੀ ਹੋਈ

ਹੈ। ਮੈਂ ਹੋਮ ਦੇ ਪ੍ਰੈਜੀਡੈਂਟ ਨੂੰ ਆਪਣੀਆਂ ਤਿੰਨ ਕਿਤਾਬਾਂ, "ਅਲੋਪ ਹੋ ਰਿਹਾ ਪੰਜਾਬੀ ਵਿਰਸਾ", "ਘੁੱਗੀਮਾਰ ਅਫਸਰ", ਤੇ "ਯਾਦਾਂ ਦਾ ਸੰਸਾਰ" ਦੇ ਕੇ ਆ ਗਿਆ।

ਇਕ ਸ਼ਾਮ ਨੂੰ ਮੈਂ ਕੁਲਵੰਤ ਸਿੰਘ (ਬਲਜੀਤ ਸਿੰਘ ਦਾ ਬਹਿਨੋਈ) ਨਾਲ ਅਕਾਲੀ ਸਿੱਖ ਸਿੰਘ ਗੁਰੂਦਵਾਰੇ ਵੈਨਕੋਵਰ ਵਿਚ ਉਨ੍ਹਾਂ ਦੇ ਇਕ ਰਿਸ਼ਤੇਦਾਰ ਦੇ ਇਕ ਨਵੇਂ ਵਿਆਹੇ ਜੋੜੇ ਦੀ ਪਹਿਲੀ ਵਿਆਹ ਵਰ੍ਹੇ ਗੰਢ ਵਿਚ ਸ਼ਾਮਲ ਹੋਇਆ। ਗੁਰੂਦਵਾਰੇ ਵਿਚ ਵਿਆਹ ਦੀ ਵਰ੍ਹੇ ਗੰਢ ਮਨਾਉਣਾ ਮੈਨੂੰ ਬਹੁਤ ਹੀ ਚੰਗਾ ਲੱਗਿਆ। ਸ਼ਰਾਬ ਕਬਾਬ ਤੋਂ ਮੁਕਤ ਵੈਸ਼ਨੂੰ ਵਰ੍ਹੇ ਗੰਢ। ਇਹ ਗੁਰੂਦਵਾਰਾ ਥੋੜੀ ਦੇਰ ਦਾ ਹੀ ਬਣਿਆ ਹੋਇਆ ਹੈ। ਬਹੁਤ ਹੀ ਸੋਹਣਾ ਹੈ। ਦੋ ਹਾਲ ਹਨ। ਇਕ ਵੱਡਾ ਹੈ। ਇਕ ਛੋਟਾ ਹੈ। ਦੋਹਾਂ ਹਾਲਾਂ ਵਿਚ ਹੀ ਸਮਾਗਮ ਹੋ ਰਹੇ ਸਨ। ਦੋਹਾਂ ਹਾਲਾਂ ਦੇ ਹੇਠਾਂ ਉਨ੍ਹੇ ਉਨ੍ਹੇ ਹੀ ਲੰਗਰ ਹਾਲ ਬਣੇ ਹੋਏ ਹਨ। ਲੰਗਰ ਬਹੁਤ ਸੋਹਣਾ ਬਣਿਆ ਹੋਇਆ ਸੀ। ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਵੀ ਸੀ। ਰੋਟੀ ਖਾਣ ਲਈ ਸਟੀਲ ਦੇ ਵੱਖ ਵੱਖ ਖਾਨਿਆਂ ਵਾਲੇ ਥਾਲ ਸਨ। ਲੰਗਰ ਛਕਣ ਲਈ ਕੁਰਸੀਆਂ ਮੇਜ਼ ਸਨ। ਅੱਜ ਗੁਰੂਦਵਾਰੇ ਸਾਰੀ ਦੁਨੀਆਂ ਵਿਚ ਸਿੱਖ ਕੌਮ ਦੀ ਇਕ ਨਵੇਕਲੀ ਪਛਾਣ ਬਣੇ ਹੋਏ ਹਨ।

ਹੁਣ ਮੈਂ ਤੁਹਾਨੂੰ ਸਰੀ ਸ਼ਹਿਰ ਦੀ ਥੋੜੀ ਜਿਹੀ ਝਲਕ ਵਿਖਾਉਂਦਾ ਹਾਂ। ਸਰੀ ਸ਼ਹਿਰ, ਵੈਨਕੋਵਰ ਸ਼ਹਿਰ ਦੇ ਨਾਲ ਜੁੜਵਾ ਸ਼ਹਿਰ ਹੈ। ਇਕ ਦੂਜੇ ਵਿਚ ਰਲਗੱਡ ਹੋਇਆ ਸਰੀ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਆਬਾਦੀ ਪੱਖੋਂ ਦੂਜਾ ਵੱਡਾ ਸ਼ਹਿਰ ਹੈ। ਪਹਿਲਾ ਵੱਡਾ ਸ਼ਹਿਰ ਵੈਨਕੋਵਰ ਹੈ। ਸਰੀ 317 ਵਰਗ ਕਿਲੋਮੀਟਰ ਘੇਰੇ ਵਿਚ ਵਸਿਆ ਹੋਇਆ ਹੈ। ਇਹ ਸ਼ਹਿਰ 18 ਵੀ ਸਦੀ ਦੇ ਅੱਧ ਤੋਂ ਵਸਣਾ ਸ਼ੁਰੂ ਹੋਇਆ। ਸਾਲ 1879 ਵਿਚ ਏਥੇ ਮਿਊਸਪਲਟੀ ਬਣੀ। ਸਾਲ 1980 ਤੇ 1990 ਦੇ ਦੌਰਾਨ ਏਥੇ ਸੰਸਾਰ ਦੇ ਵੱਖ ਵੱਖ ਦੇਸ਼ਾਂ, ਕੈਨੇਡਾ ਦੇ ਵੱਖ ਵੱਖ ਹਿੱਸਿਆਂ, ਵਿਸ਼ੇਸ਼ ਤੌਰ ਤੇ ਏਸ਼ੀਆ ਵਿਚੋਂ ਲੋਕ ਆ ਕੇ ਵਸੇ। ਜਿਸ ਕਰ ਕੇ ਹੀ ਸਾਲ 1993 ਵਿਚ ਸਰੀ ਨੂੰ ਸ਼ਹਿਰ (City) ਦੀ ਪਦਵੀ ਦਿੱਤੀ ਗਈ। ਜੂਨ 2006 ਵਿਚ ਸਰੀ ਦੀ ਆਬਾਦੀ 3 ਲੱਖ 95 ਹਜ਼ਾਰ ਸੀ। ਸਰੀ ਵਿਚ ਭਾਰਤੀਆਂ ਦੀ ਆਬਾਦੀ 22% ਹੈ। ਇਸ ਆਬਾਦੀ ਵਿਚੋਂ 19% ਆਬਾਦੀ ਸਿਰਫ ਸਿੱਖਾਂ ਦੀ ਹੈ। ਸਰੀ ਦੇ ਹਰ ਕੋਨੇ ਵਿਚੋਂ ਪੰਜਾਬੀ ਬਾਬੇ, ਬੇਬੀਆਂ, ਗੱਭਰੂ, ਮੁਟਿਆਰਾਂ ਤੇ ਬੱਚੇ ਤੁਹਾਨੂੰ ਜ਼ਰੂਰ ਨਿਕਲਦੇ ਮਿਲ ਜਾਣਗੇ। ਬੱਚਿਆਂ ਨੂੰ ਸਕੂਲ ਛੱਡਣ, ਸਕੂਲੋਂ ਲਿਆਉਣ ਦੀ ਡਿਊਟੀ ਤਾਂ ਵਿਸ਼ੇਸ਼ ਤੌਰ ਤੇ ਬਾਬੇ ਤੇ ਬੇਬੀਆਂ ਨਿਭਾਉਂਦੇ ਹਨ। ਸ਼ਾਮ ਨੂੰ ਬਾਬੇ ਵਿਸ਼ੇਸ਼ ਤੌਰ ਤੇ ਗੁਰੂਦਵਾਰਾ ਸਾਹਿਬ ਵੱਲ ਜਾਂਦੇ ਤੁਹਾਨੂੰ ਜ਼ਰੂਰ ਮਿਲ ਜਾਣਗੇ। ਸਰੀ ਵਿਚ ਕਈ ਬਾਜ਼ਾਰ ਤਾਂ ਸਿਰਫ ਭਾਰਤੀਆਂ/ਪੰਜਾਬੀਆਂ ਦੇ ਹੀ ਹਨ। ਸਰੀ ਵਿਚ ਬੋਲ ਬਾਲਾ ਪੰਜਾਬੀਆਂ ਦਾ ਹੀ ਹੈ।

Simon Fraser University ਦਾ ਕੈਂਪਸ ਸਰੀ ਵਿਚ ਹੈ। ਇਥੇ ਯੂਨੀਵਰਸਿਟੀ ਕਾਲਜ਼ ਹੈ। ਸਰੀ ਕਾਲਜ ਦੇ ਏਥੇ 5 ਕੈਂਪਸ ਹਨ। ਅਣਗਿਣਤ ਸਕੂਲ ਹਨ। ਸਰੀ ਹੀ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸਕੂਲ ਡਿਸ਼ਟ੍ਰਿਕਟ ਹੈ। ਏਥੇ ਕਈ ਪ੍ਰਾਈਵੇਟ ਸਕੂਲ ਹਨ। ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਇਕ ਖਾਲਸਾ ਸਕੂਲ ਵੀ ਹੈ। ਜਿਹੜਾ ਬਹੁਤ ਚੰਗੀ ਤਰ੍ਹਾਂ ਚੱਲ ਰਿਹਾ ਹੈ। ਸਰੀ ਵਿਚ ਦੋ ਪਬਲਿਕ ਲਾਇਬ੍ਰੇਰੀਆਂ ਹਨ, ਜਿਨ੍ਹਾਂ ਵਿਚ ਪੰਜਾਬੀ

ਦੇ ਸੈਕਸ਼ਨ ਹਨ। ਇਨ੍ਹਾਂ ਦੋਵਾਂ ਲਾਇਬ੍ਰੇਰੀਆਂ ਨੂੰ ਮੈਂ ਆਪਣੀਆਂ ਕਿਤਾਬਾਂ ਦਾ ਇਕ ਇਕ ਸੈਟ ਦੇ ਕੇ ਆਇਆ ਹਾਂ। ਸਰੀ ਨੂੰ ਪਾਰਕਾਂ ਦਾ ਸ਼ਹਿਰ (City of Parks) ਕਿਹਾ ਜਾਂਦਾ ਹੈ। ਏਥੇ 5400 ਏਕੜ ਥਾਂ ਵਿਚ ਪਾਰਕ, ਗੋਲਫ ਦੇ ਮੈਦਾਨ ਆਦਿ ਹਨ। ਸਰੀ ਨੂੰ ਕੈਨੇਡਾ ਦੀ ਗੋਲਫ ਦੀ ਰਾਜਧਾਨੀ (Golf Capital of Canada) ਵੀ ਕਿਹਾ ਜਾਂਦਾ ਹੈ। ਸਾਲ 2008 ਲਈ ਸਰੀ ਨੂੰ ਕੈਨੇਡਾ ਦੀ ਸਭਿਆਚਾਰਕ ਰਾਜਧਾਨੀ ਐਲਾਨਿਆਂ ਗਿਆ ਹੈ। ਹੁਣ ਸਰੀ ਦਾ ਆਦਰਸ਼ "The Future Lives Here" ਦਾ ਹੈ। ਸਰੀ ਏਰੀਏ ਦਾ ਚਾਰੇ ਪਾਸੇ ਵਿਕਾਸ ਹੋ ਰਿਹਾ ਹੈ।

ਸਰੀ ਵਿਚ Bear Creek Park Train 25 ਦਸੰਬਰ ਨੂੰ ਛੱਡ ਕੇ ਬਾਕੀ ਸਾਰੇ ਸਾਲ ਚਲਦੀ ਹੈ। ਇਹ ਬੱਚਿਆਂ ਦੇ ਮਨੋਰੰਜ਼ਨ ਲਈ ਚਲਾਈ ਜਾਂਦੀ ਹੈ। ਇਸ ਨੂੰ ਇਕ ਛੋਟਾ ਭਾਫ ਵਾਲਾ ਇੰਜਣ ਖਿੱਚਦਾ ਹੈ। ਇਸ ਦੀ ਰੇਲ ਪਟੜੀ ਸਿਰਫ 650 ਗਜ ਦੀ ਹੈ। ਇਹ 1990 ਵਿਚ ਬਣਾਈ ਗਈ ਸੀ। ਸਰੀ ਦੀ Crescent Beach ਜਿਸ ਨੂੰ ਪੰਜਾਬੀ ਵਿਚ ਦੂਜ ਦੇ ਚੰਦ ਵਰਗਾ ਸਮੁੰਦਰੀ ਕੰਢਾ ਕਿਹਾ ਜਾ ਸਕਦਾ ਹੈ, ਇਕ ਵੇਖਣ ਯੋਗ ਬੀਚ ਹੈ। ਘੁੰਮਣ ਲਈ ਬਹੁਤ ਹੀ ਸੁਹਾਵਣੀ ਕੰਢਾ ਕਿਹਾ ਜਾ ਸਕਦਾ ਹੈ। ਪਤੰਗਬਾਜ਼ੀ, ਤਰਨ ਲਈ ਇਕ ਬਹੁਤ ਹੀ ਵੱਧੀਆ ਥਾਂ ਹੈ। ਸਰੀ ਦਾ ਸਾਲਾਨਾ ਨਾਚ ਮੇਲਾ (Festival of Dance) ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਮੇਲਾ ਹੈ। ਏਸ ਮੇਲੇ ਵਿਚ ਕੋਈ 10 ਹਜ਼ਾਰ ਦੇ ਕਰੀਬ ਨਚਾਰ ਹਿੱਸਾ ਲੈਂਦੇ ਹਨ। ਇਹ ਮੇਲਾ ਮਹੀਨਾ ਭਰ ਚਲਦਾ ਹੈ।

ਸਰੀ ਦਾ ਸਾਲਾਨਾ ਵਸਾਖੀ ਨਗਰ ਕੀਰਤਨ ਸਿੱਖਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ। ਸਾਲ 2008 ਦੇ ਨਗਰ ਕੀਰਤਨ ਵਿਚ ਇਕ ਲੱਖ ਦੇ ਕਰੀਬ ਸਿੱਖ ਸੰਗਤਾਂ ਨੇ ਹਿੱਸਾ ਲਿਆ। ਵਸਾਖੀ ਵਾਲੇ ਦਿਨ ਨੂੰ ਖਾਲਸਾ ਪੰਥ ਦੀ ਸਿਰਜਨਾ ਦਾ ਦਿਨ ਕਰ ਕੇ ਮਨਾਇਆ ਜਾਂਦਾ ਹੈ। ਵਸਾਖੀ ਵਾਲੇ ਦਿਨ ਨਵਾਂ ਸਿੱਖ ਸਾਲ ਸ਼ੁਰੂ ਹੁੰਦਾ ਹੈ। ਨਗਰ ਕੀਰਤਨ ਵਿਚ ਖੁੱਲ੍ਹੇ ਲੰਗਰ ਚਲਾਏ ਜਾਂਦੇ ਹਨ। ਪੁਰਸ਼ਾਂ ਦੇ ਨੀਲੀਆਂ ਤੇ ਪੀਲੀਆਂ ਪੱਗਾਂ ਬੰਨ੍ਹੀਆਂ ਹੁੰਦੀਆਂ ਹਨ। ਬੀਬੀਆਂ ਨੇ ਨੀਲੀਆਂ ਤੇ ਪੀਲੀਆਂ ਚੁੰਨੀਆਂ/ਦੁਪੱਟੇ ਲਏ ਹੁੰਦੇ ਹਨ। ਚਿੱਟੇ ਸੂਟ, ਕੁੜਤੇ, ਪਾਜਾਮੇ ਤੇ ਪੈਂਟਾਂ ਪਹਿਨੀਆਂ ਹੁੰਦੀਆਂ ਹਨ। ਨਗਰ ਕੀਰਤਨ ਵਾਲੇ ਦਿਨ ਸਰੀ ਪੀਲੀ ਤੇ ਨੀਲੇ ਰੰਗ ਵਿਚ ਰੰਗੀ ਹੁੰਦੀ ਹੈ। ਸਰੀ ਵਿਚ ਕੈਨੇਡਾ ਦਾ ਪਹਿਲਾ ਕਬੱਡੀ ਸਟੇਡੀਅਮ ਬਣਿਆ ਹੋਇਆ ਹੈ। ਸਰੀ ਵਿਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਖੇਡਾਂ ਹੁੰਦੀਆਂ ਰਹਿੰਦੀਆਂ ਹਨ।

ਸਰੀ ਵਿਚ ਇਕ ਜੁਲਾਈ ਨੂੰ ਹਰ ਸਾਲ ਕੈਨੇਡਾ ਦਾ ਜਨਮ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸਾਰਾ ਦਿਨ ਕੋਈ ਨਾ ਕੋਈ ਸਰਗਰਮੀ ਚਲਦੀ ਰਹਿੰਦੀ ਹੈ। ਸ਼ਾਮ ਨੂੰ ਰੰਗਾ ਰੰਗ ਦੀ ਆਤਿਸਬਾਜ਼ੀ ਹੁੰਦੀ ਹੈ। ਸਰੀ ਵਿਚ ਹਰ ਸਾਲ ਬਲਿਊਬੇਰੀ ਦਾ ਮੇਲਾ ਮਨਾਇਆ ਜਾਂਦਾ ਹੈ। ਇਸ ਮੇਲੇ ਵਿਚ ਬਲਿਊਬੇਰੀ ਦੇ ਫਲ ਦੀਆਂ ਗੁਣਾਂ ਭਰਪੂਰ ਖੂਬੀਆਂ ਨੂੰ ਬਹੁਤ ਵਿਸਥਾਰ ਨਾਲ ਮੇਲੀਆਂ ਨੂੰ ਦੱਸਿਆ ਜਾਂਦਾ ਹੈ। ਗਰਮੀ ਤੋਂ ਬਚਨ ਲਈ ਬਲਿਊਬੇਰੀ ਖਾਣ ਦੀ ਸਿਫਾਰਸ ਵੀ ਕੀਤੀ ਜਾਂਦੀ ਹੈ।

ਸਰੀ ਦਾ Fusion Festival ਲਗਾਤਾਰ ਤਿੰਨ ਦਿਨ ਮਨਾਇਆ ਜਾਂਦਾ ਹੈ। ਇਸ ਮੇਲੇ ਵਿਚ ਸਰੀ ਸ਼ਹਿਰ ਵਿਚ ਰਹਿੰਦੇ ਵੱਖ ਵੱਖ ਕੌਮਾਂ ਦੇ ਸਭਿਆਚਾਰ ਤੇ ਵਿਰਸੇ ਨੂੰ ਇਕ

ਦੂਜੇ ਦੇ ਨੇੜੇ ਲਿਆਉਣ ਦਾ ਯਤਨ ਕੀਤਾ ਜਾਂਦਾ ਹੈ। ਸਰੀ ਦਾ Central City Tower ਇਕ ਵੇਖਣ ਯੋਗ ਬਿਲਡਿੰਗ ਹੈ। ਇਸ ਬਿਲਡਿੰਗ ਨੂੰ Bing Thom ਆਰਚੀਟੈਕਟ ਨੇ ਡੀਜ਼ਾਈਨ ਕੀਤਾ ਸੀ। ਸਰੀ ਦਾ ਅਜਾਇਬ ਘਰ ਵੀ ਵੇਖਣ ਯੋਗ ਹੈ। ਇਸ ਦੀਆਂ ਗੈਲਰੀਆਂ ਵਿਚ ਸਰੀ ਦਾ ਭੂਤ ਕਾਲ, ਵਰਤਮਾਨ ਕਾਲ ਤੇ ਭਵਿੱਖ ਕਾਲ ਵਿਖਾਇਆ ਗਿਆ ਹੈ। ਸਰੀ ਵਿਚ ਹੀ The peace Arch ਹੈ।

ਇਕ ਦਿਨ ਸਾਡਾ ਸਰੀ ਦੇ ਨੇੜੇ ਪੈਂਦੇ ਸ਼ਹਿਰ ਐਬੋਟਸਫੋਰਡ ਦਾ ਗੇੜਾ ਵੱਜਿਆ। ਇਹ ਵੀ ਬੀ. ਸੀ. ਸਟੇਟ ਦਾ ਸ਼ਹਿਰ ਹੈ। ਫਰੇਜਰ ਘਾਟੀ ਵਿਚ ਵਸਿਆ ਹੋਇਆ ਹੈ। ਬੀ. ਸੀ. ਸਟੇਟ ਦੀ ਪੰਜਵੀਂ ਵੱਡੀ ਮਿਊਸਪਲਟੀ ਹੈ। ਇਸ ਦੇ ਪੂਰਬ ਵਾਲੇ ਪਾਸੇ ਲੈਂਗਲੀ ਸ਼ਹਿਰ ਤੇ ਉੱਤਰ ਵਾਲੇ ਪਾਸੇ ਮਿਸ਼ਨ ਸ਼ਹਿਰ ਹੈ। ਇਕ ਪਾਸੇ ਚਿੱਲੀ ਵਾਕ ਸ਼ਹਿਰ ਹੈ। ਐਬੋਟਸਫੋਰਡ ਮਿਊਪਲਟੀ ਦੀ ਦੱਖਣ ਵਾਲੀ ਕੈਨੇਡਾ ਦੀ ਹੱਦ ਅਮਰੀਕਾ ਦੇ ਬਾਡਰ ਨਾਲ ਜਾ ਲੱਗਦੀ ਹੈ। ਅਮਰੀਕਾ ਦੀ ਸਟੇਟ ਵਾਸ਼ਿੰਗਟਨ ਦਾ ਸ਼ਹਿਰ ਸੁਮਸ ਐਬੋਟਸਫੋਰਡ ਸ਼ਹਿਰ ਦੇ ਨੇੜੇ ਪੈਂਦਾ ਹੈ। ਸਾਲ 2007 ਦੀ ਰੀਪੋਰਟ ਅਨੁਸਾਰ ਸ਼ਹਿਰ ਦੀ ਆਬਾਦੀ। ਲੱਖ 32 ਹਜ਼ਾਰ ਹੈ। ਇਸ ਵਿਚੋਂ 13.4% ਆਬਾਦੀ ਪੰਜਾਬੀਆਂ ਦੀ ਹੈ। ਕਈ ਏਰੀਏ ਤਾਂ ਪੰਜਾਬੀਆਂ ਦੀ ਆਬਾਦੀ ਦੇ ਗੜ੍ਹ ਹਨ। ਕੈਨੇਡਾ ਦਾ ਪਹਿਲਾ ਗੁਰੂਦਵਾਰਾ ਸਾਲ 1911 ਵਿਚ ਏਥੇ ਹੀ ਬਣਿਆ ਸੀ। ਇਹ ਨਾਰਥ ਅਮਰੀਕਾ ਦੇ ਪਹਿਲੇ ਗੁਰੂਦਵਾਰਿਆਂ ਵਿਚੋਂ ਇਕ ਹੈ।

ਇਸ ਗੁਰੂਦਵਾਰੇ ਲਈ ਜ਼ਮੀਨ ਅਤੇ ਗੁਰੂਦਵਾਰਾ ਬਣਾਉਣ ਲਈ ਲੱਕੜ ਐਬੋਟਸਫੋਰਡ ਲੰਬਰ ਕੰਪਨੀ ਨੇ ਮੁਫਤ ਦਿੱਤੀ ਸੀ। ਉਸ ਸਮੇਂ ਇਸ ਕੰਪਨੀ ਵਿਚ ਸਭ ਤੋਂ ਵੱਧ ਸਿੱਖ ਮਜ਼ਦੂਰ ਕੰਮ ਕਰਦੇ ਸਨ। ਇਹ ਗੁਰੂਦਵਾਰਾ ਸੁੰਦਰ ਸਿੰਘ ਨੇ ਬਣਾਉਣਾ ਸ਼ੁਰੂ ਕੀਤਾ ਸੀ, ਜਿਹੜਾ ਉਕਤ ਲੰਬਰ ਕੰਪਨੀ ਦਾ ਵਰਕਰ ਸੀ। ਗੁਰੂਦਵਾਰੇ ਦਾ ਪਹਿਲਾ ਗ੍ਰੰਥੀ ਨਿਰਮਲ ਸਿੰਘ ਵੀ ਏਸ ਕੰਪਨੀ ਦਾ ਵਰਕਰ ਸੀ। ਇਸ ਗੁਰੂਦਵਾਰੇ ਦੀ ਬਣਤਰ, ਪੱਛਮੀ ਢੰਗ ਦੀਆਂ ਬਿਲਡਿੰਗਾਂ ਦੀ ਤਰ੍ਹਾਂ ਹੈ। ਗੁਰੂਦਵਾਰਾ ਉੱਚੀ ਥਾਂ ਬਣਿਆ ਹੋਣ ਕਰਕੇ ਦੂਰੋਂ ਹੀ ਨਜ਼ਰ ਆਉਂਦਾ ਹੈ। ਉਸ ਸਮੇਂ ਜਿਹੜੇ ਪੰਜਾਬੀਆਂ ਨੂੰ ਰਹਿਣ ਲਈ ਕਿਤੇ ਥਾਂ ਨਹੀਂ ਮਿਲਦੀ ਸੀ, ਉਹ ਗੁਰੂਦਵਾਰੇ ਵਿਚ ਆ ਰਹਿੰਦੇ ਸਨ। ਏਥੇ ਹਮੇਸ਼ਾ ਲੰਗਰ ਚਲਦਾ ਰਹਿੰਦਾ ਸੀ। ਅੰਗਰੇਜ਼ੀ ਤੋਂ ਪਿਛੋਂ ਪੰਜਾਬੀ ਏਥੇ ਦੂਜੇ ਨੰਬਰ ਤੇ ਬੋਲੀ ਜਾਂਦੀ ਹੈ। 29% ਆਬਾਦੀ ਪੰਜਾਬੀ ਬੋਲਦੀ ਹੈ।

ਐਬੋਟਸਫੋਰਡ ਦਾ ਵਾਧਾ ਸਾਲ 1858 ਵਿਚ ਫਰੇਜ਼ਰ ਦਰਿਆ ਦੇ ਨਾਲ ਸੋਨੇ ਦੀ ਲੱਭਤ ਕਰ ਕੇ ਹੋਇਆ ਹੈ। ਕੈਨੇਡੀਅਨ ਪੈਸੀਫਿਕ ਰੇਲਵੇ ਤੇ ਬੀ. ਸੀ. ਇਲੈਕਟ੍ਰਿਕ ਰੇਲਵੇ ਦੇ ਆਉਣ ਤੇ ਸ਼ਹਿਰ ਦਾ ਤੇਜ਼ੀ ਨਾਲ ਵਿਕਾਸ ਹੋਣਾ ਸ਼ੁਰੂ ਹੋਇਆ। ਹੁਣ ਸ਼ਹਿਰ 27 ਕਿਲੋਮੀਟਰ ਘੇਰੇ ਵਿਚ ਵਸਿਆ ਹੋਇਆ ਹੈ। ਏਥੇ ਬੇਰੀ ਫਲ ਦੀਆਂ ਕਈ ਕਿਸਮਾਂ ਪੈਦਾ ਹੁੰਦੀਆਂ ਹਨ। ਖੇਤੀ ਬਾੜੀ ਏਥੋਂ ਦਾ ਮੁੱਖ ਧੰਦਾ ਹੈ। ਟਰਾਂਸਪੋਰਟੇਸ਼ਨ, ਮੈਨੂੰਫੈਕਚਰਿੰਗ, ਐਰੋਸਪੇਸ ਇੰਡਸਟਰੀ ਵੀ ਹੈ। ਫਰੇਜ਼ਰ ਵੈਲੀ ਯੂਨੀਵਰਸਿਟੀ ਹੈ। ਕਈ ਕਾਲਜ ਹਨ। ਟ੍ਰੇਨਿੰਗ ਸੈਂਟਰ ਹਨ। ਏਥੋਂ ਦੇ ਕਈ ਪਾਰਕ ਬਹੁਤ ਪ੍ਰਸਿੱਧ ਹਨ। ਇਨ੍ਹਾਂ ਪਾਰਕਾਂ ਵਿਚ ਐਗਜ਼ਿਬਿਸ਼ਨ ਪਾਰਕ, ਬੈਟਮੈਨ ਪਾਰਕ, ਐਲਡਰਗਰੋਵ ਲੇਕ ਰੀਜ਼ਨਲ ਪਾਰਕ, ਐਮ. ਐਸ. ਏ. ਅਰੀਕਾ ਪਾਰਕ ਆਦਿ ਮਸ਼ਹੂਰ ਹਨ।

# ਕਾਮਲੂਪਸ—ਕੈਨੇਡਾ ਦੀ ਟੂਰਨਾਮੈਂਟਾਂ ਦੀ ਰਾਜਧਾਨੀ

ਮੈਂ ਆਪਣੇ ਵੈਨਕੋਵਰ/ਸਰੀ ਦੇ ਦੂਜੇ ਟੂਰ ਸਮੇਂ ਮਈ 2008 ਵਿਚ ਕਾਮਲੂਪਸ ਗਿਆ। ਮੇਰੇ ਨਾਲ ਮੇਰਾ ਇਕ ਰਿਸ਼ਤੇਦਾਰ ਸੀ। ਅਸੀਂ ਸਰੀ ਤੋਂ ਸਵੇਰੇ 7 ਵਜੇ ਤਿਆਰ ਹੋ ਕੇ ਚਲ ਪਏ। ਕਾਰ ਮੇਰਾ ਰਿਸ਼ਤੇਦਾਰ ਚਲਾ ਰਿਹਾ ਸੀ। ਸਰੀ ਤੋਂ ਕਾਮਲੂਪਸ 355 ਕਿਲੋਮੀਟਰ ਪੈਂਦਾ ਹੈ। ਸਿੱਧਾ ਰਸਤਾ ਮੈਰਿਟ ਰਾਹੀਂ ਪੈਂਦਾ ਹੈ। ਮੈਰਿਟ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਸ਼ਹਿਰ ਹੈ। ਇਹ ਨਿਕੋਲਾ ਘਾਟੀ ਵਿਚ ਪੈਂਦਾ ਹੈ। ਦਰਿਆ ਨਿਕੋਲਾ ਤੇ ਦਰਿਆ ਕੋਲਡਵਾਟਰ ਦੇ ਸੰਗਮ ਤੇ ਵਸਿਆ ਹੋਇਆ ਹੈ। ਏਥੇ ਕਈ ਇਤਿਹਾਸਕ ਸਥਾਨ ਹਨ। 100 ਦੇ ਕਰੀਬ ਝੀਲਾਂ ਹਨ। ਮੈਰਿਟ ਨੂੰ ਕੈਨੇਡਾ ਕੰਟਰੀ ਮਿਊਜ਼ਿਕ ਕੈਪੀਟਲ ਕਿਹਾ ਜਾਂਦਾ ਹੈ। ਏਥੇ ਹਰ ਸਾਲ ਮਾਊਂਟੇਨ ਮਿਊਜ਼ਿਕ ਫੈਸਟੀਵਲ ਮਨਾਇਆ ਜਾਂਦਾ ਹੈ। ਇਸ ਮੇਲੇ ਨੂੰ 1 ਲੱਖ 20 ਹਜ਼ਾਰ ਤੋਂ ਉਪਰ ਲੋਕ ਵੇਖਦੇ ਹਨ। ਮੈਰਿਟ ਵਿਚ ਹੀ ਚਾਰ ਸੜਕਾਂ 5, 8, 5 ਏ ਤੇ 97 ਸੀ ਇਕ ਦੂਜੇ ਨੂੰ ਕੱਟਦੀਆਂ ਹਨ। ਮੈਰਿਟ ਦੀ ਆਮਦਨ ਦੇ ਮੁੱਖ ਸਾਧਨ ਜੰਗਲ, ਸੈਰ ਸਪਾਟਾ ਤੇ ਫਾਰਮਿੰਗ ਹਨ। ਅਸੀਂ ਮੈਰਿਟ ਦੇ ਪਟਰੋਲ ਪੰਪ ਤੋਂ ਪਟਰੋਲ ਪਵਾਇਆ। ਕਾਫੀ ਪੀਤੀ। ਫਿਰ 12 ਵਜੇ ਤੋਂ ਪਹਿਲਾਂ ਅਸੀਂ ਕਾਮਲੂਪਸ ਪਹੁੰਚ ਗਏ।

ਅਸੀਂ ਪਹਿਲਾ ਕਾਮਲੂਪਸ ਦਾ Secwepemc ਅਜਾਇਬ ਘਰ ਵੇਖਣ ਗਏ। ਇਸ ਅਜਾਇਬ ਘਰ ਵਿਚ Suswap ਲੋਕਾਂ ਦਾ 2 ਹਜ਼ਾਰ ਸਾਲ ਪੁਰਾਣਾ ਇਤਿਹਾਸ ਰੱਖਿਆ ਹੋਇਆ ਹੈ। ਇਹ ਅਜਾਇਬ ਘਰ ਵੇਖਣ ਤੋਂ ਪਿਛੋਂ ਫਿਰ ਅਸੀਂ ਵਾਇਲਡ ਲਾਈਫ ਪਾਰਕ ਵੇਖਿਆ। ਉਸ ਤੋਂ ਪਿਛੋਂ ਹੈਰੀਟੇਜ਼ ਰੇਲਵੇ ਵੇਖੀ। ਇਹ ਭਾਫ ਨਾਲ ਚੱਲਣ ਵਾਲੇ ਇੰਜਣ ਨਾਲ ਚਲਦੀ ਹੈ। ਸ਼ਾਮ ਨੂੰ ਅਸੀਂ ਸਰੀ ਵਿਚ ਇਕ ਪਾਰਟੀ ਵਿਚ ਜਾਣਾ ਸੀ, ਏਸ ਲਈ ਕਾਮਲੂਪਸ ਤੋਂ ਸਾਨੂੰ ਛੇਤੀ ਵਾਪਸ ਮੁੜਨਾ ਪਿਆ।

ਕਾਮਲੂਪਸ ਵੀ ਬੀ. ਸੀ. ਸਟੇਟ ਦਾ ਇਕ ਸ਼ਹਿਰ ਹੈ। ਇਹ ਸ਼ਹਿਰ ਕਾਮਲੂਪਸ ਝੀਲ ਦੇ ਨੇੜੇ, ਜਿਥੇ ਥਾਮਸਨ ਦਰਿਆ ਦੇ ਦੋ ਭਾਗਾਂ ਦਾ ਸੰਗਮ ਹੁੰਦਾ ਹੈ, ਉਥੇ ਵਸਿਆ ਹੋਇਆ ਹੈ। ਕਾਮਲੂਪਸ ਨੂੰ ਕੈਨੇਡਾ ਦੇ ਟੂਰਨਾਮੈਂਟਾਂ ਦੀ ਰਾਜਧਾਨੀ (Tournament Capital of Canada) ਕਿਹਾ ਜਾਂਦਾ ਹੈ। ਸਾਲ 2006 ਵਿਚ ਸ਼ਹਿਰ ਦੀ ਆਬਾਦੀ 93 ਹਜ਼ਾਰ ਸੀ।

ਯੂਰਪੀਅਨ ਖੋਜ਼ੀ 1811 ਵਿਚ ਏਥੇ ਆਏ। ਉਨ੍ਹਾਂ ਨੇ ਕਾਮਲੂਪਸ ਵਿਚ ਪਸ਼ਮ (Fur) ਦੇ ਵਪਾਰ ਦਾ ਕੇਂਦਰ ਸਥਾਪਤ ਕੀਤਾ। ਸਾਲ 1880 ਵਿਚ ਕੈਨੇਡੀਅਨ ਪੈਸੀਫਿਕ ਰੇਲਵੇ ਏਥੇ ਆਉਣ ਕਰਕੇ ਆਬਾਦੀ ਵਿਚ ਵਾਧਾ ਹੋਣ ਲੱਗਿਆ। ਫੇਰ ਵੱਖ-ਵੱਖ ਕਿਸਮ ਦੇ ਕਾਰਖਾਨੇ ਲੱਗਣ ਕਾਰਨ ਸ਼ਹਿਰ ਦੀ ਆਬਾਦੀ ਹੋਰ ਵਧੀ।

ਸਾਲ 1993 ਤੇ ਸਾਲ 2006 ਵਿਚ ਕਾਮਲੂਪਸ ਵਿਚ ਕੈਨੇਡਾ ਦੀਆਂ ਗਰਮੀ ਦੀਆਂ ਖੇਡਾਂ ਹੋਈਆਂ ਸਨ। ਸਾਲ 2006 ਵਿਚ ਹੀ 20 ਸਾਲ ਤੋਂ ਘੱਟ ਉਮਰ ਦੀਆਂ ਸੰਸਾਰ ਦੀ ਹਾਕੀ ਚੈਂਪੀਅਨਸ਼ਿੱਪ ਦੇ ਕੁਝ ਮੈਚ ਏਥੇ ਹੋਏ ਸਨ। ਏਥੋਂ ਦੀ ਸਕੀਇੰਗ ਬਹੁਤ ਮਸ਼ਹੂਰ ਹੈ। ਕਾਮਲੂਪਸ ਬਾਈਸਾਈਕਲ ਚਲਾਉਣ ਵਾਲੇ ਰਸ਼ਤਿਆਂ ਕਰ ਕੇ ਵੀ ਬਹੁਤ ਪ੍ਰਸਿੱਧ ਹੈ। ਏਥੇ ਹਾਈਕਿੰਗ, ਹਾਰਸਬੈਕ ਰਾਈਡਿੰਗ, ਕਨੋਇੰਗ ਤੇ ਰੈਫਟਿੰਗ ਵੀ ਹੁੰਦੀ ਹੈ। ਏਥੇ ਘਰੇਲੂ ਹਵਾਈ ਅੱਡਾ ਹੈ। ਛੋਟਾ ਜਿਹਾ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਹੈ, ਜਿਥੋਂ ਕੁਝ ਗਿਣਤੀ ਦੀਆਂ ਉਡਾਨਾਂ ਹੀ ਚਲਦੀਆਂ ਹਨ। ਏਥੇ ਥਾਮਸ਼ਨ ਰਿਵਰਜ਼ ਯੂਨੀਵਰਸਿਟੀ ਤੇ ਸਿੱਮਨ ਫਰੇਜ਼ਰ ਯੂਨੀਵਰਸਿਟੀ ਹੈ। ਕਈ ਕਾਲਜ਼ ਹਨ।

ਏਥੋਂ ਦੀਆਂ ਆਰਟ ਗੈਲਰੀਆਂ ਵੀ ਵੇਖਣ ਯੋਗ ਹਨ। ਇਨ੍ਹਾਂ ਵਿਚ ਸੰਸਾਰ ਪ੍ਰਸਿਧ ਆਰਟਿਸਟਾਂ ਦੀਆਂ ਪੇਟਿੰਗਾਂ ਤੇ ਬੁੱਤ ਪਏ ਹਨ। ਕਾਮਲੂਪਸ ਦੀ ਮੱਛੀਆਂ ਫੜ੍ਹਣ ਲਈ ਆਪਣੀ ਮਸ਼ਹੂਰੀ ਹੈ। ਏਥੋਂ ਦੀਆਂ ਝੀਲਾਂ ਵਿਚ ਪ੍ਰਵਾਸੀ ਪੰਛੀ ਵੀ ਆਉਂਦੇ ਹਨ। ਇਨ੍ਹਾਂ ਪ੍ਰਵਾਸੀ ਪੰਛੀਆਂ ਨੂੰ ਵੇਖਣ ਲਈ ਦੂਰ ਦੂਰ ਤੋਂ ਟੂਰਿਸ਼ਟ ਆਉਂਦੇ ਹਨ। ਏਥੋਂ ਦੀਆਂ ਲਾਲ ਕਾਟੂਆਂ ਵੀ ਵੇਖਣ ਯੋਗ ਹਨ। ਇਹ ਸਾਰੇ ਪੰਛੀ ਏਥੋਂ ਦੀ ਜੰਗਲੀ ਰੱਖ ਵਿਚ ਮਿਲਦੇ ਹਨ। ਕਾਮਲੂਪਸ ਦਾ ਮਾਰਚ ਮਹੀਨੇ ਵਿਚ ਲੱਗਣ ਵਾਲਾ Cowboy ਮੇਲਾ ਬਹੁਤ ਪ੍ਰਸਿੱਧ ਹੈ। ਸਤੰਬਰ ਮਹੀਨੇ ਵਿਚ ਏਥੇ ਸੂਬੇ ਦਾ ਸਰਦੀ ਦਾ ਮੇਲਾ ਲੱਗਦਾ ਹੈ।

# ਕੈਲਗਰੀ—ਰੈੱਸਲਿੰਗ ਕੈਪੀਟਲ ਆਫ ਵਰਲਡ

5 ਜੂਨ 2008 ਨੂੰ ਗੁਰਤੇਜ਼ ਸਿੰਘ ਮੈਨੂੰ ਐਡਮਿੰਟਨ ਤੋਂ ਕੈਲਗਰੀ ਦੀ ਸੈਰ ਕਰਾਉਣ ਲੈ ਗਿਆ। ਅਸੀਂ ਬਰੇਕਫਾਸਟ ਕਰ ਕੇ 9 ਵਜੇ ਚੱਲ ਪਏ। ਕੈਲਗਰੀ ਦੀ ਐਡਮਿੰਟਨ ਤੋਂ 298 ਕਿਲੋਮੀਟਰ ਦੀ ਦੂਰੀ ਹੈ। 12 ਵਜੇ ਤੋਂ ਬਾਅਦ ਅਸੀਂ ਕੈਲਗਰੀ ਪਹੁੰਚ ਗਏ। ਪਹਿਲਾਂ ਕੈਲਗਰੀ ਟਾਵਰ ਵੇਖਣ ਲਈ ਡਾਊਨ ਟਾਊਨ ਪਹੁੰਚੇ। ਛੱਤ ਵਾਲੀ ਸਾਰੀ ਪਾਰਕਿੰਗ ਘੁੰਮਣ ਤੇ ਵੀ ਕਾਰ ਪਾਰਕ ਕਰਨ ਲਈ ਕੋਈ ਥਾਂ ਨਾ ਮਿਲੀ। ਹਾਨੀਸਾਰ ਨੂੰ ਕਾਰ ਨੂੰ ਖੁੱਲ੍ਹੇ ਅਸਮਾਨ ਦੀ ਛੱਤ ਹੇਠ ਪਾਰਕਿੰਗ ਦੀ ਸਿਖਰਲੀ ਖੁਲ੍ਹੀ ਛੱਤ ਉਪਰ ਪਾਰਕ ਕੀਤਾ। ਟਿਕਟਾਂ ਲੈਣ ਲਈ ਹੇਠਲੀ ਮੰਜ਼ਲ ਤੇ ਆਏ। ਟਿਕਟਾਂ ਲਈਆਂ। ਲਿਫਟ ਵਿਚ ਸਵਾਰ ਹੋ ਗਏ। ਸਾਡੇ ਨਾਲ ਚਾਰ ਟੂਰਿਸ਼ਟ ਹੋਰ ਵੀ ਸਨ। ਗੋਲੀ ਦੀ ਸਪੀਡ ਦੀ ਤਰ੍ਹਾਂ ਲਿਫਟ ਸਿਖਰਲੀ ਮੰਜ਼ਲ ਤੇ ਜਾ ਕੇ ਹੀ ਰੁਕੀ। ਅਸੀਂ ਉਪਰਲੀ ਮੰਜ਼ਲ ਦੇ ਉੱਤਰ ਵਾਲੇ ਪਾਸੇ ਬਣੇ ਨਿਰੀਖਣ ਡੈਕ ਤੇ ਖੜ੍ਹ ਕੇ ਸ਼ਹਿਰ ਦਾ ਤੇ ਪਹਾੜੀਆਂ ਦਾ ਪੂਰਾ ਨਜ਼ਾਰਾ ਵੇਖਿਆ। ਮੈਨੂੰ ਸ਼ੀਸ਼ੇ ਦੇ ਡੈਕ ਤੇ ਖੜ੍ਹੇ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਹਵਾ ਵਿਚ ਖੜ੍ਹਾ ਹੋਵਾਂ।

ਟਾਵਰ ਉਪਰ ਘੁੰਮਦਾ ਰੈਸਟੋਰੈਂਟ ਬਣਿਆ ਹੋਇਆ ਹੈ ਜਿਸ ਕਰ ਕੇ ਖਾਣਾ ਖਾਣ ਵਾਲੇ ਗਾਹਕ ਕੈਲਗਰੀ ਦੇ ਦ੍ਰਿਸ਼ ਵੇਖ ਸਕਦੇ ਹਨ। ਇਹ ਟਾਵਰ 626 ਫੁੱਟ ਉੱਚਾ ਹੈ। ਇਸ ਨੂੰ ਬਣਾਉਣ ਤੇ 35 ਲੱਖ ਡਾਲਰ ਖਰਚੇ ਆਏ ਸਨ। 30 ਜੂਨ 1968 ਨੂੰ ਟਾਵਰ ਚਾਲੂ ਕੀਤਾ ਗਿਆ। ਉਸ ਸਮੇਂ ਇਹ ਟਾਵਰ ਕੈਨੇਡਾ ਦਾ ਸਭ ਤੋਂ ਉੱਚਾ ਟਾਵਰ ਸੀ। ਉਸ ਤੋਂ ਪਿਛੋਂ ਟਰਾਂਟੋ ਡੋਮੀਨੀਅਮ ਸੈਂਟਰ ਏਸ ਤੋਂ ਉੱਚਾ ਬਣ ਗਿਆ। ਸਾਲ 1988 ਵਿਚ ਟਾਵਰ ਦੀ ਸਿਖਰ ਤੇ ਗੈਸ ਨਾਲ ਚੱਲਣ ਵਾਲੀ ਕੜਾਹੀ (Cauldron) ਬਣਾਈ ਗਈ। ਇਸ ਵਿਚ ਸਾਲ 1988 ਦੀਆਂ ਸਰਦੀ ਦੀ ਰੁੱਤ ਦੀਆਂ ਓਲੰਪਿਕ ਖੇਡਾਂ ਸਮੇਂ ਅੱਗ ਮੱਚਦੀ ਰਹੀ। ਹੁਣ ਇਸ ਵਿਚ ਕੈਲਗਰੀ ਵਿਚ ਹੋਣ ਵਾਲੇ ਸਪੈਸ਼ਲ ਸਮਾਗਮਾਂ ਸਮੇਂ ਅੱਗ ਮਚਾਈ ਜਾਂਦੀ ਹੈ। ਜੁਲਾਈ 2006 ਤੋਂ ਟਾਵਰ ਦੀ ਹੇਠਲੀ ਮੰਜ਼ਲ ਵਿਚ ਕੈਲਗਰੀ ਦਾ ਸੈਰ ਸਪਾਟੇ ਦਾ ਸੂਚਨਾ ਕੇਂਦਰ ਬਣਿਆ ਹੋਇਆ ਹੈ।

ਟਾਵਰ ਤੋਂ ਬਾਅਦ ਅਸੀਂ ਚਾਈਨਾ ਟਾਊਨ ਵੇਖਣ ਗਏ। ਕੈਨੇਡਾ ਵਿਚ ਚੀਨੀਆਂ ਦਾ ਇਹ ਸਭ ਤੋਂ ਵੱਡਾ ਟਾਊਨ ਹੈ। ਇਸ ਵਿਚ ਚੀਨੀ ਹੋਟਲ, ਰੈਸਟੋਰੈਂਟ, ਬੇਕਰੀਆਂ, ਗਰੋਸਰੀ ਸਟੋਰ, ਬੌਟੀਕਾਂ ਹਨ। ਇਹ ਚੀਨੀ ਸਭਿਆਚਾਰ ਦਾ ਕੇਂਦਰ ਹੈ। ਏਥੇ ਹੀ ਕੈਲਗਰੀ

ਚਾਈਨੀਜ਼ ਕਲਚਰਲ ਸੈਂਟਰ ਬਣਿਆ ਹੋਇਆ ਹੈ। ਏਸ ਸੈਂਟਰ ਦਾ ਕੇਂਦਰੀ ਗੁੰਬਦ ਬੀਜਿੰਗ ਦੇ ਟੈਂਪਲ ਆਫ ਹੈਵਨ ਦੇ ਗੁੰਬਦ ਦੀ ਤਰ੍ਹਾਂ ਬਣਾਇਆ ਹੋਇਆ ਹੈ।

ਉਸ ਤੋਂ ਪਿਛੋਂ ਅਸੀਂ ਚਿੜੀਆ ਘਰ ਵੇਖਣ ਗਏ। ਇਹ ਡਾਊਨ ਟਾਊਨ ਦੇ ਨੇੜੇ ਬੋਅ ਦਰਿਆ ਦੇ ਕੰਢੇ ਤੇ ਬਣਿਆ ਹੋਇਆ ਹੈ। ਅਸੀਂ ਪਾਰਕਿੰਗ ਵਿਚ ਗੱਡੀ ਖੜੀ ਕਰਕੇ ਜੂ ਅੰਦਰ ਨਵੇਂ ਬਣ ਰਹੇ ਉਤਰ ਵਾਲੇ ਪ੍ਰਵੇਸ਼ ਦੁਆਰਾ ਰਾਹੀਂ ਪ੍ਰਵੇਸ਼ ਕੀਤਾ। ਜਦ ਇਹ ਪ੍ਰਵੇਸ਼ ਦੁਆਰਾ ਮੁਕੰਮਲ ਹੋ ਗਿਆ ਤਾਂ 3 ਹਜ਼ਾਰ ਟੂਰਿਸ਼ਟ ਇਕ ਘੰਟੇ ਵਿਚ ਇਸ ਪ੍ਰਵੇਸ਼ ਦੁਆਰਾ ਰਾਹੀਂ ਪ੍ਰਵੇਸ਼ ਕਰ ਸਕਿਆ ਕਰਨਗੇ। ਇਸ ਚਿੜੀਆ ਘਰ ਦੇ 80 ਹਜ਼ਾਰ ਮੈਂਬਰ ਹਨ। ਚਿੜੀਆ ਘਰ ਨੂੰ ਸਾਲ 2007 ਵਿਚ 11 ਲੱਖ 70 ਹਜ਼ਾਰ ਟੂਰਿਸ਼ਟਾਂ ਨੇ ਵੇਖਿਆ ਹੈ। ਸਾਲ 2007 ਦੇ ਇਕ ਦਿਨ ਤਾਂ ਚਿੜੀਆ ਘਰ ਨੂੰ ਵੇਖਣ ਵਾਲਿਆਂ ਦੀ ਗਿਣਤੀ 10 ਹਜ਼ਾਰ ਤੋਂ ਉਪਰ ਸੀ। ਇਹ ਇਕ ਦਿਨ ਦਾ ਇਕ ਰੀਕਾਰਡ ਹੈ। ਕੈਲਗਰੀ ਦੀ ਇਹ ਜੂ ਕੈਨੇਡਾ ਦੀ ਦੂਜੀ ਬੜੀ ਜੂ ਹੈ। ਇਸ ਵਿਚ ਇਕ ਹਜ਼ਾਰ ਤੋਂ ਉਪਰ ਜੀਵ ਹਨ।

ਅਸੀਂ ਅੰਦਰ ਜਾ ਕੇ ਟਿਕਟ ਖਰੀਦੀ ਤੇ ਜੂ ਇਕ ਪਾਸੇ ਤੋਂ ਵੇਖਣੀ ਸ਼ੁਰੂ ਕੀਤੀ। ਜੂ ਵਿਚ ਸ਼ੇਰ, ਬੱਬਰ ਸ਼ੇਰ, ਜ਼ੀਰਾਫ, ਹਾਥੀ, ਰਿੱਛ, ਜੰਗਲੀ ਸੂਰ, ਅਫਰੀਕੀ ਸਮੁੰਦਰੀ ਗਾਵਾਂ, ਬਾਰਾ ਸਿੰਗੇ, ਪਹਾੜੀ ਬੱਕਰੀਆਂ, ਭੇਡਾਂ, ਲੂਬੜੀ, ਕੰਗਾਰੂ, ਹਿਪੋ, ਤੋਤੇ, ਡੱਡੂ, ਅਨੇਕ ਰੰਗ ਦੀਆਂ ਮੱਛੀਆਂ, ਤਿੱਤਲੀਆਂ, ਬਾਂਦਰ, ਹਿਰਨ, ਲੰਗੂਰ, ਅਫਰੀਕਾ ਤੇ ਆਸਟ੍ਰੇਲੀਆ ਦੇ ਬਹੁਤ ਕਿਸਮ ਦੇ ਜੀਵ ਵੇਖੇ। ਸਾਲ 2008 ਨੂੰ ਡੱਡੂ ਸਾਲ ਕਰ ਕੇ ਮਨਾਇਆ ਜਾ ਰਿਹਾ ਹੈ ਤਾਂ ਜੋ ਡੱਡੂਆਂ ਦੀ ਖਤਮ ਹੋ ਰਹੀ ਨਸਲ ਨੂੰ ਬਚਾਉਣ ਲਈ ਲੋਕਾਂ ਨੂੰ ਜਾਗਰੂਪ ਕੀਤਾ ਜਾ ਸਕੇ। ਜੂ ਵਿਚ ਬਨਸਪਤੀ ਦਾ ਬਾਗ ਹੈ। ਤਿੱਤਲੀਆਂ ਦਾ ਬਾਗ ਵੀ ਹੈ। ਏਥੇ ਡਾਇਨੋਸ਼ੋਰ ਦੇ 22 ਬੁੱਤ ਵੀ ਬਣਾ ਕੇ ਰੱਖੇ ਹੋਏ ਹਨ। ਇਹ ਸਾਰੇ ਜਾਨਵਰ ਚਿੜੀਆ ਘਰ ਵਿਚ ਉਸੇ ਮਾਹੌਲ ਵਿਚ ਰੱਖੇ ਹੋਏ ਹਨ ਜਿਸ ਤਰ੍ਹਾਂ ਦੇ ਕੁਦਰਤੀ ਮਾਹੌਲ ਵਿਚੋਂ ਇਨ੍ਹਾਂ ਜਾਨਵਰਾਂ ਨੂੰ ਲਿਆਦਾ ਗਿਆ ਹੈ। ਚਿੜੀਆਂ ਘਰ ਵਿਚ ਕਈ ਥਾਂ ਖਾਣ-ਪੀਣ ਦੇ ਹੋਟਲ ਹਨ। ਅਸੀਂ ਚਿੜੀਆ ਘਰ ਵਿਚ ਦੋ ਘੰਟੇ ਦਾ ਸਮਾਂ ਬਿਤਾਇਆ।

ਹੁਣ ਕੁਝ ਮੁੱਖ ਜਾਣਕਾਰੀ ਕੈਲਗਰੀ ਬਾਰੇ ਦਿੰਦਾ ਹੈ। ਕੈਲਗਰੀ ਅਲਬਰਟਾ ਸਟੇਟ ਦਾ ਸਭ ਤੋਂ ਵੱਡਾ ਸ਼ਹਿਰ ਹੈ। ਕੈਨੇਡਾ ਦੀ ਤੀਜੇ ਨੰਬਰ ਤੇ ਬੜੀ ਮਿਊਸਪਲਟੀ ਹੈ। ਸਾਲ 2007 ਦੀ ਰੀਪੋਰਟ ਅਨੁਸਾਰ ਕੈਲਗਰੀ ਦੀ ਆਬਾਦੀ 10 ਲੱਖ 20 ਹਜ਼ਾਰ ਹੈ। ਕੈਨੇਡਾ ਦਾ ਸਭ ਤੋਂ ਵੱਧ ਤੇਜ਼ੀ ਨਾਲ ਵਧ ਰਿਹਾ ਸ਼ਹਿਰ ਹੈ। ਇਹ 726 ਵਰਗ ਕਿਲੋਮੀਟਰ ਘੇਰੇ ਵਿਚ ਵਸਿਆ ਹੋਇਆ ਹੈ। ਇਸ ਦਾ ਏਰੀਆ ਟਰਾਂਟੋ ਨਾਲੋਂ ਵੀ ਵੱਧ ਹੈ। ਵੈਨਕੋਵਰ ਤੇ ਟਰਾਂਟੋ ਦੇ ਵੱਡੇ ਸ਼ਹਿਰਾਂ ਦੇ ਵਿਚਕਾਰ ਕੈਲਗਰੀ ਇਕ ਵੱਡਾ ਸ਼ਹਿਰ ਹੈ। ਕੈਲਗਰੀ ਦੇ ਆਰਥਿਕ ਵਿਕਾਸ ਦੀ ਜ਼ਿਆਦਾ ਨਿਰਭਰਤਾ ਪਟਰੋਲ ਦੇ ਪਦਾਰਥਾਂ ਕਰਕੇ ਹੈ। ਖੇਤੀ ਬਾੜੀ ਤੇ ਸੈਰ ਸਪਾਟਾ ਵੀ ਆਮਦਨ ਦੇ ਕਾਫੀ ਵੱਡੇ ਸਾਧਨ ਹਨ। ਹਰ ਸਾਲ 31 ਲੱਖ ਟੂਰਿਸ਼ਟ/ਲੋਕ ਏਥੇ ਵੱਖ ਮੇਲਿਆਂ ਤੇ ਫੰਕਸ਼ਨਾਂ ਸਮੇਂ ਫੇਰਾ ਪਾਉਂਦੇ ਹਨ।

ਸਾਲ 1873 ਵਿਚ ਏਥੇ ਯੂਰਪੀਅਨ ਆਏ। ਸਾਲ 1883 ਵਿਚ ਕੈਲਗਰੀ ਵਿਚ ਕੈਨੇਡੀਅਨ ਪੈਸੀਫਿਕ ਰੇਲਵੇ ਪਹੁੰਚੀ। ਕੈਲਗਰੀ ਰੇਲਵੇ ਸਟੇਸ਼ਨ ਬਣਿਆ। ਉਸ ਤੋਂ ਪਿਛੋਂ ਹੀ ਕੈਲਗਰੀ ਇਕ ਵਪਾਰਕ ਤੇ ਖੇਤੀਬਾੜੀ ਕੇਂਦਰ ਬਣਨਾ ਸ਼ੁਰੂ ਹੋਇਆ। ਹੁਣ ਤਾਂ

ਕੈਨੇਡੀਅਨ ਪੈਸੀਫਿਕ ਰੇਲਵੇ ਦਾ ਕੈਲਗਰੀ ਕੇਂਦਰ ਸਥਾਨ ਬਣ ਗਿਆ ਹੈ। ਸਾਲ 1884 ਵਿਚ ਕੈਲਗਰੀ ਵੱਧਕੇ ਕਸਬਾ ਬਣ ਗਿਆ ਤੇ 1894 ਵਿਚ ਸ਼ਹਿਰ ਬਣ ਗਿਆ। ਤੇਲ ਦੀ ਲੱਭਤ ਨੇ ਆਬਾਦੀ ਵਿਚ ਧੜਾ ਧੜ ਵਾਧਾ ਕੀਤਾ। ਸਭ ਤੋਂ ਜ਼ਿਆਦਾ ਰੁਜ਼ਗਾਰ ਵੀ ਤੇਲ ਇੰਡਸਟਰੀ ਵਿਚ ਹੈ। ਏਥੇ ਬਹੁ-ਮੰਜ਼ਲੀਆਂ ਬਿਲਡਿੰਗਾਂ ਬਣੀਆਂ। ਸਾਲ 2007 ਦੀ ਇਕ ਸਰਵੇ ਰੀਪੋਰਟ ਅਨੁਸਾਰ ਕੈਲਗਰੀ ਦੁਨੀਆਂ ਦੇ ਸਾਫ ਸੁਥਰੇ ਸ਼ਹਿਰਾਂ ਵਿਚੋਂ ਇਕ ਹੈ। ਕੈਲਗਰੀ ਵਿਚ ਬੋਅ ਤੇ ਐਲਬੋਅ ਦਰਿਆ ਵੱਗਦੇ ਹਨ।

ਕੈਲਗਰੀ ਨੂੰ ਰੈੱਸਲਿੰਗ ਕੈਪੀਟਲ ਆਫ ਵਰਲਡ, ਸਟੈਮਪੀਡ ਸਿਟੀ, ਗੇਟਵੇਅ ਟੂ ਰਾਕੀਜ਼, ਹਰਟ ਆਫ ਨਿਊਵੈਸਟ ਤੇ ਕਾਓਟਾਊਨ ਵੀ ਕਿਹਾ ਜਾਂਦਾ ਹੈ। ਏਥੇ ਸੂਚਨਾ ਵਿਗਿਆਨ, ਸੰਚਾਰ, ਖੇਤੀਬਾੜੀ ਤੇ ਸੈਰ ਸਪਾਟਾ ਵੀ ਵੱਡੀ ਇੰਡਸਟਰੀ ਹੈ। ਵੈਨਕੋਵਰ ਤੇ ਟਰਾਂਟੋ ਤੋਂ ਪਿਛੋਂ ਸਭ ਤੋਂ ਜ਼ਿਆਦਾ ਕੌਮਾਂ ਦੇ ਘੱਟ ਗਿਣਤੀ ਦੇ ਵਸਨੀਕ ਕੈਲਗਰੀ ਵਿਚ ਰਹਿੰਦੇ ਹਨ। ਏਥੇ ਸਭ ਤੋਂ ਜ਼ਿਆਦਾ ਰਸਤੇ, ਰਾਹ ਤੁਰਨ ਤੇ ਸੈਰ ਲਈ ਪੰਗਡੰਡੀਆਂ ਹਨ। ਇਨ੍ਹਾਂ ਦੀ ਦੂਰੀ 600 ਕਿਲੋਮੀਟਰ ਦੀ ਬਣਦੀ ਹੈ। ਏਥੇ 21 ਹਜ਼ਾਰ ਏਕੜ ਵਿਚ ਪਾਰਕ ਤੇ ਖੁਲ੍ਹੀਆਂ ਥਾਵਾਂ ਹਨ। ਬਹੁਤ ਸਾਰੀਆਂ ਕੰਪਨੀਆਂ ਦੇ ਏਥੇ ਹੈਡ ਆਫਸ ਹਨ। ਕੈਲਗਰੀ ਵਿਚ ਸੰਸਾਰ ਦੇ ਕਈ ਚੋਟੀ ਦੇ ਪਹਿਲਵਾਨ ਹੋਏ ਹਨ। ਬਹੁਤ ਸਾਰੇ ਪਹਿਲਵਾਨਾਂ ਨੇ ਏਥੋਂ ਟ੍ਰੇਨਿੰਗ ਪ੍ਰਾਪਤ ਕੀਤੀ ਹੈ।

ਏਥੋਂ ਦਾ Blackfoot Crossing Historical Park ਬਲੈਕਫੁਟ ਲੋਕਾਂ ਦੀ ਜ਼ਿੰਦਗੀ, ਇਤਿਹਾਸ, ਸਭਿਅਤਾ, ਆਰਟ, ਮਿਊਜ਼ਿਕ, ਪਹਿਰਾਵੇ, ਨਾਚਾਂ, ਵਿਰਸੇ ਤੇ ਭਾਸ਼ਾ ਬਾਰੇ ਜਾਣਕਾਰੀ ਦਿੰਦਾ ਹੈ। ਕੈਲਗਰੀ ਨੂੰ ਆਰਟ ਤੇ ਫੈਸ਼ਨ ਦਾ ਸੈਂਟਰ ਕਿਹਾ ਜਾਂਦਾ ਹੈ। ਏਥੇ 50 ਦੇ ਕਰੀਬ ਆਰਟ ਗੈਲਰੀਆਂ ਹਨ। ਕੈਨੇਡਾ ਓਲੰਪਿਕ ਪਾਰਕ ਵਿਚ 1988 ਦੀਆਂ ਸਰਦੀ ਰੁੱਤ ਦੀਆਂ ਸਕੀ ਜੰਮਪਸ ਦੀਆਂ ਖੇਡਾਂ ਹੋਈਆਂ ਸਨ। ਏਥੇ ਬਹੁਤ ਸਾਰੇ ਗੋਲਫ ਦੇ ਮੈਦਾਨ ਹਨ। ਏਥੋਂ ਦਾ ਮਿਲਟਰੀ ਮਿਊਜੀਅਮ ਅਲਬਰਟਾ ਸਟੇਟ ਦੀ ਮਜ਼ਬੂਤ ਮਿਲਟਰੀ ਵਿਰਾਸਤ ਦਾ ਇਤਿਹਾਸ ਹੈ। ਇਸ ਵਿਚ ਫੋਟੋ, ਮੈਡਲ, ਹਥਿਆਰ ਤੇ ਯੂਨੀਫਾਰਮਾਂ ਰੱਖੀਆਂ ਹੋਈਆਂ ਹਨ। ਬੋਅ ਰਿਵਰ ਪਾਥਵੇਅ ਪੈਦਲ ਚੱਲਣ ਲਈ ਤੇ ਸਾਈਕਲ ਚਲਾਉਣ ਲਈ ਵਧੀਆ ਥਾਂ ਹੈ। ਕਿਸਿੰਗਟਨ ਦੇ ਏਰੀਏ ਵਿਚ ਸਭ ਤੋਂ ਜ਼ਿਆਦਾ ਕਾਫੀ ਦੀਆਂ ਦੁਕਾਨਾਂ ਹਨ। Rothney Astrophysical Observatory ਵਿਚ ਕੈਨੇਡਾ ਦੀਆਂ ਦੋ ਵੱਡੀਆਂ ਦੂਰਬੀਨਾਂ ਵਿਚ ਇਕ ਹੈ। ਇਹ ਤਾਰਾ ਵਿਗਿਆਨ ਦਾ ਵਿਦਿਅਕ ਕੇਂਦਰ ਹੈ। ਏਥੇ ਐਰੋ ਸਪੇਸ ਮਿਊਜੀਅਮ ਵੀ ਹੈ।

ਹੈਰੀਟੇਜ਼ ਪਾਰਕ 26 ਹੈਕਟੇਅਰ ਜ਼ਮੀਨ ਵਿਚ ਬਣਿਆ ਹੋਇਆ ਹੈ। ਇਸ ਵਿਚ ਸਾਲ 1915 ਤੋਂ ਪਹਿਲਾਂ ਦੇ ਪਿੰਡਾਂ ਦਾ ਵਾਤਾਵਰਣ ਵਿਖਾਇਆ ਹੋਇਆ ਹੈ। ਪਾਰਕ ਵਿਚ ਇਕ ਜਨਰਲ ਸਟੋਰ, ਸੰਗੀਤ ਨਾਟਕ ਘਰ, ਲੁਹਾਰ ਦੀ ਦੁਕਾਨ, ਬੇਕਰੀ, ਕੈਂਡੀ ਸਟੋਰ, ਦੋ ਇੰਜਣ, ਰੇਲ ਗੱਡੀ ਦਾ ਸਮਾਨ ਤੇ ਹੋਰ ਪੁਰਾਣਾ ਨਿੱਕ ਸੁੱਕ ਰੱਖਿਆ ਹੋਇਆ ਹੈ। ਕੈਲਗਰੀ ਦੀ ਪਬਲਿਕ ਲਾਇਬ੍ਰੇਰੀ ਦੀਆਂ 17 ਬਰਾਂਚਾਂ ਹਨ। ਏਥੋਂ ਦਾ ਜੁਬਲੀ ਆਡੀਟੋਰੀਅਮ ਇਕ ਵੱਡਾ ਭਵਨ ਹੈ। ਇਸ ਦਾ 40 ਲੱਖ ਫੁੱਟ ਰਕਬਾ ਹੈ। ਇਸ ਵਿਚ 2538 ਸੀਟਾਂ ਲੱਗੀਆਂ ਹੋਈਆਂ ਹਨ। ਇਹ 1857 ਵਿਚ ਬਣਿਆ ਸੀ। ਏਥੇ ਆਰਟਸ,

ਸਭਿਆਚਾਰਕ, ਸੰਗੀਤ ਤੇ ਥੀਏਟਰ ਸਬੰਧੀ ਅਤੇ ਹੋਰ ਬਹੁਤ ਸਾਰੇ ਫੰਕਸ਼ਨ ਹੁੰਦੇ ਹਨ। ਏਥੇ ਹੀ ਸਾਲਾਨਾ ਕੈਲਗਰੀ ਅੰਤਰ-ਰਾਸ਼ਟਰੀ ਫਿਲਮ ਮੇਲਾ ਹੁੰਦਾ ਹੈ। ਏਥੇ ਹੀ ਸਭ ਤੋਂ ਵੱਡੀ ਆਰਟ ਗੈਲਰੀ ਹੈ। ਏਥੇ ਅਲਬਰਟਾ ਕਾਲਜ ਆਫ ਆਰਟਸ ਤੇ ਡੀਜ਼ਾਈਨ ਹੈ।

ਏਥੇ ਬਹੁਤ ਸਾਰੇ ਸਾਲਾਨਾ ਮੇਲੇ ਲੱਗਦੇ ਹਨ ਜਿਵੇਂ ਕੈਲਗਰੀ ਫੋਕ ਮਿਊਜ਼ਿਕ ਫੈਸਟੀਵਲ, ਕੈਲਗਰੀ ਕੌਮੀਡੀ ਫੈਸਟੀਵਲ, ਗਰੀਕ ਫੈਸਟੀਵਲ, ਕੈਲਗਰੀ ਇੰਟਰਨੈਸ਼ਨਲ ਰਾਈਟਰਜ਼ ਫੈਸਟੀਵਲ, ਕੈਲਗਰੀ ਫਰਿੰਜ ਫੈਸਟੀਵਲ, ਸਮਰਸਟਾਕ ਫੈਸਟੀਵਲ ਅਤੇ ਏਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਮੇਲੇ ਲੱਗਦੇ ਹਨ। ਏਥੋਂ ਦਾ 2μ ਏਕੜ ਵਿਚ ਬਣਿਆ ਇਨਡੋਰ Devonian Garden ਸੰਸਾਰ ਦਾ ਸਭ ਤੋਂ ਵੱਡਾ ਅਰਬਨ ਇਨਡੋਰ ਬਾਗ ਹੈ। ਏਥੋਂ ਦੀਆਂ Chinook Centre, South Center Mall, West whills, Singal Hill, Market Mall ਅਤੇ ਕੋਈ ਹੋਰ ਮਾਲਾਂ, ਬਹੁਤ ਮਸ਼ਹੂਰ ਹਨ। ਏਥੇ 10 ਆਫਸ ਟਾਵਰ ਹਨ, ਜਿਹੜੇ 500 ਫੁੱਟ ਉੱਚੇ ਹਨ। ਇਨ੍ਹਾਂ ਦੀਆਂ 40 ਮੰਜ਼ਲਾਂ ਹਨ। ਏਥੋਂ ਦਾ ਸਭ ਤੋਂ ਉੱਚਾ ਟਾਵਰ Petro-Canada Centre ਹੈ, ਜਿਹੜਾ ਟਰਾਂਟੋ ਤੋਂ ਪਿਛੋਂ ਕੈਨੇਡਾ ਦਾ ਸਭ ਤੋਂ ਉੱਚਾ ਆਫਸ ਟਾਵਰ ਹੈ। ਹੈ। ਸਾਲ 2007 ਵਿਚ ਕੈਲਗਰੀ ਵਿਚ 220 ਬਹੁ-ਮੰਜ਼ਲੀਆਂ ਉੱਚੀਆਂ ਬਿਲਡਿੰਗਾਂ ਸਨ। ਹੁਣ ਤਾਂ ਹੋਰ ਵੀ ਬਣ ਰਹੀਆਂ ਹਨ।

# ਰੈਡ ਡੀਅਰ ਸ਼ਹਿਰ

6 ਜੂਨ 2008 ਨੂੰ ਐਡਮਿੰਟਨ ਹਵਾਈ ਅੱਡੇ ਤੇ ਲੇਟ ਪਹੁੰਚਣ ਕਰਕੇ ਮੈਨੂੰ ਸਵੇਰ ਦੀ 6-30 ਵਜੇ ਵਾਲੀ ਫਰਿਜ਼ਨੋ ਦੀ ਫਲਾਈਟ ਨਾ ਮਿਲੀ। ਮਾਯੂਸ ਹੋ ਕੇ ਮਜਬੂਰਨ ਘਰ ਵਾਪਸ ਆਉਣਾ ਪਿਆ। ਮੈਂ ਘਰ ਬੈਠਾ ਆਪਣੀ ਦੇਰੀ ਕਰ ਕੇ ਮਿਸ ਹੋਈ ਫਲਾਈਟ ਲਈ ਝੂਰ ਰਿਹਾ ਸੀ। ਇਕਬਾਲ ਕਹਿਣ ਲੱਗਿਆ, "ਤਾਇਆ ਜੀ ! ਘਰ ਬੈਠੇ ਕੀ ਕਰਦੇ ਆਂ ? ਚਲੋ ! ਰੈਡ ਡੀਅਰ ਘੁੰਮ ਆਉਂਦੇ ਆਂ ? ਨਾਲੇ ਚੇਂਜ ਹੋ ਜਾਵੇਗੀ ?" ਬਰੇਕਫਾਸਟ ਕਰ ਕੇ ਮੈਂ ਤੇ ਇਕਬਾਲ 11 ਵਜੇ ਰੈਡ ਡੀਅਰ ਨੂੰ ਚੱਲ ਪਏ। ਰੈਡ ਡੀਅਰ ਸ਼ਹਿਰ ਐਡਮਿੰਟਨ ਤੇ ਕੈਲਗਰੀ ਦੇ ਵਿਚਾਲੇ ਜਿਹੇ ਪੈਂਦਾ ਹੈ। ਐਡਮਿੰਟਨ ਤੋਂ ਕੋਈ 150 ਕੁ ਕਿਲੋਮੀਟਰ ਦੂਰ। ਇਹ ਅਲਬਰਟਾ ਸਟੇਟ ਦਾ ਸ਼ਹਿਰ ਹੈ। ਆਬਾਦੀ ਪੱਖੋਂ ਇਹ ਅਲਬਰਟਾ ਸਟੇਟ ਦਾ ਤੀਜਾ ਵੱਡਾ ਸ਼ਹਿਰ ਹੈ। ਪਹਿਲੇ ਨੰਬਰ ਤੇ ਕੈਲਗਰੀ ਹੈ ਤੇ ਦੂਜੇ ਨੰਬਰ ਤੇ ਐਡਮਿੰਟਨ ਹੈ। ਰੈਡ ਡੀਅਰ ਦਾ ਏਰੀਆ ਤੇਲ ਉਤਪਾਦਨ, ਤੇਲ ਵਸਤਾਂ, ਖੇਤੀ ਬਾੜੀ ਤੇ ਪਸ਼ੂ ਪਾਲਣ ਲਈ ਮਸ਼ਹੂਰ ਹੈ।

ਰੈੱਡ ਡੀਅਰ ਸ਼ਹਿਰ ਦਾ ਨਾਂ ਏਥੇ ਵਗਦੇ ਰੈਡ ਡੀਅਰ ਦਰਿਆ ਦੇ ਨਾਂ ਤੇ ਰੱਖਿਆ ਹੋਇਆ ਹੈ। ਅਤਿ ਪ੍ਰਾਚੀਨ Cree ਭਾਸ਼ਾ ਵਿੱਚ ਰੈਡ ਡੀਅਰ ਦਰਿਆ ਨੂੰ ਬਾਰਾਂ ਸਿੰਗਾ ਦਰਿਆ (Elk River) ਕਹਿੰਦੇ ਹਨ। ਕਿਸੇ ਸਮੇਂ ਮੇਰੇ ਆਪਣੇ ਪਿੰਡ ਸੰਦੌੜ ਦੇ ਬੰਨ੍ਹੇ (ਜੰਗਲ) ਵਿਚ ਤੇ ਨਾਲ ਲੱਗਦੇ ਪਿੰਡ ਖੁਰਦ ਦੀ ਝਿੜੀ (ਜੰਗਲ) ਬਾਰਾਂ ਸਿੰਗੇ ਹਿਰਨ ਹੁੰਦੇ ਸਨ। ਬਾਰਾਂ ਸਿੰਗੇ ਹਿਰਨ ਆਮ ਤੌਰ ਤੇ ਹਿਰਨਾਂ ਦੀ ਡਾਰ ਦੇ ਅੱਗੇ ਚਲਦੇ ਹੁੰਦੇ ਸਨ। ਉਸ ਸਮੇਂ ਬਹੁਤ ਸਾਰੀ ਜ਼ਮੀਨ ਬੇ-ਆਬਾਦ ਪਈ ਸੀ। ਰੋਹੀ ਬੀਆਬਾਨ ਸੀ। ਏਥੇ ਜੰਗਲੀ ਪਸ਼ੂ ਆਮ ਫਿਰਦੇ ਰਹਿੰਦੇ ਸਨ। ਅਸੀਂ ਗਰਮੀ ਦੀਆਂ ਛੁੱਟੀਆਂ ਵਿਚ ਏਥੇ ਡੰਗਰ ਚਾਰਦੇ ਹੁੰਦੇ ਸੀ। ਉਸ ਸਮੇਂ ਹਿਰਨਾਂ ਦੀਆਂ ਡਾਰਾਂ ਦੀ ਡਾਰਾਂ ਏਥੇ ਫਿਰਦੀਆਂ ਹੁੰਦੀਆਂ ਸਨ। ਮੇਰ ਪਿੰਡ ਦਾ ਇਕ ਪਾਲੀ ਹਿਰਨਾਂ ਬਾਰੇ ਬੋਲੀ ਆਮ ਪਾਉਂਦਾ ਹੁੰਦਾ ਸੀ—

ਹੀਰਿਆ ਹਰਨਾਂ ਰੋਹੀਏ ਚਰਨਾ,
ਤੇਰੇ ਸਿੰਗਾਂ ਤੇ ਕੀ ਕੁਝ ਲਿਖਿਆ ?
ਤਿੱਤਰ ਤੇ ਮੁਰਗਾਈਆਂ।
ਹੁਣ ਨਾ ਸਿਆਣਦੀਆਂ,
ਦਿਉਰਾਂ ਨੂੰ ਭਰਜਾਈਆਂ।

ਇਸਤਰੀ ਹਿਰਨ ਨੂੰ ਹਿਰਨੀ ਕਹਿੰਦੇ ਹਨ। ਮੂਨ ਵੀ ਕਹਿੰਦੇ ਹਨ। ਮੂਨ ਦੀ ਚਾਲ/ਤੋਰ ਬਹੁਤ ਹੀ ਸੋਹਣੀ ਮੰਨੀ ਗਈ ਹੈ। ਤੀਆਂ ਦੇ ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੀ ਤੁਲਣਾ ਕਈ ਵੇਰ ਮੂਨਾਂ ਨਾਲ ਕੀਤੀ ਜਾਂਦੀ ਸੀ—

ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ,

ਇਕੋ ਜਿਹੀਆਂ ਮੁਟਿਆਰਾਂ।
ਚਾਨਣ ਦੇ ਵਿਚ ਏਦਾਂ ਚਮਕਣ,
ਜਿਉਂ ਮੂਨਾਂ ਦੀਆਂ ਡਾਰਾਂ।
ਜ਼ੋਰ ਜਵਾਨੀ ਦਾ,
ਲੁੱਟ ਲੌ ਮੌਜ਼ ਬਹਾਰਾਂ।

ਬਾਰਾਂ ਸਿੰਗੇ ਹਿਰਨ, ਹਿਰਨੀਆਂ/ਮੂਨਾਂ ਦਾ ਵਿਸਥਾਰ ਮੈਂ ਕੁਝ ਜ਼ਿਆਦਾ ਹੀ ਕਰ ਗਿਆ ਹਾਂ। ਅਸਲ ਵਿਸ਼ੇ ਵੱਲ ਆਉਂਦੇ ਹਾਂ। ਰੈੱਡ ਡੀਅਰ ਵਿਚ ਪਹਿਲਾਂ ਅਤਿ ਪ੍ਰਾਚੀਨ ਕਬੀਲੇ ਬਲੈਕਫੁੱਟ, ਪਲੇਨਜ਼ ਕਰੀ ਤੇ ਸਟੋਨੀ ਰਹਿੰਦੇ ਸਨ। ਫੇਰ ਏਥੇ ਯੂਰਪੀਅਨ ਆਏ। ਸਭ ਤੋਂ ਪਹਿਲਾਂ ਏਥੇ ਕੈਲਗਰੀ ਫੋਰਟ ਤੋਂ ਐਡਮਿੰਟਨ ਫੋਰਟ ਤੱਕ ਸੜਕ ਬਣੀ। ਸਾਲ 1882 ਵਿਚ ਏਥੇ ਪਹਿਲਾ ਵਪਾਰਕ ਕੇਂਦਰ ਖੋਲ੍ਹਿਆ ਗਿਆ। ਕੈਲਗਰੀ ਤੋਂ ਐਡਮਿੰਟਨ ਰੇਲਵੇ 1891 ਵਿਚ ਬਣੀ। ਸਾਲ 1901 ਵਿਚ ਰੈਡ ਡੀਅਰ ਛੋਟਾ ਸ਼ਹਿਰ ਬਣਿਆ। ਕੈਨੇਡੀਅਨ ਪੈਸੀਫਿਕ ਰੇਲਵੇ ਦਾ 1907 ਵਿਚ ਏਥੇ ਡਵੀਜ਼ਨਲ ਪੁਆਂਟ ਬਣਿਆ। 1913 ਵਿਚ ਰੈਡ ਡੀਅਰ ਨੂੰ ਸ਼ਹਿਰ ਦੀ ਪਦਵੀ ਪ੍ਰਾਪਤ ਹੋਈ। ਸਾਲ 1950 ਵਿਚ ਰੈਡ ਡੀਅਰ ਸ਼ਹਿਰ ਕੈਨੇਡਾ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਸ਼ਹਿਰ ਸੀ।

ਇਹ ਸ਼ਹਿਰ ਹੁਣ 70 ਕਿਲੋਮੀਟਰ ਦੇ ਘੇਰੇ ਵਿਚ ਵਸਿਆ ਹੋਇਆ ਹੈ। ਸਾਲ 2006 ਵਿਚ ਇਸ ਦੀ ਆਬਾਦੀ 83 ਹਜ਼ਾਰ ਸੀ। ਏਥੇ ਕਾਫੀ ਭਾਰਤੀ/ਪੰਜਾਬੀ ਰਹਿੰਦੇ ਹਨ। ਰੈੱਡ ਡੀਅਰ ਵਿਚ ਬਹੁਤ ਸਾਰੇ ਪ੍ਰਸਿੱਧ ਵਿਅਕਤੀ ਹੋਏ ਹਨ। ਇਨ੍ਹਾਂ ਵਿਚ Jamie Sale ਓਲੰਪਿਕ ਦਾ ਗੋਲਡ ਮੈਡਲਿਸਟ ਤੇ ਸਕੇਟਰ Jeremy Wotherspoon ਓਲੰਪਿਕ ਮੈਡਲਿਸਟ ਸ਼ਾਮਲ ਹਨ। ਅਸੀਂ ਰੈਡ ਡੀਅਰ ਸ਼ਹਿਰ ਵਿਚ ਕੋਈ ਦੋ ਘੰਟੇ ਦਾ ਸਮਾਂ ਘੁੰਮਦੇ ਰਹੇ। ਇਕ ਕਾਫੀ ਸ਼ਾਪ ਤੋਂ ਕਾਫੀ ਪੀਤੀ। ਸ਼ਾਮ ਹੁੰਦੇ ਨੂੰ ਅਸੀਂ ਵਾਪਸ ਐਡਮਿੰਟਨ ਘਰ ਪਹੁੰਚ ਗਏ।